ਦਰ-ਦਰਵਾਜ਼ੇ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ
		ਰਾਹ ਰਸਤੇ
		ਅੰਤਰ ਝਾਤ
		ਆਹਮੋ-ਸਾਹਮਣੇ
		ਬੂਹੇ-ਬਾਰੀਆਂ
		ਸੁਖ਼ਨ-ਸੁਨੇਹੇ
		ਵਿਆਖਿਆ ਵਿਸ਼ਲੇਸ਼ਣ
		ਸੱਚੋ-ਸੱਚ
		ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
		ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
		ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ
		ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ
		ਜੱਸਾ ਸਿੰਘ ਆਹਲੂਵਾਲੀਆ
		ਮਾਰਟਿਨ ਲੂਥਰ ਕਿੰਗ
		ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ)

ਦਰ-ਦਰਵਾਜ਼ੇ

ਨਰਿੰਦਰ ਸਿੰਘ ਕਪੂਰ



Dar-Darwaze

(A Collection of Essays)

by

NARINDER SINGH KAPOOR
4245, Phase II, Urban Estate,
PATIALA-147 002 (India)
kapoorns@gmail.com
narindersinghkapoor.com

2011
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
visit us at : www.unistarbooks.com
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2011*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

‘ਦਰ-ਦਰਵਾਜ਼ੇ’ ਦੀ ਦਹਿਲੀਜ਼ ’ਤੇ

ਪਿੱਛੇ ਵੇਖਦੇ ਰਹਿਣ ਨਾਲ, ਅੱਗੇ ਨਹੀਂ ਜਾਇਆ ਜਾ ਸਕਦਾ।

ਅੱਗੇ ਉਹੀ ਜਾਂਦੇ ਹਨ, ਜਿਨ੍ਹਾਂ ਦਾ ਅਤੀਤ ਮਜ਼ਬੂਤ ਹੁੰਦਾ ਹੈ, ਜਿਸ ਕਾਰਨ ਉਨ੍ਹਾਂ ਵਿੱਚ ਹਰ ਹਨੇਰੀ ਅਤੇ ਹਨੇਰੇ ਤੋਂ ਪਾਰ ਜਾਣ ਦੀ ਹਿੰਮਤ ਅਤੇ ਸਮਰੱਥਾ ਹੁੰਦੀ ਹੈ। ਸੁਕਰਾਤ ਅਤੇ ਬੁੱਧ ਵਰਗੇ ਮਹਾਨ ਵਿਅਕਤੀ ਇਸੇ ਲਈ ਸਤਿਕਾਰੇ ਜਾਂਦੇ ਹਨ, ਕਿਉਂਕਿ ਉਨ੍ਹਾਂ ਵਿੱਚੋਂ ਹਰ ਕੋਈ, ਆਪਣੇ-ਆਪ ਨੂੰ ਵੇਖ ਸਕਦਾ ਹੈ ਅਤੇ ਉਨ੍ਹਾਂ ਨੂੰ ਵੇਖ ਕੇ ਆਪਣੇ-ਆਪ ਨੂੰ ਬਦਲ ਸਕਦਾ ਹੈ।

ਉਹ ਆਪ ਹੀ ਨਹੀਂ ਬਦਲੇ ਸਨ, ਉਨ੍ਹਾਂ ਨੇ ਸੰਸਾਰ ਨੂੰ ਵੀ ਬਦਲ ਦਿੱਤਾ ਸੀ।

ਸਾਡੇ ਜੀਵਨ ਅਤੇ ਵਿਹਾਰ ਵਿੱਚ ਉਹੀ ਕੁਝ ਬਦਲੇਗਾ, ਜਿਸ ਨੂੰ ਬਦਲਣ ਦੀ ਅਸੀਂ ਆਪ ਜ਼ਿੰਮੇਵਾਰੀ ਚੁੱਕਾਂਗੇ।

ਬਦਲਣ ਦੀ ਜ਼ਿੰਮੇਵਾਰੀ ਕਈਆਂ ਲਈ ਮੁਸੀਬਤ ਅਤੇ ਕਈਆਂ ਲਈ ਜੀਵਨ-ਉਦੇਸ਼ ਹੁੰਦੀ ਹੈ। ਅਜੋਕਾ ਮਨੁੱਖ, ਸੰਸਾਰ ਨੂੰ ਬਦਲਣਾ ਚਾਹੁੰਦਾ ਹੈ; ਅਜੋਕਾ ਸੰਸਾਰ, ਮਨੁੱਖ ਨੂੰ ਬਦਲਣਾ ਚਾਹੁੰਦਾ ਹੈ ਪਰ ਦੋਵੇਂ ਨਾ ਬਦਲਣ ਦੀ ਅੜੀ ਕਰ ਰਹੇ ਹਨ।

ਅਸੀਂ ਬਾਹਰੋਂ ਆਧੁਨਿਕ ਹੋ ਗਏ ਹਾਂ ਪਰ ਅੰਦਰੋਂ ਪੁਰਾਤਨ ਹੀ ਹਾਂ, ਇਹੀ ਕਾਰਨ ਹੈ ਕਿ ਸਭ ਕੁਝ ਵੱਧ ਗਿਆ ਹੈ ਪਰ ਮਨੁੱਖ ਦੇ ਜੀਵਨ ਵਿੱਚ ਪ੍ਰਸੰਨਤਾ ਨਹੀਂ ਵਧੀ, ਵਿਰੋਧ, ਵਹਿਮ, ਅੰਧ-ਵਿਸ਼ਵਾਸ ਅਤੇ ਦੁੱਖ-ਦਰਦ ਹੀ ਵਧੇ ਹਨ।

ਵਹਿਮੀ ਅਤੇ ਅੰਧ-ਵਿਸ਼ਵਾਸੀ ਵਿਅਕਤੀ ਹੀ ਜੋਤਸ਼ੀਆਂ ਕੋਲ ਜਾਂਦੇ ਹਨ। ਸ਼ਕਤੀਸ਼ਾਲੀ ਵਿਹਾਰ, ਜੋਤਸ਼ੀਆਂ ਦੀਆਂ ਭਵਿੱਖ-ਬਾਣੀਆਂ ਵਿੱਚੋਂ ਨਹੀਂ, ਨਿਰੰਤਰ ਮਿਹਨਤੀ ਯਤਨਾਂ ਵਿੱਚੋਂ ਉਪਜਦਾ ਹੈ। ਪੁਰਾਣੇ ਜ਼ਮਾਨੇ ਚੰਗੇ ਸਨ ਪਰ ਇਤਿਹਾਸ ਤੋਂ ਸਬਕ ਸਿੱਖ ਕੇ, ਚੰਗੇਰੇ ਭਵਿੱਖ ਦੀ ਆਸ ਮਰਨ ਨਹੀਂ ਦੇਣੀ ਚਾਹੀਦੀ ਅਤੇ ਖੇਤਰ ਕੋਈ ਹੋਵੇ, ਮਨੁੱਖ ਨੂੰ ਆਪਣਾ ਰਾਹ ਆਪ ਉਲੀਕਣਾ ਚਾਹੀਦਾ ਹੈ।

ਸਮੂਹ ਕਦੇ ਵੀ ਵੱਡਾ ਕਾਰਜ ਨਹੀਂ ਕਰ ਸਕਦਾ, ਵੱਡਾ ਕੰਮ ਇਕੱਲਿਆਂ ਹੀ, ਇਕਾਂਤ ਵਿਚ, ਇਕਾਗਰਤਾ ਨਾਲ ਕੀਤਾ ਜਾਂਦਾ ਹੈ।

ਸਮੂਹ ਵਿੱਚ ਵਿਚਰਨ ਦੀ ਇੱਛਾ ਸਧਾਰਨ ਵਿਅਕਤੀਆਂ ਵਿੱਚ ਹੁੰਦੀ ਹੈ, ਜਦੋਂ ਕਿ ਸਫਲ ਅਤੇ ਵਿਲੱਖਣ ਵਿਅਕਤੀ ਆਪਣਾ ਜੀਵਨ ਆਪ ਵਿਉਂਤਦੇ ਹਨ। ਅਜੋਕੇ ਸੰਸਾਰ ਵਿੱਚ ਫ਼ਾਸਲੇ ਮੁੱਕ ਗਏ ਹਨ, ਹੁਣ ਸੰਸਾਰ ਦਾ ਹਰੇਕ ਵਿਅਕਤੀ,

ਹਰੇਕ ਦਾ ਗਵਾਂਢੀ ਹੈ। ਗਵਾਂਢੀ ਸਾਨੂੰ ਹੌਸਲਾ ਦੇ ਸਕਦੇ ਹਨ ਪਰ ਨਿਰਣੇ ਅਸੀਂ ਆਪ ਕਰਨੇ ਹਨ ਅਤੇ ਆਪਣਾ ਧਿਆਨ ਅਸੀਂ ਆਪ ਰੱਖਣਾ ਹੈ।

ਜਿਸ ਚੀਜ਼ ਵੱਲ ਮਨੁੱਖ ਧਿਆਨ ਦਿੰਦਾ ਹੈ, ਉਹ ਵਿਕਾਸ ਕਰਨ ਲੱਗ ਪੈਂਦੀ ਹੈ।

ਸਫਲ ਵਿਅਕਤੀ ਵੀ ਕਈ ਮੌਕੇ ਗੁਆਉਂਦੇ ਹਨ ਪਰ ਉਹ ਕੋਈ ਅਜਿਹਾ ਮੌਕਾ ਨਹੀਂ ਗੁਆਉਂਦੇ, ਜਿਹੜਾ ਉਨ੍ਹਾਂ ਦੀ ਸਫਲਤਾ ਲਈ ਲਾਜ਼ਮੀ ਹੋਵੇ। ਉਹ ਹੋਰਾਂ ਦੀ ਸੇਵਾ ਕਰਕੇ, ਉਨ੍ਹਾਂ ਦਾ ਧੰਨਵਾਦ ਕਮਾਉਂਦੇ ਹਨ ਅਤੇ ਆਪਣੀ ਅਕਲ, ਗਿਆਨ ਅਤੇ ਸਿਆਣਪ ਨੂੰ ਤਿੱਖਾ ਕਰਕੇ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ। ਸਕਾਰਾਤਮਕ ਬਿਰਤੀ ਨਾਲ ਸਾਡੇ ਦੁੱਖ-ਦਰਦ ਘੱਟਦੇ ਹਨ ਅਤੇ ਸਾਡੀ ਹਾਂ ਅਤੇ ਨਾਂਹ ਦੋਵੇਂ ਮਹੱਤਵਪੂਰਨ ਹੋ ਜਾਂਦੀਆਂ ਹਨ। ਪਿਆਰ ਦੇ ਅਨੁਭਵ ਨਾਲ ਸਾਡੇ ਵਿੱਚ ਉੱਚੀ ਪੱਧਰ ਦਾ ਚੱਜ-ਆਚਾਰ ਉਪਜਦਾ ਹੈ, ਸਾਂਝਾਂ ਮਾਣਨ ਅਤੇ ਵੱਖਰੇਵੇਂ ਬਰਦਾਸ਼ਤ ਕਰਨ ਦੀ ਹਿੰਮਤ ਅਤੇ ਜ਼ਿੰਦਗੀ ਦੀ ਬਰਕਤੀ ਛੋਹ ਪ੍ਰਾਪਤ ਕਰਨ ਦੀ ਤਾਂਘ ਵੱਧਦੀ ਹੈ, ਜਿਸ ਕਾਰਨ ਸੰਸਾਰ ਨਾਲ ਸਾਡੀ ਅਣਬਣ ਘੱਟਦੀ ਹੈ ਅਤੇ ਰਾਜਨੀਤੀ ਵਿੱਚ ਫੈਲੇ ਭ੍ਰਿਸ਼ਟਾਚਾਰ, ਜੀਵਨ ਦੀਆਂ ਮਜਬੂਰੀਆਂ ਅਤੇ ਬੇਵੱਸੀਆਂ ਦੇ ਬਾਵਜੂਦ, ਜ਼ਿੰਦਗੀ ਦੇ ਕਾਰੋਬਾਰ ਵਿੱਚ ਸਾਡਾ ਭਰੋਸਾ ਬਣਿਆ ਰਹਿੰਦਾ ਹੈ।

ਮਨੁੱਖ ਦੀਆਂ ਸਾਰੀਆਂ ਖੁਸ਼ੀਆਂ, ਰੋਜ਼ਗਾਰ ਵਿੱਚੋਂ ਉਪਜਦੀਆਂ ਹਨ।

ਰੋਜ਼ਗਾਰ ਰਾਹੀਂ ਹੀ ਅਸੀਂ ਹੋਰਾਂ ਦੇ ਸੰਪਰਕ ਵਿੱਚ ਆਉਂਦੇ ਅਤੇ ਆਲੇ-ਦੁਆਲੇ ਨਾਲ ਇੱਕ-ਸੁਰ ਹੋ ਕੇ ਮਹੱਤਵ ਪ੍ਰਾਪਤ ਕਰਦੇ ਹਾਂ। ਆਪਣੇ ਕਰਤਵਾਂ ਨੂੰ ਨਿਭਾਉਣ ਨਾਲ ਅਸੀਂ ਸਨਮਾਨ-ਯੋਗ ਬਣਦੇ ਹਾਂ ਅਤੇ ਸਾਡੀਆਂ ਹਾਰਾਂ ਵੀ ਜਿੱਤਾਂ ਵਰਗੀਆਂ ਹੋ ਜਾਂਦੀਆਂ ਹਨ। ਰੋਜ਼ਗਾਰ ਰਾਹੀਂ ਹੀ ਅਸੀਂ ਸੋਚਦੇ ਹਾਂ।

ਮਨੁੱਖ ਸੋਚਦਾ ਉਦੋਂ ਹੀ ਹੈ, ਜਦੋਂ ਆਪਣੇ ਮਿਹਨਤੀ ਯਤਨਾਂ ਵਿੱਚੋਂ, ਉਹ ਚੰਗੇਰੇ ਸਿੱਟਿਆਂ ਦੀ ਆਸ ਲਾਉਂਦਾ ਹੈ।

ਨਿਰਸੰਦੇਹ ਜ਼ਿੰਦਗੀ ਵਿੱਚ ਅਸਫਲਤਾਵਾਂ, ਹਾਰਾਂ ਅਤੇ ਪ੍ਰੇਸ਼ਾਨੀਆਂ ਹਨ ਪਰ ਇਨ੍ਹਾਂ ਕਾਰਨ ਹੀ ਜਿੱਤ, ਮਿਹਨਤ, ਜਦੋ-ਜਹਿਦ ਅਤੇ ਪ੍ਰਸੰਨਤਾ ਦੇ ਅਰਥ ਹਨ। ਜੀਵਨ ਇੱਕ ਵਿਸ਼ਾਲ ਵਰਤਾਰਾ ਹੈ, ਜਿਸ ਵਿੱਚ ਸਭ ਪ੍ਰਕਾਰ ਦੇ ਅਨੁਭਵਾਂ ਅਤੇ ਪ੍ਰਯੋਗਾਂ ਲਈ ਥਾਂ ਹੁੰਦੀ ਹੈ। ਜ਼ਿੰਦਗੀ ਵਿੱਚ ਰੌਣਕ ਇਸ ਲਈ ਹੈ, ਕਿਉਂਕਿ ਸੰਸਾਰ ਸੰਪੂਰਣ ਪਰ ਮਨੁੱਖ ਅਧੂਰਾ ਹੈ ਅਤੇ ਦੋਵੇਂ ਇੱਕ-ਦੂਜੇ ਦੇ ਮੇਚ ਆਉਣ ਦਾ ਯਤਨ ਕਰਦੇ ਹਨ। ਸੰਸਾਰ ਵਿੱਚ ਰਹਿੰਦਿਆਂ ਭੋਗਿਆ, ਸਹਿਆ, ਸਮਝਿਆ, ਜੀਵਿਆ ਆਦਿ ਸਾਡੇ ਅੰਦਰ ਘੁੰਮਦਾ ਰਹਿਣ ਕਾਰਨ, ਮਨੁੱਖ ਆਪਣੇ ਵਿਚਾਰਾਂ ਅਤੇ ਵਿਹਾਰਾਂ ਦੀਆਂ ਭਾਂਤ-ਭਾਂਤ ਦੀਆਂ ਵੰਨਗੀਆਂ ਸਿਰਜਦਾ ਰਹਿੰਦਾ ਹੈ।

ਇਸ ਲੇਖ-ਸੰਗ੍ਰਹਿ ਦਾ ਵਿਸ਼ਾ ਮਨੁੱਖ ਹੈ ਪਰ ਵੇਰਵੇ ਜ਼ਿੰਦਗੀ ਦੇ ਹਨ।

ਇਹ ਪੁਸਤਕ ਜ਼ਿੰਦਗੀ ਦੀਆਂ ਜਿੱਤਾਂ-ਹਾਰਾਂ, ਹਨੇਰਿਆਂ-ਸਵੇਰਿਆਂ, ਮਿਲਾਪਾਂ-ਵਿਛੋੜਿਆਂ ਨੂੰ ਪੇਸ਼ ਕਰਨ ਦਾ ਉਪਰਾਲਾ ਹੈ।

ਇਸ ਸੰਗ੍ਰਹਿ ਦਾ ਉਦੇਸ਼ ਮਨੁੱਖ ਨੂੰ ਉਦਾਰ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੈ ਤਾਂ ਕਿ ਉਹ ਸਾਰੇ ਤੌਖਲੇ ਅਤੇ ਨਿਰਾਸਤਾਵਾਂ ਤਿਆਗ ਕੇ ਸੰਸਾਰ ਨੂੰ ਅਪਣਾ ਸਕੇ ਅਤੇ ਆਸਵੰਦ ਹੋ ਕੇ ਆਪ ਸਾਰੇ ਸੰਸਾਰ ਦਾ ਬਣ ਸਕੇ।

ਨਿਰਾਸਤਾ ਸਾਨੂੰ ਜੀਵਨ ਤੋਂ ਪਰ੍ਹੇ ਲੈ ਜਾਂਦੀ ਹੈ, ਆਸ ਨੇੜੇ ਖਿੱਚ ਲਿਆਉਂਦੀ ਹੈ।

ਸਾਡੀ ਕਿਸਮਤ ਨਿਰਧਾਰਤ ਕਰਦੀ ਹੈ ਕਿ ਅਸੀਂ ਕਿਹੜੀਆਂ ਹਾਲਤਾਂ ਵਿੱਚੋਂ ਗੁਜ਼ਰਾਂਗੇ, ਇਹ ਫ਼ੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਵੇਂ ਗੁਜ਼ਰਾਂਗੇ। ਕੋਈ ਨਵਾਂ ਅਤੇ ਸ਼ਕਤੀਸ਼ਾਲੀ ਵਿਚਾਰ ਮਿਲ ਜਾਣਾ ਵੱਡੀ ਗੱਲ ਨਹੀਂ ਹੁੰਦੀ, ਵੱਡੀ ਗੱਲ ਉਸ ਵਿਚਾਰ ਨੂੰ ਆਪਣੇ ਵਿੱਚ ਰਚਾ ਲੈਣਾ ਅਤੇ ਆਪਣੇ ਵਿਹਾਰ ਦਾ ਭਾਗ ਬਣਾ ਲੈਣਾ ਹੁੰਦੀ ਹੈ। ਮਨੁੱਖ ਨੂੰ ਨਵੇਂ ਅਤੇ ਪੁਰਾਣੇ ਦੋਵੇਂ ਪ੍ਰਕਾਰ ਦੇ ਵਿਚਾਰਾਂ ਦੀ ਲੋੜ ਹੁੰਦੀ ਹੈ।

ਨਵੇਂ ਵਿਚਾਰ ਪ੍ਰਸੰਨ ਕਰਦੇ ਹਨ, ਪੁਰਾਣੇ ਵਿਚਾਰ ਸੰਤੁਸ਼ਟ ਕਰਦੇ ਹਨ।

ਨਵਾਂ ਅਤੇ ਪੁਰਾਣਾ, ਆਧੁਨਿਕਤਾ ਅਤੇ ਪਰੰਪਰਾ, ਜ਼ਿੰਦਗੀ ਅਤੇ ਮੌਤ, ਇਸਤਰੀ ਅਤੇ ਪੁਰਸ਼ ਆਦਿ ਜ਼ਿੰਦਗੀ ਦੇ ਮਹੱਤਵਪੂਰਨ ਜੁੱਟ ਹਨ, ਇਨ੍ਹਾਂ ਦੇ ਤਾਲ-ਮੇਲ ਨਾਲ ਹੀ ਜੀਵਨ ਨੂੰ ਅਰਥ-ਪੂਰਨ ਬਣਾਇਆ ਜਾ ਸਕਦਾ ਹੈ। ਇਸ ਪੁਸਤਕ ਵਿੱਚ, ਇਨ੍ਹਾਂ ਜੁੱਟਾਂ ਨੂੰ ਵਿਭਿੰਨ ਧਰਾਤਲਾਂ 'ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਤਾਂ ਜੁ ਜ਼ਿੰਦਗੀ ਵਿੱਚ ਸੰਗੀਤ ਵਧੇ ਅਤੇ ਸ਼ੋਰ ਘਟੇ।

ਜ਼ਿੰਦਗੀ ਦੀਆਂ ਝਾਂਜਰਾਂ ਵਿੱਚ ਸੰਗੀਤ ਹੋਣਾ ਚਾਹੀਦਾ ਹੈ, ਸ਼ੋਰ ਨਹੀਂ।

ਪੁਰਸ਼ ਅਤੇ ਇਸਤਰੀ ਜ਼ਿੰਦਗੀ ਦੀ ਸੁਰ-ਤਾਲ ਸਿਰਜਦੇ ਹਨ, ਇਨ੍ਹਾਂ ਦੋਹਾਂ ਦੀਆਂ ਆਸਾਂ-ਉਮੀਦਾਂ ਅਤੇ ਚਿੰਤਾਵਾਂ-ਸੰਸੇ ਵੱਖਰੀ ਭਾਂਤ ਦੇ ਹੁੰਦੇ ਹਨ। ਇਨ੍ਹਾਂ ਵੱਖਰੇਵਿਆਂ ਨੂੰ ਸੁਖਾਵੇਂ, ਸਹਿਯੋਗੀ ਅਤੇ ਸੁੱਖਦਾਈ ਬਣਾਉਣ ਵੱਲ ਉਚੇਚਾ ਧਿਆਨ ਦਿੱਤਾ ਗਿਆ ਹੈ ਤਾਂ ਜੁ ਜ਼ਿੰਦਗੀ 'ਤੇ ਸਾਡੀ ਪਕੜ ਮਜ਼ਬੂਤ ਹੋਵੇ ਅਤੇ ਅਸੀਂ ਜ਼ਿੰਦਗੀ ਦਾ ਸੰਗੀਤ, ਵਧੇਰੇ ਸਿਆਣਪ ਨਾਲ ਸੁਣ-ਮਾਣ ਸਕੀਏ।

ਸਿਆਣੇ ਵਿਅਕਤੀ ਨੂੰ ਹਰੇਕ ਸੰਕਟ ਵਿੱਚੋਂ ਅਨੇਕਾਂ ਰਾਹ ਅਤੇ ਹਰ ਸਮੱਸਿਆ ਦੇ ਕਈ ਹੱਲ ਸੁੱਝਣ ਲੱਗ ਪੈਂਦੇ ਹਨ ਅਤੇ ਹਾਰ, ਜਿੱਤ ਬਣ ਜਾਂਦੀ ਹੈ।

ਜ਼ਿੰਦਗੀ ਇੱਕ ਖੇਡ ਹੈ; ਪਰਮਾਤਮਾ ਜਿੱਤਣ ਵਾਲੇ ਨੂੰ ਪਸੰਦ ਕਰਦਾ ਹੈ, ਹਾਰਨ ਵਾਲੇ ਨੂੰ ਉਹ ਪਿਆਰ ਕਰਦਾ ਹੈ, ਜਦੋਂ ਕਿ ਦੇਖਦੇ ਰਹਿਣ ਵਾਲੇ ਵੱਲ, ਉਹ ਕੋਈ ਧਿਆਨ ਨਹੀਂ ਦਿੰਦਾ, ਸੋ ਬੇਰੋਕ ਜ਼ਿੰਦਗੀ ਦੀ ਖੇਡ ਵਿੱਚ ਜੋਤੂ-ਭਾਵਨਾ ਨਾਲ ਸ਼ਾਮਲ ਹੋਣਾ ਚਾਹੀਦਾ ਹੈ।

ਜ਼ਿੰਦਗੀ ਕਦੀ ਰੁਕਦੀ ਨਹੀਂ, ਸੰਸਾਰ ਕਦੇ ਥੱਕਦਾ ਨਹੀਂ, ਵਕਤ ਕਦੇ ਛੁੱਟੀ ਨਹੀਂ ਕਰਦਾ, ਤੁਸੀਂ ਕਿਉਂ ਰੁਕੇ ਹੋਏ ਹੋ?

ਜਦੋਂ ਕੋਈ ਪੱਤਾ ਡਿੱਗਦਾ ਹੈ ਤਾਂ ਉਹ ਉਧਰ ਜਾਂਦਾ ਹੈ, ਜਿਧਰ ਉਸ ਨੂੰ ਹਵਾ ਲੈ ਜਾਂਦੀ ਹੈ; ਜ਼ਿੰਦਗੀ ਵਿੱਚ ਪੱਤਾ ਨਹੀਂ, ਹਵਾ ਬਣੋ।

ਸੰਕੀਰਣਤਾ ਤੋਂ ਮੁਕਤ ਹੋਣ ਨਾਲ, ਸਾਰਾ ਸੰਸਾਰ ਆਪਣਾ ਬਣ ਜਾਂਦਾ ਹੈ।

ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕਰਨ ਵਾਲੀ ਇਸ ਪੁਸਤਕ ਨੂੰ ਪੜ੍ਹਨ ਲਈ, ਤੁਹਾਨੂੰ ਪਿਆਰ-ਭਰੀ ਦਾਅਵਤ ਦੇਣ ਦੀ ਖੁਸ਼ੀ ਮਾਣ ਰਿਹਾ ਹਾਂ। ਆਸ ਹੈ ਇਸ ਵਿਚਲੇ ਵੇਰਵੇ ਤੁਹਾਨੂੰ ਜ਼ਿੰਦਗੀ ਦੀ ਸਮਝ ਅਤੇ ਹਿੰਮਤ ਦੇਣਗੇ। 'ਦਰ-ਦਰਵਾਜ਼ੇ' ਦੀ ਦਹਿਲੀਜ਼ ਤੋਂ, ਕੁਝ ਪੰਨੇ ਮੈਂ ਤੁਹਾਡੇ ਨਾਲ ਚੱਲਾਂਗਾ, ਜਦੋਂ ਤੁਸੀਂ ਇਕੱਲਿਆਂ, ਸਵੈ-ਵਿਸ਼ਵਾਸ ਨਾਲ, ਅੱਗੇ ਵੱਧਣ ਦਾ ਉਪਰਾਲਾ ਕਰੋਗੇ ਤਾਂ ਇਸ ਪੁਸਤਕ ਵਿਚਲੇ, ਜ਼ਿੰਦਗੀ ਦੇ ਵੇਰਵੇ, ਤੁਹਾਡੇ ਨਾਲ ਟੁਰਨ ਲੱਗ ਪੈਣਗੇ।

ਸਵੈ-ਵਿਸ਼ਵਾਸ ਨਾਲ ਪਹਾੜ ਨੀਵੇਂ ਨਹੀਂ ਹੋ ਜਾਂਦੇ, ਹੌਸਲਾ ਉੱਚਾ ਹੋ ਜਾਂਦਾ ਹੈ।

ਚਾਰ ਦਹਾਕੇ ਪਹਿਲਾਂ, ਲਿਖਣਾ ਅਰੰਭ ਕਰਨ ਸਮੇਂ, ਸੰਕਲਪ ਕੀਤਾ ਸੀ ਕਿ ਜੇ ਜ਼ਿੰਦਗੀ ਨੇ ਵਫ਼ਾ ਕੀਤੀ ਤਾਂ ਘਟੋ-ਘੱਟ ਦਸ ਲੇਖ-ਸੰਗ੍ਰਹਿ ਲਿਖਾਂਗਾ, ਇਸ ਲੇਖ-ਸੰਗ੍ਰਹਿ ਨਾਲ, ਆਪਣੇ ਨਾਲ ਕੀਤਾ ਵਾਅਦਾ ਨਿਭਾਉਣ ਅਤੇ ਪਾਠਕਾਂ ਵੱਲੋਂ ਮਿਲੇ ਉਤਸ਼ਾਹ ਦਾ ਧੰਨਵਾਦ ਕਰਨ ਦੀ ਦੁਵੱਲੀ ਪ੍ਰਸੰਨਤਾ ਮਾਣ ਰਿਹਾ ਹਾਂ।

ਰਹਿੰਦੀ ਜ਼ਿੰਦਗੀ ਵੀ ਤੁਹਾਡੀਆਂ ਮਿਹਰਬਾਨੀਆਂ ਪ੍ਰਤੀ ਧੰਨਵਾਦ ਦੇ ਹੁਲਾਰੇ ਨਾਲ, ਤੁਹਾਡੀ ਸੇਵਾ ਅਤੇ ਤੁਹਾਡੇ ਸਤਿਕਾਰ ਵਿੱਚ ਗੁਜ਼ਰੇਗੀ।

ਨਰਿੰਦਰ ਸਿੰਘ ਕਪੂਰ,
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਤੰਬਰ, 2010

ਤਤਕਰਾ

- ਪਿਆਰ ਦੀ ਵਿਆਕਰਣ 11
- ਐਤਵਾਰ ਦਾ ਦਿਹਾੜਾ 20
- ਪੁਰਾਣੇ ਜ਼ਮਾਨੇ 29
- ਚੱਜ-ਆਚਾਰ 38
- ਹਾਂ ਕਹੀਏ ਜਾਂ ਨਾਂਹ ਕਹੀਏ? 48
- ਪ੍ਰਸੰਸਾ ਅਤੇ ਚਾਪਲੂਸੀ 58
- ਮਜਬੂਰੀ ਅਤੇ ਬੇਵੱਸੀ 68
- ਇਕ ਵਾਰੀ.... 78
- ਅਕਾਲ-ਚਲਾਣਾ 86
- ਇਤਿਹਾਸ ਦੇ ਨਿਚੋੜ 96
- ਜੋਤਸ਼ ਅਤੇ ਜੋਤਸ਼ੀ 105
- ਭ੍ਰਿਸ਼ਟਾਚਾਰ 116
- ਕਲਾ ਅਤੇ ਕਲਾ-ਪ੍ਰੇਮੀ 126
- ਰਾਜਨੀਤੀ ਦਾ ਸੰਸਾਰ 135
- ਢਹਿੰਦੀ ਕਲਾ, ਚੜ੍ਹਦੀ ਕਲਾ 145
- ਲਿਖਾਈ ਅਤੇ ਲਿਖਣਾ 154
- ਦੁੱਖ-ਦਰਦ 162
- ਅਕਲ, ਗਿਆਨ ਅਤੇ ਸਿਆਣਪ 170
- ਅਣਬਣ ਦਾ ਤਾਣਾ-ਪੇਟਾ 179
- ਸੁਣਨਾ ਅਤੇ ਬੋਲਣਾ 188
- ਸੁਕਰਾਤ ਨੂੰ ਯਾਦ ਕਰਦਿਆਂ..... 200
- ਛੋਹ ਦਾ ਅਨੁਭਵ 209
- ਸਾਂਝਾਂ ਅਤੇ ਵੱਖਰੇਵੇਂ 218

ਦਰ-ਦਰਵਾਜ਼ੇ

ਨਰਿੰਦਰ ਸਿੰਘ ਕਪੂਰ



ਪਿਆਰ ਦੀ ਵਿਆਕਰਣ

ਜੇ ਕਿਸੇ ਨਾਲ ਪਿਆਰ ਹੋਵੇ ਤਾਂ ਰੱਬ ਵੀ ਭੁੱਲਿਆ ਰਹਿੰਦਾ ਹੈ, ਕਿਉਂਕਿ ਆਪਣੇ ਪਿਆਰੇ ਅਤੇ ਰੱਬ ਦੀ, ਕਦੇ ਵੀ ਇਕੱਠਿਆਂ ਜਾਂ ਇਕੋ ਵੇਲੇ ਲੋੜ ਨਹੀਂ ਪੈਂਦੀ।

ਮੁਸ਼ਕਿਲਾਂ, ਮੁਸੀਬਤਾਂ ਅਤੇ ਵਿਛੋੜਿਆਂ ਦੇ ਬਾਵਜੂਦ ਪਿਆਰ ਕਾਰਨ, ਜ਼ਿੰਦਗੀ ਇਤਨੀ ਭਰਪੂਰ ਅਤੇ ਦਿਲਚਸਪ ਹੋ ਜਾਂਦੀ ਹੈ ਕਿ ਕਿਸੇ ਹੋਰ ਸ਼ੌਕ ਜਾਂ ਦਿਲਚਸਪੀ ਲਈ ਥਾਂ ਹੀ ਨਹੀਂ ਬਚਦੀ।

ਕਿਸੇ ਨਾਲ ਪਿਆਰ ਹੋ ਜਾਵੇ ਤਾਂ ਮਨੁੱਖ ਬਿਨਾ ਕਿਸੇ ਕਾਰਨ ਹੀ ਮੁਸਕਰਾਉਂਦਾ ਰਹਿੰਦਾ ਹੈ ਅਤੇ ਪ੍ਰੇਮਿਕਾ ਨੂੰ ਵੇਖਣ ਲਈ ਆਪ ਸ਼ੀਸ਼ੇ ਸਾਹਮਣੇ ਖਲੋਤਾ ਰਹਿੰਦਾ ਹੈ। ਪਿਆਰ ਦੇ ਅਨੁਭਵ ਦੀ, ਇਨ੍ਹਾਂ ਕਾਰਨਾਂ ਕਰਕੇ, ਕਿਸੇ ਹੋਰ ਅਨੁਭਵ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਪਿਆਰ ਦੇ ਅਨੁਭਵ ਦੀ ਇਹੀ ਵਿਲੱਖਣਤਾ ਹੁੰਦੀ ਹੈ।

ਜੇ ਕਿਸੇ ਨਾਲ ਪਿਆਰ ਹੋਵੇ ਤਾਂ ਕਿਸੇ ਹੋਰ ਚੀਜ਼ ਦੀ ਲੋੜ ਹੀ ਨਹੀਂ ਪੈਂਦੀ ਅਤੇ ਜੇ ਕਿਸੇ ਨਾਲ ਵੀ ਪਿਆਰ ਨਾ ਹੋਵੇ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿ ਸਾਡੇ ਕੋਲ ਕੀ-ਕੀ ਹੈ।

ਪਿਆਰ ਕਰਨਾ ਵੀ ਪੜ੍ਹਾਈ ਕਰਨ ਵਾਂਗ ਹੀ ਹੁੰਦਾ ਹੈ, ਕਿਉਂਕਿ ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਦੇ ਵਿਦਿਆਰਥੀ ਬਣ ਜਾਂਦੇ ਹਨ ਅਤੇ ਦੋਵੇਂ ਪਰਸਪਰ-ਪਿਆਰ ਦਾ ਨਿੱਤ-ਨਵਾਂ ਪਾਠ ਪੜ੍ਹਦੇ-ਪੜ੍ਹਾਉਂਦੇ ਹਨ।

ਪਿਆਰ ਦੀ ਸੂਝ, ਸੋਝੀ ਅਤੇ ਸਮਝ ਦਾ ਜੰਦਰਾ ਕਿਸੇ ਹੋਰ ਕੁੰਜੀ ਨਾਲ ਨਹੀਂ ਖੁੱਲ੍ਹਦਾ, ਪਿਆਰ ਵਿਚ ਇਕ ਦੇ ਜੰਦਰੇ ਦੀ ਕੁੰਜੀ ਦੂਜੇ ਕੋਲ ਹੁੰਦੀ ਹੈ ਅਤੇ ਦੋਹਾਂ ਨੇ ਇਕ ਦੂਜੇ ਦੇ ਭੇਤ ਸਾਂਭੇ ਹੋਏ ਹੁੰਦੇ ਹਨ ਅਤੇ ਇਕ-ਦੂਜੇ ਨੂੰ ਅੰਦਰੋਂ ਘੁੱਟ ਕੇ ਫੜਿਆ ਹੁੰਦਾ ਹੈ।

ਪਿਆਰ ਕਰਨ ਦੀ ਇੱਛਾ ਸਰੀਰ ਵਿਚ ਕਾਮ-ਸ਼ਕਤੀ ਦੇ ਉਪਜਣ ਕਾਰਨ ਅਤੇ ਪ੍ਰਸਿੱਧ, ਮਹਾਨ, ਸੋਹਣੇ ਅਤੇ ਪ੍ਰਸੰਨ ਹੋਣ ਦੀ ਇੱਛਾ ਵਿਚੋਂ ਉਪਜਦੀ ਹੈ।

ਕਾਮ ਵਿਚੋਂ ਪਿਆਰ ਉਪਜਦਾ ਹੈ, ਪਿਆਰ ਵਿਚੋਂ ਕਾਮ ਨਹੀਂ ਉਪਜਦਾ ਪਰ ਲੱਗਦਾ ਇਵੇਂ ਹੈ ਜਿਵੇਂ ਪਿਆਰ ਦੀ ਇੱਛਾ ਪਹਿਲਾਂ ਅਤੇ ਮਿਲਾਪ ਦੀ ਇੱਛਾ ਮਗਰੋਂ ਉਪਜਦੀ ਹੈ। ਉਂਜ ਸਾਰੀਆਂ ਚੀਜ਼ਾਂ ਨੂੰ ਮਨੁੱਖ ਕਿਸੇ ਮਿਆਦ ਤੱਕ ਹੀ ਚਾਹੁੰਦਾ ਹੈ ਪਰ ਕੇਵਲ ਪਿਆਰ ਹੈ, ਜਿਸ ਦੀ ਭੁੱਖ ਘਟਦੀ ਨਹੀਂ, ਨਿਰੰਤਰ

ਵਧਦੀ ਜਾਂਦੀ ਹੈ। ਜੀਵਨ ਵਿਚ ਪ੍ਰਸਿੱਧੀ ਅਤੇ ਪੈਸੇ ਵਾਂਗ ਮਨੁੱਖ ਜਿਤਨੇ ਪਿਆਰ ਲਈ ਤਾਂਘਦਾ ਹੈ, ਉਤਨਾ ਉਸ ਨੂੰ ਮਿਲਦਾ ਨਹੀਂ, ਇਸ ਲਈ ਉਸ ਵਾਸਤੇ ਇਹ ਯਾਤਰਾ ਕਦੇ ਮੁੱਕਦੀ ਨਹੀਂ।

ਪਿਆਰ ਦੌਰਾਨ ਪ੍ਰੇਮੀ ਨੂੰ ਨਿਰੰਤਰ ਯਾਤਰਾ ਅਤੇ ਪ੍ਰੇਮਿਕਾ ਨੂੰ ਨਿਰੰਤਰ ਉਡੀਕ ਕਰਨ ਦਾ ਅਹਿਸਾਸ ਹੁੰਦਾ ਹੈ।

ਉਂਝ ਤਾਂ ਸੰਸਾਰ ਵਿਚ ਭਾਂਤ-ਭਾਂਤ ਦੇ ਫ਼ਲਸਫ਼ੇ ਅਤੇ ਸੋਚਾਂ ਹਨ ਪਰ ਪ੍ਰੇਮੀ-ਪ੍ਰੇਮਿਕਾ ਇੱਕ-ਦੂਜੇ ਬਾਰੇ ਹੀ ਸੋਚਦੇ ਹਨ। ਉਹ ਸੋਚਦੇ ਘੱਟ ਅਤੇ ਮਹਿਸੂਸ ਵਧੇਰੇ ਕਰਦੇ ਹਨ। ਉਹ ਜੋ ਕੁਝ ਕਹਿੰਦੇ-ਸੁਣਦੇ ਹਨ, ਉਹ ਕਿਸੇ ਨੂੰ ਨਹੀਂ ਦੱਸਦੇ, ਇਕ-ਦੂਜੇ ਦੀਆਂ ਗੱਲਾਂ ਨੂੰ, ਉਹ ਸੋਨੇ ਦੀਆਂ ਮੋਹਰਾਂ ਵਾਂਗ ਲੁਕਾ ਲੈਂਦੇ ਹਨ।

ਇੱਕ-ਦੂਜੇ ਲਈ ਪ੍ਰੇਮੀ-ਪ੍ਰੇਮਿਕਾ ਸਿਰ ਤੋਂ ਪੈਰਾਂ ਤੱਕ ਅੱਖਾਂ ਅਤੇ ਪੈਰਾਂ ਤੋਂ ਸਿਰ ਤੱਕ ਕੰਨ ਬਣ ਜਾਂਦੇ ਹਨ। ਇਵੇਂ ਪਿਆਰ ਵਿਚ ਦੂਜੇ ਰਾਹੀਂ ਆਪਣੇ-ਆਪ ਦੀ ਸੋਝੀ ਮਿਲਦੀ ਹੈ ਅਤੇ ਆਪਣੀ ਪਸੰਦ ਦੇ ਸਹੀ ਹੋਣ ਦੀ ਪੁਸ਼ਟੀ ਹੁੰਦੀ ਹੈ।

ਜੇ ਮਨੁੱਖ ਨੇ ਪਿਆਰ ਨਾ ਕੀਤਾ ਹੁੰਦਾ ਤਾਂ ਉਸ ਨੇ ਆਤਮਾ ਅਤੇ ਰੱਬ ਨੂੰ ਵੀ ਨਹੀਂ ਸੀ ਸਿਰਜਣਾ।

ਪ੍ਰੇਮੀ ਵਿਚ ਰੱਬ ਵਾਲੇ ਅਤੇ ਰੱਬ ਵਿਚ ਪ੍ਰੇਮੀ ਵਾਲੇ ਗੁਣ ਹੁੰਦੇ ਹਨ, ਇਸੇ ਕਾਰਨ ਪਿਆਰ ਦੌਰਾਨ, ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਲਈ ਰੱਬ ਬਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਇੱਕ-ਦੂਜੇ ਤੋਂ ਰੱਬ ਵਾਲਾ ਆਸਰਾ ਮਿਲਦਾ ਹੈ।

ਜੀਵਨ ਦਾ ਸਭ ਤੋਂ ਡੂੰਘਾ ਆਨੰਦ ਇਸ ਅਹਿਸਾਸ ਵਿਚੋਂ ਮਿਲਦਾ ਹੈ ਕਿ ਕੋਈ ਸਾਨੂੰ ਲੁਕ-ਲੁਕ ਕੇ ਵੇਖਦਾ ਹੈ ਅਤੇ ਵੇਖ ਕੇ ਹੌਕੇ ਭਰਦਾ ਹੈ।

ਪੁਰਸ਼, ਇਸਤਰੀ ਨੂੰ ਵੇਖ ਕੇ ਨਿਹਾਲ ਹੁੰਦਾ ਹੈ, ਜਦੋਂ ਕਿ ਇਸਤਰੀ ਪੁਰਸ਼ ਨੂੰ ਸੁਣ ਕੇ ਪ੍ਰਸੰਨ ਹੁੰਦੀ ਹੈ। ਇਸਤਰੀਆਂ ਤਸਵੀਰਾਂ ਹੁੰਦੀਆਂ ਹਨ, ਸਜਾਉਣ ਅਤੇ ਵੇਖਣ ਲਈ; ਪੁਰਸ਼ ਸਮੱਸਿਆਵਾਂ ਹੁੰਦੇ ਹਨ, ਸਮਝਣ ਅਤੇ ਸੁਲਝਾਉਣ ਲਈ। ਇਵੇਂ ਪਿਆਰ ਵਿਚ ਪ੍ਰੇਮੀ-ਪ੍ਰੇਮਿਕਾ ਦੋਹਾਂ ਨੂੰ ਅੰਤਾਂ ਦੇ ਰੁਝੇਵੇਂ ਮਿਲ ਜਾਂਦੇ ਹਨ ਅਤੇ ਉਹ ਆਪਣੇ ਆਪ ਬਾਰੇ ਸੋਚਣਾ ਭੁੱਲ ਜਾਂਦੇ ਹਨ, ਕਿਉਂਕਿ ਦੂਜੇ ਬਾਰੇ ਸੋਚਦਿਆਂ ਹੀ ਉਨ੍ਹਾਂ ਨੂੰ ਆਪਣੇ ਜਿਊਂਦੇ ਹੋਣ ਦਾ ਅਹਿਸਾਸ ਹੁੰਦਾ ਹੈ।

ਪ੍ਰੇਮਿਕਾ ਨੂੰ ਇਸ ਲਈ ਪਿਆਰ ਨਹੀਂ ਕੀਤਾ ਜਾਂਦਾ ਕਿ ਉਹ ਸੋਹਣੀ ਹੁੰਦੀ ਹੈ, ਸਗੋਂ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਉਹ 'ਉਹ' ਹੁੰਦੀ ਹੈ।

ਜੇ ਕੋਈ ਮਿੱਠ-ਬੋਲੜੀ ਵੀ ਹੋਵੇ ਅਤੇ ਸੋਹਣੀ ਵੀ ਹੋਵੇ ਤਾਂ ਸਮਝ ਨਹੀਂ ਆਉਂਦੀ ਕਿ ਉਸ ਨੂੰ ਵੇਖੀ ਜਾਈਏ ਕਿ ਸੁਣਦੇ ਰਹੀਏ; ਜੇ ਕੋਈ ਸਿਆਣਾ ਵੀ ਹੋਵੇ ਅਤੇ ਚੰਗਾ ਵੀ ਲੱਗਦਾ ਹੋਵੇ ਤਾਂ ਪ੍ਰੇਮਿਕਾ ਨੂੰ ਸੁਝਦਾ ਨਹੀਂ ਕਿ ਉਹ ਉਸ ਨੂੰ ਕਿਹੜੇ ਸੰਦੂਕ ਵਿਚ ਲੁਕਾ ਲਵੇ। ਇਸੇ ਕਾਰਨ ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਵੇਖ-ਸੁਣ ਕੇ ਰੱਜਦੇ ਨਹੀਂ।

ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਪਿਆਰ ਕਰਨ ਦੇ ਮਾਹਿਰ ਬਣ ਜਾਂਦੇ ਹਨ, ਇਸੇ ਕਾਰਨ ਪ੍ਰੇਮੀ, ਪ੍ਰੇਮਿਕਾ ਦੀ ਮੁਸਕਰਾਹਟ ਵਿਚੋਂ ਆਪਣੀ ਚੰਗੀ ਕਿਸਮਤ ਦੇ ਸਾਰੇ ਰੰਗ ਵੇਖ ਲੈਂਦਾ ਹੈ ਅਤੇ ਲੰਮੇ ਵਿਛੋੜੇ ਉਪਰੰਤ ਜੇ ਪ੍ਰੇਮਿਕਾ, ਪ੍ਰੇਮੀ ਦਾ ਹਾਲ-ਚਾਲ ਪੁੱਛ ਲਵੇ ਤਾਂ ਪ੍ਰੇਮੀ ਦੇ ਸਾਰੇ ਦਰਦ ਅਤੇ ਦੁੱਖ ਮੁਸਕਰਾਉਣ ਲੱਗ ਪੈਂਦੇ ਹਨ ਅਤੇ ਦੋਵੇਂ ਆਪਣੇ ਆਪ ਨੂੰ ਮਰੀਜ਼ ਅਤੇ ਦੂਜੇ ਨੂੰ ਡਾਕਟਰ ਸਮਝਣ ਲੱਗ ਪੈਂਦੇ ਹਨ। ਵਿਛੜੇ ਹੋਏ ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਦਾ ਨਾਂ ਮਿਠੜੇ ਦਰਦ ਨਾਲ ਪੁਕਾਰਦੇ ਹਨ।

ਪ੍ਰੇਮੀਆਂ ਨੂੰ ਆਪਣੇ ਪਿਆਰ ਦੇ ਦਰਦ ਦਾ ਬੜਾ ਡੂੰਘਾ ਅਨੁਭਵ ਹੁੰਦਾ ਹੈ।

ਪਿਆਰ ਸਧਾਰਨ ਇਸਤਰੀਆਂ ਹੀ ਕਰਦੀਆਂ ਹਨ, ਜਦੋਂ ਕਿ ਬਹੁਤ ਸੁੰਦਰ ਇਸਤਰੀਆਂ ਪਿਆਰ ਨਹੀਂ ਕਰਦੀਆਂ, ਉਹ ਹੋਰ ਸੁੰਦਰ ਬਣਨ ਵਿਚ ਰੁੱਝੀਆਂ ਰਹਿੰਦੀਆਂ ਹਨ। ਉਂਝ ਪਿਆਰ ਦਾ ਰੰਗ ਚੜ੍ਹਨ ਕਰਕੇ ਸਧਾਰਨ ਇਸਤਰੀ ਵਿਚੋਂ ਵੀ ਬੜੀ ਲਿਸ਼ਕ ਪੈਂਦੀ ਹੈ ਅਤੇ ਉਸ ਦੇ ਚਿਹਰੇ 'ਤੇ ਮਲਾਈ ਆ ਜਾਂਦੀ ਹੈ।

ਜਦੋਂ ਸਾਨੂੰ ਕੋਈ ਅਜਿਹਾ ਮਿਲ ਜਾਂਦਾ ਹੈ, ਜਿਸ ਲਈ ਅਸੀਂ ਮਰਨ ਲਈ ਵੀ ਤਿਆਰ ਹੋ ਜਾਂਦੇ ਹਾਂ ਤਾਂ ਇਹੀ ਉਹ ਸਮਾਂ ਹੁੰਦਾ ਹੈ, ਜਦੋਂ ਅਸੀਂ ਤਿਆਰ ਮਰਨ ਲਈ ਹੁੰਦੇ ਹਾਂ ਪਰ ਪੂਰੀ ਸ਼ਿੱਦਤ ਨਾਲ ਜਿਊਂਦੇ ਹਾਂ।

ਪਿਆਰ ਵਿਚ ਪੈਣ ਵਾਲੇ ਵਿਘਨ ਪਿਆਰ ਨੂੰ ਦਿਲਚਸਪ ਬਣਾਉਂਦੇ ਹਨ, ਜਿਵੇਂ ਦਰਿਆ ਦੇ ਵਹਿਣ ਵਿਚ ਆਉਣ ਵਾਲੇ ਪੱਥਰ ਦਰਿਆ ਦਾ ਸੰਗੀਤ ਉਪਜਾਉਂਦੇ ਹਨ। ਜਿਸ ਪਿਆਰ ਵਿਚ ਅਤੇ ਮਿਲਾਪ ਵਿਚ ਵਿਘਨ ਨਹੀਂ ਪੈਂਦਾ, ਉਸ ਵਿਚ ਡੂੰਘਾਈ ਵੀ ਨਹੀਂ ਉਪਜਦੀ।

ਹਰੇਕ ਪ੍ਰਾਪਤੀ ਜਦੋਜਹਿਦ ਦੇ ਅਨੁਪਾਤ ਵਿਚ ਹੀ ਮਹੱਤਵਪੂਰਨ ਹੁੰਦੀ ਹੈ।

ਡੂੰਘੇ ਪਿਆਰ ਵਿਚ ਸਭ ਕੁਝ ਮੁਆਫ਼ ਕਰਨ ਦੀ ਉਦਾਰਤਾ ਹੁੰਦੀ ਹੈ।

ਡੂੰਘੇ ਪਿਆਰ ਦੇ ਰਿਸ਼ਤੇ ਵਿਚ ਭਾਵੇਂ ਕਿਸੇ ਗੱਲ 'ਤੇ ਅਸਹਿਮਤੀ ਹੋਵੇ ਪਰ ਗਲਵੱਕੜੀ ਪਈ ਰਹਿੰਦੀ ਹੈ।

ਯਾਦ ਹਮੇਸ਼ਾ ਪ੍ਰੇਮੀ-ਪ੍ਰੇਮਿਕਾ ਦੀ ਹੀ ਆਉਂਦੀ ਹੈ, ਦੋਸਤ-ਸਹੇਲੀ ਦੀ ਨਹੀਂ, ਕਿਉਂਕਿ ਦੋਸਤ-ਸਹੇਲੀ ਨੂੰ ਜਦੋਂ ਚਾਹੀਏ, ਮਿਲਿਆ ਜਾ ਸਕਦਾ ਹੈ। ਪਿਆਰ ਵਿਚ ਇਕ-ਦੂਜੇ ਦਾ ਖ਼ਤ ਦੋਸਤ-ਸਹੇਲੀ ਨੂੰ ਵਿਖਾਇਆ ਹੀ ਨਹੀਂ ਜਾਂਦਾ, ਖ਼ਤ ਬਾਰੇ ਰਾਇ ਵੀ ਪੁੱਛੀ ਜਾਂਦੀ ਹੈ ਅਤੇ ਜਵਾਬ ਦੇਣ ਸੰਬੰਧੀ ਸਲਾਹ ਵੀ ਲਈ ਜਾਂਦੀ ਹੈ, ਕਿਉਂਕਿ ਪ੍ਰੇਮ-ਪੱਤਰ ਵਾਰਤਕ ਵਿਚ ਗ਼ਜ਼ਲ ਵਾਂਗ ਲਿਖੇ ਜਾਂਦੇ ਹਨ।

ਪ੍ਰੇਮ-ਪੱਤਰ ਚੁੰਮਣਾਂ ਨਾਲੋਂ ਵੀ ਵਧੇਰੇ ਆਨੰਦ ਦਿੰਦੇ ਹਨ।

ਪ੍ਰੇਮ-ਪੱਤਰ, ਲਿਖਣ ਵਾਲਿਆਂ ਦੇ, ਦਿਲ ਦੀ ਤਸਵੀਰ ਹੁੰਦੇ ਹਨ।

ਪਿਆਰ ਵਿਚੋਂ ਸਵਰਗ ਵਾਲਾ ਆਨੰਦ ਮਿਲਦਾ ਹੈ ਪਰ ਜੇ ਪਿਆਰ ਟੁੱਟ

ਜਾਵੇ ਤਾਂ ਇਹ ਨਰਕ ਵਾਂਗ ਪ੍ਰੇਸ਼ਾਨ ਕਰਦਾ ਹੈ, ਇਸੇ ਕਰਕੇ ਕਹਿੰਦੇ ਹਨ ਕਿ ਪਿਆਰ ਦੇ ਅਨੁਭਵ ਵਿਚ ਸਾਰੇ ਅਨੁਭਵ ਆ ਜਾਂਦੇ ਹਨ।

ਪਿਆਰ ਕਰਨ ਅਤੇ ਕਿਸੇ ਦਾ ਪਿਆਰ ਪ੍ਰਾਪਤ ਕਰਨ ਦੀ ਇੱਛਾ ਸਾਡੇ ਸੰਪੂਰਨ-ਭਾਂਤ ਤੰਦਰੁਸਤ ਹੋਣ ਦਾ ਪ੍ਰਮਾਣ ਹੁੰਦੀ ਹੈ, ਇਹੀ ਕਾਰਨ ਹੈ ਕਿ ਪਿਆਰ ਦਾ ਅਨੁਭਵ ਅਕਸਰ ਜਵਾਨੀ ਵਿਚ ਹੁੰਦਾ ਹੈ। ਜਵਾਨੀ ਵਿਚ ਹਰ ਕੋਈ ਸਮਝਦਾ ਹੈ ਕਿ ਜੀਵਨ ਦਾ ਉਦੇਸ਼ ਪਿਆਰ ਕਰਨਾ ਹੀ ਹੈ।

ਪਿਆਰ ਦਾ ਪਹਿਲਾ ਅਨੁਭਵ ਜਵਾਨੀ ਵਿਚ ਇਸ ਲਈ ਵਾਪਰਦਾ ਹੈ ਕਿਉਂਕਿ ਤੂਫ਼ਾਨੀ ਤੀਬਰਤਾ ਵਾਲੇ ਇਸ ਅਨੁਭਵ ਨੂੰ ਸਹਿਣ ਦੀ ਸਮਰੱਥਾ ਕੇਵਲ ਜਵਾਨੀ ਵਿਚ ਹੁੰਦੀ ਹੈ।

ਪਿਆਰ ਦੇ ਅਨੁਭਵ ਦਾ ਮੁੱਢਲਾ ਦੌਰ ਇਤਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਸਰੀਰਕ ਅਤੇ ਭਾਵਕ ਪੱਖੋਂ ਕਮਜ਼ੋਰ ਵਿਅਕਤੀ ਇਸ ਦੀ ਸ਼ਿੱਦਤ ਨਾਲ ਉਖੜ ਜਾਣ ਕਰਕੇ ਅਕਸਰ ਆਤਮਘਾਤ ਕਰ ਲੈਂਦੇ ਹਨ।

ਕਿਸੇ ਹੋਰ ਬਾਰੇ ਆਪਣੇ ਤੋਂ ਵਧੇਰੇ ਸੋਚਣਾ ਅਤੇ ਕਿਸੇ ਹੋਰ ਨੂੰ ਆਪਣੇ ਨਾਲੋਂ ਤਰਜੀਹ ਦੇਣ ਲੱਗ ਪੈਣਾ, ਪਿਆਰ ਹੋ ਜਾਣ ਦੇ ਮੁੱਢਲੇ ਸੰਕੇਤ ਹੁੰਦੇ ਹਨ।

ਪਿਆਰ ਜੀਵਨ ਦਾ ਸਭ ਤੋਂ ਵੱਡਾ ਪਰ ਇਕੋ ਵੇਲੇ ਮਨੁੱਖ-ਜਾਤੀ ਦਾ ਸਭ ਤੋਂ ਪੁਰਾਣਾ ਅਨੁਭਵ ਅਤੇ ਹਰ ਪੱਖੋਂ ਸੱਜਰਾ ਅਹਿਸਾਸ ਵੀ ਹੁੰਦਾ ਹੈ, ਇਸੇ ਕਰਕੇ ਸਭ ਤੋਂ ਪੁਰਾਣੇ ਇਸ ਅਨੁਭਵ ਬਾਰੇ ਵੀ ਹਰ ਕਿਸੇ ਕੋਲ ਬਹੁਤ ਕੁਝ ਨਵਾਂ ਕਹਿਣ ਦੀ ਯੋਗਤਾ ਹੁੰਦੀ ਹੈ। ਇਹੀ ਕਾਰਨ ਹੈ ਕਿ ਪਿਆਰ ਬਾਰੇ ਅਨੇਕਾਂ ਵਿਆਖਿਆਵਾਂ ਦੇ ਬਾਵਜੂਦ ਇਹ ਅਨੁਭਵ ਨਿਵੇਕਲਾ ਪ੍ਰਤੀਤ ਹੁੰਦਾ ਹੈ।

ਜਿਸ ਨੂੰ ਵੀ ਪਿਆਰ ਦਾ ਅਨੁਭਵ ਹੁੰਦਾ ਹੈ, ਉਹ ਸਮਝਦਾ ਹੈ ਕਿ ਅਜਿਹਾ ਸਭ ਕੁਝ ਪਹਿਲੀ ਵਾਰ ਅਤੇ ਕੇਵਲ ਉਸ ਨਾਲ ਵਾਪਰ ਰਿਹਾ ਹੈ।

ਭੋਜਨ ਉਪਰੰਤ, ਪਿਆਰ, ਜੀਵਨ ਦਾ ਸਭ ਤੋਂ ਵੱਡਾ ਪ੍ਰੇਰਕ ਹੈ ਅਤੇ ਹਰੇਕ ਦੇ ਜੀਵਨ ਵਿੱਚ ਇਹ ਸਭ ਤੋਂ ਵੱਡੀ ਤਾਂਘ ਹੁੰਦਾ ਹੈ।

ਸਭ ਪ੍ਰਕਾਰ ਦੇ ਪਿਆਰ, ਸਵੈ-ਪਿਆਰ ਵਿਚੋਂ ਉਪਜਦੇ ਹਨ।

ਸੋਹਣੀ ਇਸਤਰੀ ਪਿਆਰ ਤਾਂ ਆਪਣੇ-ਆਪ ਨੂੰ ਕਰਦੀ ਹੈ ਪਰ ਨਾਲ ਹੀ ਚਾਹੁੰਦੀ ਹੈ ਕਿ ਇਹ ਜ਼ਿੰਮੇਵਾਰੀ ਕੋਈ ਪੁਰਸ਼ ਸੰਭਾਲ ਲਵੇ। ਪੁਰਸ਼ ਆਪਣੇ ਆਪ ਨੂੰ ਸਿਆਣਾ ਅਤੇ ਬਹਾਦਰ ਸਮਝਦਾ ਹੈ ਪਰ ਨਾਲ ਹੀ ਚਾਹੁੰਦਾ ਹੈ ਕਿ ਉਸ ਦੇ ਇਨ੍ਹਾਂ ਗੁਣਾਂ ਨੂੰ ਕੋਈ ਇਸਤਰੀ ਪਛਾਣ ਕੇ ਪ੍ਰਸੰਸਾ ਕਰੇ।

ਜਦੋਂ ਤੱਕ 'ਮੈਂ' ਨਾ ਉਪਜੇ ਅਤੇ ਆਪਣੇ ਆਪ ਦੀ ਸੋਝੀ ਨਾ ਜਾਗੇ, ਉਦੋਂ ਤੱਕ ਪਿਆਰ ਕਰਨ ਜਾਂ ਕਰਵਾਉਣ ਦੀ ਸੰਭਾਵਨਾ ਵੀ ਨਹੀਂ ਉਪਜਦੀ। ਇਵੇਂ ਪਿਆਰ ਆਪਣੇ ਪੈਰਾਂ 'ਤੇ ਖਲੋਣ, ਆਪਣੇ ਬਾਰੇ ਆਪ ਸੋਚਣ, ਆਪਣੀ ਮੰਜ਼ਲ

ਆਪ ਨਿਸਚਿਤ ਕਰਨ ਅਤੇ ਆਪਣੇ ਫੈਸਲੇ ਆਪ ਕਰਨ ਦੀ ਸੁਤੰਤਰਤਾ ਅਤੇ ਪ੍ਰੇਰਨਾ ਦਿੰਦਾ ਹੈ।

ਅਸੀਂ ਹਰ ਗੱਲ ਵਿਚ ਦੂਜਿਆਂ ਦੀ ਸਲਾਹ ਲੈਂਦੇ ਹਾਂ ਪਰ ਪਿਆਰ ਕਿਸ ਨੂੰ ਕਰਨਾ ਹੈ, ਨਿਰੋਲ ਸਾਡਾ ਆਪਣਾ ਫੈਸਲਾ ਹੁੰਦਾ ਹੈ, ਜਿਸ ਕਾਰਨ ਕਿਸੇ ਵੀ ਹੋਰ ਕਾਰਜ ਦੇ ਮੁਕਾਬਲੇ, ਪਿਆਰ ਵਧੇਰੇ ਜ਼ਿੰਮੇਵਾਰੀ ਅਤੇ ਸੁਹਿਰਦਤਾ ਨਾਲ ਕੀਤਾ ਜਾਂਦਾ ਹੈ।

ਸੰਸਾਰ ਵਿਚ ਅਜੇ ਤੱਕ ਕਿਸੇ ਨੇ ਵੀ, ਕਿਸੇ ਨੂੰ ਪਿਆਰ ਕਰਨ ਵਿਚ, ਮਾਪਿਆਂ ਦਾ ਸਹਿਯੋਗ ਨਹੀਂ ਮੰਗਿਆ।

ਪਿਆਰ ਵਿਚ ਅਜਿਹਾ ਕੀ ਹੈ, ਜਿਹੜਾ ਹਰ ਕਿਸੇ ਨੂੰ ਖਿੱਚ ਪਾਉਂਦਾ ਹੈ? ਹਰ ਕੋਈ ਪਿਆਰ ਲਈ ਕਿਉਂ ਤ੍ਰਾਂਘਦਾ ਹੈ? ਉੱਤਰ ਇਹ ਹੈ ਕਿ ਕੇਵਲ ਪਿਆਰ ਹੀ ਇਕ ਅਜਿਹਾ ਅਨੁਭਵ ਹੈ, ਜਿਸ ਵਿਚ ਮਨੁੱਖ ਦੀ ਸਮੁੱਚੀ ਹੋਂਦ ਕਾਰਜਸ਼ੀਲ ਹੁੰਦੀ ਹੈ। ਮਨੁੱਖ ਦੇ ਨਾ ਕੇਵਲ ਸਾਰੇ ਗਿਆਨ-ਇੰਦਰੇ ਸਗੋਂ ਉਸ ਦਾ ਸਰੀਰ, ਮਨ, ਕਲਪਨਾ, ਬੁੱਧੀ, ਆਤਮਾ ਆਦਿ ਸਭ ਵਰਤਾਰੇ ਇਸ ਅਨੁਭਵ ਨੂੰ ਡੂੰਘਾ ਅਤੇ ਵਿਸ਼ਾਲ ਕਰਨ ਲਈ ਕਾਰਜਸ਼ੀਲ ਹੁੰਦੇ ਹਨ।

ਮਨੁੱਖਾਂ ਅਤੇ ਜਾਨਵਰਾਂ ਵਿਚ ਇੰਦਰੀਆਂ ਦੀ ਸਾਂਝ ਹੈ ਪਰ ਮਨ, ਬੁੱਧੀ ਅਤੇ ਆਤਮਾ ਦਾ ਵੱਖਰੇਵਾਂ ਹੈ, ਜਿਨ੍ਹਾਂ ਨਾਲ ਮਨੁੱਖ ਉੱਚਾ ਉੱਠਦਾ ਅਤੇ ਫੈਲਦਾ ਹੈ। ਪਿਆਰ ਵਿਚ ਮਖ਼ਮੂਰ ਵਿਅਕਤੀ ਆਪਣੇ-ਆਪ ਨੂੰ ਧਰਤੀ ਦਾ ਕੇਂਦਰ ਸਮਝਣ ਲੱਗ ਪੈਂਦਾ ਹੈ।

ਸੰਭੋਗ ਦੇ ਪੱਖੋਂ ਪਸ਼ੂਆਂ ਅਤੇ ਮਨੁੱਖਾਂ ਵਿਚ ਸਾਂਝ ਹੈ ਪਰ ਪਿਆਰ ਕੇਵਲ ਮਨੁੱਖ ਕਰਦੇ ਹਨ। ਪਸ਼ੂ ਕੇਵਲ ਸੰਭੋਗ ਹੀ ਕਰਦੇ ਹਨ, ਜਦੋਂ ਕਿ ਮਨੁੱਖ ਪਿਆਰ ਵੀ ਕਰਦੇ ਹਨ। ਇਵੇਂ ਸੰਭੋਗ ਕੁਦਰਤੀ ਵਰਤਾਰਾ ਹੈ, ਜਦੋਂ ਕਿ ਪਿਆਰ ਸਮਾਜਿਕ ਮਨੁੱਖ ਦੀ ਕਾਢ ਹੈ।

ਪਿਆਰ ਵਿਚ ਪ੍ਰੇਮਿਕਾ ਨੂੰ ਸੋਹਣੀ ਹੋਣ ਦਾ ਅਹਿਸਾਸ ਹੀ ਨਹੀਂ, ਸਭ ਨਾਲੋਂ ਵੱਧ ਸੋਹਣੀ ਹੋਣ ਦਾ ਵੀ ਵਿਸ਼ਵਾਸ ਹੁੰਦਾ ਹੈ। ਉਹ ਪ੍ਰੇਮੀ ਦਾ ਉਦੇਸ਼ ਬਣ ਜਾਂਦੀ ਹੈ ਅਤੇ ਪ੍ਰੇਮੀ ਉਸ ਦਾ ਆਦਰਸ਼ ਬਣ ਜਾਂਦਾ ਹੈ।

ਇਸ ਰਿਸ਼ਤੇ ਵਿਚ ਪਿਆਰ, ਸੁੰਦਰਤਾ, ਸਰੂਰ ਅਤੇ ਸੁਪਨਾ ਸਭ ਕੁਝ ਘੁਲ-ਮਿਲ ਜਾਂਦੇ ਹਨ ਅਤੇ ਪ੍ਰੇਮੀ-ਪ੍ਰੇਮਿਕਾ ਨੂੰ ਹੀ ਨਹੀਂ, ਸਗੋਂ ਸਾਰੇ ਸੰਸਾਰ ਨੂੰ ਨਵਾਂ ਰੰਗ ਚੜ੍ਹ ਗਿਆ ਪ੍ਰਤੀਤ ਹੁੰਦਾ ਹੈ।

ਪਿਆਰ ਵਿਚ ਸਾਡੀਆਂ ਅੱਖਾਂ ਵੇਖਦੀਆਂ ਹੀ ਨਹੀਂ, ਨਿਹਾਰਦੀਆਂ ਵੀ ਹਨ। ਜਿਹੜਾ ਸਾਡੀਆਂ ਅੱਖਾਂ ਨੂੰ ਜੱਚ ਜਾਵੇ, ਉਸ ਨੂੰ ਵਧੇਰੇ ਅੱਖਾਂ ਖੋਲ੍ਹ ਕੇ ਵੇਖਿਆ ਅਤੇ ਅੱਖਾਂ ਬੰਦ ਕਰਕੇ ਮਾਣਿਆ ਜਾਂਦਾ ਹੈ। ਉਸ ਨੂੰ ਅਸੀਂ ਮੁੜ-ਮੁੜ

ਵੇਖਦੇ ਹਾਂ ਅਤੇ ਵੇਖਦੇ ਰਹਿਣਾ ਚਾਹੁੰਦੇ ਹਾਂ। ਉਸ ਨੂੰ ਵੇਖਦਿਆਂ ਸਾਨੂੰ ਆਪਣਾ ਸਭ ਕੁਝ ਵੀ ਸੋਹਣਾ ਲੱਗਣ ਲੱਗ ਪੈਂਦਾ ਹੈ। ਜਦੋਂ ਅੱਖਾਂ ਕਿਸੇ ਨੂੰ ਪਸੰਦ ਕਰ ਲੈਣ ਤਾਂ ਕੰਨ ਉਸ ਨੂੰ ਸੁਣਨ ਲਈ ਤਾਂਘਣ ਲੱਗ ਪੈਂਦੇ ਹਨ।

ਕਈਆਂ ਦੇ ਨੈਣ-ਨਕਸ਼ ਬੜੇ ਲੁਭਾਉਣੇ ਹੁੰਦੇ ਹਨ ਪਰ ਉਨ੍ਹਾਂ ਦੀ ਬੋਲਬਾਣੀ ਬੜੀ ਰੁੱਖੀ ਹੁੰਦੀ ਹੈ ਅਤੇ ਸੁਣਨ ਵਾਲੇ ਦੇ ਕੰਨ ਅਜਿਹੇ ਵਿਅਕਤੀ ਨੂੰ ਪਿਆਰ ਕਰਨ ਦੀ ਹਾਮੀ ਨਹੀਂ ਭਰਦੇ। ਅੱਖਾਂ ਅਤੇ ਕੰਨਾਂ ਦੋਹਾਂ ਦੀ ਪ੍ਰਵਾਨਗੀ ਤੋਂ ਬਿਨਾ ਕਿਸੇ ਨੂੰ ਪਿਆਰ ਕਰਨ ਦੀ ਸੰਭਾਵਨਾ ਨਹੀਂ ਉਪਜਦੀ। ਕਿਸੇ ਦੀ ਬੋਲਬਾਣੀ ਤੋਂ ਸਾਨੂੰ ਉਸ ਦੀ ਮਾਨਸਿਕ-ਪੱਧਰ, ਸਲੀਕੇ ਅਤੇ ਚੱਜ-ਆਚਾਰ ਦਾ ਪਤਾ ਲੱਗਦਾ ਹੈ। ਜੇ ਕਿਸੇ ਦੇ ਇਹ ਲੱਛਣ ਪ੍ਰਭਾਵਿਤ ਨਾ ਕਰਨ ਤਾਂ ਉਸ ਦੇ ਸੋਹਣੇ ਨੈਣ-ਨਕਸ਼ਾਂ ਦਾ ਜਾਦੂ ਵੀ ਬੇਅਸਰ ਹੋ ਜਾਂਦਾ ਹੈ।

ਮੁੱਢਲੇ ਰੂਪ ਵਿਚ ਪੁਰਸ਼, ਇਸਤਰੀ ਦੀ ਸੁੰਦਰਤਾ ਤੋਂ ਅਤੇ ਇਸਤਰੀ, ਪੁਰਸ਼ ਦੇ ਵਿਹਾਰ ਤੋਂ ਪ੍ਰਭਾਵਿਤ ਹੁੰਦੀ ਹੈ। ਕਿਸੇ ਦੇ ਨੈਣ-ਨਕਸ਼ ਅਤੇ ਉਸ ਦਾ ਵਿਹਾਰ ਉਦੋਂ ਤੱਕ ਹੀ ਚੰਗਾ ਲੱਗਦਾ ਹੈ, ਜਦੋਂ ਤੱਕ ਉਹ ਬੋਲਦਾ ਨਹੀਂ, ਬੋਲਣ ਨਾਲ ਸਾਡਾ ਧਿਆਨ ਉਸ ਦੇ ਅੰਤਰੀਵ ਗੁਣਾਂ ਤੇ ਕੇਂਦਰਿਤ ਹੋ ਜਾਂਦਾ ਹੈ। ਕਈਆਂ ਦੇ ਨੈਣ-ਨਕਸ਼ ਸਧਾਰਨ ਹੁੰਦੇ ਹਨ ਪਰ ਉਨ੍ਹਾਂ ਵਿਚ ਬੌਧਿਕ ਸੁੰਦਰਤਾ ਬੜੀ ਅਧਿਕ ਹੁੰਦੀ ਹੈ। ਸੋਹਣੇ ਹੋਣਾ ਇਸਤਰੀ ਦਾ ਗੁਣ ਹੈ, ਸਿਆਣੇ ਅਤੇ ਗੁਣਵਾਨ ਹੋਣਾ ਪੁਰਸ਼ ਦਾ ਲੱਛਣ ਹੈ। ਇਸੇ ਕਰਕੇ ਕਈ ਬੜੀਆਂ ਸੋਹਣੀਆਂ ਇਸਤਰੀਆਂ, ਸਧਾਰਨ ਨੈਣ-ਨਕਸ਼ਾਂ ਪਰ ਬੁੱਧੀ ਦੇ ਪੱਖੋਂ ਸ਼ਕਤੀਸ਼ਾਲੀ ਅਤੇ ਖੁਸ਼ਹਾਲ ਪੁਰਸ਼ਾਂ ਨੂੰ ਪਿਆਰ ਕਰਦੀਆਂ ਸਹਿਜੇ ਹੀ ਵੇਖੀਆਂ ਜਾ ਸਕਦੀਆਂ ਹਨ।

ਪਿਆਰ ਵਿਚ ਦੋਵੇਂ ਧਿਰਾਂ ਆਪਣੇ ਆਪ ਨੂੰ ਅਧੂਰਾ ਅਤੇ ਦੂਜੇ ਨੂੰ ਸੰਪੂਰਨ ਸਮਝਦੀਆਂ ਹਨ, ਇਵੇਂ ਪਿਆਰ ਦੀ ਤਾਂਘ ਅਧੂਰੇ ਵਲੋਂ ਸੰਪੂਰਨ ਹੋਣ ਦੀ ਤਾਂਘ ਬਣ ਜਾਂਦੀ ਹੈ। ਜਦੋਂ ਕੋਈ ਸਾਡੀਆਂ ਅੱਖਾਂ ਅਤੇ ਕੰਨਾਂ ਨੂੰ ਪ੍ਰਵਾਨ ਹੋ ਜਾਂਦਾ ਹੈ ਤਾਂ ਉਸ ਦੇ ਨੇੜੇ ਹੋਣ ਅਤੇ ਉਸ ਨਾਲ ਕੁਝ ਖਾਣ ਲਈ ਇੱਛਾ ਉਪਜਦੀ ਹੈ। ਇਸ ਵੇਲੇ ਸਾਨੂੰ ਉਸ ਵਿਚੋਂ ਸੁਗੰਧ ਅਤੇ ਆਪਣੇ ਆਪ ਵਿਚੋਂ ਖੁਸ਼ਬੂ ਆਉਣ ਲੱਗ ਪੈਂਦੀ ਹੈ।

ਮੂੰਹ ਅਤੇ ਨੱਕ ਇਸ ਲਈ ਨੇੜੇ-ਨੇੜੇ ਹਨ, ਕਿਉਂਕਿ ਇਨ੍ਹਾਂ ਦੋਹਾਂ ਦਾ ਸੰਬੰਧ ਖੁਸ਼ਬੂ ਅਤੇ ਸਵਾਦ ਨਾਲ ਹੈ। ਕਿਸੇ ਨੂੰ ਚੁੰਮਣ ਵੇਲੇ ਅੱਖਾਂ, ਨੱਕ ਅਤੇ ਬੁੱਲ੍ਹ, ਤਿੰਨੇ ਰਲ ਕੇ ਛੋਹ, ਸਵਾਦ ਅਤੇ ਸਰੂਰ ਮਾਣਦੇ ਹਨ। ਇਸ ਹਾਲਤ ਵਿਚ ਚੁਹਲ-ਮੁਹਲ ਦੀ ਇੱਛਾ ਜਾਗਦੀ ਹੈ, ਕਿਉਂਕਿ ਚੁਹਲ-ਮੁਹਲ ਨਾਲ ਬੁੱਧੀ ਤਿੱਖੀ ਹੁੰਦੀ ਹੈ ਅਤੇ ਤਿੱਖੀ ਬੁੱਧੀ ਵਾਲੇ ਹੀ ਚੁਹਲ-ਮੁਹਲ ਕਰਦੇ ਹਨ। ਇਸ ਹਾਲਤ ਵਿਚ ਪੁਰਸ਼ ਸਿਆਣਾ ਅਤੇ ਇਸਤਰੀ ਚੰਚਲ ਜਾਂ ਇਸਤਰੀ ਗੰਭੀਰ ਅਤੇ ਪੁਰਸ਼

ਚੁਸਤ ਅਤੇ ਹਿੰਮਤੀ ਹੋਣ ਦੇ ਨਾਲ-ਨਾਲ ਉਤਾਵਲਾ ਵੀ ਪੈ ਜਾਂਦਾ ਹੈ। ਇਵੇਂ ਕੁਦਰਤ, ਇਸਤਰੀ-ਪੁਰਸ਼ ਨੂੰ ਪਿਆਰ-ਖੇਡ ਵਿਚ ਰੀਝਾਉਂਦੀ ਹੈ।

ਕੁਦਰਤ ਦਾ ਉਦੇਸ਼ ਬੀਜ ਵਿਚੋਂ ਦਰੱਖਤ ਅਤੇ ਦਰੱਖਤ ਵਿਚੋਂ ਬੀਜ ਉਪਜਾਉਣਾ ਹੁੰਦਾ ਹੈ। ਪ੍ਰਕਿਰਤੀ ਇਸਤਰੀ-ਪੁਰਸ਼ ਵਿਚ ਆਪਸੀ ਛੋਹ ਲਈ ਤਾਂਘ ਇਤਨੀ ਸ਼ਕਤੀਸ਼ਾਲੀ ਬਣਾ ਦਿੰਦੀ ਹੈ ਕਿ ਦੋਵੇਂ ਸਭ ਬੰਧਨਾਂ, ਨੇਮਾਂ ਅਤੇ ਰੀਤਾਂ ਨੂੰ ਤੋੜਦੇ ਹੋਏ ਇਕ-ਦੂਜੇ ਦੀ ਲੋੜ ਅਤੇ ਭੁੱਖ ਬਣ ਜਾਂਦੇ ਹਨ।

ਇਵੇਂ ਅੱਖਾਂ ਨਾਲ ਅਰੰਭ ਹੋਈ ਪਿਆਰ-ਖੇਡ ਸਾਰੇ ਗਿਆਨ-ਇੰਦਰਿਆਂ ਵਿਚੋਂ ਗੁਜ਼ਰਦੀ ਇਕ ਭਾਂਬੜ ਬਣ ਜਾਂਦੀ ਹੈ ਅਤੇ ਇਹ ਸਾਡੇ ਸਮੁੱਚ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ।

ਕੇਵਲ ਪਿਆਰ ਹੀ ਇਕ ਅਜਿਹਾ ਅਨੁਭਵ ਹੈ, ਜਿਹੜਾ ਸਾਡੀ ਕਲਪਨਾ ਅਤੇ ਸੋਚਾਂ ਦੇ ਸਾਰੇ ਬੂਹੇ-ਬਾਰੀਆਂ ਖੋਲ੍ਹ ਦਿੰਦਾ ਹੈ ਅਤੇ ਮਨੁੱਖ ਵਿਸਮਾਦ ਦੀਆਂ ਡੂੰਘੀਆਂ-ਸਿਖਰਾਂ ਨੂੰ ਅਨੁਭਵ ਕਰਦਾ ਹੈ।

ਕਲਪਨਾ ਅਤੇ ਕਲਾ ਦੇ ਸੰਸਾਰ ਵਿਚ, ਕੇਵਲ ਪਿਆਰ ਦੇ ਮਾਰਗ ਰਾਹੀਂ ਹੀ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਕਲਪਨਾ ਵਿਚ ਨਵੇਂ ਨੂੰ ਸਿਰਜਣ, ਅਸੰਭਵ ਨੂੰ ਸੰਭਵ ਬਣਾਉਣ ਅਤੇ ਕਾਮੇ ਨੂੰ ਕਲਾਕਾਰ ਬਣਾਉਣ ਦੀ ਸਮਰੱਥਾ ਹੁੰਦੀ ਹੈ।

ਪਿਆਰ ਨਾਲ ਸੁੱਤੀਆਂ-ਕਲਾਂ ਜਾਗ ਪੈਂਦੀਆਂ ਹਨ ਅਤੇ ਪ੍ਰੇਮੀ ਅਤੇ ਪ੍ਰੇਮਿਕਾ ਦੋਹਾਂ ਦਾ ਕਾਇਆ-ਕਲਪ ਹੋ ਜਾਂਦਾ ਹੈ ਅਤੇ ਦੋਹਾਂ 'ਤੇ ਇਕ-ਦੂਜੇ ਦਾ ਰੂਪ ਅਤੇ ਰੰਗ ਚੜ੍ਹ ਜਾਂਦਾ ਹੈ।

ਪਿਆਰ ਨਾਲ ਪੁਰਸ਼ ਸੂਖਮ ਅਤੇ ਇਸਤਰੀ ਸਿਆਣੀ ਹੋ ਜਾਂਦੀ ਹੈ। ਇਸ ਹਾਲਤ ਵਿਚ ਬੇਗਾਨੇ ਆਪਣੇ ਅਤੇ ਆਪਣੇ ਬੇਗਾਨੇ ਲੱਗਣ ਲੱਗ ਪੈਂਦੇ ਹਨ। ਕਈ ਵਾਰੀ ਨਾਂ ਪ੍ਰੇਮੀ ਦਾ ਪੁੱਛਿਆ ਜਾਂਦਾ ਹੈ ਪਰ ਉਹ ਦੱਸਦਾ ਪ੍ਰੇਮਿਕਾ ਦਾ ਹੈ।

ਇਸ ਕਾਇਆ-ਕਲਪ ਰਾਹੀਂ ਪੁਰਸ਼ ਵਿਚ ਇਸਤਰੀ-ਗੁਣ ਅਤੇ ਇਸਤਰੀ ਵਿਚ ਪੁਰਸ਼-ਗੁਣ ਪ੍ਰਵੇਸ਼ ਕਰ ਜਾਂਦੇ ਹਨ।

ਸਫ਼ਾਈ ਅਤੇ ਸਲੀਕੇ ਦੇ ਨਾਲ-ਨਾਲ ਪੁਰਸ਼ ਦੀ ਅਵਾਜ਼ ਸੁਰੀਲੀ ਹੋ ਜਾਂਦੀ ਹੈ ਜਦੋਂ ਕਿ ਇਸਤਰੀ ਬਹਾਦਰ ਹੋ ਜਾਂਦੀ ਹੈ ਅਤੇ ਉਸ ਵਿਚ ਮੁਸੀਬਤਾਂ, ਮੁਸ਼ਕਿਲਾਂ ਅਤੇ ਵਿਰੋਧਾਂ ਨੂੰ ਸਹਿਣ ਦੀ ਹਿੰਮਤ ਜਾਗ ਪੈਂਦੀ ਹੈ।

ਪਿਆਰ ਹੋ ਜਾਣ ਕਾਰਨ, ਕਲਪਨਾ ਦੇ ਜਾਗ ਪੈਣ ਕਰਕੇ ਅਤੇ ਕਾਇਆ-ਕਲਪ ਵਾਪਰਨ ਉਪਰੰਤ ਦੋਵੇਂ ਧਿਰਾਂ ਬੜੀਆਂ ਗੱਲਾਂ ਕਰਦੀਆਂ ਹਨ, ਗੱਲਾਂ ਮੁੱਕਦੀਆਂ ਹੀ ਨਹੀਂ, ਗੱਲਾਂ ਅਹੁੜਦੀਆਂ ਹੀ ਬੜੀਆਂ ਹਨ। ਕਿਉਂਕਿ ਨਵੀਂ ਹਿੰਮਤ ਅਤੇ ਆਪਸੀ ਸਾਂਝ ਜਾਗੀ ਹੁੰਦੀ ਹੈ, ਸੋ ਦੋਵੇਂ ਧਿਰਾਂ ਆਪਣੀ ਯੋਗਤਾ, ਸਮਰੱਥਾ ਅਤੇ ਬਹਾਦਰੀ ਵਾਲੀ ਕੁਰਬਾਨੀ ਨਾਲ ਇੱਕ-ਦੂਜੇ ਦੀ ਸ਼ਾਬਾਸ਼

ਪ੍ਰਾਪਤ ਕਰਦੀਆਂ ਹਨ ਅਤੇ ਮਿਲਾਪ ਰਾਹੀਂ, ਅਨੁਭਵ ਦੀਆਂ ਸਿਖਰਲੀਆਂ ਚੋਟੀਆਂ ਫਤਹਿ ਕੀਤੀਆਂ ਜਾਂਦੀਆਂ ਹਨ।

ਪ੍ਰੇਮੀ ਆਦਰਸ਼ਵਾਦੀ ਹੁੰਦੇ ਹਨ, ਉਹ ਰਲ ਕੇ, ਹਰ ਮੁਸੀਬਤ ਨੂੰ ਪਾਰ ਕਰ ਜਾਂਦੇ ਹਨ। ਇਸ ਆਦਰਸ਼ਵਾਦ ਕਾਰਨ ਹੀ ਉਹ ਜੋਗੀ ਰਹਿੰਦੇ ਹਨ, ਭੋਗੀ ਨਹੀਂ ਬਣਦੇ।

ਜਿਵੇਂ ਅਸੀਂ ਕੇਵਲ ਧਾਰਮਿਕ ਸਥਾਨ ਤੇ ਹੀ ਝੁਕਦੇ ਹਾਂ ਅਤੇ ਧਾਰਮਿਕ ਸਥਾਨ ਤੋਂ ਬਾਹਰ ਹਰ ਥਾਂ ਆਕੜਦੇ ਹੀ ਹਾਂ, ਉਵੇਂ ਹੀ ਕੇਵਲ ਪਿਆਰ ਦੇ ਖੇਤਰ ਵਿਚ ਹੀ ਅਸੀਂ ਦੂਜੀ ਧਿਰ ਬਾਰੇ ਪਹਿਲਾਂ ਸੋਚਦੇ ਹਾਂ ਅਤੇ ਇਸ ਖੇਤਰ ਤੋਂ ਬਾਹਰ ਹਰੇਕ ਥਾਂ ਅਸੀਂ ਆਪਣੇ ਆਪ ਨੂੰ ਹੀ ਤਰਜੀਹ ਦਿੰਦੇ ਹਾਂ।

ਸਾਡੇ ਵਿਹਾਰ ਵਿਚਲਾ ਇਹ ਵੱਖਰੇਵਾਂ ਪਿਆਰ-ਅਨੁਭਵ ਦੀ ਪਵਿੱਤਰਤਾ ਅਤੇ ਤੀਬਰਤਾ ਕਾਰਨ ਵਾਪਰਦਾ ਹੈ।

ਪਿਆਰ ਵਿਚ ਬਾਹਰਲੇ ਹਨੇਰੇ, ਅੰਦਰਲੀਆਂ ਰੋਸ਼ਨੀਆਂ ਜਗਾ ਦਿੰਦੇ ਹਨ।

ਪ੍ਰਕਿਰਤੀ ਵਿਚ ਇਕ ਹੀ ਰਿਸ਼ਤਾ ਹੈ ਨਰ ਅਤੇ ਨਾਰੀ ਦਾ, ਇਸ ਰਿਸ਼ਤੇ ਵਿਚ ਕੋਈ ਰੁਕਾਵਟ ਜਾਂ ਬੰਧਨ ਨਹੀਂ, ਜਦੋਂ ਕਿ ਮਨੁੱਖ ਦੇ ਉਸਾਰੇ ਸਮਾਜਿਕ ਰਿਸ਼ਤੇ ਬੰਧਨਾਂ, ਰੁਕਾਵਟਾਂ, ਮਨਾਹੀਆਂ ਦੇ ਹੀ ਵੱਖ-ਵੱਖ ਨਾਂ ਹਨ। ਸਮਾਜਿਕ ਰਿਸ਼ਤੇ, ਪ੍ਰਕਿਰਤਕ ਰਿਸ਼ਤੇ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੋ ਗਏ ਹਨ।

ਪ੍ਰੰਪਰਕ ਸਮਾਜ, ਵਿਆਹ ਦੇ ਰਿਸ਼ਤੇ ਨੂੰ ਪ੍ਰਵਾਨ ਕਰਦੇ ਹਨ, ਪਿਆਰ ਦੇ ਰਿਸ਼ਤੇ ਨੂੰ ਨਹੀਂ। ਇਸ ਕਰਕੇ ਪ੍ਰੰਪਰਕ ਸਮਾਜ ਵਿਚ ਜਦੋਂ ਵੀ ਕਿਸੇ ਪੁਰਸ਼ ਦਾ ਕਿਸੇ ਇਸਤਰੀ ਨਾਲ ਪਿਆਰ ਹੋਵੇਗਾ ਤਾਂ ਹਨੇਰੇ ਜਾਂ ਸਵੇਰੇ ਕੈਦੋਂ ਦੇ ਰੂਪ ਵਿਚ ਸਮਾਜ ਜ਼ਰੂਰ ਦਖਲ ਦੇਵੇਗਾ।

ਛੁੱਪ ਕੇ ਪਿਆਰ ਕਰਨ ਦਾ ਕਾਰਨ ਵੀ ਇਹੀ ਹੁੰਦਾ ਹੈ ਕਿ ਪ੍ਰਕਿਰਤਕ ਰਿਸ਼ਤੇ ਨੂੰ ਸਮਾਜਿਕ ਦਬਾਵਾਂ ਤੋਂ ਬਚਾਇਆ ਜਾਵੇ ਪਰ ਇਹ ਯਤਨ ਬਹੁਤਾ ਚਿਰ ਸਫਲ ਨਹੀਂ ਹੁੰਦਾ ਅਤੇ ਪ੍ਰੇਮੀਆਂ ਦਾ ਸਮਾਜ ਨਾਲ ਟਕਰਾਓ, ਉਨ੍ਹਾਂ ਲਈ ਦੁਖਾਂਤ ਸਿਰਜਦਾ ਹੈ।

ਸਮਾਜ ਸ਼ਕਤੀਸ਼ਾਲੀ ਹੁੰਦਾ ਹੈ ਕਿਉਂਕਿ ਸਮਾਜ ਕੋਲ ਧਰਮ, ਜ਼ਾਤ, ਗੋਤ ਅਤੇ ਪਰੰਪਰਾ ਦੀ ਤਾਕਤ ਹੁੰਦੀ ਹੈ, ਜਦੋਂ ਕਿ ਪ੍ਰੇਮੀ ਇਕੱਲੇ ਹੁੰਦੇ ਹਨ, ਜਿਨ੍ਹਾਂ ਦੀ ਸਾਰੀ ਸ਼ਕਤੀ ਇਸ ਟਕਰਾਓ ਵਿਚ ਖਰਚ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਜਿੱਤ ਕੇ ਵੀ ਹਾਰ ਜਾਣ ਦਾ ਅਹਿਸਾਸ ਹੁੰਦਾ ਹੈ।

ਜੇ ਇਸ ਟਕਰਾਓ ਦੇ ਬਾਵਜੂਦ ਜ਼ਿੱਦ ਕਰਕੇ, ਪ੍ਰੇਮੀ-ਪ੍ਰੇਮਿਕਾ ਪ੍ਰੇਮ-ਵਿਆਹ ਕਰਵਾ ਵੀ ਲੈਣ ਤਾਂ ਵੀ ਸਮਾਜ ਵੱਖ-ਵੱਖ ਉਪਰਾਲਿਆਂ ਨਾਲ ਉਨ੍ਹਾਂ ਨੂੰ ਤੰਗ ਅਤੇ ਪ੍ਰੇਸ਼ਾਨ ਕਰਦਾ ਰਹਿੰਦਾ ਹੈ ਅਤੇ ਉਨ੍ਹਾਂ ਦੇ ਜੀਵਨ ਵਿਚ ਵਿਘਨ ਪਾਉਂਦਾ ਰਹਿੰਦਾ ਹੈ।

ਪ੍ਰੇਮ-ਵਿਆਹ ਕਰਵਾਉਣ ਵਾਲਿਆਂ ਕੋਲ ਜੀਵਨ ਦੀ ਦੱਸਣਯੋਗ ਅਤੇ ਮਾਣਨਯੋਗ ਇਕਮਾਤਰ ਪ੍ਰਾਪਤੀ ਆਪਸੀ ਵਿਆਹ ਹੀ ਹੁੰਦੀ ਹੈ ਪਰੰਤੂ ਵਿਆਹ ਭਾਵੇਂ ਕਿਵੇਂ ਵੀ ਹੋਇਆ ਹੋਵੇ, ਵਿਆਹਿਆਂ ਦੀਆਂ ਸਮੱਸਿਆਵਾਂ ਇਕੋ ਜਿਹੀਆਂ ਹੀ ਹੁੰਦੀਆਂ ਹਨ ਅਤੇ ਸਭਨਾਂ 'ਤੇ ਇਕੋ ਜਿਹੇ ਨੇਮ ਲਾਗੂ ਹੁੰਦੇ ਹਨ।

ਨਿਰਸੰਦੇਹ ਪ੍ਰੇਮੀਆਂ ਵਲੋਂ ਆਪਸ ਵਿਚ ਵਿਆਹ ਕਰਵਾਉਣਾ, ਉਨ੍ਹਾਂ ਦਾ ਦਲੇਰੀ ਭਰਿਆ ਨਿਰਣਾ ਹੁੰਦਾ ਹੈ ਪਰ ਅਣਕਿਆਸੀਆਂ ਸਮਾਜਿਕ ਸਮੱਸਿਆਵਾਂ, ਉਨ੍ਹਾਂ ਦਾ ਉਤਸ਼ਾਹ ਮਾਰ ਦਿੰਦੀਆਂ ਹਨ ਅਤੇ ਯਥਾਰਥ ਨਾਲ ਟਕਰਾ ਕੇ ਉਨ੍ਹਾਂ ਦੇ ਆਦਰਸ਼ਾਂ ਦੇ ਸਾਰੇ ਰੰਗ ਖੁਰ ਜਾਂਦੇ ਹਨ ਅਤੇ ਸਾਰੀਆਂ ਮੰਮਟੀਆਂ ਢਹਿ ਜਾਂਦੀਆਂ ਹਨ।

ਰੂਹਾਨੀ ਯੁੱਗ ਵਿਚ ਯਥਾਰਥ ਵੀ ਰੂਹਾਨੀ ਅਰਥਾਂ ਵਿਚ ਵੇਖੇ-ਮਹਿਸੂਸੇ ਜਾਂਦੇ ਸਨ, ਜਦੋਂ ਕਿ ਪਦਾਰਥਕ ਯੁੱਗ ਵਿਚ ਪਿਆਰ ਵੀ ਵਿਕਣ-ਖਰੀਦਣ ਵਾਲੀ ਇਕ ਵਸਤ ਬਣ ਜਾਂਦਾ ਹੈ।

ਵਾਸਤਵ ਵਿਚ ਪਿਆਰ ਤਾਂ ਹੀ ਖਿੱਚ ਪਾਉਂਦਾ ਹੈ ਜੇ ਇਸ ਵਾਸਤੇ ਜਦੋਜਹਿਦ ਕੀਤੀ ਜਾਵੇ ਪਰ ਕਈ ਵਾਰੀ ਜਦੋਜਹਿਦ ਦੇ ਬਾਵਜੂਦ ਕੋਈ ਪ੍ਰਾਪਤੀ ਨਹੀਂ ਹੁੰਦੀ ਪਰ ਫਿਰ ਵੀ ਪਿਆਰ ਦਾ, ਹੋਰ ਅਨੁਭਵਾਂ ਨਾਲੋਂ, ਵੱਖਰੇਵਾਂ ਇਹ ਹੁੰਦਾ ਹੈ ਕਿ ਇਹ ਪ੍ਰੇਮੀ ਅਤੇ ਪ੍ਰੇਮਿਕਾ ਦੋਹਾਂ ਲਈ, ਸਦੀਵੀ ਯਾਦਾਂ ਉਸਾਰਦਾ ਹੈ।

* * *

ਐਤਵਾਰ ਦਾ ਦਿਹਾੜਾ

ਐਤਵਾਰ ਦਾ ਦਿਹਾੜਾ ਆਉਂਦਾ ਤਾਂ ਛੇ ਦਿਨ ਉਡੀਕਣ ਮਗਰੋਂ ਹੈ ਪਰ ਇਹ ਲੰਘ ਇਕ ਦਿਨ ਵਿਚ ਹੀ ਜਾਂਦਾ ਹੈ।

ਐਤਵਾਰ, ਲਗਾਤਾਰ ਕੰਮ ਕਰਨ ਨਾਲ ਜੀਵਨ ਵਿਚ ਉਪਜੇ ਵਿਗਾੜਾਂ ਦੀ ਮੁਰੰਮਤ ਕਰਨ ਅਤੇ ਸਰੀਰ, ਮਨ ਅਤੇ ਬੁੱਧੀ ਨੂੰ ਚਿਮੜੀ ਹਫ਼ਤੇ ਦੀ ਥਕਾਵਟ, ਬੋਰੀਅਤ ਅਤੇ ਮੈਲ ਧੋਣ ਵਾਲਾ ਦਿਨ ਹੁੰਦਾ ਹੈ।

ਹਰ ਕੋਈ ਅਨੁਭਵ ਕਰਦਾ ਹੈ ਕਿ ਵਾਰ ਤਾਂ ਐਤਵਾਰ ਹੀ ਹੁੰਦਾ ਹੈ, ਬਾਕੀ ਤਾਂ ਸਾਰੇ ਸੋਮ-ਮੰਗਲ-ਬੁੱਧ ਹੀ ਹੁੰਦੇ ਹਨ।

ਕੰਮ ਵਾਲੀ ਥਾਂ ਕੋਹਲੂ ਵਰਗੀ ਹੁੰਦੀ ਹੈ, ਜਿੱਥੇ ਅਸੀਂ ਹਰ ਰੋਜ਼ ਬਲਦ ਬਣ ਕੇ ਅੱਕ-ਥੱਕ ਜਾਂਦੇ ਹਾਂ।

ਕਿਸੇ ਨੂੰ ਹਰ ਰੋਜ਼ ਮਿਲਣ ਪਿੱਛੋਂ ਜੇ ਐਤਵਾਰ ਨੂੰ ਵੀ ਮਿਲੀਏ ਤਾਂ ਐਤਵਾਰ ਨੂੰ ਉਹ ਵੱਖਰਾ ਬੰਦਾ ਇਸ ਲਈ ਵਿਖਾਈ ਦਿੰਦਾ ਹੈ, ਕਿਉਂਕਿ ਐਤਵਾਰ ਦਾ ਸੁਭਾਓ ਬਾਕੀ ਦਿਨਾਂ ਨਾਲੋਂ ਵੱਖਰਾ ਹੁੰਦਾ ਹੈ। ਐਤਵਾਰ ਦਾ ਵੱਖਰਾ ਸੁਭਾਓ ਸਾਡੇ ਹਿਰਦੇ ਅਤੇ ਵਿਹਾਰ ਨੂੰ ਵੱਖਰੇ ਢੰਗ ਨਾਲ ਪ੍ਰਭਾਵਿਤ ਕਰਦਾ ਹੈ।

ਇਸ ਦਿਨ ਦੀ ਉਡੀਕ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਇਸ ਦਿਨ ਜਿੱਥੇ ਅਸੀਂ ਰੋਜ਼ ਜਾਂਦੇ ਹਾਂ, ਉੱਥੇ ਜਾਣ ਦੀ ਮਜਬੂਰੀ ਨਹੀਂ ਹੁੰਦੀ।

ਐਤਵਾਰ ਨੂੰ ਤਾਂ ਜੇਲ੍ਹਾਂ ਵਿਚਲੇ ਕੈਦੀ ਅਤੇ ਹਸਪਤਾਲਾਂ ਵਿਚ ਦਾਖਲ ਮਰੀਜ਼ ਵੀ ਉਡੀਕਦੇ ਹਨ। ਮਜਬੂਰੀਆਂ ਅਤੇ ਬੰਧਨਾਂ ਤੋਂ ਮੁਕਤ ਇਸ ਦਿਹਾੜੇ, ਹਰ ਕੋਈ ਸੁਤੰਤਰ, ਸੌਖਾ ਅਤੇ ਸੁਖਾਲਾ ਮਹਿਸੂਸ ਕਰਦਾ ਹੈ।

ਬੱਚਿਆਂ ਲਈ ਇਹ ਖੇਡਣ ਦਾ ਦਿਨ ਹੁੰਦਾ ਹੈ। ਖੇਡਾਂ ਇਸ ਲਈ ਚੰਗੀਆਂ ਲੱਗਦੀਆਂ ਹਨ, ਕਿਉਂਕਿ ਇਹ ਸੁਤੰਤਰਤਾ ਦੀ ਭਾਵਨਾ ਜਗਾਉਂਦੀਆਂ ਹਨ ਅਤੇ ਇਹ ਸੁਤੰਤਰਤਾ ਦੀ ਭਾਵਨਾ ਵਿਚੋਂ ਉਪਜਦੀਆਂ ਹਨ, ਇਸੇ ਕਰਕੇ ਖੇਡਾਂ ਵਿਚੋਂ ਥਕਾਵਟ ਨਹੀਂ ਉਪਜਦੀ।

ਖੇਡਾਂ ਰਾਹੀਂ ਉਪਜੇ ਸੰਬੰਧ ਬੜੇ ਹੰਢਣਸਾਰ ਹੁੰਦੇ ਹਨ।

ਥਕਾਵਟ ਉਨ੍ਹਾਂ ਕਾਰਜਾਂ ਵਿਚੋਂ ਉਪਜਦੀ ਹੈ, ਜਿਹੜੇ ਸਾਨੂੰ ਮਜਬੂਰੀ ਅਧੀਨ, ਨਿਸਚਿਤ ਸਮੇਂ ਵਿਚ, ਕਿਸੇ ਦੇ ਆਦੇਸ਼ਾਂ ਅਨੁਸਾਰ, ਨਿਸਚਿਤ ਢੰਗ ਨਾਲ ਕਰਨੇ ਪੈਂਦੇ ਹਨ, ਜਦੋਂ ਕਿ ਆਪਣੀ ਮਰਜ਼ੀ ਨਾਲ ਕੀਤੇ ਕੰਮਾਂ ਵਿਚੋਂ ਮਨੋਰੰਜਨ ਉਪਜਦਾ ਹੈ। ਐਤਵਾਰ ਅਸੀਂ ਕੰਮਾਂ ਦੇ ਬੰਧਨ ਤੋਂ ਮੁਕਤ ਹੁੰਦੇ ਹਾਂ ਅਤੇ ਸਾਡਾ ਮਨ ਸ਼ਾਂਤ ਅਤੇ ਸਰੀਰ ਸੁੱਖੀ ਹੁੰਦਾ ਹੈ।

ਸਾਡੇ ਮਨ ਦੀ ਹਾਲਤ ਦੱਸਦੀ ਹੈ ਕਿ ਸਾਡਾ ਐਤਵਾਰ ਕਿਹੋ ਜਿਹਾ ਹੋਵੇਗਾ।

ਉਡੀਕਵਾਨਾਂ ਲਈ ਐਤਵਾਰ ਬੜੀ ਦੇਰ ਕਰਕੇ ਆਉਂਦਾ ਹੈ, ਡਰੇ ਹੋਇਆਂ ਲਈ ਇਹ ਜਲਦੀ ਆ ਜਾਂਦਾ ਹੈ, ਦੁੱਖੀਆਂ ਵਾਸਤੇ ਇਹ ਮੁੱਕਦਾ ਹੀ ਨਹੀਂ, ਸੁੱਖੀਆਂ ਵਾਸਤੇ ਇਹ ਝੱਟ ਲੰਘ ਜਾਂਦਾ ਹੈ। ਪੁਰਸ਼ਾਂ ਲਈ ਇਹ ਵਿਹਲਾ ਅਤੇ ਇਸਤਰੀਆਂ ਲਈ ਇਹ ਰੁਝੇਵਿਆਂ ਵਾਲਾ ਦਿਨ ਹੁੰਦਾ ਹੈ।

ਐਤਵਾਰ ਦਾ ਸਭ ਤੋਂ ਵੱਡਾ ਲੱਛਣ ਇਹ ਹੁੰਦਾ ਹੈ ਕਿ ਇਹ ਦਿਹਾੜਾ ਕਮਾਉਣ-ਖਰਚਣ ਤੋਂ ਮੁਕਤ ਅਤੇ ਖਾਣ-ਪੀਣ ਅਤੇ ਅਰਾਮ ਕਰਨ ਵਾਲਾ ਤਿਉਹਾਰ ਹੁੰਦਾ ਹੈ। ਸਮੁੱਚੇ ਰੂਪ ਵਿਚ ਇਹ ਘਰ ਅੰਦਰ, ਪਰਿਵਾਰ ਨਾਲ, ਆਪਣੀ ਮਰਜ਼ੀ ਨਾਲ ਗੁਜ਼ਾਰਨ ਵਾਲਾ ਦਿਨ ਹੁੰਦਾ ਹੈ।

ਜਿਵੇਂ ਬਾਗ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉੱਥੇ ਫੁੱਲ ਹੀ ਨਾ ਖਿੜੇ ਹੋਣ, ਉੱਥੇ ਪੰਛੀ ਵੀ ਰਹਿੰਦੇ ਹੋਣ, ਉਵੇਂ ਹੀ ਘਰ ਉਹ ਥਾਂ ਹੁੰਦੀ ਹੈ, ਜਿੱਥੇ ਸੁੱਖ-ਸਾਧਨ ਹੀ ਨਾ ਹੋਣ, ਸਗੋਂ ਜਿੱਥੇ ਪਰਿਵਾਰ ਦੇ ਸਾਰੇ ਜੀਅ ਜਿਤਨਾ ਚਿਰ, ਜਿਵੇਂ ਚਾਹੁਣ ਉਵੇਂ ਰਹਿ ਵੀ ਸਕਣ।

ਐਤਵਾਰ ਨੂੰ ਘਰ ਦੇ ਸਾਰੇ ਜੀਆਂ ਦੀ ਇਕ ਹੀ ਉਮਰ ਹੁੰਦੀ ਹੈ ਅਤੇ ਹਰੇਕ ਦੇ ਬਰਾਬਰ ਅਧਿਕਾਰ ਅਤੇ ਕਰਤੱਵ ਹੁੰਦੇ ਹਨ। ਐਤਵਾਰ ਨੂੰ ਘਰ ਅੰਦਰ ਪੂਰਨ ਪਰਜਾਤੰਤਰ ਹੁੰਦਾ ਹੈ। ਐਤਵਾਰ ਪਰਿਵਾਰਕ ਦਿਵਸ ਹੁੰਦਾ ਹੈ।

ਘਰ ਤੋਂ ਬਿਨਾ ਅਰਾਮ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਕਿਉਂਕਿ ਘਰ ਇਸਤਰੀ ਨਾਲ ਬਣਦਾ ਹੈ, ਸੋ ਇਸਤਰੀ ਦੇ ਸਹਿਯੋਗ ਤੋਂ ਬਿਨਾ ਐਤਵਾਰ, ਐਤਵਾਰ ਨਹੀਂ ਬਣਦਾ।

ਇਹ ਦਿਨ ਥੱਕੇ ਹੋਏ ਪਰਿਵਾਰ ਵਿਚ, ਹਿੰਮਤ ਪਾ ਦਿੰਦਾ ਹੈ। ਇਹ ਦਿਨ ਪਤੀ-ਪਤਨੀ ਵਲੋਂ ਇਕ-ਦੂਜੇ ਦੇ ਸਰੀਰਕ ਖਜ਼ਾਨੇ ਫਰੋਲਣ ਦਾ ਅਵਸਰ ਹੁੰਦਾ ਹੈ। ਐਤਵਾਰ ਨੂੰ ਪਤਨੀਆਂ ਉਹ ਵਾਅਦੇ ਵੀ ਪੂਰੇ ਕਰਦੀਆਂ ਹਨ, ਜਿਹੜੇ ਉਨ੍ਹਾਂ ਨੇ ਕੀਤੇ ਵੀ ਨਹੀਂ ਹੁੰਦੇ। ਇਹ ਕੁਰਬਾਨੀਆਂ ਮੰਗਣ ਦਾ ਨਹੀਂ, ਕੁਰਬਾਨ ਹੋਣ ਦਾ; ਝਗੜੇ ਕਰਨ ਦਾ ਨਹੀਂ, ਸਮਝੌਤੇ ਸਿਰਜਣ ਦਾ; ਵਿਰੋਧ ਪ੍ਰਗਟਾਉਣ ਦਾ ਨਹੀਂ, ਸਹਿਮਤ ਹੋਣ ਦਾ ਦਿਨ ਹੁੰਦਾ ਹੈ।

ਇਹ ਦਿਨ ਦਸਦਾ ਹੈ ਕਿ ਤੁਹਾਡੇ ਅਗਲੇ ਦਿਨ ਕਿਵੇਂ ਲੰਘਣਗੇ।

ਜਿਹੜੇ ਮਨੁੱਖ ਆਪਣੇ ਪਰਿਵਾਰ ਨਾਲ ਸਮਾਂ ਨਹੀਂ ਗੁਜ਼ਾਰਦੇ, ਉਨ੍ਹਾਂ ਵਿਚ ਇਨਸਾਨਾਂ ਵਾਲੇ ਗੁਣ ਨਹੀਂ ਉਪਜਦੇ ਅਤੇ ਉਨ੍ਹਾਂ ਦੇ ਜੀਵਨ ਵਿਚ ਸੰਤੁਲਨ ਨਹੀਂ ਹੁੰਦਾ। ਜੇ ਕਿਸੇ ਦਾ ਚਰਿਤਰ ਜਾਣਨਾ ਹੋਵੇ ਤਾਂ ਵੇਖੋ ਉਹ ਐਤਵਾਰ ਕਿਵੇਂ ਗੁਜ਼ਾਰਦਾ ਹੈ।

ਜਿਨ੍ਹਾਂ ਕੋਲ ਐਤਵਾਰ ਨੂੰ ਅਰਾਮ ਕਰਨ ਲਈ ਸਮਾਂ ਨਹੀਂ ਹੁੰਦਾ, ਉਨ੍ਹਾਂ ਨੂੰ ਬਾਕੀ ਦਿਨਾਂ ਦੌਰਾਨ ਬੀਮਾਰ ਹੋਣ ਵਾਸਤੇ ਸਮਾਂ ਕੱਢਣਾ ਪੈਂਦਾ ਹੈ।

ਐਤਵਾਰ ਸਾਰਿਆਂ ਦੇ ਰਲ ਕੇ ਹੱਸਣ-ਖੇਡਣ ਵਾਲਾ ਦਿਨ ਹੁੰਦਾ ਹੈ। ਰਲ ਕੇ ਹੱਸਣ ਨਾਲ ਸਾਰਿਆਂ ਦੀ ਲੰਬਾਈ-ਚੌੜਾਈ ਦਰੁੱਸਤ ਹੋ ਜਾਂਦੀ ਹੈ। ਇਸ ਦਿਨ ਬਹਿਸ ਨਹੀਂ, ਗੱਲਬਾਤ ਕੀਤੀ ਜਾਂਦੀ ਹੈ।

ਇਸ ਦਿਨ ਚਾਹ ਹੀ ਨਹੀਂ, ਨਾਲ ਪਕੌੜੇ ਵੀ ਮਿਲਦੇ ਹਨ, ਜਿਨ੍ਹਾਂ ਨਾਲ ਗੱਲਬਾਤ ਹੋਰ ਸੁਆਦਲੀ ਹੋ ਜਾਂਦੀ ਹੈ।

ਜਿਹੜੇ ਪਤੀ, ਆਪਣੀਆਂ ਪਤਨੀਆਂ ਨੂੰ ਤੰਗ ਕਰਦੇ ਹਨ, ਉਹ ਐਤਵਾਰ ਦਾ ਸੰਤਾਪ ਤਾਂ ਭੋਗਦੇ ਹੀ ਹਨ, ਉਹ ਪਤਨੀਆਂ ਦੀ ਮਾਨਸਿਕ ਅਤੇ ਭਾਵਕ ਸੁੰਦਰਤਾ ਵੇਖਣ-ਮਾਣਨ ਤੋਂ ਵੀ ਵਿਰਵੇ ਰਹਿ ਜਾਂਦੇ ਹਨ।

ਇਸਤਰੀ ਚਾਹੁੰਦੀ ਹੈ ਕਿ ਪਤੀ ਘਰ ਰਹੇ ਤਾਂ ਜੁ ਉਹ ਉਸ ਨੂੰ ਸੁੱਖ ਦੇ ਸਕੇ, ਇਸ ਯਤਨ ਵਿਚ ਸਫਲ ਉਹ ਐਤਵਾਰ ਨੂੰ ਹੀ ਹੁੰਦੀ ਹੈ।

ਪਤੀ, ਐਤਵਾਰ ਨੂੰ ਪਤਨੀ ਕੋਲ, ਪਿਆਰ ਦੀ ਟਿਊਸ਼ਨ ਪੜ੍ਹਦਾ ਹੈ।

ਐਤਵਾਰ ਵਾਲੇ ਦਿਨ ਆਪਣੇ ਘਰ ਅੰਦਰਲੀ ਸੁਰੱਖਿਆ ਵਿਚ, ਅਸੀਂ ਪਰਵਾਹ ਨਹੀਂ ਕਰਦੇ ਕਿ ਦੂਜੇ ਸਾਡੇ ਬਾਰੇ ਕੀ ਕਹਿੰਦੇ ਹਨ।

ਜਿਸ ਸੁਭਾਗੇ ਨੇ ਵੀ ਐਤਵਾਰ ਦੀ ਛੁੱਟੀ ਬਾਰੇ ਸੋਚਿਆ ਹੋਵੇਗਾ, ਸਮੁੱਚੀ ਮਾਨਵਜਾਤੀ ਨੂੰ ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਅਜੋਕੇ ਸੰਸਾਰ ਦੇ ਹਰੇਕ ਸਭਿਅਕ ਸਮਾਜ ਵਿਚ ਹਰ ਹਫ਼ਤੇ ਵਿਚ ਐਤਵਾਰ ਜਾਂ ਐਤਵਾਰ ਵਰਗਾ ਇਕ ਦਿਨ ਜ਼ਰੂਰ ਹੁੰਦਾ ਹੈ, ਜਦੋਂ ਸਮਾਜ ਵੱਖਰੀ ਚਾਲ ਨਾਲ ਚੱਲਦਾ ਹੈ। ਇਸ ਦਿਨ ਨੇਮ-ਕਾਨੂੰਨ ਅਤੇ ਨਿਤਨੇਮ ਜਾਂ ਟਾਈਮ-ਟੇਬਲ ਲਾਗੂ ਨਹੀਂ ਹੁੰਦੇ।

ਅਠਾਰ੍ਹਵੀਂ ਸਦੀ ਦੇ ਮੱਧ ਤੱਕ ਸਾਰਾ ਸੰਸਾਰ ਇਕੋ-ਜਿਹਾ ਸੀ; ਨਾ ਅਮੀਰ, ਨਾ ਗਰੀਬ। ਖੇਤੀ ਉੱਤੇ ਨਿਰਭਰ ਗ੍ਰਾਮੀਣ ਸਮਾਜ ਵਿਚ, ਐਤਵਾਰ ਨੂੰ ਯੋਰਪ ਵਿਚ ਕੰਮ ਕਰਨ ਦੀ ਮਨਾਹੀ ਸੀ ਤਾਂ ਜੁ ਇਸ ਦਿਨ ਲੋਕ ਪੂਜਾ-ਪਾਠ ਕਰਨ।

ਸੰਸਾਰ ਵਿਚ ਅਮੀਰ-ਗਰੀਬ ਦਾ ਅੰਤਰ ਉਦਯੋਗਿਕ ਕ੍ਰਾਂਤੀ ਨਾਲ ਪਿਆ ਹੈ। ਉਦਯੋਗਿਕ ਕ੍ਰਾਂਤੀ ਪਹਿਲਾਂ ਯੋਰਪ ਵਿਚ ਆਈ, ਇਸੇ ਕਰਕੇ ਯੋਰਪ, ਜੀਵਨ ਦੇ ਸ਼ਹਿਰੀਕਰਣ ਕਰਕੇ ਪਹਿਲਾਂ ਖੁਸ਼ਹਾਲ ਹੋਇਆ।

ਕਾਰਖਾਨੇ-ਫੈਕਟਰੀਆਂ ਵਿਚ ਕਾਮਿਆਂ ਨੂੰ ਨਿਸਚਿਤ ਸਮੇਂ, ਨਿਸਚਿਤ ਘੰਟਿਆਂ ਲਈ, ਨਿਸਚਿਤ ਢੰਗ ਨਾਲ, ਨਿਸਚਿਤ ਕੰਮ ਕਰਨਾ ਪੈਂਦਾ ਸੀ, ਜਿਸ ਨਾਲ ਵਿਹਾਰ, ਕੰਮ, ਸਮਾਂ, ਆਮਦਨ, ਖਰਚ ਆਦਿ ਸਭ ਕੁਝ ਨੇਮਬੱਧ ਹੋ ਗਿਆ।

ਮੁੱਢ ਵਿਚ ਐਤਵਾਰ ਦਾ ਦਿਨ ਮਸ਼ੀਨਾਂ ਦੀ ਮੁਰੰਮਤ ਕਰਨ, ਮਜ਼ਦੂਰਾਂ ਦੇ ਨਹਾਉਣ-ਧੋਣ, ਗਿਰਜੇ ਜਾਂ ਪਿੰਡ ਜਾਣ ਦਾ ਦਿਨ ਹੋਇਆ ਕਰਦਾ ਸੀ।

ਜਦੋਂ ਮਸ਼ੀਨਾਂ ਅਤੇ ਮਜ਼ਦੂਰਾਂ ਦੀ ਕਾਰਗੁਜ਼ਾਰੀ ਸੁਧਰੀ ਤਾਂ ਹੀ ਐਤਵਾਰ ਦੀ ਉਜਰਤ ਸਮੇਤ ਛੁੱਟੀ ਹੋਣ ਦੀ ਪਿਰਤ ਪਈ। ਜਦੋਂ ਮੁਨਾਫ਼ਾ ਵਧਿਆ ਤਾਂ ਮਾਲਕਾਂ ਨੇ ਹੋਰ ਤਿਉਹਾਰਾਂ ਦੀਆਂ ਛੁੱਟੀਆਂ ਵੀ ਦੇਣੀਆਂ ਅਰੰਭ ਕੀਤੀਆਂ।

ਮੁੱਢ ਵਿਚ ਫੈਕਟਰੀਆਂ ਵਿਚ ਲਗਭਗ ਬਾਰ੍ਹਾਂ ਘੰਟੇ ਰੋਜ਼ [illegible] ਕਰਨਾ ਪੈਂਦਾ ਸੀ। ਮਜ਼ਦੂਰਾਂ ਨੇ ਮੰਗ ਕੀਤੀ ਕਿ ਕੰਮ ਦੇ ਘੰਟੇ ਭਾਵੇਂ ਇਤਨੇ ਹੀ ਹੋਣ ਪਰ ਉਜਰਤ ਵਧਾਈ ਜਾਵੇ। ਫਿਰ ਉਨ੍ਹਾਂ ਨੇ ਮੰਗ ਕੀਤੀ ਕਿ ਉਜਰਤ ਭਾਵੇਂ ਨਾ ਵਧਾਈ ਜਾਵੇ ਪਰ ਕੰਮ ਦੇ ਘੰਟੇ ਘਟਾਏ ਜਾਣ ਅਤੇ ਹੋਰ ਛੁੱਟੀਆਂ ਦਿੱਤੀਆਂ ਜਾਣ। ਇਵੇਂ ਕੰਮ ਦੇ ਘੰਟੇ, ਉਜਰਤ ਅਤੇ ਛੁੱਟੀਆਂ ਆਦਿ ਮਜ਼ਦੂਰ ਸੰਘਾਂ ਦੀਆਂ ਮੁੱਖ ਮੰਗਾਂ ਰਹੀਆਂ ਹਨ।

ਵੀਹਵੀਂ ਸਦੀ ਵਿਚ ਗਰਮੀਆਂ-ਸਰਦੀਆਂ ਵਿਚ ਕੰਮ ਦੇ ਹਰ ਰੋਜ਼ ਨੌਂ ਘੰਟੇ ਨਿਸਚਿਤ ਕੀਤੇ ਗਏ, ਜਿਨ੍ਹਾਂ ਵਿਚੋਂ ਇਕ ਘੰਟਾ ਦੁਪਹਿਰ ਦਾ ਖਾਣਾ-ਖਾਣ ਅਤੇ ਅਰਾਮ ਕਰਨ ਲਈ ਮਿਲਣ ਲੱਗਿਆ ਅਤੇ ਛੇ ਦਿਨਾਂ ਮਗਰੋਂ ਇਕ ਛੁੱਟੀ ਦਾ ਰਿਵਾਜ ਪਿਆ।

ਸਮੇਂ ਦੇ ਬੀਤਣ ਨਾਲ ਕੁਝ ਵਰਗਾਂ ਨੂੰ ਐਤਵਾਰ ਦੀ ਪੂਰੀ ਛੁੱਟੀ ਨਾਲ ਸ਼ਨਿਚਰਵਾਰ ਦੀ ਅੱਧੀ ਛੁੱਟੀ ਮਿਲਣ ਲੱਗ ਪਈ। ਜਦੋਂ ਮਸ਼ੀਨਾਂ ਦੀ ਕਾਰਗੁਜ਼ਾਰੀ ਹੋਰ ਸੁਧਰੀ ਤਾਂ ਸਾਲ ਦੌਰਾਨ ਉਜਰਤ ਸਮੇਤ ਪਹਿਲਾਂ ਇਕ ਸਪਤਾਹ ਅਤੇ ਮਗਰੋਂ ਦੋ ਸਪਤਾਹ ਦੀ ਛੁੱਟੀ ਮਿਲਣ ਲੱਗ ਪਈ।

ਇਨ੍ਹਾਂ ਛੁੱਟੀਆਂ ਨਾਲ ਹੋਟਲ-ਉਦਯੋਗ ਅਤੇ ਸੈਰ-ਸਪਾਟਾ ਵਧਿਆ ਹੈ।

ਕੰਮ ਵਾਲੀ ਥਾਂ 'ਤੇ ਪਹੁੰਚਣ ਵਿਚ ਵਧੇਰੇ ਸਮਾਂ ਲੱਗਣ ਕਰਕੇ ਕੰਮ ਦੇ ਘੰਟੇ ਹੋਰ ਘਟਾਏ ਗਏ ਹਨ ਅਤੇ ਕਮਾਏ ਪੈਸਿਆਂ ਨੂੰ ਖਰਚਣ ਦਾ ਵਧੇਰੇ ਸਮਾਂ ਦੇਣ ਲਈ, ਸ਼ਨਿਚਰਵਾਰ ਦੀ ਛੁੱਟੀ ਕਰਕੇ, ਐਤਵਾਰ ਨੂੰ ਲੰਮਾ ਕਰ ਦਿੱਤਾ ਗਿਆ ਹੈ।

ਹਫ਼ਤੇ ਦੀ ਉਜਰਤ ਸ਼ੁੱਕਰਵਾਰ ਨੂੰ ਮਿਲਣ ਕਾਰਨ, ਸਿਨੇਮਿਆਂ ਵਿਚ ਹਰ ਸ਼ੁੱਕਰਵਾਰ ਨਵੀਂ ਫਿਲਮ ਲਾਉਣ ਦਾ ਰਿਵਾਜ ਪਿਆ ਹੈ। ਉਪਰੋਕਤ ਕਾਰਨਾਂ ਕਰਕੇ ਅਰਥਚਾਰਾ ਵਧੇਰੇ ਚੁਸਤ ਹੋ ਗਿਆ ਅਤੇ ਬਜ਼ਾਰ ਦਾ ਮਹੱਤਵ ਵੱਧ ਗਿਆ।

ਜਦੋਂ ਆਮਦਨਾਂ ਵਧਦੀਆਂ ਹਨ ਤਾਂ ਖਾਣ-ਹੰਢਾਉਣ ਦੀ ਇੱਛਾ ਵੀ ਵਧਦੀ ਹੈ। ਇਵੇਂ ਸ਼ਹਿਰੀ ਜੀਵਨ ਵਿਚ ਹਰ ਕਿਸੇ ਲਈ ਤਿੰਨ ਥਾਵਾਂ: ਰਹਿਣ ਵਾਲੀ ਥਾਂ, ਕੰਮ ਵਾਲੀ ਥਾਂ ਅਤੇ ਖਰਚਣ ਵਾਲੀ ਥਾਂ ਮਹੱਤਵਪੂਰਨ ਹੋ ਜਾਂਦੀਆਂ ਹਨ। ਇਹ ਤਿੰਨ ਥਾਵਾਂ ਅਜੋਕੇ ਮਨੁੱਖ ਦੀ ਸ਼ਖ਼ਸੀਅਤ ਅਤੇ ਯੋਗਤਾ ਨੂੰ ਉਸਾਰਨ ਵਾਲੇ ਆਧਾਰ ਬਣ ਗਈਆਂ ਹਨ।

ਅਜੋਕੇ ਸੰਸਾਰ ਵਿਚ ਮਜ਼ਦੂਰ-ਕਰਮਚਾਰੀ ਵਰਗ ਇਕ ਸਾਲ ਵਿਚ ਲਗਭਗ ਦੋ ਹਜ਼ਾਰ ਘੰਟੇ ਅਤੇ ਵਪਾਰੀ ਵਰਗ ਲਗਭਗ ਤਿੰਨ ਹਜ਼ਾਰ ਘੰਟੇ ਹੀ ਕੰਮ ਕਰਦਾ ਹੈ। ਕਰਮਚਾਰੀ ਵਰਗ ਨੂੰ ਸਾਲ ਦਾ ਲਗਭਗ ਇਕ ਤਿਹਾਈ ਭਾਗ ਛੁੱਟੀਆਂ ਹੁੰਦੀਆਂ ਹਨ। ਪਹਿਲਾਂ ਕੇਵਲ ਧਾਰਮਿਕ ਤਿਉਹਾਰਾਂ ਦੀਆਂ ਛੁੱਟੀਆਂ ਹੁੰਦੀਆਂ ਸਨ ਪਰ ਪਰਜਾਤੰਤਰ ਨਾਲ ਰਾਜਨੀਤਕ ਮਹੱਤਵ ਵਾਲੇ ਦਿਨ ਵੀ ਛੁੱਟੀਆਂ ਬਣ ਗਏ ਹਨ।

ਹਰ ਸਮਾਜ ਅਤੇ ਦੇਸ਼ ਵਿਚ ਛੁੱਟੀਆਂ ਦੀ ਪ੍ਰਣਾਲੀ ਵੱਖ-ਵੱਖ ਹੈ ਪਰ ਐਤਵਾਰ ਦੀ ਛੁੱਟੀ, ਮੁਸਲਿਮ ਦੇਸ਼ਾਂ ਤੋਂ ਇਲਾਵਾ ਲਗਭਗ ਸਾਰੇ ਸੰਸਾਰ ਵਿਚ ਹੁੰਦੀ ਹੈ, ਮੁਸਲਿਮ ਦੇਸ਼ਾਂ ਵਿਚ ਐਤਵਾਰ ਦੀ ਥਾਂ ਸ਼ੁੱਕਰਵਾਰ ਛੁੱਟੀ ਹੁੰਦੀ ਹੈ।

ਸੰਸਾਰ ਵਿਚ ਐਤਵਾਰ ਦੀ ਛੁੱਟੀ ਦਾ ਸੰਕਲਪ ਈਸਾਈ ਧਰਮ ਦੇ ਪ੍ਰਭਾਵ ਅਧੀਨ ਉਪਜਿਆ ਹੈ। ਬਾਈਬਲ ਵਿਚ ਦਰਜ ਹੈ ਕਿ ਪ੍ਰਮਾਤਮਾ ਨੇ ਇਸ ਸੰਸਾਰ ਨੂੰ ਛੇ ਦਿਨਾਂ ਵਿਚ ਸਿਰਜਿਆ ਸੀ ਅਤੇ ਸੱਤਵੇਂ ਦਿਨ ਅਰਾਮ ਕੀਤਾ ਸੀ। ਈਸਾਈਆਂ ਲਈ ਇਹ ਸੱਤਵਾਂ ਦਿਨ ਐਤਵਾਰ ਹੈ, ਜਦੋਂ ਉਹ ਗਿਰਜੇ ਜਾ ਕੇ ਧਾਰਮਿਕ ਪੂਜਾ-ਪਾਠ ਕਰਦੇ ਹਨ। ਮੱਧਕਾਲ ਤੱਕ ਐਤਵਾਰ ਵਾਲੇ ਦਿਨ ਈਸਾਈਆਂ ਨੂੰ ਕੰਮ ਕਰਨ ਦੀ ਮਨਾਹੀ ਸੀ।

ਈਸਾਈ, ਯਹੂਦੀ ਅਤੇ ਇਸਲਾਮ ਤਿੰਨੇ ਧਰਮ ਇਕ ਹੀ ਥਾਂ ਉਪਜੇ ਹਨ, ਸੋ ਇਨ੍ਹਾਂ ਦੀਆਂ ਅਨੇਕਾਂ ਮਾਨਤਾਵਾਂ ਅਤੇ ਰੀਤਾਂ, ਜਿਵੇਂ ਰੋਜ਼ੇ ਰੱਖਣੇ ਅਤੇ ਮੁਰਦਿਆਂ ਨੂੰ ਦਫ਼ਨਾਉਣਾ ਆਦਿ ਸਾਂਝੀਆਂ ਹਨ। ਇਹ ਤਿੰਨੇ ਧਰਮ ਸਵੀਕਾਰ ਕਰਦੇ ਹਨ ਕਿ ਪ੍ਰਮਾਤਮਾ ਨੇ ਛੇ ਦਿਨਾਂ ਵਿਚ ਸੰਸਾਰ ਬਣਾਇਆ ਪਰ ਇਸ ਬਾਰੇ ਮਤਭੇਦ ਹੈ ਕਿ ਪ੍ਰਮਾਤਮਾ ਨੇ ਸੰਸਾਰ ਬਣਾਉਣਾ ਕਦੋਂ ਅਰੰਭ ਕੀਤਾ ਅਤੇ ਕਦੋਂ ਅਰਾਮ ਕੀਤਾ। ਇਸਲਾਮ ਅਨੁਸਾਰ ਸੱਤਵਾਂ ਦਿਨ ਸ਼ੁੱਕਰਵਾਰ ਹੈ, ਜਦੋਂ ਕਿ ਯਹੂਦੀਆਂ ਲਈ ਸੱਤਵਾਂ ਦਿਨ ਸ਼ਨਿਚਰਵਾਰ ਹੈ। ਇਸੇ ਕਾਰਨ ਕਰਕੇ ਮੁਸਲਿਮ ਮਸਜਿਦਾਂ ਵਿਚ ਸ਼ੁੱਕਰਵਾਰ ਨੂੰ, ਯਹੂਦੀ ਸਾਇਨਾਗਾਗਾਂ ਵਿਚ ਸ਼ਨਿੱਚਰਵਾਰ ਨੂੰ ਅਤੇ ਈਸਾਈ, ਚਰਚਾਂ ਵਿਚ ਐਤਵਾਰ ਨੂੰ ਜਾਂਦੇ ਹਨ।

ਭਾਰਤ ਵਿਚਲੇ ਧਰਮਾਂ ਵਿਚ ਹਰੇਕ ਦਿਨ ਦਾ ਮਹੱਤਵ ਹੈ ਅਤੇ ਹਰੇਕ ਦਿਨ ਦਾ ਧਾਰਮਿਕ ਨਿਤਨੇਮ ਹੈ ਪਰ ਸ਼ਨਿੱਚਰਵਾਰ ਦਾ ਦਿਨ ਸਖ਼ਤ ਅਤੇ ਨਹਿਸ਼ ਸਮਝਿਆ ਜਾਂਦਾ ਹੈ। ਹਿੰਦੂ ਇਸ ਦਿਨ ਦੇ ਮਾੜੇ ਪ੍ਰਭਾਵ ਤੋਂ ਬਚਣ ਵਾਸਤੇ ਪੂਜਾ-ਪਾਠ ਕਰਦੇ ਹਨ, ਦਾਨ ਦਿੰਦੇ ਅਤੇ ਵਰਤ ਰੱਖਦੇ ਹਨ।

ਭਾਰਤ ਵਿਚ ਅੰਗ੍ਰੇਜ਼ ਆਪ ਐਤਵਾਰ ਛੁੱਟੀ ਕਰਦੇ ਸਨ, ਸੋ ਹਾਕਮਾਂ ਦੀ ਛੁੱਟੀ ਹੋਣ ਕਾਰਨ, ਪਰਜਾ ਨੇ ਵੀ ਐਤਵਾਰ ਨੂੰ ਛੁੱਟੀ ਦਾ ਦਿਨ ਬਣਾ ਲਿਆ।

ਸਾਡੇ ਦੇਸ਼ ਵਿਚ ਘੰਟਿਆਂ, ਮਿੰਟਾਂ, ਸਕਿੰਟਾਂ ਦਾ ਸੰਕਲਪ ਵੀ ਅੰਗ੍ਰੇਜ਼ਾਂ ਨੇ ਹੀ ਲਾਗੂ ਕੀਤਾ ਸੀ। ਸਾਡੇ ਦੇਸ਼ ਵਿਚ ਘੰਟੇ ਨਹੀਂ, ਪਹਿਰ ਹੁੰਦੇ ਸਨ। ਸ਼ਾਇਦ ਇਸੇ ਕਰਕੇ ਸਾਡੇ ਦੇਸ਼ ਵਿਚ ਸਮੇਂ ਦੀ ਉਹ ਪਾਬੰਦੀ ਨਹੀਂ, ਜਿਹੋ ਜਿਹੀ ਯੋਰਪ ਵਿਚ ਹੈ।

ਪਹਿਰ ਕਿਉਂਕਿ ਤਿੰਨ ਘੰਟੇ ਦਾ ਹੁੰਦਾ ਹੈ, ਸੋ ਕੋਈ ਵਿਅਕਤੀ ਇਕ-ਦੋ ਘੰਟੇ ਦੇਰ ਨਾਲ ਆਉਣ ਦੇ ਬਾਵਜੂਦ, ਉਸੇ ਪਹਿਰ ਵਿਚ ਪਹੁੰਚਣ ਕਰਕੇ, ਦੇਰ ਨਾਲ ਆਇਆ ਨਹੀਂ ਸਮਝਿਆ ਜਾਂਦਾ ।

ਅਸੀਂ ਘੰਟਿਆਂ-ਮਿੰਟਾਂ ਦੇ ਪਾਬੰਦ ਨਹੀਂ, ਅਸੀਂ ਪਹਿਰਾਂ ਦੇ ਪਾਬੰਦ ਹਾਂ।

ਅਜੋਕੇ ਸੰਸਾਰ ਵਿਚ ਕੰਮ ਵਾਲੀ ਥਾਂ 'ਤੇ ਸਭ ਤੋਂ ਘੱਟ ਸਮਾਂ ਫਰਾਂਸੀਸੀ ਗੁਜ਼ਾਰਦੇ ਹਨ, ਸੋ ਕੰਮ ਦਾ ਸਭ ਤੋਂ ਛੋਟਾ ਸਪਤਾਹ ਫਰਾਂਸ ਵਿਚ ਹੈ, ਜਿਥੇ ਕੰਮ ਵਾਂਗ ਹੀ ਅਰਾਮ ਅਤੇ ਮੌਜ-ਮੇਲੇ ਨੂੰ ਬਰਾਬਰ ਦਾ ਮਹੱਤਵ ਪ੍ਰਾਪਤ ਹੈ। ਫਰਾਂਸ ਸੰਸਾਰ ਦਾ ਇਕੋ-ਇਕ ਦੇਸ਼ ਹੈ ਜਿੱਥੇ ਹਰ ਵਰ੍ਹੇ, ਬਾਹਰੋਂ ਆਉਣ ਵਾਲੇ ਸੈਲਾਨੀਆਂ ਜਾਂ ਯਾਤਰੀਆਂ ਦੀ ਗਿਣਤੀ, ਸਮੁੱਚੇ ਦੇਸ਼ ਦੀ ਅਬਾਦੀ ਨਾਲੋਂ ਵੱਧ ਹੁਦੀ ਹੈ।

ਮੌਲਿਕ ਵਿਚਾਰਾਂ ਦੇ ਪੱਖੋਂ ਅਤੇ ਨਵੀਆਂ ਤਕਨੀਕਾਂ, ਨਵੀਆਂ ਕਲਾਵਾਂ ਆਦਿ ਦੇ ਪੱਖੋਂ ਫਰਾਂਸ ਸੰਸਾਰ ਵਿਚ ਮੋਹਰੀ ਹੈ।

ਫਰਾਂਸ ਵਿਚ ਪੰਜ ਦਿਨ, ਹਰ ਰੋਜ਼ ਲਗਭਗ ਛੇ ਘੰਟੇ ਕੰਮ ਕੀਤਾ ਜਾਂਦਾ ਹੈ।

ਜੇ ਸੰਸਾਰ ਦੇ ਸਾਰੇ ਲੋਕ ਕੰਮ ਕਰਨ ਤਾਂ ਲਗਭਗ ਦੋ ਘੰਟੇ ਕੰਮ ਕਰਨ ਨਾਲ ਹੀ ਸਾਰੇ ਕੰਮ ਹੋ ਸਕਦੇ ਹਨ ਪਰ ਸਮਾਜ ਦੀ ਲਗਭਗ ਇਕ-ਤਿਹਾਈ ਅਤੇ ਕਈ ਵਾਰੀ ਇਕ-ਚੌਥਾਈ ਆਬਾਦੀ ਹੀ ਆਰਥਿਕ ਪੱਖੋਂ ਕਾਰਜਸ਼ੀਲ ਹੁੰਦੀ ਹੈ। ਹਰ ਸਮਾਜ ਦੀ ਲਗਭਗ ਇਕ-ਤਿਹਾਈ ਅਬਾਦੀ ਸੇਵਾ-ਮੁਕਤ ਹੋ ਚੁੱਕੀ ਹੁੰਦੀ ਹੈ ਅਤੇ ਇਕ-ਤਿਹਾਈ ਵਸੋਂ ਕੰਮ ਕਰਨ ਲਈ ਤਿਆਰੀ ਕਰ ਰਹੀ ਜਾਂ ਸਿਖਲਾਈ ਲੈ ਰਹੀ ਹੁੰਦੀ ਹੈ। ਇਵੇਂ ਸਮਾਜ ਦਾ ਸਮੁੱਚਾ ਅਰਥਚਾਰਾ ਇਕ-ਤਿਹਾਈ ਕਾਰਜਸ਼ੀਲ-ਵਸੋਂ ਉੱਤੇ ਉੱਸਰਿਆ ਹੁੰਦਾ ਹੈ।

ਐਤਵਾਰ ਅਤੇ ਹੋਰ ਛੁੱਟੀਆਂ ਦੀ ਲੋੜ ਇਸੇ ਵਰਗ ਨੂੰ ਹੁੰਦੀ ਹੈ।

ਇਸੇ ਵਰਗ ਲਈ ਐਤਵਾਰ ਦਾ ਅਰਾਮ ਜ਼ਰੂਰੀ ਹੁੰਦਾ ਹੈ।

ਅਰਾਮ ਦੀ ਲੋੜ ਇਸ ਲਈ ਪੈਂਦੀ ਹੈ ਤਾਂ ਜੁ ਮਨੁੱਖ ਕਾਰਜਸ਼ੀਲ ਬਣਿਆ ਰਹੇ। ਅਰਾਮ ਤੋਂ ਬਿਨਾ ਨਿਰੰਤਰ ਕੰਮ ਕਰਨ ਨਾਲ ਸਰੀਰਕ, ਭਾਵਕ, ਬੌਧਿਕ ਅਤੇ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ, ਕਾਰਗੁਜ਼ਾਰੀ ਦੀ ਪੱਧਰ ਨੀਵੀਂ ਹੋ ਜਾਂਦੀ ਹੈ, ਗਲਤੀਆਂ ਵੱਧ ਜਾਂਦੀਆਂ ਹਨ ਅਤੇ ਝਗੜੇ ਅਤੇ ਹਾਦਸੇ ਵਧੇਰੇ ਨੁਕਸਾਨਦੇਹ ਹੋ ਜਾਂਦੇ ਹਨ।

ਅਰਾਮ ਦੀ ਆਸ ਨਾਲ ਹੀ ਮਿਹਨਤ ਕੀਤੀ ਜਾਂਦੀ ਹੈ। ਅਰਾਮ ਨਾਲ ਸਾਡਾ ਸਰੀਰ ਅਤੇ ਦਿਮਾਗ ਦੋਵੇਂ ਸੱਜਰੇ ਅਤੇ ਤੰਦਰੁਸਤ ਹੋ ਜਾਂਦੇ ਹਨ। ਜਿਨ੍ਹਾਂ ਸਮਾਜਾਂ ਵਿਚ ਅਰਾਮ ਦੀ ਘਾਟ ਹੁੰਦੀ ਹੈ, ਉੱਥੇ ਲੋਕ ਪ੍ਰੰਪਰਾਵਾਦੀ ਜਾਂ ਕੱਟੜ ਜਾਂ ਹਿੰਸਕ ਹੋ ਜਾਂਦੇ ਹਨ।

ਇਸਲਾਮ ਵਿਚ ਹਰ ਰੋਜ਼ ਪੰਜ ਵਾਰੀ ਨਮਾਜ਼ ਪੜ੍ਹਨ ਦੀ ਰੀਤ ਹੈ ਅਤੇ ਇਵੇਂ ਧਾਰਮਿਕ ਨਿਤਨੇਮ ਵਿਚ ਹੀ ਸਾਰਾ ਸਮਾਂ ਲੰਘ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸਲਾਮ ਵਿਚ ਬੀਤੀਆਂ ਸਦੀਆਂ ਦੌਰਾਨ ਕਿਸੇ ਵੀ ਖੇਤਰ ਵਿਚ ਕੁਝ ਵੀ ਮੌਲਿਕ ਨਹੀਂ ਵਾਪਰਿਆ। ਬਹੁ-ਪਤਨੀ ਪ੍ਰਥਾ ਕਾਰਨ ਪਰਿਵਾਰ ਵੱਡੇ ਹੋਣ ਕਾਰਨ,

ਨਾ ਘਰਾਂ ਵਿਚ ਅਰਾਮ ਹੈ ਨਾ ਕੰਮ ਵਾਲੀ ਥਾਂ 'ਤੇ, ਇਹੀ ਕਾਰਨ ਹੈ ਕਿ ਮੁਸਲਮਾਨਾਂ ਦੀ ਅਬਾਦੀ ਵਾਲੇ ਮੁਹੱਲੇ ਤੰਗ, ਸ਼ਹਿਰ ਗੰਦੇ ਅਤੇ ਵਾਤਾਵਰਣ ਤਣਾਓ ਵਾਲਾ ਹੁੰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਮੁਸਲਿਮ ਸਮਾਜ ਪਰਿਵਰਤਨ-ਵਿਰੋਧੀ ਤਾਂ ਹੋਣਾ ਹੀ ਸੀ, ਇਹ ਕੱਟੜਵਾਦੀ ਵੀ ਹੋ ਗਿਆ ਹੈ।

ਭਾਰਤ ਵਿਚ ਹਿੰਦੂ ਸਮਾਜ ਵੀ ਵਰਤਾਂ, ਜਗਰਾਤਿਆਂ ਅਤੇ ਕਰਮਕਾਂਡਾਂ ਦੀ ਬਹੁਤਾਤ ਕਾਰਨ ਥਕਾਵਟ ਦਾ ਸ਼ਿਕਾਰ ਹੈ ਅਤੇ ਅੰਧ-ਵਿਸ਼ਵਾਸਾਂ ਦੇ ਬੋਝ ਕਾਰਨ ਹੀ ਹਿੰਦੂ ਸਮਾਜ ਵਿਚ ਕੋਈ ਸੁਧਾਰ-ਵਿਕਾਸ ਨਹੀਂ ਵਾਪਰ ਰਿਹਾ।

ਸਥਿਤੀ ਤਾਂ ਸਿੱਖ ਸਮਾਜ ਵਿਚ ਵੀ ਉਤਸ਼ਾਹਜਨਕ ਨਹੀਂ ਹੈ, ਕਿਉਂਕਿ ਸਿੱਖ ਸਮਾਜ ਵਿਚ ਐਤਵਾਰ ਸਭ ਤੋਂ ਵੱਧ ਥਕਾਵਟ ਵਾਲਾ ਦਿਨ ਬਣ ਗਿਆ ਹੈ। ਅਣਸੁਖਾਵੇਂ ਸਮੇਂ 'ਤੇ ਕੀਤੇ ਜਾਣ ਵਾਲੇ ਸ਼ਰਧਾਂਜਲੀਆਂ ਵਾਲੇ ਥਕਾਊ ਸਮਾਗਮ, ਜਿਊਣ ਦਾ ਉਤਸ਼ਾਹ ਹੀ ਮਾਰ ਦਿੰਦੇ ਹਨ।

ਸ਼ਹਿਰਾਂ ਵਿਚ ਵਧੇਰੇ ਕਰਕੇ ਦੁਕਾਨਦਾਰ ਜਾਂ ਕਰਮਚਾਰੀ ਰਹਿੰਦੇ ਹਨ, ਜਿਨ੍ਹਾਂ ਦਾ ਸਾਰਾ ਜੀਵਨ ਨਿੱਕੇ ਜਿਹੇ ਘੇਰੇ ਵਿਚ ਹੀ ਬੀਤ ਜਾਂਦਾ ਹੈ, ਇਸੇ ਕਰਕੇ ਇਹ ਵਰਗ ਸਭ ਤੋਂ ਵੱਧ ਪ੍ਰੰਪਰਾਵਾਦੀ ਹੁੰਦਾ ਹੈ। ਦੁਕਾਨਦਾਰ ਤਾਂ ਐਤਵਾਰ ਨੂੰ ਅੱਧੇ ਮਰੇ ਹੋਏ ਨਜ਼ਰ ਆਉਂਦੇ ਹਨ ਅਤੇ ਕਰਮਚਾਰੀ ਬੀਮਾਰ ਵਿਖਾਈ ਦਿੰਦੇ ਹਨ।

ਭਾਰਤੀ ਸਮਾਗਮਾਂ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਇਹ ਨਾ ਸਮੇਂ ਸਿਰ ਅਰੰਭ ਹੁੰਦੇ ਹਨ, ਨਾ ਸਮੇਂ ਸਿਰ ਮੁੱਕਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਵਿਚ ਜਾਣਾ ਕੋਈ ਨਹੀਂ ਚਾਹੁੰਦਾ, ਪਰ ਜਾਣਾ ਪੈਂਦਾ ਹੈ।

ਇਹ ਸਮਾਗਮ ਅਰਾਮ ਦੀ ਇੱਛਾ ਉੱਤੇ ਸਿੱਧਾ ਧਾਵਾ ਬੋਲਦੇ ਹਨ ਅਤੇ ਇਵੇਂ ਐਤਵਾਰ ਪੂਰਨ-ਭਾਂਤ ਜ਼ਖ਼ਮੀ ਹੋ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸਾਰਾ ਭਾਰਤ ਥੱਕਿਆ-ਥੱਕਿਆ ਵਿਖਾਈ ਦਿੰਦਾ ਹੈ।

ਜਿਸ ਪਰਿਵਾਰ, ਸਮਾਜ ਜਾਂ ਦੇਸ਼ ਵਿਚ ਅਰਾਮ ਕਰਨ ਦਾ ਕੋਈ ਨਿਸਚਿਤ ਦਿਨ ਜਾਂ ਨਿਸਚਿਤ ਢੰਗ-ਤਰੀਕਾ ਨਹੀਂ ਹੁੰਦਾ, ਉੱਥੇ ਕੰਮ-ਕਾਜ ਦੀ ਪੱਧਰ ਵੀ ਨੀਵੀਂ ਹੁੰਦੀ ਹੈ। ਜੇ ਕੰਮ ਵੇਲੇ ਕੰਮ ਕੀਤਾ ਜਾਵੇ ਅਤੇ ਅਰਾਮ ਵੇਲੇ ਅਰਾਮ ਤਾਂ ਸਾਡੀ ਕਾਰਗੁਜ਼ਾਰੀ ਸੁਧਰੇਗੀ ਪਰ ਜੇ ਦੁਕਾਨ ਜਾਂ ਕੰਮ ਵਾਲੀ ਥਾਂ 'ਤੇ ਟੈਲੀਵਿਜ਼ਨ ਵੇਖਦਿਆਂ, ਕੰਮ ਅਤੇ ਮਨੋਰੰਜਨ ਨੂੰ ਰਲਗੱਡ ਕੀਤਾ ਜਾਵੇ ਤਾਂ ਉੱਥੇ ਕਾਰਗੁਜ਼ਾਰੀ ਨੇ ਨਿਘਰਨਾ ਹੀ ਹੁੰਦਾ ਹੈ।

ਅਜੇ ਤੱਕ ਅਸੀਂ ਵਿਦੇਸ਼ਾਂ ਵਿਚ ਓਵਰਟਾਈਮ ਲਾ ਕੇ, ਪੈਸੇ ਕਮਾਉਣ ਅਤੇ ਵਿਦੇਸ਼ੀ ਵਸਤਾਂ ਖਰੀਦਣ ਹੀ ਜਾਂਦੇ ਹਾਂ ਪਰ ਜਦੋਂ ਅਸੀਂ ਆਪ ਅਮੀਰ ਅਤੇ ਖੁਸ਼ਹਾਲ ਹੋ ਜਾਵਾਂਗੇ ਤਾਂ ਅਸੀਂ ਕੇਵਲ ਘੁੰਮਣ ਲਈ ਉਵੇਂ ਜਾਇਆ ਕਰਾਂਗੇ, ਜਿਵੇਂ ਵਿਦੇਸ਼ੀ, ਭਾਰਤ ਵਿਚ ਘੁੰਮਣ ਆਉਂਦੇ ਹਨ।

ਐਤਵਾਰ ਦੇ ਅਰਥ ਖਾਣ-ਪੀਣ ਅਤੇ ਸੁੱਤੇ ਰਹਿਣ ਤੋਂ ਨਹੀਂ ਹਨ।

ਭਾਵੇਂ ਐਤਵਾਰ ਨੂੰ ਇਹ ਦੋਵੇਂ ਕਾਰਜ ਮਹੱਤਵਪੂਰਨ ਹੁੰਦੇ ਹਨ ਪਰ ਵਧੇਰੇ ਮਹੱਤਵਪੂਰਨ ਕੰਮ, ਇਸ ਦਿਨ ਨੂੰ ਮਜਬੂਰੀ ਅਧੀਨ ਨਹੀਂ, ਆਪਣੀ ਮਰਜ਼ੀ ਨਾਲ ਗੁਜ਼ਾਰਨਾ ਅਤੇ ਸੁਤੰਤਰ ਅਨੁਭਵ ਕਰਨਾ ਹੁੰਦਾ ਹੈ।

ਸੁਤੰਤਰਤਾ ਵਿਚੋਂ ਨਵੇਂ ਵਿਚਾਰ ਉਪਜਦੇ ਹਨ ਅਤੇ ਵਿਕਾਸ ਦੀ ਰੂਪ-ਰੇਖਾ ਸਪਸ਼ਟ ਹੁੰਦੀ ਹੈ ਪਰ ਕਈ ਇਸ ਦਿਨ ਘਰ ਵਿਚ ਧੋਬੀ ਘਾਟ ਖੋਲ੍ਹ ਲੈਂਦੇ ਹਨ ਜਾਂ ਸਫ਼ਾਈ ਅਧੀਨ ਸਭ ਕੁਝ ਉਲਟਾ-ਪੁਲਟਾ ਕਰ ਦਿੰਦੇ ਹਨ, ਜਿਸ ਕਾਰਨ ਐਤਵਾਰ ਉਤਸ਼ਾਹੀ ਹੋਣ ਦੀ ਥਾਂ ਥਕਾਵਟੀ ਦਿਹਾੜਾ ਬਣ ਜਾਂਦਾ ਹੈ।

ਕੀ ਲੋੜੀਂਦਾ ਅਰਾਮ ਕਰ ਲਿਆ ਗਿਆ ਹੈ ਕਿ ਨਹੀਂ? ਇਸ ਦਾ ਪ੍ਰਮਾਣ ਇਹ ਹੁੰਦਾ ਹੈ ਕਿ ਸੋਮਵਾਰ ਨੂੰ ਕੰਮ ਕਰਨ ਦਾ ਚਾਓ ਉਪਜਦਾ ਹੈ ਕਿ ਨਹੀਂ।

ਸਾਡੇ ਸਮੁੱਚੇ ਵਿਹਾਰ ਵਿਚ ਥਕਾਵਟ ਦਾ ਮੁੱਖ ਕਾਰਨ ਜੀਵਨ ਦਾ ਬੇਨੇਮਾ ਹੋਣਾ ਹੈ। ਸਾਡੇ ਜੀਵਨ ਵਿਚ ਕਿਸੇ ਵੀ ਕਾਰਜ ਲਈ ਸਮਾਂ ਨਿਸਚਿਤ ਨਹੀਂ; ਨਾ ਕੰਮ ਦਾ, ਨਾ ਭੋਜਨ ਦਾ, ਨਾ ਅਰਾਮ ਦਾ, ਨਾ ਕਮਾਉਣ-ਖਰਚਣ ਅਤੇ ਨਾ ਹੀ ਵਰਤ-ਵਰਤਾਉਣ ਦਾ।

ਜੀਵਨ ਨੂੰ ਨੇਮਬਧ ਕਰਨ ਪਿੱਛੇ ਉਦੇਸ਼ ਅਰਾਮ ਨੂੰ ਨੇਮਬਧ ਕਰਨਾ ਅਤੇ ਆਪਣੀ ਕਾਰਗੁਜ਼ਾਰੀ ਨੂੰ ਸੁਧਾਰਨਾ ਹੁੰਦਾ ਹੈ।

ਅਰਾਮ ਨਾਲ ਉਪਜੀ ਨਰੋਈ ਸੋਚ ਨਾਲ ਹੀ ਅਸੀਂ ਸਮਾਜ ਬਾਰੇ ਸੋਚ ਸਕਾਂਗੇ ਨਹੀਂ ਤਾਂ ਘਰ ਤਾਂ ਸਾਰੇ ਚੰਗੇ ਪਾ ਲੈਣਗੇ ਪਰ ਗਲੀ-ਮੁਹੱਲੇ ਨੂੰ ਅਤੇ ਆਪਣੇ ਆਪ ਨੂੰ ਸੁਧਾਰਨ ਅਤੇ ਸੰਵਾਰਨ ਬਾਰੇ ਕੋਈ ਨਹੀਂ ਸੋਚੇਗਾ।

ਖ਼ੁਸ਼ਹਾਲ ਦੇਸ਼ਾਂ ਵਿਚ ਐਤਵਾਰ ਰਲ ਕੇ ਭੋਜਨ ਖਾਣ, ਖੇਡਾਂ ਖੇਡਣ ਅਤੇ ਮਨਪ੍ਰਚਾਵੇ ਵਾਲੀਆਂ, ਖੁੱਲ੍ਹੀਆਂ ਥਾਵਾਂ ਤੇ ਜਾਣ ਲਈ ਵਰਤਿਆ ਜਾਂਦਾ ਹੈ।

ਉੱਥੇ ਜੇ ਕੋਈ ਤਿਉਹਾਰ ਬੁੱਧ ਜਾਂ ਵੀਰ ਵਾਲੇ ਦਿਨ ਆਉਂਦਾ ਹੈ ਤਾਂ ਸਾਰੇ ਦੇਸ਼ ਦੀ ਸਹਿਮਤੀ ਨਾਲ ਉਸ ਨੂੰ ਸ਼ੁੱਕਰਵਾਰ ਨੂੰ ਮਨਾਇਆ ਜਾਂਦਾ ਹੈ ਤਾਂ ਜੁ ਸ਼ੁੱਕਰ, ਸ਼ਨਿੱਚਰ ਅਤੇ ਐਤਵਾਰ ਦੀ ਲੰਮੀ ਛੁੱਟੀ ਮਾਣੀ ਜਾ ਸਕੇ।

ਜਦੋਂ ਸਾਡੀ ਸੋਚ ਤਰਕਸੰਗਤ ਹੋ ਜਾਵੇਗੀ ਤਾਂ ਅਸੀਂ ਵੀ ਆਪਣੇ ਤਿਉਹਾਰਾਂ ਨੂੰ ਨਵੇਂ ਢੰਗ ਨਾਲ ਵਿਉਂਤਬੱਧ ਕਰ ਲਵਾਂਗੇ।

ਉਦਾਹਰਣ ਵਜੋਂ ਲੋਹੜੀ ਜਨਵਰੀ ਦੇ ਦੂਜੇ ਸ਼ੁੱਕਰਵਾਰ, ਹੋਲੀ ਮਾਰਚ ਦੇ ਤੀਜੇ ਸੋਮਵਾਰ, ਦੀਵਾਲੀ ਨਵੰਬਰ ਦੇ ਦੂਜੇ ਸ਼ਨਿੱਚਰਵਾਰ ਕਰਨ ਨਾਲ ਲੋਕ ਇਹ ਤਿਉਹਾਰ ਪਰਿਵਾਰਾਂ ਨਾਲ, ਰਲ ਕੇ ਮਨਾ ਸਕਿਆ ਕਰਨਗੇ।

ਜਿਵੇਂ ਪੱਛਮ ਵਿਚ ਵਰ੍ਹੇ ਦੇ ਅੰਤਲੇ ਸਪਤਾਹ ਕ੍ਰਿਸਮਿਸ ਦੀਆਂ ਛੁੱਟੀਆਂ ਹੁੰਦੀਆਂ ਹਨ, ਉਵੇਂ ਹੀ ਭਾਰਤ ਵਿਚ ਹਫ਼ਤੇ ਦੇ ਵਿਚਲੇ ਦਿਨਾਂ ਨੂੰ ਆਉਣ

ਵਾਲੇ ਤਿਉਹਾਰ ਸੰਬੰਧਤ ਹਫ਼ਤੇ ਦੇ ਸ਼ਨਿੱਚਰਵਾਰ ਨੂੰ ਮਨਾ ਕੇ, ਦੀਵਾਲੀ ਦੇ ਅਵਸਰ 'ਤੇ, ਦੇਸ਼ ਭਰ ਵਿਚ ਇਕ ਸਪਤਾਹ ਦੀਆਂ ਛੁੱਟੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਇਹ ਤਾਂ ਹੀ ਹੋਵੇਗਾ ਜੇ ਅਸੀਂ ਤਰਕਸੰਗਤ ਢੰਗ ਨਾਲ ਸੋਚਾਂਗੇ।

ਪ੍ਰਸ਼ਨ ਇਹ ਹੈ ਕਿ ਅਸੀਂ ਸੋਚਣਾ ਅਤੇ ਤਰਕਸੰਗਤ ਢੰਗ ਨਾਲ ਸੋਚਣਾ ਕਦੋਂ ਆਰੰਭ ਕਰਾਂਗੇ?

ਨਿਰਸੰਦੇਹ ਕੰਮ ਇਤਨਾ ਹੁੰਦਾ ਹੈ ਕਿ ਕਈ ਵਾਰੀ ਹਫ਼ਤੇ ਵਿਚ ਅੱਠ ਦਿਨਾਂ ਦੀ ਲੋੜ ਪੈਂਦੀ ਹੈ ਪਰ ਜੇ ਹਫ਼ਤੇ ਵਿਚ ਸੱਤ-ਵਾਰ ਅਤੇ ਅੱਠ-ਤਿਉਹਾਰ ਹੋਣਗੇ ਤਾਂ ਕੰਮ ਕਦੇ ਵੀ ਨਹੀਂ ਮੁੱਕੇਗਾ।

ਸਮਝਣਾ ਜ਼ਰੂਰੀ ਹੈ ਕਿ ਸਪਤਾਹ ਵਿਚ ਸਾਡੇ ਕੋਲ ਕੰਮ ਦੇ ਛੇ ਦਿਨ ਹਨ, ਜੋ ਕਰਨਾ ਹੈ ਇਨ੍ਹਾਂ ਛੇ ਦਿਨਾਂ ਵਿਚ ਕੀਤਾ ਜਾਣਾ ਚਾਹੀਦਾ ਹੈ ਤਾਂ ਜੁ ਐਤਵਾਰ ਨੂੰ ਆਪਣੀ ਰਫ਼ਤਾਰ ਨਾਲ, ਮਨਮਰਜ਼ੀ ਅਨੁਸਾਰ ਜੀਵਿਆ ਜਾ ਸਕੇ।

ਐਤਵਾਰ ਜਿਊਣ ਅਤੇ ਜੀਵਨ ਮਾਣਨ ਦਾ ਦਿਨ ਹੁੰਦਾ ਹੈ, ਇਸ ਦਿਨ ਮੁਕਤੀ ਬਾਰੇ ਸੋਚਣਾ ਪਾਪ ਹੈ।

ਐਤਵਾਰ ਨੂੰ ਅਰਾਮ ਕਰਨ ਵਾਲੇ ਲੋਕ, ਭਵਿੱਖ ਬਾਰੇ ਸੋਚਦੇ ਹਨ; ਜਿਨ੍ਹਾਂ ਨੂੰ ਵਰਤਮਾਨ ਦੀ ਚਿੰਤਾ ਹੁੰਦੀ ਹੈ, ਉਹ ਐਤਵਾਰ ਨੂੰ ਕੰਮ ਦੀ ਅਣਲੱਥੀ ਥਕਾਵਟ ਕਾਰਨ ਚਿੰਤਾ ਹੀ ਕਰਦੇ ਹਨ।

ਉਦਾਸ ਮਨ, ਲੰਘ ਗਏ ਜਾਂ ਬੀਤ ਗਏ ਸਮੇਂ ਬਾਰੇ ਝੁਰਦੇ ਰਹਿੰਦੇ ਹਨ।

ਉਂਝ ਤਾਂ ਭਾਰਤ ਛੁੱਟੀ-ਪ੍ਰਧਾਨ ਦੇਸ਼ ਹੈ ਪਰ ਥਕਾਵਟ ਕਾਰਨ ਅਤੇ ਕਿਸੇ ਵੀ ਪੱਖੋਂ ਜੀਵਨ ਦੇ ਨੇਮਬਧ ਨਾ ਹੋਣ ਕਾਰਨ, ਸਾਰਾ ਭਾਰਤ ਥਕਾਵਟ ਦਾ ਮਰੀਜ਼ ਵਿਖਾਈ ਦਿੰਦਾ ਹੈ।

ਹਰ ਵੇਲੇ ਕੰਮ ਵਿਚ ਰੁੱਝੇ ਵਿਅਕਤੀ, ਵਿਚਾਰਾਂ ਦੇ ਪੱਖੋਂ ਬੜੇ ਖੁੰਢੇ ਹੁੰਦੇ ਹਨ।

ਅਰਾਮ ਤੋਂ ਬਿਨਾ ਡੰਗ ਤਾਂ ਟਪਾਇਆ ਜਾ ਸਕਦਾ ਹੈ ਪਰ ਕੁਝ ਮੌਲਿਕ ਅਤੇ ਚੰਗੀ ਪੱਧਰ ਦਾ ਕੰਮ ਨਹੀਂ ਕੀਤਾ ਜਾ ਸਕਦਾ।

ਐਤਵਾਰ ਨੂੰ ਸਭ ਬੰਧੇਜਾਂ ਤੋਂ ਮੁਕਤ ਕਰਕੇ, ਇਸ ਨੂੰ ਚਾਵਾਂ ਵਾਲਾ ਦਿਨ ਬਣਾ ਕੇ, ਸੋਚ ਨਾਲ ਆਪਣੀ ਕਾਰਜ-ਕੁਸ਼ਲਤਾ ਸੰਵਾਰ ਕੇ, ਉਤਸ਼ਾਹੀ ਮਨ ਨਾਲ ਅਸੀਂ ਵੀ, ਯੋਰਪ ਵਾਂਗ ਖੁਸ਼ਹਾਲੀ ਦੇ ਰਾਹ ਪੈ ਸਕਦੇ ਹਾਂ।

ਸਾਡਾ ਐਤਵਾਰ ਦੱਸੇਗਾ ਕਿ ਸਾਡਾ ਅਗਲਾ ਸਪਤਾਹ ਕਿਹੋ ਜਿਹਾ ਹੋਵੇਗਾ।

ਸਾਡੇ ਸਪਤਾਹ ਦੱਸਣਗੇ ਕਿ ਸਾਡਾ ਜੀਵਨ ਅਤੇ ਸਾਡਾ ਭਵਿੱਖ ਕਿਹੋ ਜਿਹਾ ਹੋਵੇਗਾ।

* * *

ਪੁਰਾਣੇ ਜ਼ਮਾਨੇ

ਪੁਰਾਣੇ ਜ਼ਮਾਨੇ ਵਿਚ ਦੁੱਧ ਉੱਤੇ ਸੱਤ ਵਾਰ ਮਲਾਈ ਆਉਂਦੀ ਸੀ।

ਇਹ ਮਲਾਈਆਂ ਖਾਣ ਵਾਲੇ ਇਤਨੇ ਤਗੜੇ ਹੁੰਦੇ ਸਨ ਕਿ ਜਿਨ੍ਹਾਂ ਨੇ ਘੋੜੇ ਰੱਖੇ ਹੋਏ ਸਨ ਉਹ ਸਵਾਰ ਹੋਣ ਤੋਂ ਪਹਿਲਾਂ ਤਿੰਨ-ਚਾਰ ਮੀਲ ਘੋੜੇ ਨਾਲ ਬਰਾਬਰ ਦੌੜਦੇ ਸਨ। ਸੌ ਮੀਲ ਸਾਈਕਲ ਤੇ ਚਲੇ ਜਾਣਾ ਆਮ ਗੱਲ ਸੀ ਅਤੇ ਨਿੱਕੇ-ਮੋਟੇ ਪੈਂਡੇ ਤਾਂ ਉਹ ਛਾਲਾਂ ਮਾਰਦੇ ਹੀ ਗਾਹ ਲੈਂਦੇ ਸਨ।

ਉਨ੍ਹਾਂ ਲੋਕਾਂ ਕੋਲ ਇਤਨੀਆਂ ਸਹੂਲਤਾਂ ਹੀ ਨਹੀਂ ਸਨ ਕਿ ਉਹ ਆਲਸ ਭਰਿਆ ਜੀਵਨ ਜਿਊਂਦੇ। ਉਹ ਕੰਮ ਨੂੰ ਧਰਮ ਸਮਝਦੇ ਸਨ, ਇਸੇ ਕਰਕੇ ਉਨ੍ਹਾਂ ਦੀਆਂ ਨਿੱਕੀਆਂ ਕਮਾਈਆਂ ਵਿਚ ਵੀ ਵੱਡੀਆਂ ਬਰਕਤਾਂ ਸਨ।

ਕੁੱਕੜ ਦੀ ਬਾਂਗ ਨਾਲ ਉੱਠ ਕੇ, ਉਹ ਸੂਰਜ ਨੂੰ ਜੀ-ਆਇਆਂ ਕਹਿਣ ਦਾ ਆਨੰਦ ਮਾਣਦੇ ਸਨ।

ਉਹ ਪੈਸੇ ਇਕੱਠੇ ਕਰਨ ਨਾਲੋਂ, ਇੱਜ਼ਤ ਕਮਾਉਣ ਵੱਲ ਵੱਧ ਧਿਆਨ ਦਿੰਦੇ ਸਨ। ਉਨ੍ਹਾਂ ਵਿਚ ਆਪਣੀ ਅਗਿਆਨਤਾ ਮੰਨਣ ਦੀ ਸਿਆਣਪ ਸੀ ਅਤੇ ਉਹ ਧਿਆਨ ਰੱਖਦੇ ਸਨ ਕਿ ਰਹਿਣ-ਸਹਿਣ ਨਾਲੋਂ ਸੋਚਣ ਦਾ ਪੱਧਰ ਹਮੇਸ਼ਾ ਉੱਚਾ ਰਹੇ।

ਉਨ੍ਹਾਂ ਵਿਚ ਦੂਜਿਆਂ ਦੀ ਨਕਲ ਕਰਨ ਦਾ ਲਾਲਚ ਨਹੀਂ ਸੀ ਅਤੇ ਨਾ ਹੀ ਦੂਜਿਆਂ ਵਰਗਾ ਨਾ ਬਣ ਸਕਣ ਦੀ ਚਿੰਤਾ ਸੀ। ਉਹ ਜਾਣਦੇ ਸਨ ਕਿ ਪ੍ਰਮਾਤਮਾ ਉਨ੍ਹਾਂ ਦੀ ਮਦਦ ਕਰਦਾ ਹੈ, ਜਿਹੜੇ ਦੂਜਿਆਂ ਦੀ ਮਦਦ ਕਰਦੇ ਹਨ।

ਉਹ ਸੰਜਮੀ ਸਨ ਕਿਉਂਕਿ ਉਹ ਆਪਣੀਆਂ ਲੋੜਾਂ ਅਤੇ ਇੱਛਾਵਾਂ ਆਪਣੇ ਵਸੀਲਿਆਂ ਵਿਚੋਂ ਪੂਰੀਆਂ ਕਰਦੇ ਸਨ।

ਉਹ ਰਾਤੋ-ਰਾਤ ਅਮੀਰ ਹੋਣ ਦੀ ਲਾਲਸਾ ਤੋਂ ਮੁਕਤ ਸਨ।

ਨਵੇਂ ਫੈਸ਼ਨਾਂ ਅਨੁਸਾਰ ਬਦਲਣ ਦੀ ਥਾਂ ਉਹ ਨਰੋਈ ਪ੍ਰੰਪਰਾ ਦੇ ਚਲਾਏ ਚੱਲਦੇ ਸਨ। ਇਹ ਸਭ ਕੁਝ ਇਸ ਲਈ ਸੀ ਕਿਉਂਕਿ ਉਹ ਆਧੁਨਿਕ ਨਹੀਂ, ਪੁਰਾਣੇ ਜ਼ਮਾਨੇ ਦੇ ਲੋਕ ਸਨ।

ਭਾਰਤ ਦੀ ਪ੍ਰੰਪਰਾ ਨੂੰ ਵੇਖਣ ਵਾਸਤੇ ਬਨਾਰਸ ਜਾਣਾ ਪਵੇਗਾ। ਕਾਸ਼ੀ ਜਾਂ ਬਨਾਰਸ ਭਾਰਤ ਦਾ ਸਦੀਵੀ ਨਗਰ ਹੈ। ਮੌਤ ਦੇ ਪ੍ਰਭਾਵ ਤੋਂ ਮੁਕਤ, ਪ੍ਰੰਪਰਾ ਦਾ ਇਹ ਇਕ ਸਦਾ ਜਿਊਂਦਾ ਨਗਰ ਹੈ। ਇਹ ਪੁਰਾਤਨ ਤੋਂ ਵੀ ਪੁਰਾਣਾ ਹੈ। ਇਹ ਸ਼ਿਵ ਦਾ ਨਿਵਾਸ-ਸਥਾਨ ਹੈ। ਬੁੱਧ ਦਾ ਪਹਿਲਾ ਪ੍ਰਵਚਨ ਇੱਥੇ ਹੀ ਹੋਇਆ ਸੀ।

ਭਾਰਤ ਦੀ ਅਧਿਆਤਮਕ ਅਤੇ ਦਾਰਸ਼ਨਿਕ ਰਾਜਧਾਨੀ ਹੋਣ ਕਰਕੇ, ਬਨਾਰਸ ਹਰੇਕ ਧਾਰਮਿਕ ਯਾਤਰੀ ਦੀ ਮੰਜ਼ਲ ਰਿਹਾ ਹੈ। ਇਹ ਪਤੰਜਲੀ, ਸ਼ੰਕਰ ਅਤੇ ਰਾਮਾਨੁਜ ਦੇ ਫ਼ਲਸਫ਼ੇ ਦਾ ਕੇਂਦਰ ਅਤੇ ਭਾਰਤੀ ਸਭਿਅਤਾ ਦਾ ਧੁਰਾ ਰਿਹਾ ਹੈ। ਕਬੀਰ, ਰਾਮਾਨੰਦ ਆਦਿ ਨੇ ਬਾਣੀ ਉਚਾਰਨੀ ਇੱਥੋਂ ਹੀ ਸ਼ੁਰੂ ਕੀਤੀ ਸੀ। ਇਸ ਨਗਰ ਨੇ ਨਾਨਕ ਨੂੰ ਨਿਹਾਰਿਆ ਸੀ। ਇਸ ਨਗਰ ਦੇ ਵਾਤਾਵਰਣ ਵਿਚ ਮੁਕਤ ਕਰਨ ਵਾਲੀ ਜੀਵਨ-ਜਾਚ ਦੇ ਸੁਨੇਹੇ ਹਨ। ਗੰਗਾ-ਜਮਨਾ ਦੀ ਸਾਂਝੀ ਤਹਿਜ਼ੀਬ ਵਾਲੇ ਇਸ ਦੇ ਘਾਟਾਂ 'ਤੇ ਕਈ ਜ਼ਮਾਨੇ ਆਏ ਅਤੇ ਨੱਚ ਕੇ ਲੰਘ ਗਏ। ਅਨੇਕਾਂ ਪਰਿਵਰਤਨ ਵਾਪਰੇ ਜਿਹੜੇ ਆਪਣਾ ਚਿਹਰਾ ਵਿਖਾ ਕੇ ਅਲੋਪ ਹੋ ਗਏ। ਇਸ ਨਗਰ ਵਿਚ ਪੁਰਾਣੇ ਜ਼ਮਾਨੇ ਦੇ ਵੇਰਵਿਆਂ ਦੇ ਢੇਰ ਲੱਗੇ ਪਏ ਹਨ। ਬਨਾਰਸ ਨੇ ਸਭ ਕੁਝ ਪ੍ਰਵਾਨ ਕਰਕੇ, ਆਪਣਾ ਬਣਾ ਕੇ ਸੰਭਾਲਿਆ ਹੋਇਆ ਹੈ।

ਇਸ ਦੀ ਆਧੁਨਿਕਤਾ ਵਿਚੋਂ ਭਾਰਤ ਦਾ ਅਤੀਤ ਝਲਕਦਾ ਹੈ।

ਸਮੁੱਚੇ ਜੀਵ-ਜੰਤੂ ਜਗਤ ਵਿਚ ਕੇਵਲ ਮਨੁੱਖ ਕੋਲ ਅਤੀਤ ਅਤੇ ਭਵਿੱਖ ਦੀ ਸੋਝੀ ਹੈ ਅਤੇ ਕੇਵਲ ਮਨੁੱਖ ਹੈ ਜੋ ਵਰਤਮਾਨ ਵਿਚ ਅਤੀਤ ਨੂੰ ਯਾਦ ਕਰ ਸਕਦਾ ਹੈ। ਇਸੇ ਲਈ ਕਹਿੰਦੇ ਹਨ ਕਿ ਜਿਸ ਵਰਤਾਰੇ ਦਾ ਵਰਤਮਾਨ ਹੈ, ਉਸ ਦਾ ਅਤੀਤ ਵੀ ਹੋਵੇਗਾ। ਤਬਦੀਲੀਆਂ ਬਾਹਰ ਵਾਪਰਦੀਆਂ ਹਨ, ਜਦੋਂ ਕਿ ਮਨੁੱਖ ਦਾ ਅੰਦਰਲਾ ਲਗਭਗ ਸਥਿਰ ਹੀ ਰਹਿੰਦਾ ਹੈ। ਜਿਵੇਂ ਗਿੱਧੇ ਦੀਆਂ ਮੇਲਣਾਂ ਵਾਂਗ, ਮੌਸਮ ਗੇੜਾ ਕੱਢ ਕੇ ਮੁੜ ਆਉਂਦੇ ਹਨ, ਉਵੇਂ ਹੀ ਪ੍ਰੰਪਰਾ ਲੋਪ ਹੁੰਦੀ-ਹੁੰਦੀ, ਮੁੜ ਸਥਾਪਤ ਹੋ ਜਾਂਦੀ ਹੈ। ਪ੍ਰੰਪਰਾ ਹਮੇਸ਼ਾ ਬੜੀ ਲੰਮੀ ਅਤੇ ਸ਼ਕਤੀਸ਼ਾਲੀ ਹੁੰਦੀ ਹੈ, ਜਦੋਂ ਕਿ ਪਰਿਵਰਤਨ, ਫੁੱਲਝੜੀ ਵਾਂਗ, ਛਿਨ-ਭੰਗਰ ਪ੍ਰਭਾਵ ਪਾ ਕੇ, ਹਾਥੀ-ਚਾਲ ਵਾਲੀ ਵਿਸ਼ਾਲ ਪ੍ਰੰਪਰਾ ਦਾ ਹੀ ਭਾਗ ਬਣ ਜਾਂਦੇ ਹਨ।

ਪ੍ਰੰਪਰਾ ਦੇ ਡੂੰਘੇ ਪ੍ਰਭਾਵ ਕਾਰਨ ਹੀ ਮਨੁੱਖ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦਾ ਹੈ। ਜਿਸ ਨੂੰ ਅਸੀਂ ਨਵਾਂ ਕਹਿੰਦੇ ਹਾਂ, ਉਸ ਨੂੰ ਪ੍ਰੰਪਰਾ ਹੀ ਉਸਾਰਦੀ ਹੈ।

ਨਵਾਂ ਪ੍ਰਵਾਨ ਹੀ ਪ੍ਰੰਪਰਾ ਦੀ ਗਵਾਹੀ ਨਾਲ ਹੁੰਦਾ ਹੈ, ਇਸੇ ਕਰਕੇ ਨਵਾਂ ਕੁਝ ਚਿਰ ਮਗਰੋਂ ਪੁਰਾਣਾ ਲੱਗਣ ਲੱਗ ਪੈਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਨਾ ਕੋਈ ਵਿਚਾਰ ਅਤੇ ਨਾ ਕੋਈ ਵਿਹਾਰ ਅਸਲੋਂ ਨਵਾਂ ਹੁੰਦਾ ਹੈ।

ਮਨੁੱਖ ਕਿਧਰੇ ਵੀ ਚਲਾ ਜਾਵੇ ਉਹ ਆਪਣੇ ਮੂਲ ਨਾਲ ਜੁੜਨ ਲਈ ਤਾਂਘਦਾ ਰਹਿੰਦਾ ਹੈ। ਮਨੁੱਖ ਨੂੰ ਵਿਰਸੇ ਵਿਚੋਂ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਨੂੰ ਉਹ ਆਪਣੇ ਅਨੁਭਵ ਨਾਲ ਤਸਦੀਕ ਕਰਕੇ, ਅਗਲੀ ਪੀੜ੍ਹੀ ਨੂੰ ਸੰਭਾਲ ਕੇ ਆਪ ਅਗਲੇ ਜਹਾਨ ਟੁਰ ਜਾਂਦਾ ਹੈ।

ਪ੍ਰੰਪਰਾ ਨੂੰ ਦ੍ਰਿੜ੍ਹ ਕਰਦੀਆਂ ਮਿਥਿਹਾਸਕ ਕਹਾਣੀਆਂ ਵਿਚ ਜੀਵਨ ਦੇ ਸਦੀਵੀ ਅਰਥ ਹੁੰਦੇ ਹਨ। ਸਮਾਜਿਕ ਪ੍ਰੰਪਰਾ ਵਿਚ ਜੋਸ਼ ਇਸਤਰੀਆਂ ਭਰਦੀਆਂ

ਹਨ, ਜਦੋਂ ਕਿ ਇਸ ਪ੍ਰੰਪਰਾ ਨੂੰ ਚਲਾਉਂਦੇ ਪੁਰਸ਼ ਹਨ।

ਮੇਰੀ ਦਾਦੀ ਨੇ ਆਪਣੀ ਦਾਦੀ ਦੀ ਦਾਦੀ ਤੋਂ ਜੋ ਕੁਝ ਪ੍ਰਾਪਤ ਕੀਤਾ, ਉਹ ਮੇਰੇ ਬੱਚਿਆਂ ਦੀ ਦਾਦੀ ਨੂੰ ਸੰਭਾਲ ਗਈ ਹੈ।

ਜੇ ਅਜੋਕੀ ਚਮਕ ਨੂੰ ਵਿਸਾਰ ਕੇ ਵੇਖੀਏ ਤਾਂ ਅੱਜ ਵੀ ਸਭ ਕੁਝ ਉਵੇਂ ਹੀ ਹੋ ਰਿਹਾ ਹੈ, ਜਿਵੇਂ ਸਦੀਆਂ ਤੋਂ ਹੁੰਦਾ ਆ ਰਿਹਾ ਹੈ।

ਹਰ ਪਰਿਵਰਤਨ ਪਿੱਛੇ ਪ੍ਰੰਪਰਾ ਖਲੋਤੀ ਹੁੰਦੀ ਹੈ ਅਤੇ ਨਵੀਨਤਾ ਦੇ ਥੱਕਦਿਆਂ ਹੀ ਪ੍ਰੰਪਰਾ ਜਵਾਨ ਹੋ ਜਾਂਦੀ ਹੈ।

ਜਨਮ ਲੈਣ ਸਮੇਂ ਹਰ ਮਨੁੱਖ ਦੀ ਇੱਕ ਵਿਸ਼ੇਸ਼ ਸ਼ਕਲ ਹੁੰਦੀ ਹੈ, ਜਿਹੜੀ ਚਾਲ੍ਹੀ-ਪੰਜਾਹ ਸਾਲ ਦੇ ਅਨੁਭਵ ਨਾਲ ਬਦਲ ਜਾਂਦੀ ਹੈ।

ਜਦੋਂ ਸ਼ਕਲ ਬਦਲ ਜਾਂਦੀ ਹੈ ਤਾਂ ਪਹਿਲੀ ਸ਼ਕਲ ਵਾਲਾ ਸਮਾਂ ਸਾਡੇ ਲਈ ਪੁਰਾਣਾ ਜ਼ਮਾਨਾ ਬਣ ਜਾਂਦਾ ਹੈ ਅਤੇ ਅਸੀਂ ਆਪਣੇ ਬਚਪਨ ਅਤੇ ਜਵਾਨੀ ਦੀਆਂ ਕਹਾਣੀਆਂ ਸੁਣਾਉਣ ਲੱਗ ਪੈਂਦੇ ਹਾਂ।

ਪੋਤੇ ਲਈ ਦਾਦੇ ਦਾ ਬਚਪਨ, ਪੁਰਾਣਾ ਜ਼ਮਾਨਾ ਹੁੰਦਾ ਹੈ।

ਬੱਚਿਆਂ ਨੂੰ ਨਵੇਂ ਜ਼ਮਾਨੇ ਦੇ ਹਾਣ ਦਾ ਬਣਾਉਣ ਵਾਸਤੇ, ਮਾਪਿਆਂ ਨੂੰ ਪੁਰਾਣੇ ਜ਼ਮਾਨੇ ਦੇ ਬਣਨਾ ਪੈਂਦਾ ਹੈ।

ਜਦੋਂ ਮਾਪੇ ਅਤੀਤ ਹੋ ਜਾਂਦੇ ਹਨ ਤਾਂ ਬੱਚੇ ਭਵਿੱਖ ਬਣ ਜਾਂਦੇ ਹਨ।

ਜੀਵਨ ਵਿਚ ਅਸੀਂ ਨਵਾਂ ਉਤਨਾ ਕੁ ਹੀ ਅਪਨਾਉਂਦੇ ਹਾਂ, ਜਿਤਨਾ ਕੁ ਪੁਰਾਣਾ ਭੁਲਦੇ ਹਾਂ। ਸਾਨੂੰ ਪੁਰਾਣੇ ਅਤੇ ਨਵੇਂ ਦੋਹਾਂ ਦੀ ਲੋੜ ਪੈਂਦੀ ਹੈ। ਸਾਡਾ ਵਰਤਮਾਨ ਸਾਡੇ ਅਤੀਤ ਦਾ ਹੀ ਅਜੋਕਾ ਰੂਪ ਹੁੰਦਾ ਹੈ। ਲੱਖਾਂ-ਕਰੋੜਾਂ ਸਾਲ ਪੁਰਾਣੇ ਅਤੀਤ ਵਿਚ ਅਸੀਂ ਦੂਰ ਤੱਕ ਸੋਚ ਸਕਦੇ ਹਾਂ, ਜਦੋਂਕਿ ਭਵਿੱਖ ਵਿਚ ਦੂਰ ਤੱਕ ਵੇਖਣ ਦੀ ਸਹੂਲਤ ਨਹੀਂ ਹੁੰਦੀ। ਭਵਿੱਖ ਬਾਰੇ ਅਸੀਂ ਸਪਸ਼ਟ ਨਹੀਂ ਹੁੰਦੇ, ਜਦੋਂ ਕਿ ਅਤੀਤ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੁੰਦਾ। ਅਤੀਤ ਬਾਰੇ ਗੱਲਾਂ ਅਸੀਂ ਬੜੇ ਵਿਸ਼ਵਾਸ ਨਾਲ ਕਰਦੇ ਹਾਂ, ਜਦੋਂ ਕਿ ਭਵਿੱਖ ਬਾਰੇ ਸਾਨੂੰ ਕਈ ਤੌਖਲੇ ਹੁੰਦੇ ਹਨ। ਆਪਣੇ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦਿਆਂ, ਲੋਕਾਂ ਦੀਆਂ ਅੱਖਾਂ ਵਿਚ ਚਮਕ ਅਤੇ ਹਰਕਤਾਂ ਵਿਚ ਜਵਾਨੀ ਆ ਜਾਂਦੀ ਹੈ।

ਭਾਵੇਂ ਪੁਰਾਣੇ ਜ਼ਮਾਨੇ ਵਿਚ ਅਜੋਕੀਆਂ ਸਹੂਲਤਾਂ ਨਹੀਂ ਸਨ ਪਰ ਫਿਰ ਵੀ ਬਜ਼ੁਰਗ ਬੜੇ ਵਿਸ਼ਵਾਸ ਅਤੇ ਜੋਸ਼ ਨਾਲ ਕਹਿਣਗੇ ਕਿ ਪੁਰਾਣੇ ਜ਼ਮਾਨੇ ਬੜੇ ਚੰਗੇ ਸਨ। ਇਸ ਦਾ ਕਾਰਨ ਇਹ ਹੈ ਕਿ ਉਦੋਂ ਵਪਾਰ ਵੀ ਪਿਆਰ ਨਾਲ ਕੀਤਾ ਜਾਂਦਾ ਸੀ, ਜਦੋਂ ਕਿ ਹੁਣ ਪਿਆਰ ਵੀ ਵਪਾਰ ਵਾਂਗ ਕੀਤਾ ਜਾਂਦਾ ਹੈ।

ਉਦੋਂ ਰਿਸ਼ਤਿਆਂ ਵਿਚ ਜ਼ਿੰਦਗੀ ਦਾ ਨਿੱਘ ਸੀ, ਜਦੋਂ ਕਿ ਹੁਣ ਸਾਰੇ ਰਿਸ਼ਤੇ ਇਕ-ਇਕ ਕਰਕੇ ਠੰਡੇ ਅਤੇ ਰੁੱਖੇ ਹੁੰਦੇ ਜਾ ਰਹੇ ਹਨ।

ਇਕ ਕਾਰਨ ਇਹ ਹੈ ਕਿ ਉਦੋਂ ਬਜ਼ੁਰਗਾਂ ਦੀਆਂ ਸਿਹਤਾਂ ਨਰੋਈਆਂ ਸਨ ਅਤੇ ਹਰ ਕਿਸੇ ਕੋਲ ਬਚਪਨ ਦੀਆਂ ਖੁੱਲ੍ਹਾਂ ਵਾਲਾ ਅਤੇ ਜਵਾਨੀ ਦਾ ਸੁਹਾਵਣਾ ਸਮਾਂ ਸੀ, ਜਦੋਂ ਜੇ ਉਹ ਚਾਹੁੰਦੇ, ਤਾਂ ਬਾਂਹ ਉੱਚੀ ਕਰਕੇ ਅਸਮਾਨ ਤੋਂ ਤਾਰੇ ਵੀ ਤੋੜ ਸਕਦੇ ਸਨ।

ਹਰ ਕਿਸੇ ਨੂੰ ਲੰਘ ਗਈ ਜਵਾਨੀ ਇਸ ਕਰਕੇ ਯਾਦ ਆਉਂਦੀ ਹੈ, ਕਿਉਂਕਿ ਜਵਾਨੀ ਵਿਚ ਸੁੰਦਰਤਾ ਨੂੰ ਵੇਖਣ-ਮਾਣਨ ਦੀ ਅਥਾਹ ਸ਼ਕਤੀ ਹੁੰਦੀ ਹੈ। ਪੁਰਾਣੇ ਜ਼ਮਾਨੇ ਦੀ ਪ੍ਰਸੰਸਾ ਕਰਨ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੀਆਂ ਪੁਰਾਣੀਆਂ ਯਾਦਾਂ ਵਿਚੋਂ ਕੰਡੇ ਕੱਢ ਦਿੰਦੇ ਹਾਂ ਅਤੇ ਫੁੱਲ ਸਾਂਭ ਲੈਂਦੇ ਹਾਂ।

ਪੁਰਾਣੇ ਜ਼ਮਾਨਿਆਂ ਦਾ ਗੁਣ-ਗਾਇਣ ਕਰਨ ਦਾ ਇਹ ਵੀ ਇਕ ਕਾਰਨ ਹੈ ਕਿ ਪੁਰਾਣੇ ਜ਼ਮਾਨੇ ਵਿਚ ਅਸੀਂ ਬੱਚੇ ਸਾਂ ਅਤੇ ਆਪਣੇ ਮਾਪਿਆਂ ਵਲੋਂ ਜ਼ਿੰਦਗੀ ਦੇ ਘਲੂਕਾਰੇ ਵਿਚ ਵਾਹੀਆਂ ਤੇਗਾਂ ਅਤੇ ਚਲਾਈਆਂ ਦੇਗਾਂ ਦੇ ਵੇਰਵੇ ਸ਼ਰਧਾ ਨਾਲ ਪ੍ਰਗਟਾਉਣ ਨਾਲ ਸਾਨੂੰ ਆਪਣੇ ਚੰਗੇ, ਸੁਹਿਰਦ ਅਤੇ ਧੰਨਵਾਦੀ ਸੰਤਾਨ ਹੋਣ ਦਾ ਮਾਣ-ਭਰਿਆ ਅਹਿਸਾਸ ਹੁੰਦਾ ਹੈ।

ਇਹ ਵੀ ਇਕ ਕਾਰਨ ਹੈ ਕਿ ਜਦੋਂ ਭਵਿੱਖ ਦੀ ਸਹੂਲਤ ਨਹੀਂ ਰਹਿੰਦੀ ਤਾਂ ਅਤੀਤ ਵਧੇਰੇ ਸੋਹਣਾ ਲੱਗਣ ਲੱਗ ਪੈਂਦਾ ਹੈ ਅਤੇ ਸਾਡੇ ਵਿਚ ਆਪਣੇ ਨਾਲ ਹੋਈਆਂ ਵਧੀਕੀਆਂ ਨੂੰ ਮੁਆਫ਼ ਕਰਨ ਅਤੇ ਮਿਲੇ ਪਿਆਰ ਦਾ ਸ਼ੁਕਰਾਨਾ ਕਰਨ ਦੀ ਦਲੇਰੀ ਅਤੇ ਆਨੰਦ ਉਪਜਦਾ ਹੈ।

ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਨ ਵਾਲੇ ਬਜ਼ੁਰਗਾਂ ਨੂੰ ਵੇਖ-ਸੁਣ ਕੇ ਵਿਸ਼ਵਾਸ ਹੀ ਨਹੀਂ ਆਉਂਦਾ ਕਿ ਕਿਸੇ ਵੇਲੇ ਇਨ੍ਹਾਂ ਨੇ ਬੱਚਿਆਂ ਵਾਲੀਆਂ ਸ਼ਰਾਰਤਾਂ ਵੀ ਕੀਤੀਆਂ ਹੋਣਗੀਆਂ। ਜਦੋਂ ਮਨੁੱਖ ਭੁਲੇਖਿਆਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸ ਦੀ ਦ੍ਰਿਸ਼ਟੀ ਅਤੇ ਸੋਚ ਸਾਫ਼ ਹੋ ਜਾਂਦੀ ਹੈ।

ਜਵਾਨਾਂ ਨੂੰ ਭੁਲੇਖਾ ਹੁੰਦਾ ਹੈ ਕਿ ਕੇਵਲ ਉਹ ਹੀ ਆਧੁਨਿਕ ਹਨ, ਉਹ ਭੁੱਲ ਜਾਂਦੇ ਹਨ ਕਿ ਅੱਜ ਦੀ ਨਵੀਨਤਾ, ਪਰਸੋਂ ਗੁਜ਼ਰਿਆ ਹੋਇਆ ਜ਼ਮਾਨਾ ਬਣ ਜਾਵੇਗੀ ਅਤੇ ਅਸੀਂ ਕੁਝ ਵੀ ਕਰੀਏ ਸਾਡੇ ਪੋਤੇ-ਦੋਹਤੇ ਸਾਨੂੰ ਪੁਰਾਣੇ ਜ਼ਮਾਨੇ ਦਾ ਹੀ ਕਹਿਣਗੇ। ਸਮਾਜ ਦੇ ਕਈ ਵਰਗਾਂ ਜਿਵੇਂ ਫੌਜੀਆਂ, ਸਾਬਕਾ ਆਗੂਆਂ, ਸੇਵਾ-ਮੁਕਤ ਕਰਮਚਾਰੀਆਂ, ਦਾਦੀਆਂ-ਨਾਨੀਆਂ ਆਦਿ ਕੋਲ ਕੇਵਲ ਅਤੀਤ ਦੀਆਂ ਗੱਲਾਂ ਹੀ ਹੁੰਦੀਆਂ ਹਨ।

ਅਜੋਕੇ ਬਜ਼ੁਰਗ ਅਕਸਰ ਅਜ਼ਾਦੀ ਤੋਂ ਪਹਿਲੇ ਦੇ ਸਮੇਂ ਨੂੰ ਪੁਰਾਣਾ ਜ਼ਮਾਨਾ ਕਹਿੰਦੇ ਹਨ ਅਤੇ ਉਸ ਦੀ ਪ੍ਰਸੰਸਾ ਕਰਦੇ ਹਨ।

ਪੁਰਾਣੇ ਜ਼ਮਾਨੇ ਵਿਚ ਗਿਆਨ ਥੋੜ੍ਹਾ ਸੀ ਪਰ ਮੁਹਾਵਰਿਆਂ-ਅਖਾਣਾਂ ਵਾਂਗ ਪੱਕਾ ਅਤੇ ਪਰਖਿਆ ਹੋਣ ਕਰਕੇ ਗਿਆਨ ਦਾ ਸਤਿਕਾਰ ਬੜਾ ਸੀ। ਜਿਵੇਂ

ਬਲਦ ਅਤੇ ਸਾਨ੍ਹ ਇਕ ਪੰਜਾਲੀ ਹੇਠ ਨਹੀਂ ਚੱਲ ਸਕਦੇ, ਉਵੇਂ ਹੀ ਉਦੋਂ ਵਿਦਵਾਨੀ ਅਤੇ ਧਨਵਾਨੀ ਦਾ ਇਕੋ ਵਿਅਕਤੀ ਵਿਚ ਸੁਮੇਲ ਸੰਭਵ ਨਹੀਂ ਸੀ।

ਉਦੋਂ ਕਈ ਵਾਰੀ ਦਸ-ਦਸ ਪਿੰਡਾਂ ਵਿਚ ਕੋਈ ਪੜ੍ਹਿਆ-ਲਿਖਿਆ ਨਹੀਂ ਸੀ ਹੁੰਦਾ। ਉਸ ਸਮੇਂ ਅੱਠ ਜਮਾਤਾਂ ਪਾਸ, ਤਹਿਸੀਲਦਾਰ ਲੱਗ ਜਾਂਦਾ ਸੀ। ਉਦੋਂ ਸ਼ਹਿਰਾਂ ਵਿਚ ਵੀ ਕੋਈ-ਕੋਈ ਸਕੂਲ ਹੁੰਦਾ ਸੀ, ਜਿੱਥੇ ਬੱਚੇ ਲੰਮੇ ਝੱਗਿਆਂ ਨਾਲ ਬਿਨਾ ਕਛਹਿਰੇ ਹੀ ਸਕੂਲ ਚਲੇ ਜਾਂਦੇ ਸਨ ਅਤੇ ਡੰਡੇ ਖਾਣ ਵਿਚ ਵਿਦਿਅਰਥੀ, ਮਾਸਟਰਾਂ ਨੂੰ ਹਰਾ ਦਿੰਦੇ ਸਨ ਪਰ ਉਹ ਅਧਿਆਪਕਾਂ ਵਲੋਂ ਮਿਲੀ ਸਜ਼ਾ ਨੂੰ ਧੰਨਵਾਦ ਦੇ ਹੁਲਾਰੇ ਨਾਲ ਸਵੀਕਾਰ ਕਰਦੇ ਸਨ। ਭਾਵੇਂ ਆਮ ਲੋਕਾਂ ਵਿਚ ਵਿਦਿਆ ਪ੍ਰਤੀ ਅਣਗਹਿਲੀ ਸੀ ਅਤੇ ਉਹ ਵਿਦਿਆ ਨੂੰ ਆਪਣੇ ਭਾਗਾਂ ਵਿਚ ਨਹੀਂ ਗਿਣਦੇ ਸਨ ਪਰ ਵਿਦਵਾਨਾਂ ਅਤੇ ਗਿਆਨੀਆਂ ਦਾ ਬੜਾ ਸਤਿਕਾਰ ਸੀ।

ਇਕ ਵਾਰੀ ਸਕੂਲ ਵਿਚ ਇਕ ਵਿਦਿਆਰਥੀ ਮਰ ਗਿਆ ਅਤੇ ਸਭ ਪਾਸੇ ਇਹ ਗੱਲ ਧੁੰਮ ਗਈ ਕਿ ਪੜ੍ਹਨ ਨਾਲ ਦਿਲ ਕਮਜ਼ੋਰ ਹੋ ਜਾਂਦਾ ਹੈ।

ਇਕ ਟੱਪਰੀਵਾਸ ਆਪਣੇ ਪੁੱਤਰ ਨੂੰ ਕਹਿ ਰਿਹਾ ਸੀ: ਜੇ ਤੂੰ ਰੋਜ਼ੀ ਕਮਾਉਣ ਲਈ ਜਾਦੂ-ਟੂਣਾ ਨਹੀਂ ਸਿਖੇਂਗਾ ਤਾਂ ਮੈਂ ਤੈਨੂੰ ਸਕੂਲੇ ਦਾਖਲ ਕਰਵਾ ਦਿਆਂਗਾ, ਤੂੰ ਪੜ੍ਹ-ਲਿਖ ਜਾਵੇਂਗਾ ਪਰ ਤੂੰ ਹਮੇਸ਼ਾ ਥੁੜ੍ਹਿਆ ਰਹੇਂਗਾ।

ਉਸ ਸਮੇਂ ਕੁਝ ਲੋਕ ਡੇਰਿਆਂ ਵਿਚ ਪੜ੍ਹ-ਲਿਖ ਕੇ ਸੰਤ ਅਤੇ ਗਿਆਨੀ ਅਖਵਾਉਣ ਲੱਗ ਪੈਂਦੇ ਸਨ।

ਉਹ ਰਿਆਸਤਾਂ ਦਾ ਸਮਾਂ ਸੀ ਜਦੋਂ ਰਾਜੇ ਵਿਸ਼ਾਲ ਇਲਾਕੇ ਕਰਕੇ ਨਹੀਂ, ਰੋਅਬ ਅਤੇ ਨਿਆਂ ਕਰਕੇ ਜਾਣੇ ਜਾਂਦੇ ਸਨ। ਰਾਜੇ ਤਾਂ ਪੰਜਾਬ ਦੇ ਹੀ ਫੱਬਦੇ ਸਨ, ਜਦੋਂ ਕਿ ਬਾਕੀ ਰਾਜੇ ਤਾਂ ਕੰਨਾਂ ਵਿਚੋਂ ਮੈਲ ਕੱਢਣ ਵਾਲੇ ਹੀ ਲੱਗਦੇ ਸਨ। ਦੁੱਖੀ ਲੋਕ ਰਾਜੇ ਦਾ ਇਲਾਕਾ ਛੱਡ ਜਾਂਦੇ ਸਨ ਅਤੇ ਇਸ ਗੱਲ ਨੂੰ ਰਾਜੇ ਲਈ ਸਰਾਪ ਸਮਝਿਆ ਜਾਂਦਾ ਸੀ। ਚੰਗੇ ਰਾਜਿਆਂ ਦੇ ਨਿਆਂ ਦੀਆਂ ਗੱਲਾਂ ਲੋਕ ਸੱਥਾਂ ਵਿਚ ਬਹਿ ਕੇ ਕਰਿਆ ਕਰਦੇ ਸਨ।

ਇਕ ਵਾਰੀ ਇਕ ਮਜ਼ਦੂਰ ਦੀ ਸੋਹਣੀ ਪਤਨੀ ਨੂੰ, ਲਾਲਚ ਦੇ ਕੇ, ਇਕ ਪਟਵਾਰੀ ਨੇ ਉਧਾਲ ਲਿਆ। ਫ਼ਰਿਆਦ ਹੋਣ ਉੱਤੇ ਰਾਜੇ ਨੇ ਮਜ਼ਦੂਰ ਨੂੰ ਕਿਹਾ: ਮੈਂ ਪਿੰਡ ਆ ਕੇ ਇਨਸਾਫ਼ ਕਰਾਂਗਾ। ਦੋਵੇਂ ਧਿਰਾਂ ਨੂੰ ਸੁਣਨ ਉਪਰੰਤ, ਜਦੋਂ ਰਾਜਾ ਫੈਸਲਾ ਲਿਖਣ ਲੱਗਾ ਤਾਂ ਵੇਖਿਆ ਪਾਣੀ ਦੀ ਘਾਟ ਕਾਰਨ ਦਵਾਤ ਵਿਚ ਸਿਆਹੀ ਗਾੜ੍ਹੀ ਹੋ ਗਈ ਸੀ, ਸੋ ਪਾਣੀ ਲਈ ਕਹੇ ਜਾਣ 'ਤੇ, ਪਟਵਾਰੀ ਵਲੋਂ ਉਧਾਲੀ ਉਸ ਇਸਤਰੀ ਨੇ ਲਿਆਂਦੀ ਪਾਣੀ ਦੀ ਕੌਲੀ ਸਾਰੀ ਦਵਾਤ ਵਿਚ ਉਲਟਾ ਦਿੱਤੀ। ਰਾਜੇ ਨੇ ਫੈਸਲਾ ਦਿੱਤਾ ਕਿ ਉਹ ਇਸਤਰੀ ਪਟਵਾਰੀ ਦੀ ਪਤਨੀ ਨਹੀਂ ਹੋ ਸਕਦੀ, ਕਿਉਂਕਿ ਜੇ ਹੁੰਦੀ ਤਾਂ ਉਸ ਨੂੰ ਪਤਾ ਹੋਣਾ ਸੀ ਕਿ ਦਵਾਤ ਵਿਚ ਕਿਤਨਾ ਪਾਣੀ ਪਾਉਣਾ ਹੈ।

ਪੁਰਾਣੇ ਸਮੇਂ ਵਿਚ ਰੁੱਖ ਮਨੁੱਖ ਦੇ ਦੁੱਖਾਂ, ਭੁੱਖਾਂ, ਰੋਗਾਂ, ਸੋਗਾਂ ਦਾ ਸਹੀ ਅਤੇ ਸੁਖਾਵਾਂ ਇਲਾਜ ਹੁੰਦੇ ਸਨ।

ਜ਼ਬਾਨ ਦੇ ਪੱਕੇ ਅਤੇ ਵੈਰ ਤੋਂ ਬਿਨਾ ਵਿਰੋਧ ਕਰਨ ਵਾਲੇ ਇਹ ਲੋਕ, ਜਿਹੋ ਜਿਹੀ ਹਵਾ ਚੱਲਦੀ, ਉਹੋ ਜਿਹਾ ਓਹਲਾ ਕਰ ਲਿਆ ਕਰਦੇ ਸਨ।

ਦਰਿਆ ਪਿੰਡਾਂ ਵਿਚੋਂ ਲੰਘਦੇ ਸਨ ਅਤੇ ਕਈ ਵਾਰੀ ਘਰ ਪਹੁੰਚਣ ਵਾਸਤੇ ਦਰਿਆ ਵਿਚੋਂ ਲੰਘਣਾ ਪੈਂਦਾ ਸੀ।

ਕਥਾਕਾਰਾਂ, ਕਵੀਸ਼ਰਾਂ ਅਤੇ ਢਾਡੀਆਂ ਨੂੰ ਸੁਣਨ ਲਈ ਲੋਕ ਦੂਰ-ਦੂਰ ਤੱਕ ਚਲੇ ਜਾਂਦੇ ਸਨ।

ਉਦੋਂ ਸਿਆਣਪ ਨਾਲ ਗਰੀਬੀ ਤੋਂ ਛੁਟਕਾਰਾ ਪਾਉਣ ਵਾਲੇ ਪ੍ਰਸਿੱਧ ਹੋ ਜਾਂਦੇ ਸਨ। ਉਦੋਂ ਹਰ ਕਿਸੇ ਦਾ ਵਿਹਾਰ ਖੁੱਲ੍ਹਾ-ਡੁੱਲ੍ਹਾ ਅਤੇ ਮਸ਼ਕਰੀ ਭਰਪੂਰ ਸੀ।

ਇਕ ਵਾਰੀ ਇਕ ਸ਼ਹਿਰੀ ਡਾਕਟਰ ਨੇ ਇਕ ਬੀਮਾਰ ਕਿਸਾਨ ਨੂੰ ਕਿਹਾ ਕਿ ਅੱਗੋਂ ਮੱਖਣ, ਘਿਓ, ਪਿੰਨੀਆਂ, ਪੰਜੀਰੀ, ਖੀਰ, ਕੜਾਹ ਆਦਿ ਨਹੀਂ ਖਾਣਾ ਤਾਂ ਕਿਸਾਨ ਨੇ ਕਿਹਾ, ਫਿਰ ਤਾਂ ਰੋਹਾ ਹੀ ਬਚਿਆ ਹੈ, ਉਹ ਖਾ ਲਿਆ ਕਰਾਂ!

ਰਾਮਾਇਣ ਦੀ ਕਥਾ ਸੁਣ ਕੇ ਇਕ ਪੇਂਡੂ ਇਸਤਰੀ ਨੇ ਕਿਹਾ: ਗੱਲ ਤਾਂ ਨਿੱਕੀ ਜਿਹੀ ਸੀ ਪਰ ਪੰਡਤ ਮਹੀਨਾ ਭਰ ਗੱਲਾਂ 'ਚੋਂ ਗੱਲਾਂ ਕੱਢਦਾ ਰਿਹਾ ਸੀ।

ਪੁਰਾਣੇ ਜ਼ਮਾਨੇ ਵਿਚ ਸਿਆਣੇ ਲੱਗਣ ਦੇ ਚਾਅ ਵਿਚ, ਕਈ ਜਵਾਨੀ ਵਿਚ ਹੀ ਬਜ਼ੁਰਗਾਂ ਵਾਲਾ ਪਹਿਰਾਵਾ ਅਪਨਾ ਲੈਂਦੇ ਸਨ।

ਮਰਾਸੀ, ਅਮਲੀ ਅਤੇ ਛੜੇ ਪਿੰਡ ਦੀ ਰੌਣਕ ਹੁੰਦੇ ਸਨ।

ਪਿੰਡ ਵਿਚ ਜਦੋਂ ਵੀ ਕੋਈ ਬਾਹਰਲਾ ਆਉਂਦਾ, ਉਸ ਦਾ ਹਾਲ-ਚਾਲ, ਸਭ ਤੋਂ ਪਹਿਲਾਂ ਪਿੰਡ ਦੇ ਕੁੱਤੇ ਹੀ ਪੁੱਛਦੇ ਸਨ।

ਪਿੰਡਾਂ ਵਿਚ ਹਰ ਇਕ ਨਵੀਂ ਗੱਲ ਦਾ ਮਖ਼ੌਲ ਉਡਾਇਆ ਜਾਂਦਾ ਸੀ।

ਜੇ ਕਿਸੇ ਦੀ ਅੱਲ ਪੈ ਜਾਂਦੀ ਤਾਂ ਉਹ ਪਰਿਵਾਰ ਨਾਲ ਪੀੜ੍ਹੀਆਂ ਤੱਕ ਜੁੜੀ ਰਹਿੰਦੀ ਸੀ।

ਪੁਰਾਣੇ ਜ਼ਮਾਨੇ ਵਿਚ ਇਲਾਜ ਦੀਆਂ ਸਹੂਲਤਾਂ ਘੱਟ ਹੋਣ ਕਾਰਨ ਟੀਰੇ, ਕਾਣੇ, ਟੁੰਡੇ, ਲੰਗੜੇ, ਕੁੱਬੇ ਆਦਿ ਆਮ ਸਨ।

ਹਰ ਪਰਿਵਾਰ ਵਿਚ ਛੇ-ਸੱਤ ਬੱਚੇ ਹੋਣ ਕਰਕੇ, ਉਨ੍ਹਾਂ ਦੇ ਜਿਊਂਦੇ ਰਹਿਣ ਬਾਰੇ ਮਾਪਿਆਂ ਦੀ ਚਿੰਤਾ ਵੰਡੀ ਜਾਂਦੀ ਸੀ।

ਹਰ ਕਿਸੇ ਨੂੰ ਚਾਚਾ-ਤਾਇਆ, ਭੂਆ-ਮਾਸੀ ਕਹਿ ਕੇ ਬੁਲਾਇਆ ਜਾਂਦਾ ਸੀ ਅਤੇ ਘਰਾਂ ਅੰਦਰ ਹਰ ਵੇਲੇ ਭਾਬੋ-ਭਾਬੋ, ਬੀਬੋ-ਬੀਬੋ ਹੁੰਦੀ ਰਹਿੰਦੀ ਸੀ।

ਉਦੋਂ ਚਰਿੱਤਰ ਇਕ ਵੱਡਾ ਗੁਣ ਸੀ ਅਤੇ ਆਪਣੇ ਧਰਮ ਵਿਚ ਪੱਕੇ ਹੋਣ ਤੋਂ ਬਿਨਾ ਕਿਸੇ ਦਾ ਸਤਿਕਾਰ ਸੰਭਵ ਨਹੀਂ ਸੀ।

ਉਦੋਂ ਪੱਕੀਆਂ ਇੱਟਾਂ ਦਾ ਪਹਿਲਾਂ ਗੁਰਦੁਆਰਾ-ਮੰਦਰ ਹੀ ਬਣਦਾ ਸੀ।

ਇੱਕ ਵਾਰੀ ਕੱਚੇ ਗੁਰਦੁਆਰੇ ਦੇ ਸਾਹਮਣੇ ਦੋ ਭਰਾਵਾਂ ਨੇ ਪੱਕੀਆਂ ਇੱਟਾਂ ਦੇ ਚੁਬਾਰੇ ਪਾਏ ਅਤੇ ਸੰਜੋਗ ਵਸ ਦੋਵੇਂ ਮਰ ਗਏ, ਸੋ ਸਹਿਮ ਫੈਲ ਗਿਆ ਕਿ ਜਿਹੜਾ ਚੁਬਾਰਾ ਪਾਵੇਗਾ, ਉਹ ਮਰ ਜਾਵੇਗਾ। ਕੁਝ ਅਰਸੇ ਮਗਰੋਂ ਇਕ ਸਾਬਕਾ ਫੌਜੀ ਜਦੋਂ ਪੱਕੀਆਂ ਇੱਟਾਂ ਦਾ ਚੁਬਾਰਾ ਪਾਉਣ ਲੱਗਿਆ ਤਾਂ ਸਾਰੇ ਪਿੰਡ ਦੀ ਰਾਇ ਸੀ: ਵੇਖੋ, ਮੌਤ ਬੰਦੇ ਨੂੰ ਕਿਵੇਂ ਖਿੱਚ ਲਿਆਈ ਹੈ। ਲੜਾਈ 'ਚੋਂ ਬਚ ਗਿਐ ਪਰ ਚੁਬਾਰੇ ਨੇ ਮਾਰ ਦੇਣਾ ਹੈ। ਜਦੋਂ ਫੌਜੀ ਨੂੰ ਕੁਝ ਨਾ ਹੋਇਆ ਤਾਂ ਸਾਰਿਆਂ ਨੇ ਚੁਬਾਰੇ ਪਾ ਲਏ। ਉਦੋਂ ਲੋਕ ਸ਼ੇਰ ਵਾਂਗ ਪਹਿਲ ਨਹੀਂ ਸੀ ਕਰਦੇ ਪਰ ਭੇਡਾਂ ਬਣਨ ਵਿਚ ਸਦਾ ਅੱਵਲ ਰਹਿੰਦੇ ਸਨ।

ਲੋਕ ਬਹਿਸ ਨਹੀਂ ਸਨ ਕਰਦੇ, ਦੂਜੇ ਦੀ ਗੱਲ ਮੰਨ ਲੈਂਦੇ ਸਨ।

ਇਕ ਵਾਰੀ ਕੀਰਤਨ ਦੌਰਾਨ ਗੁਰਦੁਆਰੇ ਵਿਚ ਇਕ ਸੱਪ ਆ ਕੇ ਫਨ ਖ਼ਿਲਾਰ ਕੇ ਬਹਿ ਗਿਆ। ਜਦੋਂ ਸੱਪ ਨੂੰ ਮਾਰਨ ਬਾਰੇ ਕਾਂਵਾਂ-ਰੌਲੀ ਪੈ ਰਹੀ ਸੀ ਤਾਂ ਇਕ ਨੇ ਕਿਹਾ, ਮਾਰਨਾ ਨਹੀਂ, ਇਹ ਕੀਰਤਨ ਸੁਣਨ ਆਇਐ ਅਤੇ ਸਾਰਿਆਂ ਨੇ ਸੱਪ ਨੂੰ ਨਾ ਮਾਰਨ ਦੀ, ਉਸ ਬ੍ਰਹਮ ਗਿਆਨੀ ਦੀ, ਗੱਲ ਮੰਨ ਲਈ ਸੀ।

ਜਦੋਂ ਭੋਗ ਪੈ ਗਿਆ ਤਾਂ ਉਸ ਸੱਪ ਨੂੰ ਇਕ ਬੋਰੀ ਵਿਚ ਫੜ ਕੇ ਪੰਜ ਪਿਆਰੇ ਦੂਰ ਛੱਡ ਆਏ ਸਨ।

ਪਿੰਡਾਂ ਵਿਚ ਜਦੋਂ ਤੱਕ ਨਵਾਂ ਸਾਧ ਨਹੀਂ ਸੀ ਆ ਜਾਂਦਾ, ਲੋਕ ਆਏ ਹੋਏ ਸਾਧ ਨੂੰ ਜਾਣ ਨਹੀਂ ਸਨ ਦਿੰਦੇ। ਇਕ ਵਾਰੀ ਇਕ ਸਾਧ ਨੇ ਕਿਹਾ ਕਿ ਜਿਹੜਾ ਇਕ ਪੁਰਾਣੀ ਸਮਾਧ ਨੂੰ ਸੱਤ ਐਤਵਾਰ ਆਪ ਤਾਜ਼ੇ ਗੋਬਰ ਨਾਲ ਲਿੱਪੇਗਾ, ਉਸ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਇਵੇਂ ਲੋਕਾਂ ਨੂੰ ਕੰਮ ਲੱਭ ਪਿਆ।

ਕੋਈ ਨਾ ਕੋਈ ਵਿਘਨ ਪੈ ਜਾਂਦਾ ਸੀ, ਸੱਤ ਐਤਵਾਰ ਪੂਰੇ ਨਹੀਂ ਸਨ ਹੁੰਦੇ ਪਰ ਲੋਕ ਹੱਟਦੇ ਨਹੀਂ ਸਨ।

ਜਿਨ੍ਹਾਂ ਦੀ ਮੁਰਾਦ ਪੂਰੀ ਹੋ ਜਾਂਦੀ, ਜਿਹੜੀ ਅਕਸਰ ਸੰਤਾਨ-ਪ੍ਰਾਪਤੀ ਬਾਰੇ ਹੀ ਹੁੰਦੀ ਸੀ, ਉਹ ਬੈਂਡ-ਵਾਜੇ ਨਾਲ ਧੰਨਵਾਦ ਕਰਨ ਆਉਂਦੇ ਅਤੇ ਇਵੇਂ ਬਾਕੀਆਂ ਦਾ ਵਿਸ਼ਵਾਸ ਬਣਿਆ ਰਹਿੰਦਾ ਸੀ।

ਸੰਗ੍ਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਵਿਸ਼ੇਸ਼ ਦਿਨ ਸਮਝੇ ਜਾਂਦੇ ਸਨ।

ਪੁਰਾਣੇ ਜ਼ਮਾਨੇ ਦੇ ਲੋਕ ਖਾਣ ਤੋਂ ਪਹਿਲਾਂ ਵਾਹਿਗੁਰੂ ਦਾ ਧੰਨਵਾਦ ਕਰਕੇ ਆਪਣੇ ਭੋਜਨ ਨੂੰ ਹੋਰ ਸੁਆਦਲਾ ਬਣਾ ਲੈਂਦੇ ਸਨ। ਲੋਕ ਦੀਵੇ ਨੂੰ ਫੂਕ ਮਾਰ ਕੇ ਜਾਂ ਚੁੱਲ੍ਹੇ ਨੂੰ ਜੂਠੇ ਪਾਣੀ ਨਾਲ ਨਹੀਂ ਸਨ ਬੁਝਾਉਂਦੇ। ਉਸ ਵੇਲੇ ਵੀ ਚੋਰੀਆਂ ਹੁੰਦੀਆਂ ਸਨ, ਡਾਕੇ ਪੈਂਦੇ ਸਨ ਪਰ ਜੀਵਨ ਦਾ ਮੁੱਖ ਵਰਤਾਰਾ ਪਰਉਪਕਾਰ ਅਤੇ ਕੁਰਬਾਨੀ ਵਾਲਾ ਸੀ। ਇਕ ਵਾਰੀ ਲੁੱਟੇ ਜਾਣ ਮਗਰੋਂ ਇਕ ਸਾਊ ਬੰਦਾ

ਕਹਿ ਰਿਹਾ ਸੀ: ਪ੍ਰਮਾਤਮਾ ਦਾ ਸ਼ੁਕਰ ਹੈ ਕਿ ਮੈਨੂੰ ਪਹਿਲੀ ਵਾਰ ਹੀ ਲੁੱਟਿਆ ਗਿਆ ਹੈ ਅਤੇ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਡਾਕੂਆਂ ਨੇ ਮੈਨੂੰ ਲੁੱਟਿਆ ਹੈ, ਮੈਂ ਉਨ੍ਹਾਂ ਨੂੰ ਨਹੀਂ ਲੁੱਟਿਆ।

ਪੁਰਾਣੇ ਜ਼ਮਾਨੇ ਵਿਚ ਤ੍ਰਿੰਜਣਾਂ ਦੀ ਸਾਂਝ ਕਾਰਨ ਸਹੇਲੀਆਂ, ਭੈਣਾਂ ਵਰਗੀਆਂ ਅਤੇ ਭੈਣਾਂ, ਸਹੇਲੀਆਂ ਵਰਗੀਆਂ ਹੁੰਦੀਆਂ ਸਨ। ਰੋਂਦੀ ਇਕ ਸੀ, ਗਲ੍ਹਾਂ ਸਾਰੀਆਂ ਦੀਆਂ ਭਿੱਜ ਜਾਂਦੀਆਂ ਸਨ। ਜਿਨ੍ਹਾਂ ਦੀਆਂ ਸ਼ਾਮ ਨੂੰ ਕੁੜਮਾਈਆਂ ਹੋਣੀਆਂ ਹੁੰਦੀਆਂ, ਉਹ ਵੀ ਆਪ ਸਵੇਰੇ ਘਰਾਂ ਦੇ ਬਨੇਰੇ ਲਿੱਪ ਰਹੀਆਂ ਹੁੰਦੀਆਂ ਸਨ। ਉਹ ਸਤਵੰਤੀ ਅਤੇ ਧੰਨਵੰਤੀ ਧੀਆਂ ਕੁਝ ਵੀ ਅਜਿਹਾ ਨਹੀਂ ਸਨ ਕਰਦੀਆਂ ਜਿਸ ਨਾਲ ਬਾਬਲ ਦੀ ਪੱਗ ਢਿੱਲੀ ਹੁੰਦੀ ਹੋਵੇ।

ਤੇਰਾ ਭਾਈ ਜੀਵੇ, ਤੇਰਾ ਸਾਈਂ ਜੀਵੇ ਦੀਆਂ ਅਸੀਸਾਂ ਦੇਣ ਵਾਲੀ ਵਿਧਵਾ ਇਸਤਰੀ ਦਾ, ਚਰਖੇ ਵਰਗਾ ਕੋਈ ਹੋਰ ਹਮਦਰਦ ਨਹੀਂ ਸੀ ਹੁੰਦਾ।

ਉਦੋਂ ਲੋਕ ਕਿਸੇ ਨਾ ਕਿਸੇ ਤੀਰਥ-ਯਾਤਰਾ ਤੇ ਟੁਰੇ ਹੀ ਰਹਿੰਦੇ ਸਨ।

ਭਾਵੇਂ ਜੀਵਨ ਬੜਾ ਕਠਿਨ ਸੀ ਪਰ ਕੋਈ ਆਤਮਘਾਤ ਨਹੀਂ ਸੀ ਕਰਦਾ। ਮਾਲਵੇ ਦੇ ਰੇਤਲੇ ਟਿੱਬਿਆਂ ਵਿਚੋਂ ਲੰਘਣਾ ਆਪਣੇ ਆਪ ਵਿਚ ਇਕ ਮੁਹਿੰਮ ਸੀ। ਚਾਰ ਬਲਦ ਲੱਗ ਕੇ ਵੀ ਗੱਡੇ ਨੂੰ ਬੜੀ ਮੁਸ਼ਕਿਲ ਨਾਲ ਧੂਹ ਕੇ ਕੱਢਦੇ ਸਨ। ਇਨ੍ਹਾਂ ਸਮਿਆਂ ਵਿਚ ਖੂੰ-ਖਾਰ ਜਾਨਵਰਾਂ ਦੀ ਦਹਿਸ਼ਤ ਸੀ ਅਤੇ ਲੋਕ, ਬੀੜਾਂ ਵਿਚ, ਇਨ੍ਹਾਂ ਦੇ ਸ਼ਿਕਾਰ ਲਈ ਟੋਲੀਆਂ ਬਣਾ ਕੇ ਘੁੰਮਦੇ ਰਹਿੰਦੇ ਸਨ।

ਜ਼ਾਤ-ਪਾਤ ਬੜੀ ਕਰੜੀ ਸੀ। ਜੇ ਖੂਹ ਉੱਤੇ ਪਏ ਘੜਿਆਂ ਨੂੰ ਕੋਈ ਨੀਵੀਂ ਜ਼ਾਤ ਦੀ ਇਸਤਰੀ ਪਰ੍ਹੇ ਕਰ ਦਿੰਦੀ ਤਾਂ ਜਿਨ੍ਹਾਂ ਦੇ ਉਹ ਘੜੇ ਹੁੰਦੇ ਸਨ, ਉਹ ਘੜੇ ਤੋੜ ਕੇ, ਖ਼ਾਲੀ ਹੱਥ ਘਰਾਂ ਨੂੰ ਆ ਜਾਂਦੀਆਂ ਸਨ।

ਬੋਹੜਾਂ-ਪਿੱਪਲਾਂ ਦੀ ਛਾਂ ਥੱਲੇ ਕੁਸ਼ਤੀਆਂ ਕਰਦੇ ਮੁੰਡੇ ਅਤੇ ਗੀਟੇ-ਪੀਚੋ ਖੇਡਦੀਆਂ ਕੁੜੀਆਂ, ਦਿਨਾਂ ਵਿਚ ਹੀ ਕੱਦ ਕੱਢ ਲੈਂਦੀਆਂ ਸਨ।

ਲੋਕਾਂ ਨੂੰ ਪਰਿਵਾਰ ਨਾਲੋਂ ਪਿੰਡ ਦੀ ਇੱਜ਼ਤ ਵਧੇਰੇ ਪਿਆਰੀ ਸੀ।

ਘੋੜੀਆਂ, ਸੁਹਾਗ ਅਤੇ ਸਿੱਠਣੀਆਂ ਨਾਲ ਹਰ ਕੁੜੀ ਮਿਸ਼ਰੀ-ਇਲਾਇਚੀ ਬਣ ਜਾਂਦੀ ਸੀ।

ਡੋਲੀ ਟੋਰਨ ਵੇਲੇ ਸਾਰੇ ਰਿਸ਼ਤੇਦਾਰ ਅਸਲੀ ਅੱਥਰੂ ਹੀ ਕੇਰਦੇ ਸਨ।

ਹਰ ਚਿੱਠੀ ਦੇ ਸ਼ੁਰੂ ਵਿਚ ਲਿਖਿਆ ਹੁੰਦਾ ਸੀ ਇੱਥੇ ਸੁੱਖ-ਸਾਂਦ ਹੈ, ਤੁਹਾਡੀ ਸੁੱਖ-ਸਾਂਦ ਪ੍ਰਮਾਤਮਾ ਤੋਂ ਨੇਕ ਚਾਹੁੰਦੇ ਹਾਂ।

ਲੋਕ ਮਰੀਜ਼ ਨੂੰ ਹਸਪਤਾਲ ਉਦੋਂ ਹੀ ਲੈ ਕੇ ਜਾਂਦੇ ਸਨ ਜਦੋਂ ਉਹ ਲਗਭਗ ਮਰ ਚੁੱਕਾ ਹੁੰਦਾ ਸੀ। ਲੋਕ ਉਪਰੇਸ਼ਨ ਤੋਂ ਬੜਾ ਡਰਦੇ ਸਨ। ਇਕ ਜਗੀਰਦਾਰ ਨੇ ਆਪਣਾ ਦੰਦ ਕਢਵਾਉਣ ਵੇਲੇ, ਹੋਣ ਵਾਲੀ ਪੀੜ ਜਾਣਨ ਵਾਸਤੇ, ਪਹਿਲਾਂ ਆਪਣੇ ਇਕ ਮੁਜ਼ਾਰੇ ਦਾ ਦੰਦ ਕਢਵਾਇਆ ਸੀ।

ਬਹੁਤੇ ਇਲਾਜ ਘਰੇਲੂ ਨੁਸਖ਼ਿਆਂ ਨਾਲ ਹੀ ਕੀਤੇ ਜਾਂਦੇ ਸਨ ਅਤੇ ਮਰ ਜਾਣਾ, ਰੱਬ ਦੀ ਮਰਜ਼ੀ ਸਮਝਿਆ ਜਾਂਦਾ ਸੀ।

ਪੁਰਾਣਾ ਜ਼ਮਾਨਾ ਉਹ ਸਮਾਂ ਸੀ, ਜਦੋਂ ਸ਼ਹਿਰੀਆਂ ਨੂੰ ਵੀ ਸ਼ਹਿਰੀਆਂ ਵਾਲੀਆਂ ਚਲਾਕੀਆਂ ਨਹੀਂ ਸਨ ਆਉਂਦੀਆਂ। ਜੀਵਨ ਦੀ ਚਾਲ ਸਹਿਜ ਸੀ।

ਵੇਖਿਆ ਗਿਆ ਹੈ ਕਿ ਬਹੁਤੇ ਲੋਕ ਪੁਰਾਣੇ ਜ਼ਮਾਨੇ ਨੂੰ ਉਦੋਂ ਚੀਜ਼ਾਂ ਦੇ ਸਸਤੇ ਹੋਣ ਕਰਕੇ ਵਡਿਆਉਂਦੇ ਹਨ ਪਰ ਉਦੋਂ ਵੀ ਚੀਜ਼ਾਂ ਉਸ ਵੇਲੇ ਦੀਆਂ ਆਮਦਨਾਂ ਦੇ ਸੰਦਰਭ ਵਿਚ ਮਹਿੰਗੀਆਂ ਹੀ ਸਨ। ਵੀਹ ਰੁਪਏ ਤੋਲਾ ਸੋਨਾ ਸੀ ਪਰ ਵੀਹ ਰੁਪਏ ਹੁੰਦੇ ਹੀ ਕਿਸ ਕੋਲ ਸਨ!

ਇਕ ਬੰਦੇ ਕੋਲ ਪੰਜ ਹਜ਼ਾਰ ਰੁਪਈਆ ਸੀ ਅਤੇ ਉਸ ਦਾ ਨਾਂ ਹੀ ਪੰਜ-ਹਜ਼ਾਰੀ ਪੈ ਗਿਆ ਸੀ ਅਤੇ ਦੂਰ-ਦੂਰ ਦੇ ਲੋਕ ਉਸ ਨੂੰ ਵੇਖਣ ਆਉਂਦੇ ਸਨ।

ਦੂਜਾ ਸੰਸਾਰ ਯੁੱਧ ਮੁੱਕਣ, ਦੇਸ਼ ਅਜ਼ਾਦ ਹੋਣ, ਹਿਮਾਲਾ ਦੀ ਚੋਟੀ ਨੂੰ ਫਤਹਿ ਕਰਨ, ਗਾਂਧੀ ਜੀ ਦੇ ਮਾਰੇ ਜਾਣ ਆਦਿ ਦੀ ਖ਼ਬਰ ਦੇਸ਼ ਵਿਚ ਜੰਗਲ ਦੀ ਅੱਗ ਵਾਂਗ ਫੈਲੀ ਸੀ।

ਜਿਤਨੇ ਅੱਜ ਕੱਲ੍ਹ ਇਕ ਆਮ ਘਰ ਵਿਚ ਕੱਪੜੇ ਹੁੰਦੇ ਹਨ, ਉਤਨੇ ਕੱਪੜੇ ਪੁਰਾਣੇ ਜ਼ਮਾਨੇ ਵਿਚ ਕੱਪੜੇ ਦੀ ਇਕ ਦੁਕਾਨ ਵਿਚ ਵੀ ਨਹੀਂ ਸਨ ਹੁੰਦੇ।

ਚੀਜ਼ਾਂ ਘੱਟ ਸਨ ਪਰ ਚਾਅ ਵਧੇਰੇ ਸਨ, ਵਸੀਲੇ ਥੋੜ੍ਹੇ ਸਨ ਪਰ ਪਿਆਰ ਬਹੁਤ ਸੀ, ਸਾਧਨ ਘੱਟ ਸਨ ਪਰ ਸਾਧਨਾ ਦਾ ਕੋਈ ਅੰਤ ਨਹੀਂ ਸੀ।

ਪਰਉਪਕਾਰੀ ਕਿਸਾਨ ਦੇ ਦਿਲ ਵਾਂਗ ਆਲਾ-ਦੁਆਲਾ ਬੜਾ ਖੁਲ੍ਹਾ ਸੀ।

ਦਫ਼ਤਰਾਂ ਵਿਚ ਰਿਸ਼ਵਤ ਕੋਈ ਜਾਣਦਾ ਵੀ ਨਹੀਂ ਸੀ, ਸਭਨੀਂ ਥਾਈਂ ਸ਼ਰਾਫ਼ਤ ਦਾ ਰਾਜ ਸੀ।

ਅੱਖ ਦੀ ਸ਼ਰਮ ਹਰ ਵਿਅਕਤੀ ਦਾ ਮੁੱਖ ਲੱਛਣ ਹੋਇਆ ਕਰਦੀ ਸੀ।

ਜਦੋਂ ਵੀ ਗੱਲ ਚੱਲੇਗੀ ਕਿ ਕਿਥੋਂ ਚੱਲੇ ਸਾਂ, ਕਿੱਥੇ ਪਹੁੰਚੇ ਹਾਂ ਤਾਂ ਨਿਚੋੜ ਇਹੀ ਨਿਕਲੇਗਾ ਕਿ ਲੰਮੀਆਂ ਕਾਰਾਂ, ਚੌੜੀਆਂ ਜਾਇਦਾਦਾਂ ਅਤੇ ਵੱਡੀਆਂ ਆਮਦਨਾਂ ਤਸੱਲੀ ਨਹੀਂ ਦਿੰਦੀਆਂ, ਤਸੱਲੀ ਮਿਲਦੀ ਹੈ ਸੁੱਚੇ ਅਤੇ ਸੁਹਿਰਦ ਰਿਸ਼ਤਿਆਂ ਦੇ ਨਿੱਘ ਵਿਚੋਂ, ਇਸ ਕਰਕੇ ਪੁਰਾਣੇ ਜ਼ਮਾਨੇ ਦੇ ਖੁਲ੍ਹੇ-ਖੁਲਾਸੇ ਅਤੇ ਸਾਦੇ ਅਤੇ ਸਾਊ, ਸਖੀ ਅਤੇ ਸਹਿਯੋਗੀ ਜੀਵਨ ਦੇ ਵੇਰਵਿਆਂ ਸਾਹਮਣੇ ਮੰਨਣਾ ਪਵੇਗਾ ਕਿ ਪੁਰਾਣੇ ਜ਼ਮਾਨੇ ਬੜੇ ਚੰਗੇ ਸਨ।

ਚੱਜ-ਆਚਾਰ

ਦਾਦਾ ਜੀ, ਪਿਤਾ ਜੀ ਕਿਤਨੇ ਵੀ ਲੰਮੇ ਰਹੇ ਹੋਣ, ਦੱਸਣ ਵੇਲੇ ਸਾਨੂੰ ਆਪਣਾ ਕੱਦ ਹੀ ਦੱਸਣਾ ਪਵੇਗਾ।

ਜੇ ਜਾਣ ਵੇਲੇ ਦਰਵਾਜ਼ਾ ਅਰਾਮ ਨਾਲ ਬੰਦ ਕਰੀਏ ਤਾਂ ਹੀ ਅਗਲਾ ਦਰਵਾਜ਼ਾ ਅਰਾਮ ਨਾਲ ਖੁੱਲ੍ਹਦਾ ਹੈ।

ਚੱਜ-ਆਚਾਰ, ਵਰਤੋਂ-ਵਿਹਾਰ, ਸ਼ਿਸ਼ਟਾਚਾਰ ਆਦਿ ਦੀ ਮੁੱਢਲੀ ਸਿੱਖਿਆ ਸਾਨੂੰ ਆਪਣੇ ਘਰ ਅਤੇ ਪਰਿਵਾਰ ਵਿਚੋਂ ਮਿਲਦੀ ਹੈ। ਵਿਦਿਆ ਵਾਂਗ, ਚੱਜ-ਆਚਾਰ ਦੇ ਪੱਖੋਂ ਵੀ, ਹਰ ਕਿਸੇ ਨੂੰ ਮੁੱਢੋਂ ਅਰੰਭ ਕਰਨਾ ਪੈਂਦਾ ਹੈ।

ਘਰ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਅਸੀਂ ਆਪ ਰਹਿੰਦੇ ਹਾਂ ਅਤੇ ਜਿਥੇ ਸਾਡੇ ਮਹਿਮਾਨ ਆਉਂਦੇ ਹਨ।

ਮਹਿਮਾਨ ਸਾਨੂੰ ਆਪਣਾ ਚੱਜ-ਆਚਾਰ ਵਿਖਾਉਂਦੇ ਅਤੇ ਸਾਡਾ ਚੱਜ-ਆਚਾਰ ਪਰਖਦੇ ਹਨ।

ਜਦੋਂ ਤੱਕ ਅਸੀਂ ਦੂਜਿਆਂ ਦਾ ਅਨੋਖਾਪਣ ਨਹੀਂ ਵੇਖਦੇ, ਉਦੋਂ ਤੱਕ ਸਾਨੂੰ ਆਪਣੇ ਨਿਵੇਕਲੇਪਣ ਦੀ ਸੋਝੀ ਵੀ ਨਹੀਂ ਹੁੰਦੀ।

ਚੱਜ-ਆਚਾਰ ਵਾਲੇ ਬੰਦੇ ਆਸ-ਉਮੀਦ ਦਾ ਹੁੰਗਾਰਾ ਹੁੰਦੇ ਹਨ, ਉਨ੍ਹਾਂ ਦੇ ਹੁੰਦਿਆਂ ਜ਼ਿੰਦਗੀ ਦੇ ਸੋਹਣੇ ਹੋਣ ਦੀ ਧਰਵਾਸ ਬਣੀ ਰਹਿੰਦੀ ਹੈ। ਚੱਜ-ਆਚਾਰ ਵਾਲਾ ਬੰਦਾ ਜੋ ਕੁਝ ਕਰਦਾ, ਕਹਿੰਦਾ ਹੈ, ਉਹ ਉਸ ਵਲੋਂ ਕੀਤੇ, ਕਹੇ ਅਤੇ ਦੱਸੇ ਜਾਣ ਕਾਰਨ ਚੰਗਾ ਲੱਗਦਾ ਹੈ।

ਚੱਜ-ਆਚਾਰ ਦਾ ਉਦੇਸ਼ ਚੰਗੇ ਲੱਗਣਾ ਹੁੰਦਾ ਹੈ। ਚੰਗੇ ਬੰਦੇ ਦੇ ਜਾਣ ਮਗਰੋਂ ਵੀ ਉਸ ਦੇ ਚੰਗੇ ਹੋਣ ਦੀਆਂ ਹੀ ਗੱਲਾਂ ਹੁੰਦੀਆਂ ਹਨ।

ਚੱਜ-ਆਚਾਰ ਵਾਲੇ ਲੋਕ ਜ਼ਿੰਮੇਵਾਰ ਹੁੰਦੇ ਹਨ ਅਤੇ ਜ਼ਿੰਮੇਵਾਰੀਆਂ ਚੁੱਕਦੇ ਹਨ, ਜਿਸ ਕਾਰਨ ਹਰ ਕਿਸੇ ਨੂੰ ਉਨ੍ਹਾਂ ਦੀ ਲੋੜ ਅਤੇ ਉਡੀਕ ਹੁੰਦੀ ਹੈ।

ਅਕਸਰ ਕਿਸੇ ਇਕ ਬੰਦੇ ਦੇ ਸੁਚੱਜੇ ਵਿਹਾਰ ਕਾਰਨ, ਉਸ ਦਾ ਛੋਟਾ ਜਿਹਾ ਪਿੰਡ, ਵੱਡਾ ਨਾਂ ਬਣ ਜਾਂਦਾ ਹੈ।

ਸਮਾਜ ਜਾਂ ਅਰਥਚਾਰਾ ਕੋਈ ਵੀ ਹੋਵੇ, ਮਨੁੱਖ ਨਿਰੋਲ ਆਪਣੀ ਮਰਜ਼ੀ ਨਾਲ ਨਹੀਂ ਚੱਲ ਸਕਦਾ। ਹਰ ਕਿਸੇ ਨੂੰ ਸਮਾਜ ਵਲੋਂ ਉਸਾਰੇ ਵਿਹਾਰ ਦੇ ਸਾਂਝੇ ਨੇਮ ਮੰਨਣੇ ਪੈਂਦੇ ਹਨ, ਜਿਨ੍ਹਾਂ ਨੂੰ ਰੀਤੀ-ਰਿਵਾਜ ਕਿਹਾ ਜਾਂਦਾ ਹੈ।

ਰਸਮਾਂ-ਰੀਤਾਂ ਦੇ ਅਰਥ, ਇਨ੍ਹਾਂ ਦੇ ਬਾਹਰੀ ਰੂਪ ਵਿਚ ਨਹੀਂ ਹੁੰਦੇ, ਇਨ੍ਹਾਂ ਦੇ ਅੰਦਰ ਛੁਪੇ ਹੋਏ ਹੁੰਦੇ ਹਨ।

ਇਨ੍ਹਾਂ ਰਸਮਾਂ-ਰੀਤਾਂ ਤੋਂ ਬੇਮੁੱਖ ਹੋ ਕੇ ਮਨੁੱਖ ਸੁੰਗੜਦਾ ਹ। ਫੈਲਣ ਦੀ ਥਾਂ ਸੁੰਗੜਨ ਕਾਰਨ ਹੀ ਅਸੀਂ ਪਹਿਲਾਂ ਚਾਚੇ-ਤਾਏ ਘਰੋਂ ਕੱਢੇ, ਫਿਰ ਦਾਦਾ-ਦਾਦੀ ਵੀ ਕੱਢ ਦਿੱਤੇ। ਇਨ੍ਹਾਂ ਕਾਰਨਾਂ ਕਰਕੇ ਹੀ ਹੁਣ ਪਤੀ-ਪਤਨੀ, ਪਿਉ-ਪੁੱਤਰ ਝਗੜਦੇ ਹਨ ਅਤੇ ਮਾਂ-ਧੀ ਵੀ ਬਿਨਾ ਲੜੇ-ਝਗੜੇ ਨਹੀਂ ਰਹਿ ਸਕਦੀਆਂ।

ਚੱਜ-ਆਚਾਰ ਜ਼ਿੰਦਗੀ ਦੇ ਚਾਨਣੇ-ਪੱਖ ਨੂੰ ਹੋਰ ਚਮਕਾ ਦਿੰਦੇ ਹਨ, ਜਦੋਂ ਕਿ ਇਨ੍ਹਾਂ ਦੀ ਅਣਹੋਂਦ ਵਿਚੋਂ ਖੁੜ੍ਹਾਂ, ਅਪਮਾਨ, ਝਗੜੇ, ਵਿਰੋਧ ਅਤੇ ਸਾੜਾ-ਈਰਖਾ ਹੀ ਉਪਜਦੇ ਹਨ।

ਹੁਣ ਇਕ ਮਿਹਨਤ ਕਰਦਾ ਹੈ ਅਤੇ ਸੈਂਕੜੇ ਸੁਪਨੇ ਵੇਖਦੇ ਹਨ। ਇਕ ਚਾਹੁੰਦਾ ਹੈ ਕਿ ਮੈਂ ਮਿਹਨਤ ਨਾਲ ਕਰੋੜਪਤੀ ਬਣਾਂ ਪਰ ਪੰਜਾਹ ਚਾਹੁਣਗੇ ਕਿ ਕਿਧਰੋਂ ਕਰੋੜ ਰੁਪਏ ਹੀ ਲੱਭ ਪੈਣ।

ਅਸੀਂ ਸਮਾਜ ਦਾ ਅੰਗ ਇਸ ਲਈ ਬਣਨਾ ਚਾਹੁੰਦੇ ਹਾਂ, ਕਿਉਂਕਿ ਸਾਡੇ ਵਿਚ ਵੱਡੇ ਹੋਣ ਅਤੇ ਫੈਲਣ ਦੀ ਇੱਛਾ ਹੁੰਦੀ ਹੈ ਅਤੇ ਸਮਾਜ ਸਾਨੂੰ ਵਿਕਾਸ ਕਰਨ ਲਈ ਸਹੂਲਤਾਂ ਪ੍ਰਦਾਨ ਕਰਦਾ ਹੈ।

ਮਨੁੱਖ ਦਾ ਸਮਾਜ ਨਾਲ ਉਹੀ ਸੰਬੰਧ ਹੈ ਜੋ ਬੈਟਰੀ ਦਾ ਕਾਰ ਨਾਲ ਹੁੰਦਾ ਹੈ। ਬੈਟਰੀ ਕਾਰ ਨੂੰ ਚਲਾਉਂਦੀ ਹੈ ਅਤੇ ਕਾਰ ਦੇ ਚੱਲਣ ਨਾਲ ਆਪ ਚੱਲਦੀ ਰਹਿੰਦੀ ਹੈ ਅਤੇ ਦੋਹਾਂ ਵਿਚ ਇਕ-ਦੂਜੇ ਪ੍ਰਤੀ ਸਹਿਯੋਗ ਅਤੇ ਸਤਿਕਾਰ ਦੀ ਭਾਵਨਾ ਹੁੰਦੀ ਹੈ।

ਭਾਰਤ ਦੇ ਲੋਕ ਧਰਮ ਤੋਂ ਸਿਵਾਇ ਹਰ ਚੀਜ਼ ਜਾਂ ਵਿਹਾਰ ਪ੍ਰਤੀ ਲਾਪ੍ਰਵਾਹ ਹਨ ਪਰ ਹੁਣ ਸਮੁੱਚੇ ਸੰਸਾਰ ਨਾਲ ਵਾਹ ਪੈਣ ਕਰਕੇ ਸਾਰੇ ਸੋਚਣ ਲੱਗ ਪਏ ਹਨ ਕਿ ਜ਼ਿੰਦਗੀ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਸੁਧਾਰਿਆ-ਸੰਵਾਰਿਆ ਜਾ ਸਕਦਾ ਹੈ।

ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਸਾਊ ਵਿਹਾਰ ਕੀਤਾ ਜਾਵੇ ਅਤੇ ਸਾਨੂੰ ਟਿਕਟ ਲੈਣ ਵੇਲੇ ਲੰਮੀ ਕਤਾਰ ਵਿਚ ਨਾ ਖਲੋਣਾ ਪਵੇ, ਬਿਲ ਭਰਨ ਵੇਲੇ ਪ੍ਰੇਸ਼ਾਨ ਨਾ ਹੋਣਾ ਪਵੇ, ਦਫ਼ਤਰ ਵਿਚ ਕੰਮ ਲਈ ਗੇੜੇ ਨਾ ਲਾਉਣੇ ਪੈਣ।

ਵਪਾਰਕ ਖੇਤਰ ਵਿਚ ਮੁਕਾਬਲੇ ਕਾਰਨ, ਪਰਿਵਰਤਨ ਵਾਪਰਨ ਲੱਗਿਆ ਹੈ। ਕੋਈ ਵੀ ਪਰਿਵਰਤਨ ਸੌਖਿਆਂ ਨਹੀਂ ਵਾਪਰਦਾ ਪਰ ਪਰਿਵਰਤਨ ਬਿਨਾ ਕਿਸੇ ਪ੍ਰਕਾਰ ਦਾ ਕੋਈ ਵਿਕਾਸ ਸੰਭਵ ਨਹੀਂ ਹੁੰਦਾ।

ਪੰਜਾਬੀਆਂ ਵਿਚ ਵੱਡੇ ਗੁਣ ਹਨ। ਵਾਰਨ ਲੱਗਿਆਂ ਇਹ ਜਾਨ ਦੀ ਵੀ ਪ੍ਰਵਾਹ ਨਹੀਂ ਕਰਦੇ, ਇਨ੍ਹਾਂ ਤੋਂ ਵੱਡੀਆਂ ਕੁਰਬਾਨੀਆਂ ਕੋਈ ਨਹੀਂ ਕਰ ਸਕਦਾ ਪਰ ਇਹ ਮੱਧਕਾਲੀ ਸਮਾਜ ਦੇ ਗੁਣ ਸਨ, ਆਧੁਨਿਕ ਸਮਾਜ ਵਿਚ ਕੰਮ ਆਉਣ ਵਾਲਾ ਚੱਜ-ਆਚਾਰ ਕਿਧਰੇ ਵੀ ਪੰਜਾਬੀਆਂ ਦਾ ਗੁਣ ਜਾਂ ਪਛਾਣ ਨਹੀਂ ਬਣਿਆ।

ਕਾਰਨ ਇਹ ਹੈ ਕਿ ਜਦੋਂ ਤੱਕ ਕੋਈ ਕੌਮ ਲੰਮਾ ਅਰਸਾ ਰਾਜ ਨਹੀਂ ਕਰਦੀ, ਉਸ ਕੌਮ ਵਿਚ ਚੱਜ-ਆਚਾਰ ਦੀ ਆਪਣੀ ਕੋਈ ਨਿਵੇਕਲੀ ਜਾਂ ਮੌਲਿਕ ਪ੍ਰੰਪਰਾ ਨਹੀਂ ਉਪਜਦੀ।

ਪੰਜਾਬੀਆਂ ਦਾ ਇਤਿਹਾਸ ਰਾਜ ਕਰਨ ਵਾਲਿਆਂ ਦਾ ਇਤਿਹਾਸ ਨਹੀਂ, ਰਾਜ ਦਾ ਵਿਰੋਧ ਕਰਨ ਵਾਲਿਆਂ ਦਾ ਇਤਿਹਾਸ ਹੈ। ਸਾਡੇ ਕੋਲ ਵਿਰੋਧ ਪ੍ਰਗਟਾਉਣ ਵਾਲੀ ਸ਼ਬਦਾਵਲੀ ਹੈ, ਰਾਜ ਕਰਨ ਵਾਲੀ ਸਮਰੱਥਾ ਅਤੇ ਸ਼ਬਦਾਵਲੀ ਨਹੀਂ ਹੈ।

ਚੱਜ-ਆਚਾਰ ਦੇ ਪੱਖੋਂ ਅਸੀਂ ਪਹਿਲਾਂ ਹੀ ਪੱਛੜ ਚੁੱਕੇ ਹਾਂ, ਇਸ ਲਈ ਸਾਨੂੰ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਸਿੱਖਿਆ ਤੋਂ ਬਿਨਾ ਅਤੇ ਜੀਵਨ ਦੇ ਸ਼ਹਿਰੀਕਰਣ ਤੋਂ ਬਿਨਾ, ਚੱਜ-ਆਚਾਰ ਨਹੀਂ ਉਪਜਦਾ। ਸਿੱਖਿਆ ਤੋਂ ਬਿਨਾ ਪੰਜਾਬੀ ਕਿਸਾਨ, ਵੱਡੇ ਵਪਾਰੀ ਅਤੇ ਸਮਰੱਥ ਕਰਮਚਾਰੀ ਨਹੀਂ ਬਣ ਸਕਦੇ ਅਤੇ ਜਦੋਂ ਤੱਕ ਇਹ ਵਪਾਰੀ ਨਹੀਂ ਬਣਨਗੇ, ਇਹ ਕਾਰਖਾਨੇਦਾਰ ਨਹੀਂ ਬਣ ਸਕਦੇ।

ਕਿਸਾਨ ਤੋਂ ਵਪਾਰੀ-ਕਰਮਚਾਰੀ ਅਤੇ ਉਸ ਉਪਰੰਤ ਉਦਯੋਗਪਤੀ ਬਣਨਾ ਵਿਕਾਸ ਅਤੇ ਖੁਸ਼ਹਾਲੀ ਦਾ ਨਿਸਚਿਤ ਮਾਰਗ ਹੈ। ਇਸ ਮਾਰਗ ਨੂੰ ਅਪਨਾਏ ਬਿਨਾ ਜੀਵਨ-ਪੱਧਰ ਦਾ ਉੱਚਾ ਉੱਠਣਾ ਅਤੇ ਬਦਲਦੇ ਸੰਸਾਰ ਤੋਂ ਲਾਭ ਉਠਾਉਣਾ ਸੰਭਵ ਨਹੀਂ ਹੋਵੇਗਾ।

ਦੁਰਭਾਗ ਵਸ ਸਾਡੇ ਕਿਸਾਨੀ ਸਮਾਜ ਨੂੰ ਇਹ ਇਤਿਹਾਸਕ ਸੱਚ ਸਮਝ ਨਹੀਂ ਆ ਰਿਹਾ, ਜਿਸ ਕਾਰਨ ਕਿਸਾਨੀ ਪੱਛੜਦੀ ਜਾ ਰਹੀ ਹੈ।

ਵਿਦੇਸ਼ਾਂ ਵਿਚ ਗਏ ਪੰਜਾਬੀ ਵੀ ਚੰਗੇ ਚੱਜ-ਆਚਾਰ ਦੀ ਅਣਹੋਂਦ ਕਾਰਨ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਦਾ ਵਿਹਾਰ ਪੰਜਾਬ ਵਿਚਲੇ ਪੰਜਾਬੀਆਂ ਨਾਲੋਂ ਵੀ ਨੀਵਾਂ ਅਤੇ ਮਾੜਾ ਹੁੰਦਾ ਹੈ।

ਚੱਜ-ਆਚਾਰ ਤੋਂ ਬਿਨਾ ਖੁਸ਼ਹਾਲੀ ਦੇ ਕੋਈ ਅਰਥ ਨਹੀਂ ਨਿਕਲਦੇ।

ਇਹ ਆਮ ਭੁਲੇਖਾ ਹੈ ਕਿ ਅਮੀਰ ਹੋਣ ਨਾਲ ਸਾਡੇ ਵਿਚ ਚੱਜ-ਆਚਾਰ ਆਪੇ ਆ ਜਾਵੇਗਾ। ਚੱਜ-ਆਚਾਰ ਵਪਾਰ ਦੀ ਬੁਨਿਆਦੀ ਲੋੜ ਹੁੰਦੀ ਹੈ।

ਜਿਥੇ ਵਿਹਾਰ ਸਾਊ ਹੋਵੇਗਾ, ਉੱਥੇ ਸ਼ਾਂਤੀ ਹੋਵੇਗੀ, ਜਿਥੇ ਸ਼ਾਂਤੀ ਹੋਵੇਗੀ, ਉਥੇ ਵਪਾਰ ਵਧੇਗਾ, ਖੁਸ਼ਹਾਲੀ ਆਵੇਗੀ, ਰੋਜ਼ਗਾਰ ਵਧੇਗਾ।

ਵਪਾਰ ਘਮੰਡੀ ਅਤੇ ਕਠੋਰ ਲੋਕਾਂ ਨੂੰ ਨਿਮਰ, ਸਹਿਯੋਗੀ ਅਤੇ ਸੇਵਾਭਾਵੀ ਬਣਾ ਦਿੰਦਾ ਹੈ।

ਚੱਜ-ਆਚਾਰ ਵਾਲਾ ਵਿਅਕਤੀ ਦੂਜਿਆਂ ਨੂੰ ਮਾਣ-ਸਤਿਕਾਰ ਦਿੰਦਿਆਂ ਆਪ ਮਾਣ ਲੈਂਦਾ ਹੈ। ਚੱਜ-ਆਚਾਰ ਵਾਲਾ ਬੰਦਾ ਕੋਹਜਾ ਹੋ ਹੀ ਨਹੀਂ ਸਕਦਾ। ਕਿਸੇ ਦੀ ਸੁੰਦਰਤਾ ਸਾਡਾ ਕੇਵਲ ਧਿਆਨ ਹੀ ਖਿੱਚਦੀ ਹੈ, ਜਦੋਂ ਕਿ ਪ੍ਰਭਾਵਿਤ ਅਸੀਂ ਉਸ ਦੇ ਚੱਜ-ਆਚਾਰ ਤੋਂ ਹੁੰਦੇ ਹਾਂ।

ਸਾਊ ਸਲੀਕੇ ਵਾਲੇ ਲੋਕ ਚੰਗੀਆਂ ਸਾਫ਼-ਸੁਥਰੀਆਂ ਆਦਤਾਂ ਦੇ ਧਾਰਨੀ, ਚੁੱਪ ਰਹਿਣੇ ਅਤੇ ਨਾਪ-ਤੋਲ ਕੇ ਬੋਲਣ ਵਾਲੇ ਹੁੰਦੇ ਹਨ।

ਚੱਜ-ਆਚਾਰ ਦਾ ਸੁਨਹਿਰੀ ਅਸੂਲ ਹੈ ਕਿ ਸੂਝਵਾਨਾਂ ਅੱਗੇ ਬੋਲਿਆ ਘੱਟ ਜਾਵੇ ਅਤੇ ਉਨ੍ਹਾਂ ਨੂੰ ਸੁਣਿਆ ਵੱਧ ਜਾਵੇ।

ਚੱਜ-ਆਚਾਰ ਵਾਲੇ ਚੰਗਾ ਸਾਥ ਬਣਦੇ ਹਨ ਅਤੇ ਸਾਥ ਨੂੰ ਚੰਗੀ ਤਰ੍ਹਾਂ ਮਾਣਦੇ ਹਨ ਅਤੇ ਉਨ੍ਹਾਂ ਕੋਲ ਆਲੋਚਨਾ ਘੱਟ ਅਤੇ ਪ੍ਰਸੰਸਾ ਵਧੇਰੇ ਹੁੰਦੀ ਹੈ।

ਆਲੋਚਨਾ ਉਸੇ ਦੀ ਕਰਨੀ ਚਾਹੀਦੀ ਹੈ, ਜਿਸ ਦੇ ਵਿਕਾਸ ਵਿਚ ਸਾਡੀ ਦਿਲਚਸਪੀ ਹੋਵੇ। ਕਿਸੇ ਦੀ ਆਲੋਚਨਾ ਕਰਨ ਤੋਂ ਪਹਿਲਾਂ, ਉਸ ਦੇ ਵਿਹਾਰ ਵਿਚ ਛੁਪੇ ਅਸਲ ਅਰਥਾਂ ਨੂੰ ਜਾਣਨਾ ਜ਼ਰੂਰੀ ਹੁੰਦਾ ਹੈ।

ਭਾਰਤ ਵਿਚ ਵੀਹਵੀਂ ਸਦੀ ਦੇ ਅਰੰਭ ਤੱਕ ਲੋਕ ਸੜਕਾਂ ਦੇ ਵਿਚਕਾਰ ਚੱਲਦੇ ਸਨ। ਉਸ ਸਮੇਂ ਦਾ ਇਕ ਅੰਗ੍ਰੇਜ਼ ਅਫਸਰ, ਸਵੇਰੇ ਘੋੜੇ 'ਤੇ ਚੜ੍ਹਕੇ, ਵੱਡੀ ਸੜਕ ਉੱਤੇ, ਦੂਰ-ਦੂਰ ਤੱਕ ਜਾ ਕੇ, ਜਿਹੜਾ ਖੱਬੇ ਪਾਸੇ ਨਹੀਂ ਚੱਲ ਰਿਹਾ ਹੁੰਦਾ ਸੀ, ਉਸ ਨੂੰ ਚਾਬਕਾਂ ਮਾਰਦਾ ਸੀ। ਉਸ ਦਾ ਅਸਲ ਉਦੇਸ਼ ਸੜਕਾਂ ਤੇ ਆਵਾਜਾਈ ਨੂੰ ਨੇਮਬੱਧ ਕਰਨਾ ਸੀ। ਅਜਿਹੇ ਵਿਹਾਰ ਕਾਰਨ ਉਸ ਨੂੰ ਤਾੜਨਾ ਵੀ ਹੋਈ ਪਰ ਉਹ ਜਿੱਥੇ-ਜਿੱਥੇ ਗਿਆ, ਲੋਕ ਉਸ ਤੋਂ ਡਰਦਿਆਂ ਖੱਬੇ ਪਾਸੇ ਚੱਲਣ ਲੱਗ ਪਏ। ਉਸ ਨੇ ਭਾਰਤ ਵਿਚ ਲੋਕਾਂ ਨੂੰ ਖੱਬੇ ਪਾਸੇ ਚੱਲਣ ਦੀ ਆਦਤ ਪਾਈ ਸੀ। ਉਸ ਦੇ ਚਲੇ ਜਾਣ ਮਗਰੋਂ, ਜਿਨ੍ਹਾਂ ਨੂੰ ਚਾਬਕਾਂ ਪਈਆਂ ਸਨ, ਉਹ ਵੀ ਉਸ ਦੀਆਂ ਸਿਫ਼ਤਾਂ ਕਰਦੇ ਸਨ।

ਸਮੇਂ ਦੀ ਪਾਬੰਦੀ ਚੱਜ-ਆਚਾਰ ਦਾ ਉਘੜਵਾਂ ਲੱਛਣ ਹੁੰਦੀ ਹੈ। ਸੰਸਾਰ ਵਿਚ ਜਿਹੜੇ ਮੁਲਕ ਖੁਸ਼ਹਾਲ ਹਨ, ਉਹ ਸਮੇਂ ਦੀ ਪਾਬੰਦੀ ਕਾਰਨ ਹੀ ਖੁਸ਼ਹਾਲ ਹਨ। ਯੋਰਪ ਵਿਚ ਚਰਚ ਨੇ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਹੀ ਵਕਤ ਦੀ ਪਾਬੰਦੀ ਲਾਗੂ ਕਰ ਦਿੱਤੀ ਸੀ।

ਸੰਸਾਰ ਦੇ ਗਰੀਬ ਦੇਸ਼ ਇਸ ਲਈ ਗਰੀਬ ਹਨ, ਕਿਉਂਕਿ ਉਹ ਸਮੇਂ ਦੇ ਮਹੱਤਵ ਤੋਂ ਅਵੇਸਲੇ ਹਨ। ਸਮੇਂ ਪ੍ਰਤੀ ਸਾਡੀ ਲਾਪ੍ਰਵਾਹੀ ਸਾਡੇ ਵਿਹਾਰ ਦਾ ਸਭ ਤੋਂ ਵੱਡਾ ਔਗੁਣ ਹੈ, ਜਿਸ ਵਿਚੋਂ ਝੂਠ ਬੋਲਣ, ਬਹਾਨੇ ਲਾਉਣ ਅਤੇ ਸੁਸਤ ਹੋਣ ਦੇ ਲੱਛਣ ਉਪਜਦੇ ਹਨ।

ਇਕ ਵਾਰੀ ਇਕ ਰੇਲਗੱਡੀ ਰੋਜ਼ ਵਾਂਗ ਥਾਂ-ਥਾਂ ਰੁਕਣ ਕਰਕੇ ਡੇਢ ਘੰਟਾ ਲੇਟ ਪਹੁੰਚੀ ਅਤੇ ਸਵਾਰੀਆਂ ਨੇ ਗਾਰਡ ਅਤੇ ਡਰਾਈਵਰ ਦੋਵੇਂ ਕੁੱਟ ਦਿੱਤੇ। ਵਾਪਸੀ 'ਤੇ ਉਹ ਗੱਡੀ ਉਸੇ ਡਰਾਈਵਰ-ਗਾਰਡ ਨਾਲ ਕਈ ਸਟੇਸ਼ਨਾਂ 'ਤੇ ਰੁਕੇ ਬਿਨਾ ਆਪਣੇ ਅੰਤਲੇ ਸਟੇਸ਼ਟ 'ਤੇ ਅੱਧਾ ਘੰਟਾ ਪਹਿਲਾਂ ਪਹੁੰਚ ਗਈ। ਜਿਹੜੇ ਰਹਿ ਗਏ ਸਨ, ਉਹ ਛੋਟੇ ਰਸਤੇ ਰਾਹੀਂ ਇਸ ਸਟੇਸ਼ਨ ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਗਾਰਡ ਅਤੇ ਡਰਾਈਵਰ ਨਾਲ ਸਟੇਸ਼ਨ-ਮਾਸਟਰ ਵੀ ਕੁੱਟ ਦਿੱਤਾ।

ਸਮੇਂ ਦੀ ਪਾਬੰਦੀ ਨਾ ਹੋਣ ਕਾਰਨ ਗੱਡੀ ਚਲਾਉਣ ਦੇ ਇਹ ਦੋਵੇਂ ਢੰਗ ਗਲਤ ਸਨ। ਸਹੀ ਵਿਹਾਰ ਕਹਿੰਦਾ ਹੈ ਕਿ ਗੱਡੀ ਨਾ ਪਹਿਲਾਂ ਪਹੁੰਚੇ ਨਾ ਦੇਰ ਨਾਲ, ਗੱਡੀ ਆਪਣੇ ਨਿਸਚਿਤ ਸਮੇਂ ਤੇ ਪਹੁੰਚਣੀ ਚਾਹੀਦੀ ਹੈ।

ਰਾਜਸੀ ਨੇਤਾਵਾਂ ਦਾ ਚੱਜ-ਆਚਾਰ ਉਨ੍ਹਾਂ ਵੱਲੋਂ ਵਿਖਾਈ ਸਮੇਂ ਦੀ ਪਾਬੰਦੀ ਨਾਲ ਮਾਪਿਆ ਜਾਂਦਾ ਹੈ।

ਆਪਣੀ ਗਲਤੀ ਨੂੰ ਮੰਨਣਾ ਚੱਜ-ਆਚਾਰ ਦਾ ਸੁਨਹਿਰੀ ਅਸੂਲ ਹੁੰਦਾ ਹੈ। ਇਕ ਵਾਰੀ ਯੂਨੀਵਰਸਿਟੀ ਦੀ ਇਕ ਲੜਕੀ ਆਪਣੀ ਸਹੇਲੀ ਨੂੰ ਬੱਸ ਚੜ੍ਹਾਉਣ ਵਾਸਤੇ ਆਪਣੀ ਕਾਰ, ਬੱਸ ਅੱਡੇ ਦੇ ਧੁਰ-ਅੰਦਰ, ਜਿਥੇ ਬੱਸ ਖਲੋਤੀ ਹੁੰਦੀ ਹੈ ਉਥੇ ਲੈ ਗਈ। ਡਿਊਟੀ ਉੱਤੇ ਸਿਪਾਹੀ ਨੇ ਚਲਾਨ ਕੱਟਣ ਲਈ ਰੋਕਿਆ ਤਾਂ ਕਹਿਣ ਲੱਗੀ: ਚਲਾਨ ਕਿਸ ਗੱਲ ਦਾ, ਮੈਂ ਕੋਈ ਗਲਤੀ ਨਹੀਂ ਕੀਤੀ, ਇਥੇ ਬੋਰਡ ਲਾਉਣਾ ਚਾਹੀਦਾ ਸੀ, ਮੈਂ ਤੁਹਾਡੀ ਸ਼ਿਕਾਇਤ ਕਰਾਂਗੀ। ਜਦੋਂ ਸਿਪਾਹੀ ਨੇ ਬੋਰਡ ਵਿਖਾਇਆ ਤਾਂ ਕਹਿਣ ਲੱਗੀ: ਗਲਤੀ ਹੋ ਗਈ ਹੈ, ਮੁਆਫ਼ ਕਰ ਦਿਓ। ਸਿਪਾਹੀ ਨੇ ਕਿਹਾ: ਜੋ ਤੁਸੀਂ ਅਖ਼ੀਰ ਵਿਚ ਕਹਿ ਰਹੇ ਹੋ, ਉਹ ਅਰੰਭ ਵਿਚ ਕਹਿਣਾ ਚਾਹੀਦਾ ਸੀ।

ਜੇ ਅਸੀਂ ਆਪਣੀਆਂ ਗਲਤੀਆਂ ਮੰਨਦੇ ਜਾਈਏ ਤਾਂ ਸਾਡੇ ਵਿਚ ਵਿਕਾਸ ਵਾਪਰਦਾ ਰਹਿੰਦਾ ਹੈ। ਆਪਣੀਆਂ ਘਾਟਾਂ ਤੋਂ ਸ਼ਰਮਸਾਰ ਹੋਣ ਦੀ ਲੋੜ ਨਹੀਂ, ਸਗੋਂ ਦੱਸੋ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕਿਵੇਂ ਅਤੇ ਕਿਹੋ ਜਿਹੀ ਜਦੋਜਹਿਦ ਕਰ ਰਹੇ ਹੋ। ਇਵੇਂ ਦੂਜੇ ਵੀ ਆਪਣੀਆਂ ਘਾਟਾਂ ਦੱਸਣਗੇ ਅਤੇ ਸਾਰੇ ਇਕ-ਦੂਜੇ ਦੇ ਸਹਿਯੋਗੀ ਹੋ ਨਿਬੜਨਗੇ।

ਜਦੋਂ ਇਕ ਚੀਜ਼ ਠੀਕ ਹੋ ਜਾਵੇ ਤਾਂ ਬਾਕੀ ਚੀਜ਼ਾਂ ਆਪੇ ਠੀਕ ਹੋਣ ਲੱਗ ਪੈਂਦੀਆਂ ਹਨ। ਇਕ ਵਾਰੀ ਇਕ ਵਿਅਕਤੀ ਚਿੱਠੀ ਲਿਖ ਰਿਹਾ ਸੀ ਅਤੇ ਉਸ ਦਾ ਸਕੂਲ ਪੜ੍ਹਦਾ ਲੜਕਾ ਵਿਘਨ ਪਾ ਰਿਹਾ ਸੀ। ਪਿਤਾ ਨੇ ਪੁਰਾਣੇ ਪਏ ਦੁਨੀਆਂ ਦੇ ਨਕਸ਼ੇ ਦੇ, ਪਾੜ ਕੇ ਟੋਟੇ ਕਰਕੇ ਪੁੱਤਰ ਨੂੰ ਕਿਹਾ ਕਿ ਉਹ ਕਾਤਰਾਂ ਨੂੰ ਜੋੜ ਕੇ ਨਕਸ਼ਾ ਬਣਾਵੇ। ਪਿਤਾ ਸਮਝਦਾ ਸੀ ਕਿ ਇਸ ਕਾਰਜ ਵਿਚ ਇਕ ਘੰਟਾ ਲਗੇਗਾ ਪਰ ਪੁੱਤਰ ਨੇ ਕੁਝ ਮਿੰਟਾਂ ਵਿਚ ਹੀ ਕਾਤਰਾਂ ਜੋੜ ਦਿੱਤੀਆਂ। ਜਦੋਂ ਪੁੱਛਿਆ ਗਿਆ ਕਿ ਕਿਵੇਂ ਕੀਤਾ ਤਾਂ ਪੁੱਤਰ ਨੇ ਕਿਹਾ ਕਿ ਨਕਸ਼ੇ ਦੇ ਦੂਜੇ ਪਾਸੇ ਇਕ ਮਨੁੱਖ ਦੀ ਤਸਵੀਰ ਸੀ, ਮੈਂ ਸੋਚਿਆ ਕਾਤਰਾਂ ਜੋੜ ਕੇ ਜੇ ਮਨੁੱਖ ਠੀਕ ਬਣ ਗਿਆ ਤਾਂ ਸੰਸਾਰ ਦਾ ਨਕਸ਼ਾ ਆਪੇ ਹੀ ਠੀਕ ਹੋ ਜਾਵੇਗਾ।

ਚੱਜ-ਆਚਾਰ ਦੇ ਅਰਥ ਸਹੀ ਕਾਰਜ ਨੂੰ ਠੀਕ ਢੰਗ ਨਾਲ ਕਰਨ ਤੋਂ ਹਨ, ਕਿਸੇ ਨੂੰ ਪਤਾ ਲੱਗੇ ਭਾਵੇਂ ਨਾ ਲੱਗੇ; ਜਿਵੇਂ ਫੁੱਲ ਖਿੜਦੇ ਹਨ, ਕੋਈ ਵੇਖੇ ਭਾਵੇਂ ਨਾ ਵੇਖੇ। ਚੰਗੇ ਚੱਜ-ਆਚਾਰ ਵਿਚ ਉਚੇਚ ਨਹੀਂ ਹੁੰਦਾ, ਇਹ ਆਦਤ ਵਾਂਗ

ਸੁਭਾਵਕ ਵਰਤਾਰਾ ਹੁੰਦਾ ਹੈ।

ਚੱਜ-ਆਚਾਰ ਸਿਖਾਇਆ ਨਹੀਂ ਜਾਂਦਾ, ਇਹ ਅਪਨਾਇਆ ਜਾਂਦਾ ਹੈ ਅਤੇ ਇਸ ਨਾਲ ਚੰਗੇ ਕਾਰਜਾਂ ਲਈ ਰਾਹ ਪੱਧਰਾ ਹੋ ਜਾਂਦਾ ਹੈ।

ਪੁਸਤਕਾਂ ਪੜ੍ਹਨ ਨਾਲ ਚੱਜ-ਆਚਾਰ ਨਹੀਂ ਉਪਜਦਾ ਪਰ ਪੁਸਤਕਾਂ ਪੜ੍ਹਨ ਨਾਲ ਨਿਮਰਤਾ ਉਪਜਦੀ ਹੈ, ਜਿਹੜੀ ਚੱਜ-ਆਚਾਰ ਦੀ ਬੁਨਿਆਦ ਹੁੰਦੀ ਹੈ।

ਕੋਈ ਵੀ ਸਮਾਜ ਉਦੋਂ ਤੱਕ ਵਿਕਾਸ ਨਹੀਂ ਕਰਦਾ ਜਦੋਂ ਤੱਕ ਉਸ ਵਿਚ ਇਸਤਰੀਆਂ ਖਿੜੇ-ਮੱਥੇ ਸ਼ਾਮਲ ਨਹੀਂ ਹੁੰਦੀਆਂ। ਇਸਤਰੀਆਂ ਵਿਚ ਚੱਜ-ਆਚਾਰ ਹੁੰਦਾ ਵੀ ਵਧੇਰੇ ਹੈ ਅਤੇ ਉਹ ਸਿੱਖਦੀਆਂ ਵੀ ਜਲਦੀ ਅਤੇ ਵਧੇਰੇ ਹਨ।

ਆਪਣੇ ਦੋਸਤਾਂ ਨਾਲ ਸਾਡਾ ਵਿਹਾਰ ਸੁਖਾਵਾਂ ਇਸ ਲਈ ਹੁੰਦਾ ਹੈ ਕਿਉਂਕਿ ਉਨ੍ਹਾਂ ਨਾਲ ਅਸੀਂ ਬਰਾਬਰੀ ਦੇ ਆਧਾਰ 'ਤੇ ਵਿਚਰਦੇ ਹਾਂ।

ਸਾਡਾ ਅਨਿਆਂਪੂਰਣ ਅਤੇ ਨੀਵਾਂ ਵਿਹਾਰ ਅਕਸਰ ਉਨ੍ਹਾਂ ਨਾਲ ਹੁੰਦਾ ਹੈ, ਜਿਨ੍ਹਾਂ ਪ੍ਰਤੀ ਸਤਿਕਾਰ ਹੋਣਾ ਚਾਹੀਦਾ ਹੈ, ਜਿਵੇਂ ਪਤਨੀ ਨਾਲ, ਮਾਪਿਆਂ ਨਾਲ, ਭਰਾਵਾਂ ਨਾਲ, ਗੁਆਂਢੀਆਂ ਨਾਲ।

ਦੂਜਿਆਂ ਦੇ ਗੁਣਾਂ ਦੀ ਕਦਰ ਕਰਨੀ ਕੋਈ ਸਿਕੰਦਰ ਤੋਂ ਸਿੱਖੇ।

ਸਿਕੰਦਰ ਹੈ ਤਾਂ ਹਮਲਾਵਰ ਸੀ ਪਰ ਪੋਰਸ ਨਾਲ ਆਪਣੇ ਚੰਗੇ ਵਿਹਾਰ ਕਾਰਨ ਉਸ ਨੇ ਭਾਰਤੀਆਂ ਦੇ ਦਿਲ ਜਿੱਤ ਲਏ ਸਨ, ਜਦੋਂ ਕਿ ਚੰਗੇਜ਼ ਖਾਂ ਅਤੇ ਗਜ਼ਨਵੀ ਆਦਿ ਨੇ ਭਾਰਤੀਆਂ ਤੋਂ ਨਫ਼ਰਤ ਹੀ ਕਮਾਈ ਸੀ।

ਸਾਡੇ ਜੀਵਨ ਦੇ ਵਿਕਾਸ ਵਿਚ ਜਿਸ ਨੇ ਵੀ ਯੋਗਦਾਨ ਪਾਇਆ ਹੋਵੇ, ਉਸ ਦਾ ਧੰਨਵਾਦ ਕਰਨ ਨਾਲ ਅਸੀਸਾਂ ਹੀ ਮਿਲਣਗੀਆਂ।

ਸਾਡੇ ਸ਼ੁੱਭ-ਚਿੰਤਕਾਂ ਦੀਆਂ ਅਸੀਸਾਂ, ਭੈੜੇ ਬੰਦਿਆਂ ਦੀਆਂ ਬਦਦੁਆਵਾਂ ਦਾ ਰਾਹ ਰੋਕ ਲੈਂਦੀਆਂ ਹਨ।

ਚੱਜ-ਆਚਾਰ ਦਾ ਇਹ ਸੁਨਹਿਰੀ ਅਸੂਲ ਹੈ ਕਿ ਜਦੋਂ ਕਿਸੇ ਨਾਲ ਚੰਗਾ ਵਿਹਾਰ ਕਰੋ ਤਾਂ ਉਸ ਦੀ ਆਸ ਨਾਲੋਂ ਵੱਧ ਚੰਗਾ ਕਰੋ ਤਾਂ ਕਿ ਉਸ ਨੂੰ ਮੋੜਵਾਂ ਚੰਗਾ ਵਿਹਾਰ ਕਰਦਿਆਂ ਕੋਈ ਦੁਚਿੱਤੀ ਨਾ ਹੋਵੇ।

ਜਿਵੇਂ ਕਿਸੇ ਵਲੋਂ ਬੂਹਾ ਖੜਕਾਉਣ ਦੇ ਢੰਗ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੋ ਜਿਹਾ ਮਹਿਮਾਨ ਆਇਆ ਹੈ, ਉਵੇਂ ਹੀ ਉਸ ਦੀ ਬੋਲਬਾਣੀ, ਸਾਨੂੰ ਉਸ ਦੀ ਬੌਧਿਕ ਪੱਧਰ ਦੀ ਸੂਚਨਾ ਦਿੰਦੀ ਹੈ।

ਜੇ ਅਸੀਂ ਆਪਣੀ ਬੋਲਬਾਣੀ ਸੰਵਾਰ ਲਈਏ ਤਾਂ ਇਸ ਨਾਲ ਹੀ ਸਭ ਕੁਝ ਸੰਵਰਦਾ ਜਾਵੇਗਾ। ਕਿਸੇ ਨਾਲ ਵਰਤੀ ਬੋਲਬਾਣੀ ਨਾਲ ਹੀ, ਉਸ ਨਾਲ ਸਾਡੀ ਨੇੜਤਾ ਅਤੇ ਵਿੱਥ ਦਾ ਪਤਾ ਲੱਗਦਾ ਹੈ।

ਇਨਸਾਨੀਅਤ ਚੱਜ-ਆਚਾਰ ਦਾ ਹੀ ਦੂਜਾ ਨਾਂ ਹੈ।

ਵਾਸਤਵ ਵਿਚ ਚੱਜ-ਆਚਾਰ ਦਾ ਪੈਮਾਨਾ ਇਹ ਹੈ ਕਿ ਕੋਈ ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਅਜਨਬੀਆਂ, ਨਿਆਸਰਿਆਂ ਨਾਲ ਕਿਵੇਂ ਵਰਤਦਾ ਹੈ।

ਮਹਾਂਭਾਰਤ ਵਿਚ ਇਸਤਰੀ ਦਾ ਅਪਮਾਨ ਕੀਤੇ ਜਾਣ ਕਾਰਨ ਹੀ, ਇਹ ਗ੍ਰੰਥ ਪੂਜਾ ਦੇ ਯੋਗ ਨਹੀਂ ਬਣਿਆ।

ਚੱਜ-ਆਚਾਰ ਦੀਆਂ ਗੱਲਾਂ ਤਾਂ ਨਿੱਕੀਆਂ-ਨਿੱਕੀਆਂ ਹੁੰਦੀਆਂ ਹਨ ਪਰ ਇਨ੍ਹਾਂ ਦਾ ਮਹੱਤਵ ਬਹੁਤ ਅਧਿਕ ਹੁੰਦਾ ਹੈ।

ਚੱਜ-ਆਚਾਰ ਦੇ ਨਿੱਕੇ-ਨਿੱਕੇ ਵੇਰਵੇ ਹੀ ਸੰਤੁਲਤ, ਸੁਖਾਵੀਂ, ਸਹਿਯੋਗੀ, ਸਖੀ ਅਤੇ ਸੰਭਾਵਨਾਵਾਂ-ਭਰਪੂਰ ਸ਼ਖ਼ਸੀਅਤ ਉਸਾਰਦੇ ਹਨ।

ਉਦਾਹਰਣ ਵਜੋਂ ਕੀਤਾ ਵਾਅਦਾ ਪੂਰਾ ਨਾ ਕਰਨਾ ਕੁਚੱਜਾਪਣ ਹੁੰਦਾ ਹੈ। ਪੱਛੜ ਕੇ ਪਹੁੰਚਣਾ ਅਤੇ ਬਹਾਨਾ ਲਾਉਣਾ ਭੈੜੀ ਆਦਤ ਹੁੰਦੀ ਹੈ। ਰੌਲਾ ਪਾਉਣਾ, ਮਹਿਮਾਨਾਂ ਦੀ ਬੇਇੱਜ਼ਤੀ ਕਰਨ ਦਾ ਪ੍ਰਗਟਾਵਾ ਹੁੰਦਾ ਹੈ। ਉੱਚਾ ਬੋਲਣਾ ਅਤੇ ਉੱਚਾ ਹੱਸਣਾ ਬੇਸ਼ਰਮੀ ਦਾ ਐਲਾਨ ਹੁੰਦਾ ਹੈ।

ਬਹੁਤੇ ਛਾਪਾਂ-ਛੱਲੇ ਪਾਉਣੇ ਹੌਛੇਪਣ ਦੀ ਨਿਸ਼ਾਨੀ ਹੁੰਦੀ ਹੈ।

ਕਿਸੇ ਇਸਤਰੀ ਬਾਰੇ ਅਵਾਰਾ ਜਿਹੀ ਰਾਇ ਦੇਣੀ, ਮਾਨਸਿਕ ਕੰਗਾਲੀ ਦਾ ਪ੍ਰਮਾਣ ਹੁੰਦਾ ਹੈ। ਕੰਧ ਦਾ ਸਹਾਰਾ ਲੈ ਕੇ ਖਲੋਣਾ, ਹੱਥ ਨਾਲ ਕੁਝ ਘੁੰਮਾਉਂਦੇ ਰਹਿਣਾ, ਨੱਕ ਵਿਚ ਉਂਗਲ ਮਾਰਦੇ ਰਹਿਣਾ, ਬੈਠਿਆਂ ਪੈਰ ਹਿਲਾਉਣਾ, ਕਿਸੇ ਦੇ ਘਰ ਪਏ ਯੰਤਰਾਂ ਨੂੰ ਆਪੇ ਚਲਾਉਣ ਲੱਗ ਜਾਣਾ, ਕਿਸੇ ਦੀ ਨਿੱਜੀ ਚੀਜ਼ ਦਾ ਮੰਗਣਾ, ਕਿਸੇ ਦੇ ਘਰ ਬੇਵਕਤ ਜਾਣਾ, ਜਾਣ ਵੇਲੇ ਗੇਟ-ਦਰਵਾਜ਼ਾ ਖੁੱਲ੍ਹਾ ਛੱਡ ਜਾਣਾ, ਕਿਸੇ ਦੀ ਚਿੱਠੀ ਨੂੰ ਪੜ੍ਹਨਾ ਆਦਿ ਕਿਸੇ ਵੀ ਸਭਿਆਚਾਰ ਵਿਚ ਚੰਗੇ ਚੱਜ-ਆਚਾਰ ਦੇ ਲੱਛਣ ਨਹੀਂ ਹੁੰਦੇ।

ਜੇ ਮਹਿਮਾਨ ਦੋ ਹਨ ਤਾਂ ਪਲੇਟ ਵਿਚ ਪਾਣੀ ਦੇ ਤਿੰਨ ਗਲਾਸ ਰੱਖ ਕੇ ਪੇਸ਼ ਕਰਨੇ ਚਾਹੀਦੇ ਹਨ। ਦਿਨ ਵੇਲੇ ਆਏ ਪਰ ਰਾਤ ਰਹਿਣ ਵਾਲੇ ਮਹਿਮਾਨ ਨੂੰ ਚੱਪਲਾਂ, ਤੌਲੀਆ ਦਿਓ ਅਤੇ ਗ਼ੁਸਲਖਾਨਾ ਵਿਖਾਓ। ਮਹਿਮਾਨ ਦੇ ਸਿਰਹਾਣੇ, ਰਾਤ ਲੋੜ ਪੈਣ ਵਾਲਾ, ਪੀਣ ਵਾਲਾ ਪਾਣੀ ਜ਼ਰੂਰ ਰੱਖੋ।

ਵਸ ਲੱਗਦੇ ਵਿਉਂਤਿਆ ਪ੍ਰੋਗਰਾਮ ਮੁਲਤਵੀ ਨਹੀਂ ਕਰਨਾ ਚਾਹੀਦਾ।

ਟੈਲੀਫੋਨ ਕਰਨ ਵੇਲੇ ਸੁਣਨ ਵਾਲੇ ਨੂੰ ਇਹ ਨਾ ਪੁੱਛੋ: ਪਛਾਣਿਐ? ਜਾਂ ਕੌਣ ਬੋਲਦੈ? ਸਗੋਂ ਤੁਸੀਂ ਦੱਸੋ ਕਿ ਤੁਸੀਂ ਕੌਣ ਬੋਲ ਰਹੇ ਹੋ ਅਤੇ ਤੁਸੀਂ ਕਿਸ ਨਾਲ ਗੱਲ ਕਰਨੀ ਹੈ।

ਸਿੱਖਣ ਦੀ ਲੋੜ ਹੈ ਕਿ ਭੈੜੀ ਖ਼ਬਰ ਕਿਵੇਂ ਦੇਣੀ ਹੈ।

ਅਜਿਹੇ ਸਮੇਂ ਪਹਿਲਾਂ ਸੋਚ ਲਵੋ ਕਿ ਕੀ ਕਹਿਣਾ ਹੈ ਅਤੇ ਕਿਸ ਨੂੰ ਕਹਿਣਾ ਹੈ ਅਤੇ ਪੁੱਛੇ ਜਾਣ ਵਾਲੇ ਸਵਾਲਾਂ ਦਾ ਜਵਾਬ ਕੀ ਦੇਣਾ ਹੈ। ਕਿਸ ਸਮੇਂ ਭੈੜੀ

ਸੂਚਨਾ ਦੇਣੀ ਹੈ, ਇਸ ਬਾਰੇ ਵੀ ਸੋਚਣਾ ਚਾਹੀਦਾ ਹੈ। ਚੰਗੀ ਸੂਚਨਾ ਹਰ ਕੋਈ ਦੇ ਸਕਦਾ ਹੈ, ਚੱਜ-ਆਚਾਰ ਭੈੜੀ ਸੂਚਨਾ ਦੇਣ ਵੇਲੇ ਪਰਖਿਆ ਜਾਵੇਗਾ।

ਜਦੋਂ ਸਾਨੂੰ ਕੋਈ ਚੰਗਾ ਲੱਗਦਾ ਹੈ ਤਾਂ ਸਾਡਾ ਆਪ-ਮੁਹਾਰੇ ਉਸ ਨਾਲ ਚੰਗਾ ਵਿਹਾਰ ਕਰਨ ਨੂੰ ਮਨ ਕਰੇਗਾ। ਕਿਸੇ ਨੂੰ ਪਸੰਦ ਕਰਦਿਆਂ ਅਸੀਂ ਆਪਣੇ ਆਪ ਨੂੰ ਵੀ ਪਸੰਦ ਕਰਦੇ ਹਾਂ। ਆਪਣੇ ਆਪ ਨਾਲ ਚੰਗਾ ਵਿਹਾਰ ਕਰੋ, ਦੂਜਿਆਂ ਨਾਲ ਚੰਗਾ ਵਿਹਾਰ ਕਰਨਾ ਆਪੇ ਆ ਜਾਵੇਗਾ।

ਜਿਸ ਕੋਲ ਹਥਿਆਰ ਹੋਵੇ, ਉਸ ਨਾਲ ਬਹਿਸ ਨਹੀਂ ਕਰਨੀ ਚਾਹੀਦੀ, ਕਿਉਂਕਿ ਉਹ ਜਲਦੀ ਤੱਤਾ ਹੋ ਜਾਵੇਗਾ। ਇਹੀ ਕਾਰਨ ਹੈ ਕਿ ਜਿਨ੍ਹਾਂ ਪਰਿਵਾਰਾਂ ਕੋਲ ਹਥਿਆਰ ਹੁੰਦੇ ਹਨ, ਉੱਥੇ ਇਹ ਆਤਮਘਾਤ ਲਈ ਜਾਂ ਘਰ ਦੇ ਜੀਆਂ ਨੂੰ ਮਾਰਨ ਲਈ ਵਧੇਰੇ ਵਰਤੇ ਜਾਂਦੇ ਹਨ।

ਅਜੋਕੇ ਯੁੱਗ ਵਿਚ ਮਸ਼ੀਨਾਂ ਨਾਲ ਵਧੇਰੇ ਵਾਹ ਪੈਣ ਕਰਕੇ ਮਨੁੱਖੀ ਵਿਹਾਰ ਵੀ ਮਸ਼ੀਨੀ ਹੋ ਗਿਆ ਹੈ। ਵੇਖਿਆ ਗਿਆ ਹੈ ਕਿ ਜਿਹੜੇ ਲੋਕ ਘੋੜੇ ਰੱਖਦੇ ਸਨ, ਉਨ੍ਹਾਂ ਵਿਚ ਕਾਰਾਂ ਰੱਖਣ ਵਾਲਿਆਂ ਦੇ ਮੁਕਾਬਲੇ ਵਧੇਰੇ ਇਨਸਾਨੀ ਗੁਣ ਹੁੰਦੇ ਸਨ। ਕਾਰ ਵੇਖਣ-ਵਿਖਾਉਣ ਲਈ ਹੁੰਦੀ ਹੈ, ਜਦੋਂ ਕਿ ਘੋੜਾ ਮਨ ਦੀ ਖੁਸ਼ਹਾਲੀ ਅਤੇ ਸਾਥ ਦੀ ਅਮੀਰੀ ਲਈ ਰੱਖਿਆ ਜਾਂਦਾ ਹੈ। ਮਸ਼ੀਨ ਨਾਲ ਰਿਸ਼ਤਾ ਇਕ-ਪਾਸੜ ਹੁੰਦਾ ਹੈ, ਜਦੋਂ ਕਿ ਘੋੜਾ ਅਤੇ ਮਨੁੱਖ ਦੋਵੇਂ ਇੱਕ-ਦੂਜੇ ਦਾ ਦਿਲ ਜਿੱਤਣ ਦਾ ਯਤਨ ਕਰਦੇ ਹਨ। ਮਨੁੱਖ ਨੇ ਸ਼ੇਰ ਉਪਰੰਤ ਸਭ ਤੋਂ ਵੱਧ ਪ੍ਰਸੰਸਾ ਘੋੜੇ ਦੀ ਕੀਤੀ ਹੈ, ਕਿਉਂਕਿ ਇਹ ਬਹਾਦਰਾਂ ਦੀ ਸਵਾਰੀ ਰਹੀ ਹੈ।

ਹਰ ਬੋਲੀ ਦੇ ਅਖਾਣ-ਮੁਹਾਵਰੇ ਚੱਜ-ਆਚਾਰ ਪ੍ਰਗਟਾਉਂਦੇ ਹਨ ਅਤੇ ਹਰ ਸਮਾਜ ਦੇ ਤਿਉਹਾਰ ਚੱਜ-ਆਚਾਰ ਸਿਖਾਉਂਦੇ ਹਨ।

ਹਰੇਕ ਤਿਉਹਾਰ ਦੀਆਂ ਕੁਝ ਰਸਮਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪੂਰੀਆਂ ਕਰਦਿਆਂ ਅਸੀਂ ਸਾਊ ਵਿਹਾਰ ਕਰਦੇ ਹਾਂ।

ਰਸਮ-ਰਿਵਾਜ, ਕਾਨੂੰਨ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹੁੰਦੇ ਹਨ, ਇਸੇ ਕਰਕੇ ਇਹ ਸਾਡੇ ਵਿਹਾਰ ਨੂੰ ਨੇਮਬੱਧ ਕਰਦੇ ਹਨ।

ਅਨੇਕਾਂ ਵਾਰ ਕਿਸੇ ਇਕ ਵਿਅਕਤੀ ਦੀ ਬਹਾਦਰੀ ਜਾਂ ਸਿਆਣਪ ਨਾਲ, ਸੈਂਕੜੇ ਵਿਅਕਤੀਆਂ ਨੂੰ ਲਾਭ ਪਹੁੰਚਦਾ ਹੈ।

ਮੇਰੇ ਕਾਲਜ ਵਿਚ ਜਦੋਂ ਲੜਕੀਆਂ ਦਾ ਦਾਖਲਾ ਖੁੱਲ੍ਹਿਆ ਤਾਂ ਪਹਿਲੇ ਸਾਲ, ਮਲਕਾ ਨਾਂ ਦੀ ਕੇਵਲ ਇਕ ਹੀ ਲੜਕੀ ਦਾਖਲ ਹੋਈ, ਜਿਹੜੀ ਇਕੱਲੀ ਹੋਣ ਕਾਰਨ, ਪ੍ਰੇਸ਼ਾਨ ਹੋਣ ਕਰਕੇ, ਕਾਲਜ ਛੱਡਣ ਬਾਰੇ ਸੋਚ ਰਹੀ ਸੀ ਕਿ ਉਸ ਨੇ ਆਪਣੀ ਇਤਿਹਾਸ ਦੀ ਕਿਤਾਬ ਵਿਚ ਪੜ੍ਹਿਆ ਕਿ ਚਿਤੌੜ ਦੀ ਰਾਣੀ ਕਰਨਵਤੀ ਨੇ, ਗੁਜਰਾਤ ਦੇ ਬਹਾਦਰ ਸ਼ਾਹ ਤੋਂ ਆਪਣੀ ਰੱਖਿਆ ਲਈ, ਹਮਾਯੂੰ

ਨੂੰ ਰੱਖੜੀ ਭੇਜੀ ਸੀ ਅਤੇ ਹਮਾਯੂੰ, ਬੰਗਾਲ ਦੀ ਮੁਹਿੰਮ ਵਿਚੇ ਛੱਡ ਕੇ, ਉਸ ਦੀ ਰੱਖਿਆ ਲਈ ਬਹੁੜਿਆ ਸੀ।

ਅਗਲੇ ਦਿਨ, ਰਖੜੀ ਵਾਲੇ ਦਿਨ, ਮਲਕਾ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਨੇ ਕਾਲਜ ਦੇ ਸਭ ਤੋਂ ਬਹਾਦਰ ਕਹਿਲਾਉਂਦੇ ਅਤੇ ਲੜਾਕੇ ਸਮਝੇ ਜਾਂਦੇ ਮੁੰਡੇ ਨੂੰ ਲੱਭ ਕੇ ਰੱਖੜੀ ਬੰਨ੍ਹੀ ਅਤੇ ਉਸ ਤੋਂ ਮਗਰੋਂ ਉਹ ਕਾਲਜ ਵਿਚ ਮਲਕਾ ਵਿਕਟੋਰੀਆ ਵਾਂਗ ਵਿਚਰੀ ਅਤੇ ਅਗਲੇ ਹੀ ਸਾਲ ਕਾਲਜ ਵਿਚ ਲੜਕੀਆਂ ਦੀ ਗਿਣਤੀ ਇਕ-ਤਿਹਾਈ ਹੋ ਗਈ ਸੀ।

ਚੰਗਾ ਚੱਜ-ਆਚਾਰ ਚੰਗੇ ਵਿਹਾਰ ਨੂੰ ਉਤਸ਼ਾਹ ਦਿੰਦਾ ਹੈ, ਜਦੋਂ ਕਿ ਭੈੜੇ ਵਿਹਾਰ ਨਾਲ ਅਸੀਂ ਝਗੜੇ ਅਤੇ ਸਮੱਸਿਆਵਾਂ ਉਪਜਾਉਂਦੇ ਹੀ ਨਹੀਂ, ਆਪ ਹੀ ਸਮੱਸਿਆ ਬਣ ਜਾਂਦੇ ਹਾਂ।

ਕਿਸੇ ਦੀ ਜ਼ਿੰਦਗੀ ਵਿਗੜਨ ਤੋਂ ਪਹਿਲਾਂ ਉਸ ਦਾ ਚੱਜ-ਆਚਾਰ ਵਿਗੜਦਾ ਹੈ ਅਤੇ ਝੂਠ ਬੋਲਣ, ਧੋਖਾ ਦੇਣ, ਬਹਾਨੇ ਲਾਉਣ, ਸਾੜਾ-ਈਰਖਾ ਕਰਨ ਅਤੇ ਭੈੜੀ ਸ਼ਬਦਾਵਲੀ ਵਰਤਣ ਦੀ ਆਦਤ ਪੈਂਦੀ ਹੈ।

ਨਿਰਸੰਦੇਹ ਗਲਤ ਕੰਮ ਕਰਨ ਦਾ ਕੋਈ ਠੀਕ ਢੰਗ ਨਹੀਂ ਹੁੰਦਾ।

ਸ਼ਰਾਬ ਪੀ ਕੇ ਜਿਹੜਾ ਉਖੜ ਜਾਂਦਾ ਹੈ, ਉਹ ਸ਼ਰਾਬ ਦੀ ਤਹਿਜ਼ੀਬ ਨਹੀਂ ਜਾਣਦਾ, ਕਿਉਂਕਿ ਸ਼ਰਾਬ ਨਸ਼ੇ ਲਈ ਨਹੀਂ ਹੁੰਦੀ, ਸਰੂਰ ਲਈ ਹੁੰਦੀ ਹੈ।

ਜਿਸ ਖਿਡਾਰੀ ਦੇ ਮਨ ਵਿਚ ਆਪਣੀ ਖੇਡ ਲਈ ਸਤਿਕਾਰ ਨਹੀਂ, ਉਸ ਦੀ ਜਿੱਤ ਅਤੇ ਪ੍ਰਾਪਤੀ ਮਾਣਯੋਗ ਨਹੀਂ ਹੁੰਦੀ।

ਸੰਗੀਤਕਾਰ ਨੂੰ ਪੜ੍ਹਾਇਆ ਜਾਣ ਵਾਲਾ ਪਹਿਲਾ ਹੀ ਸਬਕ ਸੰਗੀਤ ਦਾ ਸਤਿਕਾਰ ਅਤੇ ਉਸਤਾਦ ਦਾ ਸਨਮਾਨ ਕਰਨ ਬਾਰੇ ਹੁੰਦਾ ਹੈ।

ਕਈ ਨਿਕੰਮੇ ਕਹਿੰਦੇ ਹਨ ਕਿ ਮੈਨੂੰ ਆਪਣਾ ਕੰਮ ਪਸੰਦ ਨਹੀਂ। ਜੇ ਪਸੰਦ ਨਹੀਂ ਤਾਂ ਅਸਤੀਫ਼ਾ ਦੇ ਦਿਓ। ਸਪਸ਼ਟ ਹੈ ਕਿ ਜੇ ਕੰਮ ਪਸੰਦ ਨਹੀਂ ਤਾਂ ਉਸ ਨੂੰ ਚੰਗੀ ਤਰ੍ਹਾਂ ਨਹੀਂ ਕੀਤਾ ਜਾਂਦਾ ਹੋਵੇਗਾ। ਇਵੇਂ ਹੀ ਜੋ ਕੰਮ ਸਾਨੂੰ ਚੰਗਾ ਲੱਗਦਾ ਹੈ, ਉਹ ਕਰਨਾ, ਨਾ ਕੁਰਬਾਨੀ ਹੁੰਦੀ ਹੈ, ਨਾ ਸੇਵਾ।

ਕੁਰਬਾਨੀ ਜਾਂ ਸੇਵਾ, ਉਹ ਕੁਝ ਕਰਨ ਵਿਚ ਹੁੰਦੀ ਹੈ ਜੋ ਪਸੰਦ ਨਹੀਂ ਹੁੰਦਾ ਅਤੇ ਚੰਗਾ ਵੀ ਨਹੀਂ ਲੱਗਦਾ ਪਰ ਫਿਰ ਵੀ ਪ੍ਰਸੰਨ-ਚਿੱਤ ਹੋ ਕੇ ਕੀਤਾ ਜਾਵੇ।

ਮੁੱਢਲਾ ਚੱਜ-ਆਚਾਰ ਘਰ ਵਿਚ, ਮਾਂ ਤੋਂ ਸਿੱਖਿਆ ਜਾਂਦਾ ਹੈ।

ਇਸਤਰੀ ਆਪਣੇ ਨੈਣ-ਨਕਸ਼ਾਂ ਕਰਕੇ ਹੀ ਨਹੀਂ, ਚੱਜ-ਆਚਾਰ ਕਾਰਨ ਵੀ ਪ੍ਰਭਾਵਿਤ ਕਰਦੀ ਹੈ ਅਤੇ ਉਹ ਪੁਰਸ਼ ਨੂੰ ਚੱਜ-ਆਚਾਰ ਸਿਖਾ ਕੇ ਸਿਆਣਾ ਬਣਾ ਦਿੰਦੀ ਹੈ।

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜੇ ਘਰ ਵਿਚ ਧੀ ਨਾ ਹੋਵੇ ਤਾਂ ਪੁਰਸ਼ ਵਿਚ ਪਿਤਾ ਵਾਲੇ ਗੁਣ ਹੀ ਨਹੀਂ ਉਪਜਦੇ।

ਫੌਜੀਆਂ ਨੂੰ, ਖ਼ਤਰਿਆਂ ਦੇ ਬਾਵਜੂਦ, ਚੁਸਤ ਚੱਜ-ਆਚਾਰ ਕਾਰਨ, ਫੌਜੀ ਜ਼ਿੰਦਗੀ ਚੰਗੀ ਲੱਗਦੀ ਹੈ। ਫੌਜ ਵਿਚ ਵੱਡੇ ਤੋਂ ਵੱਡਾ ਜਰਨੈਲ, ਛੋਟੇ ਤੋਂ ਛੋਟੇ ਅਫ਼ਸਰ ਦੀ ਪਤਨੀ ਨਾਲ ਵੀ, ਸਤਿਕਾਰ ਨਾਲ ਖਲੋ ਕੇ ਗੱਲ ਕਰਦਾ ਹੈ।

ਜਦੋਂ ਕਿਸੇ ਕੰਮ ਨੂੰ ਚੰਗੇ ਢੰਗ ਨਾਲ ਹੁੰਦਾ ਵੇਖੀਏ ਅਤੇ ਕਿਸੇ ਗੱਲ ਨੂੰ ਸੋਹਣੇ ਸਲੀਕੇ ਨਾਲ ਕਹੀ ਜਾਂਦੀ ਸੁਣੀਏ ਤਾਂ ਉਸ ਢੰਗ ਅਤੇ ਸਲੀਕੇ ਨੂੰ ਅਪਨਾ ਲੈਣਾ ਚਾਹੀਦਾ ਹੈ।

ਆਪਣੀ ਜ਼ਿੰਦਗੀ ਉਵੇਂ ਜੀਓ ਜਿਵੇਂ ਤੁਸੀਂ ਚਾਹੁੰਦੇ ਹੋ, ਤੁਹਾਡੀ ਸੰਤਾਨ ਨੂੰ ਜਿਊਣੀ ਚਾਹੀਦੀ ਹੈ।

ਲੋੜ ਹੈ ਕਿ ਅਸੀਂ ਸਾਰੇ ਆਪਣੇ ਆਪ ਨੂੰ ਚੰਗੇ ਚੱਜ-ਆਚਾਰ ਦੇ ਜ਼ੋਰ ਨਾਲ ਉੱਚਾ ਚੁੱਕੀਏ, ਜ਼ਿੰਦਗੀ ਨੂੰ ਸਿਖਾਉਣ ਦੇਈਏ ਅਤੇ ਜ਼ਿੰਦਗੀ ਤੋਂ ਸਿੱਖੀਏ।

ਸਾਡੀ, ਕਿਸੇ ਨੇ ਚੰਗ਼ਾ ਚੱਜ-ਆਚਾਰ ਸਿਖਾਉਣ ਲਈ ਉਡੀਕ ਨਹੀਂ ਕਰਨੀ, ਇਹ ਹੰਭਲਾ ਸਾਨੂੰ ਆਪ ਹੀ ਮਾਰਨਾ ਪਵੇਗਾ, ਨਹੀਂ ਤਾਂ ਪੱਛੜ ਕੇ ਅਸੀਂ ਆਪਣੇ-ਆਪ ਨੂੰ ਹਾਕਾਂ ਮਾਰਦੇ ਰਹਾਂਗੇ।

* * *

ਹਾਂ ਕਹੀਏ ਜਾਂ ਨਾਂਹ ਕਹੀਏ?

ਜੇ ਡਰ ਕੇ ਜਾਂ ਝਿੱਜਕ ਕਾਰਨ ਅਸੀਂ ਹਰ ਥਾਂ ਹਾਂ ਹੀ ਕਰਦੇ ਰਹਾਂਗੇ ਤਾਂ ਹਰ ਕੋਈ ਸਾਨੂੰ ਦਬਾਉਂਦਾ ਹੀ ਚਲਾ ਜਾਵੇਗਾ।

ਨਾਜਾਇਜ਼ ਫ਼ਰਮਾਇਸ਼ਾਂ ਮੰਨਣ ਅਤੇ ਹਰ ਕਿਸੇ ਨੂੰ ਹਾਂ ਕਹਿਣ ਦੀ ਆਦਤ ਸਾਨੂੰ ਜੀਵਨ ਵਿਚ ਨਿਪੁੰਨ ਜਾਂ ਹਰਮਨ ਪਿਆਰਾ ਨਹੀਂ, ਸਗੋਂ ਡਰਪੋਕ ਅਤੇ ਕਮਜ਼ੋਰ ਬਣਾਉਂਦੀ ਹੈ।

ਅਸੀਂ ਅਕਸਰ ਦੂਜਿਆਂ ਨੂੰ ਇਸ ਲਈ ਹਾਂ ਕਹਿੰਦੇ ਰਹਿੰਦੇ ਹਾਂ ਕਿ ਇਸ ਨਾਲ ਅਪਣੱਤ ਅਤੇ ਸ਼ਾਂਤੀ ਵਧੇਗੀ ਅਤੇ ਸੰਬੰਧ ਸੁਖਾਵੇਂ ਹੋ ਜਾਣਗੇ ਪਰ ਇਵੇਂ ਸੰਬੰਧ ਸੁਖਾਵੇਂ ਨਹੀਂ ਬਣਦੇ।

ਕਿਸੇ ਨੂੰ ਨਰਾਜ਼ ਨਾ ਕਰਨ ਵਾਲੇ ਲੋਕਾਂ ਵਿਚ ਵਿਕਾਸ ਨਹੀਂ ਵਾਪਰਦਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਕੋਈ ਸਪਸ਼ਟ ਮੁਹਾਂਦਰਾ ਨਹੀਂ ਉੱਭਰਦਾ।

ਜੇ ਸਾਡੇ ਵਿਚ ਖੁੱਲ੍ਹ ਕੇ ਆਪਣੀ ਰਾਇ ਪ੍ਰਗਟਾਉਣ ਦੀ ਦਲੇਰੀ ਨਹੀਂ, ਠੀਕ ਨੂੰ ਹਾਂ ਅਤੇ ਗ਼ਲਤ ਨੂੰ ਨਾਂਹ ਕਹਿਣ ਦਾ ਸਲੀਕਾ ਨਹੀਂ ਜਾਂ ਸਵੈਮਾਣ ਦੀ ਭਾਵਨਾ ਨਹੀਂ, ਤਾਂ ਸਾਡਾ ਨਾਂ ਅਤੇ ਅਹੁਦਾ ਕੋਈ ਵੀ ਹੋਵੇ, ਸਾਡੀ ਵੱਖਰੀ ਪਛਾਣ ਨਹੀਂ ਬਣੇਗੀ।

ਹਰੇਕ ਵਰਤਾਰੇ ਦੇ ਨੇਮ ਹੁੰਦੇ ਹਨ, ਦੱਬੂ ਬਣਨ ਦੇ ਵੀ ਨੇਮ ਹੁੰਦੇ ਹਨ ਅਤੇ ਨਿਡਰ ਹੋਣ ਦੇ ਵੀ ਨੇਮ ਹੁੰਦੇ ਹਨ। ਨਿਡਰ ਵਿਅਕਤੀ ਦੀ ਆਪਣੇ ਆਪ ਬਾਰੇ ਰਾਇ ਸਵੱਛ ਹੁੰਦੀ ਹੈ ਅਤੇ ਉਸ ਦੇ ਕਾਰਜਾਂ ਵਿਚੋਂ ਸੁਤੰਤਰਤਾ ਝਲਕਦੀ ਹੈ। ਦੱਬੂ ਵਿਅਕਤੀ ਨਾਂਹ ਕਹਿਣ ਤੋਂ ਡਰਦਾ ਹੈ ਅਤੇ ਹਰ ਵੇਲੇ ਉਹ ਦੁਚਿੱਤੀਆਂ ਅਤੇ ਸੰਸਿਆਂ ਵਿਚ ਘਿਰਿਆ ਰਹਿੰਦਾ ਹੈ।

ਪ੍ਰਭਾਵਸ਼ਾਲੀ ਵਿਅਕਤੀ ਕਾਰਜਾਂ ਦੇ ਵਾਪਰਨ ਦਾ ਵਸੀਲਾ ਬਣਦੇ ਹਨ, ਜਦੋਂ ਕਿ ਡਰਪੋਕ ਬੰਦੇ ਸਭ ਕੁਝ ਵਾਪਰਨ ਦੀ ਉਡੀਕ ਹੀ ਕਰਦੇ ਹਨ।

ਧੱਕੜ, ਚਤੁਰ ਅਤੇ ਚਲਾਕ ਬਣਨ ਦੀ ਲੋੜ ਨਹੀਂ ਪਰ ਕੁੱਬੇ ਹੋ ਕੇ ਚੱਲਣ ਅਤੇ ਹਰ ਕਿਸੇ ਅੱਗੇ ਝੁਕਣ ਤੋਂ ਨਾਂਹ ਕਰਨ ਦੀ ਲੋੜ ਹੈ।

ਮਨੁੱਖ ਦਾ ਸਮੁੱਚਾ ਜੀਵਨ ਹਾਂ, ਨਾਂਹ ਦੇ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ। ਘਰ ਅਤੇ ਬਜ਼ਾਰ ਵਿਚ, ਦਫ਼ਤਰ ਅਤੇ ਸਿਆਸਤ ਵਿਚ ਸਭ ਪਾਸੇ ਹਾਂ, ਨਾਂਹ; ਨਾਂਹ, ਹਾਂ ਹੋ ਰਹੀ ਹੈ। ਲੋਕਾਂ ਦੀ ਵੱਡੀ ਗਿਣਤੀ ਇਸ ਕਰਕੇ ਕਿਧਰੇ ਨਹੀਂ ਅਪੜਦੀ, ਕਿਉਂਕਿ ਉਹ ਸਮੇਂ ਸਿਰ ਹਾਂ ਜਾਂ ਨਾਂਹ ਕਹਿਣ ਦੀ ਦਲੇਰੀ ਨਹੀਂ ਕਰ

ਸਕਦੀ। ਅਜਿਹੇ ਲੋਕ ਡਰ ਕੇ, ਝੁਕ ਕੇ ਜਿਊਣ ਦੇ ਆਦੀ ਹੋ ਜਾਂਦੇ ਹਨ ਅਤੇ ਸਭਨੀਂ ਥਾਈਂ ਦੂਜੇ ਜਾਂ ਤੀਜੇ ਦਰਜੇ ਦੇ ਮਨੁੱਖ ਅਖਵਾਉਂਦੇ ਹਨ।

ਉਹ ਸੋਚਦੇ ਹਨ ਕਿ ਜੇ ਨਾਂਹ ਕਹੀ ਤਾਂ ਦੂਜੇ ਰੁੱਸ ਜਾਣਗੇ।

ਹਰ ਥਾਂ ਕੁਝ ਅਜਿਹੇ ਵੀ ਹੁੰਦੇ ਹਨ, ਜਿਹੜੇ ਸਧਾਰਨ ਕੰਮਾਂ 'ਤੇ ਲੱਗੇ ਹੋਣ ਦੇ ਬਾਵਜੂਦ ਆਪਣੀ ਹਾਂ ਜਾਂ ਨਾਂਹ ਪ੍ਰਗਟਾਉਣ ਦੀ ਦਲੇਰੀ ਵਿਖਾਉਂਦੇ ਹਨ।

ਡਰਪੋਕ ਬੰਦੇ ਆਪਣੇ ਦੋਸਤਾਂ ਨਾਲ ਵੀ ਖੁੱਲ੍ਹ ਕੇ ਗੱਲ ਇਸ ਲਈ ਨਹੀਂ ਕਰਦੇ ਕਿ ਕਿਧਰੇ ਦੋਸਤ ਨਰਾਜ਼ ਨਾ ਹੋ ਜਾਵੇ, ਕਿਉਂਕਿ ਇਨ੍ਹਾਂ ਨੂੰ ਭਰੋਸਾ ਨਹੀਂ ਹੁੰਦਾ ਅਤੇ ਇਹ ਜਾਣਦੇ ਨਹੀਂ ਹੁੰਦੇ ਕਿ ਜੇ ਦੋਸਤ ਹੈ ਤਾਂ ਨਰਾਜ਼ ਨਹੀਂ ਹੋਵੇਗਾ ਅਤੇ ਜੇ ਨਰਾਜ਼ ਹੁੰਦਾ ਹੈ ਤਾਂ ਵਾਸਤਵ ਵਿਚ ਉਹ ਦੋਸਤ ਹੀ ਨਹੀਂ ਹੁੰਦਾ।

ਨਾ ਪਸੰਦ ਕੀਤੇ ਜਾਣ ਦਾ ਭੈਅ, ਰੱਦ ਕੀਤੇ ਜਾਣ ਦਾ ਡਰ, ਪਿੱਛੇ ਰਹਿ ਜਾਣ ਦੀ ਚਿੰਤਾ ਜਾਂ ਬੇਇੱਜ਼ਤੀ ਹੋਣ ਦਾ ਸਹਿਮ, ਸਾਨੂੰ ਆਪਣੇ ਹੱਕ ਲੈਣ ਨਹੀਂ ਦਿੰਦਾ, ਜਿਸ ਕਾਰਨ ਸਾਡੇ ਬਾਰੇ ਸਾਰੇ ਫੈਸਲੇ ਦੂਜੇ ਹੀ ਕਰੀ ਜਾਂਦੇ ਹਨ, ਜਿਸ ਕਾਰਨ ਅਜਿਹੇ ਲੋਕਾਂ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਹੀ ਛੁਟਕਾਰਾ ਨਹੀਂ ਮਿਲਦਾ ਅਤੇ ਉਨ੍ਹਾਂ ਦੇ ਸਮੁੱਚੇ ਜੀਵਨ ਦੀ ਕਾਰਗੁਜ਼ਾਰੀ ਨੀਵੀਂ ਰਹਿ ਜਾਂਦੀ ਹੈ।

ਜੇ ਕੰਮ ਸਾਡੇ ਕਾਬੂ ਵਿਚ ਹੋਵੇ ਤਾਂ ਹੀ ਉਹ ਨਿਬੜਦਾ ਹੈ, ਨਹੀਂ ਤਾਂ ਨਿੱਕੇ-ਨਿੱਕੇ ਕੰਮਾਂ ਦਾ ਬੋਝ ਹੀ ਸਾਨੂੰ ਉੱਠਣ ਨਹੀਂ ਦਿੰਦਾ।

ਜਦੋਂ ਤੱਕ ਅਸੀਂ ਆਪਣਾ ਕੋਈ ਉਦੇਸ਼ ਨਹੀਂ ਮਿੱਥਦੇ ਉਦੋਂ ਤੱਕ ਅਸੀਂ ਆਪਣੇ ਹੱਕਾਂ ਅਤੇ ਆਪਣੇ ਆਪ ਬਾਰੇ ਸੁਚੇਤ ਵੀ ਨਹੀਂ ਹੁੰਦੇ। ਜੇ ਉਦੇਸ਼ ਹੀ ਕੋਈ ਨਹੀਂ ਤਾਂ ਹੱਕ ਜਾਂ ਮਿਹਨਤ ਦਾ ਵੀ ਕੋਈ ਅਰਥ ਨਹੀਂ ਹੁੰਦਾ।

ਉਦੇਸ਼ ਵਿਚੋਂ ਪ੍ਰੇਰਨਾ ਉਪਜਦੀ ਹੈ, ਜਿਹੜੀ ਸਾਡੇ ਸਵੈ-ਭਰੋਸੇ ਨੂੰ ਵਧਾਉਂਦੀ ਹੈ। ਸਪਸ਼ਟ ਉਦੇਸ਼ ਸਾਡੇ ਵਿਚ ਉਸਾਰੂ ਮਾਰਗ ਨੂੰ ਹਾਂ ਕਹਿਣ ਅਤੇ ਗਲਤ ਰਸਤੇ ਨੂੰ ਨਾਂਹ ਕਹਿਣ ਦੀ ਹਿੰਮਤ ਭਰਦਾ ਹੈ। ਨਾਂਹ ਕਹਿਣ ਵਾਲੀ ਥਾਂ, ਹਾਂ ਕਹਿਣ ਨਾਲ ਅਸੀਂ ਅਣਚਾਹੇ ਵਰਤਾਰਿਆਂ ਅਤੇ ਸਮੇਂ ਅਤੇ ਮਨੋਬਲ ਨੂੰ ਨਸ਼ਟ ਕਰਨ ਵਾਲੀਆਂ ਵਗਾਰਾਂ ਦੇ ਸ਼ਿਕਾਰ ਹੋ ਜਾਂਦੇ ਹਾਂ।

ਆਪਣੀ ਮੁੱਢਲੀ ਜਵਾਨੀ ਵਿਚ, ਉਦੇਸ਼ ਦੀ ਅਣਹੋਂਦ ਕਾਰਨ, ਮੈਂ ਬੜਾ ਡਰਪੋਕ ਸਾਂ ਅਤੇ ਕੰਮ ਵਾਲੀ ਥਾਂ 'ਤੇ ਮੈਂ ਉਨ੍ਹਾਂ ਕੰਮਾਂ ਦਾ ਵੀ ਬੋਝ ਚੁੱਕ ਲੈਂਦਾ ਸਾਂ, ਜਿਹੜੇ ਮੇਰੇ ਹੁੰਦੇ ਹੀ ਨਹੀਂ ਸਨ, ਕਿਉਂਕਿ ਮੈਨੂੰ ਡਰ ਲੱਗਿਆ ਰਹਿੰਦਾ ਸੀ ਕਿ ਕਿਧਰੇ ਮਾਲਕ ਨਰਾਜ਼ ਨਾ ਹੋ ਜਾਣ ਅਤੇ ਮੈਨੂੰ ਕੰਮ ਤੋਂ ਹਟਾ ਨਾ ਦੇਣ।

ਇਵੇਂ ਹੀ ਜਿਸ ਨਾਲ ਮੈਨੂੰ ਪਿਆਰ ਹੋਇਆ, ਉਸ ਨੂੰ ਮੈਂ ਆਪਣੀ ਥੋੜ੍ਹੀ ਜਿਹੀ ਤਨਖ਼ਾਹ ਵਿਚੋਂ ਇਸ ਲਈ ਮਹਿੰਗੀਆਂ ਚੀਜ਼ਾਂ ਲੈ ਕੇ ਦਿੰਦਾ ਸਾਂ ਕਿ ਕਿਧਰੇ ਉਹ ਮੈਨੂੰ ਛੱਡ ਨਾ ਜਾਵੇ ਪਰ ਛੱਡ ਉਹ ਫਿਰ ਵੀ ਗਈ। ਮੈਂ ਡਰਪੋਕ ਸਾਂ, ਜਿਸ

ਕਾਰਨ ਉਸ ਦੀਆਂ ਗੱਲਾਂ ਦੇ ਜਵਾਬ ਅਕਸਰ ਮੈਨੂੰ ਉਸ ਦੇ ਜਾਣ ਮਗਰੋਂ ਹੀ ਸੁਝਦੇ ਸਨ। ਉਸ ਵੇਲੇ ਮੇਰੇ ਵਿਚ ਉਦਾਸ ਅਤੇ ਪ੍ਰੇਸ਼ਾਨ ਹੋਣ ਦੀ ਹੀ ਯੋਗਤਾ ਸੀ, ਅੜਨ ਅਤੇ ਲੜਨ ਦੀ ਦਲੇਰੀ ਨਹੀਂ ਸੀ।

ਇਵੇਂ ਹੀ ਇਕ ਵਾਰੀ ਸਾਡੇ ਗੁਆਂਢੀ ਤਿੰਨ ਮਹੀਨੇ ਲਈ ਵਿਦੇਸ਼ ਜਾਣ ਸਮੇਂ, ਸਾਡੀ ਮਰਜ਼ੀ ਪੁੱਛੇ ਬਿਨਾ ਹੀ ਆਪਣੇ ਦੋ ਕੁੱਤੇ ਸਾਨੂੰ ਸੰਭਾਲ ਗਏ, ਜਿਨ੍ਹਾਂ ਦੀ ਰਾਖੀ ਕਰਨ ਕਰਕੇ ਅਸੀਂ ਘਰ ਨਾਲ ਹੀ ਬੱਝੇ ਰਹੇ।

ਇਕ ਵਾਰੀ ਮੇਰੇ ਇਕ ਸਹਿ-ਕਰਮਚਾਰੀ ਨੇ ਕੁਝ ਦਿਨਾਂ ਵਾਸਤੇ ਕਿਧਰੇ ਜਾਣਾ ਸੀ ਅਤੇ ਘਰ ਦੀ ਰਖਵਾਲੀ ਬਾਰੇ ਚਿੰਤਾ ਪ੍ਰਗਟਾਉਂਦਿਆਂ, ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਰਾਤ ਨੂੰ ਉਨ੍ਹਾਂ ਦੇ ਘਰ ਸੌਂ ਜਾਇਆ ਕਰਾਂ। ਉਸ ਮਗਰੋਂ ਸਾਡੇ ਬਲਾਕ ਵਿਚ ਜਿਸ ਕਿਸੇ ਨੇ ਜਾਣਾ, ਉਹ ਚੌਕੀਦਾਰਾ ਕਰਨ ਲਈ ਮੈਨੂੰ ਕਹਿਣ ਲੱਗ ਪਏ।

ਇਕ ਵਾਰੀ ਇਕ ਪਰਿਵਾਰ ਨੇ ਸਾਰਾ ਸਾਮਾਨ ਕਮਰਿਆਂ ਅੰਦਰ ਰੱਖ ਕੇ, ਸਾਰੇ ਕਮਰਿਆਂ ਨੂੰ ਜੰਦਰੇ ਮਾਰ ਕੇ ਵਿਚਕਾਰਲੀ ਥਾਂ ਤੇ ਮੇਰਾ ਮੰਜਾ ਵਿਛਾਇਆ ਹੋਇਆ ਸੀ। ਇਹ ਪ੍ਰਬੰਧ ਵੇਖ ਕੇ ਮੈਂ ਮਹਿਸੂਸ ਕੀਤਾ ਕਿ ਇਸ ਘਰ ਦੇ ਮਾਲਕਾਂ ਨੇ ਮੈਨੂੰ ਗੁਆਂਢੀ ਨਹੀਂ, ਚੌਕੀਦਾਰ ਵੀ ਨਹੀਂ, ਸਗੋਂ ਚੋਰ ਹੀ ਸਮਝਿਆ ਸੀ।

ਇਵੇਂ ਹੀ ਇਕ ਪਰਿਵਾਰ ਨੇ ਸਮਾਗਮ ਸਮੇਂ ਆਪਣੇ ਨੌਕਰ ਰਾਹੀਂ ਸਾਡੀਆਂ ਕੁਰਸੀਆਂ ਮੰਗਵਾਈਆਂ। ਸਮਾਗਮ ਉਪਰੰਤ ਕਈ ਦਿਨ ਮਗਰੋਂ ਵੀ ਜਦੋਂ ਕੁਰਸੀਆਂ ਨਾ ਆਈਆਂ ਤਾਂ ਜਦੋਂ ਟੈਲੀਫੋਨ ਕੀਤਾ ਤਾਂ ਕਹਿਣ ਲੱਗੇ: ਕੁਰਸੀਆਂ ਨੌਕਰ ਲਿਆਇਆ ਸੀ, ਕਦੋਂ ਵਾਪਸ ਕਰਨ ਆਵੇਗਾ, ਇਸ ਬਾਰੇ ਤੁਸੀਂ ਉਸ ਨਾਲ ਆਪ ਗੱਲ ਕਰ ਲਵੋ।

ਮੇਰੇ ਡਰਪੋਕ ਅਤੇ ਦੱਬੂ ਵਿਹਾਰ ਕਾਰਨ ਇਹੋ ਜਿਹੀਆਂ ਗੱਲਾਂ ਮੇਰੇ ਨਾਲ ਵਾਪਰਦੀਆਂ ਹੀ ਰਹਿੰਦੀਆਂ ਸਨ। ਵਿਆਹ ਉਪਰੰਤ ਤੀਜੇ ਹੀ ਦਿਨ ਜਦੋਂ ਪਤਨੀ ਨਾਲ ਜਾਂਦਿਆਂ ਇਕ ਬਿੱਲੀ ਸਾਡਾ ਰਸਤਾ ਕੱਟ ਗਈ ਤਾਂ ਮੈਂ ਪੁੱਛਿਆ: ਰੁਕ ਜਾਈਏ ਜਾਂ ਘਰ ਮੁੜ ਚੱਲੀਏ। ਮੇਰੀ ਗੱਲ ਸੁਣ ਕੇ ਪਤਨੀ ਨੇ ਘੂਰ ਕੇ ਮੈਨੂੰ ਕਿਹਾ: ਤੂੰ ਮਰਦ ਹੈਂ ਕਿ ਚੂਹਾ?

ਇਹ ਉਹ ਦਿਨ ਸੀ ਜਦੋਂ ਮੈਂ ਚੂਹੇ ਤੋਂ ਮਰਦ ਬਣਿਆ ਸਾਂ।

ਮਨੁੱਖ, ਜਾਨਵਰਾਂ ਵਿਚੋਂ ਕੇਵਲ ਸ਼ੇਰ ਕਹਾਉਣਾ ਪਸੰਦ ਕਰਦਾ ਹੈ। ਸ਼ੇਰ ਤਾਂ ਭਾਵੇਂ ਮੈਂ ਨਹੀਂ ਬਣ ਸਕਿਆ ਪਰ ਚੂਹਾ ਬਣਨ ਤੋਂ ਸਦੀਵੀ ਨਾਂਹ ਹੈ। ਹੁਣ ਮੈਨੂੰ ਹਾਂ ਅਤੇ ਨਾਂਹ ਕਰਨੀ ਆਉਂਦੀ ਹੈ, ਆਪਣੀ ਗੱਲ ਕਹਿਣੀ ਆਉਂਦੀ ਹੈ ਅਤੇ ਆਪਣੀ ਠੀਕ ਗੱਲ ਮਨਵਾਉਣੀ ਵੀ ਆਉਂਦੀ ਹੈ। ਦੂਜਿਆਂ ਦਾ ਸਤਿਕਾਰ ਕਰਨਾ ਮੈਨੂੰ ਚੰਗਾ ਲੱਗਦਾ ਹੈ ਪਰ ਹੁਣ ਮੇਰੀ ਆਪਣੇ-ਆਪ ਬਾਰੇ ਵੀ ਰਾਇ ਮਾੜੀ ਨਹੀਂ।

ਹਾਂ ਕਹਿਣੀ ਸੌਖੀ ਹੁੰਦੀ ਹੈ ਇਸੇ ਲਈ ਅਸੀਂ ਨਾਂਹ ਕਹਿਣ ਤੋਂ ਝਿਜਕਦੇ ਹਾਂ। ਹਾਂ ਦੇ ਮੁਕਾਬਲੇ ਨਾਂਹ ਕਹਿਣ ਵਾਸਤੇ ਵਧੇਰੇ ਤਾਕਤ, ਤਿਆਗ, ਦ੍ਰਿੜ੍ਹਤਾ ਅਤੇ ਸਵੈਮਾਣ ਦੀ ਲੋੜ ਪੈਂਦੀ ਹੈ।

ਅਰੰਭ ਵਿਚ ਨਾਂਹ ਕਹਿਣ ਨੂੰ ਚੰਗਾ ਨਹੀਂ ਸਮਝਿਆ ਜਾਵੇਗਾ ਪਰ ਹੌਲੀ-ਹੌਲੀ ਨਾਂਹ ਕਹਿਣ ਵਾਲੇ ਦੀ ਗੱਲ ਵਧੇਰੇ ਧਿਆਨ ਨਾਲ ਸੁਣੀ ਜਾਣ ਲੱਗ ਪੈਂਦੀ ਹੈ। ਸਭ ਤੋਂ ਪਹਿਲੀ ਲੋੜ ਹੈ, ਆਪਣੇ ਆਪ ਨਾਲ ਮਾੜਾ ਵਿਹਾਰ ਕਰਨ ਤੋਂ ਨਾਂਹ ਕਰਨੀ।

ਉਦਾਹਰਣ ਵਜੋਂ ਜਿਹੜੇ ਕੱਪੜੇ ਪਹਿਨਣੇ ਹਨ, ਉਹ ਸਾਫ਼-ਸੁਥਰੇ ਹੋਣੇ ਚਾਹੀਦੇ ਹਨ, ਕਿਉਂਕਿ ਮੈਲੇ ਕੱਪੜਿਆਂ ਵਾਲਾ ਪਹਿਲਾਂ ਹੀ ਅੱਧਾ ਹਾਰਿਆ ਹੋਇਆ ਹੁੰਦਾ ਹੈ। ਜੇ ਸੌਣਾ ਹੈ ਤਾਂ ਠੀਕ ਬਿਸਤਰੇ ਉੱਤੇ ਸੌਵੋਂ, ਕਿਉਂਕਿ ਸੁੱਤਾ ਹੋਇਆ ਬੰਦਾ ਜਾਗਦਿਆਂ ਦੇ ਸਤਿਕਾਰ ਵਿਚ ਹੋਣਾ ਚਾਹੀਦਾ ਹੈ। ਭੋਜਨ ਠੀਕ ਢੰਗ ਨਾਲ ਪਰੋਸਿਆ ਹੋਣਾ ਚਾਹੀਦਾ ਹੈ, ਕਿਉਂਕਿ ਪਰੋਸਿਆ ਹੋਇਆ ਹੀ ਭੋਜਨ ਹੁੰਦਾ ਹੈ, ਨਹੀਂ ਤਾਂ ਉਹ ਰੋਟੀ-ਸ਼ੋਟੀ ਹੀ ਹੋਵੇਗੀ।

ਕਿਸੇ ਮਹਿਮਾਨ ਦੇ ਆਉਣ ਸਮੇਂ ਘਰ ਦੀ ਸਫ਼ਾਈ ਕਰਨੀ ਉਚੇਚ ਹੈ, ਘਰ ਸੁਭਾਵਕ ਹੀ ਸਾਫ਼ ਹੋਣਾ ਚਾਹੀਦਾ ਹੈ, ਕਿਉਂਕਿ ਮੁੱਖ ਤੌਰ ਤੇ ਘਰ ਮਹਿਮਾਨਾਂ ਲਈ ਨਹੀਂ, ਘਰ ਦੇ ਜੀਆਂ ਲਈ ਹੁੰਦਾ ਹੈ।

ਚੰਗੀਆਂ ਆਦਤਾਂ ਦਾ ਰੋਅਬ ਹੁੰਦਾ ਹੈ ਅਤੇ ਰੋਅਬ ਪੈਂਦਾ ਹੈ।

ਜਿੱਥੇ-ਜਿੱਥੇ ਵੀ ਤੁਸੀਂ ਵਿਚਰੇ ਹੋ, ਉੱਥੇ-ਉੱਥੇ ਤੁਸੀਂ ਵੇਖਿਆ ਹੋਵੇਗਾ ਕਿ ਕੁਝ ਬੰਦਿਆਂ ਵਿਚ ਇਕ ਵਿਸ਼ੇਸ਼ ਕਿਸਮ ਦਾ ਰੋਅਬ ਹੁੰਦਾ ਹੈ ਅਤੇ ਉਨ੍ਹਾਂ ਦੇ ਉੱਠਣ, ਬੈਠਣ, ਵੇਖਣ, ਬੋਲਣ ਦਾ ਢੰਗ ਵੱਖਰਾ ਹੁੰਦਾ ਹੈ, ਜਦੋਂ ਕਿ ਬਾਕੀ ਸਾਰੇ ਭੀੜ ਦਾ ਭਾਗ ਹੁੰਦੇ ਹਨ।

ਜਿਵੇਂ ਸੁੰਦਰਤਾ ਦਾ ਰੋਅਬ ਹੁੰਦਾ ਹੈ, ਉਵੇਂ ਹੀ ਵਿਦਵਤਾ ਦਾ ਵੀ ਰੋਅਬ ਹੁੰਦਾ ਹੈ। ਰੋਅਬ ਚੰਗੀਆਂ ਆਦਤਾਂ ਅਤੇ ਆਪਣੇ ਕਾਰਜ ਵਿਚ ਨਿਪੁੰਨਤਾ ਦੇ ਗੁਣਾਂ ਨਾਲ ਉਪਜਦਾ ਹੈ।

ਨਿਕੰਮੇ ਅਤੇ ਕੰਮ-ਚੋਰ ਬੰਦਿਆਂ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਰੋਅਬ ਉਹ ਗੁਣ ਹੁੰਦਾ ਹੈ, ਜਿਸ ਦਾ ਆਪ-ਮੁਹਾਰੇ ਸਤਿਕਾਰ ਹੋਵੇ। ਅਜਿਹੇ ਰੋਅਬ ਵਾਲੇ ਲੋਕਾਂ ਦੀ ਹਾਂ ਜਾਂ ਨਾਂਹ ਵਿਚ ਤਾਕਤ ਹੁੰਦੀ ਹੈ। ਅਜਿਹੇ ਰੋਅਬ ਵਾਲੇ ਵਿਅਕਤੀ ਲੰਮੇ ਨਹੀਂ, ਉੱਚੇ ਹੁੰਦੇ ਹਨ ਅਤੇ ਉਹ ਗੋਰੇ ਭਾਵੇਂ ਨਾ ਹੋਣ ਪਰ ਸੋਹਣੇ ਲਗਦੇ ਹਨ।

ਕੁਝ ਲੋਕਾਂ ਦੀ ਹੀ ਪਛਾਣਨਯੋਗ ਅਤੇ ਧਿਆਨ ਖਿੱਚਣ ਵਾਲੀ ਸ਼ਖ਼ਸੀਅਤ ਹੁੰਦੀ ਹੈ ਬਾਕੀਆਂ ਦਾ ਕੇਵਲ ਨਾਂ ਹੀ ਹੁੰਦਾ ਹੈ।

ਮੇਰੇ ਸਕੂਲ ਵਿਚ ਇਕ ਅਧਿਆਪਕ ਸਨ, ਜਿਨ੍ਹਾਂ ਨੂੰ ਵਿਦਿਆਰਥੀ ਸਲਾਮ ਹੀ ਨਹੀਂ, ਸਿਜਦਾ ਵੀ ਕਰਦੇ ਸਨ। ਆਪਣੇ ਕਿੱਤੇ ਦੀ ਨਿਪੁੰਨਤਾ ਵਿਚੋਂ ਉਪਜੇ ਸੁਖਾਵੇਂ ਰੋਅਬ ਕਾਰਨ, ਉਹ ਸਾਨੂੰ ਬੜੇ ਚੰਗੇ ਅਤੇ ਪਿਆਰੇ ਲੱਗਦੇ ਸਨ। ਮੇਰਾ ਦਿਲ ਕਰਦਾ ਹੁੰਦਾ ਸੀ ਕਿ ਜੇ ਮੈਨੂੰ ਕਿਸੇ ਗ਼ਲਤੀ ਦੀ ਸਜ਼ਾ ਮਿਲਣੀ ਹੋਵੇ ਤਾਂ ਸਜ਼ਾ ਉਹ ਹੀ ਦੇਣ। ਉਨ੍ਹਾਂ ਦੀ ਸ਼ਾਬਾਸ਼ ਲੈਣ ਵਾਸਤੇ ਮੈਂ ਆਪਣੀ ਲਿਖਾਈ ਸੰਵਾਰੀ, ਉਨ੍ਹਾਂ ਦੇ ਨੇੜੇ ਹੋਣ ਵਾਸਤੇ ਮੈਂ ਆਪਣੀਆਂ ਆਦਤਾਂ ਠੀਕ ਕੀਤੀਆਂ ਅਤੇ ਉਨ੍ਹਾਂ ਦੇ ਮੂੰਹੋਂ ਆਪਣਾ ਨਾਂ ਸੁਣਨ ਵਾਸਤੇ ਮੈਂ ਸਿਲੇਬਸ ਤੋਂ ਬਾਹਰਲੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਆਪਣੇ ਸੁਚੱਜੇ ਵਿਹਾਰ ਨਾਲ ਅਸੀਂ ਉਨ੍ਹਾਂ ਤੋਂ ਹਾਂ ਹੀ ਸੁਣਨ ਦਾ ਯਤਨ ਕਰਦੇ ਸਾਂ। ਅਸੀਂ ਉਹ ਕੁਝ ਕਰਨਾ ਸੋਚ ਵੀ ਨਹੀਂ ਸੀ ਸਕਦੇ, ਜਿਸ ਬਾਰੇ ਉਨ੍ਹਾਂ ਦੀ ਨਾਂਹ ਹੋਵੇ।

ਇਵੇਂ ਹੀ ਸਾਡੇ ਕਾਲਜ ਵਿਚ ਫ਼ਿਲਾਸਫ਼ੀ ਦੇ ਇਕ ਪ੍ਰੋਫ਼ੈਸਰ ਸਨ, ਜਿਨ੍ਹਾਂ ਦੇ ਗਿਆਨ ਅਤੇ ਸ਼ਖ਼ਸੀਅਤ ਦਾ ਸਾਰੇ ਕਾਲਜ ਉੱਤੇ ਰੋਅਬ ਸੀ। ਉਨ੍ਹਾਂ ਦੇ ਰੋਅਬ ਕਾਰਨ ਮੈਂ ਉਨ੍ਹਾਂ ਦੇ ਵਿਦਿਆਰਥੀਆਂ ਨਾਲ ਉਨ੍ਹਾਂ ਬਾਰੇ ਗੱਲਾਂ ਕਰਿਆ ਕਰਦਾ ਸਾਂ। ਉਨ੍ਹਾਂ ਨੂੰ ਮੈਂ ਲੁਕ-ਲੁਕ ਕੇ ਵੇਖਿਆ ਕਰਦਾ ਸਾਂ।

ਉਨ੍ਹਾਂ ਤੋਂ ਮੈਂ ਸਿੱਖਿਆ ਕਿ ਕਿਸੇ ਦੀ ਅਮੀਰੀ, ਉਸ ਦੇ ਅਹੁਦੇ ਜਾਂ ਜਾਇਦਾਦ ਤੋਂ ਨਹੀਂ, ਉਸ ਦੇ ਵਿਹਾਰ ਤੋਂ ਪਰਖੀ ਜਾਂਦੀ ਹੈ।

ਇਕ ਵਾਰੀ ਕਾਲਜ ਵਿਚ ਵਿਦਿਆਰਥੀਆਂ ਦੀ ਹੜਤਾਲ ਦੌਰਾਨ, ਪ੍ਰਬੰਧਕਾਂ ਨੇ ਜਦੋਂ ਗੱਲਬਾਤ ਉਪਰੰਤ, ਮੰਗਾਂ ਮੰਨਣ ਤੋਂ ਨਾਂਹ ਕਰ ਦਿੱਤੀ ਤਾਂ ਵਿਦਿਆਰਥੀਆਂ ਨੇ ਕਿਹਾ ਕਿ ਜੇ ਉਹ ਪ੍ਰੋਫ਼ੈਸਰ ਸਾਹਿਬ ਕਹਿ ਦੇਣ ਕਿ ਸਾਡੀਆਂ ਮੰਗਾਂ ਗਲਤ ਹਨ, ਅਸੀਂ ਇਸੇ ਪਲ ਹੜਤਾਲ ਵਾਪਸ ਲੈ ਲਵਾਂਗੇ। ਪ੍ਰਬੰਧਕਾਂ ਵੱਲੋਂ ਪੁੱਛਣ ਉੱਤੇ ਪ੍ਰੋਫ਼ੈਸਰ ਸਾਹਿਬ ਨੇ ਕਿਹਾ ਸੀ ਕਿ ਵਿਦਿਆਰਥੀਆਂ ਦੀਆਂ ਤਿੰਨ ਮੰਗਾਂ ਵਿਚੋਂ ਦੋ ਮੰਗਾਂ ਵਾਜਬ ਸਨ। ਉਨ੍ਹਾਂ ਦੇ ਦਿੱਤੇ ਤਰਕ ਨੂੰ ਪ੍ਰਬੰਧਕਾਂ ਅਤੇ ਵਿਦਿਆਰਥੀਆਂ, ਦੋਹਾਂ ਨੇ ਮੰਨ ਲਿਆ ਸੀ।

ਆਪਣੇ ਰੋਅਬ ਕਾਰਨ ਸਿਆਣਪ ਹਰ ਥਾਂ ਆਪਣੀ ਗੱਲ ਮਨਵਾ ਲੈਂਦੀ ਹੈ। ਜਿਨ੍ਹਾਂ ਵਿਚ ਰੋਅਬ ਹੁੰਦਾ ਹੈ, ਉਨ੍ਹਾਂ ਵਿਚ ਹੀ ਸਵੈਮਾਣ ਹੁੰਦਾ ਹੈ।

ਨਿਪੁੰਨਤਾ ਦਾ ਰੋਅਬ ਅਤੇ ਗਿਆਨ ਅਤੇ ਅਮਲ ਨਾਲ ਕਮਾਇਆ ਸਵੈਮਾਣ, ਸਾਡੀ ਸੋਚ ਨੂੰ ਦੁਚਿੱਤੀਆਂ ਤੋਂ ਮੁਕਤ ਕਰ ਦਿੰਦਾ ਹੈ ਅਤੇ ਸਾਨੂੰ ਹਾਂ ਜਾਂ ਨਾਂਹ ਕਹਿਣ ਦੀਆਂ ਸਫ਼ਾਈਆਂ ਨਹੀਂ ਦੇਣੀਆਂ ਪੈਂਦੀਆਂ।

ਯੋਰਪ ਵਿਚ, ਜਰਮਨੀ ਰੋਅਬ ਦਾ ਪ੍ਰਤੀਕ ਹੈ ਅਤੇ ਫਰਾਂਸ ਸਵੈਮਾਣ ਦਾ।

ਜਰਮਨੀ ਕੋਲ ਤਕਨਾਲੋਜੀ ਦੀ ਤਾਕਤ ਹੈ ਅਤੇ ਫਰਾਂਸ ਕੋਲ ਕਲਾ ਦੀ ਸ਼ਕਤੀ ਹੈ। ਕਹਿੰਦੇ ਹਨ ਕਿ ਇਕ ਜਰਮਨ ਜਰਨੈਲ ਨੇ ਮੁਰਗੇ ਨੂੰ ਮੁਰਗੀ ਕਹਿ ਦਿੱਤਾ ਸੀ ਅਤੇ ਜਰਨੈਲ ਦੇ ਰੋਅਬ ਕਾਰਨ, ਮੁਰਗਾ ਅੰਡੇ ਦੇਣ ਲੱਗ ਪਿਆ ਸੀ।

ਦੂਜੇ ਵਿਸ਼ਵ ਯੁੱਧ ਦੌਰਾਨ, ਇੰਗਲੈਂਡ ਨੇ ਆਪਣੇ ਸਵੈਮਾਣ ਦੀ ਤਾਕਤ ਨਾਲ ਜਰਮਨੀ ਅੱਗੇ ਝੁਕਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ ਕਿ 'ਸਾਡੀ ਝੁਕਣ ਅਤੇ ਹਾਰਨ ਵਿਚ ਕੋਈ ਦਿਲਚਸਪੀ ਨਹੀਂ ਹੈ।'

ਉੱਚੀ ਸੋਚ ਤੋਂ ਬਿਨਾ ਸਵੈਮਾਣ ਨਹੀਂ ਉਪਜਦਾ।

ਮਹਾਂਪੁਰਸ਼ ਆਪਣੀ ਉੱਚੀ ਸੋਚ ਕਾਰਨ ਹੀ, ਮਹਾਂਪੁਰਸ਼ ਕਹੇ ਜਾਂਦੇ ਹਨ।

ਉਹ ਰਾਜ-ਭਾਗ ਨੂੰ ਹੀ ਨਾਂਹ ਨਹੀਂ ਕਹਿੰਦੇ, ਉਹ ਕਿਸੇ ਅੱਗੇ ਝੁਕਣ ਤੋਂ ਵੀ ਇਨਕਾਰ ਕਰਦੇ ਹਨ। ਵੇਦਾਂ ਅੱਗੇ, ਜ਼ਾਤ ਅੱਗੇ, ਹਕੂਮਤ, ਪੁਰੋਹਿਤ ਜਾਂ ਰਿਵਾਜ ਅੱਗੇ ਉਹ ਨਹੀਂ ਝੁਕਦੇ, ਉਹ ਕਿਸੇ ਦੀ ਈਨ ਨਹੀਂ ਮੰਨਦੇ।

ਸਾਰੇ ਮਹਾਂਪੁਰਸ਼ ਆਪਣੇ ਢੰਗ ਨਾਲ ਜੀਵੇ ਹਨ ਅਤੇ ਆਪਣੇ ਆਦਰਸ਼ਾਂ ਅਤੇ ਅਸੂਲਾਂ ਤੋਂ ਥੱਲੇ ਉਤਰਨ ਤੋਂ, ਉਨ੍ਹਾਂ ਨੇ ਨਾਂਹ ਹੀ ਕੀਤੀ ਹੈ।

ਇਤਿਹਾਸ ਵਿਚ ਨਾਂ ਉਨ੍ਹਾਂ ਦਾ ਹੀ ਹੁੰਦਾ ਹੈ, ਜਿਨ੍ਹਾਂ ਵਿਚ ਜਾਬਰਾਂ ਅੱਗੇ ਝੁਕਣ ਤੋਂ ਨਾਂਹ ਕਹਿਣ ਦੀ ਦਲੇਰੀ ਹੁੰਦੀ ਹੈ।

ਇਸ ਦਲੇਰੀ ਭਰੀ ਨਾਂਹ ਤੋਂ ਬਿਨਾ ਨਾ ਜ਼ਮਾਨਾ ਬਦਲਦਾ ਹੈ ਨਾ ਹੀ ਉਸ ਦੀਆਂ ਕਦਰਾਂ-ਕੀਮਤਾਂ ਵਿਚ ਪਰਿਵਰਤਨ ਵਾਪਰਦਾ ਹੈ।

ਵੱਡੀ ਕੁਰਬਾਨੀ ਵਾਂਗ ਦਲੇਰੀ ਭਰੀ ਨਾਂਹ ਆਪਣੇ ਆਪ ਨੂੰ ਦਾਓ 'ਤੇ ਲਾਉਣ ਦੇ ਚਾਓ ਵਿਚੋਂ ਉਪਜਦੀ ਹੈ।

ਜੇ ਅੱਜ ਅਸੀਂ ਸੁਤੰਤਰ ਹਾਂ ਤਾਂ ਇਸ ਪਿੱਛੇ ਹਜ਼ਾਰਾਂ ਲੋਕਾਂ ਵਲੋਂ ਗ਼ੁਲਾਮੀ ਨੂੰ ਨਾਂਹ ਕਹਿਣ ਵਾਲੀਆਂ ਕੁਰਬਾਨੀਆਂ ਖਲੋਤੀਆਂ ਹੋਈਆਂ ਹਨ।

ਜਿਉਂਦੀ ਮੱਛੀ ਹਮੇਸ਼ਾ ਵਹਿਣ ਦੇ ਵਿਰੁੱਧ ਚੱਲਦੀ ਹੈ, ਕੇਵਲ ਮਰੀ ਹੋਈ ਮੱਛੀ ਹੀ ਵਹਿਣ ਨਾਲ ਚੱਲਦੀ ਹੈ।

ਜੇ ਅਸੀਂ ਚਾਹੀਏ ਕਿ ਹਰ ਕੋਈ ਸਾਨੂੰ ਪਿਆਰ ਹੀ ਕਰੇ ਤਾਂ ਇਸ ਨਾਲ ਅਸੀਂ ਮਜ਼ਬੂਤ ਨਹੀਂ, ਸਗੋਂ ਕਮਜ਼ੋਰ ਹੀ ਹੋਵਾਂਗੇ।

ਸਾਨੂੰ ਨਾਂਹ ਕਹਿਣ ਵਾਲੇ ਵਾਸਤਵ ਵਿਚ ਸਾਨੂੰ ਮਜ਼ਬੂਤ ਬਣਾਉਂਦੇ ਹਨ।

ਸਫਲਤਾ ਦੇ ਅਰਥ ਹਾਰ ਮੰਨਣ ਪ੍ਰਤੀ ਨਾਂਹ ਤੋਂ ਹੀ ਹੁੰਦੇ ਹਨ, ਜਿਸ ਨੂੰ ਅਸੀਂ ਮਿਹਨਤ ਨਾਲ ਹਾਂ ਵਿਚ ਪਲਟਣਾ ਹੁੰਦਾ ਹੈ।

ਨਾਂਹ ਕਰਨੀ ਕਿਤਨੀ ਔਖੀ ਹੁੰਦੀ ਹੈ, ਜਾਣਨ ਵਾਸਤੇ, ਜੇ ਨੀਂਦਰ ਆ ਰਹੀ ਹੈ ਤਾਂ ਨੀਂਦਰ ਨੂੰ ਨਾਂਹ ਕਰਕੇ ਵੇਖ ਲਵੋ।

ਭੈੜੇ ਕੰਮਾਂ ਨੂੰ ਨਾਂਹ ਕਹਿਣੀ ਹੋਰ ਵੀ ਵੱਧ ਮੁਸ਼ਕਿਲ ਹੁੰਦੀ ਹੈ।

ਚਰਿੱਤਰ ਦੀ ਸ਼ਕਤੀ ਤੋਂ ਬਿਨਾ ਨਾਂਹ ਕਹਿਣੀ ਸੰਭਵ ਹੀ ਨਹੀਂ ਹੁੰਦੀ।

ਰਿਸ਼ਤਾ ਗੰਢਣ ਵੇਲੇ ਕਈਆਂ ਨੂੰ ਹਾਂ ਕਹਿ ਕੇ ਨਾਂਹ ਅਤੇ ਕਈ ਵਾਰ ਨਾਂਹ ਕਹਿ ਕੇ ਹਾਂ ਕਹਿਣੀ ਪੈਂਦੀ ਹੈ। ਸਵੈਮਾਣ ਦੀ ਘਾਟ ਕਾਰਨ ਇਸਤਰੀ ਨੂੰ ਅਕਸਰ

ਆਪਣੀ ਮਰਜ਼ੀ ਵਿਰੁੱਧ, ਪਰਿਵਾਰਕ ਅਤੇ ਸਮਾਜਿਕ ਦਬਾਵਾਂ ਕਾਰਨ, ਹਾਂ ਕਹਿਣ ਦੀ ਮਜਬੂਰੀ ਹੁੰਦੀ ਹੈ।

ਇਸਤਰੀ ਇਸ ਲਈ ਕਮਜ਼ੋਰ ਹੈ ਕਿਉਂਕਿ ਉਸ ਨੇ ਪੁਰਸ਼ ਨਾਲ ਆਪਣੇ ਵਿਆਹ ਨੂੰ ਹੀ ਆਪਣਾ ਆਦਰਸ਼ ਬਣਾਇਆ ਹੋਇਆ ਹੈ।

ਜਦੋਂ ਤੱਕ ਇਸਤਰੀ ਵਿਆਹ ਨੂੰ ਆਪਣੇ ਜੀਵਨ ਦਾ ਇਕ-ਮਾਤਰ ਉਦੇਸ਼ ਮੰਨਣ ਤੋਂ ਨਾਂਹ ਨਹੀਂ ਕਰਦੀ, ਉਦੋਂ ਤੱਕ ਉਸ ਵਿਚ ਹਿੰਮਤ, ਦਲੇਰੀ, ਰੋਅਬ ਅਤੇ ਸਵੈਮਾਣ ਨਹੀਂ ਉਪਜਣਗੇ।

ਸੰਸਾਰ ਦੇ ਮਜ਼ਬੂਤ ਦੇਸ਼ਾਂ ਵਿਚ ਇਸਤਰੀ ਲਈ ਵਿਆਹ ਨਾਲੋਂ ਸਵੈਮਾਣ ਵਧੇਰੇ ਕੀਮਤੀ ਹੈ, ਜਿਸ ਕਾਰਨ ਉਹ ਅਨਿਆਂ ਅੱਗੇ ਝੁਕਣ ਤੋਂ ਨਾਂਹ ਕਰਦੀ ਹੈ। ਇਸੇ ਕਰਕੇ ਮਜ਼ਬੂਤ ਦੇਸ਼ਾਂ ਵਿਚ ਇਸਤਰੀ ਸੁਤੰਤਰ ਹੈ।

ਜਦੋਂ ਮੈਂ ਇਸਤਰੀਆਂ ਨੂੰ, ਉਨ੍ਹਾਂ ਵਲੋਂ ਪੁਰਸ਼ਾਂ ਦੇ ਬਰਾਬਰ ਹੋਣ ਦੀਆਂ ਗੱਲਾਂ ਕਰਦਿਆਂ ਸੁਣਦਾ ਹਾਂ ਤਾਂ ਮੈਂ ਹੈਰਾਨ ਹੁੰਦਾ ਹਾਂ ਕਿ ਇਸਤਰੀਆਂ ਨੇ ਆਪਣਾ ਜੀਵਨ-ਉਦੇਸ਼ ਇਤਨਾ ਨੀਵਾਂ ਕਿਉਂ ਮਿਥਿਆ ਹੋਇਆ ਹੈ?

ਵੇਖਿਆ ਗਿਆ ਹੈ ਕਿ ਜੇ ਮਾਪੇ ਦੱਬੂ ਹੋਣ ਤਾਂ ਉਨ੍ਹਾਂ ਦੀ ਸੰਤਾਨ ਦਾ ਡਰਪੋਕ ਹੋਣਾ ਲਾਜ਼ਮੀ ਹੁੰਦਾ ਹੈ।

ਜਿਨ੍ਹਾਂ ਪਰਿਵਾਰਾਂ ਵਿਚ ਡਸਿਪਲਿਨ ਨਹੀਂ ਹੁੰਦਾ, ਉਥੇ ਸੰਤਾਨ ਵਿਚ ਸ਼ਕਤੀਸ਼ਾਲੀ ਅਤੇ ਵਿਕਾਸ ਕਰਨ ਵਾਲੀਆਂ ਆਦਤਾਂ ਨਹੀਂ ਉਪਜਦੀਆਂ।

ਪੰਜ ਜੀਆਂ ਵਾਲੇ ਇਕ ਪਰਿਵਾਰ ਨੂੰ ਮੈਂ ਜਾਣਦਾ ਹਾਂ, ਜਿਸ ਵਿਚ ਸਾਰੀਆਂ ਸਬਜ਼ੀਆਂ ਅਤੇ ਦਾਲਾਂ ਬਾਰੇ ਕਿਸੇ ਨਾ ਕਿਸੇ ਦੀ ਨਾਂਹ ਹੁੰਦੀ ਹੈ, ਇਹ ਪਰਿਵਾਰ ਇਕੱਠਾ ਕਿਵੇਂ ਰਹਿ ਸਕਦਾ ਹੈ?

ਕਈ ਪਰਿਵਾਰਾਂ ਵਿਚ ਬੱਚਾ ਜਦੋਂ ਆਪਣੇ ਹੱਕ ਦੀ ਗੱਲ ਕਰਦਾ ਹੈ ਤਾਂ ਮਾਪੇ ਉਸ ਨੂੰ ਗੁਸਤਾਖ਼ ਸਮਝ ਕੇ ਉਸ ਦੀ ਹਰੇਕ ਗੱਲ ਮੰਨਣ ਤੋਂ ਨਾਂਹ ਕਰ ਦਿੰਦੇ ਹਨ।

ਜਿਹੜੇ ਮਾਪੇ ਜਾਂ ਅਧਿਆਪਕ, ਬੱਚਿਆਂ ਨੂੰ ਸਜ਼ਾ ਦਿੰਦੇ ਹਨ, ਉਹ ਵਾਸਤਵ ਵਿਚ ਵਿਚਾਰਾਂ ਅਤੇ ਕਲਪਨਾ ਦੇ ਪੱਖੋਂ ਕੰਗਾਲ ਹੁੰਦੇ ਹਨ।

ਧਰਮ ਦੇ ਬਹੁਤੇ ਉਪਦੇਸ਼ ਵੀ ਮਨੁੱਖ ਨੂੰ ਡਰਪੋਕ ਬਣਾ ਕੇ, ਸਵੈ-ਪ੍ਰਗਟਾਵਾ ਕਰਨ ਦੀ ਥਾਂ ਝੁਕਣ ਲਈ ਹੀ ਪ੍ਰੇਰਦੇ ਹਨ।

ਕਮਜ਼ੋਰ ਸਮਾਜਾਂ ਵਿਚ ਨਵੀਨਤਾ ਪ੍ਰਤੀ ਦ੍ਰਿਸ਼ਟੀਕੋਣ ਨਾਂਹ ਵਾਲਾ ਹੁੰਦਾ ਹੈ। ਕਿਸੇ ਦੀ ਗੱਲ ਨੂੰ ਸੁਣਨ ਤੋਂ ਮੁੱਢੋਂ-ਸੁੱਢੋਂ ਨਾਂਹ ਕਰਨ ਨਾਲ ਰਗੜਵੇਂ ਸੰਬੰਧ ਹੀ ਉਪਜਦੇ ਹਨ, ਜਿਹੜੇ ਸਾਡੀ ਸਾਰੀ ਸ਼ਕਤੀ ਨੂੰ ਖੋਰਦੇ ਰਹਿੰਦੇ ਹਨ।

ਸੱਸ ਅਤੇ ਨੂੰਹ ਜੇ ਇਕ ਦੂਜੇ ਨੂੰ ਕੱਟਦੀਆਂ ਚਲੀਆਂ ਜਾਣਗੀਆਂ ਤਾਂ ਪਰਿਵਾਰ ਕਮਜ਼ੋਰ ਹੀ ਹੋਵੇਗਾ, ਜਿਸ ਨਾਲ ਪਰਿਵਾਰ ਦੀ ਆਰਥਿਕ ਸ਼ਕਤੀ ਘਟੇਗੀ ਅਤੇ ਸਮੁੱਚੀ ਕਾਰਗੁਜ਼ਾਰੀ ਨੀਵੀਂ ਹੀ ਹੋਵੇਗੀ।

ਹਰੇਕ ਹਾਂ ਜਾਂ ਨਾਂਹ ਦਾ ਸੰਦਰਭ ਹੁੰਦਾ ਹੈ।

ਸੰਦਰਭ ਨੂੰ ਸਮਝਣ ਨਾਲ ਅਕਸਰ ਸਾਡੀ ਹਾਂ, ਨਾਂਹ ਵਿਚ ਅਤੇ ਨਾਂਹ, ਹਾਂ ਵਿਚ ਬਦਲ ਜਾਂਦੀ ਹੈ। ਮੇਰੇ ਇਕ ਮਿੱਤਰ ਦੱਸ ਰਹੇ ਸਨ ਕਿ ਉਨ੍ਹਾਂ ਅਧੀਨ ਇਕ ਕਰਮਚਾਰੀ ਦੀ ਵਿਆਕਰਣ ਬੜੀ ਮਾੜੀ ਸੀ, ਜਿਸ ਕਾਰਨ ਉਹ ਅਕਸਰ ਉਸ ਦੇ ਲਿਖੇ ਨੂੰ ਰੱਦ ਕਰ ਦਿੰਦੇ ਸਨ। ਉਸ ਕਰਮਚਾਰੀ ਦਾ ਵਿਆਹ ਸੀ, ਉਹ ਮਿੱਟੀ ਧੂੜ ਵਾਲੇ ਲੰਮੇ ਰਸਤੇ ਰਾਹੀਂ ਜਦੋਂ ਉਸ ਦੇ ਛੋਟੇ ਜਿਹੇ ਪਿੰਡ ਅਪੜੇ ਤਾਂ ਵੇਖਿਆ ਕਿ ਪਰਿਵਾਰ ਦੇ ਸੱਤ ਜੀਅ ਇਕ ਛੋਟੇ ਜਿਹੇ, ਲਿੱਪੀਆਂ ਕੰਧਾਂ ਵਾਲੇ, ਕਮਰੇ ਵਿਚ ਰਹਿ ਰਹੇ ਸਨ। ਪਿੰਡ ਵਿਚ ਕੇਵਲ ਪ੍ਰਾਇਮਰੀ ਸਕੂਲ ਸੀ ਅਤੇ ਜਮਾਤਾਂ ਦਰੱਖਤਾਂ ਥੱਲੇ ਹੀ ਲੱਗਦੀਆਂ ਸਨ। ਉਹ ਦਾਦ ਦੇਣੋਂ ਨਾ ਰਹਿ ਸਕੇ ਕਿ ਇਨ੍ਹਾਂ ਹਾਲਤਾਂ ਵਿਚੋਂ ਉੱਠ ਕੇ, ਉਹ ਕਰਮਚਾਰੀ ਵੱਡੇ ਸ਼ਹਿਰ ਵਿਚ ਨੌਕਰੀ ਪ੍ਰਾਪਤ ਕਰਨ ਵਿਚ ਸਫਲ ਹੋਇਆ ਸੀ।

ਉਸ ਤੋਂ ਮਗਰੋਂ ਉਸ ਦੇ ਹਰ ਖਰੜੇ ਨੂੰ ਨਾਂਹ ਕਹਿਣ ਵਾਲਾ ਅਫ਼ਸਰ, ਉਸ ਨੂੰ ਆਪ ਲਿਖਣਾ ਸਿਖਾਉਣ ਲੱਗ ਪਿਆ।

ਇਵੇਂ ਹੀ ਇਕ ਸੇਵਾਦਾਰ ਲੱਗੀ ਇਸਤਰੀ ਨੂੰ ਉਸ ਦੀ ਅਫ਼ਸਰ ਛੁੱਟੀ ਦੇਣ ਤੋਂ ਅਕਸਰ ਨਾਂਹ ਕਰ ਦਿੰਦੀ ਸੀ। ਇਕ ਵਾਰੀ ਉਹ ਬੀਮਾਰ ਪੈ ਗਈ ਤਾਂ ਉਸ ਦੀ ਗਰੀਬੀ ਨੂੰ ਧਿਆਨ ਵਿਚ ਰੱਖਦਿਆਂ ਜਦੋਂ ਅਫ਼ਸਰ ਉਸ ਦੀ ਤਨਖਾਹ ਲੈ ਕੇ, ਉਸ ਦਾ ਹਾਲ-ਚਾਲ ਪੁੱਛਣ ਗਈ ਤਾਂ ਉਸ ਨੇ ਵੇਖਿਆ ਕਿ ਉਸ ਦੇ ਪਤੀ ਨੂੰ ਅਧਰੰਗ ਅਤੇ ਉਸ ਦੇ ਪੁੱਤਰ ਨੂੰ ਪੋਲੀਓ ਹੋਇਆ ਹੋਣ ਕਰਕੇ ਸਵੇਰੇ ਤਿੰਨ ਵਜੇ ਉੱਠ ਕੇ ਘਰ ਦਾ ਸਾਰਾ ਕੰਮ ਕਰਕੇ, ਉਹ ਚਾਰ ਮੀਲ ਪੈਦਲ ਚੱਲ ਕੇ ਦਫ਼ਤਰ ਲੱਗਣ ਤੋਂ ਪਹਿਲਾਂ ਪਹੁੰਚ ਜਾਂਦੀ ਸੀ ਅਤੇ ਉਸ ਨੇ ਕਦੇ ਆਪਣੇ ਕੰਮ ਵਿਚ ਕੋਈ ਕੁਤਾਹੀ ਨਹੀਂ ਸੀ ਕੀਤੀ ਅਤੇ ਕਿਸੇ ਨਾਲ ਵੀ ਆਪਣੀ ਪ੍ਰੇਸ਼ਾਨੀ ਦੀ ਗੱਲ ਨਹੀਂ ਸੀ ਕੀਤੀ।

ਉਸ ਮਗਰੋਂ ਉਸ ਦੀ ਛੁੱਟੀ ਦੀਆਂ ਬੇਨਤੀਆਂ ਨੂੰ ਨਾਂਹ ਕਰਨ ਵਾਲੀ ਉਸ ਦੀ ਅਫ਼ਸਰ ਆਪ ਹੀ ਕਹਿਣ ਲੱਗ ਪਈ: ਜਾਹ, ਥੋੜ੍ਹਾ ਚਿਰ ਅਰਾਮ ਕਰ ਲੈ।

ਇਕ ਵਾਰੀ ਇਕ ਇਸਤਰੀ ਨੂੰ ਮੁੜਦਿਆਂ ਘਰ ਦੇ ਨੇੜੇ ਇਕ ਮੰਗਤਾ ਮਿਲਿਆ, ਜਿਹੜਾ ਪਿਛਲੇ ਦੋ ਦਿਨਾਂ ਦੇ ਮੀਂਹ ਕਾਰਨ ਭੁੱਖ ਦਾ ਸਤਾਇਆ ਹੋਇਆ ਸੀ। ਸੰਜੋਗਵਸ, ਇਹ ਦਿਨ ਉਸ ਇਸਤਰੀ ਦੇ, ਉਸ ਮੰਗਤੇ ਦੀ ਉਮਰ

ਵਾਲੇ, ਵਿਦੇਸ਼ ਰਹਿੰਦੇ ਇਕਲੌਤੇ ਪੁੱਤਰ ਦਾ ਜਨਮ ਦਿਨ ਸੀ। ਉਸ ਮੰਗਤੇ ਦੇ ਹੱਥ ਨੂੰ ਫੜ ਕੇ ਘੁਟਦਿਆਂ-ਘੁਟਦਿਆਂ ਘਰ ਲਿਆ ਕੇ ਉਸ ਮਾਂ ਨੇ ਭੋਜਨ ਖੁਆਇਆ। ਕਲਪਨਾ ਵਿਚ ਆਪਣੇ ਪੁੱਤਰ ਨੂੰ ਰਖ ਕੇ, ਉਸ ਨੇ ਮੰਗਤੇ ਨੂੰ ਕਿਹਾ: ਤੇਰੇ ਹੱਥਾਂ ਵਿਚ ਬਰਕਤ ਹੈ, ਤੂੰ ਮੰਗਿਆ ਨਾ ਕਰ। ਸ਼ਾਇਦ ਉਸ ਮੰਗਤੇ ਦਾ ਕਿਸੇ ਇਨਸਾਨ ਅਤੇ ਮਿਹਰਬਾਨ ਨੂੰ ਮਿਲਣ ਦਾ ਇਹ ਪਹਿਲਾ ਅਨੁਭਵ ਸੀ, ਸੋ ਉਸ ਨੂੰ ਪਹਿਲੀ ਵਾਰ ਲੱਗਿਆ ਕਿ ਉਸ ਕੋਲ ਬਰਕਤੀ ਹੱਥ ਸਨ। ਜਦੋਂ ਉਸ ਇਸਤਰੀ ਨੇ ਉਸ ਨੂੰ ਕੁਝ ਪੈਸੇ ਦੇਣੇ ਚਾਹੇ ਤਾਂ ਮੰਗਤੇ ਨੇ ਕਿਹਾ: ਬੀਬੀ ਜੀ, ਅੱਜ ਤੋਂ ਮਗਰੋਂ ਇਹ ਹੱਥ, ਕਦੇ ਵੀ ਕੁਝ ਮੰਗਣ ਲਈ ਨਹੀਂ, ਕੁਝ ਦੇਣ ਲਈ ਹੀ ਖੁੱਲ੍ਹਣਗੇ।

ਕਈ ਵਾਰੀ ਸਾਨੂੰ ਨਾਂਹ ਠੀਕ ਪ੍ਰਤੀਤ ਹੁੰਦੀ ਹੈ ਪਰ ਸੰਦਰਭ ਸਮਝ ਆਉਣ 'ਤੇ ਅਸੀਂ ਸ਼ਰਮਸਾਰ ਮਹਿਸੂਸ ਕਰਦੇ ਹਾਂ। ਇਕ ਲੜਕਾ ਅੰਨ੍ਹਾ ਸੀ, ਪਰ ਉਹ ਗਾਉਂਦਾ ਬਹੁਤ ਚੰਗਾ ਸੀ। ਇਕ ਲੜਕੀ ਨੇ ਉਸ ਨੂੰ ਪਿਆਰ ਕੀਤਾ ਅਤੇ ਵਿਆਹ ਦੀ ਪੇਸ਼ਕਸ਼ ਵੀ ਕੀਤੀ। ਲੜਕੇ ਨੇ ਕਿਹਾ, ਉਹ ਵਿਆਹ ਉਦੋਂ ਹੀ ਕਰੇਗਾ, ਜਦੋਂ ਉਸ ਦੀ ਨਜ਼ਰ ਠੀਕ ਹੋ ਜਾਵੇਗੀ। ਜਦੋਂ ਦਾਨ ਕੀਤੀਆਂ ਅੱਖਾਂ ਨਾਲ ਉਸ ਨੂੰ ਦਿਸਣ ਲੱਗ ਪਿਆ ਤਾਂ ਉਸ ਨੂੰ ਵੇਖ ਕੇ ਹੈਰਾਨੀ ਹੋਈ ਕਿ ਉਸ ਦੀ ਪ੍ਰੇਮਿਕਾ ਅੰਨ੍ਹੀ ਸੀ। ਪ੍ਰੇਮਿਕਾ ਨੇ ਕਿਹਾ: ਤੇਰੀ ਸ਼ਰਤ ਪੂਰੀ ਹੋ ਗਈ ਹੈ, ਹੁਣ ਤੂੰ ਮੇਰੇ ਨਾਲ ਵਿਆਹ ਕਰਵਾ ਲੈ ਪਰ ਲੜਕੇ ਨੇ ਨਾਂਹ ਕਰ ਦਿੱਤੀ। ਜਦੋਂ ਉਹ ਜਾਣ ਲੱਗਿਆ, ਤਾਂ ਪ੍ਰੇਮਿਕਾ ਨੇ ਕਿਹਾ: ਮੇਰੀਆਂ ਅੱਖਾਂ ਸੰਭਾਲ ਕੇ ਰੱਖੀਂ!

ਜਦੋਂ ਤੱਕ ਅਸੀਂ ਆਪ ਨਿਰਣਾ ਨਹੀਂ ਕਰਦੇ ਕਿ ਮੈਂ ਕੌਣ ਹਾਂ, ਮੇਰਾ ਉਦੇਸ਼ ਕੀ ਹੈ, ਉਦੋਂ ਤੱਕ ਅਸੀਂ ਹਾਂ ਜਾਂ ਨਾਂਹ ਦਾ ਠੀਕ ਫੈਸਲਾ ਵੀ ਨਹੀਂ ਕਰ ਸਕਾਂਗੇ।

ਠੀਕ ਕਾਰਜ ਨੂੰ ਕਰਨਾ ਕਦੇ ਵੀ ਔਖਾ ਨਹੀਂ ਹੁੰਦਾ, ਔਖਾ ਇਹ ਜਾਣਨਾ ਹੁੰਦਾ ਹੈ ਕਿ ਠੀਕ ਕਾਰਜ ਕੀ ਹੈ?

ਜਿਹੜੇ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹੁੰਦੇ, ਉਹ ਆਪਣਾ ਕਰਤੱਵ ਵੀ ਨਹੀਂ ਪਾਲਦੇ, ਉਹ ਸੋਚ ਦੇ ਪੱਖੋਂ ਵੀ ਸੁਤੰਤਰ ਨਹੀਂ ਹੁੰਦੇ।

ਸਲੀਕੇ ਭਰੀ ਹਾਜ਼ਰ-ਜਵਾਬੀ ਅਤੇ ਮੌਕੇ ਅਨੁਸਾਰ ਢੁਕਵੀਂ ਗੱਲ ਕਰਨ ਦੀ ਯੋਗਤਾ, ਸਾਡੀ ਸਹੀ ਸੋਚ ਅਤੇ ਸਾਡੇ ਵਿਹਾਰ ਦੀ ਸੁਤੰਤਰਤਾ ਦੀਆਂ ਪੱਕੀਆਂ ਨਿਸ਼ਾਨੀਆਂ ਹੁੰਦੀਆਂ ਹਨ।

ਹਾਂ ਜਾਂ ਨਾਂਹ ਸਪਸ਼ਟ ਹੋਣੀ ਚਾਹੀਦੀ ਹੈ।

ਜਿਸ ਕੰਮ ਦੀ ਸਮਝ ਨਹੀਂ, ਉਸ ਸੰਬੰਧੀ ਭਾਈਵਾਲੀ ਨੂੰ ਸਪਸ਼ਟ ਨਾਂਹ ਕਹਿਣੀ ਚਾਹੀਦੀ ਹੈ।

ਜੋ ਉਧਾਰ ਲੈ ਚੁੱਕਿਆ ਹੈ ਅਤੇ ਮੋੜੇ ਬਿਨਾ ਹੋਰ ਲੈਣ ਆਇਆ ਹੈ, ਉਸ ਨੂੰ ਮੋਟੀ ਨਾਂਹ ਕਹਿਣ ਦੀ ਲੋੜ ਹੈ।

ਇਹ ਸੋਚ ਕੇ ਨਾ-ਪਸੰਦ ਜਾਂ ਬੇਲੋੜੀਆਂ ਚੀਜ਼ਾਂ ਨਹੀਂ ਖਰੀਦਣੀਆਂ ਚਾਹੀਦੀਆਂ ਕਿ ਦੁਕਾਨਦਾਰ ਸਾਡੇ ਬਾਰੇ ਕੀ ਸੋਚੇਗਾ।

ਜਦੋਂ ਵੀ ਕਿਸੇ ਨਵੀਂ ਥਾਂ ਜਾਓ, ਪਤਾ ਕਰੋ ਕਿ ਉੱਥੇ ਕਿਸ-ਕਿਸ ਚੀਜ਼ ਦੀ ਨਾਂਹ ਹੈ, ਫਿਰ ਵੇਖੋ ਕਿ ਉਸ ਥਾਂ ਤੇ ਕਿਸ-ਕਿਸ ਹਾਂ ਦਾ ਲਾਭ ਉਠਾਇਆ ਜਾ ਸਕਦਾ ਹੈ।

ਜੇ ਕੋਈ ਨਿਮਰਤਾ ਨਾਲ ਪੇਸ਼ ਆਉਂਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਕੱਢਣਾ ਚਾਹੀਦਾ ਕਿ ਉਸ ਦੀ ਹਾਂ ਹੈ।

ਅਕਸਰ ਅਸੀਂ ਜਦੋਂ ਸੋਚ-ਸਮਝ ਕੇ ਕਿਸੇ ਨੂੰ ਨਾਂਹ ਕਰਦੇ ਹਾਂ ਤਾਂ ਅਗਲੇ ਕੁਝ ਦਿਨਾਂ ਵਿਚ ਹੀ ਉਹ ਸਾਬਤ ਕਰ ਦਿੰਦਾ ਹੈ ਕਿ ਉਸ ਨੂੰ ਨਾਂਹ ਕਹਿਣ ਦਾ ਸਾਡਾ ਫ਼ੈਸਲਾ ਠੀਕ ਸੀ।

ਚਾਹੁੰਦੇ ਤਾਂ ਅਸੀਂ ਸਾਰੇ ਹੀ ਹਾਂ ਕਿ ਅਸੀਂ ਆਪਣੇ ਢੰਗ ਨਾਲ ਜ਼ਿੰਦਗੀ ਗੁਜ਼ਾਰੀਏ ਪਰ ਅਜੋਕੇ ਸਮੇਂ ਵਿਚ ਹਾਂ, ਨਾਂਹ ਦੇ ਸੰਸਿਆਂ ਕਾਰਨ ਸਹੀ ਢੰਗ ਨਾਲ ਜ਼ਿੰਦਗੀ ਗੁਜ਼ਾਰਨਾ ਬੜਾ ਔਖਾ ਕਾਰਜ ਬਣ ਗਿਆ ਹੈ।

ਸੰਸਿਆਂ ਨਾਲ ਭਰੀ ਅਜਿਹੀ ਜ਼ਿੰਦਗੀ ਦੇ ਪਹਿਲੇ ਸੌ ਸਾਲ ਤਾਂ ਬੜੇ ਹੀ ਔਖੇ ਹੁੰਦੇ ਹਨ, ਉਸ ਮਗਰੋਂ ਅਸੀਂ ਆਪ ਹੀ ਜ਼ਿੰਦਗੀ ਨੂੰ ਨਾਂਹ ਕਰ ਦਿੰਦੇ ਹਾਂ।

ਜੇ ਸਾਡੀ ਨਾਂਹ ਮਜ਼ਬੂਤ ਹੋਵੇਗੀ ਤਾਂ ਸਾਡੀ ਹਾਂ ਦੀ ਤਾਕਤ ਵੱਧ ਜਾਵੇਗੀ।

* * *

ਪ੍ਰਸੰਸਾ ਅਤੇ ਚਾਪਲੂਸੀ

ਪ੍ਰਸੰਸਾ ਕਰਨੀ, ਪ੍ਰਸੰਸਾ ਕਰਨ ਵਾਲੇ ਦਾ ਗੁਣ ਹੁੰਦੀ ਹੈ ਪਰ ਚਾਪਲੂਸੀ ਕਰਨੀ, ਚਾਪਲੂਸੀ ਸੁਣਨ ਵਾਲੇ ਦਾ ਔਗੁਣ ਹੁੰਦੀ ਹੈ।

ਜੇ ਪ੍ਰਸੰਸਾ ਹੁੰਦੀ ਰਹੇ ਤਾਂ ਨਾ ਥਕਾਵਟ ਹੁੰਦੀ ਹੈ, ਨਾ ਭੁੱਖ ਲੱਗਦੀ ਹੈ।

ਜੋ ਆਨੰਦ ਮਨੁੱਖ ਨੂੰ ਆਪਣੀ ਪ੍ਰਸੰਸਾ ਸੁਣਨ ਵਿਚੋਂ ਮਿਲਦਾ ਹੈ, ਉਹ ਕਿਸੇ ਹੋਰ ਢੰਗ ਨਾਲ ਜਾਂ ਕਿਸੇ ਹੋਰ ਸਰੋਤ ਤੋਂ ਨਹੀਂ ਮਿਲਦਾ।

ਜਦੋਂ ਤੁਸੀਂ ਕਿਸੇ ਦੀ ਪ੍ਰਸੰਸਾ ਕਰੋਗੇ ਤਾਂ ਉਹ ਕਦੇ ਨਹੀਂ ਕਹੇਗਾ ਕਿ ਮੈਂ ਜਲਦੀ ਜਾਣਾ ਹੈ। ਵੱਡੇ ਉਪਰਾਲੇ ਅਤੇ ਵੱਡੇ ਖਰਚੇ ਅਸੀਂ ਪ੍ਰਸੰਸਾ ਕਰਵਾਉਣ ਲਈ ਹੀ ਕਰਦੇ ਹਾਂ। ਹਰ ਕਿਸੇ ਵਿਚ ਆਪਣੇ ਲਈ ਤਾੜੀਆਂ ਵੱਜਦੀਆਂ ਸੁਣਨ ਦੀ ਸੁਭਾਵਕ ਤਾਂਘ ਹੁੰਦੀ ਹੈ।

ਸ਼ਬਦਾਂ ਨਾਲ ਮਾਰੀਆਂ ਤਾੜੀਆਂ, ਮੁਸਕਰਾਹਟਾਂ ਲਾਲ ਉਪਜਾਈ ਰੌਣਕ ਜਾਂ ਵਿਸ਼ੇਸ਼ਣਾਂ ਨਾਲ ਕੀਤੀ ਰੋਸ਼ਨੀ ਨੂੰ ਪ੍ਰਸੰਸਾ ਕਹਿੰਦੇ ਹਨ।

ਪ੍ਰਸੰਸਾ ਰਾਹੀਂ ਹੀ ਸਾਨੂੰ ਆਪਣੀ ਹੋਂਦ ਦਾ ਮਾਣ ਹੁੰਦਾ ਹੈ। ਕਿਸੇ ਵਲੋਂ ਧਿਆਨ ਦਿੱਤੇ ਜਾਣ ਜਾਂ ਨਾ ਦਿੱਤੇ ਜਾਣ ਨਾਲ ਹੀ ਸਾਨੂੰ ਆਪਣੇ ਚੰਗੇ ਜਾਂ ਮਾੜੇ ਹੋਣ ਦਾ ਪਤਾ ਲੱਗਦਾ ਹੈ।

ਪ੍ਰਸੰਸਾ ਮਨੁੱਖ ਦੀ ਸਭ ਤੋਂ ਵੱਡੀ ਪ੍ਰੇਰਨਾ ਹੁੰਦੀ ਹੈ।

ਜਿਥੇ ਕਿਸੇ ਦੇ ਕੰਮ ਦੀ ਪ੍ਰਸੰਸਾ ਨਹੀਂ ਹੁੰਦੀ, ਉਥੇ ਕੰਮ ਵਿਚੋਂ ਤਸੱਲੀ ਨਹੀਂ ਲੱਭਦੀ ਅਤੇ ਉੱਥੇ ਕੰਮ ਦੀ ਪੱਧਰ ਨਹੀਂ ਸੁਧਰਦੀ।

ਆਪਣੇ ਬੱਚਿਆਂ ਦੀ ਹਰੇਕ ਗੱਲ ਵਿਚ ਨੁਕਸ ਕੱਢਣ ਵਾਲੇ ਮਾਪੇ ਨਾ ਕੇਵਲ ਆਪ ਜਲਦੀ ਮਰ ਜਾਂਦੇ ਹਨ, ਸਗੋਂ ਉਨ੍ਹਾਂ ਦੇ ਬੱਚਿਆਂ ਦੀ ਕਾਰਗੁਜ਼ਾਰੀ ਵੀ ਨੀਵੀਂ ਰਹਿ ਜਾਂਦੀ ਹੈ। ਕਿਸੇ ਦੇ ਚੰਗੇ ਕੰਮ ਦੀ ਪ੍ਰਸੰਸਾ ਵਾਸਤਵ ਵਿਚ ਕਾਮੇ ਦੇ ਚਰਿੱਤਰ ਅਤੇ ਵਿਹਾਰ ਦੀ ਵੀ ਪ੍ਰਸੰਸਾ ਹੁੰਦੀ ਹੈ।

ਪ੍ਰਸੰਸਾ, ਪ੍ਰਸੰਸਕ ਦੇ ਦਿਲ ਦੀ ਅਮੀਰੀ ਵਿਚੋਂ ਅਤੇ ਉਸ ਦੇ ਆਪਣੇ ਸਫਲ ਅਤੇ ਖੁਸ਼ਹਾਲ ਹੋਣ ਦੀ ਭਾਵਨਾ ਵਿਚੋਂ ਉਪਜਦੀ ਹੈ। ਜਿਸ ਦੀ ਪ੍ਰਸੰਸਾ ਕੀਤੀ ਜਾਵੇ, ਉਹ ਸੋਹਣਾ ਲੱਗਣ ਲੱਗ ਜਾਂਦਾ ਹੈ ਅਤੇ ਪ੍ਰਸੰਸਾ ਕਰਨ ਵਾਲੇ ਨੂੰ ਵੀ ਆਪਣਾ ਆਪ ਚੰਗਾ ਲਗਦਾ ਹੈ। ਕਿਸੇ ਦੀ ਸਲਾਹ ਪੁੱਛਣਾ, ਕਿਸੇ ਦਾ ਧੰਨਵਾਦ ਕਰਨਾ, ਕਿਸੇ ਨੂੰ ਧਿਆਨ ਨਾਲ ਸੁਣਨਾ ਅਤੇ ਕਿਸੇ ਵੱਲ ਪ੍ਰਸੰਨ ਹੋ ਕੇ ਵੇਖਣਾ, ਪ੍ਰਸੰਸਾ ਦੀਆਂ ਸਧਾਰਨ ਵੰਨਗੀਆਂ ਹਨ।

ਅਸੀਂ ਪ੍ਰਸੰਸਾ ਉਸੇ ਦੀ ਕਰਦੇ ਹਾਂ, ਜਿਸ ਦੇ ਨੇੜੇ ਅਸੀਂ ਹੋਣਾ ਚਾਹੁੰਦੇ ਹਾਂ ਜਾਂ ਜਿਸ ਨੂੰ ਆਪਣੇ ਨੇੜੇ ਕਰਨਾ ਚਾਹੁੰਦੇ ਹਾਂ।

ਜਦੋਂ ਸਾਡੇ ਕੰਮ ਦੀ ਪ੍ਰਸੰਸਾ ਹੋਣ ਲੱਗ ਪਵੇ, ਉਦੋਂ ਅਸੀਂ ਆਪਣੇ ਕੰਮ ਦੇ ਮਾਹਿਰ ਬਣਨ ਲੱਗ ਪੈਂਦੇ ਹਾਂ।

ਪ੍ਰਸੰਸਾ ਨਾਲ ਕੰਮ ਕਰਨ ਦਾ ਜੋਸ਼ ਅਤੇ ਹਿੰਮਤ ਵੱਧ ਜਾਂਦੀ ਹੈ।

ਇਨਾਮਾਂ-ਸਨਮਾਨਾਂ ਦਾ ਵੀ ਇਹੀ ਰੋਲ ਹੁੰਦਾ ਹੈ।

ਪਿਆਰ, ਸੁੰਦਰਤਾ ਦੀ ਪ੍ਰਸੰਸਾ ਵਿਚੋਂ ਉਪਜਦਾ ਹੈ।

ਆਪਣੇ ਅਧੂਰੇਪਣ ਦੇ ਅਹਿਸਾਸ ਕਾਰਨ ਹੀ ਅਸੀਂ ਦੂਜਿਆਂ ਦੀ ਪ੍ਰਸੰਸਾ, ਹਮਦਰਦੀ ਅਤੇ ਪਿਆਰ ਲਈ ਤਾਂਘਦੇ ਹਾਂ।

ਪ੍ਰਸੰਸਾ ਸਾਨੂੰ ਤੰਦਰੁਸਤ, ਜਵਾਨ ਅਤੇ ਮਹੱਤਵਪੂਰਨ ਹੋਣ ਦਾ ਵਿਸ਼ਵਾਸ ਦਿੰਦੀ ਹੈ ਅਤੇ ਲੋਕ ਸਾਨੂੰ ਧਿਆਨ ਨਾਲ ਪੜ੍ਹਨ-ਸੁਣਨ ਲੱਗ ਪੈਂਦੇ ਹਨ।

ਮੇਜ਼ 'ਤੇ ਸਲੀਕੇ ਨਾਲ ਰਖਿਆ ਭੋਜਨ, ਤੁਹਾਨੂੰ ਕਹਿੰਦਾ ਪ੍ਰਤੀਤ ਹੋਵੇਗਾ ਕਿ ਤੁਸੀਂ ਬੜੇ ਚੰਗੇ ਹੋ।

ਭਾਵੇਂ ਅਸੀਂ ਕਿਸੇ ਨੂੰ ਮੂਰਖ ਹੀ ਸਮਝੀਏ ਪਰ ਜਦੋਂ ਉਹ ਸਾਡੀ ਪ੍ਰਸੰਸਾ ਕਰਦਾ ਹੈ ਤਾਂ ਉਹ ਸਾਨੂੰ ਬੜਾ ਸਿਆਣਾ ਪ੍ਰਤੀਤ ਹੁੰਦਾ ਹੈ। ਜੇ ਇਸਤਰੀ ਪੁਰਸ਼ ਦੀ ਪ੍ਰਸੰਸਾ ਕਰੇ ਤਾਂ ਪੁਰਸ਼ ਕਦੇ ਨਹੀਂ ਕਹਿੰਦਾ ਕਿ ਇਹ ਬੋਲਦੀ ਬਹੁਤ ਹੈ।

ਮਨੁੱਖ ਦੀਆਂ ਤਿੰਨ ਬੁਨਿਆਦੀ ਕਾਮਨਾਵਾਂ ਹੁੰਦੀਆਂ ਹਨ: ਪਤਨੀ ਅਤੇ ਸੰਤਾਨ ਦੀ ਕਾਮਨਾ, ਧਨ-ਦੌਲਤ ਦੀ ਕਾਮਨਾ ਅਤੇ ਪ੍ਰਸੰਸਾ-ਪ੍ਰਸਿੱਧੀ ਦੀ ਕਾਮਨਾ। ਬਾਕੀ ਸਾਰੀਆਂ ਕਾਮਨਾਵਾਂ ਇਨ੍ਹਾਂ ਮੁੱਢਲੀਆਂ ਤਿੰਨ ਕਾਮਨਾਵਾਂ ਵਿਚ ਲੁਕੀਆਂ ਹੁੰਦੀਆਂ ਹਨ।

ਮਨੁੱਖ ਸਭ ਕੁਝ ਤਿਆਗ ਸਕਦਾ ਹੈ ਪਰ ਪ੍ਰਸੰਸਾ ਦੀ ਕਾਮਨਾ ਫਿਰ ਵੀ ਬਣੀ ਰਹਿੰਦੀ ਹੈ। ਸਾਧੂ-ਸੰਤ ਵੀ ਇਸ ਕਾਮਨਾ ਤੋਂ ਮੁਕਤ ਨਹੀਂ ਹੁੰਦੇ।

ਕੇਵਲ ਮਹਾਂਪੁਰਸ਼ ਹੀ ਪ੍ਰਸੰਸਾ-ਨਿੰਦਾ ਤੋਂ ਮੁਕਤ ਹੁੰਦੇ ਹਨ, ਉਹ ਪ੍ਰਸੰਸਾ ਲਈ ਤਾਂਘਦੇ ਨਹੀਂ, ਉਹ ਕੁਦਰਤ ਅਤੇ ਪਰਮਾਤਮਾ ਦੀ ਪ੍ਰਸੰਸਾ ਕਰਨ ਵਿਚੋਂ ਆਨੰਦ ਮਾਣਦੇ ਹਨ। ਇਸ ਗੁਣ ਕਰਕੇ ਹੀ ਉਨ੍ਹਾਂ ਦੀ ਮਹਿਮਾ ਹੁੰਦੀ ਹੈ। ਸ਼ਹੀਦਾਂ ਵਲੋਂ ਆਪਾ ਵਾਰਨ ਉਪਰੰਤ ਹੀ, ਉਨ੍ਹਾਂ ਦਾ ਜੱਸ ਗਾਇਆ ਜਾਂਦਾ ਹੈ।

ਅਧਿਆਪਕਾਂ, ਆਗੂਆਂ, ਕਵੀਆਂ ਅਤੇ ਸੰਗੀਤਕਾਰਾਂ ਦੀ ਇਹੀ ਪ੍ਰਸੰਸਾ ਹੈ ਕਿ ਤੁਸੀਂ ਉਨ੍ਹਾਂ ਨੂੰ ਸੁਣੋ।

ਕਲਾ ਦੀ ਇਸ ਲਈ ਪ੍ਰਸੰਸਾ ਕੀਤੀ ਜਾਂਦੀ ਹੈ, ਕਿਉਂਕਿ ਕਲਾ ਜ਼ਿੰਦਗੀ ਦੇ ਚਾਨਣੇ ਪੱਖ ਨੂੰ ਪੇਸ਼ ਕਰਦੀ ਹੈ। ਚਿੱਤਰ ਭਾਵੇਂ ਕਿਸੇ ਵਿਰਲਾਪ ਕਰਦੀ ਇਸਤਰੀ ਦਾ ਹੋਵੇ ਜਾਂ ਨਾਟਕ ਕਿਸੇ ਦੇ ਦੁੱਖਾਂ ਨੂੰ ਪ੍ਰਗਟਾਵੇ ਪਰ ਇਹ ਪ੍ਰਗਟਾਵੇ ਜ਼ਿੰਦਗੀ

ਦੇ ਪੱਖ ਵਿਚ ਹੋਣ ਕਰਕੇ ਚੰਗੇ ਲੱਗਦੇ ਹਨ। ਸੋਹਣੇ ਵਿਅਕਤੀ, ਸੋਹਣੇ ਹੋਣ ਕਰਕੇ ਅਤੇ ਸਿਆਣੇ, ਸਿਆਣੇ ਹੋਣ ਕਰਕੇ, ਸਾਡੀ ਪ੍ਰਸੰਸਾ ਜਿੱਤ ਲੈਂਦੇ ਹਨ।

ਜੇ ਅਪਰਾਧੀ ਸੋਹਣਾ ਅਤੇ ਸਿਆਣਾ ਹੋਵੇ ਤਾਂ ਉਸ ਦਾ ਅਪਰਾਧ ਜੁਰਮ ਨਹੀਂ, ਗ਼ਲਤੀ ਹੀ ਪ੍ਰਤੀਤ ਹੁੰਦਾ ਹੈ।

ਪੁਰਸ਼ ਆਪਣੀ ਪ੍ਰਸੰਸਾ ਸੁਣ ਕੇ ਪ੍ਰਸੰਨ ਹੁੰਦੇ ਹਨ ਅਤੇ ਕਹਿੰਦੇ ਹਨ: ਤੁਸੀਂ ਸੱਚ ਬੋਲਦੇ ਹੋ ਅਤੇ ਨਿੰਦਾ ਕਰਨ ਵਾਲੇ ਬਾਰੇ ਕਹਿੰਦੇ ਹਨ: ਪਾਗਲ ਹੈ, ਐਵੇਂ ਬੋਲੀ ਜਾਂਦਾ ਹੈ। ਇਸਤਰੀਆਂ ਆਪਣੀ ਪ੍ਰਸੰਸਾ ਨੂੰ ਪੁਰਸ਼ਾਂ ਨਾਲੋਂ ਵੀ ਵਧੇਰੇ ਧਿਆਨ ਨਾਲ ਸੁਣਦੀਆਂ ਹਨ ਪਰ ਉਹ ਆਪਣੀ ਜਾਂ ਕਿਸੇ ਹੋਰ ਇਸਤਰੀ ਦੀ ਨਿੰਦਾ ਸੁਣਨ ਵੱਲ ਵੀ ਪੂਰਾ ਧਿਆਨ ਦਿੰਦੀਆਂ ਹਨ। ਜੇ ਦੋ ਇਸਤਰੀਆਂ ਲੜ ਰਹੀਆਂ ਹੋਣ ਤਾਂ ਬਾਕੀ ਧਿਆਨ ਰੱਖਦੀਆਂ ਹਨ ਕਿ ਕੋਈ ਗੱਲ ਸੁਣਨੀ ਰਹਿ ਨਾ ਜਾਵੇ।

ਜੇ ਤੁਸੀਂ ਆਪਣੀ ਪਤਨੀ ਦੀ ਅਚਾਨਕ ਪ੍ਰਸੰਸਾ ਕਰੋਗੇ ਤਾਂ ਉਹ ਪਹਿਲਾਂ ਇਹ ਹੀ ਸਮਝੇਗੀ ਕਿ ਤੁਹਾਡਾ ਦਿਮਾਗ ਖਰਾਬ ਹੋ ਗਿਆ ਹੈ, ਫਿਰ ਉਸ ਨੂੰ ਆਦਤ ਪੈ ਜਾਵੇਗੀ ਅਤੇ ਮਗਰੋਂ ਉਸ ਨੂੰ ਪ੍ਰਸੰਸਾ ਸੁਣਨ ਦਾ ਲਾਲਚ ਪੈ ਜਾਵੇਗਾ।

ਹਰ ਥਾਂ ਹਰ ਕਿਸੇ ਵੱਲੋਂ ਪ੍ਰਸੰਸਾ ਦਾ ਲਾਲਚ ਜਾਂ ਪ੍ਰਸੰਸਾ ਦਾ ਭ੍ਰਿਸ਼ਟ-ਰੂਪ ਚਾਪਲੂਸੀ ਅਖਵਾਉਂਦਾ ਹੈ।

ਭੁੱਖੇ ਬੰਦੇ ਦੇ ਨਾਚ ਨੂੰ ਚਾਪਲੂਸੀ ਕਹਿੰਦੇ ਹਨ। ਚਾਪਲੂਸ ਢਿੱਡ ਦਾ ਰਾਗ ਅਲਾਪਦੇ ਹਨ ਅਤੇ ਆਪਣੀ ਭੁੱਖ ਦਾ ਗੀਤ ਗਾਉਂਦੇ ਹਨ।

ਬਾਰ-ਬਾਰ ਕੀਤੀ ਪ੍ਰਸੰਸਾ ਅਤੇ ਸੁਆਰਥ ਅਧੀਨ ਕੀਤੀ ਪ੍ਰਸੰਸਾ, ਪ੍ਰਸੰਸਾ ਨਹੀਂ, ਚਾਪਲੂਸੀ ਹੁੰਦੀ ਹੈ।

ਚਾਪਲੂਸੀ ਵਿਚ ਅਸਲੀ ਅਤੇ ਨਕਲੀ ਦਾ ਅੰਤਰ ਮਿਟ ਜਾਂਦਾ ਹੈ।

ਮਹਾਂਪੁਰਸ਼ਾਂ ਲਈ ਵਰਤੇ ਜਾਣ ਵਾਲੇ ਵਿਸ਼ੇਸ਼ਣ, ਜਦੋਂ ਉਦੇਸ਼ ਮਿੱਥ ਕੇ, ਜਾਂ ਕੋਈ ਗਰਜ਼ ਰੱਖ ਕੇ, ਕਿਸੇ ਲਈ ਵਰਤੇ ਜਾਣ ਤਾਂ ਉਹ ਚਾਪਲੂਸੀ ਬਣ ਜਾਂਦੇ ਹਨ। ਸਭ ਤੋਂ ਵੱਡਾ ਚਾਪਲੂਸ ਸਾਡਾ ਆਪਣਾ ਮਨ ਹੁੰਦਾ ਹੈ। ਸ਼ੀਸ਼ੇ ਵਿਚ ਅਸੀਂ ਆਪਣੇ ਆਪ ਨੂੰ ਪ੍ਰਵਾਨਗੀ ਵਾਲੀ ਨਜ਼ਰ ਨਾਲ ਹੀ ਵੇਖਦੇ ਹਾਂ। ਸ਼ੀਸ਼ੇ ਵਾਂਗ, ਚਾਪਲੂਸ ਵੀ ਆਪਣੇ ਕੋਲੋਂ ਕੁਝ ਨਹੀਂ ਕਹਿੰਦੇ, ਉਹ ਉਹੀ ਕੁਝ ਕਹਿੰਦੇ ਹਨ, ਜੋ ਮਾਲਕ ਸੁਣਨਾ ਚਾਹੁੰਦਾ ਹੈ। ਚਾਪਲੂਸ ਜਾਣ ਜਾਂਦਾ ਹੈ ਕਿ ਮਾਲਕ ਦੀ ਆਪਣੇ ਆਪ ਬਾਰੇ ਰਾਇ ਕੀ ਹੈ, ਉਹ ਉਸੇ ਰਾਇ ਨੂੰ ਆਪਣੀ ਸਮਝ ਬਣਾ ਕੇ, ਅਤਿਕਥਨੀ ਅਲੰਕਾਰ ਰਾਹੀਂ, ਪੇਸ਼ ਕਰਦਾ ਹੈ। ਅਤਿਕਥਨੀ ਹੁੰਦੀ ਸੱਚ ਹੀ ਹੈ ਪਰ ਇਸ ਦੀ ਲੰਬਾਈ-ਚੌੜਾਈ ਸੰਤੁਲਤ ਨਹੀਂ ਹੁੰਦੀ।

ਜੇ ਬੋਲਣ ਵਾਲੇ ਦਾ ਸੁਆਰਥ ਪ੍ਰਤੱਖ ਹੋਵੇ ਤਾਂ ਨਾ ਪ੍ਰਸੰਸਾ ਕੰਮ ਕਰਦੀ ਹੈ ਨਾ ਹੀ ਚਾਪਲੂਸੀ ਕਿਸੇ ਕੰਮ ਆਉਂਦੀ ਹੈ। ਚਾਪਲੂਸੀ ਵਿਚ ਸੁਆਰਥ ਦਾ ਲੁਕੇ

ਹੋਣਾ ਜ਼ਰੂਰੀ ਹੁੰਦਾ ਹੈ ਤਾਂ ਜੁ ਮਾਲਕ ਚਾਪਲੂਸ ਨੂੰ ਆਪਣਾ ਸਭ ਤੋਂ ਵੱਡਾ ਸ਼ੁੱਭ-ਚਿੰਤਕ ਅਤੇ ਕਦਰਦਾਨ ਸਮਝੇ।

ਅਜਿਹੇ ਮਾਲਕ ਦੀ ਜਿਸ ਦਿਨ ਚਾਪਲੂਸੀ ਨਹੀਂ ਹੁੰਦੀ, ਉਸ ਨੂੰ ਉਹ ਦਿਨ ਫਿੱਕਾ-ਫਿੱਕਾ ਲਗਦਾ ਹੈ, ਜਿਵੇਂ ਉਸ ਦਾ ਅਮਲ ਟੁੱਟ ਰਿਹਾ ਹੋਵੇ।

ਚੋਣਾਂ ਵਿਚ ਹਾਰੇ ਹੋਏ ਉਮੀਦਵਾਰ ਅਤੇ ਗੱਦੀਓਂ ਲੱਥੇ ਹਾਕਮ, ਚਾਪਲੂਸਾਂ ਦੇ ਸਹਾਰੇ, ਮੁੜ ਗੱਦੀ ਪ੍ਰਾਪਤ ਕਰਨ ਦੇ ਸੁਪਨੇ ਵੇਖਦੇ ਹਨ।

ਚਾਪਲੂਸ ਦਾ ਉਦੇਸ਼, ਮਾਲਕ ਨੂੰ ਸਭ ਪਾਸਿਆਂ ਤੋਂ ਘੇਰ ਕੇ, ਆਪਣੀ ਅਕਲ ਅਤੇ ਉਸ ਦੀ ਤਾਕਤ ਨੂੰ ਆਪਣੇ ਲਾਭ ਲਈ ਵਰਤਣਾ ਹੁੰਦਾ ਹੈ। ਚਾਪਲੂਸਾਂ ਦੀ ਲੋੜ ਉਨ੍ਹਾਂ ਨੂੰ ਹੀ ਪੈਂਦੀ ਹੈ ਜਿਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਜਾਂ ਸਮਰੱਥਾ ਨਾਲੋਂ ਵੱਡਾ ਅਹੁਦਾ ਮਿਲ ਗਿਆ ਹੋਵੇ। ਚਾਪਲੂਸੀ ਅਤੇ ਪ੍ਰਸੰਸਾ ਆਦਿ ਪੂਜਾ ਅਤੇ ਸ਼ਰਧਾ ਜਿਹੇ ਧਾਰਮਿਕ ਵਰਤਾਰਿਆਂ ਦੀ ਉਪਜ ਹਨ।

ਜਿਸ ਦੇਵਤੇ ਕੋਲ ਜੀਵਾਂ ਨੂੰ ਦੰਡ ਦੇਣ ਦੀ ਸ਼ਕਤੀ ਨਹੀਂ, ਉਸ ਦੀ ਪੂਜਾ ਵੀ ਨਹੀਂ ਹੁੰਦੀ। ਸ਼ਿਵਜੀ ਜੀਵਾਂ ਨੂੰ ਮਾਰਦੇ ਹਨ, ਇਸੇ ਲਈ ਭਾਰਤ ਵਿਚ ਸਭ ਤੋਂ ਵੱਧ ਮੰਦਰ ਸ਼ਿਵਜੀ ਦੇ ਹਨ।

ਚਾਪਲੂਸ ਉਨ੍ਹਾਂ ਮਾਲਕਾਂ ਜਾਂ ਅਧਿਕਾਰੀਆਂ ਦੇ ਹੀ ਬਣਦੇ ਹਨ, ਜਿਨ੍ਹਾਂ ਕੋਲ ਨੁਕਸਾਨ ਕਰਨ ਦੀ ਸ਼ਕਤੀ ਹੋਵੇ।

ਪੇਂਡੂ ਇਲਾਕਿਆਂ ਵਿਚ ਰਜਵਾੜੇ ਹਰ ਵੇਲੇ ਆਪਣੇ ਨਾਲ ਕੁਝ ਝੋਲੀ-ਚੁੱਕ ਜਾਂ ਚਾਪਲੂਸ ਰੱਖਦੇ ਹਨ, ਜਿਹੜੇ ਖੱਬੇ-ਸੱਜੇ ਤੋਂ ਮਾਲਕ ਨੂੰ ਜਿਤਲਾ ਦਿੰਦੇ ਹਨ ਕਿ ਉਸ ਬਿਨਾ ਪਿੰਡ ਦਾ ਸੰਸਾਰ ਨਹੀਂ ਚੱਲ ਸਕਦਾ।

ਰਾਜਿਆਂ ਦੇ ਦਰਬਾਰ ਵਿਚ ਰਾਜਕਵੀ ਰੱਖਣ ਦੀ ਪਿਰਤ ਸੀ, ਜਿਹੜੇ ਰਾਜੇ ਦੀ ਪ੍ਰਸੰਸਾ ਵਿਚ ਕਸੀਦੇ ਲਿਖਦੇ ਸਨ। ਇਨ੍ਹਾਂ ਦੀ ਗੀਤ ਉੱਤੇ ਹੀ ਵਿਆਹ ਵੇਲੇ ਸਿਹਰੇ ਪੜ੍ਹਨ ਦਾ ਰਿਵਾਜ ਪਿਆ ਸੀ।

ਅਜੋਕੇ ਸਮੇਂ ਵਿਚ ਲੋਕ-ਸੰਪਰਕ ਵਿਭਾਗ ਹਕੂਮਤ ਕਰ ਰਹੀ ਸਰਕਾਰ ਦੇ ਸੋਹਲੇ ਗਾਉਂਦੇ ਹਨ। ਅਜੋਕਾ ਮਨੁੱਖ ਆਪਣੀਆਂ ਫੋਟੋਆਂ ਖਿਚਵਾ ਕੇ ਅਤੇ ਅਮੀਰ ਲੋਕ ਆਪਣੇ ਚਿੱਤਰ ਬਣਵਾ ਕੇ ਇਸ ਸ਼ੌਕ ਨੂੰ ਪੂਰਾ ਕਰਦੇ ਹਨ।

ਚਾਪਲੂਸੀ ਇਕ ਅਜਿਹਾ ਖੂਹ ਹੈ, ਜਿਸ ਵਿਚ ਡਿੱਗਣ ਤੋਂ ਕੋਈ ਬਚ ਨਹੀਂ ਸਕਦਾ। ਵਾਸਤਵ ਵਿਚ ਕੋਈ ਵੀ ਮਨੁੱਖ ਆਪਣੇ ਆਪ ਨੂੰ ਦੂਜਿਆਂ ਵਲੋਂ ਅੱਖੋਂ-ਪਰੋਖੇ ਕੀਤੇ ਜਾਣਾ ਪਸੰਦ ਨਹੀਂ ਕਰਦਾ ਅਤੇ ਹਰ ਕੋਈ ਪਤਵੰਤਾ ਅਤੇ ਪ੍ਰਸਿੱਧ ਹੋਣਾ ਚਾਹੁੰਦਾ ਹੈ।

ਰੱਬ ਦੇ ਗੁਣ ਗਾਉਂਦਾ-ਗਾਉਂਦਾ, ਮਨੁੱਖ ਆਪ ਰੱਬ ਵਰਗਾ ਬਣਨਾ ਚਾਹੁੰਦਾ ਹੈ। ਰੱਬ ਕੋਲ ਕਿਉਂਕਿ ਆਪਣੀ ਗੱਲ ਮਨਵਾਉਣ ਦੀ ਅਥਾਹ ਸ਼ਕਤੀ ਹੈ, ਸੋ

ਮਨੁੱਖ ਵੀ ਹਾਕਮ ਬਣ ਕੇ ਇਸੇ ਸ਼ਕਤੀ ਨੂੰ ਪ੍ਰਾਪਤ ਕਰਨੀ ਚਾਹੁੰਦਾ ਹੈ। ਰੱਬ ਮਰਦਾ ਨਹੀਂ, ਸੋ ਮਨੁੱਖ ਦੀ ਡੂੰਘੀ ਲਾਲਸਾ ਹੈ ਕਿ ਉਹ ਵੀ ਨਾ ਮਰੇ।

ਜਦੋਂ ਮਨੁੱਖ ਕਹਿੰਦਾ ਹੈ, ਕਿ ਉਸ ਨੂੰ ਇਹ ਚੀਜ਼ ਮਿਲ ਜਾਵੇ ਤਾਂ ਅੰਦਰਖਾਤੇ ਉਹ ਜਾਣਦਾ ਹੁੰਦਾ ਹੈ ਕਿ ਉਹ ਇਸ ਚੀਜ਼ ਦੇ ਯੋਗ ਨਹੀਂ ਪਰ ਫਿਰ ਵੀ ਉਹ ਉਸ ਚੀਜ਼ ਨੂੰ ਹਥਿਆਉਣ ਦੇ ਉਪਰਾਲੇ ਅਤੇ ਜੀਵਨ ਵਿਚ ਦੂਜਿਆਂ ਨਾਲੋਂ ਅੱਗੇ ਨਿਕਲਣ ਦਾ ਨਿਰੰਤਰ ਯਤਨ ਕਰਦਾ ਰਹਿੰਦਾ ਹੈ।

ਆਪਣੇ ਹਿੱਤਾਂ ਨੂੰ ਸਾਂਝੇ ਹਿੱਤਾਂ ਤੋਂ ਉਪਰ ਰੱਖਣ ਨੂੰ ਸੁਆਰਥ ਕਹਿੰਦੇ ਹਨ। ਚਾਪਲੂਸ ਸੁਆਰਥੀ ਹੁੰਦੇ ਹਨ। ਸੁਆਰਥ ਤੋਂ ਬਿਨਾ ਚਾਪਲੂਸੀ ਸੰਭਵ ਨਹੀਂ ਹੁੰਦੀ।

ਮਾਲਕ ਜਾਂ ਅਧਿਕਾਰੀ ਦਾ ਖੋਖਲਾਪਣ ਹੀ ਚਾਪਲੂਸੀ ਉਪਜਾਉਂਦਾ ਹੈ।

ਚਾਪਲੂਸਾਂ ਨੂੰ ਮਾਲਕਾਂ ਵਿਚੋਂ ਜਾਂ ਤਾਕਤਵਰ ਲੋਕਾਂ ਵਿਚੋਂ ਇਕ ਪੌੜੀ ਵਿਖਾਈ ਦਿੰਦੀ ਹੈ ਅਤੇ ਉਹ ਇਹ ਵਿਉਂਤ ਬਣਾਉਂਦੇ ਹਨ ਕਿ ਕਿਧਰੋਂ ਚੜ੍ਹੀਏ।

ਮੇਰੀ ਸੰਸਥਾ ਵਿਚ ਇਕ ਅਹੁਦੇਦਾਰ ਵਿਅਕਤੀ ਸਨ, ਉਨ੍ਹਾਂ ਨੇ ਆਪਣੀ ਜ਼ਮੀਨ 'ਤੇ ਸਬਜ਼ੀਆਂ ਬੀਜੀਆਂ ਅਤੇ ਮੱਝਾਂ ਰੱਖੀਆਂ ਹੋਈਆਂ ਸਨ। ਉਹ ਮੁੱਖ ਅਧਿਕਾਰੀ ਦੇ ਘਰ ਅੰਦਰ ਦੁੱਧ ਅਤੇ ਸਬਜ਼ੀਆਂ ਰਾਹੀਂ ਪ੍ਰਵੇਸ਼ ਕਰਦੇ ਸਨ ਅਤੇ ਅਧਿਕਾਰੀ ਨਾਲੋਂ ਵੀ ਪਹਿਲਾਂ ਉਸ ਦੀ ਪਤਨੀ ਨੂੰ ਸਬਜ਼ੀਆਂ ਦੀ ਤਾਜ਼ਗੀ ਅਤੇ ਦੁੱਧ ਦੀ ਮਲਾਈ ਨਾਲ ਪ੍ਰਭਾਵਿਤ ਕਰਦੇ ਸਨ।

ਉਹ ਸਾਹਿਬ ਦੀ ਲਗਾਮ, ਉਸ ਦੀ ਸਾਹਿਬਾ ਰਾਹੀਂ ਖਿੱਚਦੇ ਸਨ।

ਚਾਪਲੂਸੀ ਇਕ ਰਾਜਨੀਤਕ ਵਰਤਾਰਾ ਹੈ ਅਤੇ ਇਸ ਖੇਤਰ ਵਿਚ ਆਪਸੀ ਮੁਕਾਬਲਾ ਵੀ ਬੜਾ ਹੈ। ਜਦੋਂ ਇਕ ਚਾਪਲੂਸ ਮਾਲਕ ਨੂੰ ਵਧੇਰੇ ਪ੍ਰਭਾਵਿਤ ਕਰਨ ਵਿਚ ਸਫਲ ਹੋ ਜਾਂਦਾ ਹੈ ਤਾਂ ਦੂਜੇ ਚਾਪਲੂਸ ਬੜੇ ਪ੍ਰੇਸ਼ਾਨ ਹੁੰਦੇ ਹਨ।

ਇਕ ਵਾਰੀ ਇਕ ਬਾਦਸ਼ਾਹ ਦੇ ਦਰਬਾਰ ਵਿਚ ਨਵਾਂ ਅਧਿਕਾਰੀ ਨਿਯੁਕਤ ਹੋਇਆ ਤਾਂ ਉਸ ਨੇ ਚਾਪਲੂਸਾਂ ਦੇ ਰੰਗ-ਢੰਗ ਵੇਖ ਕੇ, ਆਪਣੀ ਥਾਂ ਬਣਾਉਣ ਲਈ, ਸੂਖਮ ਢੰਗ ਨਾਲ ਚਾਪਲੂਸੀ ਕਰਨ ਦਾ ਆਪਣਾ ਕੰਮ ਅਰੰਭਿਆ। ਦੂਜੇ ਚਾਪਲੂਸਾਂ ਨੇ ਬਾਦਸ਼ਾਹ ਨੂੰ ਆਪਣੀ ਵਫ਼ਾਦਾਰੀ ਦਾ ਵਾਸਤਾ ਪਾ ਕੇ ਸੁਚੇਤ ਕਰਦਿਆਂ ਕਿਹਾ: ਬਾਦਸ਼ਾਹ ਸਲਾਮਤ, ਇਹ ਨਵਾਂ ਆਦਮੀ ਬੜਾ ਚਲਾਕ ਹੈ, ਇਹ ਚਾਪਲੂਸੀ ਨਾਲ ਤੁਹਾਨੂੰ ਆਪਣੇ ਜਾਲ ਵਿਚ ਫਸਾ ਲਵੇਗਾ। ਬਾਦਸ਼ਾਹ ਨੇ ਕਿਹਾ: ਮੈਂ ਪੂਰੀ ਤਰ੍ਹਾਂ ਸੁਚੇਤ ਹਾਂ, ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਜਦੋਂ ਨਵੇਂ ਅਧਿਕਾਰੀ ਨੇ ਭਰੇ ਦਰਬਾਰ ਵਿਚ ਬਾਦਸ਼ਾਹ ਦੀ ਸਿਆਣਪ, ਉਸ ਦੇ ਖਾਨਦਾਨ, ਸੰਤਾਨ, ਨਿਆਂ ਅਤੇ ਦਇਆ ਆਦਿ ਦੀਆਂ ਸਿਫ਼ਤਾਂ ਕਰਨੀਆਂ ਅਰੰਭੀਆਂ ਤਾਂ ਦੇਸੀ ਚਾਪਲੂਸਾਂ ਨੇ ਕਿਹਾ: ਵੇਖੋ ਬਾਦਸ਼ਾਹ ਸਲਾਮਤ, ਇਹ ਤੁਹਾਨੂੰ ਭਰਮਾਉਣ ਦਾ ਯਤਨ ਕਰ ਰਿਹਾ ਹੈ। ਬਾਦਸ਼ਾਹ ਨੇ ਕਿਹਾ: ਤੁਸੀਂ ਚਿੰਤਾ ਨਾ

ਕਰੋ। ਜਿਉਂ ਹੀ ਇਹ ਮੇਰੀ ਚਾਪਲੂਸੀ ਕਰਨੀ ਅਰੰਭ ਕਰੇਗਾ, ਤੁਸੀਂ ਵੇਖਣਾ, ਮੈਂ ਇਸ ਨੂੰ ਕੰਨ ਤੋਂ ਫੜ ਕੇ ਦਰਬਾਰ ਵਿਚੋਂ ਬਾਹਰ ਕਢ ਦੇਵਾਂਗਾ ਪਰ ਹੁਣ ਤੱਕ ਇਸ ਨੇ ਜੋ ਬੋਲਿਆ ਹੈ, ਉਹ ਸੱਚ ਹੀ ਬੋਲਿਆ ਹੈ। ਸੱਚ ਤੋਂ ਸਿਵਾਇ ਮੈਂ ਕੁਝ ਨਹੀਂ ਸੁਣਾਂਗਾ।

ਹਾਕਮਾਂ ਨੂੰ ਚਾਪਲੂਸੀ ਸੁਣਨ ਦੀ ਇਤਨੀ ਆਦਤ ਪੈ ਜਾਂਦੀ ਹੈ ਕਿ ਉਹ ਸੱਚ ਸੁਣ ਕੇ ਪ੍ਰੇਸ਼ਾਨ ਹੋ ਜਾਂਦੇ ਹਨ ਅਤੇ ਸੱਚ ਬੋਲਣ ਵਾਲੇ ਨੂੰ ਤਸੀਹੇ ਦਿੱਤੇ ਜਾਂਦੇ ਹਨ।

ਇਕ ਫ਼ਕੀਰ ਨੇ ਰਾਜੇ ਸਨਤ ਕੁਮਾਰ ਦੇ ਰਾਜ ਦੀ ਬੜੀ ਸਿਫ਼ਤ ਸੁਣੀ ਹੋਈ ਸੀ, ਸੋ ਉਸ ਦੇ ਮਨ ਵਿਚ ਦੂਰ ਵਸਦੇ ਰਾਜੇ ਨੂੰ ਵੇਖਣ-ਮਿਲਣ ਦੀ ਇੱਛਾ ਉਪਜੀ। ਜਦੋਂ ਉਹ ਲੰਮਾ ਪੈਂਡਾ ਤਹਿ ਕਰਕੇ ਪਹੁੰਚਿਆ ਤਾਂ ਜਦੋਂ ਦਰਬਾਨਾਂ ਨੇ ਉਸ ਦਾ ਰਾਹ ਰੋਕਿਆ ਤਾਂ ਉਸ ਨੇ ਕਿਹਾ: ਮੈਂ ਇਤਨੀ ਦੂਰੋਂ ਆਇਆ ਹਾਂ ਕਿ ਤੁਸੀਂ ਅਨੁਮਾਨ ਵੀ ਨਹੀਂ ਲਾ ਸਕਦੇ। ਮੈਂ ਕੇਵਲ ਰਾਜੇ ਨੂੰ ਵੇਖਣ ਲਈ ਹੀ ਆਇਆ ਹਾਂ।

ਗੱਲ ਚਲਦੀ, ਚਲਦੀ ਅੰਦਰ ਪਹੁੰਚੀ। ਸੁੱਤੇ ਹੋਏ ਰਾਜੇ ਨੇ ਉਠ ਕੇ ਕਿਹਾ: ਫ਼ਕੀਰ ਨੂੰ ਅੰਦਰ ਆਉਣ ਦਿਓ। ਫ਼ਕੀਰ ਨੇ ਸਾਹਮਣੇ ਬੈਠ ਕੇ ਰਾਜੇ ਦੀਆਂ ਜੋ ਸਿਫ਼ਤਾਂ ਸੁਣੀਆਂ ਸਨ, ਕਹਿ ਦਿੱਤੀਆਂ। ਰਾਜੇ ਨੇ ਪ੍ਰਸੰਨ ਹੋ ਕੇ ਕਿਹਾ: ਤੁਸੀਂ ਕੱਲ੍ਹ ਮੇਰੇ ਦਰਬਾਰ ਵਿਚ ਆਉਣਾ। ਸਾਰਿਆਂ ਸਾਹਮਣੇ ਆਪਣੀ ਪ੍ਰਸੰਸਾ ਸੁਣਨ ਦੇ ਲਾਲਚ ਅਧੀਨ, ਦਰਬਾਰ ਵਿਚ ਜਾਣ ਲਈ, ਰਾਜੇ ਨੇ ਵਿਸ਼ੇਸ਼ ਕੱਪੜੇ ਅਤੇ ਗਹਿਣੇ ਪਾਏ ਅਤੇ ਇੱਤਰ-ਫੁਲੇਲ ਲਾ ਕੇ ਉਹ ਪੂਰੀ ਸ਼ਾਨ ਨਾਲ ਸਿੰਘਾਸਨ ਉਤੇ ਸੱਜ ਗਿਆ। ਸਾਹਮਣੇ ਬੈਠਾ ਫ਼ਕੀਰ ਚੁੱਪ ਹੀ ਰਿਹਾ। ਸਨਤ ਕੁਮਾਰ ਉਸ ਦੇ ਬੋਲਣ ਨੂੰ ਉਡੀਕ ਰਿਹਾ ਸੀ। ਫ਼ਕੀਰ ਨੇ ਰਾਜੇ ਦੇ ਚਿਹਰੇ 'ਤੇ ਪ੍ਰਸੰਸਾ ਦੀ ਭੀਖ ਮੰਗਣ ਵਾਲੇ ਭਾਵ ਵੇਖੇ ਪਰ ਉਹ ਫਿਰ ਵੀ ਚੁੱਪ ਰਿਹਾ। ਰਾਜੇ ਨੇ ਸੋਚਿਆ ਇਹ ਬੋਲਣ ਹੀ ਵਾਲਾ ਹੈ ਪਰ ਫ਼ਕੀਰ ਚੁੱਪ ਹੀ ਰਿਹਾ। ਰਾਜਾ ਕੜਕ ਕੇ ਬੋਲਿਆ: ਬੋਲ, ਬੋਲਦਾ ਕਿਉਂ ਨਹੀਂ? ਫ਼ਕੀਰ ਨੇ ਕਿਹਾ ਕੀ ਬੋਲਾਂ? ਮੇਰੇ ਸਾਹਮਣੇ ਤਾਂ ਰੋਗਾਂ ਅਤੇ ਭੋਗਾਂ ਦਾ ਖਾਧਾ ਸਰੀਰ ਬੈਠਾ ਹੈ। ਕੱਲ੍ਹ ਤੁਸੀਂ ਨਿਮਰ ਸੀ, ਸੁੰਦਰ ਸੀ, ਸੁਭਾਵਕ ਅਤੇ ਸ਼ਾਂਤ ਸੀ ਅੱਜ ਤੁਸੀਂ ਹੰਕਾਰੇ ਹੋਏ ਹੋ। ਮਹਿੰਗੇ ਕੱਪੜਿਆਂ, ਗਹਿਣਿਆਂ ਅਤੇ ਆਪਣੀ ਤਾਕਤ ਦੇ ਘਮੰਡ ਵਿਚ ਹੋ, ਇਸੇ ਕਰਕੇ ਸਬਰ ਨਹੀਂ ਰਿਹਾ, ਗੁੱਸੇ ਵਿਚ ਹੋ, ਤੁਹਾਨੂੰ ਹਉਮੈ, ਲੋਭ ਅਤੇ ਕ੍ਰੋਧ ਦਾ ਗ੍ਰਹਿਣ ਲੱਗਿਆ ਹੋਇਆ ਹੈ, ਮੈਂ ਕੀ ਬੋਲਾਂ?

ਵੇਖਿਆ ਗਿਆ ਹੈ ਕਿ ਜਦੋਂ ਅਸੀਂ ਕਿਸੇ ਥਾਂ ਬਹੁਤ ਵੱਡੀ ਪ੍ਰਸੰਸਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਮਗਰੋਂ ਅਜਿਹੀ ਹੋਰ ਪ੍ਰਸੰਸਾ ਲਈ ਤਰਸਦੇ ਰਹਿੰਦੇ ਹਾਂ। ਵਾਸਵਤ ਵਿਚ ਇਹ ਚਾਪਲੂਸੀ ਦਾ ਲਾਲਚ ਹੁੰਦਾ ਹੈ। ਚਾਪਲੂਸੀ ਦਾ ਇਹੀ ਸਰਾਪ ਹੈ।

ਜੇ ਤੁਹਾਡੀ ਪ੍ਰਸੰਨਤਾ ਦੂਜਿਆਂ ਦੀ ਪ੍ਰਸੰਸਾ ਉਤੇ ਨਿਰਭਰ ਕਰਦੀ ਹੈ ਤਾਂ ਤੁਸੀਂ ਕਦੇ ਵੀ ਪ੍ਰਸੰਨ ਨਹੀਂ ਹੋ ਸਕਦੇ।

ਜੇ ਤੁਹਾਡੇ ਲਈ ਦੂਜਿਆਂ ਦੀ ਰਾਇ ਹੀ ਮੁਲਵਾਨ ਹੈ ਤਾਂ ਤੁਸੀਂ ਬਾਹਰੀ ਵਿਹਾਰ ਤਕ ਹੀ ਸੀਮਤ ਰਹੋਗੇ, ਅੰਦਰ ਕਦੇ ਸ਼ਾਂਤੀ ਨਹੀਂ ਹੋਵੇਗੀ ਪਰ ਜੇ ਤੁਸੀਂ ਆਪਣੇ ਆਪ ਨੂੰ ਧਰਤੀ ਦਾ ਕੇਂਦਰ ਨਹੀਂ, ਇਕ ਸਧਾਰਨ ਮਨੁੱਖ ਸਮਝੋਗੇ ਤਾਂ ਅਜਿਹੀ ਸੋਚ ਨਾਲ ਤੁਹਾਡਾ ਅੰਦਰਲਾ ਸ਼ਾਂਤ ਹੋਵੇਗਾ ਅਤੇ ਪ੍ਰਸੰਨ ਹੋਣ ਲਈ ਤੁਹਾਨੂੰ ਦੂਜਿਆਂ ਦੀ ਮਨਜ਼ੂਰੀ ਦੀ ਲੋੜ ਨਹੀਂ ਪਵੇਗੀ।

ਅਸੀਂ ਅਕਸਰ ਦੂਜਿਆਂ ਨੂੰ ਪੁੱਛਦੇ ਹਾਂ: ਮੈਂ ਕੌਣ ਹਾਂ? ਕਿਉਂਕਿ ਦੂਜਿਆਂ ਦੀ ਰਾਇ ਤੋਂ ਹੀ ਪਤਾ ਲਗਦਾ ਹੈ ਕਿ ਮੈਂ ਕੀ ਹਾਂ।

ਅਹੁਦੇ, ਪਦਵੀਆਂ, ਪ੍ਰਸਿੱਧੀ, ਮਾਣ-ਸਨਮਾਨ ਆਦਿ ਜਿਊਂਦਿਆਂ ਦੇ ਲਾਲਚ ਹਨ, ਜਦੋਂ ਕਿ ਕਬਰ ਵਿਚ ਇਨ੍ਹਾਂ ਤੋਂ ਬਿਨਾ ਵੀ ਸਰ ਜਾਂਦਾ ਹੈ।

ਜਦੋਂ ਮੁਹੰਮਦ ਤੁਗ਼ਲਕ ਜਿਊਂਦਾ ਸੀ ਤਾਂ ਉਹ ਵੀ ਚਾਪਲੂਸਾਂ ਵਿਚ ਘਿਰ ਗਿਆ ਹੋਵੇਗਾ। ਤੁਗ਼ਲਕ ਦੀ ਗਲਤੀ ਇਹ ਸੀ ਕਿ ਉਸ ਦੇ ਚਾਪਲੂਸ ਮੂਰਖ ਸਨ। ਜਦੋਂ ਤੁਗ਼ਲਕ ਮਰਿਆ ਸੀ ਤਾਂ ਉਸ ਦੇ ਜਨਾਜ਼ੇ ਨੂੰ ਵੇਖਕੇ, ਇਕ ਚਾਪਲੂਸ ਨੇ ਦੂਜੇ ਨੂੰ ਕਿਹਾ ਸੀ: ਜੇ ਬਾਦਸ਼ਾਹ ਸਲਾਮਤ ਜਿਊਂਦੇ ਹੁੰਦੇ ਤਾਂ ਆਪਣਾ ਜਨਾਜ਼ਾ ਵੇਖ ਕੇ ਬੜੇ ਖੁਸ਼ ਹੁੰਦੇ।

ਚਾਪਲੂਸਾਂ ਨੂੰ ਚਾਪਲੂਸੀ ਦੀ ਇਤਨੀ ਆਦਤ ਪੈ ਜਾਂਦੀ ਹੈ ਕਿ ਉਹ ਆਪ ਵੱਡੇ ਅਹੁਦਿਆਂ ਤੇ ਲਗ ਕੇ ਵੀ ਇਸ ਆਦਤ ਨੂੰ ਤਿਆਗ ਨਹੀਂ ਸਕਦੇ।

ਹਰ ਚਾਪਲੂਸ ਮਗਰ, ਨਿੰਦਕਾਂ ਦੀ ਇਕ ਕਤਾਰ ਖਲੋਤੀ ਹੁੰਦੀ ਹੈ।

ਚਾਪਲੂਸੀ ਦਾ ਲੋਭ ਕਦੇ ਬੁੱਢਾ ਨਹੀਂ ਹੁੰਦਾ, ਸਗੋਂ ਉਮਰ ਦੇ ਵਧਣ ਨਾਲ ਇਹ ਲੋਭ ਜਵਾਨ ਹੋਈ ਜਾਂਦਾ ਹੈ।

ਚਾਪਲੂਸਾਂ ਨੇ ਪੂਰਵ-ਵਰਤੀ ਰਾਜਿਆਂ ਨੂੰ ਚੰਦਰਵੰਸ਼ੀ ਅਤੇ ਸੂਰਜਵੰਸ਼ੀ ਦੱਸ ਕੇ ਹਰੇਕ ਨੂੰ ਵਿਸ਼ਨੂੰ ਦਾ ਅਵਤਾਰ ਸਿੱਧ ਕਰ ਦਿੱਤਾ ਸੀ।

ਹੁਣ ਵੀ ਜਦੋਂ ਕਿਸੇ ਮਹਿਕਮੇ ਵਿਚ ਨਵਾਂ ਵੱਡਾ ਅਧਿਕਾਰੀ ਆਉਂਦਾ ਹੈ ਤਾਂ ਚਾਪਲੂਸ ਪਹਿਲਾਂ ਹੀ ਮਿਲ ਪੈਂਦੇ ਹਨ ਅਤੇ ਉਹ ਅਧਿਕਾਰੀ ਸਮਝਦਾ ਹੈ ਕਿ ਮੈਨੂੰ ਇਨ੍ਹਾਂ ਨੇ ਹੀ ਠੀਕ ਤਰ੍ਹਾਂ ਸਮਝਿਆ ਹੈ।

ਆਮ ਕਰਕੇ ਚਾਪਲੂਸ ਦੇ ਤਿੰਨ ਮੁਖ-ਲੱਛਣ ਮੰਨੇ ਗਏ ਹਨ: ਜਦੋਂ ਉਹ ਬੋਲਦਾ ਹੈ, ਉਹ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ, ਆਪਣੇ ਸਾਹਿਬ ਦੇ ਕੱਚ ਨੂੰ ਹੀਰਾ ਅਤੇ ਉਸ ਦੇ ਵਿਰੋਧੀ ਦੇ ਹੀਰੇ ਨੂੰ ਕੱਚ, ਸਾਬਤ ਕਰਨ ਦਾ ਯਤਨ ਕਰਦਾ ਹੈ। ਜਦੋਂ ਵਾਅਦਾ ਕਰਦਾ ਹੈ ਤਾਂ ਆਪਣੀ ਸਮਰੱਥਾ ਨਾਲੋਂ ਵਧੇਰੇ ਕਰਦਾ ਹੈ ਪਰ ਪੂਰਾ ਨਹੀਂ ਕਰਦਾ ਅਤੇ ਜਦੋਂ ਉਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਹ ਉਦੋਂ ਹੀ ਧੋਖਾ ਦਿੰਦਾ ਹੈ।

ਜਦੋਂ ਵਿਰੋਧੀ, ਵਿਰੋਧ ਦਾ ਬਿਗਲ ਵਜਾਉਂਦੇ ਹਨ ਤਾਂ ਚਾਪਲੂਸ ਹਮਾਇਤ ਦੀ ਤੂਤੀ ਵੀ ਨਹੀਂ ਵਜਾਉਂਦੇ, ਸਗੋਂ ਵਿਰੋਧੀਆਂ ਨਾਲ ਅੰਦਰਖਾਤੇ ਮਿਲ ਕੇ ਆਪਣੇ ਵਿਕਣ ਦਾ ਭਾਅ ਤਹਿ ਕਰਨ ਲਗ ਪੈਂਦੇ ਹਨ।

ਭਾਰਤ ਵਿਚ ਮੁਲਾਂਕਣ ਦੀ ਪ੍ਰੰਪਰਾ ਨਹੀਂ। ਇਥੇ ਕਿਸੇ ਨੂੰ ਜਾਂ ਤਾਂ ਇਕ ਦਮ ਨਕਾਰ ਦਿੱਤਾ ਜਾਂਦਾ ਹੈ ਜਾਂ ਪੂਜਣਯੋਗ ਬਣਾ ਦਿੱਤਾ ਜਾਂਦਾ ਹੈ। ਕਾਰਨ ਇਹ ਹੈ ਕਿ ਇਥੇ ਵਿਚਾਰਾਂ ਅਤੇ ਕਾਰਜਾਂ ਦੀ ਥਾਂ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ।

ਸਾਡੇ ਦੇਸ਼ ਵਿਚ ਵੱਡੇ ਬੰਦੇ ਕੇਵਲ ਸਿਫ਼ਤਾਂ ਹੀ ਲੋਚਦੇ ਹਨ ਅਤੇ ਆਲੋਚਨਾ ਨੂੰ ਇੱਥੇ ਸਾਜ਼ਸ਼ ਕਿਹਾ ਜਾਂਦਾ ਹੈ।

ਚਾਪਲੂਸਾਂ ਨੂੰ ਬੜੀ ਮਿਹਨਤ ਕਰਨੀ ਪੈਂਦੀ ਹੈ ਕਿਉਂਕਿ ਉਹ ਆਪਣੇ ਸੁਖ-ਅਰਾਮ ਨਾਲੋਂ ਮਾਲਕ ਦੇ ਸੁਖ-ਅਰਾਮ ਨੂੰ ਪਹਿਲ ਦਿੰਦੇ ਹਨ।

ਚਾਪਲੂਸਾਂ ਦੀ ਸੂਝ-ਬੂਝ ਤਿਖੀ, ਸਮਝ ਵਿਸ਼ਾਲ ਅਤੇ ਮਨੁੱਖੀ ਵਿਹਾਰ ਦੇ ਉਹ ਮਾਹਿਰ ਹੁੰਦੇ ਹਨ। ਉਹ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਣ ਕਰਕੇ ਵਿਗੜੀ ਸਥਿਤੀ ਨੂੰ ਵੀ ਆਪਣੇ ਪੱਖ ਵਿਚ ਕਰ ਲੈਂਦੇ ਹਨ।

ਇਕ ਵਾਰੀ ਮਾਲਕ ਦੇ ਤਿਲ੍ਹਕ ਕੇ ਡਿਗਣ 'ਤੇ ਚਾਪਲੂਸ ਦਾ ਹਾਸਾ ਨਿਕਲ ਗਿਆ। ਮਾਲਕ ਨੇ ਪੁੱਛਿਆ, ਹੱਸਦਾ ਕਿਉਂ ਹੈਂ? ਚਾਪਲੂਸ ਨੇ ਗੰਭੀਰ ਹੋ ਕੇ ਕਿਹਾ : ਮੈਂ ਤਾਂ ਤੁਹਾਨੂੰ ਸੱਟ ਨਾ ਲਗਣ ਦੀ ਖੁਸ਼ੀ ਮਨਾ ਰਿਹਾ ਸਾਂ।

ਦੁਕਾਨਦਾਰ, ਅਕਸਰ ਗਾਹਕਾਂ ਦੀ ਚਾਪਲੂਸੀ ਕਰਦੇ ਹਨ।

ਇਕ ਕੱਪੜਾ ਵੇਚਣ ਵਾਲਾ, ਇਕ ਇਸਤਰੀ ਨੂੰ ਕਹਿ ਰਿਹਾ ਸੀ: ਭੈਣ ਜੀ, ਜਿਹੜਾ ਕੱਪੜਾ ਬਣਿਆ ਹੀ ਤੁਹਾਡੇ ਤਨ ਲਈ ਹੈ, ਉਸ ਨੂੰ ਤੁਸੀਂ ਪਹਿਨਣ ਤੋਂ ਰੋਕ ਨਹੀਂ ਸਕਦੇ।

ਚਾਪਲੂਸ, ਫਟੇ ਹੋਏ ਕੋਟ ਨੂੰ ਵੀ ਸੋਨੇ ਦੇ ਬਟਨ ਲਾ ਦਿੰਦੇ ਹਨ।

ਜਿਹੜਾ ਸਿੱਧੀ ਅਤੇ ਸਪੱਸ਼ਟ ਗੱਲ ਕਹਿ ਦਿੰਦਾ ਹੈ ਜਾਂ ਜਿਸ ਨੂੰ ਗੁੱਸਾ ਜਲਦੀ ਚੜ੍ਹਦਾ ਹੈ ਜਾਂ ਜਿਹੜਾ ਕਾਹਲ ਕਰਦਾ ਹੈ, ਉਹ ਨਾ ਪ੍ਰਸੰਸਾ ਕਰਦਾ ਹੈ ਨਾ ਹੀ ਚਾਪਲੂਸੀ। ਵਿਹਾਰਕ ਪੱਖ ਤੋਂ ਅਜਿਹਾ ਵਿਅਕਤੀ ਆਪਣਾ ਨੁਕਸਾਨ ਕਰਨ ਵਿਚ ਮਾਹਿਰ ਹੁੰਦਾ ਹੈ।

ਕਈ ਲੋਕ ਆਪਣੇ ਆਪ ਨੂੰ ਬੜਾ ਮਹੱਤਵਪੂਰਨ ਸਮਝਦੇ ਹਨ, ਇਥੋਂ ਤੱਕ ਕਿ ਉਹ ਆਪਣੀ ਬੀਮਾਰੀ ਨੂੰ ਵੀ ਮਹੱਤਵਪੂਰਨ ਸਮਝਦੇ ਹਨ ਅਤੇ ਆਪਣੀ ਬੀਮਾਰੀ ਦੇ ਵੀ ਗੁਣ ਗਾਉਣ ਲੱਗ ਪੈਂਦੇ ਹਨ।

ਮੇਰੇ ਇਕ ਮਿੱਤਰ, ਆਪਣੀ ਬੀਮਾਰੀ ਦੇ ਵੇਰਵੇ ਦੱਸਣ ਉਪਰੰਤ, ਕਹਿੰਦੇ ਹਨ: ਇਹ ਬੀਮਾਰੀ ਕੇਵਲ ਵਿਦਵਾਨਾਂ ਨੂੰ ਹੁੰਦੀ ਹੈ।

ਨਾਲਾਇਕਾਂ ਨੂੰ ਛੋਟੇ ਚਾਪਲੂਸ ਹੀ ਤਬਲੇ ਵਾਂਗ ਕਸ ਲੈਂਦੇ ਹਨ।

ਚਾਪਲੂਸੀ ਨੂੰ ਚਾਪਲੂਸਾਂ ਦੀ ਦ੍ਰਿਸ਼ਟੀ ਤੋਂ ਵੀ ਵੇਖਣ ਦੀ ਲੋੜ ਹੈ।

ਇਕ ਚਾਪਲੂਸ ਕਹਿ ਰਿਹਾ ਸੀ : ਤੁਸੀਂ ਸਾਡੇ ਦੁੱਖ ਨੂੰ ਤਾਂ ਵੇਖੋ! ਸਾਡੇ ਸਾਹਿਬ ਨੂੰ ਇਕ ਹੀ ਗੱਲ ਆਉਂਦੀ ਹੈ ਅਤੇ ਉਹ ਵੀ ਗ਼ਲਤ, ਜਿਹੜੀ ਸਾਨੂੰ ਸੌ ਵਾਰ ਸੁਣਨ ਮਗਰੋਂ ਵੀ ਇਵੇਂ ਹੈਰਾਨੀ ਨਾਲ ਸੁਣਨੀ ਪੈਂਦੀ ਹੈ, ਜਿਵੇਂ ਪਹਿਲੀ ਵਾਰ ਸੁਣ ਰਹੇ ਹੋਈਏ।

ਕਿਹਾ ਜਾਂਦਾ ਹੈ ਕਿ ਚਾਪਲੂਸ ਝੂਠ ਬੋਲ ਕੇ ਮਾਲਕ ਨੂੰ ਭਰਮਾਉਂਦੇ ਹਨ ਪਰ ਝੂਠ ਬੋਲਣਾ ਅਤੇ ਭਰਮ ਉਪਜਾਉਣਾ ਮਨੁੱਖ ਦੀਆਂ ਜਿਊਂਦੇ ਰਹਿਣ ਦੀਆਂ ਯੋਗਤਾਵਾਂ ਰਹੀਆਂ ਹਨ। ਇਨ੍ਹਾਂ ਨੂੰ ਭੈੜਾ ਕਿਹਾ ਜਾਂਦਾ ਹੈ ਪਰ ਇਨ੍ਹਾਂ ਤੋਂ ਬਿਨਾ ਮਨੁੱਖ ਦਾ ਕਦੇ ਨਹੀਂ ਸਰਿਆ।

ਹਰ ਮੁਕਾਬਲੇ, ਖੇਡ, ਰਾਜਨੀਤੀ, ਸਰਕਾਰ, ਪਿਆਰ, ਯੁੱਧ, ਬਜ਼ਾਰ ਆਦਿ ਵਿਚ ਝੂਠ ਅਤੇ ਭਰਮ, ਚਕਮਾ ਅਤੇ ਚਲਾਕੀ, ਮਨੁੱਖੀ ਵਿਹਾਰ ਦੀਆਂ ਪ੍ਰਵਾਨਿਤ ਵਿਧੀਆਂ ਹਨ। ਸੱਚ ਬੋਲ ਕੇ ਰਾਜਨੀਤੀ ਤਾਂ ਕੀ, ਧਰਮ ਵੀ ਨਹੀਂ ਚਲਦੇ।

ਸਾਰੇ ਧਰਮ ਸੰਸਾਰ ਨੂੰ ਮਾਇਆ ਕਹਿੰਦੇ ਹਨ ਪਰ ਆਪਣੇ ਆਪ ਨੂੰ ਮਾਇਆ ਤੋਂ ਮੁਕਤ ਦਸਦੇ ਹਨ। ਅਮੀਰਾਂ ਦੇ ਪੈਸੇ ਨੂੰ ਪਾਪ ਦੀ ਕਮਾਈ ਕਹਿੰਦੇ ਹਨ ਪਰ ਉਨ੍ਹਾਂ ਦੇ ਚੜ੍ਹਾਵੇ ਨੂੰ ਪਵਿੱਤਰ ਸਮਝਦੇ ਹਨ।

ਕਲਾਵਾਂ ਦਾ ਮੁੱਖ ਉਦੇਸ਼ ਵੀ ਭਰਮ ਉਪਜਾਉਣਾ ਹੁੰਦਾ ਹੈ। ਸੱਚ ਇਹ ਹੈ ਕਿ ਸੱਚ ਅਕਸਰ ਕਿਸੇ ਦਾ ਦਿਲ ਦੁਖਾਉਣ ਲਈ ਹੀ ਬੋਲਿਆ ਜਾਂਦਾ ਹੈ।

ਇਕ ਚਾਪਲੂਸ ਕਹਿ ਰਿਹਾ ਸੀ: ਨਿਰਸੰਦੇਹ ਬੇਅਕਲ ਦੀ ਪ੍ਰਸੰਸਾ ਕਰਨੀ ਚਾਪਲੂਸੀ ਹੈ ਪਰ ਅਕਲ ਵਾਲੇ ਆਪਣੀ ਅਕਲ ਦੇ ਘਮੰਡ ਵਿਚ ਹਰ ਕਿਸੇ ਦੀ ਬੇਇੱਜ਼ਤੀ ਹੀ ਕਰਦੇ ਹਨ।

ਕੋਈ ਅਕਲਮੰਦ ਕਿਸੇ ਹੋਰ ਅਕਲਮੰਦ ਨਾਲ ਸਹਿਮਤ ਨਹੀਂ ਹੁੰਦਾ। ਇਸੇ ਕਰਕੇ ਅਕਲ ਵਾਲੇ ਜੀਵਨ ਦੀ ਮੁੱਖ ਧਾਰਾ ਦਾ ਭਾਗ ਨਹੀਂ ਹੁੰਦੇ।

ਅਕਲ ਵਾਲੇ ਸਿਧਾਂਤਕ ਹੁੰਦੇ ਹਨ, ਸੋ ਵਿਹਾਰਕ ਪੱਖ ਤੋਂ ਉਹ ਆਗੂ ਨਹੀਂ ਬਣਦੇ, ਇਸ ਕਰਕੇ ਉਹ ਬਹੁਤੇ ਸਫਲ ਨਹੀਂ ਹੁੰਦੇ।

ਅਕਲ ਰਾਜ ਤਾਂ ਸਭ ਥਾਵਾਂ 'ਤੇ ਕਰਦੀ ਹੈ ਪਰ ਇਹ ਕਿਧਰੇ ਵੀ ਹਕੂਮਤ ਨਹੀਂ ਚਲਾ ਸਕਦੀ।

ਨਿਰਸੰਦੇਹ ਚਾਪਲੂਸੀ ਇਕ ਵਿਸ਼ਵ-ਵਿਆਪੀ ਵਰਤਾਰਾ ਹੈ। ਇਹ ਸੁਆਰਥ ਦੀ ਕਲਾ ਹੈ। ਤਾਕਤਵਰ ਲੋਕਾਂ ਨੂੰ ਚਾਪਲੂਸਾਂ ਅਤੇ ਚਾਲਬਾਜ਼ਾਂ ਦੀ ਲੋੜ ਪੈਂਦੀ ਹੈ, ਕਿਉਂਕਿ ਰਾਜਨੀਤੀ ਦੇ ਕਈ ਕਾਰਜ ਅਜਿਹੇ ਹੁੰਦੇ ਹਨ, ਜਿਹੜੇ ਈਮਾਨਦਾਰ ਵਿਅਕਤੀ, ਦਿਲ ਕਮਜ਼ੋਰ ਹੋਣ ਕਰਕੇ, ਕਰਨ ਲਈ ਤਿਆਰ ਨਹੀਂ ਹੁੰਦੇ।

ਚਾਪਲੂਸ, ਚਾਪਲੂਸੀ-ਮਾਰਗ 'ਤੇ ਨਿਰੰਤਰ ਚੱਲ ਕੇ ਆਪਣੀ ਭਗਤੀ-ਵਫ਼ਦਾਰੀ ਦੇ ਆਧਾਰ 'ਤੇ ਲਾਭ ਉਠਾਉਂਦੇ ਹਨ। ਅਜੋਕੇ ਯੁਗ ਵਿਚ ਚਾਪਲੂਸੀ ਕਰਨੀ ਵੀ, ਹੋਰ ਧੰਦਿਆਂ ਵਾਂਗ ਇਕ ਪੇਸ਼ਾ ਬਣ ਗਈ ਹੈ।

ਸਮੁੱਚੀ ਸਥਿਤੀ ਦਾ ਵਿਅੰਗ ਇਹ ਹੈ ਕਿ ਲੋਭ ਅਤੇ ਲਾਲਚ, ਸੁਆਰਥ ਅਤੇ ਚਾਪਲੂਸੀ ਆਦਿ ਅਜਿਹੇ ਵਰਤਾਰੇ ਹਨ, ਜਿਹੜੇ ਅਸੀਂ ਦੂਜਿਆਂ ਵਿਚ ਮੁਆਫ਼ ਨਹੀਂ ਕਰਦੇ ਪਰ ਆਪਣੇ ਵਿਚ ਇਨ੍ਹਾਂ ਦੀ ਹੋਂਦ ਤੋਂ ਅਸੀਂ ਜਾਣੂ ਨਹੀਂ ਹੁੰਦੇ। ਨਿੰਦਾ ਵਾਂਗ, ਚਾਪਲੂਸੀ ਨੂੰ ਪਸੰਦ ਕੋਈ ਨਹੀਂ ਕਰਦਾ ਪਰ ਇਸ ਨੂੰ ਮਾਣਦੇ ਸਾਰੇ ਹਨ।

ਬੇਈਮਾਨੀ ਭਾਵੇਂ ਕਿਤਨੀ ਫੈਲ ਜਾਵੇ ਪ੍ਰਸੰਸਾ ਈਮਾਨਦਾਰੀ ਦੀ ਹੀ ਹੋਵੇਗੀ। ਇਵੇਂ ਹੀ ਚਾਪਲੂਸੀ, ਬੇਈਮਾਨੀ ਵਾਂਗ ਭੈੜੀ ਹੀ ਸਮਝੀ ਜਾਵੇਗੀ, ਇਸ ਲਈ ਆਪਣੀ ਯੋਗਤਾ ਦੀ ਆਪ ਪ੍ਰਸੰਸਾ ਸੁਣਨ ਜਾਂ ਕਰਨ ਜਾਂ ਨੁਮਾਇਸ਼ ਲਾਉਣ ਦੀ ਲੋੜ ਨਹੀਂ, ਕਿਉਂਕਿ ਲੋਕਾਂ ਨੇ ਸਾਨੂੰ ਆਪਣੀਆਂ ਤੱਕੜੀਆਂ ਨਾਲ ਤੋਲਣਾ ਹੈ।

ਤੁਹਾਡੇ ਕਿਧਰੇ ਪਹੁੰਚਣ 'ਤੇ ਭੀੜ ਦੀਆਂ ਤਾੜੀਆਂ ਦਾ ਵੱਜਣਾ ਵੱਡੀ ਗੱਲ ਨਹੀਂ, ਵੱਡੀ ਗੱਲ ਤੁਹਾਡੀ ਗੈਰ-ਹਾਜ਼ਰੀ ਨੂੰ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਣਾ ਹੁੰਦੀ ਹੈ।

ਨਿੱਕੇ ਕੰਮਾਂ ਨੂੰ ਵੱਡੇ ਦਿਲ ਨਾਲ ਕਰੋ, ਪ੍ਰਸੰਸਾ ਹੋਵੇਗੀ।

ਉੱਚੇ ਟੀਚੇ ਮਿੱਥ ਕੇ ਮਿਹਨਤ ਕਰੋ, ਚਾਪਲੂਸੀ ਦੀ ਕਦੇ ਲੋੜ ਨਹੀਂ ਪਵੇਗੀ।

ਆਪਣੇ ਆਪ ਨੂੰ ਸਧਾਰਨ ਵਿਅਕਤੀ ਸਮਝ ਕੇ ਲੋਕਾਂ ਨੂੰ ਪਿਆਰ ਕਰਨਾ, ਕਰਦੇ ਰਹਿਣਾ, ਜ਼ਰੂਰ ਪਿਆਰ ਕਰਨਾ, ਚੰਗਾ ਪਿਆਰ ਕਰਨਾ, ਸਾਰਿਆਂ ਨੂੰ ਪਿਆਰ ਕਰਨਾ, ਸਾਰੀ ਉਮਰ ਪਿਆਰ ਕਰਨਾ, ਇਵੇਂ ਤੁਸੀਂ ਖੁਸ਼ਹਾਲ ਹੋ ਜਾਵੋਗੇ।

ਤੁਹਾਡੇ ਸ਼ੁਭ-ਚਿੰਤਕ ਅਤੇ ਤੁਹਾਡੇ ਕਦਰਦਾਨ ਤੁਹਾਡੀ ਪ੍ਰਸੰਸਾ ਹੀ ਨਹੀਂ ਕਰਨਗੇ, ਤੁਹਾਡੀ ਮਹਿਮਾ ਵੀ ਗਾਉਣਗੇ।

ਜੀਵਨ ਦਾ ਉਦੇਸ਼ ਚਾਪਲੂਸੀ ਨਹੀਂ, ਪ੍ਰਸੰਸਾ ਹੋਣਾ ਚਾਹੀਦਾ ਹੈ; ਪ੍ਰਸੰਸਾ ਤੁਹਾਡੇ ਵਿਚਾਰਾਂ ਅਤੇ ਕੰਮਾਂ-ਕਾਰਜਾਂ ਦੀ ਹੋਣੀ ਚਾਹੀਦੀ ਹੈ, ਤੁਹਾਡੀ ਨਹੀਂ।

* * *

ਮਜਬੂਰੀ ਅਤੇ ਬੇਵੱਸੀ

ਚੋਂਦੇ ਹੋਏ ਘੜੇ ਵਿਚੋਂ ਪਾਣੀ ਦਾ ਵਗਣਾ, ਘੜੇ ਦੀ ਬੇਵੱਸੀ ਹੁੰਦੀ ਹੈ।

ਬੇਵੱਸ ਵਿਅਕਤੀ ਤੋਂ ਸਾਨੂੰ ਜ਼ਿੰਦਗੀ ਦੇ ਕਮਜ਼ੋਰ ਪਰ ਲਾਜ਼ਮੀ ਪੱਖਾਂ ਦਾ ਗਿਆਨ ਮਿਲਦਾ ਹੈ। ਮਨੁੱਖ ਦੀਆਂ ਮਜਬੂਰੀਆਂ ਉਸ ਨੂੰ ਇਸ ਸੰਸਾਰ ਬਾਰੇ ਅਤੇ ਇਸ ਸੰਸਾਰ ਵਿਚ ਆਪਣੀ ਹੋਂਦ ਅਤੇ ਹਸਤੀ ਬਾਰੇ ਸੋਚਣ ਲਈ ਮਜਬੂਰ ਕਰਦੀਆਂ ਹਨ। ਇਸੇ ਕਰਕੇ ਅਸੀਂ ਦੁੱਖ ਦੇਣ ਵਾਲੀਆਂ ਗੱਲਾਂ ਨੂੰ ਉਚੇਚੇ ਧਿਆਨ ਨਾਲ ਸੁਣਾਉਂਦੇ ਅਤੇ ਸੁਣਦੇ ਹਾਂ।

ਅਸੀਂ ਪ੍ਰਸੰਨਤਾ ਵਾਲੇ ਸਮੇਂ ਨੂੰ ਲਾਪ੍ਰਵਾਹੀ ਨਾਲ ਲੰਘਾ ਦਿੰਦੇ ਹਾਂ, ਜਦੋਂ ਕਿ ਮਜਬੂਰੀ ਜਾਂ ਬੇਵੱਸੀ ਵਾਲੀ ਹਰ ਘੜੀ ਨੂੰ ਕਈ ਵਾਰ ਗਿਣਦੇ ਹਾਂ ਅਤੇ ਯਾਦ ਕਰਕੇ ਅਨੇਕਾਂ ਵਾਰ ਦੁੱਖੀ ਹੁੰਦੇ ਹਾਂ।

ਬੇਵੱਸੀ ਦੀ ਹਾਲਤ ਵਿਚ ਸਭ ਤੋਂ ਪਹਿਲਾਂ ਸਾਡੀ ਸੁਤੰਤਰਤਾ ਮੁੱਕਦੀ ਹੈ ਅਤੇ ਜ਼ਿੰਦਗੀ ਦੀ ਰਫ਼ਤਾਰ ਹੌਲੀ ਹੋ ਜਾਣ ਕਾਰਨ, ਸਾਨੂੰ ਉਹ ਕੁਝ ਵੀ ਦਿਸਣ ਲੱਗ ਪੈਂਦਾ ਹੈ ਜੋ ਪਹਿਲਾਂ ਨਹੀਂ ਦਿਸਿਆ ਹੁੰਦਾ।

ਮਜਬੂਰੀ, ਬੇਵੱਸੀ ਜਾਂ ਮੁਥਾਜੀ ਸਾਡੀ ਜ਼ਿੰਦਗੀ ਨੂੰ ਲੀਹ ਤੋਂ ਲਾਹ ਦਿੰਦੀ ਹੈ, ਜਿਸ ਕਾਰਨ ਆਲੇ-ਦੁਆਲੇ ਅਤੇ ਭਵਿੱਖ ਬਾਰੇ, ਰਿਸ਼ਤਿਆਂ ਅਤੇ ਆਪਣੇ ਆਪ ਬਾਰੇ, ਸਾਡੀ ਸੋਝੀ ਬਦਲ ਜਾਂਦੀ ਹੈ ਅਤੇ ਸਾਡੇ ਦ੍ਰਿਸ਼ਟੀਕੋਣ ਅਤੇ ਵਿਹਾਰ ਵਿਚ ਬੁਨਿਆਦੀ ਤਬਦੀਲੀਆਂ ਵਾਪਰਦੀਆਂ ਹਨ।

ਗੋਡਿਆਂ ਦੇ ਦੁੱਖਣ ਨਾਲ ਟੁਰਨ ਦੀ ਸਹੂਲਤ ਮੁੱਕ ਜਾਂਦੀ ਹੈ, ਦਿਲ ਦਾ ਦੌਰਾ ਪੈਣ ਨਾਲ ਭਵਿੱਖ ਸੁੰਗੜ ਜਾਂਦਾ ਹੈ, ਇਕਲੌਤੇ ਜਵਾਨ ਪੁੱਤਰ ਦੀ ਮੌਤ ਵਰਗਾ ਵੱਡਾ ਘਾਟਾ ਪੈਣ ਨਾਲ ਜੀਵਨ ਵਿਚ ਦਿਲਚਸਪੀ ਜਾਂਦੀ ਰਹਿੰਦੀ ਹੈ, ਮੁਅੱਤਲੀ ਨਾਲ ਕਿਸੇ ਨੂੰ ਮਿਲਣ ਲਈ ਮਨ ਹੀ ਨਹੀਂ ਕਰਦਾ, ਅਧਰੰਗ ਕਾਰਨ ਤਾਂ ਗ਼ੁਸਲਖਾਨਾ ਵੀ ਵਿਦੇਸ਼ ਪ੍ਰਤੀਤ ਹੁੰਦਾ ਹੈ।

ਬੇਵੱਸੀ ਵਿਚ ਸਾਨੂੰ ਪਤਾ ਲਗਦਾ ਹੈ ਕਿ ਸਾਡਾ ਆਪਣਾ ਕੇਵਲ ਸਰੀਰ ਹੀ ਹੈ ਅਤੇ ਸੰਸਾਰ ਦੀ ਹਰ ਚੀਜ਼ ਦੇ ਅਰਥ ਸਾਡੇ ਸਰੀਰ ਦੀ ਹਾਲਤ ਨਾਲ ਜੁੜੇ ਹੁੰਦੇ ਹਨ। ਅਜੋਕੇ ਸੰਸਾਰ ਵਿਚ ਕੇਵਲ ਤੰਦਰੁਸਤ ਬੰਦਾ ਹੀ ਰਹਿ ਸਕਦਾ ਹੈ, ਸਰੀਰ ਵਿਚ ਨੁਕਸ ਪੈਂਦਿਆਂ ਹੀ, ਕਿਸੇ ਉੱਤੇ ਨਿਰਭਰਤਾ ਕਾਰਨ, ਸਾਡਾ ਮੁੱਲ ਘੱਟ ਜਾਂਦਾ ਹੈ ਅਤੇ ਅਸੀਂ ਜ਼ਿੰਦਗੀ ਦੀ ਅੱਧੀ ਛੁੱਟੀ ਉਪਰੰਤ, ਪੂਰੀ ਛੁੱਟੀ ਉਡੀਕਣ ਲੱਗ ਪੈਂਦੇ ਹਾਂ।

ਸਰੀਰ ਵਿਚ ਨੁਕਸ ਪੈਣ ਜਾਂ ਕਿਸੇ ਰੋਗ ਨਾਲ ਬੇਵੱਸ ਵਿਅਕਤੀ ਅਣਜੀਵੀ ਜ਼ਿੰਦਗੀ ਬਾਰੇ ਝੂਰਨ ਲੱਗ ਪੈਂਦਾ ਹੈ। ਵਾਸਤਵ ਵਿਚ ਦੂਜਿਆਂ ਵਲੋਂ ਸਾਡਾ ਧਿਆਨ ਵੀ ਇਸ ਆਧਾਰ ਤੇ ਰੱਖਿਆ ਜਾਂਦਾ ਹੈ ਕਿ ਸਾਡੀ ਬਾਕੀ ਜ਼ਿੰਦਗੀ ਰਹਿੰਦੀ ਕਿਤਨੀ ਹੈ। ਜਿਨ੍ਹਾਂ ਨੇ ਕੁਝ ਨਵਾਂ ਨਹੀਂ ਕਰਨਾ ਹੁੰਦਾ ਅਤੇ ਕੀਤੇ ਨੂੰ ਹੀ ਦੁਹਰਾਉਣਾ ਹੁੰਦਾ ਹੈ, ਉਨ੍ਹਾਂ ਦੇ ਇਲਾਜ ਵੱਲ ਵੀ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਨਿਰਬਲਤਾ ਵਧਦੀ ਹੈ ਅਤੇ ਮਨੁੱਖ ਨੂੰ ਆਪਣੇ ਵਾਧੂ, ਫ਼ਾਲਤੂ ਅਤੇ ਅਧੂਰੇ ਹੋਣ ਦਾ ਅਹਿਸਾਸ ਸਤਾਉਂਦਾ ਹੈ।

ਸਭ ਕੁਝ ਹੋਵੇ ਪਰ ਜੇ ਜੀਵਨ ਦੀ ਉਮੰਗ ਹੀ ਨਾ ਹੋਵੇ ਤਾਂ ਵੱਡੇ ਵਸੀਲੇ ਅਤੇ ਉਪਰਾਲੇ ਵੀ ਕਿਸੇ ਲੇਖੇ ਨਹੀਂ ਲੱਗਦੇ।

ਨਿਰਬਲਤਾ ਨਾਲ ਸਾਡਾ ਸੰਸਾਰ ਬੇਰੰਗਾ ਹੋ ਜਾਂਦਾ ਹੈ ਕਿਉਂਕਿ ਟੁਰ ਸਕਣਾ ਅਤੇ ਘਰੋਂ ਬਾਹਰ ਜਾਣ ਦੀ ਯੋਗਤਾ ਬੜਾ ਵੱਡਾ ਵਰਦਾਨ ਹੁੰਦੀ ਹੈ।

ਟੁਰਨਾ ਸਾਡੇ ਸਰੀਰ ਦੇ ਤੰਦਰੁਸਤ ਹੋਣ ਦੀ ਪਹਿਲੀ ਸ਼ਰਤ ਹੁੰਦੀ ਹੈ। ਟੁਰਨਾ ਸਰੀਰਕ ਸੁਤੰਤਰਤਾ ਦਾ ਆਧਾਰ ਹੈ। ਟੁਰਨ ਨਾਲ ਹੀ ਸਾਡੇ ਆਲੇ-ਦੁਆਲੇ ਨਾਲ ਸੰਬੰਧ ਉਸਰਦੇ ਹਨ। ਜੀਵਨ ਦਾ ਆਧਾਰ, ਹਵਾ ਅਤੇ ਦਰਿਆ, ਨਿਰੰਤਰ ਟੁਰਦੇ ਰਹਿੰਦੇ ਹਨ।

ਸਾਡੇ ਦਿਮਾਗ ਦਾ ਮੁੱਖ ਕਾਰਜ ਸਾਡੇ ਸਰੀਰ ਨੂੰ ਇਧਰੋਂ-ਉੱਧਰ ਲੈ ਜਾਣਾ ਹੁੰਦਾ ਹੈ। ਜੇ ਮਨੁੱਖ ਟੁਰਨ ਯੋਗ ਨਾ ਰਹੇ ਤਾਂ ਉਸ ਲਈ ਕਿਸੇ ਵਿਉਂਤ ਜਾਂ ਪ੍ਰੋਗਰਾਮ ਦੇ ਕੋਈ ਅਰਥ ਨਹੀਂ ਰਹਿੰਦੇ।

ਇਕ ਵਾਰੀ ਦਹਾਕਿਆਂ ਦੀ ਉਡੀਕ ਮਗਰੋਂ ਮਾਪੇ, ਵਿਦੇਸ਼ ਰਹਿੰਦੇ ਆਪਣੇ ਪੁੱਤਰ ਕੋਲ ਜਾਣ ਹੀ ਵਾਲੇ ਸਨ ਕਿ ਉਡਾਣ ਤੋਂ ਦੋ ਦਿਨ ਪਹਿਲਾਂ ਪਿਤਾ ਨੂੰ ਅਧਰੰਗ ਹੋ ਗਿਆ ਅਤੇ ਪਤੀ-ਪਤਨੀ ਦੋਵੇਂ ਆਪਣੇ ਹੀ ਘਰ ਵਿਚ ਕੈਦ ਹੋ ਗਏ, ਇਵੇਂ ਉੱਡਣਾ ਤਾਂ ਕੀ, ਟੁਰਨਾ ਵੀ ਸੰਭਵ ਨਾ ਰਿਹਾ।

ਮਜਬੂਰੀ ਆਮ ਕਰਕੇ ਵਸੀਲਿਆਂ ਅਤੇ ਅਵਸਰਾਂ ਦੀ ਘਾਟ ਵਿਚੋਂ ਉਪਜਦੀ ਹੈ, ਜਿਵੇਂ ਦਾਖਲਾ ਮਿਲ ਜਾਂਦਾ ਹੈ ਪਰ ਫ਼ੀਸ ਭਰਾਉਣ ਦੀ ਰਕਮ ਨਹੀਂ ਹੁੰਦੀ; ਘਰ ਵਿਆਹੁਣ ਵਾਲੀ ਧੀ ਬੈਠੀ ਹੁੰਦੀ ਹੈ ਪਰ ਦਾਜ ਜੁਟਾਉਣ ਦੀ ਹਿੰਮਤ ਨਹੀਂ ਹੁੰਦੀ; ਫ਼ਸਲ ਸੁੱਕ ਰਹੀ ਹੁੰਦੀ ਹੈ ਪਰ ਮੀਂਹ ਨਹੀਂ ਪੈਂਦਾ।

ਬੇਵੱਸੀ ਇਕ ਸਮਾਜਿਕ ਵਰਤਾਰਾ ਹੁੰਦੀ ਹੈ।

ਵਿਧਵਾਪਣ, ਬੇਰੋਜ਼ਗਾਰੀ, ਨੀਵੀਂ ਜ਼ਾਤ, ਮੁਅੱਤਲੀ, ਸੇਵਾ-ਮੁਕਤੀ, ਤਲਾਕ, ਆਮਦਨ ਦਾ ਨਿਸਚਿਤ ਨਾ ਹੋਣਾ, ਕੈਦ ਆਦਿ ਬੇਵੱਸੀ ਦੇ ਰੂਪ ਹਨ।

ਮਾਂ ਨੂੰ ਕੁੱਟ ਰਹੇ ਪਿਤਾ ਸਾਹਮਣੇ, ਬੱਚੇ ਦੀ ਬੇਵੱਸੀ, ਬਿਆਨ ਨਹੀਂ ਕੀਤੀ ਜਾ ਸਕਦੀ। ਬੇਵੱਸ ਵਿਅਕਤੀ ਕਿਸ਼ਤਾਂ ਵਿਚ ਮਰਦਾ ਹੈ ਅਤੇ ਆਪਣਾ ਮਾਤਮ ਆਪ ਹੀ ਕਰਦਾ ਹੈ।

ਮੁਥਾਜੀ ਇਕ ਸਰੀਰਕ ਵਰਤਾਰਾ ਹੈ, ਜਦੋਂ ਮਨੁੱਖ ਆਪਣੀਆਂ ਬੁਨਿਆਦੀ ਲੋੜਾਂ ਅਤੇ ਕਿਰਿਆਵਾਂ ਲਈ ਦੂਜਿਆਂ ਉੱਤੇ ਨਿਰਭਰ ਹੋ ਜਾਂਦਾ ਹੈ। ਗੰਭੀਰ ਹਾਦਸਾ, ਵਿਛੋੜਾ, ਦਿਲ ਦਾ ਦੌਰਾ, ਕੈਂਸਰ ਆਦਿ ਮੁਥਾਜੀ ਦੇ ਵੱਖ-ਵੱਖ ਰੂਪ ਹਨ। ਜਦੋਂ ਜੀਵਨ ਕੇਵਲ ਸਰੀਰ ਸਾਂਭਣਾ ਹੀ ਹੋ ਜਾਵੇ ਤਾਂ ਇਸ ਹਾਲਤ ਨੂੰ ਮਜਬੂਰੀ ਵੀ ਕਹਿੰਦੇ ਹਨ, ਬੇਵੱਸੀ ਵੀ ਅਤੇ ਮੁਥਾਜੀ ਵੀ। ਇਨ੍ਹਾਂ ਹਾਲਤਾਂ ਵਿਚ ਅਤੀਤ ਦਾ ਮਾਣ ਮੁੱਕ ਜਾਂਦਾ ਹੈ ਅਤੇ ਭਵਿੱਖ ਦੀ ਚਿੰਤਾ ਲੱਗ ਜਾਂਦੀ ਹੈ।

ਚੰਗੀ ਸਿਹਤ ਅਤੇ ਵਿਸ਼ਾਲ ਵਸੀਲਿਆਂ ਵਾਲੇ ਕਈ ਲੋਕ ਇਹ ਸਮਝਦੇ ਹਨ ਕਿ ਉਹ ਸਦਾ ਤੰਦਰੁਸਤ ਅਤੇ ਜਵਾਨ ਹੀ ਰਹਿਣਗੇ ਪਰ ਅਜਿਹੇ ਲੋਕ ਰਾਂਗਲੇ ਧੋਖਿਆਂ ਵਿਚ ਰਹਿ ਰਹੇ ਹੁੰਦੇ ਹਨ।

ਛਾਤੀ ਦਾ ਕੈਂਸਰ ਹੋਣ ਕਾਰਨ, ਇਲਾਜ ਦੌਰਾਨ, ਇਕ ਇਸਤਰੀ ਦੇ ਸਿਰ ਦੇ ਸਾਰੇ ਵਾਲ ਝੜ ਗਏ। ਉਸ ਦੀ ਪ੍ਰੇਸ਼ਾਨੀ ਇਹ ਬਣ ਗਈ ਕਿ ਆਪਣੀਆਂ ਨਜ਼ਰਾਂ ਵਿਚ ਹੀ ਉਸ ਦੀ ਪਛਾਣ ਮੁੱਕ ਗਈ ਸੀ।

ਇਕ ਅਮੀਰ ਆਦਮੀ ਨੂੰ ਹਾਦਸੇ ਵਿਚ ਰੀੜ੍ਹ ਦੀ ਹੱਡੀ ਟੁੱਟਣ ਕਾਰਨ ਜਦੋਂ ਕਈ ਹਫ਼ਤੇ ਪਾਸਾ ਪਰਤਣ ਤੋਂ ਵੀ ਮਨਾਹੀ ਰਹੀ ਤਾਂ ਉਸ ਦਾ ਜਾਇਦਾਦ ਅਤੇ ਅਮੀਰੀ ਦਾ ਘਮੰਡ ਜਾਂਦਾ ਰਿਹਾ।

ਹਿਲਣਾ-ਜੁਲਣਾ, ਸਾਹ ਲੈਣ ਵਾਂਗ ਹੀ, ਜ਼ਰੂਰੀ ਹੁੰਦਾ ਹੈ। ਹੱਡੀਆਂ ਦੇ ਇਕ ਡਾਕਟਰ ਦਾ ਜਦੋਂ ਆਪਣਾ ਚੂਲਾ ਟੁੱਟ ਗਿਆ, ਤਾਂ ਉਸ ਨੂੰ ਸਮਝ ਆਇਆ ਕਿ ਮਰੀਜ਼ ਹੋਣ ਅਤੇ ਡਾਕਟਰ ਹੋਣ ਦੇ ਕੀ ਅੰਤਰ ਹੁੰਦੇ ਹਨ। ਇਸ ਸਮਝ ਕਾਰਨ, ਉਸ ਵਲੋਂ ਮਰੀਜ਼ਾਂ ਦਾ ਇਲਾਜ ਕਰਨ ਦਾ ਢੰਗ ਹੀ ਬਦਲ ਗਿਆ।

ਮਜਬੂਰੀ ਜਾਂ ਬੇਵੱਸੀ ਦੌਰਾਨ ਕੁਝ ਵੀ ਮਹੱਤਵਪੂਰਨ ਨਹੀਂ ਵਾਪਰਦਾ, ਆਪਣਾ-ਆਪ ਅਤੇ ਆਲਾ-ਦੁਆਲਾ, ਖਾਲੀ-ਖਾਲੀ ਲਗਣ ਲੱਗ ਪੈਂਦਾ ਹੈ ਅਤੇ ਸਮੇਂ ਦੀ ਪਛਾਣ ਮੁੱਕ ਜਾਂਦੀ ਹੈ। ਹਸਪਤਾਲਾਂ ਵਿਚ ਬੇਵੱਸ ਮਰੀਜ਼ ਦਰਵਾਜ਼ੇ ਵਲ ਹੀ ਵੇਖਦੇ ਰਹਿੰਦੇ ਹਨ। ਪਤਾ ਹੁੰਦਾ ਹੈ ਕਿ ਘਰੋਂ ਨਾਸ਼ਤਾ ਅੱਠ ਵਜੇ ਆਵੇਗਾ ਪਰ ਉਹ ਸਵੇਰੇ ਛੇ ਵਜੇ ਹੀ ਉਡੀਕਣ ਲਗ ਪੈਂਦੇ ਹਨ।

ਇਕ ਘਰ ਵਿਚ, ਨਾਲ ਦੇ ਕਮਰੇ ਵਿਚ ਸੌਣ ਲਗਿਆਂ, ਪਿਤਾ ਦੀ ਸੰਭਾਲ ਵਿਚ ਨਿਰੰਤਰ ਰੁਝੇ, ਅਨੀਂਦਰੇ ਦੇ ਸ਼ਿਕਾਰ ਪੁੱਤਰ ਨੇ ਮੁਥਾਜ ਪਿਤਾ ਨੂੰ ਕਿਹਾ: ਜੇ ਲੋੜ ਪਵੇ ਤਾਂ ਬੁਲਾ ਲੈਣਾ। ਸਮੇਂ ਦੀ ਸੋਝੀ ਨਾ ਰਹਿਣ ਕਾਰਨ, ਪਿਤਾ ਹਰ ਪੰਜ ਮਿੰਟ ਮਗਰੋਂ ਅਤੇ ਕਈ ਵਾਰੀ ਕੇਵਲ ਵਕਤ ਪੁੱਛਣ ਵਾਸਤੇ ਹੀ ਪੁੱਤਰ ਨੂੰ ਬੁਲਾਉਣ ਅਤੇ ਪ੍ਰੇਸ਼ਾਨ ਕਰਨ ਲੱਗ ਪਿਆ।

ਪਤਨੀ ਦੀ ਮੌਤ ਉਪਰੰਤ ਇਕ ਪੁਰਸ਼ ਅੱਧੀ ਰਾਤ ਵੇਲੇ ਆਪਣੀ ਧੀ ਨੂੰ ਫੋਨ ਕਰਕੇ ਰੋਜ਼ ਕਹਿਣ ਲੱਗ ਪਿਆ ਕਿ ਤੇਰੀ ਮਾਂ ਦੀ ਯਾਦ ਆ ਰਹੀ ਹੈ। ਅੱਕ

ਕੇ ਧੀ ਨੇ ਕਿਹਾ: ਪਿਤਾ ਜੀ ਜੇ ਤੁਸੀਂ ਇਵੇਂ ਫੋਨ ਕਰਦੇ ਰਹੇ ਤਾਂ ਮੇਰਾ ਵਿਆਹ ਟੁੱਟ ਜਾਵੇਗਾ।

ਜੇ ਬੀਮਾਰੀ, ਬੇਵੱਸੀ ਜਾਂ ਮੁਥਾਜੀ ਦਾ ਕੋਈ ਹੱਲ ਨਿਕਲਦਾ ਨਾ ਦਿਸੇ ਤਾਂ ਦੇਖਭਾਲ ਕਰਨ ਅਤੇ ਕਰਾਉਣ ਵਾਲਾ, ਦੋਵੇਂ ਅੱਕ-ਥੱਕ ਜਾਂਦੇ ਹਨ।

ਸੇਵਾ ਕਰਾਉਣ ਵਾਲਿਆਂ ਦੀਆਂ ਆਪਣੀਆਂ ਮਾਨਸਿਕ ਸਮੱਸਿਆਵਾਂ ਵੀ ਸੇਵਾ ਕਰਨ ਵਾਲਿਆਂ ਦੇ ਸੰਤੁਲਨ ਨੂੰ ਵਿਗਾੜ ਦਿੰਦੀਆਂ ਹਨ।

ਇਕ ਵਿਧਵਾ-ਨੂੰਹ, ਆਪਣੀ ਮੁਥਾਜ ਸੱਸ ਦੇ ਸਾਰੇ ਕੰਮ ਕਰਕੇ, ਨੌਕਰਾਣੀ ਘਰ ਛੱਡ ਕੇ, ਕੰਮ 'ਤੇ ਜਾਂਦੀ ਸੀ ਪਰ ਵਾਪਸ ਆਉਣ 'ਤੇ ਸੱਸ ਨੌਕਰਾਣੀ ਨਾਲ ਲੜ ਚੁਕੀ ਹੁੰਦੀ ਸੀ ਅਤੇ ਜ਼ਿੱਦ ਫੜ ਲੈਂਦੀ ਸੀ ਕਿ ਇਸ ਨੌਕਰਾਣੀ ਨੂੰ ਹਟਾਇਆ ਜਾਵੇ। ਇਵੇਂ ਉਹ ਸੱਸ ਲਗਭਗ ਹਰ ਰੋਜ਼, ਆਪਣੀ ਨੂੰਹ ਨੂੰ ਨਵੇਂ ਢੰਗ ਨਾਲ ਪ੍ਰੇਸ਼ਾਨ ਕਰਦੀ ਸੀ।

ਅਕਸਰ ਮੁਥਾਜ ਵਿਅਕਤੀ ਮੰਗ ਕਰਦੇ ਹਨ ਕਿ ਉਨ੍ਹਾਂ ਦੀ ਦੇਖ-ਭਾਲ ਪਤਨੀ ਜਾਂ ਨੂੰਹ-ਪੁੱਤਰ ਹੀ ਕਰਨ। ਭਾਵੇਂ ਅਜਿਹੇ ਵਿਅਕਤੀ ਦੇ ਕਈ ਧੀਆਂ-ਪੁੱਤਰ ਹੁੰਦੇ ਹਨ ਪਰ ਸਾਰੀ ਜ਼ਿੰਮੇਵਾਰੀ ਕਿਸੇ ਇਕ ਪੁੱਤਰ ਦੇ ਸਿਰ ਪੈ ਜਾਂਦੀ ਹੈ, ਜਿਸ ਦੀ ਸੇਵਾ ਦੀ ਪ੍ਰਸੰਸਾ ਨਹੀਂ, ਆਲੋਚਨਾ ਹੀ ਹੋਣ ਕਾਰਨ, ਅਜਿਹਾ ਵਿਅਕਤੀ ਹਰ ਵੇਲੇ ਥੱਕਿਆ ਹੋਇਆ ਰਹਿਣ ਕਰਕੇ, ਆਤਮਘਾਤ ਕਰਨ ਬਾਰੇ ਵੀ ਸੋਚਣ ਲੱਗ ਪੈਂਦਾ ਹੈ। ਅਜਿਹੀ ਤਰਸਯੋਗ ਹਾਲਤ ਵਿਚ, ਸਥਿਤੀ ਨੂੰ ਸਮਝੇ ਬਿਨਾ ਹੀ, ਰਿਸ਼ਤੇਦਾਰ, ਬਜ਼ੁਰਗ ਵਿਅਕਤੀ ਦੀ ਸੇਵਾ ਕਰਨ ਦੇ ਨਵੇਂ-ਨਵੇਂ ਢੰਗ ਸੁਝਾਉਣ ਅਤੇ ਉਪਦੇਸ਼ ਦੇਣ ਲੱਗ ਪੈਂਦੇ ਹਨ।

ਜੇ ਬੇਵੱਸ ਜਾਂ ਮੁਥਾਜ ਵਿਅਕਤੀ ਆਪਣੇ ਕੱਪੜੇ ਗੰਦੇ ਕਰਨ ਲਗ ਪਵੇ ਤਾਂ ਇਨ੍ਹਾਂ ਕੱਪੜਿਆਂ ਨੂੰ ਧੋਣ ਵਰਗੀ ਕੋਈ ਮੁਸੀਬਤ ਅਤੇ ਪ੍ਰੇਸ਼ਾਨੀ ਨਹੀਂ ਹੁੰਦੀ।

ਅਜਿਹੀ ਹਾਲਤ ਵਿਚ ਦੇਖ-ਭਾਲ ਕਰਨ ਵਾਲਿਆਂ ਨੂੰ ਆਪਣੇ ਬੀਮਾਰ ਪੈਣ ਦਾ ਡਰ ਲਗਿਆ ਰਹਿੰਦਾ ਹੈ।

ਇਕ ਮਰੀਜ਼ ਜਦੋਂ ਘਰ ਵਿਚ ਇਕੱਲਾ ਹੁੰਦਾ ਸੀ ਤਾਂ ਉਹ ਆਮਲੇਟ ਬਣਾ ਕੇ, ਖਾ ਕੇ, ਰਸੋਈ ਵਿਚ ਭਾਂਡੇ ਸਾਫ਼ ਕਰਕੇ, ਪਹਿਲਾਂ ਵਾਂਗ ਰਖ ਦਿੰਦਾ ਸੀ ਅਤੇ ਫਿਰ ਪੇਟ ਖਰਾਬ ਹੋਣ ਕਾਰਨ, ਸਾਰੇ ਪਰਿਵਾਰ ਨੂੰ ਮੁਸੀਬਤ ਪਾ ਦਿੰਦਾ ਸੀ।

ਇਸ ਤੋਂ ਵੀ ਵੱਡੀ ਮੁਸੀਬਤ ਹੁੰਦੀ ਹੈ ਹਾਲ-ਚਾਲ ਪੁੱਛਣ ਆਇਆਂ ਦੀ ਦੇਖ-ਭਾਲ ਕਰਨੀ ਕਿਉਂਕਿ ਪਰਿਵਾਰ ਅਰਾਮ ਦੀਆਂ ਘੜੀਆਂ ਨੂੰ ਉਡੀਕਦਾ ਹੀ ਰਹਿੰਦਾ ਹੈ, ਜਿਹੜੀਆਂ ਆਉਂਦੀਆਂ ਹੀ ਨਹੀਂ।

ਉਡੀਕ ਕਰਨੀ ਆਪਣੇ ਆਪ ਵਿਚ ਬੜੀ ਵੱਡੀ ਬੇਵੱਸੀ ਹੁੰਦੀ ਹੈ।

ਕਈਆਂ ਨੂੰ ਹਰ ਕਿਸੇ ਅਤੇ ਹਰ ਚੀਜ਼ ਨੂੰ ਉਡੀਕਣਾ ਪੈਂਦਾ ਹੈ। ਬਿਸਤਰੇ

ਤੇ ਪਏ ਰਹਿਣ ਵਾਲੇ ਬੇਵੱਸ-ਮੁਥਾਜ ਵਿਅਕਤੀ, ਉਡੀਕ ਦੇ ਰੋਗ ਤੋਂ ਵੀ ਪੀੜਤ ਹੁੰਦੇ ਹਨ। ਨਿਰੰਤਰ ਉਡੀਕਣ ਵਾਲੇ ਨੂੰ ਦਿਨ ਦਾ ਰੌਲਾ ਪ੍ਰੇਸ਼ਾਨ ਕਰਦਾ ਹੈ, ਆਏ-ਗਏ ਕਾਰਨ ਚਿੰਤਾ ਅਤੇ ਬੇਅਰਾਮੀ ਹੁੰਦੀ ਹੈ ਅਤੇ ਰਾਤ ਦੀ ਚੁੱਪ ਡਰਾਉਣੀ ਲੱਗਦੀ ਹੈ।

ਜੇ ਸਾਡੀ ਆਲੇ-ਦੁਆਲੇ ਵਿਚ ਦਿਲਚਸਪੀ ਨਾ ਹੋਵੇ ਤਾਂ ਸਾਨੂੰ ਹਰ ਕਿਸੇ ਦੀ ਹਾਜ਼ਰੀ ਅਤੇ ਹਰ ਅਵਾਜ਼ ਅਕਾਉਣ ਲਗ ਪੈਂਦੀ ਹੈ। ਉਡੀਕ ਸਾਨੂੰ ਦੂਜਿਆਂ ਤੋਂ ਕਮਜ਼ੋਰ ਅਤੇ ਨੀਵੇਂ ਹੋਣ ਦਾ ਅਹਿਸਾਸ ਕਰਾਉਂਦੀ ਹੈ। ਕਿਸੇ ਦੀ ਉਡੀਕ ਕਰਦਿਆਂ, ਅਸੀਂ ਉਸ ਦੇ ਗੁਣ ਨਹੀਂ, ਔਗੁਣ ਹੀ ਗਿਣਦੇ ਹਾਂ। ਜੇ ਕੋਈ ਕੁਝ ਕਹਿ ਜਾਵੇ, ਜਿਸ ਦੀ ਸਮਝ ਨਾ ਪਵੇ ਤਾਂ ਪ੍ਰੇਸ਼ਾਨੀ ਹੋਰ ਵੀ ਵੱਧ ਜਾਂਦੀ ਹੈ। ਅਜਿਹੀ ਹਾਲਤ ਵਿਚ ਕੁਝ ਵੀ ਜਿੱਤਣ-ਹਾਰਨ ਵਾਲਾ ਨਹੀਂ ਬਚਦਾ, ਇੰਝ ਲਗਦਾ ਹੈ ਜਿਵੇਂ ਸਾਡਾ ਸਭ ਕੁਝ ਜ਼ਬਤ ਹੋ ਗਿਆ ਹੋਵੇ।

ਇਕ ਇਸਤਰੀ ਦੱਸ ਰਹੀ ਸੀ: ਸੱਤ ਸਾਲ ਹੋ ਗਏ ਹਨ ਪਤੀ ਦੇ ਠੀਕ ਹੋਣ ਦੀ ਉਡੀਕ ਕਰਦਿਆਂ। ਦਫ਼ਤਰ ਵਿਚ ਟੈਲੀਫੋਨ ਕਰਨ ਦੀ ਆਗਿਆ ਨਹੀਂ। ਉਡੀਕਦੀ ਰਹਿੰਦੀ ਹਾਂ, ਅਫ਼ਸਰ ਗ਼ੁਸਲਖਾਨੇ ਜਾਵੇ ਅਤੇ ਮੈਂ ਟੈਲੀਫੋਨ ਕਰਕੇ ਹਾਲ ਪੁੱਛ ਲਵਾਂ। ਦਫ਼ਤਰ ਵਿਚ ਹਰ ਵੇਲੇ ਕੰਮ ਕਰੋ, ਕੰਮ ਕਰੋ, ਹੁੰਦੀ ਰਹਿੰਦੀ ਹੈ, ਕਿਵੇਂ ਦੱਸਾਂ ਕਿ ਜੇ ਮੈਂ ਟੈਲੀਫੋਨ ਕਰਕੇ ਚਿੰਤਾ-ਮੁਕਤ ਹੋ ਜਾਵਾਂ ਤਾਂ ਮੈਂ ਵਧੇਰੇ ਕੰਮ ਕਰ ਸਕਦੀ ਹਾਂ।

ਉਡੀਕ ਵਾਂਗ ਹੀ ਵਿਹਲ ਬੜੀ ਵੱਡੀ ਬੇਵੱਸੀ ਹੈ।

ਵਿਹਲਾ ਸਮਾਂ ਤਾਂ ਹੀ ਚੰਗਾ ਲਗਦਾ ਹੈ ਜੇ ਇਸ ਦੀ ਮਿਆਦ ਹੋਵੇ, ਨਹੀਂ ਤਾਂ ਬੇਹਿਸਾਬਾ ਅਰਾਮ ਹੀ ਥਕਾ ਦਿੰਦਾ ਹੈ।

ਵਿਹਲੇ ਹੋਣ 'ਤੇ ਪਤਾ ਲਗਦਾ ਹੈ ਕਿ ਦੁਕਾਨ 'ਤੇ ਜਾਂ ਦਫ਼ਤਰ ਜਾਣਾ ਜਾਂ ਬੱਚੇ ਪਾਲਣੇ, ਅਕਾਊ ਹੋਣ ਦੇ ਬਾਵਜੂਦ, ਸੌਖੇ ਕੰਮ ਹੁੰਦੇ ਹਨ ਪਰ ਹਰ ਰੋਜ਼ ਆਪਣੇ ਲਈ ਨਵਾਂ ਰੁਝੇਵਾਂ ਲੱਭਣਾ ਬੜਾ ਔਖਾ ਕੰਮ ਹੈ।

ਜੇ ਛੁੱਟੀ ਉਡੀਕਣ ਮਗਰੋਂ ਆ ਵੇ ਤਾਂ ਹੀ ਚੰਗੀ ਲਗਦੀ ਹੈ ਪਰ ਜੇ ਹਰ ਰੋਜ਼ ਛੁੱਟੀ ਹੋਵੇ ਤਾਂ ਇਹ ਬੋਝ ਬਣ ਜਾਂਦਾ ਹੈ।

ਵਿਹਲੇ ਹੋਣ ਤੇ ਪਤਾ ਲਗਦਾ ਹੈ ਕਿ ਜਿਊਣ ਲਈ ਕੰਮ ਕਿਤਨਾ ਜ਼ਰੂਰੀ ਹੁੰਦਾ ਹੈ। ਸਾਰੀ ਉਮਰ ਉਜਰਤੀ ਕੰਮ ਕਰਨ ਕਰਕੇ ਪੁਰਸ਼ ਬਿਨਾ-ਉਜਰਤ ਕੋਈ ਕੰਮ ਕਰਨ ਲਈ ਤਿਆਰ ਨਹੀਂ ਹੁੰਦੇ।

ਸੇਵਾ-ਮੁਕਤੀ ਜਾਂ ਮੁਅੱਤਲੀ ਉਪਰੰਤ, ਉਪਜੀ ਵਿਹਲ ਕਾਰਨ ਅਸੂਲ, ਸਿਧਾਂਤ, ਅਕੀਦੇ, ਵਿਸ਼ਵਾਸ ਸਭ ਡੋਲਣ ਲਗ ਪੈਂਦੇ ਹਨ।

ਵਿਹਲੇ ਬੰਦੇ ਦਾ ਕੋਈ ਮਹੱਤਵ ਨਹੀਂ ਹੁੰਦਾ।

ਅਜਿਹੇ ਬੰਦੇ ਦਾ ਆਪਣੀਆਂ ਨਜ਼ਰਾਂ ਵਿਚ ਵੀ ਕੋਈ ਮੁੱਲ ਨਹੀਂ ਹੁੰਦਾ, ਸੋ ਘਰ ਵਿਚ ਅਜਿਹੇ ਬੰਦੇ ਦੀ ਸੇਵਾ ਕਰਨੀ ਸੌਖੀ ਨਹੀਂ ਹੁੰਦੀ।

ਅੰਤਾਂ ਦੀ ਵਿਹਲ ਵਿਚੋਂ ਹੀ ਇਕੱਲਤਾ ਦਾ ਅਨੁਭਵ ਉਪਜਦਾ ਹੈ।

ਇਕੱਲਤਾ ਵਾਲੀ ਵਿਹਲ ਮੁਖ ਤੌਰ 'ਤੇ ਪੁਰਸ਼-ਅਨੁਭਵ ਹੈ, ਇਸਤਰੀਆਂ ਕੋਲ ਅਨੇਕਾਂ ਨਿੱਕੇ-ਨਿੱਕੇ ਰੁਝੇਵੇਂ ਹੁੰਦੇ ਹਨ। ਇਕੱਲਤਾ ਹਰੇਕ ਮਜਬੂਰੀ, ਬੇਵੱਸੀ ਅਤੇ ਮੁਥਾਜੀ ਦਾ ਸਾਂਝਾ ਲੱਛਣ ਹੁੰਦੀ ਹੈ। ਸੁਸਤੀ, ਇਕੱਲਤਾ ਨੂੰ ਅਤੇ ਇਕੱਲਤਾ, ਸੁਸਤੀ ਨੂੰ ਤਾਲ ਦਿੰਦੀ ਰਹਿੰਦੀ ਹੈ। ਇਕੱਲਤਾ ਦਾ ਮਾਰਿਆ ਵਿਅਕਤੀ ਸਵੇਰੇ ਉੱਠਣ ਵੇਲੇ ਸੋਚਦਾ ਹੈ: ਉੱਠ ਕੇ ਕੀ ਕਰਨਾ ਹੈ?

ਇਕੱਲਤਾ ਨਾਲ ਸਾਨੂੰ ਉਹ ਅਨੁਭਵ ਹੁੰਦੇ ਹਨ, ਜਿਹੜੇ ਪਹਿਲਾਂ ਭੀੜ ਦਾ ਭਾਗ ਹੋਣ ਕਾਰਨ ਨਹੀਂ ਹੋਏ ਹੁੰਦੇ। ਜੀਵਨ ਸਾਥੀ ਦੇ ਮਰਨ ਜਾਂ ਤਲਾਕ ਜਾਂ ਕੈਦ ਉਪਰੰਤ ਸਭ ਤੋਂ ਵੱਡਾ ਸਦਮਾ ਇਕੱਲਤਾ ਦਾ ਹੁੰਦਾ ਹੈ। ਪਰਿਵਾਰ ਉਸਾਰਨਾ ਇਕੱਲਤਾ ਤੋਂ ਛੁਟਕਾਰਾ ਪਾਉਣ ਦਾ ਸਰਬ-ਵਿਆਪਕ ਉਪਰਾਲਾ ਹੈ। ਇਕੱਲਾ ਵਿਅਕਤੀ ਜੇ ਇਕ ਵਾਰੀ ਹਸਪਤਾਲ ਦਾਖਲ ਹੋ ਜਾਵੇ ਤਾਂ ਉਹ ਅਗਲੀ ਵਾਰ ਹਸਪਤਾਲ ਜਾਣ ਤੋਂ ਬਚਣ ਲਈ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ।

ਹਰ ਕਿਸੇ ਦੀ ਜ਼ਿੰਦਗੀ ਵਿਚ, ਬੀਮਾਰੀ ਉਤੇ ਲੱਗਿਆ ਸਮਾਂ ਅਤੇ ਹੋਇਆ ਖਰਚਾ, ਵਿਅਰਥ ਗਏ ਸਮੇਂ ਅਤੇ ਖਰਚੇ ਵਿਚ ਗਿਣਿਆ ਜਾਂਦਾ ਹੈ।

ਕਈ ਵਾਰੀ ਬੇਵੱਸੀ, ਵਿਅਕਤੀਆਂ ਤੋਂ ਫੈਲਦੀ-ਫੈਲਦੀ, ਸਮੁੱਚੇ ਸਮਾਜ ਵਿਚ ਪਸਰ ਜਾਂਦੀ ਹੈ। ਜਦੋਂ ਜੀਵਨ ਦਾ ਉਦੇਸ਼ ਨਾ ਹੋਵੇ ਅਤੇ ਰੋਜ਼ਗਾਰ ਦੀਆਂ ਸੰਭਾਵਨਾਵਾਂ ਨਾ ਹੋਣ ਤਾਂ ਮਨੁੱਖ ਨਸ਼ਿਆਂ ਦਾ ਮੁਥਾਜ ਹੋ ਜਾਂਦਾ ਹੈ।

ਪੰਜਾਬ ਵਿਚ ਕਿਸਾਨਾਂ ਦਾ ਖੇਤੀ ਤੋਂ ਵਿਸ਼ਵਾਸ ਉੱਠ ਜਾਣਾ, ਬੜੀ ਵੱਡੀ ਬੇਵੱਸੀ ਬਣਦਾ ਜਾ ਰਿਹਾ ਹੈ।

ਜਿਨ੍ਹਾਂ ਨੂੰ ਦੇਸ਼ ਵਿਚ ਅਨਾਜ ਦੇ ਢੇਰ ਲਾਉਣ ਦਾ ਮਾਣ ਸੀ, ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਹ ਇੱਟਾਂ-ਵੱਟੇ ਬਣ ਕੇ ਰੁਲ ਰਹੇ ਹਨ।

ਜੇ ਰੋਜ਼ਗਾਰ ਨਾ ਹੋਵੇ ਜਾਂ ਨਿਸਚਿਤ ਆਮਦਨ ਨਾ ਹੋਵੇ ਤਾਂ ਪ੍ਰਾਪਤ ਕੀਤੀ ਸਿਖਲਾਈ ਅਤੇ ਪੜ੍ਹਾਈ ਦੁੱਖਾਂ, ਤਕਲੀਫ਼ਾਂ ਅਤੇ ਬੇਵੱਸੀਆਂ ਨੂੰ ਤਿੱਖਾ ਕਰ ਦਿੰਦੀ ਹੈ। ਅਜਿਹੀ ਬੇਵੱਸੀ ਵਿਚੋਂ ਨਿੰਦਾ-ਚੁਗ਼ਲੀ, ਹਿੰਸਾ, ਅਪਰਾਧ ਅਤੇ ਭੈੜੇ ਵਿਹਾਰ ਹੀ ਉਪਜਦੇ ਹਨ।

ਅਜੋਕੇ ਸੰਸਾਰ ਵਿਚ ਭਾਵੇਂ ਕੋਈ ਸੱਤ ਭਰਾਵਾਂ ਵਾਲਾ ਹੋਵੇ, ਭਾਵੇਂ ਇਕਲੌਤੀ ਸੰਤਾਨ ਵਾਲਾ, ਮਜਬੂਰੀਆਂ ਅਤੇ ਬੇਵੱਸੀਆਂ ਨੇ ਹਰ ਕਿਸੇ ਨੂੰ ਘੇਰ ਲੈਣਾ ਹੈ।

ਹੁਣ ਵਿਦੇਸ਼ ਜਾਣ ਦੇ ਉਪਰਾਲੇ ਕਿਸੇ ਸਮੱਸਿਆ ਦਾ ਹੱਲ ਨਹੀਂ ਹੋਣਗੇ, ਸੋ ਜੀਵਨ ਦੀਆਂ ਗੰਭੀਰ ਚਣੌਤੀਆਂ ਦਾ ਸਾਹਮਣਾ ਕਰਨ ਲਈ ਸਾਨੂੰ ਯੋਗ

ਤਿਆਰੀ ਕਰ ਲੈਣੀ ਚਾਹੀਦੀ ਹੈ, ਕਿਉਂਕਿ ਜੇ ਚੁੱਕਵੀਂ ਤਿਆਰੀ ਕੀਤੀ ਗਈ ਹੋਵੇ ਤਾਂ ਹੀ ਹਰ ਮਜਬੂਰੀ ਅਤੇ ਬੇਵੱਸੀ ਦਾ ਸਾਹਮਣਾ ਕੀਤਾ ਜਾ ਸਕਦਾ ਹੈ।

ਮਜਬੂਰੀਆਂ ਅਤੇ ਬੇਵੱਸੀਆਂ ਸਾਨੂੰ ਆਪਣੇ ਮਨੁੱਖ ਹੋਣ ਦੀਆਂ ਸੀਮਾਵਾਂ ਦਾ ਅਹਿਸਾਸ ਕਰਵਾਉਂਦੀਆਂ ਹਨ।

ਜੇ ਜੀਵਨ ਵਿਚ ਰੁਕਾਵਟਾਂ, ਮੁਸੀਬਤਾਂ, ਮਜਬੂਰੀਆਂ ਨਾ ਹੋਣ ਤਾਂ ਸਾਡੀ ਪਛਾਣ ਕਿਵੇਂ ਬਣੇਗੀ? ਹਰ ਪਰਿਵਾਰ ਅਤੇ ਸਮਾਜ ਵਿਚ ਇਕ ਸਾਂਝੀ ਸ਼ਕਤੀ ਹੁੰਦੀ ਹੈ, ਜਿਸ ਨਾਲ ਸਮਾਜ ਵਿਚ ਮਜਬੂਰੀਆਂ ਦਾ ਸਾਹਮਣਾ ਕੀਤਾ ਜਾਂਦਾ ਹੈ।

ਕਿਉਂਕਿ ਜੀਵਨ ਦੀ ਤਾਂਘ ਹਰੇਕ ਸੰਕਟ ਨਾਲੋਂ ਵੱਡੀ ਹੁੰਦੀ ਹੈ, ਸੋ ਇਹ ਸਾਂਝੀ ਸ਼ਕਤੀ, ਲੀਹ ਤੋਂ ਲੱਥੀ ਜ਼ਿੰਦਗੀ ਨੂੰ, ਮੁੜ ਲੀਹ 'ਤੇ ਪਾ ਦਿੰਦੀ ਹੈ। ਬੱਚੇ ਆਪਣੀਆਂ ਬੇਵੱਸੀਆਂ ਬਾਰੇ ਖੁਲ੍ਹ ਕੇ ਦੱਸਦੇ ਹਨ ਅਤੇ ਸਹਿਯੋਗ ਮਿਲਣ ਦੀ ਉਨ੍ਹਾਂ ਦੀ ਆਸ ਪੂਰੀ ਕੀਤੀ ਜਾਂਦੀ ਹੈ ਪਰ ਜਿਉਂ-ਜਿਉਂ ਉਮਰ ਵੱਧਦੀ ਹੈ; ਮਨੁੱਖਾਂ ਵਿਚ ਅਤੇ ਵਿਸ਼ੇਸ਼ ਕਰਕੇ ਪੁਰਸ਼ਾਂ ਵਿਚ, ਆਪਣੇ ਦੁੱਖ ਅਤੇ ਮਜਬੂਰੀਆਂ ਸਾਂਝੀਆਂ ਕਰਨ ਦੀ ਆਦਤ ਘੱਟਦੀ ਹੈ, ਕਿਉਂਕਿ ਅਜਿਹੇ ਪੁਰਸ਼ਾਂ ਨੂੰ ਕਮਜ਼ੋਰ ਸਮਝਿਆ ਜਾਂਦਾ ਹੈ ਪਰ ਅਜਿਹਾ ਸੰਕੋਚ ਕਰਨ ਵਾਲਾ ਮਨੁੱਖ ਇਕੱਲਾ ਅਤੇ ਨਿਤਾਣਾ ਮਹਿਸੂਸ ਕਰਦਾ ਹੈ।

ਸਾਡੇ ਨਿਤਾਣੇ ਪਲ, ਸਾਡੇ ਭੋਲੇਪਣ ਦੇ ਵੀ ਪਲ ਹੁੰਦੇ ਹਨ, ਜਿਨ੍ਹਾਂ ਵਿਚ ਹੰਕਾਰ ਮਿਟਣ ਕਾਰਨ, ਵੀਰਾਨ ਹੋਏ ਰਿਸ਼ਤੇ ਮੁੜ ਅਬਾਦ ਹੋ ਜਾਂਦੇ ਹਨ। ਇਕ ਵਾਰੀ ਪਿਤਾ ਅਤੇ ਪੁੱਤਰ ਆਪਸ ਵਿਚ ਵੀਹ ਸਾਲ ਨਹੀਂ ਸੀ ਬੋਲੇ। ਮਾਂ ਲਈ ਮੁਥਾਜ ਪਤੀ ਦੇ ਭਾਰੇ ਸਰੀਰ ਨੂੰ ਸਾਂਭਣਾ ਸੰਭਵ ਨਹੀਂ ਸੀ, ਉਸ ਨੇ ਦੂਰ ਰਹਿੰਦੇ ਪੁੱਤਰ ਨੂੰ ਬੁਲਾਇਆ, ਪਿਓ-ਪੁੱਤਰ ਨੇ ਇਕ-ਦੂਜੇ ਨੂੰ ਗੁੱਸੇ ਨਾਲ ਵੇਖਿਆ। ਪੁੱਤਰ ਨੇ ਪਿਤਾ ਨੂੰ ਜੱਫੀ ਪਾ ਕੇ, ਜ਼ੋਰ ਲਾ ਕੇ, ਇਕ ਬਿਸਤਰੇ ਤੋਂ ਦੂਜੇ ਬਿਸਤਰੇ 'ਤੇ ਪਾਉਣਾ ਸੀ। ਜਿਉਂ ਹੀ ਪੁੱਤਰ ਨੇ ਜੱਫੀ ਪਾਈ, ਪਿਓ-ਪੁੱਤਰ ਦੋਵੇਂ ਰੋਣ ਲੱਗ ਪਏ ਅਤੇ ਵੀਹ ਸਾਲ ਦੀ ਗੁੱਸੇ, ਨਫ਼ਰਤ ਅਤੇ ਵਿਛੋੜੇ ਦੀ ਜੰਮੀ ਬਰਫ਼ ਪਿਘਲ ਗਈ।

ਪਿਤਾ ਨੂੰ ਪੁੱਤਰ ਅਤੇ ਪੁੱਤਰ ਨੂੰ ਪਿਤਾ ਲਭ ਪਿਆ।

ਭਾਵੇਂ ਮੌਤ ਕਿਤਨੀ ਵੀ ਨੇੜੇ ਹੋਵੇ ਮਨੁੱਖ ਆਸ ਜੀਵਨ ਦੀ ਹੀ ਲਾਉਂਦਾ ਹੈ। ਸ਼ਰਨਾਰਥੀ ਮਾਪਿਆਂ ਦੀ ਇਕ ਬਾਲੜੀ, ਪੈਸੇ ਅਤੇ ਇਲਾਜ ਦੀ ਥੁੜ੍ਹ ਕਾਰਨ ਮਰ ਰਹੀ ਸੀ। ਮਾਪੇ ਸੋਚ ਰਹੇ ਸਨ, ਪੁਰਾਣੀ ਫਰਾਕ ਪਈ ਹੈ, ਦਫ਼ਨਾਉਣ ਲਈ ਉਹ ਹੀ ਪਾ ਦਿਆਂਗੇ। ਫਿਰ ਅਚਾਨਕ ਬਾਲੜੀ ਦੀ ਹਾਲਤ ਨੂੰ ਮੋੜ ਪਿਆ ਅਤੇ ਉਹ ਦਿਨਾਂ ਵਿਚ ਹੀ ਠੀਕ ਹੋ ਗਈ। ਬੇਰੋਜ਼ਗਾਰ ਪਤੀ ਨੇ ਕਿਹਾ ਕਿ ਬੇਟੀ ਦਾ ਬਚ ਜਾਣਾ ਸਾਡੇ ਲਈ ਸੂਚਨਾ ਹੈ ਕਿ ਸਾਡੇ ਦਿਨ ਫਿਰਨ ਵਾਲੇ ਹਨ। ਅਗਲੇ ਦਿਨ ਉਹ ਬੜੇ ਉਤਸ਼ਾਹ ਨਾਲ ਰੋਜ਼ਗਾਰ ਦੀ ਭਾਲ ਵਿਚ ਨਿਕਲਿਆ ਅਤੇ ਉਸ ਨੂੰ ਅਧਿਆਪਕ ਦੀ ਮਨਪਸੰਦ ਨੌਕਰੀ ਮਿਲ ਗਈ।

ਅਸੀਂ ਆਸ ਸੁੱਖ ਦੀ ਹੀ ਕਰਦੇ ਹਾਂ ਅਤੇ ਦੁੱਖਾਂ ਨੂੰ ਇਸ ਆਸ ਨਾਲ ਸਹਿੰਦੇ ਹਾਂ ਕਿ ਇਕ ਦਿਨ ਇਨ੍ਹਾਂ ਨੇ ਮੁੱਕ ਜਾਣਾ ਹੈ।

ਮਨੁੱਖ ਅਕਸਰ ਬੇਵੱਸੀ ਵਿਚ ਜ਼ਿੰਦਗੀ ਦਾ ਪੁੱਠਾ ਪਾਸਾ ਹੀ ਵੇਖਦਾ ਹੈ ਪਰ ਜੇ ਦੁੱਖ ਦੇ ਅਰਥ ਸਮਝ ਆ ਜਾਣ ਤਾਂ ਇਹ ਦੁੱਖ ਨਹੀਂ ਰਹਿੰਦਾ।

ਪਤਨੀ ਦੀ ਮੌਤ ਕਾਰਨ ਇਕ ਬੇਵੱਸ ਆਦਮੀ, ਲੇਖਕ ਨੂੰ ਕਹਿ ਰਿਹਾ ਸੀ: ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਕਿਵੇਂ ਜੀਵਾਂ? ਲੇਖਕ ਨੇ ਪੁਛਿਆ: ਜੇ ਤੁਸੀਂ ਪਹਿਲਾਂ ਮਰ ਜਾਂਦੇ ਤਾਂ ਤੁਹਾਡੀ ਪਤਨੀ ਨਾਲ ਕੀ ਵਾਪਰਦਾ? ਪਤੀ ਕਹਿਣ ਲੱਗਾ: ਉਸ ਨੇ ਤਾਂ ਰੋ-ਰੋ ਕੇ ਪਾਗਲ ਹੋ ਜਾਣਾ ਸੀ। ਲੇਖਕ ਨੇ ਕਿਹਾ: ਜੇ ਤੁਸੀਂ ਉਸ ਨੂੰ ਪਿਆਰ ਕਰਦੇ ਸੀ ਤਾਂ ਤੁਸੀਂ ਇਹ ਕਿਉਂ ਨਹੀਂ ਸੋਚਦੇ ਕਿ ਤੁਸੀਂ ਉਸ ਨੂੰ ਰੋ-ਰੋ ਕੇ ਪਾਗਲ ਹੋਣ ਦੀ ਤਕਲੀਫ਼ ਨਹੀਂ ਦਿੱਤੀ। ਇਹ ਤੁਹਾਡੀ ਕੁਰਬਾਨੀ ਹੈ ਕਿ ਪਤਨੀ ਨੂੰ, ਤੁਸੀਂ ਪਹਿਲੇ ਮਰਨ ਦੀ ਸਹੂਲਤ ਦੇ ਕੇ, ਬੇਵੱਸ ਅਤੇ ਦੁੱਖੀ ਹੋਣ ਤੋਂ ਬਚਾ ਲਿਆ ਹੈ। ਸੋਚੋ ਉਹ ਤੁਹਾਡੀ ਕਿਤਨੀ ਧੰਨਵਾਦੀ ਹੋ ਰਹੀ ਹੋਵੇਗੀ ਕਿ ਉਸ ਨੂੰ ਤੁਹਾਡੇ ਵਿਛੋੜੇ ਦਾ ਅਸਹਿ ਦੁੱਖ ਨਹੀਂ ਸਹਿਣਾ ਪਿਆ। ਇਸ ਨੂੰ ਤੁਸੀਂ ਆਪਣੀ ਕੁਰਬਾਨੀ ਸਮਝੋ ਅਤੇ ਉਸ ਦੀ ਮਿੱਠੀ ਯਾਦ ਨਾਲ ਜੀਵੋ। ਪਤੀ ਦੀਆਂ ਅੱਖਾਂ ਵਿਚ ਪਹਿਲਾਂ ਅੱਥਰੂ ਭਰ ਆਏ, ਫਿਰ ਚਮਕ ਆ ਗਈ। ਉਹ ਬੋਲਿਆ ਕੁਝ ਨਾ, ਪਰ ਉਸ ਦੇ ਮੁੜਦੇ ਕਦਮਾਂ ਵਿਚ ਜ਼ਿੰਦਗੀ ਦਾ ਭਰੋਸਾ ਸੀ।

ਇਹ ਭੁਲਣਾ ਨਹੀਂ ਚਾਹੀਦਾ ਕਿ ਇਸ ਸੰਸਾਰ ਵਿਚ, ਹਰ ਕੋਈ ਕਿਸੇ ਨਾ ਕਿਸੇ ਪੱਖੋਂ ਬੇਵੱਸ ਅਤੇ ਮਜਬੂਰ ਹੈ।

ਹਰੇਕ ਮੁਥਾਜ ਵਿਅਕਤੀ ਸੋਚਣ ਦੇ ਚਾਰ ਪੜਾਵਾਂ ਵਿਚੋਂ ਲੰਘਦਾ ਹੈ। ਕੈਂਸਰ ਜਾਂ ਕਿਸੇ ਹੋਰ ਅਜਿਹੇ ਰੋਗ ਦਾ ਮਰੀਜ਼ ਪਹਿਲਾਂ ਸੋਚਦਾ ਹੈ ਕਿ ਡਾਕਟਰਾਂ ਨੂੰ ਭੁਲੇਖਾ ਲੱਗਾ ਹੈ। ਜਦੋਂ ਭੁਲੇਖਾ ਦੂਰ ਹੋ ਜਾਂਦਾ ਹੈ ਤਾਂ ਸੋਚਦਾ ਹੈ ਕਿ ਮੇਰੇ ਨਾਲ ਇਵੇਂ ਕਿਉਂ ਵਾਪਰਿਆ ਹੈ? ਫਿਰ ਸੋਚਦਾ ਹੈ, ਠੀਕ ਹੋ ਜਾਵਾਂਗਾ ਕਿ ਨਹੀਂ? ਚੌਥੇ ਪੜਾਓ 'ਤੇ ਉਹ ਆਪਣੇ ਰੋਗ ਨੂੰ ਪ੍ਰਵਾਨ ਕਰਕੇ, ਬੇਵੱਸ ਮਹਿਸੂਸ ਕਰਨ ਲੱਗ ਪੈਂਦਾ ਹੈ।

ਹਰ ਹਾਲਤ ਵਿਚ ਇਹ ਯਾਦ ਰੱਖਣ ਦੀ ਲੋੜ ਹੈ ਕਿ ਬੇਵੱਸੀ ਤੋਂ ਮੁਕਤ ਹੋਣ ਵਾਸਤੇ ਸਭ ਤੋਂ ਵੱਧ ਯਤਨ ਸਾਨੂੰ ਆਪ ਕਰਨੇ ਪੈਣਗੇ।

ਬਦਕਿਸਮਤੀ ਦਾ ਕੋਈ ਇਲਾਜ ਨਹੀਂ ਹੁੰਦਾ, ਸੋ ਜਿਸ ਚੀਜ਼ ਦਾ ਵੀ ਇਲਾਜ ਕਰਨਾ ਚਾਹੁੰਦੇ ਹੋ, ਉਸ ਨੂੰ ਬਦਕਿਸਮਤੀ ਨਾ ਸਮਝੋ। ਜਿਸ ਚੀਜ਼ ਨੂੰ ਟਾਲਿਆ ਨਹੀਂ ਜਾ ਸਕਦਾ, ਉਸ ਨੂੰ ਪ੍ਰਵਾਨ ਕਰਨਾ ਹੀ ਸਿਆਣਪ ਹੁੰਦੀ ਹੈ।

ਜੇ ਜੀਵਨ ਦੇ ਸਮੁੱਚੇ ਅਨੁਭਵ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਕੌੜੇ ਅਨੁਭਵ ਵੀ ਜੀਵਨ ਨਾਲ ਤਾਲਮੇਲ ਪੈਦਾ ਕਰ ਲੈਂਦੇ ਹਨ।

ਕੁਦਰਤ ਅਕਸਰ ਹਰੇਕ ਨੂੰ ਮਰਨ ਤੋਂ ਪਹਿਲਾਂ, ਅੰਤਲੇ ਵਰ੍ਹੇ ਆਪਣੇ ਅਨੁਭਵਾਂ ਨੂੰ ਯਾਦ ਕਰਨ ਅਤੇ ਮੁਲਾਂਕਣ ਕਰਨ ਲਈ ਦਿੰਦੀ ਹੈ।

ਇਹ ਵੀ ਤੁਹਾਡੀ ਸਮੁੱਚੀ ਜੀਵਨ-ਜਾਚ ਤੇ ਨਿਰਭਰ ਕਰਦਾ ਹੈ ਕਿ ਬੇਵੱਸੀ ਵਿਚ ਤੁਹਾਡੀ ਕਿਵੇਂ ਦੇਖ-ਭਾਲ ਕੀਤੀ ਜਾਵੇਗੀ।

ਇਕ ਵਾਰੀ ਜਦੋਂ ਪਤਨੀ ਮਰ ਗਈ ਤਾਂ ਪੈਨਸ਼ਨ ਵਾਲੇ ਹੈੱਡਮਾਸਟਰ ਸਾਹਿਬ, ਚੁਰਾਸੀ ਸਾਲ ਦੀ ਉਮਰ ਵਿਚ, ਇਕੱਲੇ ਰਹਿ ਗਏ। ਉਨ੍ਹਾਂ ਨੇ ਦੋ ਛੋਟੇ ਬੱਚਿਆਂ ਦੀ ਇਕ ਨਿਆਸਰੀ ਵਿਧਵਾ ਮਾਂ ਨੂੰ ਘਰ ਦੀ ਸਾਂਭ-ਸੰਭਾਲ ਲਈ ਰੱਖ ਲਿਆ ਅਤੇ ਸਾਰੇ ਪਰਿਵਾਰ ਦੀ ਮਾਇਕ ਜ਼ਿੰਮੇਵਾਰੀ ਆਪ ਚੁੱਕ ਲਈ। ਜਦੋਂ ਲੋੜ ਪੈਂਦੀ, ਸਾਰਾ ਪਰਿਵਾਰ ਉਨ੍ਹਾਂ ਵੱਲ ਦੌੜਿਆ ਆਉਂਦਾ। ਇਵੇਂ ਉਨ੍ਹਾਂ ਨੇ ਆਪਣੀ ਇਕੱਲਤਾ ਨੂੰ ਰੌਣਕ ਵਿਚ ਬਦਲ ਲਿਆ।

ਵਫ਼ਾਦਾਰੀ ਹਮੇਸ਼ਾ ਪ੍ਰਾਪਤ ਕੀਤੀਆਂ ਮਿਹਰਬਾਨੀਆਂ ਦੀ ਯਾਦ ਵਿਚੋਂ ਉਪਜਦੀ ਹੈ। ਜੇ ਵਫ਼ਾਦਾਰੀ ਮਾਣਨੀ ਹੈ ਤਾਂ ਮਿਹਰਬਾਨ ਹੋਣਾ ਪਵੇਗਾ।

ਬਿਰਧ ਆਸ਼ਰਮਾਂ ਵਿਚ, ਸ਼ੁਰੂ ਵਿਚ ਹਰ ਕੋਈ ਸੋਚਦਾ ਹੈ ਕਿ ਮੈਂ ਹੋਰਾਂ ਨਾਲੋਂ ਵੱਖਰਾ ਹਾਂ ਪਰ ਜਲਦੀ ਹੀ ਹਰ ਕਿਸੇ ਨੂੰ ਪਤਾ ਲੱਗ ਜਾਂਦਾ ਹੈ ਕਿ ਇੱਥੇ ਹੋਰਾਂ ਵਰਗਾ ਹੋਣ ਵਿਚ ਹੀ ਸੁੱਖ ਹੈ।

ਪੱਖਪਾਤ ਤਿਆਗਣ ਨਾਲ ਸਾਰੇ ਆਪਣੇ ਮਿੱਤਰ ਬਣ ਜਾਂਦੇ ਹਨ।

ਇਕ ਅਜਿਹੇ ਆਸ਼ਰਮ ਵਿਚ ਨਿਰਣਾ ਕੀਤਾ ਗਿਆ ਕਿ ਕੱਲ੍ਹ ਤੋਂ ਨਾ ਕਿਸੇ ਨੇ ਆਪਣੇ ਦਰਦਾਂ ਦੀ ਗੱਲ ਕਰਨੀ ਹੈ ਨਾ ਹੀ ਆਪਣੇ ਪੁੱਤਰਾਂ-ਨੂੰਹਾਂ ਨੂੰ ਕੋਸਣਾ ਹੈ। ਪਹਿਲੇ ਦੋ ਦਿਨ ਚੁੱਪ ਵਰਤੀ ਰਹੀ, ਫਿਰ ਸਾਰੇ ਚੰਗੀਆਂ ਅਤੇ ਹੌਸਲੇ ਵਾਲੀਆਂ ਗੱਲਾਂ ਕਰਨ ਲੱਗ ਪਏ।

ਜੋ ਗੁਆਚ ਗਿਆ ਹੈ, ਉਸ ਨੂੰ ਕੋਸਣ ਦੀ ਥਾਂ, ਜੋ ਬਚ ਗਿਆ ਹੈ, ਉਸ ਪ੍ਰਤੀ ਧੰਨਵਾਦੀ ਬਿਰਤੀ, ਜੀਵਨ ਦੀ ਤਸੱਲੀ ਵਧਾ ਦਿੰਦੀ ਹੈ।

ਚੁੱਪ ਰਹਿ ਕੇ ਕੀਤੀ ਸੇਵਾ ਅਤੇ ਮਦਦ, ਵਿਖਾ ਕੇ ਕੀਤੀ ਮਦਦ ਨਾਲੋਂ ਵਧੇਰੇ ਮੁੱਲਵਾਨ ਹੁੰਦੀ ਹੈ।

ਇਕ ਘਰ ਵਿਚ ਜਦੋਂ ਇਕ ਬਜ਼ੁਰਗ ਸਹੁਰਾ ਗ਼ੁਸਲਖਾਨੇ ਜਾਂਦਾ ਸੀ ਤਾਂ ਨੂੰਹ ਉਸ ਦਾ ਕਮਰਾ ਸਾਫ਼ ਕਰ ਦਿੰਦੀ ਸੀ ਅਤੇ ਬਿਸਤਰੇ ਦੀ ਚਾਦਰ ਬਦਲ ਦਿੰਦੀ ਸੀ। ਸਹੁਰਾ ਆਪਣੀ ਨੂੰਹ ਨੂੰ ਅਸੀਸਾਂ ਹੀ ਦਿੰਦਾ ਰਹਿੰਦਾ ਸੀ।

ਜਿਹੜੇ ਤੁਹਾਡੇ ਲਈ ਕੁਝ ਕਰਦੇ ਹਨ, ਉਨ੍ਹਾਂ ਦਾ ਧੰਨਵਾਦ ਹੀ ਨਾ ਕਰੋ, ਅਸੀਸਾਂ ਵੀ ਦਿਓ ਅਤੇ ਉਨ੍ਹਾਂ ਦੇ ਵਿਕਾਸ ਦੀ ਕਾਮਨਾ ਵੀ ਕਰੋ।

ਸਫ਼ਾਈ ਹਰੇਕ ਸਮੱਸਿਆ ਦੇ ਹੱਲ ਦਾ ਇਕ ਭਾਗ ਹੁੰਦੀ ਹੈ।

ਬਜ਼ੁਰਗਾਂ ਨੂੰ ਨੇਮ ਨਾਲ ਤਿਆਰ ਹੋ ਕੇ ਆਪਣੇ ਤੰਦਰੁਸਤ ਹੋਣ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਘਰ ਵਿਚ ਬੇਵੱਸ ਬਜ਼ੁਰਗਾਂ ਦਾ ਸਤਿਕਾਰ

ਘਟਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦਾ ਕਮਰਾ ਇਹੋ ਜਿਹਾ ਲੱਗੇ ਕਿ ਇਥੇ ਇਕ ਤਜਰਬੇਕਾਰ, ਸਿਆਣਾ ਅਤੇ ਦਾਨਾ ਬੰਦਾ ਰਹਿੰਦਾ ਹੈ।

ਜੋ ਕੰਮ ਆਪ ਕੀਤਾ ਜਾ ਸਕਦਾ ਹੋਵੇ, ਉਹ ਭਾਵੇਂ ਔਖਾ ਹੋ ਕੇ ਹੀ ਕਰਨਾ ਪਵੇ, ਬਜ਼ੁਰਗਾਂ ਨੂੰ ਆਪ ਹੀ ਕਰਨਾ ਚਾਹੀਦਾ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਮਿਹਰਬਾਨੀ ਜਾਂ ਮਦਦ ਵਟਾਂਦਰੇ ਵਾਲਾ ਵਰਤਾਰਾ ਹੈ। ਅਸੀਂ ਮਦਦ ਦਿੰਦੇ ਹਾਂ, ਮਦਦ ਮਿਲਣ ਦੀ ਆਸ ਨਾਲ; ਮਦਦ ਲੈਂਦੇ ਹਾਂ, ਭਵਿੱਖ ਵਿਚ ਮਦਦ ਦੇਣ ਦੇ ਭਰੋਸੇ ਨਾਲ।

ਹਰੇਕ ਮਨੁੱਖ ਵਿਚ ਬੇਵੱਸਾਂ ਅਤੇ ਮਜਬੂਰ ਬੰਦਿਆਂ ਲਈ ਸੁਭਾਵਕ ਹਮਦਰਦੀ ਹੁੰਦੀ ਹੈ। ਇਕ ਵਾਰੀ ਇਕ ਪਰਿਵਾਰ ਨੇ ਫ਼ਿਰਕੂ ਫ਼ਸਾਦਾਂ ਵਿਚ ਘਿਰ ਗਏ, ਦੂਜੇ ਫ਼ਿਰਕੇ ਦੇ ਇਕ ਪਰਿਵਾਰ ਨੂੰ ਆਪਣੇ ਘਰ ਅੰਦਰ ਲੁਕਾ ਲਿਆ। ਮਗਰੋਂ ਪੱਤਰਕਾਰਾਂ ਨੇ ਜਦੋਂ ਪੁੱਛਿਆ ਕਿ ਤੁਸੀਂ ਅਜਿਹਾ ਖਤਰੇ ਵਾਲਾ ਕੰਮ ਕਿਉਂ ਕੀਤਾ ਤਾਂ ਉੱਤਰ ਮਿਲਿਆ: ਹੋਰ ਕੀ ਕਰਦੇ! ਉਸ ਵੇਲੇ ਸਾਨੂੰ ਇਨ੍ਹਾਂ ਨੂੰ ਲੁਕਾਉਣਾ ਹੀ ਠੀਕ ਲੱਗਿਆ ਸੀ। ਉਸ ਵੇਲੇ ਸਾਨੂੰ ਨਹੀਂ ਸੀ ਪਤਾ ਕਿ ਅਸੀਂ ਕੋਈ ਖਤਰੇ ਵਾਲਾ ਕੰਮ ਕਰ ਰਹੇ ਸਾਂ ਪਰ ਜੇ ਪਤਾ ਹੁੰਦਾ ਵੀ, ਤਾਂ ਵੀ ਅਸੀਂ ਇਵੇਂ ਹੀ ਕਰਨਾ ਸੀ।

ਜ਼ਿੰਦਗੀ ਵਿਚ ਪੰਹਿਲਾਂ ਵਾਂਗ, ਅੱਗੋਂ ਵੀ ਘਾਟੇ ਪੈਂਦੇ ਰਹਿਣਗੇ, ਮਜਬੂਰੀਆਂ ਅਤੇ ਬੇਵੱਸੀਆਂ ਵੀ ਉਪਜਦੀਆਂ ਰਹਿਣਗੀਆਂ, ਫਿਰ ਵੀ ਅਸੀਂ ਆਪਣੀ ਵੋਟ ਜ਼ਿੰਦਗੀ ਦੇ ਪੱਖ ਵਿਚ ਹੀ ਪਾਉਣੀ ਹੈ।

ਮੁਥਾਜੀ ਅਤੇ ਬੇਵੱਸੀ ਵਿਚੋਂ ਲੰਘਿਆ ਹਰੇਕ ਵਿਅਕਤੀ ਇਕ ਨਜ਼ਰ ਨਾਲ ਹੀ ਜਾਣ ਜਾਂਦਾ ਹੈ ਕਿ ਦੂਜਿਆਂ ਨੂੰ ਜ਼ਿੰਦਗੀ ਦੀਆਂ ਕਿਤਨੀਆਂ ਕੁ ਦੁਸ਼ਵਾਰੀਆਂ ਵਿਚੋਂ ਲੰਘਣਾ ਪਿਆ ਹੋਵੇਗਾ।

ਜਿਹੜਾ ਆਪ ਮੁਥਾਜੀਆਂ ਅਤੇ ਬੇਵੱਸੀਆਂ ਵਿਚੋਂ ਲੰਘਿਆ ਹੋਵੇ, ਉਹ ਜ਼ਰੂਰ ਸੋਚਦਾ ਹੈ ਕਿ ਜੇ ਕੋਈ ਆਪਣੇ ਘਰ ਦਾ ਰਾਹ ਭੁੱਲ ਜਾਵੇ ਤਾਂ ਮੈਂ ਉਸ ਲਈ ਖੁੱਲ੍ਹਾ ਬੂਹਾ ਬਣ ਜਾਵਾਂ; ਜੇ ਕਿਸੇ ਨੂੰ ਤੱਤੀ 'ਵਾ ਲੱਗਦੀ ਹੋਵੇ, ਉਸ ਲਈ ਮੈਂ ਪੱਖੀ ਬਣ ਕੇ ਝੁਲ ਜਾਵਾਂ; ਜੇ ਕੋਈ ਪਿਆਸਾ ਹੋਵੇ, ਉਸ ਲਈ ਮੈਂ ਛਬੀਲ ਹੋ ਜਾਵਾਂ ਅਤੇ ਜੇ ਕੋਈ ਬੇਵੱਸ ਹੋਵੇ, ਉਸ ਦਾ ਮੈਂ ਸਾਥੀ ਬਣ ਜਾਵਾਂ।

ਇਕ ਵਾਰੀ....

ਜੇ ਤਾਰੇ ਹਰ ਸਾਲ ਵਿਚ ਇਕ ਵਾਰੀ ਹੀ ਵਿਖਾਈ ਦੇਣੇ ਹੁੰਦੇ ਤਾਂ ਸੋਚੋ ਇਹ ਕਿਹੋ ਜਿਹਾ ਤਿਉਹਾਰ ਹੋਣਾ ਸੀ?

ਇਹ ਸੰਸਾਰ ਦਾ ਸਭ ਤੋਂ ਵੱਡਾ ਤਿਉਹਾਰ ਹੋਣਾ ਸੀ।

ਜੋ ਕੇਵਲ ਇਕ ਵਾਰੀ ਵਾਪਰਦਾ ਹੈ, ਉਹ ਇਕ ਵਾਰੀ ਵਾਪਰਨ ਕਰਕੇ ਮਹੱਤਵਪੂਰਨ ਹੋ ਜਾਂਦਾ ਹੈ। ਇਸੇ ਆਧਾਰ 'ਤੇ ਜਨਮ ਦਿਨ, ਵਿਆਹ ਦੀ ਵਰ੍ਹੇ-ਗੰਢ ਅਤੇ ਕਿਸੇ ਪੁਰਖੇ ਦੀ ਬਰਸੀ ਮਨਾਈ ਜਾਂਦੀ ਹੈ।

ਜੋ ਇਕ ਵਾਰੀ ਵਾਪਰਦਾ ਹੈ, ਉਸ ਨੂੰ ਘਟਨਾ ਕਹਿੰਦੇ ਹਨ। ਜੋ ਇਕੋ ਢੰਗ ਨਾਲ ਦੋ ਨਾਲ ਵਾਪਰਦਾ ਹੈ, ਉਹ ਸੰਜੋਗ ਜਾਂ ਸਬੱਬ ਅਖਵਾਉਂਦਾ ਹੈ। ਜੋ ਤੀਜੀ ਵਾਰ ਜਾਂ ਤਿੰਨ ਵਾਰ ਵਾਪਰਦਾ ਹੈ, ਉਹ ਉਦਾਹਰਣ ਬਣ ਜਾਂਦਾ ਹੈ। ਜਿਹੜੀ ਗੱਲ ਵਾਰ-ਵਾਰ ਕੀਤੀ ਜਾਂਦੀ ਹੈ ਜਾਂ ਵਾਪਰਦੀ ਹੈ ਉਸ ਨੂੰ ਰੀਤ ਕਹਿੰਦੇ ਹਨ। ਜਿਸ ਨੂੰ ਹਰ ਕੋਈ ਕਰਦਾ ਹੈ, ਉਹ ਰਿਵਾਜ ਅਖਵਾਉਂਦਾ ਹੈ। ਜਿਸ ਨੂੰ ਸਾਰਾ ਸਮਾਜ ਲੰਮਾ ਅਰਸਾ ਕਰਦਾ ਰਹਿੰਦਾ ਹੈ, ਉਸ ਨੂੰ ਪ੍ਰੰਪਰਾ ਕਹਿੰਦੇ ਹਨ। ਜਿਹੜੀਆਂ ਗੱਲਾਂ ਵਾਰ-ਵਾਰ ਕਰਨ ਜਾਂ ਵਾਪਰਨ ਨਾਲ ਸਾਡੇ ਅਵਚੇਤਨ ਵਿਚ ਬਹਿ ਜਾਂਦੀਆਂ ਹਨ, ਉਨ੍ਹਾਂ ਨੂੰ ਸੰਸਕਾਰ ਕਿਹਾ ਜਾਂਦਾ ਹੈ।

ਕਿਸੇ ਨੂੰ ਕੋਈ ਕੀਮਤੀ ਚੀਜ਼ ਲੱਭ ਪੈਣੀ, ਇਕ ਘਟਨਾ ਹੈ। ਇਕ ਪਰਿਵਾਰ ਦੇ ਦੋ ਬੱਚਿਆਂ ਦਾ ਸਾਲਾਂ ਦੀ ਵਿੱਥ ਨਾਲ ਇਕੋ ਮਿਤੀ ਨੂੰ ਜਨਮ ਲੈਣਾ, ਸੰਜੋਗ ਜਾਂ ਸਬੱਬ ਹੈ। ਤਿੰਨ ਭੈਣਾਂ ਦਾ ਅੱਗੜ-ਪਿੱਛੜ ਆਪਣੀ ਪ੍ਰੀਖਿਆ ਵਿਚੋਂ ਅੱਵਲ ਆਉਣਾ, ਪਰਿਵਾਰ ਦੇ ਲਾਇਕ ਹੋਣ ਦੀ ਉਦਾਹਰਣ ਹੈ। ਵਿਆਹ ਰਾਹੀਂ, ਧੀਆਂ ਦਾ ਪੇਕਾ ਘਰ ਤਿਆਗ ਕੇ ਸਹੁਰੇ ਘਰ ਜਾਣਾ, ਰੀਤ ਹੈ।

ਪੁੱਤਰ ਵਲੋਂ ਪਿਓ ਦੀ ਜਾਇਦਾਦ ਦਾ ਮਾਲਕ ਬਣਨਾ ਰਿਵਾਜ ਹੈ। ਮਹਾਂਪੁਰਸ਼ਾਂ ਦੇ ਗੁਰਪੁਰਬ ਮਨਾਉਣੇ ਪ੍ਰੰਪਰਾ ਹਨ।

ਪੂਰਵਜਾਂ ਦੇ ਪਾਏ ਪੂਰਨਿਆਂ 'ਤੇ ਚਲਣਾ ਜਾਂ ਲੰਘ ਗਈਆਂ ਪੀੜ੍ਹੀਆਂ ਵਾਂਗ ਵਿਹਾਰ ਕਰਨਾ ਜਾਂ ਸੋਚਣਾ ਸੰਸਕਾਰ ਹੁੰਦੇ ਹਨ।

ਸੰਸਾਰ ਵਿਚ ਕੋਈ ਕਿਸੇ ਹੋਰ ਵਰਗਾ ਨਹੀਂ ਹੁੰਦਾ।

ਆਪਣੇ ਹੋਣ ਦਾ ਸਬੂਤ ਅਸੀਂ ਆਪ ਹੀ ਹਾਂ। ਅਸੀਂ ਸੰਸਾਰ ਵਿਚ ਆਏ ਵੀ ਇਕ ਵਾਰੀ ਹਾਂ ਅਤੇ ਅਸੀਂ ਜਾਣਾ ਵੀ ਇਕ ਵਾਰੀ ਹੈ। ਸਾਡੇ ਜੀਵਨ ਵਿਚ ਜੋ ਵਾਪਰਨਾ ਹੈ, ਉਹ ਇਕ ਵਾਰੀ ਹੀ ਵਾਪਰਨਾ ਹੈ। ਭਾਵੇਂ ਕੋਈ ਘਟਨਾ ਅਨੇਕਾਂ ਵਾਰ ਵਾਪਰੇ, ਵਾਸਤਵ ਵਿਚ, ਹਰ ਵਾਰ ਉਹ ਇਕ ਵੱਖਰੇ ਢੰਗ ਨਾਲ ਵਾਪਰਨ ਕਰਕੇ, ਇਕ ਵਾਰੀ ਹੀ ਵਾਪਰਦੀ ਹੈ।

ਧਰਤੀ ਬ੍ਰਹਿਮੰਡ ਵਿਚ ਜਿਸ ਪੰਧ ਤੋਂ ਇਕ ਵਾਰੀ ਲੰਘ ਜਾਵੇ, ਉਸ ਮਾਰਗ ਤੋਂ ਦੁਬਾਰਾ ਨਹੀਂ ਗੁਜ਼ਰਦੀ। ਸੰਸਾਰ ਦੀਆਂ ਕਈ ਘਟਨਾਵਾਂ ਇਕ ਵਾਰੀ ਵਾਪਰਦੀਆਂ ਹਨ ਅਤੇ ਵਿਸ਼ਵ ਵਰਤਾਰੇ ਦਾ ਭਾਗ ਬਣ ਜਾਂਦੀਆਂ ਹਨ।

ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੇ ਛੇਵੇਂ ਸਾਲ ਵਿਚ, ਪਹਿਲੀ ਮਈ ਨੂੰ ਸ਼ਿਕਾਗੋ ਵਿਚ ਅੱਠ ਮਜ਼ਦੂਰ ਮਾਰੇ ਗਏ ਸਨ ਅਤੇ ਇਸ ਘਟਨਾ ਕਾਰਨ ਵਿਸ਼ਵ ਭਰ ਵਿਚ ਮਈ ਦਾ ਪਹਿਲਾ ਦਿਹਾੜਾ ਮਜ਼ਦੂਰ-ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲਾਂ ਮਜ਼ਦੂਰਾਂ ਦਾ ਝੰਡਾ ਚਿੱਟਾ ਹੋਇਆ ਕਰਦਾ ਸੀ। ਉਸ ਦਿਨ ਇਕ ਮਜ਼ਦੂਰ ਦੀ ਮਾਂ ਨੇ ਮਜ਼ਦੂਰਾਂ ਦੇ ਡੁੱਲ੍ਹੇ ਖ਼ੂਨ ਦੀ ਛੱਪੜੀ ਵਿਚ, ਚਿੱਟੇ ਝੰਡੇ ਨੂੰ ਡੁਬੋ ਕੇ, ਲਾਲ ਕਰ ਦਿੱਤਾ ਸੀ ਅਤੇ ਇਹ ਝੰਡਾ ਹਮੇਸ਼ਾ ਵਾਸਤੇ ਲਾਲ ਹੋ ਗਿਆ ਸੀ।

ਇਕ ਵਾਰੀ ਯੂਨਾਨ ਦੇ ਏਥਨ-ਵਾਸੀ ਫੇਈਦੀਪੀਦਿਆਸ ਨੇ ਮੈਰਾਥਾਨ ਦੇ ਮੈਦਾਨ ਵਿਚ ਹਾਰ ਰਹੀਆਂ ਯੂਨਾਨੀ ਫੌਜਾਂ ਦੀ, ਪਰਸ਼ੀਅਨ ਫੌਜਾਂ ਉੱਤੇ ਅਚਾਨਕ ਹੋਈ ਜਿੱਤ ਦਾ ਸਮਾਚਾਰ ਏਥਨ ਵਾਸੀਆਂ ਨੂੰ ਦੱਸਣ ਲਈ ਬਤਾਲੀ ਕਿਲੋਮੀਟਰ ਦਾ ਪਹਾੜੀ ਰਸਤਾ ਦੌੜ ਕੇ ਤਹਿ ਕੀਤਾ ਸੀ ਅਤੇ ਜਿੱਤ ਦਾ ਸਮਾਚਾਰ ਦਿੰਦਿਆਂ ਹੀ, ਥਕਾਵਟ ਨੇ ਉਸ ਦੀ ਜਾਨ ਲੈ ਲਈ ਸੀ। ਏਥਨ ਵਾਸੀਆਂ ਨੇ ਉਸ ਦੀ ਯਾਦ ਵਿਚ, ਉਲੰਪਿਕ ਖੇਡਾਂ ਵਿਚ, ਬਤਾਲੀ ਕਿਲੋਮੀਟਰ ਦੀ ਮੈਰਾਥਾਨ ਦੌੜ ਸ਼ਾਮਲ ਕਰਕੇ, ਉਸ ਦੀ ਯਾਦ ਨੂੰ ਸਦੀਵੀ ਬਣਾ ਦਿੱਤਾ ਸੀ।

ਅਮਰੀਕਾ ਵਿਚ ਪਹਿਲਾਂ ਟਮਾਟਰ ਖਾਧੇ ਨਹੀਂ ਸੀ ਜਾਂਦੇ। ਵਹਿਮ ਸੀ ਕਿ ਜਿਹੜਾ ਖਾਏਗਾ, ਮਰ ਜਾਏਗਾ। ਟਮਾਟਰਾਂ ਨੂੰ ਫੁੱਲਾਂ ਵਾਂਗ, ਸਜਾਵਟ ਲਈ ਹੀ ਵਰਤਿਆ ਜਾਂਦਾ ਸੀ। ਇਕ ਵਾਰੀ ਨਿਊ ਜਰਸੀ ਦੇ ਇਕ ਕਰਨਲ ਨੇ ਟੋਕਰੀ ਟਮਾਟਰਾਂ ਦੀ ਖਾਣ ਦਾ ਐਲਾਨ ਕੀਤਾ, ਉਸ ਨੇ ਸ਼ਹਿਰ ਦੇ ਵੱਡੇ ਚੌਕ ਵਿਚ ਖਲੋ ਕੇ ਟਮਾਟਰ ਖਾਧੇ। ਜਦੋਂ ਉਹ ਨਾ ਮਰਿਆ ਤਾਂ ਪੰਜਾਂ ਸਾਲਾਂ ਵਿਚ ਹੀ, ਟਮਾਟਰਾਂ ਦੀਆਂ ਅਨੇਕਾਂ ਚੀਜ਼ਾਂ ਖਾਣ ਲਈ ਬਣਨ ਲੱਗ ਪਈਆਂ।

ਇਕ ਵਾਰੀ ਇਕ ਪੇਂਡੂ ਘਰ ਵਿਚ ਲੱਸੀ ਵਿਚ ਸੱਪ ਰਿੜਕਿਆ ਗਿਆ। ਠਹਿਰਿਆ ਮਹਿਮਾਨ-ਮੁਸਾਫ਼ਰ ਜਦੋਂ ਲੱਸੀ ਪੀ ਕੇ ਚਲਾ ਗਿਆ ਤਾਂ ਸੱਪ ਦਾ ਮਗਰੋਂ ਪਤਾ ਲੱਗਿਆ। ਕੁਝ ਅਰਸੇ ਮਗਰੋਂ ਜਦੋਂ ਉਹੀ ਵਿਅਕਤੀ ਫਿਰ ਆਇਆ ਤਾਂ ਰਿੜਕਣ ਵਾਲੀ ਇਸਤਰੀ ਨੇ ਕਿਹਾ: ਤੂੰ ਅਜੇ ਜਿਊਂਦੈਂ! ਸੱਪ ਵਾਲੀ ਪੁਰਾਣੀ ਗੱਲ ਦਾ ਗਿਆਨ ਹੋਣ ਨਾਲ, ਉਹ ਉਸੇ ਰਾਤ ਮਰ ਗਿਆ ਸੀ।

ਇਕ ਵਾਰੀ ਯੂਨੀਵਰਸਿਟੀ ਵਿਚ ਖ਼ੂਨ-ਦਾਨ ਕੈਂਪ ਲੱਗਾ ਤਾਂ ਸਭ ਤੋਂ ਤਗੜਾ ਵਿਦਿਆਰਥੀ ਖ਼ੂਨ ਦੇਣ ਵਾਸਤੇ ਲੇਟ ਕੇ ਕਹਿਣ ਲੱਗਾ: ਭਾਵੇਂ ਪੀਪਾ ਭਰ ਕੇ ਕੱਢ ਲਓ, ਬੜਾ ਖ਼ੂਨ ਹੈ ਮੇਰੇ ਵਿਚ, ਪਰ ਅਜੇ ਕੁਝ ਬੂੰਦਾਂ ਹੀ ਨਿਕਲੀਆਂ ਸਨ ਕਿ ਉਹ ਬੇਹੋਸ਼ ਹੋ ਗਿਆ ਅਤੇ ਉਸ ਨੂੰ ਕਈ ਬੋਤਲਾਂ ਖ਼ੂਨ ਚੜ੍ਹਾਉਣਾ ਪਿਆ।

ਜਦੋਂ ਉਸ ਨੂੰ ਹੋਸ਼ ਆਈ ਤਾਂ ਕਹਿਣ ਲੱਗਾ: ਅਜੇ ਕੱਢੀ ਹੀ ਜਾ ਰਹੇ ਹੋ। ਉਸ ਨੂੰ ਦੱਸਿਆ ਗਿਆ: ਕੱਢਣਾ ਤਾਂ ਅਜੇ ਸ਼ੁਰੂ ਕਰਨਾ ਹੈ, ਅਜੇ ਤਾਂ ਤੇਰੇ ਵਿਚ ਪਾ ਰਹੇ ਹਾਂ।

ਮੁਹੰਮਦ ਅਲੀ ਸੰਸਾਰ ਦਾ ਪ੍ਰਸਿੱਧ ਮੁੱਕੇਬਾਜ਼ ਹੋਇਆ ਹੈ। ਇਕ ਵਾਰੀ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵੱਡੇ ਇਨਾਮ ਵਾਲਾ ਮੁਕਾਬਲਾ ਹੋ ਰਿਹਾ ਸੀ। ਅਲੀ ਮੁੱਕੇ ਖਾਂਦਾ ਗਿਆ, ਖਾਂਦਾ ਗਿਆ। ਉਸ ਨੂੰ ਮੁੱਕੇ ਖਾਂਦਾ ਵੇਖ ਕੇ ਉਸ ਦੇ ਪ੍ਰਸੰਸਕਾਂ ਨੂੰ ਚਿੰਤਾ ਹੋ ਗਈ। ਬਹੁਤ ਮੁੱਕੇ ਖਾ ਕੇ ਅਲੀ ਨੇ ਜਦੋਂ ਮੁੱਕੇ ਮਾਰਨੇ ਅਰੰਭ ਕੀਤੇ ਤਾਂ ਮੁਕਾਬਲਾ ਅਲੀ ਦੇ ਪੱਖ ਵਿਚ ਹੋ ਗਿਆ ਸੀ।

ਮਗਰੋਂ ਉਸ ਨੇ ਦੱਸਿਆ ਕਿ ਮੁੱਢ ਵਿਚ ਉਸ ਨੂੰ ਅਜੇ ਇਤਨੇ ਮੁੱਕੇ ਨਹੀਂ ਪਏ ਸਨ ਕਿ ਉਹ ਜਵਾਬੀ ਹਮਲਾ ਸ਼ੁਰੂ ਕਰਦਾ।

ਇਕ ਵਾਰੀ ਇਕ ਚਲਾਕ ਤੀਰਅੰਦਾਜ਼ ਸ਼ਗਿਰਦਾਂ ਨੂੰ ਤੀਰਅੰਦਾਜ਼ੀ ਸਿਖਾ ਰਿਹਾ ਸੀ। ਪਹਿਲੀ ਵਾਰੀ ਜਦੋਂ ਉਸ ਦਾ ਨਿਸ਼ਾਨਾ ਖੁੰਝ ਗਿਆ ਤਾਂ ਬੋਲਿਆ: ਇਹ ਇਕ ਅਨਾੜੀ ਦਾ ਨਿਸ਼ਾਨਾ ਹੈ। ਜਦੋਂ ਦੂਜੀ ਵਾਰੀ ਖੁੰਝ ਗਿਆ ਤਾਂ ਉਸ ਨੇ ਕਿਹਾ: ਇਹ ਇਕ ਲਾਪ੍ਰਵਾਹ ਬੰਦੇ ਦਾ ਨਿਸ਼ਾਨਾ ਹੈ। ਤੀਜੀ ਵਾਰੀ ਖੁੰਝਣ ਉੱਤੇ ਕਹਿਣ ਲੱਗਾ: ਇਹ ਇਕ ਸਿਖਾਂਦਰੂ ਦਾ ਨਿਸ਼ਾਨਾ ਹੈ। ਚੌਥੀ ਵਾਰੀ ਖੁੰਝਣ ਉੱਤੇ ਕਿਹਾ ਇਹ ਇਕ ਬੇਧਿਆਨੇ ਸ਼ਗਿਰਦ ਦਾ ਨਿਸ਼ਾਨਾ ਹੈ। ਇਵੇਂ ਕਰਦਿਆਂ ਇਕ ਵਾਰੀ ਨਿਸ਼ਾਨਾ ਲੱਗ ਵੀ ਗਿਆ, ਜਿਸ ਬਾਰੇ ਉਹ ਬੋਲਿਆ: ਇਹ ਇਕ ਉਸਤਾਦ ਦਾ ਨਿਸ਼ਾਨਾ ਹੈ, ਤੁਸੀਂ ਸਾਰਿਆਂ ਨੇ ਇਵੇਂ ਨਿਸ਼ਾਨਾ ਲਾਉਣਾ ਹੈ।

ਇਸਤਰੀਆਂ ਨੂੰ ਆਪਣੇ ਬੱਚਿਆਂ ਦੀਆਂ ਗੱਲਾਂ ਕਰਕੇ ਬੜਾ ਆਨੰਦ ਮਿਲਦਾ ਹੈ। ਇਕ ਵਾਰੀ ਦੋ ਸਹੇਲੀਆਂ ਬੜੇ ਅਰਸੇ ਮਗਰੋਂ ਮਿਲੀਆਂ ਅਤੇ ਬੱਚਿਆਂ ਦੀਆਂ ਗੱਲਾਂ ਕਰਦਿਆਂ, ਇਕ ਨੇ ਦੂਜੀ ਨੂੰ ਪੁੱਛਿਆ: ਤੈਨੂੰ ਆਪਣੇ ਪੁੱਤਰ ਦੀ ਕਿਹੜੀ ਗੱਲ ਸਭ ਤੋਂ ਵੱਧ ਚੰਗੀ ਲਗਦੀ ਹੈ। ਉਹ ਕਹਿਣ ਲੱਗੀ: ਆਪਣੇ ਬੱਚੇ ਨੂੰ ਵੇਖ ਕੇ ਆਪਣੇ ਆਪ ਨੂੰ ਬੜੀ ਖੁਸ਼ਨਸੀਬ ਸਮਝਦੀ ਹਾਂ ਪਰ ਕਈ ਵਾਰੀ ਉਸ ਦੇ ਰੋਣ ਤੋਂ ਤੰਗ ਆ ਕੇ ਮੇਰਾ ਮਰ ਜਾਣ ਨੂੰ ਦਿਲ ਕਰਦਾ ਹੈ। ਕਈ ਵਾਰੀ ਉਸ ਦੀ ਸਿਆਣਪ ਨਾਲ ਮੈਂ ਰੱਜ ਜਾਂਦੀ ਹਾਂ ਪਰ ਕਈ ਵਾਰੀ ਉਸ ਦੀ ਮੂਰਖਤਾ ਵੇਖ ਕੇ ਖਿਆਲ ਆਉਂਦਾ ਹੈ ਕਿ ਕੀ ਬਣੇਗਾ ਇਸ ਨਾਲਾਇਕ ਦਾ! ਕਈ ਵਾਰੀ ਉਸ ਦਾ ਸ਼ਾਂਤ ਚਿਹਰਾ ਵੇਖ ਕੇ ਸੋਚਦੀ ਹਾਂ ਕਿ ਇਸ ਵਿਚ ਕੋਈ ਸੰਤ-ਆਤਮਾ ਬੈਠੀ ਹੋਈ ਹੈ ਪਰ ਕਈ ਵਾਰੀ ਉਸ ਦਾ ਪਾਗਲਪਣ ਵੇਖ ਕੇ ਸੋਚਦੀ ਹਾਂ, ਪਾਗਲ ਮਾਂ ਦਾ ਪਾਗਲ ਪੁੱਤਰ! ਕਈ ਵਾਰੀ ਉਸ ਨੂੰ ਕੁਝ ਖੁਆਉਣ ਲਈ ਮਿੰਨਤਾਂ ਕਰਦੀ ਹਾਂ ਪਰ ਕਈ ਵਾਰੀ ਖਾਣ ਵਾਲੀ ਚੀਜ਼ ਵੇਖਦਿਆਂ ਹੀ ਉਸ ਦੇ ਬੁੱਲ੍ਹਾਂ 'ਤੇ ਪਟਾਖੇ ਵੱਜਣ ਲੱਗ ਪੈਂਦੇ ਹਨ ਅਤੇ ਉਹ ਦੋ ਹੱਥਾਂ ਵਿਚ ਦੋ ਚਮਚੇ ਫੜ ਕੇ ਸਭ ਕੁਝ ਖਾ

ਕੇ ਕਹਿੰਦਾ ਹੈ: ਹੋਰ। ਤੂੰ ਪੁੱਛਿਆ ਹੈ, ਉਸ ਦਾ ਮੈਨੂੰ ਕੀ ਚੰਗਾ ਲਗਦਾ ਹੈ? ਮੇਰਾ ਜਵਾਬ ਹੈ: ਸਭ ਕੁਝ ਕਿਉਂਕਿ ਸਭ ਕੁਝ ਇਕ ਵਾਰੀ ਹੁੰਦਾ ਹੈ, ਸੋ ਸਭ ਕੁਝ ਚੰਗਾ ਲੱਗਦਾ ਹੈ।

ਜਦੋਂ ਕੋਈ ਜ਼ਿੰਦਗੀ ਬਾਰੇ ਪੁੱਛੇ ਕਿ ਕੀ ਚੰਗਾ ਲਗਦਾ ਹੈ? ਤਾਂ ਕੁੱਲ-ਮਿਲਾ ਕੇ ਜਵਾਬ ਇਹੀ ਹੋਵੇਗਾ: ਸਭ ਕੁਝ।

ਅਕਲ ਨਾਲ ਸ਼ਾਂਤੀ ਮਿਲਦੀ ਹੈ ਪਰ ਰੌਣਕ ਮੂਰਖਤਾ ਅਤੇ ਪਾਗਲਪਣ ਨਾਲ ਹੀ ਹੁੰਦੀ ਹੈ, ਸੋ ਜ਼ਿੰਦਗੀ ਵਿਚ ਹਰ ਚੀਜ਼ ਦਾ ਮਹੱਤਵ ਹੈ; ਸਿਆਣਿਆਂ ਦੀ ਸਿਆਣਪ ਦਾ ਮਹੱਤਵ ਹੈ ਅਤੇ ਮੂਰਖਾਂ ਦੀ ਮੂਰਖਤਾ ਦਾ ਮਹੱਤਵ ਹੈ।

ਹਰ ਕੋਈ ਆਪਣੀ ਥਾਂ 'ਤੇ ਮਹੱਤਵਪੂਰਨ ਹੁੰਦਾ ਹੈ। ਸੰਸਾਰ ਨੂੰ ਤੁਹਾਡੇ ਵਰਗੇ ਵਿਦਵਾਨਾਂ ਦੀ ਵੀ ਲੋੜ ਹੈ ਅਤੇ ਮੇਰੇ ਵਰਗੇ ਬੁੱਧੂਆਂ ਦੀ ਵੀ।

ਇਕ ਵਾਰੀ ਜਹਾਜ਼ ਵਿਚ ਮੇਰੇ ਨਾਲ ਦੀ ਸੀਟ ਤੇ ਬੈਠੀ ਇਕ ਇਸਤਰੀ ਮੇਰੇ ਨਾਲ ਆਪਣੇ ਪੋਤੇ ਦੀਆਂ ਦੋ ਘੰਟੇ ਗੱਲਾਂ ਕਰਦੀ ਰਹੀ ਤੇ ਫਿਰ ਕਹਿਣ ਲੱਗੀ: ਮੈਂ ਬਹੁਤ ਗੱਲਾਂ ਕੀਤੀਆਂ ਹਨ, ਹੁਣ ਤੁਸੀਂ ਮੇਰੇ ਪੋਤੇ ਬਾਰੇ ਗੱਲਾਂ ਕਰੋ।

ਇਕ ਵਾਰੀ ਇਕ ਬੱਚੇ ਨੇ ਰੱਬ ਨੂੰ ਚਿੱਠੀ ਲਿਖੀ: ਰੱਬ ਜੀ, ਦੇਸ਼ਾਂ ਦੀਆਂ ਹੱਦਾਂ-ਸਰਹੱਦਾਂ ਕੌਣ ਬਣਾਉਂਦਾ ਹੈ? ਲਗਦਾ ਹੈ ਤੁਹਾਨੂੰ ਠੀਕ ਕੰਮ ਕਰਨਾ ਨਹੀਂ ਆਉਂਦਾ। ਤੁਸੀਂ ਹਾਥੀ ਨੂੰ ਬਣਾਇਆ ਹੀ ਇਵੇਂ ਸੀ ਜਾਂ ਬਣਾਉਣ ਵਿਚ ਕੋਈ ਗਲਤੀ ਹੋ ਗਈ ਸੀ? ਤੁਸੀਂ ਪਹਿਲਾਂ ਲੋਕਾਂ ਨੂੰ ਮਾਰਦੇ ਹੋ, ਫਿਰ ਹੋਰਾਂ ਨੂੰ ਜਨਮ ਦਿੰਦੇ ਹੋ, ਤੁਸੀਂ ਆਪਣਾ ਕੰਮ ਇਤਨਾ ਗੁੰਝਲਦਾਰ ਕਿਉਂ ਬਣਾਇਆ ਹੋਇਆ ਹੈ? ਤੁਸੀਂ ਜਿਊਂਦਿਆਂ ਨੂੰ, ਜਿਊਂਦੇ ਹੀ ਕਿਉਂ ਨਹੀਂ ਰੱਖ ਲੈਂਦੇ। ਮੈਨੂੰ ਛੋਟਾ ਭਰਾ ਦੇਣ ਲਈ ਧੰਨਵਾਦ ਪਰ ਮੈਂ ਅਰਦਾਸ ਤਾਂ ਛੋਟੇ ਜਿਹੇ ਕਤੂਰੇ ਵਾਸਤੇ ਕੀਤੀ ਸੀ। ਜੇ ਤੁਸੀਂ ਮੈਨੂੰ ਗੁਰਦੁਆਰੇ ਮਿਲਣ ਆਓ ਤਾਂ ਮੈਂ ਤੁਹਾਨੂੰ ਆਪਣੇ ਨਵੇਂ ਕੱਪੜੇ ਵਿਖਾਵਾਂਗਾ। ਸਾਨੂੰ ਸਕੂਲ ਵਿਚ ਦੱਸਿਆ ਗਿਆ ਹੈ ਕਿ ਬਲਬ ਰਾਹੀਂ ਰੋਸ਼ਨੀ ਐਡੀਸਨ ਨੇ ਉਪਜਾਈ ਸੀ ਪਰ ਗੁਰਦੁਆਰੇ ਵਿਚ ਦੱਸਦੇ ਹਨ ਕਿ ਸਭ ਕੁਝ ਤੁਸੀਂ ਕਰਦੇ ਹੋ। ਮੈਨੂੰ ਲਗਦਾ ਹੈ ਐਡੀਸਨ ਨੇ ਤੁਹਾਡਾ ਵਿਚਾਰ ਚੁਰਾ ਲਿਆ ਹੋਵੇਗਾ। ਤੁਸੀਂ ਛੁੱਟੀ ਵਾਲੇ ਦਿਨ ਕੀ ਕਰਦੇ ਹੋ? ਤੁਹਾਨੂੰ ਕਿਵੇਂ ਪਤਾ ਲੱਗਿਆ ਹੈ ਕਿ ਤੁਸੀਂ ਰੱਬ ਹੋ? ਕਿਸੇ ਨੇ ਤੁਹਾਨੂੰ ਦੱਸਿਆ ਸੀ ਜਾਂ ਤੁਹਾਨੂੰ ਆਪੇ ਪਤਾ ਲੱਗ ਗਿਆ ਸੀ। ਤੁਸੀਂ ਕਿਸੇ ਨੂੰ ਦਿਸਦੇ ਨਹੀਂ, ਤੁਸੀਂ ਡਰਦੇ ਹੋ ਕਿ ਇਹ ਤੁਹਾਡੀ ਚਲਾਕੀ ਹੈ? ਹੁਣ ਕੁਝ ਦੇਣ ਵੇਲੇ ਗਲਤੀ ਨਾ ਕਰਨਾ, ਹੁਣ ਮੈਨੂੰ ਭਰਾ ਨਾ ਦੇਣਾ, ਇਕ ਕਤੂਰਾ ਹੀ ਦੇਣਾ।

ਇਕ ਵਾਰੀ ਮੇਰੇ ਜਮਾਤੀ ਅਤੇ ਮਿੱਤਰ ਦੇ ਪਿਤਾ ਨੇ ਆਪਣੇ ਪੁੱਤਰ ਦੀ ਪ੍ਰੀਖਿਆ ਵਿਚ ਸਫਲਤਾ ਵਾਸਤੇ ਅਖੰਡ ਪਾਠ ਰਖਵਾਇਆ ਸੀ। ਮੇਰੇ ਮਿੱਤਰ ਦਾ

ਨਾਂ ਵੀ ਮੇਰੇ ਵਾਲਾ ਸੀ। ਭੋਗ ਵੇਲੇ ਅਰਦਾਸ ਉਪਰੰਤ ਮੈਂ ਵੀ ਆਪਣੇ ਮਿੱਤਰ ਦੇ ਨਾਲ ਖਲੋਤਾ ਸਾਂ। ਅਰਦਾਸ ਕਰਦੇ ਭਾਈ ਸਾਹਿਬ ਕਹਿ ਰਹੇ ਸਨ: ਹੇ ਸੱਚੇ ਪਾਤਸ਼ਾਹ, ਨਰਿੰਦਰ ਸਿੰਘ ਦੇ ਸਿਰ ਤੇ ਆਪਣੀ ਮਿਹਰ ਦਾ ਹੱਥ ਰੱਖਣਾ। ਨਰਿੰਦਰ ਸਿੰਘ ਦੀ ਮਿਹਨਤ ਨੂੰ ਭਾਗ ਲਾਉਣੇ.....। ਇਸ ਪੜਾਓ 'ਤੇ ਅਰਦਾਸ ਵਿਚ ਹੀ, ਮੇਰੇ ਮਿੱਤਰ ਦੇ ਪਿਤਾ ਬਲਦੇਵ ਸਿੰਘ ਨੇ ਅੱਗੇ ਹੋ ਕੇ ਭਾਈ ਸਾਹਿਬ ਨੂੰ ਕਿਹਾ ਸੀ: ਕੇਵਲ ਨਰਿੰਦਰ ਸਿੰਘ ਦੀ ਨਹੀਂ, ਨਰਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਦੀ ਅਰਦਾਸ ਕਰੋ।

ਇਕ ਵਾਰੀ ਮੇਰੀ ਇਕ ਵਿਦਿਆਰਥਣ ਇਸ ਗੱਲ ਤੋਂ ਪ੍ਰੇਸ਼ਾਨ ਸੀ ਕਿ ਉਸ ਦੇ ਪਿਤਾ ਉਸ ਦੀ ਪੜ੍ਹਾਈ ਦੇ ਵਿਰੁੱਧ ਸਨ ਜਦੋਂ ਕਿ ਉਹ ਬਹੁਤ ਪੜ੍ਹਾਈ ਕਰਨੀ ਚਾਹੁੰਦੀ ਸੀ। ਵਿਉਂਤ ਇਹ ਬਣਾਈ ਗਈ ਕਿ ਉਹ ਪ੍ਰੀਖਿਆ ਵਿਚ ਨੰਬਰ ਹੀ ਇਤਨੇ ਲੈ ਲਵੇ ਕਿ ਅਗਲੇਰੀ ਪੜ੍ਹਾਈ ਲਈ ਪਿਤਾ ਵਿਰੋਧ ਨਾ ਕਰ ਸਕੇ। ਲੜਕੀ ਹੁਸ਼ਿਆਰ ਅਤੇ ਲਾਇਕ ਸੀ। ਉਸ ਦੇ ਪ੍ਰੀਖਿਆ ਵਿਚੋਂ ਅੱਵਲ ਆਉਣ ਉੱਤੇ ਅਖ਼ਬਾਰ ਵਿਚ ਫੋਟੋ ਛਪਵਾਉਣ ਲਈ ਜਦੋਂ ਉਸ ਨੂੰ ਫੋਟੋ ਲਿਆਉਣ ਲਈ ਕਿਹਾ ਗਿਆ ਤਾਂ, ਫੋਟੋ ਪਿਤਾ ਜੀ ਲੈ ਕੇ ਆਏ ਅਤੇ ਕਹਿਣ ਲੱਗੇ: ਫੋਟੋ ਥੱਲੇ ਮੇਰੀ ਬੇਟੀ ਦੇ ਨਾਂ ਨਾਲ ਮੇਰਾ ਨਾਂ ਵੀ ਛਪਣਾ ਚਾਹੀਦਾ ਹੈ ਕਿਉਂਕਿ ਮੈਂ ਇਸ ਨੂੰ ਦਿਨ-ਰਾਤ ਮਿਹਨਤ ਕਰਵਾਈ ਹੈ। ਇਸ ਨੇ ਪਰਿਵਾਰ ਦਾ ਨਾਂ ਰੋਸ਼ਨ ਕੀਤਾ ਹੈ।

ਇਵੇਂ ਮੇਰੇ ਸਾਹਮਣੇ ਖਲੋਤਾ, ਧੀ ਦੀ ਪੜ੍ਹਾਈ ਦਾ ਵਿਰੋਧ ਕਰਨ ਵਾਲਾ ਪਿਤਾ, ਹੁਣ ਆਪਣੇ ਆਪ ਨੂੰ ਉਸ ਦੀ ਸਫਲਤਾ ਦਾ ਕਾਰਨ ਸਮਝ ਰਿਹਾ ਸੀ।

ਪਾਕਿਸਤਾਨ ਦੀ ਸਿਆਸਤ ਵਿਚ ਮੁਸਤਫ਼ਾ ਨਾਂ ਦਾ ਇਕ ਬੜਾ ਹੈਂਕੜਬਾਜ਼ ਨੇਤਾ ਹੋਇਆ ਹੈ। ਆਪਣੀ ਹਵਸ ਲਈ ਔਰਤਾਂ ਨੂੰ ਬਰਬਾਦ ਕਰਨਾ ਇਸ ਵਿਅਕਤੀ ਦਾ ਸ਼ੁਗਲ ਰਿਹਾ ਹੈ। ਇਕ ਵਾਰੀ ਆਪਣੀ ਸੋਹਣੀ ਅਤੇ ਜ਼ਹੀਨ ਪਤਨੀ, ਤਹਿਮੀਨਾ ਦੁਰਾਨੀ ਨਾਲ ਬਦਸਲੂਕੀ ਕਰਦਿਆਂ, ਤਲਾਕ ਉਪਰੰਤ, ਉਸ ਨੇ ਟੈਲੀਫੋਨ ਤੇ ਕਿਹਾ: ਅੱਜ ਤੋਂ ਤੇਰੀ ਆਪਣੀ ਕੋਈ ਵੱਖਰੀ ਪਛਾਣ ਨਹੀਂ ਹੋਵੇਗੀ, ਤੈਨੂੰ ਲੋਕ ਮੁਸਤਫ਼ਾ ਦੀ ਤਲਾਕਸ਼ੁਦਾ ਬੀਵੀ ਦੇ ਤੌਰ 'ਤੇ ਹੀ ਜਾਣਨਗੇ। ਰੋਸ਼ਨ ਦਿਮਾਗ ਤਹਿਮੀਨਾ ਨੇ ਮੁਸਤਫ਼ਾ ਉੱਤੇ ਆਧਾਰਿਤ, ਪਾਕਿਸਤਾਨੀ ਸਿਆਸਤ ਉੱਤੇ ਇਕ ਪੁਸਤਕ ਲਿਖੀ, ਜਿਸ ਦੇ ਜਾਰੀ ਹੋਣ ਤੋਂ ਕੁਝ ਘੰਟੇ ਪਹਿਲਾਂ ਤਹਿਮੀਨਾ ਨੇ ਮੁਸਤਫ਼ਾ ਨੂੰ ਟੈਲੀਫੋਨ ਤੇ ਕਿਹਾ: ਉਸ ਦਿਨ ਕਹੀ ਤੁਹਾਡੀ ਗੱਲ ਦਾ ਜਵਾਬ ਦੇਣ ਲਈ ਟੈਲੀਫੋਨ ਕਰ ਰਹੀ ਹਾਂ। ਹੁਣ ਤੋਂ ਥੋੜ੍ਹੀ ਦੇਰ ਬਾਅਦ, ਤੁਹਾਡੀ ਪਛਾਣ ਬਦਲ ਜਾਵੇਗੀ ਅਤੇ ਸਾਰਾ ਮੁਲਕ ਮੈਨੂੰ ਤੁਹਾਡੀ ਤਲਾਕਸ਼ੁਦਾ ਬੀਵੀ ਵਜੋਂ ਨਹੀਂ, ਤੁਹਾਨੂੰ ਤਹਿਮੀਨਾ ਦੁਰਾਨੀ ਦੇ ਸਾਬਕਾ ਪਤੀ ਵਜੋਂ ਜਾਣੇਗਾ।

ਇਕ ਵਾਰੀ ਯੂਨੀਵਰਸਿਟੀ ਵਿਚ ਬਹਿਸ ਕਰਵਾਈ ਗਈ ਕਿ ਪੜ੍ਹਾਈ ਨੂੰ ਦਿਲਚਸਪ ਕਿਵੇਂ ਬਣਾਇਆ ਜਾਵੇ। ਭਾਂਤ-ਭਾਂਤ ਦੇ ਸੁਝਾਓ ਆਏ ਪਰ ਸਭ ਤੋਂ

ਚੰਗਾ ਸੁਝਾਓ ਇਹ ਮੰਨਿਆ ਗਿਆ ਕਿ ਜੇ ਇਮਤਿਹਾਨ ਖਤਮ ਕਰ ਦਿੱਤੇ ਜਾਣ ਤਾਂ ਪੜ੍ਹਾਈ ਦਿਲਚਸਪ ਹੋ ਜਾਵੇਗੀ। ਸੰਸਾਰ ਦੀਆਂ ਆਕਸਫੋਰਡ, ਕੈਂਬਰਿਜ ਵਰਗੀਆਂ ਯੂਨੀਵਰਸਿਟੀਆਂ ਵਿਚ ਉੱਚ-ਵਿੱਦਿਆ ਦੇ ਕੋਰਸਾਂ ਵਿਚ ਪ੍ਰੀਖਿਆ ਨਹੀਂ ਹੁੰਦੀ, ਸ਼ਰਤ ਕੇਵਲ ਇਹ ਹੁੰਦੀ ਹੈ ਕਿ ਦੋ ਸਾਲ ਯੂਨੀਵਰਸਿਟੀ ਵਿਚ ਰਹਿਣਾ ਹੈ। ਜਿਹੜੇ ਰਹਿੰਦੇ ਹਨ ਉਨ੍ਹਾਂ ਦਾ ਕਾਇਆ-ਕਲਪ ਹੋ ਜਾਂਦਾ ਹੈ।

ਸਾਡੇ ਦੇਸ਼ ਵਿਚ ਹਜ਼ਾਰਾਂ-ਲੱਖਾਂ ਵਿਦਿਆਰਥੀ ਫੇਲ੍ਹ ਹੋਣ ਕਾਰਨ, ਇਮਤਿਹਾਨਾਂ ਤੋਂ ਡਰਦੇ ਪੜ੍ਹਾਈ ਛੱਡ ਜਾਂਦੇ ਹਨ, ਨਿਸਚੇ ਹੀ ਜੇ ਇਮਤਿਹਾਨ ਨਾ ਹੋਣ ਤਾਂ ਵਿਦਿਆਰਥੀ ਵਧੇਰੇ ਸੌਖ ਨਾਲ ਪੜ੍ਹਾਈ ਕਰ ਸਕਦੇ ਹਨ।

ਇਕ ਵਾਰੀ ਇਕ ਕੰਪਨੀ ਵਿਚੋਂ ਇਕ ਅਧਿਕਾਰੀ ਨੂੰ ਕੱਢਿਆ ਜਾਣਾ ਸੀ। ਮੀਟਿੰਗ ਬੁਲਾਈ ਗਈ ਕਿ ਉਸ ਨੂੰ ਕੱਢਣ ਲਈ ਸ਼ਬਦ ਕਿਹੜੇ ਵਰਤੇ ਜਾਣ, ਜਿਹੜੇ ਪ੍ਰਸੰਸਾਮਈ ਵੀ ਹੋਣ ਅਤੇ ਕੱਢਣ ਵਿਚ ਸਹਾਈ ਵੀ ਹੋਣ।

ਜਿਹੜਾ ਪੱਤਰ ਤਿਆਰ ਕੀਤਾ ਗਿਆ, ਉਸ ਵਿਚ ਉਸ ਅਧਿਕਾਰੀ ਦੀਆਂ ਸੇਵਾਵਾਂ ਦੀ ਭਰਪੂਰ ਪ੍ਰਸੰਸਾ ਕਰਨ ਉਪਰੰਤ ਲਿਖਿਆ ਗਿਆ: ਸਾਨੂੰ ਸਮਝ ਨਹੀਂ ਆ ਰਹੀ ਕਿ ਤੁਹਾਡੀ ਸੁਯੋਗ ਅਗਵਾਈ ਤੋਂ ਬਿਨਾ ਸਾਡਾ ਗੁਜ਼ਾਰਾ ਕਿਵੇਂ ਹੋਵੇਗਾ? ਪਰ ਅਗਲੇ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਅਸੀਂ ਤੁਹਾਡੇ ਬਿਨਾ ਗੁਜ਼ਾਰਾ ਕਰਨ ਦਾ ਯਤਨ ਕਰਾਂਗੇ।

ਕਈ ਵਾਰੀ ਪੂਰੀ ਵਿਉਂਤ ਨਾ ਬਣਾਉਣ ਕਰਕੇ ਅਸੀਂ ਅਚਾਨਕ ਹੀ ਮੁਸ਼ਕਿਲ ਵਿਚ ਫਸ ਜਾਂਦੇ ਹਾਂ। ਇਕ ਵਾਰੀ ਅਸੀਂ ਤਿੰਨ ਮਿੱਤਰ ਨੇੜੇ ਦੇ ਅੰਬਾਂ ਦੇ ਇਕ ਬਾਗ਼ ਵਿਚ ਸਵੇਰੇ ਹਨੇਰੇ ਵਿਚ ਅੰਬ ਤੋੜਨ ਚਲੇ ਗਏ। ਦੋ-ਤਿੰਨ ਅੰਬ ਹੀ ਤੋੜੇ ਸਨ ਕਿ ਕੁੱਤੇ ਆ ਗਏ ਅਤੇ ਕੁੱਤਿਆਂ ਦੇ ਪਿੱਛੇ ਮਾਲੀ ਵੀ ਆ ਗਿਆ। ਕੁੱਟਣ ਉਪਰੰਤ ਉਹ ਸਾਨੂੰ ਬਾਗ਼ ਵਿਚਲੇ ਕੋਠੇ ਵਿਚ ਬੰਦ ਕਰਕੇ, ਬਾਹਰੋਂ ਕੁੰਡੀ ਲਾ ਕੇ, ਕੁੱਤਿਆਂ ਸਮੇਤ ਮਾਲਕ ਨੂੰ ਬੁਲਾਉਣ ਚਲਾ ਗਿਆ। ਅਸੀਂ ਵੇਖਿਆ ਕਿ ਕਮਰੇ ਅੰਦਰ ਇਕ ਸੱਬਲ ਪਿਆ ਸੀ, ਜਿਹੜਾ ਅਸੀਂ ਮਾਰ ਮਾਰ ਕੇ ਦਰਵਾਜ਼ਾ ਭੰਨ ਕੇ ਦੌੜੇ। ਘਰ ਪਹੁੰਚ ਕੇ ਸਾਨੂੰ ਅਹਿਸਾਸ ਹੋਇਆ ਕਿ ਮੁਸੀਬਤ ਅਤੇ ਮੁਸ਼ਕਿਲ ਕੀ ਹੁੰਦੀ ਹੈ। ਹੁਣ ਵੀ ਅੰਬ ਖਾਣ ਵੇਲੇ, ਉਹ ਅੰਬ ਯਾਦ ਆਉਂਦੇ ਹਨ।

ਇਵੇਂ ਹੀ ਕਈ ਵਾਰੀ ਬਿਨਾ ਕਿਸੇ ਵਿਉਂਤ ਦੇ ਹੀ ਕੋਈ ਵੱਡੀ ਘਟਨਾ ਵਾਪਰ ਜਾਂਦੀ ਹੈ, ਜਿਵੇਂ ਇਕ ਵਾਰੀ ਇਕ ਇਸਤਰੀ ਨੇ ਆਪਣੇ ਵਿਆਹ ਉਪਰੰਤ ਆਪਣੇ ਪ੍ਰੇਮੀ ਨਾਲ ਸੰਬੰਧ ਬਣਾਈ ਰੱਖੇ। ਫੌਜੀ ਪਤੀ ਸਾਲ ਵਿਚ ਦੋ ਮਹੀਨੇ ਲਈ ਹੀ ਘਰ ਆਉਂਦਾ ਸੀ। ਘਰ ਵਿਚ ਨੂੰਹ ਅਤੇ ਸੱਸ ਹੀ ਹੁੰਦੀਆਂ ਸਨ। ਇਸਤਰੀ ਰਾਤ ਵੇਲੇ ਆਪਣੀ ਸੱਸ ਨੂੰ ਦੁੱਧ ਵਿਚ ਨੀਂਦ ਦੀਆਂ ਗੋਲੀਆਂ ਮਿਲਾ ਕੇ ਦੇ ਦਿੰਦੀ ਸੀ। ਇਕ ਵਾਰੀ ਜਦੋਂ ਨੇਮ ਅਨੁਸਾਰ ਪ੍ਰੇਮੀ ਆਇਆ ਤਾਂ ਇਸਤਰੀ ਨੇ ਦੱਸਿਆ ਕਿ ਗੋਲੀਆਂ ਮੁੱਕੀਆਂ ਹੋਈਆਂ ਹਨ ਪਰ ਨਾਲ ਹੀ ਕਿਹਾ: ਉਹ ਸੁੱਤੀ

ਹੀ ਹੋਈ ਹੈ ਪਰ ਰਾਤ ਨੂੰ ਖੜਾਕ ਹੋਣ 'ਤੇ ਸੱਸ ਜਾਗ ਪਈ ਅਤੇ ਉਸ ਨੇ ਜਦੋਂ ਉਨ੍ਹਾਂ ਦੇ ਕਮਰੇ ਦੀ ਬੱਤੀ ਜਗਾਈ ਤਾਂ ਪ੍ਰੇਮੀ ਅਤੇ ਇਸਤਰੀ ਨੇ ਘਬਰਾਹਟ ਵਿਚ ਸੱਸ ਦਾ ਕਤਲ ਕਰ ਦਿੱਤਾ। ਹੁਣ ਦੋਵੇਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ।

ਹੋਤੀ ਮਰਦਾਨ, ਸੰਤ ਸੁਭਾਓ ਵਾਲੇ ਇਕ ਸ਼ਰਧਾਵਾਨ ਫੌਜੀ ਦਾ ਨਾਂ ਸੀ, ਜਿਹੜਾ ਰਾਤ ਨੂੰ ਇਬਾਦਤ ਵਿਚ ਲੀਨ ਹੋ ਜਾਂਦਾ ਸੀ। ਇਕ ਵਾਰੀ ਕਰਨਲ ਨੇ ਖਤਰੇ ਵਾਲੀ ਇਕ ਰਾਤ ਨੂੰ ਕਿਲ੍ਹੇ ਦੇ ਦੁਆਰ 'ਤੇ ਉਸ ਨੂੰ ਪਹਿਰੇ ਤੇ ਲਾਇਆ ਪਰ ਆਦਤ ਅਤੇ ਨੇਮ ਵਾਂਗ ਹੋਤੀ, ਰਾਤ ਪੈਂਦਿਆਂ ਹੀ ਇਬਾਦਤ ਵਿਚ ਝੁਕ ਗਿਆ ਅਤੇ ਇਤਨਾ ਡੂੰਘਾ ਉਤਰ ਗਿਆ ਕਿ ਸਵੇਰੇ ਪੰਛੀਆਂ ਦੀ ਅਵਾਜ਼ ਨਾਲ ਉਸ ਨੇ ਸੁਰਤ ਸੰਭਾਲੀ ਅਤੇ ਡਿਊਟੀ ਪ੍ਰਤੀ ਅਣਗਹਿਲੀ ਵਿਖਾਉਣ ਦੇ ਪਖੋਂ ਆਪਣਾ ਪਛਤਾਵਾ ਪ੍ਰਗਟਾਉਣ ਲਈ ਜਦੋਂ ਕਰਨਲ ਸਾਹਮਣੇ ਪੇਸ਼ ਹੋਇਆ ਤਾਂ ਕਰਨਲ ਨੇ ਕਿਹਾ: ਸ਼ਾਬਾਸ਼, ਜਿਵੇਂ ਤੂੰ ਡਿਊਟੀ ਦਿੱਤੀ ਹੈ, ਉਵੇਂ ਕਿਸੇ ਨੇ ਨਹੀਂ ਦਿੱਤੀ। ਮੈਂ ਚਾਰ ਵਾਰੀ ਗਿਆ, ਤੂੰ ਚਾਰੇ ਵਾਰੀ ਖੜਾ ਸੀ। ਸੁਣ ਕੇ ਹੋਤੀ ਨੇ ਕਿਹਾ: ਮੈਂ ਅਸਤੀਫ਼ਾ ਦੇਣ ਆਇਆ ਹਾਂ। ਹੁਣ ਮੈਂ ਉਸ ਖ਼ੁਦਾ ਦੀ ਡਿਊਟੀ ਦੇਵਾਂਗਾ, ਜਿਸ ਨੇ ਰਾਤ ਵੇਲੇ ਮੇਰੀ ਡਿਊਟੀ ਦਿੱਤੀ ਸੀ। ਰਾਤ ਵੇਲੇ ਮੈਂ ਖ਼ੁਦਾ ਦੇ ਕੋਲ ਸਾਂ ਪਰ ਮੇਰਾ ਖ਼ੁਦਾ, ਮੇਰੀ ਜਗ੍ਹਾ ਡਿਊਟੀ ਦਿੰਦਾ ਰਿਹਾ ਹੋਵੇਗਾ।

ਕਈ ਵਾਰੀ, ਬੜੇ ਅਜੀਬ ਸਬੱਬ ਵਾਪਰਦੇ ਹਨ। ਇਕ ਪੜ੍ਹੀ ਲਿਖੀ ਲੜਕੀ ਦਾ ਇਕ ਵਿਗੜੇ ਹੋਏ ਅਮੀਰਜ਼ਾਦੇ ਨਾਲ ਵਿਆਹ ਹੋ ਰਿਹਾ ਸੀ। ਲਾਂਵਾਂ ਹੋ ਰਹੀਆਂ ਸਨ, ਤਿੰਨ ਲਾਂਵਾਂ ਹੋ ਚੁੱਕੀਆਂ ਸਨ। ਜਦੋਂ ਚੌਥੀ ਲਾਂਵ ਲੈਣ ਵਾਸਤੇ ਲਾੜਾ ਉਠਿਆ ਤਾਂ, ਉਸ ਦੀ ਜੇਬ ਵਿਚੋਂ ਨਸ਼ੇ ਵਾਲੀਆਂ ਗੋਲੀਆਂ ਦਾ ਪੱਤਾ ਡਿੱਗ ਪਿਆ, ਜਿਹੜਾ ਲੜਕੀ ਨੇ ਚੁੱਕ ਕੇ ਪਿੱਛੇ ਬੈਠੀ ਆਪਣੀ ਮਾਂ ਨੂੰ ਫੜਾ ਦਿੱਤਾ ਅਤੇ ਚੌਥੀ ਲਾਂਵ ਲੈਣ ਤੋਂ ਇਨਕਾਰ ਕਰ ਦਿੱਤਾ। ਲੜਕੇ ਨੇ ਬੜੀਆਂ ਮਿੰਨਤਾਂ ਕੀਤੀਆਂ, ਝੂਠ ਬੋਲਿਆ, ਧਮਕੀਆਂ ਵੀ ਦਿੱਤੀਆਂ ਪਰ ਲੜਕੀ ਡਟੀ ਰਹੀ। ਮਾਂ ਨੇ ਇਤਨਾ ਹੀ ਕਿਹਾ: ਜਾ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ।

ਰੂਸ ਦੇ ਇਤਿਹਾਸ ਵਿਚ ਰੂਸ ਦੀ ਠੰਡ ਨੇ ਰੂਸ ਦੀਆਂ ਕਈ ਹਾਰਾਂ ਨੂੰ ਜਿੱਤਾਂ ਵਿਚ ਬਦਲਿਆ ਹੈ। ਉਨ੍ਹੀਵੀਂ ਸਦੀ ਦੇ ਬਾਹਰਵੇਂ ਸਾਲ ਦੀ ਜੂਨ ਵਿਚ ਨੈਪੋਲੀਅਨ ਨੇ ਰੂਸ ਉੱਤੇ ਹਮਲਾ ਕੀਤਾ। ਰੂਸੀ ਫੌਜਾਂ ਪਿੱਛੇ ਹਟ ਗਈਆਂ, ਨੈਪੋਲੀਅਨ ਅੱਗੇ ਵਧਿਆ। ਸਤੰਬਰ ਵਿਚ ਰੂਸੀ ਫੌਜਾਂ ਹੋਰ ਪਿੱਛੇ ਹਟ ਗਈਆਂ, ਨੈਪੋਲੀਅਨ ਜਿੱਤ ਦੇ ਲਾਲਚ ਵਿਚ, ਰੂਸ ਦੇ ਹੋਰ ਅੰਦਰ ਚਲਾ ਗਿਆ। ਰੂਸ ਦੀ ਠੰਡ ਅਤੇ ਬਰਫ਼ਾਨੀ ਹਨੇਰੀਆਂ ਨੇ ਨੈਪੋਲੀਅਨ ਦੇ ਛੇ ਲੱਖ ਵਿਚੋਂ ਪੰਜ ਲੱਖ ਫੌਜੀ ਮਾਰ ਦਿੱਤੇ। ਦੂਜੇ ਵਿਸ਼ਵ ਯੁੱਧ ਵਿਚ ਵੀ ਹਿਟਲਰ ਨੂੰ ਹਰਾਉਣ ਵਿਚ ਰੂਸ ਦੀ ਫੌਜ ਨਾਲੋਂ ਵੀ ਵੱਡਾ ਯੋਗਦਾਨ, ਰੂਸ ਦੀ ਠੰਡ ਦਾ ਰਿਹਾ ਹੈ।

ਇਕ ਵਾਰੀ ਇੰਗਲੈਂਡ ਦਾ ਇਕ ਰਾਜ-ਕੁਮਾਰ ਜਦੋਂ ਉੱਤਰ ਪ੍ਰਦੇਸ਼ ਦੀ ਰਾਜਧਾਨੀ ਅਲਾਹਾਬਾਦ ਵਿਚ ਆਇਆ ਤਾਂ ਉਸ ਦਾ ਸਵਾਗਤ ਕਰਨ ਦੀ ਥਾਂ ਸ਼ਹਿਰ ਵਿਚ ਹੜਤਾਲ ਕੀਤੀ ਗਈ। ਰਾਜਕੁਮਾਰ ਨੇ ਇਤਨਾ ਹੀ ਕਿਹਾ ਸੀ ਕਿ ਇਹ ਸ਼ਹਿਰ ਰਾਜਧਾਨੀ ਰਹਿਣ ਦੇ ਯੋਗ ਨਹੀਂ ਹੈ। ਉਸ ਦੇ ਵਾਪਸ ਜਾਣ ਤੋਂ ਪਹਿਲਾਂ ਹੀ ਉੱਤਰ ਪ੍ਰਦੇਸ਼ ਦੀ ਰਾਜਧਾਨੀ ਅਲਾਹਾਬਾਦ ਤੋਂ ਬਦਲ ਕੇ, ਲਖਨਊ ਬਣਾ ਦਿੱਤੀ ਗਈ ਸੀ।

ਇਕ ਵਾਰੀ ਮੇਰੇ ਘਰ ਇੰਗਲੈਂਡ ਤੋਂ ਆਈਆਂ ਦੋ ਮੇਮਾਂ ਠਹਿਰੀਆਂ ਹੋਈਆਂ ਸਨ। ਇੰਗਲੈਂਡ ਦੀ ਜਿਸ ਲਾਇਬ੍ਰੇਰੀ ਵਿਚ ਉਹ ਕੰਮ ਕਰਦੀਆਂ ਸਨ, ਉੱਥੇ ਮੇਰੇ ਕਈ ਦਿਨ ਜਾਣ ਨਾਲ, ਉਨ੍ਹਾਂ ਨਾਲ ਜਾਣ-ਪਛਾਣ ਹੋਣ ਕਰਕੇ ਮੈਂ ਉਨ੍ਹਾਂ ਨੂੰ ਭਾਰਤ ਆਉਣ ਦਾ ਸੱਦਾ ਦੇ ਕੇ ਆਇਆ ਸਾਂ। ਮੇਮਾਂ ਦੇ ਮੇਰੇ ਕੋਲ ਠਹਿਰਨ ਦੇ ਦਿਨਾਂ ਵਿਚ ਮੇਰੇ ਗੁਆਂਢ ਵਿਚ ਇਕ ਵਿਆਹ ਹੋਇਆ। ਬਰਾਤ ਪਿੰਡ ਜਾਣੀ ਸੀ। ਮੇਮਾਂ ਨੂੰ ਪੰਜਾਬੀ ਵਿਆਹ ਵਿਖਾਉਣ ਦੇ ਉਦੇਸ਼ ਨਾਲ ਮੈਂ ਉਨ੍ਹਾਂ ਨੂੰ ਬਰਾਤ ਨਾਲ ਲੈ ਗਿਆ। ਪਿੰਡ ਪਹੁੰਚ ਕੇ ਹੋਰਾਂ ਨਾਲ ਉਹ ਮੇਮਾਂ ਵੀ ਖੁੱਲ੍ਹ ਕੇ ਨੱਚੀਆਂ। ਕੁਝ ਦਿਨ ਰਹਿ ਕੇ ਉਹ ਚਲੀਆਂ ਗਈਆਂ। ਲਗਭਗ ਇਕ ਮਹੀਨੇ ਮਗਰੋਂ ਪਿੰਡ ਦੇ ਕੁਝ ਹੋਰ ਲੋਕ ਮੇਰੇ ਘਰ ਆਏ ਅਤੇ ਵਿਆਹ ਦਾ ਕਾਰਡ ਦੇ ਕੇ ਸੰਗਦੇ-ਸੰਗਦੇ ਕਹਿਣ ਲੱਗੇ: ਜੀ ਇਕ ਬੇਨਤੀ ਹੈ, ਉਨ੍ਹਾਂ ਮੇਮਾਂ ਨੂੰ ਨਾਲ ਜ਼ਰੂਰ ਲੈ ਕੇ ਆਇਓ।

ਧਾਰਮਿਕ ਸਥਾਨਾਂ ਦੇ ਪੱਥਰਾਂ ਨੂੰ ਵੇਖ ਕੇ ਸੋਚਦਾ ਹਾਂ ਕਿ ਕੋਈ ਸੇਵਾ ਇਕ ਵਾਰੀ ਕਰਾਉਂਦਾ ਹੈ ਪਰ ਪੱਥਰਾਂ 'ਤੇ ਉਕਰਵਾ ਕੇ ਦਹਾਕਿਆਂ ਤੱਕ ਦੱਸਦਾ ਰਹਿੰਦਾ ਹੈ। ਇਵੇਂ ਹੀ ਸਾਡੀ ਕੋਈ ਇਕ ਵਾਰੀ ਬੇਇਜ਼ਤੀ ਕਰਦਾ ਹੈ ਪਰ ਅਸੀਂ ਸੈਂਕੜੇ ਨੂੰ ਦੱਸ ਕੇ ਉਸ ਇਕ ਵਾਰੀ ਹੋਏ ਅਪਮਾਨ ਨੂੰ ਦੁਹਰਾਉਂਦੇ ਰਹਿੰਦੇ ਹਾਂ।

ਹਰ ਕਿਸੇ ਦੇ ਜੀਵਨ ਵਿਚ ਅਨੇਕਾਂ ਘਟਨਾਵਾਂ ਇਕ-ਇਕ ਕਰ ਕੇ ਵਾਪਰਦੀਆਂ ਹਨ। ਘਟਨਾ ਵਾਪਰਦੀ ਇਕ ਵਾਰੀ ਹੈ ਪਰ ਯਾਦ ਕਈ ਵਾਰ ਆਉਂਦੀ ਹੈ। ਕੋਈ ਘਟਨਾ ਆਪਣੀ ਮੂਰਖਤਾ ਕਰਕੇ ਜਾਂ ਵਿਖਾਈ ਸਿਆਣਪ ਕਰਕੇ ਜਾਂ ਹੋਏ ਲਾਭ-ਨੁਕਸਾਨ ਕਰਕੇ ਯਾਦ ਬਣ ਜਾਂਦੀ ਹੈ।

ਕੋਈ ਘਟਨਾ ਸਾਨੂੰ ਨਾ ਭੁੱਲਣ ਵਾਲਾ ਸਬਕ ਸਿਖਾ ਜਾਂਦੀ ਹੈ ਅਤੇ ਕੋਈ ਘਟਨਾ ਜਦੋਂ ਵੀ ਯਾਦ ਆਉਂਦੀ ਹੈ ਪਹਿਲੇ ਪਿਆਰ, ਪਹਿਲੀ ਗਲਵੱਕੜੀ, ਪਹਿਲੇ ਚੁੰਮਣ ਦੀ ਯਾਦ ਵਰਗਾ ਇਕ ਹਿਲੋਰਾ ਦੇ ਜਾਂਦੀ ਹੈ।

* * *

ਅਕਾਲ-ਚਲਾਣਾ

ਕੇਵਲ ਮਨੁੱਖ ਹੀ ਆਪਣੇ ਮਰਨ ਬਾਰੇ ਸੋਚਦਾ ਹੈ, ਇਸੇ ਕਰਕੇ ਕੇਵਲ ਮਨੁੱਖ ਵਿਚ ਹੀ ਅਮਰ ਹੋਣ ਦੀ ਤਾਂਘ ਹੁੰਦੀ ਹੈ। ਕੇਵਲ ਮਨੁੱਖ ਹੀ ਮਰਨ ਤੋਂ ਡਰਦਾ ਹੈ, ਇਸੇ ਕਰਕੇ ਕੇਵਲ ਮਨੁੱਖ ਨੂੰ ਹੀ ਧਰਮ ਦੀ ਲੋੜ ਪੈਂਦੀ ਹੈ।

ਜਿਉਂ-ਜਿਉਂ ਉਮਰ ਵਧਦੀ ਹੈ, ਮਨੁੱਖ ਇਕੱਲਾ ਹੋਈ ਜਾਂਦਾ ਹੈ ਅਤੇ ਆਪਣੇ ਜੀਵਨ ਦੇ ਅਖੀਰ ਵਿਚ, ਉਹ ਸੰਸਾਰ ਨਾਲੋਂ ਵਿਛੜਨ ਦੀ ਖੇਡ ਖੇਡਦਾ ਹੈ।

ਕੁਦਰਤ ਨੇ ਇਸੇ ਕਰਕੇ, ਇਸ ਵਿਛੋੜੇ ਨੂੰ, ਜੀਵਨ ਦੇ ਅੰਤ 'ਤੇ ਰੱਖਿਆ ਹੋਇਆ ਹੈ।

ਕਾਰਜ ਕੋਈ ਹੋਵੇ ਅੰਤ ਦੇ ਨੇੜੇ ਮੁਸ਼ਕਿਲਾਂ ਵੱਧ ਜਾਂਦੀਆਂ ਹਨ ਅਤੇ ਕੰਮ ਦਾ ਅੰਤਲਾ ਭਾਗ ਬੜਾ ਔਖਾ ਹੋ ਜਾਂਦਾ ਹੈ।

ਦੂਜਿਆਂ ਦਾ ਮਰਨਾ ਅਸੀਂ ਸਹਿ ਲੈਂਦੇ ਹਾਂ, ਔਖ ਆਪਣੇ ਮਰਨ ਵਿਚ ਹੀ ਹੁੰਦੀ ਹੈ। ਮਨੁੱਖਾਂ ਅਤੇ ਦੇਵਤਿਆਂ ਵਿਚ ਕੇਵਲ ਇਕ-ਮਾਤਰ ਅੰਤਰ ਇਹ ਹੈ ਕਿ ਮਨੁੱਖ ਮਰਨਹਾਰ ਹੈ, ਜਦੋਂ ਕਿ ਦੇਵਤੇ ਅਮਰ ਹਨ।

ਜ਼ਿੰਦਗੀ ਨੂੰ ਸਮਝਣ ਵਾਸਤੇ ਮੌਤ ਦੀਆਂ ਗੱਲਾਂ ਕਰਨੀਆਂ ਹੀ ਪੈਣਗੀਆਂ।

ਜੇ ਮੌਤ ਨਾ ਹੁੰਦੀ ਤਾਂ ਜੀਵਨ ਵਿਚ ਅਲਵਿਦਾ ਦੀ ਰਸਮ ਵੀ ਨਾ ਹੁੰਦੀ। ਅਸੀਂ ਹੱਥ ਹਿਲਾ-ਹਿਲਾ ਕੇ ਜਿਹੜੀ ਅਲਵਿਦਾ ਕਹਿੰਦੇ ਹਾਂ, ਉਸ ਦਾ ਅਰਥ ਇਹ ਹੁੰਦਾ ਹੈ ਕਿ ਫਿਰ ਮਿਲਾਂਗੇ ਪਰ ਮਰਨ ਵਾਲਾ ਹੱਥ ਹਿਲਾ-ਹਿਲਾ ਕੇ ਨਹੀਂ ਵਿਛੜਦਾ, ਇਸੇ ਕਰਕੇ ਉਹ ਫਿਰ ਕਦੇ ਨਹੀਂ ਮਿਲਦਾ।

ਸਕੂਲ, ਕਾਲਜ ਵਿਚ ਪੜ੍ਹਾਈ ਮੁੱਕਣ ਉੱਤੇ ਅਤੇ ਦਫ਼ਤਰ ਵਿਚ ਨੌਕਰੀ ਮੁੱਕਣ ਉੱਤੇ, ਜਿਹੜੀ ਵਿਦਾਇਗੀ ਪਾਰਟੀ ਹੁੰਦੀ ਹੈ, ਉਸ ਵਿਚ ਬਾਕੀ ਜ਼ਿੰਦਗੀ ਨੂੰ ਚੰਗੇਰੇ ਢੰਗ ਨਾਲ ਗੁਜ਼ਾਰਨ ਦੀ ਕਾਮਨਾ ਕੀਤੀ ਗਈ ਹੁੰਦੀ ਹੈ ਪਰ ਅੰਤਿਮ ਵਿਦਾਇਗੀ ਜਾਂ ਅਕਾਲ-ਚਲਾਣੇ ਸਮੇਂ ਕਿਸੇ ਨਾਲ ਅਜਿਹੀ ਸ਼ੁੱਭ-ਇੱਛਾ ਦਾ ਪ੍ਰਗਟਾਵਾ ਨਹੀਂ ਕੀਤਾ ਜਾਂਦਾ।

ਮਰਿਆ ਹੋਇਆ ਬੰਦਾ ਹਮੇਸ਼ਾ ਲਈ ਸੌਖਾ, ਸੁਖਾਲਾ ਅਤੇ ਸੁਰੱਖਿਅਤ ਹੋ ਜਾਂਦਾ ਹੈ, ਉਸ ਕੋਲ ਸਭ ਕੁਝ ਬਰਦਾਸ਼ਤ ਕਰਨ ਦੀ ਸਹਿਣਸ਼ੀਲਤਾ ਹੁੰਦੀ ਹੈ ਪਰ ਮਰਨ ਉਪਰੰਤ ਉਸ ਨਾਲ ਹੋਰ ਕੁਝ ਵੀ ਨਹੀਂ ਵਾਪਰਦਾ।

ਬ੍ਰਹਿਮੰਡ ਇਤਨਾ ਵੱਡਾ ਹੈ ਕਿ ਇਸ ਵਿਚ ਜਨਮ ਲੈਣ ਵਾਲੇ ਹਰ ਕਿਸੇ ਨੂੰ ਪੂਰਾ ਸੰਸਾਰ ਮਿਲਦਾ ਹੈ। ਮਰਨਾ ਛੋਟਾ ਜਿਹਾ ਕੰਮ ਨਹੀਂ, ਮਰਨ ਸਮੇਂ ਮਿਲਿਆ ਹੋਇਆ ਸਾਰਾ ਸੰਸਾਰ ਅਤੇ ਜੀਵਨ ਵਿਚ ਜੋੜਿਆ ਸਭ ਕੁਝ ਹਮੇਸ਼ਾ ਵਾਸਤੇ

ਛੱਡਣਾ ਹੁੰਦਾ ਹੈ, ਇਸੇ ਕਰਕੇ ਕੋਈ ਮਰਨ ਲਈ ਤਿਆਰ ਨਹੀਂ ਹੁੰਦਾ ਪਰ ਇਹ ਵੀ ਸੱਚ ਹੈ ਕਿ ਆਪਣੇ ਜਿਸਮ ਨੂੰ ਢੋਂਦਾ-ਢੋਂਦਾ ਹਰ ਮਨੁੱਖ ਆਪਣੇ ਆਪ ਤੋਂ ਉਪਰਾਮ ਹੋ ਕੇ ਕਹਿਣ ਲੱਗ ਪੈਂਦਾ ਹੈ ਕਿ ਬੱਸ, ਹੋਰ ਨਹੀਂ, ਹੁਣ ਮੈਨੂੰ ਵਿਦਾ ਕਰੋ। ਇਵੇਂ ਇਕ ਪੜਾਓ 'ਤੇ ਮਨੁੱਖ, ਸੰਸਾਰ ਨਾਲੋਂ ਅਤੇ ਸੰਸਾਰ ਮਨੁੱਖ ਨਾਲੋਂ ਨਾਤਾ ਤੋੜ ਲੈਂਦਾ ਹੈ।

ਉਂਝ ਤਾਂ ਸੰਸਾਰ ਵਿਚ ਮਨੁੱਖ ਫੁੱਲਾਂ, ਬੂਟਿਆਂ, ਜੀਵ-ਜੰਤੂਆਂ ਆਦਿ ਨੂੰ ਨਿਰੰਤਰ ਮਰਦਿਆਂ ਵੇਖਦਾ ਹੈ ਪਰ ਉਸ ਵਿਚ ਮੌਤ ਬਾਰੇ ਕੁਝ ਵੀ ਸਿੱਖਣ ਦੀ ਸਮਰੱਥਾ ਅਤੇ ਯੋਗਤਾ ਨਹੀਂ।

ਹਰ ਕਿਸੇ ਨੂੰ ਮਹਿਸੂਸ ਹੁੰਦਾ ਹੈ ਕਿ ਮੌਤ ਅਚਾਨਕ ਵਾਪਰਦੀ ਹੈ ਪਰ ਹਾਦਸੇ ਜਾਂ ਹਿੰਸਾ ਆਦਿ ਵਿਚ ਮਰਨ ਤੋਂ ਇਲਾਵਾ ਕੋਈ ਵੀ ਅਚਾਨਕ ਨਹੀਂ ਮਰਦਾ, ਮਰਨ ਵਿਚ ਸਾਰੀ ਉਮਰ ਲੱਗ ਜਾਂਦੀ ਹੈ।

ਜਿਨ੍ਹਾਂ ਨੇ ਐਬ ਸਹੇੜੇ ਹੁੰਦੇ ਹਨ ਉਹ ਵੀ ਬੜੀ ਹੌਲੀ-ਹੌਲੀ ਮਰਦੇ ਹਨ।

ਸੰਸਾਰ ਦੀ ਕੇਵਲ ਇਕ-ਚੌਥਾਈ ਵਸੋਂ ਹੀ ਮੌਤ ਬਾਰੇ ਕੁਝ-ਕੁਝ ਸੁਚੇਤ ਹੋ ਕੇ ਜਿਊਂਦੀ ਹੈ, ਕਿਉਂਕਿ ਇਹ ਵਸੋਂ ਮਰਨ ਦੇ ਪ੍ਰਵਾਹ ਵਿਚ ਪਈ ਹੋਈ ਹੁੰਦੀ ਹੈ।

ਬਜ਼ੁਰਗਾਂ ਦੀ ਮੌਤ ਨੂੰ ਅਕਾਲ-ਚਲਾਣਾ ਕਹਿੰਦੇ ਹਨ, ਜਦੋਂ ਕਿ ਜਵਾਨੀ ਦੀ ਮੌਤ ਨੂੰ ਬਦਨਸੀਬੀ, ਦੁਰਘਟਨਾ ਜਾਂ ਹਾਦਸਾ ਕਿਹਾ ਜਾਂਦਾ ਹੈ।

ਗੁਜ਼ਰ ਜਾਣਾ, ਪੂਰੇ ਹੋ ਜਾਣਾ, ਕਾਲ-ਵਸ ਹੋਣਾ, ਸੁਰਗਵਾਸ ਹੋਣਾ, ਮਰਨਾ, ਅੰਤ ਹੋਣਾ, ਜੋਤੀ-ਜੋਤ ਸਮਾਉਣਾ ਆਦਿ ਪ੍ਰਗਟਾਵੇ, ਅਕਾਲ-ਚਲਾਣੇ ਦੇ ਹੀ ਵੱਖ-ਵੱਖ ਰੂਪ ਹਨ।

ਜਦੋਂ ਅਸੀਂ ਸੰਸਾਰ ਛੱਡਣ ਦੇ ਨੇੜੇ ਹੁੰਦੇ ਹਾਂ ਤਾਂ ਉਦੋਂ ਹੀ ਸ਼ਿੱਦਤ ਨਾਲ ਪਤਾ ਲੱਗਦਾ ਹੈ ਕਿ ਸੰਸਾਰ ਬੜਾ ਸੋਹਣਾ ਹੈ।

ਇਕ ਫ਼ਿਲਾਸਫ਼ਰ ਨੇ ਕਿਹਾ ਸੀ: ਮੈਂ ਮਰਨ ਤੋਂ ਘਬਰਾਉਂਦਾ ਨਹੀਂ ਪਰ ਮੁਸੀਬਤ ਇਹ ਹੈ ਕਿ ਮੈਨੂੰ ਮਰ ਕੇ ਸਵਰਗ ਜਾਣਾ ਪਵੇਗਾ, ਜਦੋਂ ਕਿ ਸੋਹਣਾ ਮੈਨੂੰ ਇਹ ਸੰਸਾਰ ਵਧੇਰੇ ਲਗਦਾ ਹੈ।

ਆਪਣੀ ਉਮਰ ਦੇ ਪਿਛਲੇ ਭਾਗ ਵਿਚ ਘਰ ਉਸਾਰਨ ਵਾਲਾ ਵਿਅਕਤੀ ਉਸ ਘਰ ਵਿਚ ਰਹਿਣ ਲਈ ਹੀ ਨਹੀਂ, ਉਸ ਵਿਚ ਮਰਨ ਬਾਰੇ ਵੀ ਸੋਚਦਾ ਹੈ।

ਪਿਤਾ ਦੇ ਅਕਾਲ-ਚਲਾਣੇ ਨਾਲ ਅਸੀਂ ਇਸ ਲਈ ਸੁੰਗੜ ਜਾਂਦੇ ਹਾਂ, ਕਿਉਂਕਿ ਉਹ ਸਾਡੀ ਕਲਪਨਾ ਵਿਚ ਵੱਡਾ ਹੁੰਦਾ ਹੈ, ਜਿਸ ਨੇ ਸਾਨੂੰ ਆਪਣੇ ਕੰਧਾੜੇ ਚੁੱਕਿਆ ਹੁੰਦਾ ਹੈ। ਪਿਤਾ ਦੇ ਮਰਨ ਨਾਲ ਸੋਝੀ ਹੁੰਦੀ ਹੈ ਕਿ ਮੌਤ ਬੜੀ ਡਾਢੀ ਹੈ। ਜਦੋਂ ਮਾਂ ਚਲਾਣਾ ਕਰਦੀ ਹੈ ਤਾਂ ਜ਼ਿੰਦਗੀ ਦੀਆਂ ਅਸੀਸਾਂ ਦੇਣ ਅਤੇ ਗਲਤੀਆਂ ਮੁਆਫ਼ ਕਰਨ ਵਾਲੀ ਅਵਾਜ਼ ਚੁੱਪ ਹੋ ਜਾਂਦੀ ਹੈ ਅਤੇ ਸਾਨੂੰ ਸੋਝੀ ਹੁੰਦੀ ਹੈ ਕਿ ਮੌਤ ਬੜੀ ਨਿਰਦਈ ਹੈ।

ਧੀਆਂ, ਮਾਵਾਂ ਤੋਂ ਬਿਨਾਂ ਨਹੀਂ ਪਲਦੀਆਂ।

ਧੀਆਂ ਲਈ ਆਪਣੇ ਪੇਕੇ ਆਉਣ ਦਾ ਚਾਅ ਉਦੋਂ ਤਕ ਹੀ ਹੁੰਦਾ ਹੈ, ਜਦੋਂ ਤੱਕ ਮਾਂ ਜਿਊਂਦੀ ਹੋਵੇ।

ਮਾਤਾ-ਪਿਤਾ ਦੇ ਚਲਾਣੇ ਨਾਲ ਸਾਡੇ ਅੰਦਰ ਇਕ ਚੁੱਪ ਬਹਿ ਜਾਂਦੀ ਹੈ। ਆਪਣੇ ਪਿਤਾ ਦਾ ਸੰਸਕਾਰ ਕਰਨ ਉਪਰੰਤ ਜਦੋਂ ਇਕ ਪੁੱਤਰ ਨੇ ਸ਼ੀਸ਼ਾ ਵੇਖਿਆ ਤਾਂ ਉਸ ਨੂੰ ਆਪਣਾ ਨਹੀਂ, ਆਪਣੇ ਪਿਤਾ ਦਾ ਚਿਹਰਾ ਵਿਖਾਈ ਦਿੱਤਾ।

ਕੋਈ ਵਿਅਕਤੀ ਬਜ਼ੁਰਗ ਉਦੋਂ ਬਣਦਾ ਹੈ ਜਦੋਂ ਉਹ ਆਪਣੇ ਪਿਤਾ ਜਾਂ ਮਾਤਾ ਵਰਗਾ ਲਗਣ ਲੱਗ ਪੈਂਦਾ ਹੈ ਅਤੇ ਉਸ ਨੂੰ ਜ਼ਿੰਦਗੀ ਵਿਚੋਂ ਉਹ ਕੁਝ ਦਿਸਣ ਲੱਗ ਪੈਂਦਾ ਹੈ ਜੋ ਮਾਪਿਆਂ ਦੇ ਹੁੰਦਿਆਂ ਦਿਸਿਆ ਨਹੀਂ ਹੁੰਦਾ।

ਮਾਪਿਆਂ ਦੇ ਟੁਰ ਜਾਣ ਨਾਲ ਜ਼ਿੰਦਗੀ ਦੀਆਂ ਸਭ ਤੋਂ ਮਜ਼ਬੂਤ ਕੜੀਆਂ ਅਤੇ ਸਾਂਝਾਂ ਸਦਾ ਲਈ ਟੁੱਟ ਜਾਂਦੀਆਂ ਹਨ ਅਤੇ ਭੈਣ-ਭਰਾ ਵੀ ਰਿਸ਼ਤੇਦਾਰ ਬਣ ਜਾਂਦੇ ਹਨ ਅਤੇ ਘਰਾਂ ਦੀਆਂ ਕੰਧਾਂ, ਸਰਹੱਦਾਂ ਬਣ ਜਾਂਦੀਆਂ ਹਨ।

ਜ਼ਰੂਰੀ ਨਹੀਂ ਕਿ ਲੜਾਈ ਸਰਹੱਦਾਂ 'ਤੇ ਹੀ ਹੋਵੇ, ਜਿਥੇ ਵੀ ਲੜਾਈ ਹੋਵੇਗੀ, ਉਥੇ ਸਰਹੱਦਾਂ ਬਣ ਜਾਣਗੀਆਂ।

ਮਾਪਿਆਂ ਦੇ ਚਲਾਣੇ ਨਾਲ ਪਰਿਵਾਰ ਉਵੇਂ ਖਿੰਡਦਾ-ਟੁੱਟਦਾ ਚਲਾ ਜਾਂਦਾ ਹੈ, ਜਿਵੇਂ ਪੰਡ ਖੁੱਲ੍ਹ ਕੇ ਖਿੱਲਰ ਜਾਂਦੀ ਹੈ, ਜਿਵੇਂ ਘੜਾ ਟੁੱਟ ਕੇ ਡੁੱਲ੍ਹ ਜਾਂਦਾ ਹੈ।

ਭਾਰਤੀ ਧਰਮਾਂ ਵਿਚ ਸਭ ਤੋਂ ਵੱਧ ਚਿੰਤਨ ਮੌਤ ਬਾਰੇ ਹੋਇਆ ਹੈ ਪਰ ਸਮਾਜਿਕ ਪੱਧਰ 'ਤੇ ਭਾਰਤ ਵਿਚ ਮੌਤ ਬਾਰੇ ਚਰਚਾ ਕਰਨੀ ਪਸੰਦ ਨਹੀਂ ਕੀਤੀ ਜਾਂਦੀ। ਚਾਹੀਦਾ ਤਾਂ ਇਹ ਹੈ ਕਿ ਸ਼ਮਸ਼ਾਨ-ਘਾਟ ਪਿੰਡ ਅਤੇ ਸ਼ਹਿਰ ਦੇ ਵਿਚਕਾਰ ਹੋਵੇ ਤਾਂ ਕਿ ਹਰ ਕਿਸੇ ਨੂੰ ਨਿੱਤ-ਦਿਨ ਜ਼ਿੰਦਗੀ ਦੇ ਯਥਾਰਥ ਦਾ ਪਤਾ ਲੱਗਦਾ ਰਹੇ ਪਰ ਮਨੁੱਖ ਦਾ ਸਮੁੱਚਾ ਯਤਨ ਮੌਤ ਪ੍ਰਤੀ ਅਵੇਸਲੇ ਹੋਣ ਦਾ ਹੁੰਦਾ ਹੈ।

ਮੌਤ ਘਟਨਾ ਦੇ ਰੂਪ ਵਿਚ ਵਾਪਰਦੀ ਹੈ, ਗੱਲਾਂ ਦੇ ਰੂਪ ਵਿਚ ਨਹੀਂ।

ਮੌਤ ਜ਼ਿੰਦਗੀ ਦੀ ਸਭ ਤੋਂ ਵੱਡੀ ਘਟਨਾ ਹੁੰਦੀ ਹੈ, ਜਿਸ ਨੂੰ ਘਟਨਾ ਨਹੀਂ, ਦੁਰਘਟਨਾ ਕਿਹਾ ਜਾਂਦਾ ਹੈ।

ਵਾਸਤਵ ਵਿਚ ਕੁਝ ਵੀ ਚੰਗਾ-ਮਾੜਾ ਨਹੀਂ ਹੁੰਦਾ, ਜਿਹੜਾ ਵਰਤਾਰਾ ਸਾਡੀ ਲੋੜ ਪੂਰੀ ਕਰੇ, ਉਸ ਨੂੰ ਚੰਗਾ ਅਤੇ ਜਿਹੜਾ ਲੋੜ ਪੂਰੀ ਨਾ ਕਰੇ, ਉਸ ਨੂੰ ਮਾੜਾ ਕਿਹਾ ਜਾਂਦਾ ਹੈ।

ਮੌਤ ਦੇ ਸੰਬੰਧ ਵਿਚ ਚੰਗੀ ਗੱਲ ਇਹ ਹੈ ਕਿ ਨਰਕ ਕੋਈ ਨਹੀਂ ਪਰ ਮਾੜੀ ਗੱਲ ਇਹ ਹੈ ਕਿ ਸਵਰਗ ਵੀ ਕੋਈ ਨਹੀਂ।

ਜਦੋਂ ਖਾਣ, ਵੇਖਣ, ਸੁਣਨ ਆਦਿ ਦੀ ਸਮਰੱਥਾ ਨਹੀਂ ਰਹਿੰਦੀ ਤਾਂ ਮਨੁੱਖ ਨੂੰ ਮੌਤ ਦੇ ਸੰਕੇਤ ਮਿਲਣ ਲੱਗ ਪੈਂਦੇ ਹਨ।

ਹਰ ਵੇਲੇ ਰਹਿਣ ਵਾਲਾ ਦਰਦ ਅਤੇ ਨਾ ਠੀਕ ਹੋਣ ਵਾਲੀ ਸੱਟ-ਫੇਟ ਨਾਲ ਸਾਡੇ ਵਿਹਾਰ ਉੱਤੇ ਰੋਕਾਂ ਲਗਦੀਆਂ ਹਨ।

ਜਿਉਂ-ਜਿਉਂ ਬੀਮਾਰੀ ਮਜ਼ਬੂਤ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਬੰਦਾ ਕਮਜ਼ੋਰ ਹੁੰਦਾ ਜਾਂਦਾ ਹੈ ਅਤੇ ਸਾਡੇ ਕਾਰਜਾਂ ਦਾ ਘੇਰਾ ਸੁੰਗੜਨ, ਮਿਲਣ-ਗਿਲਣ ਵਾਲਿਆਂ ਨਾਲ ਨੇੜਤਾ ਘਟਣ ਅਤੇ ਆਪਣਿਆਂ ਨਾਲ ਵਿੱਥ ਵਧਣ ਲੱਗ ਪੈਂਦੀ ਹੈ, ਇਕ ਪੜਾਓ 'ਤੇ ਆ ਕੇ ਸਾਡਾ ਮਨ ਅਤੇ ਸਰੀਰ ਵੀ ਆਪਸ ਵਿਚ ਰੁੱਸ ਜਾਂਦੇ ਹਨ।

ਆਮ ਕਰਕੇ ਮਨੁੱਖ ਬੀਮਾਰੀ ਨਾਲ ਨਹੀਂ ਮਰਦਾ, ਜਦੋਂ ਮਰਨਾ ਹੁੰਦਾ ਹੈ, ਉਸ ਤੋਂ ਪਹਿਲਾਂ ਉਹ ਕੋਈ ਬੀਮਾਰੀ ਸਹੇੜ ਲੈਂਦਾ ਹੈ।

ਬੀਮਾਰੀ ਸਾਨੂੰ ਆਪਣੇ ਆਪ ਨਾਲ ਗੱਲਾਂ ਕਰਨ ਅਤੇ ਅਣਜੀਵੇ ਜੀਵਨ ਬਾਰੇ ਸੋਚਣ ਦਾ ਅਵਸਰ ਦਿੰਦੀ ਹੈ।

ਛੱਪੜ ਦੇ ਪਾਣੀ ਵਾਂਗ ਸੁੱਕਦਾ ਜਾਂਦਾ ਮਨੁੱਖ, ਜਿਉਂ-ਜਿਉਂ ਮੌਤ ਵੱਲ ਵਧਦਾ ਹੈ, ਉਹ ਜ਼ਿੰਦਗੀ ਨੂੰ ਵਧੇਰੇ ਘੁੱਟ ਕੇ ਫੜਨ ਲੱਗ ਪੈਂਦਾ ਹੈ।

ਚਲਾਣਾ ਕਰ ਰਹੇ ਇਕ ਬਜ਼ੁਰਗ ਦਾ ਇਕ ਵਾਰੀ ਜਦੋਂ ਮੈਂ ਹੱਥ ਘੁੱਟਿਆ ਤਾਂ ਆਖਰੀ ਸਾਹਾਂ ਵਿਚ ਹੋਣ ਦੇ ਬਾਵਜੂਦ, ਉਹ ਬਜ਼ੁਰਗ ਕਹਿਣ ਲੱਗੇ: ਮੈਂ ਤੇਰੇ ਨਾਲ ਹਾਂ, ਤੂੰ ਮੇਰੇ ਨਾਲ ਰਹੀਂ।

ਪੁੱਤਰ ਭਾਵੇਂ ਅੱਸੀਆਂ ਦਾ ਹੋਕੇ ਮਰੇ ਪਰ ਮਾਂ ਇਹੀ ਕਹੇਗੀ: ਹਾਏ ਓਏ ਮੇਰਿਆ ਗੱਭਰੂਆ ਪੁੱਤਾ, ਤੇਰੀ ਥਾਂ ਮੈਂ ਮਰ ਜਾਂਦੀ।

ਇੱਕ ਇਸਤਰੀ ਨੱਬੇ ਸਾਲ ਦੇ ਪਿਤਾ ਦੇ ਚਲਾਣੇ 'ਤੇ ਰੋਂਦਿਆਂ ਕਹਿ ਰਹੀ ਸੀ: ਉਨ੍ਹਾਂ ਦੇ ਹੁੰਦਿਆਂ ਸਾਨੂੰ ਲੱਗਿਆ ਹੀ ਨਹੀਂ ਸੀ ਕਿ ਅਸੀਂ ਆਪ ਇਤਨੇ ਵੱਡੇ ਹੋ ਗਏ ਹਾਂ, ਉਹ ਆਪ ਕਿਹਾ ਕਰਦੇ ਸਨ ਕਿ ਮੈਂ ਸੌ ਸਾਲ ਪੂਰੇ ਕਰਾਂਗਾ।

ਇਸ ਇਸਤਰੀ ਨੂੰ ਪਿਤਾ ਦੇ ਮਰਨ ਦਾ ਦੁੱਖ ਨਹੀਂ ਸੀ, ਪਿਤਾ ਵਲੋਂ ਸੌ ਸਾਲ ਪੂਰੇ ਨਾ ਕਰਨ ਦੀ ਚਿੰਤਾ ਸੀ।

ਪਿਤਾ ਦੇ ਜਿਊਂਦਿਆਂ, ਸੰਤਾਨ ਕਦੇ ਆਪਣੇ ਮਰਨ ਬਾਰੇ ਨਹੀਂ ਸੋਚਦੀ।

ਜਾਣ ਵਾਲਾ ਚਲਾ ਜਾਂਦਾ ਹੈ ਪਰ ਉਸ ਦਾ ਬਣਾਇਆ ਅਤੇ ਜੋੜਿਆ ਹੋਇਆ ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ, ਜਿਸ ਵਿਚੋਂ ਸਾਨੂੰ ਜਾਣ ਵਾਲੇ ਦੇ ਝਾਵਲੇ ਪੈਂਦੇ ਰਹਿੰਦੇ ਹਨ।

ਸੰਸਕਾਰ ਕਰਨ ਉਪਰੰਤ ਚਲਾਣਾ ਕਰ ਜਾਣ ਵਾਲੇ ਦੇ ਕਮਰੇ ਵਿਚ ਜਾਈਏ ਤਾਂ ਕਮਰਾ ਭਾਵੇਂ ਖਾਲੀ-ਖਾਲੀ, ਖੁੱਲ੍ਹਾ-ਖੁੱਲ੍ਹਾ ਪ੍ਰਤੀਤ ਹੁੰਦਾ ਹੈ ਪਰ ਉਸ ਦੀਆਂ ਨਿੱਜੀ ਚੀਜ਼ਾਂ-ਵਸਤਾਂ ਵਿਚੋਂ ਉਹ ਆਪ ਵਿਖਾਈ ਦਿੰਦਾ ਹੈ।

ਇਸ ਕਮਰੇ ਦੀ ਸਫ਼ਾਈ ਕਰਦਿਆਂ ਅਕਸਰ ਸਾਂਭਣਯੋਗ ਅਤੇ ਤਿਆਗਣ-

ਯੋਗ ਚੀਜ਼ਾਂ ਦੀਆਂ ਢੇਰੀਆਂ ਲਾਈਆਂ ਜਾਂਦੀਆਂ ਹਨ ਪਰ ਝੱਟ ਮਗਰੋਂ ਹੀ ਤਿਆਗਣਯੋਗ ਚੀਜ਼ਾਂ, ਮੁੜ ਸਾਂਭਣਯੋਗ ਚੀਜ਼ਾਂ ਵਿਚ ਸ਼ਾਮਲ ਹੋ ਜਾਂਦੀਆਂ ਹਨ।

ਪਤਨੀ ਦੇ ਮਰਨ 'ਤੇ ਸਭ ਤੋਂ ਉਦਾਸ ਥਾਂ ਰਸੋਈ ਹੁੰਦੀ ਹੈ, ਜਦੋਂ ਕਿ ਪਤੀ ਦੇ ਮਰਨ 'ਤੇ ਪਤਨੀ ਨੂੰ, ਪਤੀ ਦੇ ਕੱਪੜਿਆਂ ਦੀ ਅਲਮਾਰੀ ਅਤੇ ਉਸ ਦੀ ਹਰੇਕ ਚੀਜ਼ ਬਹੁਤ ਉਦਾਸ ਕਰਦੀ ਹੈ।

ਜੇ ਮਾਪੇ ਸੰਤਾਨ ਦੀ ਹਾਜ਼ਰੀ ਵਿਚ ਮਰਨ ਤਾਂ ਸੰਤਾਨ ਵਿਚ ਮੌਤ ਦਾ ਡਰ ਘੱਟ ਜਾਂਦਾ ਹੈ। ਮਰਨ ਸਮੇਂ ਨੀਂਦਰ ਜਿਹੀ ਆ ਜਾਂਦੀ ਹੈ ਪਰ ਇਸ ਨੀਂਦਰ ਉਪਰੰਤ ਮਨੁੱਖ ਫਿਰ ਕਦੇ ਜਾਗਦਾ ਨਹੀਂ।

ਰਿਸ਼ੀ-ਮੁਨੀ ਹਰ ਰੋਜ਼ ਸੌਣ ਸਮੇਂ, ਮਰਨ ਦਾ ਅਤੇ ਸਵੇਰੇ ਜਾਗਣ ਸਮੇਂ, ਜਨਮ ਲੈਣ ਦਾ ਅਭਿਆਸ ਕਰਿਆ ਕਰਦੇ ਸਨ।

ਧਰਮ ਅਤੇ ਧਾਰਮਿਕ ਗ੍ਰੰਥ ਕਹਿੰਦੇ ਹਨ ਕਿ ਜੇ ਮਰਨਾ ਸਿੱਖ ਲਈਏ ਤਾਂ ਜਿਊਣਾ ਆ ਜਾਂਦਾ ਹੈ।

ਜੇ ਸਾਨੂੰ ਇਹ ਸਮਝ ਆ ਜਾਵੇ ਕਿ ਮੈਂ ਕਿਸੇ ਵੇਲੇ ਵੀ ਮਰ ਸਕਦਾ ਹਾਂ ਤਾਂ ਸਾਡਾ ਸਮੁੱਚਾ ਵਿਹਾਰ ਵੱਖਰੀ ਭਾਂਤ ਦਾ ਹੋ ਜਾਵੇਗਾ।

ਪਰਿਵਾਰ ਸਾਨੂੰ ਮਰਨ ਵਿਚ ਸਹੂਲਤ ਵੀ ਦਿੰਦਾ ਹੈ ਅਤੇ ਰੁਕਾਵਟ ਵੀ ਬਣਦਾ ਹੈ ਪਰ ਪਰਿਵਾਰ ਵਿਚ ਰਹਿੰਦਿਆਂ, ਵਿਛੋੜੇ ਸਹਿਣਯੋਗ ਹੋ ਜਾਂਦੇ ਹਨ।

ਪਰਿਵਾਰ ਵਿਚ ਬੱਚੇ ਆਉਂਦੇ ਰਹਿੰਦੇ ਹਨ ਅਤੇ ਬਜ਼ੁਰਗ ਜਾਂਦੇ ਰਹਿੰਦੇ ਹਨ।

ਜੇ ਅਸੀਂ ਸੱਠ-ਪੈਂਹਠ ਸਾਲ ਦੇ ਹਾਂ ਤਾਂ ਅਸੀਂ ਉਨ੍ਹਾਂ ਲੱਖਾਂ-ਕਰੋੜਾਂ ਨਾਲੋਂ ਚੰਗੇ ਹਾਂ ਜਿਹੜੇ ਇਸ ਉਮਰ ਨੂੰ ਨਹੀਂ ਅਪੜ ਸਕੇ।

ਜੇ ਮਾਤਾ-ਪਿਤਾ ਹੁਣੇ-ਹੁਣੇ ਗੁਜ਼ਰੇ ਹੋਣ ਤਾਂ ਸੋਚੋ ਕਿ ਕਈਆਂ ਦੇ ਤਾਂ ਬਚਪਨ ਵਿਚ ਹੀ ਚਲਾਣਾ ਕਰ ਜਾਂਦੇ ਹਨ।

ਮਿਲੀ ਜ਼ਿੰਦਗੀ ਦਾ ਸ਼ੁਕਰਾਨਾ ਕਰਨ ਵਾਲਾ ਮਨੁੱਖ, ਆਪਣੀ ਜ਼ਿੰਦਗੀ ਦੀ ਤਸੱਲੀ ਵਧਾ ਲੈਂਦਾ ਹੈ।

ਅਕਸਰ ਵੇਖਿਆ ਗਿਆ ਹੈ ਕਿ ਪ੍ਰਮਾਤਮਾ ਦੀ ਨੇੜਤਾ ਮਾਣਨ ਵਾਲੇ ਕਈ ਚੰਗੇ ਬੰਦੇ ਬੜਾ ਦੁੱਖ ਪਾ ਕੇ ਮਰਦੇ ਹਨ। ਇਸ ਬਾਰੇ ਧਰਮ ਕਹਿੰਦਾ ਹੈ ਕਿ ਦੁੱਖ ਸਜ਼ਾ ਨਹੀਂ, ਪ੍ਰਮਾਤਮਾ ਦੇ ਨੇੜੇ ਹੋਣ ਦੀ ਕੀਮਤ ਹੈ।

ਨਿਰਸੰਦੇਹ ਜਿਸ ਨੇ ਵੀ ਜੀਵਨ ਕਮਾਇਆ ਹੈ, ਘਾਲਣਾ ਘਾਲੀ ਹੈ, ਉਸ ਨੂੰ ਦੁੱਖ ਸਹਿਣੇ ਪਏ ਹਨ।

ਜਦੋਂ ਮਨੁੱਖ ਕਹਿੰਦਾ ਹੈ ਕਿ ਚੰਗੇ ਬੰਦੇ ਅਰਾਮ ਨਾਲ ਮਰਨ ਅਤੇ ਭੈੜੇ ਦੁੱਖ ਭੋਗਣ ਤਾਂ ਉਹ ਆਪਣੇ ਭੈੜਾ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਚੰਗੇ ਬੰਦਿਆਂ ਵਿਚ ਹੀ ਗਿਣ ਰਿਹਾ ਹੁੰਦਾ ਹੈ।

ਮੇਰੀ ਰਿਸ਼ਤੇਦਾਰੀ ਵਿਚੋਂ ਇਕ ਭੂਆ ਹੁੰਦੀ ਸੀ, ਜਿਹੜੀ ਲੋਕਾਂ ਨੂੰ ਬੜੀ ਸੌਖ ਨਾਲ ਬੜਾ ਤੰਗ ਕਰਦੀ ਸੀ, ਉਹ ਝੂਠ-ਸੱਚ ਇਕੋ ਨਿਪੁੰਨਤਾ ਨਾਲ ਬੋਲਦੀ ਸੀ ਅਤੇ ਲਗਾਈ-ਬੁਝਾਈ ਵੀ ਚੰਗੀ ਕਰ ਲੈਂਦੀ ਸੀ। ਜਦੋਂ ਉਸ ਦੀਆਂ ਗੱਲਾਂ ਚੱਲ ਪੈਂਦੀਆਂ ਸਨ ਤਾਂ ਮੁੱਕਣ ਵਿਚ ਹੀ ਨਹੀਂ ਸਨ ਆਉਂਦੀਆਂ। ਸੰਜੋਗਵਸ ਉਹ ਅਚਾਨਕ ਹੀ ਸੁੱਤੀ-ਸੁੱਤੀ ਮਰ ਗਈ ਅਤੇ ਸਾਰੇ ਰਿਸ਼ਤੇਦਾਰ ਇਸ ਗੱਲ ਤੋਂ ਪ੍ਰੇਸ਼ਾਨ ਸਨ ਕਿ ਸਾਰਾ ਜੀਵਨ, ਦੂਜਿਆਂ ਨੂੰ ਔਖਿਆਂ ਕਰਨ ਵਾਲੀ, ਇਤਨੀ ਸੌਖਿਆਂ ਕਿਉਂ ਮਰ ਗਈ ਸੀ।

ਮੇਰੇ ਇਕ ਸਹਿਕਰਮੀ ਦੇ ਘਰ ਉਪਰੋਥਲੀ ਕਈ ਮੌਤਾਂ ਹੋਈਆਂ ਪਰ ਉਸ ਦਾ ਨਸ਼ਾ-ਪਾਣੀ ਨਿਰੰਤਰ ਚੱਲਦਾ ਰਿਹਾ। ਉਹ ਆਪ ਕਿਹਾ ਕਰਦਾ ਸੀ ਕਿ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਜਿਸ ਦਿਨ ਉਸ ਦੀ ਮਾਂ ਮਰੀ, ਉਸ ਦਿਨ ਵੀ ਅਤੇ ਜਿਸ ਦਿਨ ਪਿਤਾ ਮਰਿਆ, ਉਸ ਦਿਨ ਵੀ ਉਸ ਨੇ ਰੋਜ਼ ਵਾਂਗ ਹੀ ਸ਼ਰਾਬ ਪੀਤੀ। ਜੋ ਉਮਰ ਭਰ ਨਾ ਰੋਇਆ, ਉਹ ਆਪਣੀ ਧੀ ਦੇ ਵਿਧਵਾ ਹੋਣ 'ਤੇ ਬਹੁਤ ਰੋਇਆ ਅਤੇ ਦਿਨਾਂ ਵਿਚ ਹੀ ਉਹ ਪੂਰੀ ਤਰ੍ਹਾਂ ਮੁਰਝਾ ਗਿਆ। ਇਕ ਦਿਨ ਉਹ ਇੰਜ ਮਿਲਿਆ ਜਿਵੇਂ ਸੁਪਨਾ ਵੇਖਣ ਮਗਰੋਂ ਅਸਲੀਅਤ ਮਿਲਦੀ ਹੈ ਅਤੇ ਉਹ ਮਹੀਨੇ ਦੇ ਅੰਦਰ-ਅੰਦਰ ਚਲਾਣਾ ਕਰ ਗਿਆ।

ਨਿਰਸੰਦੇਹ ਕਈ ਵਿਅਕਤੀ ਬੜੇ ਧੀਰਜ ਨਾਲ, ਸ਼ਾਂਤ ਹੋ ਕੇ ਮਰਦੇ ਹਨ। ਸਾਡੇ ਮੁਹੱਲੇ ਵਿਚ ਇਕ ਇਸਤਰੀ ਆਪਣੇ ਅੰਤਲੇ ਦਿਨਾਂ ਵਿਚ ਕਹਿਣ ਲੱਗ ਪਈ ਕਿ ਬਾਬਾ ਜੀ, ਮੈਨੂੰ ਬੁਲਾ ਰਹੇ ਹਨ। ਭਾਵੇਂ ਬਾਬਾ ਜੀ ਕਿਧਰੇ ਨਹੀਂ ਸਨ ਪਰ ਉਸ ਦੀ ਸ਼ਰਧਾ ਨੂੰ ਬਾਬਾ ਜੀ ਜ਼ਰੂਰ ਦਿਸਦੇ ਹੋਣਗੇ। ਪਤੀ ਨੂੰ ਸਤਿਕਾਰ ਭਰੇ ਸੰਬੋਧਨ ਵਿਚ, ਪ੍ਰਸੰਨ-ਚਿੱਤ ਨਾਲ ਬੋਲੇ ਉਸ ਦੇ ਅੰਤਲੇ ਸ਼ਬਦ ਸਨ: ਕੋਈ ਗਲਤੀ ਹੋ ਗਈ ਹੋਵੇ ਤਾਂ ਮੁਆਫ਼ ਕਰਨੀ, ਬਾਕੀ ਸੇਵਾ ਅਗਲੇ ਜਨਮ ਵਿਚ ਕਰਾਂਗੀ। ਇਹ ਕਹਿੰਦਿਆਂ ਉਹ ਜ਼ਿੰਦਗੀ-ਮੌਤ ਵਿਚਲਾ ਸਾਗਰ ਬੜੇ ਸ਼ਾਂਤ ਸਾਹਾਂ ਨਾਲ ਲੰਘ ਗਈ। ਉਸ ਦੇ ਸ਼ਾਂਤ ਚਿਹਰੇ ਨੂੰ ਵੇਖ ਕੇ ਮੇਰਾ ਮਨ ਬੋਲਿਆ ਕਿ ਮੈਂ ਜਦੋਂ ਵੀ ਮਰਾਂ, ਮੈਂ ਵੀ ਇਵੇਂ ਹੀ ਮਰਾਂ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ, ਅਕਸਰ ਵਧੇਰੇ ਧੀਰਜ ਅਤੇ ਸੰਤੋਖੀ ਬਿਰਤੀ ਨਾਲ ਮਰਦੀਆਂ ਹਨ।

ਨਿਰਸੰਦੇਹ ਕਈ ਬਜ਼ੁਰਗ ਵੀ ਮਹਾਂਪੁਰਸ਼ਾਂ ਵਾਂਗ ਬੜੇ ਸਹਿਜ, ਧੀਰਜ ਅਤੇ ਸਲੀਕੇ ਨਾਲ ਚਲਾਣਾ ਕਰਦੇ ਹਨ।

ਮੇਰੀ ਯੂਨੀਵਰਸਿਟੀ ਦੇ ਇਕ ਬਜ਼ੁਰਗ ਵਿਦਵਾਨ ਸਨ, ਜਿਨ੍ਹਾਂ ਦੇ ਚਲਾਣੇ ਦਾ ਮੈਨੂੰ ਆਪਣੇ ਪਿਤਾ ਦੇ ਚਲਾਣੇ ਨਾਲੋਂ ਵੀ ਵੱਡਾ ਘਾਟਾ ਮਹਿਸੂਸ ਹੁੰਦਾ ਹੈ। ਉਹ ਸਧਾਰਨ ਵਿਅਕਤੀਆਂ ਦੀ ਅਜਿਹੀ ਖੁਸ਼ਹਾਲ ਅਤੇ ਵਿਸ਼ੇਸ਼ ਵੰਨਗੀ ਸਨ,

ਜਿਨ੍ਹਾਂ ਦੀ ਨਸਲ ਲੋਪ ਹੁੰਦੀ ਜਾ ਰਹੀ ਹੈ। ਉਹ ਪੁਰਾਤਨ ਗਿਆਨ ਦੇ ਆਧੁਨਿਕ ਵਿਦਵਾਨ ਸਨ। ਉਨ੍ਹਾਂ ਨੇ ਜ਼ਿੰਦਗੀ ਨਾਲ ਜੋ ਵੀ ਵਾਅਦਾ ਕੀਤਾ, ਉਹ ਪੂਰਾ ਕੀਤਾ, ਵਿਦਿਆਰਥੀਆਂ ਨਾਲ ਕੀਤੇ ਵਾਅਦੇ ਉਹ ਪਹਿਲਾਂ ਹੀ ਪੂਰੇ ਕਰ ਚੁੱਕੇ ਸਨ। ਉਹ ਗੰਧਲੇ ਪਾਣੀਆਂ ਨੂੰ ਨਿਖਾਰਨ ਵਾਲੀ ਫੱਟਕੜੀ ਸਨ। ਰੱਬ ਕਰੇ, ਇਹੋ ਜਿਹੇ ਬੰਦੇ ਰੋਜ਼-ਰੋਜ਼ ਜੰਮਣ। ਉਨ੍ਹਾਂ ਦਾ ਸਮੁੱਚਾ ਜੀਵਨ ਰੀਸ ਕਰਨ ਦੇ ਯੋਗ ਸੀ। ਉਹ ਮਨੁੱਖਾਂ ਵਾਂਗ ਅਧੂਰੇ ਸਨ ਪਰ ਉਹ ਅਧੂਰੇਪਣ ਦੀ ਸੰਪੂਰਨਤਾ ਸਨ। ਕੋਈ ਜੀਵੇ ਤਾਂ ਉਨ੍ਹਾਂ ਵਾਂਗ ਜੀਵੇ, ਸਹਿਜ, ਸੋਹਣੀ, ਸੰਤੁਲਿਤ ਜ਼ਿੰਦਗੀ। ਕੋਈ ਜਾਵੇ ਤਾਂ ਉਨ੍ਹਾਂ ਵਾਂਗ ਜਾਵੇ ਅਤੇ ਸਭ ਦੇ ਮਨ ਵਿਚ ਹਮੇਸ਼ਾ ਲਈ ਵੱਸ ਜਾਵੇ।

ਉਨ੍ਹਾਂ ਦਾ ਸੰਸਕਾਰ ਉਨ੍ਹਾਂ ਦੇ ਕੁਝ ਵਿਦਿਆਰਥੀਆਂ ਨੇ ਹੀ ਕੀਤਾ ਸੀ ਅਤੇ ਸੰਸਕਾਰ ਵੇਲੇ ਲੱਗ ਰਿਹਾ ਸੀ, ਜਿਵੇਂ ਵਿਸ਼ਾਲ ਲਾਇਬਰੇਰੀ ਵਿਚੋਂ ਲਾਟਾਂ ਨਿਕਲ ਰਹੀਆਂ ਹੋਣ।

ਅੱਜ ਦੇ ਜ਼ਮਾਨੇ ਵਿਚ, ਲੋਭ-ਲਾਲਚ ਤੋਂ ਉੱਚੇ, ਉਨ੍ਹਾਂ ਵਰਗੇ ਕਿਸੇ ਬੰਦੇ ਦਾ ਮਿਲ ਜਾਣਾ ਸੁਭਾਗ ਹੈ।

ਵੇਖਿਆ ਗਿਆ ਹੈ ਕਿ ਵਿਦਵਾਨਾਂ, ਲੇਖਕਾਂ ਜਾਂ ਕਵੀਆਂ ਦੀ ਅਰਥੀ ਨਾਲ ਬਹੁਤੇ ਲੋਕ ਨਹੀਂ ਜਾਂਦੇ। ਕਾਰਨ ਇਹ ਹੁੰਦਾ ਹੈ ਕਿ ਵਿਦਵਾਨ ਜਾਂ ਕਲਾਕਾਰ ਸਾਡੇ ਰਿਸ਼ਤੇਦਾਰ ਨਹੀਂ ਹੁੰਦੇ। ਰਿਸ਼ਤੇਦਾਰਾਂ ਨਾਲ ਸਾਡਾ ਸੰਬੰਧ ਵਿਖਾਵੇ ਦਾ ਹੁੰਦਾ ਹੈ, ਉਨ੍ਹਾਂ ਦੇ ਸੰਸਕਾਰ ਜਾਂ ਭੋਗ 'ਤੇ ਅਸੀਂ ਦਿੱਸਣ ਲਈ ਜਾਂਦੇ ਹਾਂ। ਉਨ੍ਹਾਂ ਨਾਲ ਸਾਨੂੰ ਉਤਨੀ ਹਮਦਰਦੀ ਨਹੀਂ ਹੁੰਦੀ, ਜਿਤਨੀ ਅਸੀਂ ਪ੍ਰਗਟਾਉਂਦੇ ਹਾਂ। ਕਵੀਆਂ, ਕਲਾਕਾਰਾਂ ਨਾਲ ਅਜਿਹਾ ਝੂਠਾ ਵਿਹਾਰ ਕਰਨ ਦੀ ਮਜਬੂਰੀ ਨਹੀਂ ਹੁੰਦੀ। ਰਿਸ਼ਤੇਦਾਰ ਦਾ ਭੋਗ ਪੈਂਦਾ ਹੈ, ਉਹ ਭੁੱਲ ਜਾਂਦਾ ਹੈ ਪਰ ਕਵੀ, ਕਲਾਕਾਰ ਆਪਣੀਆਂ ਲਿਖਤਾਂ ਵਿਚ ਜਿਊਂਦੇ ਹਨ। ਕੋਈ ਮੰਨਦਾ ਹੀ ਨਹੀਂ ਕਿ ਉਹ ਮਰ ਗਏ ਹਨ ਕਿਉਂਕਿ ਆਪਣੇ ਚੇਤਿਆਂ ਵਿਚ ਅਸੀਂ ਉਨ੍ਹਾਂ ਨੂੰ ਮਿਲਦੇ ਰਹਿੰਦੇ ਹਾਂ।

ਜ਼ਿੰਦਗੀ ਦੀ ਡੂੰਘੀ ਸੂਝ ਤੋਂ ਬਿਨਾ ਨਾ ਮੌਤ ਬਾਰੇ ਕੋਈ ਚੰਗੀ ਕਵਿਤਾ ਲਿਖੀ ਜਾ ਸਕਦੀ ਹੈ ਅਤੇ ਨਾ ਹੀ ਜ਼ਿੰਦਗੀ ਬਾਰੇ ਚੰਗੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਮੌਤ ਤੋਂ ਬਿਨਾ ਜ਼ਿੰਦਗੀ ਨੂੰ ਸੋਚ ਕੇ ਤਾਂ ਵੇਖੋ!

ਮੌਤ ਕਾਰਨ ਹੀ ਜ਼ਿੰਦਗੀ ਵਿਚ ਸ਼ਿੱਦਤ ਅਤੇ ਜੁੰਬਸ਼ ਹੈ।

ਜੀਵਨ ਇਸ ਲਈ ਮੁੱਲਵਾਨ ਹੈ ਕਿਉਂਕਿ ਮੌਤ ਆ ਰਹੀ ਹੈ। ਜੇ ਇਵੇਂ ਨਾ ਹੁੰਦਾ ਤਾਂ ਹਰ ਕਿਸੇ ਨੇ ਹਰ ਕੰਮ ਮੁਲਤਵੀ ਕਰਦੇ ਰਹਿਣਾ ਸੀ।

ਕੱਲ੍ਹ ਮੌਤ ਹੋ ਸਕਦੀ ਹੈ, ਇਸੇ ਲਈ ਅੱਜ ਮਹੱਤਵਪੂਰਨ ਹੈ।

ਅਸੀਂ ਆਪਣੇ ਪਿਆਰਿਆਂ ਤੋਂ ਅਤੇ ਸਾਡੇ ਪਿਆਰੇ ਸਾਡੇ ਤੋਂ ਵਿਛੜ ਜਾਣ ਦੇ ਡਰ ਕਰਕੇ ਹੀ ਸਾਨੂੰ ਪਿਆਰੇ ਲਗਦੇ ਹਨ।

ਅਸੀਂ ਅਕਸਰ ਬਜ਼ੁਰਗਾਂ ਨੂੰ ਮਰਦੇ ਵੇਖਦੇ ਹਾਂ ਪਰ ਬਜ਼ੁਰਗ ਵੀ ਉਦੋਂ ਹੀ ਮਰਦੇ ਹਨ, ਜਦੋਂ ਉਨ੍ਹਾਂ ਕੋਲ ਭਵਿੱਖ ਦੀ ਕੋਈ ਵਿਉਂਤ ਨਹੀਂ ਹੁੰਦੀ ਅਤੇ ਕੇਵਲ ਅਤੀਤ ਦੇ ਵੇਰਵੇ ਰਹਿ ਜਾਂਦੇ ਹਨ।

ਬਜ਼ੁਰਗੀ ਉਸ ਉਮਰ ਨੂੰ ਕਹਿੰਦੇ ਹਨ ਜਦੋਂ ਸਾਡੇ ਮਾਪੇ ਮਰ ਚੁੱਕੇ ਹੋਣ ਅਤੇ ਮਰਨ ਦੀ ਵਾਰੀ ਸਾਡੀ ਹੋਵੇ ਅਤੇ ਜਦੋਂ ਕੋਈ ਨਵਾਂ ਬੰਦਾ ਮਿਲੇ ਤਾਂ ਉਸ ਵਰਗੇ ਕਿਸੇ ਪੁਰਾਣੇ ਬੰਦੇ ਦੀ ਯਾਦ ਆਵੇ। ਸਾਰੇ ਕੰਮ ਮੁਕਾ ਕੇ, ਹੋਰ ਜੀਣ ਦੀ ਇੱਛਾ, ਅਧੂਰੇਪਣ ਦਾ ਦਰਦ ਹੁੰਦੀ ਹੈ। ਜੇ ਜ਼ਿੰਦਗੀ ਠੀਕ ਢੰਗ ਨਾਲ ਜੀਵੀ ਗਈ ਹੋਵੇ ਤਾਂ ਮਰਨ ਤੋਂ ਸੰਕੋਚ ਨਹੀਂ ਹੁੰਦਾ।

ਵੱਡੀ ਉਮਰ ਦੇ ਮਰ ਰਹੇ ਵਿਅਕਤੀ ਨਾਲ ਅਕਸਰ ਇਵੇਂ ਹੁੰਦਾ ਹੈ ਕਿ ਉਹ ਬਹੁਤ ਅਰਸਾ ਪਹਿਲਾਂ ਮਰ ਗਿਆਂ ਨੂੰ ਅਵਾਜ਼ਾਂ ਮਾਰਨ ਲੱਗ ਪੈਂਦਾ ਹੈ ਅਤੇ ਉਸ ਵਿਚ ਭਾਂਤ-ਭਾਂਤ ਦੀਆਂ ਗੱਲਾਂ ਕਰਨ ਦੀ, ਆਪਣਾ ਅਤੀਤ ਫਰੋਲਣ ਦੀ, ਇੱਛਾ ਜਾਗਦੀ ਹੈ। ਸਰੀਰ ਨਿਘਰਦਾ ਜਾਂਦਾ ਹੈ ਪਰ ਯਾਦਾਂ ਉਸ ਦੀਆਂ ਜਵਾਨ ਹੁੰਦੀਆਂ ਜਾਂਦੀਆਂ ਹਨ, ਸੋ ਚਲਾਣੇ ਤੋਂ ਪਹਿਲਾਂ ਬਜ਼ੁਰਗਾਂ ਦੀਆਂ ਗੱਲਾਂ ਸੁਣੋ, ਉਨ੍ਹਾਂ ਨੂੰ ਸੁੱਖ ਮਿਲੇਗਾ।

ਬਜ਼ੁਰਗਾਂ ਦੇ ਚਲਾਣੇ ਨਾਲ, ਜਵਾਨ ਜ਼ਿੰਮੇਵਾਰ ਹੋ ਜਾਂਦੇ ਹਨ।

ਮਰਨ ਵਾਲਾ ਬੰਦਾ ਕਿਸੇ ਦੇ ਰਾਹ ਦੀ ਰੁਕਾਵਟ ਨਹੀਂ ਬਣਦਾ।

ਜੇ ਮਰੇ ਬੰਦੇ ਨੂੰ ਪੁੱਛੋ ਕੀ ਹਾਲ ਹੈ? ਜੇ ਉਹ ਬੋਲ ਸਕਦਾ ਹੋਵੇ ਤਾਂ ਇਹੀ ਕਹੇਗਾ: ਮੇਰਾ ਹਾਲ ਤੁਹਾਡੇ ਵਰਗਾ ਨਹੀਂ ਅਤੇ ਤੁਹਾਡਾ ਮੇਰੇ ਵਰਗਾ ਨਹੀਂ।

ਲੋਕ ਸ਼ਮਸ਼ਾਨ-ਘਾਟ ਵੱਲ ਜਾਂਦੀ ਅਰਥੀ ਲਈ ਰਸਤਾ, ਇਹ ਸੋਚ ਕੇ ਛੱਡ ਦਿੰਦੇ ਹਨ ਕਿ ਇਸ ਨੇ ਜਾਣਾ ਹੀ ਜਾਣਾ ਹੈ, ਵਾਪਸ ਨਹੀਂ ਆਉਣਾ।

ਕਿਸੇ ਨੇ ਪੁੱਛਿਆ ਸੀ: ਮੇਰੇ ਮਰਨ ਮਗਰੋਂ ਕੀ ਹੋਵੇਗਾ? ਉੱਤਰ ਮਿਲਿਆ: ਸੰਸਕਾਰ ਅਤੇ ਅੰਤਿਮ ਅਰਦਾਸ। ਸ਼ਾਇਦ ਉਹ ਸੁਣਨਾ ਇਹ ਚਾਹੁੰਦਾ ਸੀ ਕਿ ਉਸ ਦੇ ਚਲਾਣੇ ਨਾਲ ਸਾਰਾ ਸੰਸਾਰ ਰੁਕ ਜਾਵੇਗਾ।

ਫੌਜ ਵਿਚ ਕਿਸੇ ਦੇ ਘਰ ਕਿਸੇ ਦੇ ਜਿਊਂਦੇ ਹੋਣ ਦੀ ਚਿੱਠੀ ਪਾਉਣ ਦੀ ਕੋਈ ਪ੍ਰੰਪਰਾ ਨਹੀਂ, ਚਿੱਠੀ ਮਰਨ ਦੀ ਹੀ ਪਾਈ ਜਾਂਦੀ ਹੈ।

ਕਈ ਬੰਦੇ ਜਿਊਂਦਿਆਂ ਹੀ ਮਰ ਜਾਂਦੇ ਹਨ। ਇਕ ਪੁੱਤਰ ਪਿਤਾ ਦੀ ਕੁੱਟ ਤੋਂ ਤੰਗ ਆ ਕੇ ਘਰੋਂ ਚਲਾ ਗਿਆ, ਪੰਦਰ੍ਹਾਂ ਸਾਲਾਂ ਤੋਂ ਉਡੀਕ ਰਿਹਾ ਪਿਤਾ ਕਹਿੰਦਾ ਹੈ ਕਿ ਨਾ ਮੈਂ ਜਿਊਂਦਿਆਂ ਵਿਚ ਹਾਂ ਨਾ ਮਰਿਆਂ ਵਿਚ।

ਮਰਨ ਸੰਬੰਧੀ ਹਰ ਸਮਾਜ ਦੀਆਂ ਰਸਮਾਂ-ਰੀਤਾਂ ਵੱਖਰੀ ਭਾਂਤ ਦੀਆਂ ਹੁੰਦੀਆਂ ਹਨ ਪਰ ਰਸਮਾਂ-ਰੀਤਾਂ ਹੁੰਦੀਆਂ ਜ਼ਰੂਰ ਹਨ। ਸਮਾਜ ਕੋਈ ਹੋਵੇ, ਮਰ ਗਿਆਂ ਨੂੰ ਵਿਦਾ ਕਰਨਾ, ਸਮਾਜ ਦੀ ਬੜੀ ਗੰਭੀਰ ਜ਼ਿੰਮੇਵਾਰੀ ਹੁੰਦੀ ਹੈ।

ਅਫ਼ਰੀਕੀ ਦੇਸ਼ਾਂ ਵਿਚ ਜਨਾਜ਼ੇ ਨਾਲ ਘਰ ਵਾਲੇ ਨਹੀਂ ਜਾਂਦੇ, ਕਿਰਾਏ ਉੱਤੇ ਰੋਣ ਦੇ ਮਾਹਿਰ ਜਾਂਦੇ ਹਨ। ਯਹੂਦੀ ਮੁਰਦੇ ਨੂੰ ਦਫ਼ਨਾਉਣ ਉਪਰੰਤ ਸੱਤ ਦਿਨ, ਚੁੱਪ ਬਹਿ ਕੇ ਮਾਤਮ ਕਰਦੇ ਹਨ।

ਹਰ ਸਮਾਜ ਵਿਚ ਮਾਤਮ ਕਰਨ ਦਾ ਅਰਸਾ ਵੱਖ-ਵੱਖ ਹੁੰਦਾ ਹੈ।

ਬੀਮਾ ਕੰਪਨੀਆਂ ਸਾਡੇ ਮਰਨ ਦੀਆਂ ਗੱਲਾਂ ਕਰਕੇ ਆਪਣਾ ਵਪਾਰ ਚਲਾਉਂਦੀਆਂ ਹਨ। ਸਾਡੇ ਜਲਦੀ ਮਰ ਜਾਣ ਦੀ ਸੰਭਾਵਨਾ ਪ੍ਰਗਟਾ ਕੇ ਬੀਮਾ ਕਰਨ ਉਪਰੰਤ, ਕੰਪਨੀ ਚਾਹੁੰਦੀ ਹੈ ਕਿ ਅਸੀਂ ਲੰਮੇ ਤੋਂ ਲੰਮਾ ਜੀਵਨ ਜੀਵੀਏ ਅਤੇ ਵੱਧ ਤੋਂ ਵੱਧ ਬੀਮਾ-ਕਿਸ਼ਤਾਂ ਭਰੀਏ।

ਕਈਆਂ ਦਾ ਸੰਸਕਾਰ ਨਾ ਕਰ ਸਕਣ ਦਾ ਦਰਦ ਸਾਨੂੰ ਸਾਰਾ ਜੀਵਨ ਸਤਾਉਂਦਾ ਰਹਿੰਦਾ ਹੈ। ਦੇਸ਼-ਵੰਡ ਵੇਲੇ ਫ਼ਸਾਦਾਂ ਦੇ ਸ਼ਿਕਾਰ, ਉੱਜੜ ਗਿਆਂ ਦੇ ਕਾਫ਼ਲੇ ਵਿਚ, ਮੇਰੇ ਦਾਦਾ ਜੀ, ਅੱਖ ਵਿਚ ਪੀਪੇ ਦੀ ਨੋਕ ਲੱਗਣ ਕਾਰਨ, ਨਜ਼ਰ ਗੁਆ ਬੈਠੇ ਸਨ। ਉਨ੍ਹਾਂ ਨੂੰ ਸਾਂਭਣਾ ਔਖਾ ਸੀ। ਮੇਰੇ ਮਾਪਿਆਂ ਨੂੰ ਉਨ੍ਹਾਂ ਨੇ ਆਪ ਕਿਹਾ ਕਿ ਤੁਸੀਂ ਮੈਨੂੰ ਸੜਕ ਦੇ ਇਕ ਪਾਸੇ ਪਾ ਦਿਓ ਅਤੇ ਆਪ ਕਾਫ਼ਲੇ ਨਾਲ ਲੰਘ ਜਾਓ ਨਹੀਂ ਤਾਂ ਮੇਰਾ ਧਿਆਨ ਰੱਖਦੇ-ਰੱਖਦੇ ਤੁਸੀਂ ਆਪ ਮਾਰੇ ਜਾਓਗੇ। ਆਪਣੇ ਬਚਪਨ ਵਿਚ, ਆਪਣੀ ਮਾਂ ਨੂੰ ਮੈਂ ਇਹ ਗੱਲ ਯਾਦ ਕਰਕੇ ਰੋਂਦਿਆਂ, ਕਈ ਵਾਰ ਵੇਖਿਆ ਸੀ। ਉਹ ਕਈ ਸਾਲ ਮਗਰੋਂ ਪਾਕਿਸਤਾਨ ਵਿਚ ਉਹ ਥਾਂ ਵੇਖਣ ਗਈ, ਜਿਥੇ ਮੇਰੇ ਮਾਪੇ, ਮੇਰੇ ਦਾਦਾ ਜੀ ਨੂੰ ਛੱਡ ਕੇ ਆਪ ਲੰਘ ਆਏ ਸਨ।

ਮਰ ਗਿਆਂ ਦੀ ਯਾਦ ਵਿਚ ਆਏ ਅੱਥਰੂਆਂ ਨੂੰ ਵਗਣ ਦਿਓ; ਅੱਥਰੂ ਜ਼ਖ਼ਮੀ ਨਹੀਂ ਕਰਦੇ, ਇਹ ਜ਼ਖ਼ਮਾਂ ਨੂੰ ਭਰਦੇ ਹਨ।

ਕਿਸੇ ਵਿਛੜੇ ਨੂੰ ਯਾਦ ਕਰਕੇ ਜੇ ਰੋਣ ਨੂੰ ਮਨ ਕਰੇ, ਇਕਾਂਤ ਵਿਚ ਬਹਿ ਕੇ ਰੋਣ ਨੂੰ ਮਾਣੋ, ਇਹ ਇਨਸਾਨੀਅਤ ਦਾ ਅਹਿਸਾਸ ਦੇਣ ਵਾਲਾ, ਬੜਾ ਡੂੰਘਾ ਅਤੇ ਰੱਜਵਾਂ ਅਨੁਭਵ ਸਾਬਤ ਹੋਵੇਗਾ।

ਕਈ ਵਿਅਕਤੀਆਂ ਨੂੰ ਆਪਣੀ ਮੌਤ ਦਾ ਪਹਿਲਾਂ ਹੀ ਗਿਆਨ ਹੋ ਜਾਂਦਾ ਹੈ। ਪਤੰਜਲੀ ਦੇ ਯੋਗ ਸੂਤਰਾਂ ਅਨੁਸਾਰ ਜਿਤਨਾ ਕੋਈ ਜਨਮ ਲੈਣ ਤੋਂ ਪਹਿਲਾਂ ਗਰਭ ਵਿਚ ਸਮਾਂ ਗੁਜ਼ਾਰਦਾ ਹੈ, ਉਤਨਾ ਹੀ ਚਿਰ ਮਰਨ ਦੀ ਕਿਰਿਆ ਪੂਰੀ ਕਰਨ ਵਿਚ ਲਗਦਾ ਹੈ। ਮਰਨ ਤੋਂ ਲਗਭਗ ਨੌਂ ਮਹੀਨੇ ਪਹਿਲਾਂ, ਧੁੰਨੀ ਤੋਂ ਦੋ ਇੰਚ ਥੱਲੇ, ਸਥਿਤ ਹਾਰਾ ਕੇਂਦਰ ਦਾ ਸਰੀਰ ਨਾਲੋਂ ਸੰਬੰਧ ਟੁੱਟ ਜਾਂਦਾ ਹੈ ਅਤੇ ਹੌਲੀ-ਹੌਲੀ ਸਾਡੀਆਂ ਅੱਖਾਂ ਉਪਰ ਵੱਲ ਮੁੜਨ ਲੱਗ ਪੈਂਦੀਆਂ ਹਨ ਅਤੇ ਸੁਖਾਵੀਂ ਪ੍ਰਸੂਤ-ਪੀੜਾ ਵਾਂਗ, ਮਰਨ ਤੋਂ ਲਗਭਗ ਤਿੰਨ ਦਿਨ ਪਹਿਲਾਂ ਸਿਰ ਉਪਰ ਪ੍ਰਾਣ ਸ਼ਕਤੀ ਆਪਣੀ ਗਤੀ ਤੇਜ਼ ਕਰ ਦਿੰਦੀ ਹੈ ਅਤੇ ਪੂਰੇ ਤਿੰਨ ਦਿਨ ਮਗਰੋਂ ਮਨੁੱਖ

ਮੌਤ ਦੇ ਗਰਭ ਵਿਚ ਫਿਰ ਸੁੱਖਦਾਈ ਅਵਸਥਾ ਵਿਚ ਜਾ ਬਿਰਾਜਦਾ ਹੈ। ਯੋਗੀਆਂ ਵਿਚ ਇਸੇ ਕਾਰਨ, ਮਰਨ ਦਾ ਉਤਸ਼ਾਹ ਅਤੇ ਮੌਤ ਪ੍ਰਤੀ ਸਨਮਾਨ ਹੁੰਦਾ ਹੈ।

ਮਰਨ ਬਾਰੇ ਜਿਨ੍ਹਾਂ ਗੱਲਾਂ ਤੋਂ ਅਸੀਂ ਡਰਦੇ ਹਾਂ, ਉਨ੍ਹਾਂ ਦੀ ਕੋਈ ਤਾਕਤ ਨਹੀਂ ਹੁੰਦੀ, ਮੌਤ ਦੀ ਤਾਕਤ ਸਾਡੇ ਡਰ ਵਿਚ ਹੁੰਦੀ ਹੈ।

ਜਿਤਨਾ-ਜਿਤਨਾ ਅਸੀਂ ਕਿਸੇ ਨੂੰ ਪਿਆਰ ਕਰਦੇ ਹਾਂ, ਉਸ ਦੇ ਚਲਾਣੇ ਨਾਲ ਉਤਨਾ-ਉਤਨਾ ਅਸੀਂ ਆਪ ਵੀ ਮਰਦੇ ਹਾਂ। ਮੇਰੇ ਵੀ ਬਹੁਤੇ ਮਿੱਤਰ-ਪਿਆਰੇ ਚਲੇ ਗਏ ਹਨ, ਸੋ ਮੈਂ ਵੀ ਤਿਆਰੀ ਅਰੰਭ ਦਿੱਤੀ ਹੈ।

ਜਦੋਂ ਸੋਚਦਾ ਹਾਂ ਮੇਰੇ ਮਰਨ 'ਤੇ ਕੌਣ ਰੋਵੇਗਾ ਤਾਂ ਖਿਆਲ ਆਉਂਦਾ ਹੈ, ਥੋੜ੍ਹੇ ਜਿਹੇ ਹਨ, ਜਿਹੜੇ ਮੈਨੂੰ ਪਿਆਰ ਕਰਦੇ ਹਨ, ਕਈ ਮੈਨੂੰ ਨਫ਼ਰਤ ਵੀ ਕਰਦੇ ਹਨ ਅਤੇ ਕਈ ਫ਼ੈਸਲਾ ਨਹੀਂ ਕਰ ਰਹੇ ਕਿ ਉਹ ਮੈਨੂੰ ਪਿਆਰ ਕਰਨ ਜਾਂ ਨਫ਼ਰਤ, ਆਸ ਹੈ ਮੇਰੇ ਚਲਾਣੇ ਤੱਕ ਉਹ ਫ਼ੈਸਲਾ ਕਰ ਲੈਣਗੇ।

ਆਪਣੇ ਬਾਰੇ ਮੈਨੂੰ ਪੱਕਾ ਪਤਾ ਹੈ ਕਿ ਕੁਝ ਘੜੀਆਂ, ਪਲਾਂ, ਦਿਨਾਂ, ਮਹੀਨਿਆਂ, ਸਾਲਾਂ ਦੀ ਹੀ ਗੱਲ ਹੈ, ਹੋਰਾਂ ਵਾਂਗ ਮੈਂ ਵੀ ਇਕ ਦਿਨ ਟੁਰ ਜਾਣਾ ਹੈ ਪਰ ਭਰਪੂਰ ਤਸੱਲੀ ਹੈ ਕਿਉਂਕਿ ਜੀਵਨ ਵਿਚ ਬਹੁਤ ਕੁਝ ਮਿਲਿਆ ਹੈ, ਮੌਤ ਬਹੁਤ ਥੋੜ੍ਹਾ ਜਿਹਾ ਹੀ ਖੋਹ ਸਕੇਗੀ।

ਇਤਿਹਾਸ ਦੇ ਨਿਚੋੜ

ਮਹੱਤਵਪੂਰਨ ਘਟਨਾਵਾਂ, ਘਟਨਾਵਾਂ ਦੇ ਸਿੱਟਿਆਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਲੰਮੇ ਪ੍ਰਛਾਵਿਆਂ ਨੂੰ ਇਤਿਹਾਸ ਕਹਿੰਦੇ ਹਨ।

ਇਤਿਹਾਸ ਉਨ੍ਹਾਂ ਘਟਨਾਵਾਂ ਦਾ ਲੇਖਾ-ਜੋਖਾ ਹੁੰਦਾ ਹੈ, ਜਿਹੜੀਆਂ ਇਕ ਵਾਰੀ ਵਾਪਰਦੀਆਂ ਹਨ, ਜਿਨ੍ਹਾਂ ਦੇ ਆਧਾਰ ਤੇ ਮਨੁੱਖ ਜੀਵਨ-ਫ਼ਲਸਫ਼ਾ ਉਸਾਰਦਾ ਹੈ। ਇਵੇਂ ਉਦਾਹਰਣਾਂ ਵਾਲੇ ਫ਼ਲਸਫ਼ੇ ਨੂੰ ਇਤਿਹਾਸ ਕਹਿੰਦੇ ਹਨ।

ਹਰ ਇਤਿਹਾਸ ਦਾ ਸੰਬੰਧ ਵਿਸ਼ੇਸ਼ ਸਮੇਂ ਅਤੇ ਵਿਸ਼ੇਸ਼ ਸਮਾਜ ਨਾਲ ਹੁੰਦਾ ਹੈ।

ਸਮੇਂ ਵਿਚ ਖੜੋਤ ਨਹੀਂ ਆਉਂਦੀ, ਇਸੇ ਕਰਕੇ ਜਦੋਂ ਇਕ ਯੁੱਗ ਮੁੱਕਦਾ ਹੈ ਤਾਂ ਨਵਾਂ ਅਰੰਭ ਹੋ ਜਾਂਦਾ ਹੈ।

ਇਤਿਹਾਸ ਵਿਚ ਵਿਸ਼ਾਲਤਾ ਹੁੰਦੀ ਹੈ, ਸੰਖੇਪਤਾ ਇਤਿਹਾਸ ਦਾ ਗੁਣ ਨਹੀਂ।

ਸਾਡੀ ਧਰਤੀ ਚੌਦ੍ਹਾਂ ਅਰਬ ਸਾਲ ਪੁਰਾਣੀ ਹੈ, ਜੀਵਨ ਕੁਝ ਕਰੋੜ ਸਾਲ ਪੁਰਾਣਾ ਹੈ, ਇਤਿਹਾਸ ਕੇਵਲ ਦਸ ਹਜ਼ਾਰ ਸਾਲ ਪੁਰਾਣਾ ਹੈ, ਧਰਮ ਕੇਵਲ ਛੇ ਹਜ਼ਾਰ ਸਾਲ ਪੁਰਾਣੇ ਹਨ ਅਤੇ ਵਿਗਿਆਨ ਲਗਭਗ ਚਾਰ ਸੌ ਸਾਲ ਪੁਰਾਣਾ ਹੈ।

ਇਤਿਹਾਸ ਦਾ ਸੰਬੰਧ ਦਿਨਾਂ-ਮਹੀਨਿਆਂ ਨਾਲ ਨਹੀਂ, ਸਦੀਆਂ ਨਾਲ ਹੁੰਦਾ ਹੈ। ਅਜੋਕੇ ਮਨੁੱਖ ਕੋਲ ਇਕ ਸੌ ਸਦੀਆਂ ਨਾਲੋਂ ਪਹਿਲੇ ਸਮੇਂ ਬਾਰੇ ਅਨੁਮਾਨ ਹੀ ਹਨ। ਸੂਝਵਾਨ ਵਿਅਕਤੀ ਉਸ ਨੂੰ ਕਹਿੰਦੇ ਹਨ, ਜਿਸ ਨੂੰ ਆਪਣੇ ਖੇਤਰ ਦੇ ਲਗਭਗ ਤਿੰਨ ਹਜ਼ਾਰ ਸਾਲ ਦਾ ਇਤਿਹਾਸ ਪਤਾ ਹੋਵੇ।

ਕੇਵਲ ਮਨੁੱਖ ਕੋਲ ਅਤੀਤ ਨੂੰ ਯਾਦ ਰੱਖਣ ਦੀ ਸੋਝੀ ਹੈ, ਸੋ ਜਿਹੜੇ ਅਤੀਤ ਨੂੰ ਸਮਝਦੇ ਹਨ, ਉਹੀ ਵਰਤਮਾਨ ਨੂੰ ਚਲਾਉਂਦੇ ਹਨ।

ਜੇ ਗੁਜ਼ਰੇ ਜ਼ਮਾਨੇ ਨੂੰ ਨਾ ਸਮਝਿਆ ਜਾਵੇ ਤਾਂ ਸਾਡਾ ਵਰਤਮਾਨ ਅਤੇ ਭਵਿੱਖ ਵੀ ਮੁਲਵਾਨ ਨਹੀਂ ਬਣਦੇ। ਗੁਜ਼ਰੇ ਜ਼ਮਾਨੇ ਨੂੰ ਨਫ਼ਰਤ ਕਰਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਕੇਤ ਦਿੰਦੇ ਹਾਂ ਕਿ ਉਹ ਸਾਨੂੰ ਨਫ਼ਰਤ ਕਰਨ।

ਅਜੇ ਤੱਕ ਬਹੁਤਾ ਕਰਕੇ ਰਾਜਿਆਂ-ਮਹਾਰਾਜਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਦਾ ਇਤਿਹਾਸ ਹੀ ਲਿਖਿਆ ਗਿਆ ਹੈ, ਗਿਆਨ ਦਾ ਇਤਿਹਾਸ ਅਜੇ ਲਿਖਿਆ ਜਾਣਾ ਹੈ।

ਅਜੇ ਤੱਕ ਮਨੁੱਖ ਦੇ ਕਾਰਜਾਂ ਦਾ ਹੀ ਇਤਿਹਾਸ ਉਲੀਕਿਆ ਗਿਆ ਹੈ, ਮਨੁੱਖ ਦੇ ਸੁਪਨਿਆ ਦਾ ਇਤਿਹਾਸ ਅਜੇ ਲਿਖਿਆ ਨਹੀਂ ਗਿਆ।

ਅਜੇ ਤੱਕ ਸੰਸਾਰ ਉੱਤੇ ਤਾਕਤਵਰਾਂ ਨੇ ਰਾਜ ਕੀਤਾ ਹੈ, ਹੁਣ ਸਿਆਣਿਆਂ ਦਾ ਯੁੱਗ ਆਵੇਗਾ।

ਅਜੇ ਤੱਕ ਇਤਿਹਾਸ ਵਿਚੋਂ ਇਸਤਰੀ ਗਾਇਬ ਹੈ, ਹੁਣ ਇਸਤਰੀਆਂ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ, ਨਵਾਂ ਇਤਿਹਾਸ ਸਿਰਜਣਗੀਆਂ।

ਸੰਸਾਰ ਵਿਚ ਜੋ ਵੀ ਵਿਚਾਰ ਜਾਂ ਸਿਧਾਂਤ ਉਪਜਿਆ ਹੈ, ਉਸ ਨੂੰ ਇਤਿਹਾਸ ਦੀ ਪ੍ਰਯੋਗਸ਼ਾਲਾ ਵਿਚ ਪਰਖਿਆ ਗਿਆ ਹੈ।

ਇਤਿਹਾਸ ਦੀ ਸੋਝੀ ਤੋਂ ਬਿਨਾ ਸ਼ਾਹ ਜਹਾਨ ਮਿਸਤਰੀ ਹੀ ਅਖਵਾਉਣਾ ਸੀ ਅਤੇ ਤਾਜ ਮਹੱਲ ਕੰਧਾਂ, ਦਰਵਾਜ਼ੇ ਹੀ ਪ੍ਰਤੀਤ ਹੋਣਾ ਸੀ। ਇਤਿਹਾਸ ਦੀ ਚੱਕੀ ਚਲਦੀ ਹੌਲੀ ਹੈ ਪਰ ਪਰਖਦੀ-ਪੀਸਦੀ ਇਹ ਸਭ ਕੁਝ ਹੈ।

ਕਿਸੇ ਨਾ ਕਿਸੇ ਵੇਲੇ, ਸਾਡੇ ਸਮਿਆਂ ਨੂੰ ਪੁਰਾਤਨ ਯੁਗ ਕਿਹਾ ਜਾਵੇਗਾ।

ਮਨੁੱਖੀ ਇਤਿਹਾਸ ਦਾ ਕੋਈ ਵੀ ਸਮਾਂ ਮੁਸ਼ਕਿਲਾਂ ਅਤੇ ਮੁਸੀਬਤਾਂ ਤੋਂ ਮੁਕਤ ਨਹੀਂ ਹੋਇਆ ਪਰ ਹਿੰਮਤਾਂ ਵੀ ਕਦੇ ਪਿੱਛੇ ਨਹੀਂ ਰਹੀਆਂ।

ਹਿੰਮਤਾਂ ਵਾਲਿਆਂ ਦਾ ਹੀ ਇਤਿਹਾਸ ਲਿਖਿਆ ਜਾਂਦਾ ਹੈ ਅਤੇ ਹਿੰਮਤਾਂ ਵਾਲੇ ਹੀ ਇਤਿਹਾਸ ਰਚਦੇ ਹਨ।

ਇਤਿਹਾਸ ਤੋਂ ਬਿਨਾ ਸਭਿਅਤਾ ਅਤੇ ਸਭਿਆਚਾਰ ਦੇ ਕੋਈ ਅਰਥ ਨਹੀਂ ਹੁੰਦੇ। ਸਭਿਅਤਾ ਪਹਾੜ ਵਾਂਗ ਹੁੰਦੀ ਹੈ, ਸਥਿਰ ਅਤੇ ਟਿਕਾਊ; ਸਭਿਆਚਾਰ ਦਰਿਆਵਾਂ ਵਾਂਗ ਹੁੰਦੇ ਹਨ, ਜਿਹੜੇ ਸਭਿਅਤਾ ਵਿਚੋਂ ਨਿਕਲ ਕੇ, ਦਰਿਆਵਾਂ ਵਾਂਗ ਮਨੁੱਖ ਨੂੰ ਵਿਸ਼ਾਲ ਅਤੇ ਖੁਸ਼ਹਾਲ ਬਣਾਉਂਦੇ ਰਹਿੰਦੇ ਹਨ।

ਸਭਿਅਤਾ ਅਤੇ ਸਭਿਆਚਾਰ ਦੀ ਉਸਾਰੀ ਵਿਚ ਦੋਹਾਂ ਦਾ ਪਰਸਪਰ ਯੋਗਦਾਨ ਹੁੰਦਾ ਹੈ, ਇਸੇ ਲਈ ਸਭਿਅਤਾ ਅਤੇ ਸਭਿਆਚਾਰ, ਸਮਾਜ ਦੇ ਹਰੇਕ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਨ।

ਸਭਿਅਤਾ ਭ੍ਰਿਸ਼ਟ ਨਹੀਂ ਹੁੰਦੀ, ਭ੍ਰਿਸ਼ਟ ਹਕੂਮਤਾਂ ਜਾਂ ਹਾਕਮ ਹੁੰਦੇ ਹਨ।

ਇਤਿਹਾਸ ਵਿਚ ਜੋ ਕੁਝ ਵੀ ਵਾਪਰਦਾ ਹੈ, ਉਸ ਦਾ ਪੈਮਾਨਾ ਮਨੁੱਖ ਹੁੰਦਾ ਹੈ, ਇਸ ਕਰਕੇ ਇਤਿਹਾਸ ਮੁੱਖ ਰੂਪ ਵਿਚ, ਮਨੁੱਖੀ ਵਿਹਾਰ ਨੂੰ ਪੇਸ਼ ਕਰਦਾ ਹੈ।

ਇਤਿਹਾਸ ਅਜੋਕੀ ਸਥਿਤੀ ਨੂੰ ਸਮਝਣ ਵਿਚ ਇਸ ਲਈ ਸਹਾਈ ਹੁੰਦਾ ਹੈ ਕਿਉਂਕਿ ਹਰੇਕ ਗੱਲ ਜਾਂ ਘਟਨਾ ਦਾ ਪਿਛੋਕੜ ਹੁੰਦਾ ਹੈ ਅਤੇ ਅਸੀਂ ਪਿਛੋਕੜ ਦੀ ਰੋਸ਼ਨੀ ਵਿਚ ਹੀ ਕਿਸੇ ਘਟਨਾ ਨੂੰ ਸਮਝਦੇ ਹਾਂ।

ਇਤਿਹਾਸ ਦਾ ਉਦੇਸ਼ ਮਨੁੱਖੀ ਵਿਹਾਰ ਦੇ ਉਨ੍ਹਾਂ ਸਦੀਵੀ ਨੇਮਾਂ ਨੂੰ ਲੱਭਣਾ ਹੁੰਦਾ ਹੈ, ਜਿਨ੍ਹਾਂ ਦੇ ਆਧਾਰ 'ਤੇ ਕੌਮਾਂ, ਦੇਸ਼ਾਂ ਅਤੇ ਸਮਾਜਾਂ ਵਲੋਂ ਭਵਿੱਖ ਵਿਚ ਕੀਤੇ ਜਾਂਣ ਵਾਲੇ ਵਿਹਾਰ ਦਾ ਅਨੁਮਾਨ ਲਾਇਆ ਜਾ ਸਕੇ। ਇਹ ਨੇਮ ਅਜੇ ਤੱਕ ਲੱਭੇ ਨਹੀਂ ਗਏ ਪਰ ਅਸੀਂ ਇਨ੍ਹਾਂ ਨੂੰ ਲੱਭਣ ਦੇ ਨੇੜੇ ਪਹੁੰਚੇ ਹੋਏ ਹਾਂ।

ਵਰਤਮਾਨ, ਅਤੀਤ ਦਾ ਹੀ ਅਜੋਕਾ ਰੂਪ ਹੁੰਦਾ ਹੈ ਅਤੇ ਭਵਿੱਖ, ਵਰਤਮਾਨ ਦਾ ਹੀ ਨਵਾਂ ਰੂਪ ਹੋਵੇਗਾ। ਇਤਿਹਾਸ ਦੱਸਦਾ ਹੈ ਕਿ ਇਤਿਹਾਸ ਕਦੀ ਨਿਰਪੱਖ ਨਹੀਂ ਹੁੰਦੇ। ਜੇਤੂਆਂ ਦਾ ਇਤਿਹਾਸ ਹੋਰ ਹੁੰਦਾ ਹੈ, ਹਾਰਿਆਂ ਦਾ ਹੋਰ।

ਉਦਾਹਰਣ ਵਜੋਂ ਸਿੱਖ ਇਤਿਹਾਸ ਵਿਚ ਮੁਗ਼ਲ ਬਾਦਸ਼ਾਹ ਜ਼ਾਲਮ ਸਨ ਪਰ ਇਸਲਾਮੀ ਇਤਿਹਾਸ ਵਿਚ ਉਹ ਬੜੇ ਪ੍ਰਭਾਵਸ਼ਾਲੀ ਬਾਦਸ਼ਾਹ ਸਨ।

ਜੇ ਸ਼ੇਰ ਇਤਿਹਾਸ ਲਿਖਦੇ ਤਾਂ ਉਨ੍ਹਾਂ ਨੇ ਸ਼ਿਕਾਰੀਆਂ ਦੇ ਡਰਪੋਕਪੁਣੇ ਨੂੰ ਹੀ ਪ੍ਰਗਟਾਉਣਾ ਸੀ। ਜੇ ਭੇਡਾਂ-ਬੱਕਰੀਆਂ ਇਤਿਹਾਸ ਲਿਖਦੀਆਂ ਤਾਂ ਉਨ੍ਹਾਂ ਨੇ ਸ਼ੇਰ ਦੇ ਜ਼ੁਲਮ ਹੀ ਉਲੀਕਣੇ ਸਨ।

ਇਤਿਹਾਸ ਦਾ ਸਿੱਧਾ ਸੰਬੰਧ ਕੁਦਰਤ, ਧਰਤੀ ਦੀ ਕਿਸਮ, ਪਾਣੀ ਦੇ ਸਰੋਤ, ਭੂਗੋਲਿਕ ਸਥਿਤੀ ਅਤੇ ਤਾਪਮਾਨ ਨਾਲ ਵੀ ਹੈ। ਕੁਦਰਤ, ਸਭਿਅਕ ਅਤੇ ਉਜੱਡ ਸਮਾਜਾਂ ਵਿਚ ਕੋਈ ਅੰਤਰ ਨਹੀਂ ਕਰਦੀ ਪਰ ਇਤਿਹਾਸ ਕਰਦੇ ਹਨ।

ਮਨੁੱਖ ਨੇ ਜੋ ਕੁੱਝ ਹਜ਼ਾਰਾਂ ਸਾਲਾਂ ਦੀ ਜਦੋਜਹਿਦ ਨਾਲ ਬਣਾਇਆ ਹੈ, ਉਹ ਇਕ ਤੂਫ਼ਾਨ ਜਾਂ ਇਕ ਭੂਚਾਲ ਨਾਲ ਢਹਿ-ਢੇਰੀ ਹੋ ਸਕਦਾ ਹੈ ਪਰ ਮਨੁੱਖ ਨੇ ਕੁੱਝ ਬਣਾਇਆ ਹੀ ਨਹੀਂ ਹੁੰਦਾ, ਬਣਾਉਣ ਦੀ ਜਾਚ ਵੀ ਸਿਖੀ ਹੁੰਦੀ ਹੈ, ਸੋ ਉਹ ਭੂਚਾਲ ਦੀ ਤਬਾਹੀ ਉਪਰੰਤ, ਪੁਨਰ-ਉਸਾਰੀ ਵਿਚ ਰੁਝ ਜਾਂਦਾ ਹੈ। ਮਨੁੱਖ ਨਾਲੋਂ ਕੁਦਰਤ ਬੜੀ ਬਲਵਾਨ ਹੈ। ਗਰਮੀਆਂ ਵਿਚ ਜੇ ਤਾਪਮਾਨ ਵੀਹ ਦਰਜੇ ਵਧ ਜਾਵੇ ਤਾਂ ਸਭ ਥਾਵਾਂ ਮਾਰੂਥਲ ਬਣ ਜਾਣਗੀਆਂ। ਅਫ਼ਰੀਕਾ ਨੂੰ ਤਾਪਮਾਨ ਨੇ ਉੱਠਣ ਹੀ ਨਹੀਂ ਦਿੱਤਾ। ਜੇ ਕਿਸੇ ਕਾਰਨ ਮਨੁੱਖ ਦੀ ਯਾਦ-ਸ਼ਕਤੀ ਗੁਆਚ ਜਾਵੇ ਤਾਂ ਇਕ ਸਦੀ ਵਿਚ ਹੀ ਅਸੀਂ ਉੱਥੇ ਪਹੁੰਚ ਜਾਵਾਂਗੇ, ਜਿੱਥੇ ਲੱਖਾਂ ਸਾਲ ਪਹਿਲਾਂ ਸੀ। ਇਵੇਂ ਇਤਿਹਾਸ ਮਨੁੱਖ ਨਾਲ, ਕੁਦਰਤ ਦੇ ਸੰਬੰਧਾਂ ਨੂੰ ਵੀ ਪੇਸ਼ ਕਰਦਾ ਹੈ।

ਇਹ ਧਰਤੀ ਬਣੀ ਜਾਨਵਰਾਂ ਵਾਸਤੇ ਸੀ ਪਰ ਕੁਝ ਜਾਨਵਰਾਂ ਨੇ ਮਨੁੱਖ ਹੋਣ ਦੀ ਹਿੰਮਤ ਕਰ ਲਈ ਸੀ। ਮਨੁੱਖ ਦਾ ਚੌਪਾਏ ਤੋਂ ਦੋਪਾਇਆ ਹੋਣਾ, ਮਨੁੱਖੀ ਸਭਿਅਤਾ ਦਾ ਅਰੰਭ ਬਣਿਆ। ਹੱਥ ਉਸ ਦੇ ਮੁੱਢਲੇ ਸੰਦ ਸਨ, ਜਿਨ੍ਹਾਂ ਨਾਲ ਉਸ ਨੇ ਸੰਦ-ਪ੍ਰਬੰਧ ਅਤੇ ਸੰਦ-ਪ੍ਰਬੰਧ ਨਾਲ ਗਿਆਨ-ਪ੍ਰਬੰਧ ਸਿਰਜਿਆ ਹੈ।

ਜਾਨਵਰਾਂ ਦੇ ਸੰਦਰਭ ਵਿਚ, ਆਪਣੀ ਸ਼ਕਤੀ ਵਧਾਉਣ ਲਈ ਮਨੁੱਖ ਨੇ ਟੋਲੇ ਅਤੇ ਕਬੀਲੇ ਬਣਾਏ। ਜਿਵੇਂ ਜਾਨਵਰ ਇਕ-ਦੂਜੇ ਨੂੰ ਹੜੱਪ ਜਾਂਦੇ ਹਨ, ਉਵੇਂ ਹੀ ਕਬੀਲੇ, ਕਮਜ਼ੋਰ ਕਬੀਲਿਆਂ ਨੂੰ ਹੜੱਪਣ ਲੱਗ ਪਏ। ਇਵੇਂ ਮੁਕਾਬਲੇ ਦੀ ਬਿਰਤੀ ਯੁੱਧ ਦੀ ਵਿਧੀ ਬਣ ਗਈ। ਸ਼ਿਕਾਰ ਕਰਨ ਦੀ ਵਿਧੀ ਹੀ ਵੱਡੀ ਪੱਧਰ ਤੇ ਯੁੱਧ ਦਾ ਰੂਪ ਧਾਰ ਗਈ।

ਮੁਕਾਬਲਾ ਕਰਨਾ ਮਨੁੱਖ ਦਾ ਸੁਭਾਓ ਹੈ।

ਹੁਣ ਮੁਕਾਬਲਾ ਪਰਿਵਾਰ ਦਾ ਪਰਿਵਾਰ ਨਾਲ, ਕੌਮ ਦਾ ਕੌਮ ਨਾਲ, ਦੇਸ਼ ਦਾ ਦੇਸ਼ ਨਾਲ ਅਤੇ ਮਹਾਂਦੀਪ ਦਾ ਮਹਾਂਦੀਪ ਨਾਲ ਚੱਲ ਰਿਹਾ ਹੈ। ਜੇ ਇਵੇਂ ਹੀ ਜਾਰੀ ਰਿਹਾ ਤਾਂ ਇਕ ਗ੍ਰਹਿ ਦਾ ਦੂਜੇ ਗ੍ਰਹਿ ਨਾਲ ਵੀ ਮੁਕਾਬਲਾ ਹੋਵੇਗਾ।

ਨਾ-ਬਰਾਬਰੀ ਕੁਦਰਤ ਵਿਚ ਹੈ, ਕਈ ਜਾਨਵਰ ਤਗੜੇ ਹਨ ਅਤੇ ਕਈ ਕਮਜ਼ੋਰ ਹਨ। ਕਮਜ਼ੋਰ ਬਰਾਬਰੀ ਮੰਗਦੇ ਹਨ, ਤਗੜੇ ਸੁਤੰਤਰਤਾ ਚਾਹੁੰਦੇ ਹਨ। ਵੱਖਰੇਵਿਆਂ ਨੂੰ ਨੇਮ-ਬੱਧ ਕਰਨ ਲਈ ਅਤੇ ਮੁਕਾਬਲੇ ਦੀ ਹਿੰਸਾ ਨੂੰ ਘਟਾਉਣ ਲਈ ਧਰਮ ਅਤੇ ਇਖ਼ਲਾਕ ਦੀ ਸਿਰਜਣਾ ਹੋਈ ਹੈ।

ਧਰਮ ਨੇ ਵਿਰੋਧ ਘਟਾਏ ਨਹੀਂ, ਗੁਲਾਮੀ ਵਧਾਈ ਹੈ।

ਧਰਮ ਅਤੇ ਇਖ਼ਲਾਕ ਉਨ੍ਹਾਂ ਨੇਮਾਂ ਨੂੰ ਕਹਿੰਦੇ ਹਨ, ਜਿਨ੍ਹਾਂ ਨੂੰ ਸਮਾਜ ਵਿਚ ਲਾਗੂ ਕਰਕੇ ਸੁਰੱਖਿਆ ਅਤੇ ਸਹਿਹੋਂਦ ਨੂੰ ਸੰਭਵ ਬਣਾਇਆ ਜਾਂਦਾ ਹੈ। ਧਰਮ ਨੇ ਧਨਵਾਨਾਂ ਦੀ, ਨਿਰਧਨਾਂ ਤੋਂ ਰੱਖਿਆ ਕੀਤੀ ਹੈ।

ਧਰਮ, ਸਿੱਖਿਆ, ਪ੍ਰਚਾਰ ਆਦਿ ਉੱਤੇ ਹਾਕਮ-ਜਮਾਤ ਦਾ ਕਬਜ਼ਾ ਹੁੰਦਾ ਹੈ, ਜਿਸ ਦੇ ਸਿਧਾਂਤ ਸਮੁੱਚੇ ਸਮਾਜ ਉੱਤੇ ਲਾਗੂ ਹੁੰਦੇ ਹਨ।

ਹਰੇਕ ਯੁੱਗ ਦੀ ਹਾਕਮ-ਜਮਾਤ ਵੱਖਰੀ ਹੁੰਦੀ ਹੈ। ਸ਼ਿਕਾਰ, ਖੇਤੀਬਾੜੀ ਅਤੇ ਉਦਯੋਗਿਕ ਸਮਾਜਾਂ ਵਿਚ, ਹੌਲੀ-ਹੌਲੀ ਮਨੁੱਖੀ ਕਾਰ-ਵਿਹਾਰ ਦੇ ਨੇਮ ਅਤੇ ਪੇਸ਼ਿਆਂ ਦੇ ਨਾਂ ਬਦਲ ਜਾਂਦੇ ਹਨ। ਬਰਬਰਤਾ, ਨਿਰਦਇਤਾ, ਕ੍ਰੋਧ, ਲਾਲਚ, ਹਿੰਸਾ ਆਦਿ ਸ਼ਿਕਾਰ ਯੁੱਗ ਦੇ ਗੁਣ ਸਨ। ਇਹ ਮਨੁੱਖ ਦੀ ਜਾਨਵਰਾਂ ਵਿਰੁੱਧ ਜਦੋਜਹਿਦ ਦੇ ਸੰਦ ਸਨ ਪਰ ਖੇਤੀਬਾੜੀ ਯੁੱਗ ਵਿਚ ਧਰਮ ਦੇ ਪ੍ਰਭਾਵ ਅਧੀਨ ਇਹ ਗੁਣ, ਪਾਪ ਬਣ ਗਏ, ਜਦੋਂ ਕਿ ਖੇਤੀਬਾੜੀ ਯੁੱਗ ਦੇ ਦਇਆ, ਮੁਆਫ਼ੀ, ਈਮਾਨਦਾਰੀ, ਆਦਿ ਜਿਹੇ ਗੁਣਾਂ ਦੀ ਉਦਯੋਗਿਕ ਯੁੱਗ ਵਿਚ ਕੋਈ ਕਦਰ ਨਹੀਂ ਰਹੀ ਅਤੇ ਅਜੋਕੇ ਵਪਾਰ ਵਿਚ, ਪੁਰਾਤਨ ਸ਼ਿਕਾਰ ਯੁੱਗ ਵਾਲੀਆਂ ਸ਼ੋਸ਼ਣੀ ਅਤੇ ਘਾਤਕ ਪ੍ਰਵਿਰਤੀਆਂ, ਫਿਰ ਭਾਰੂ ਹੋ ਗਈਆਂ ਹਨ।

ਇਵੇਂ ਇਤਿਹਾਸ ਦੱਸਦਾ ਹੈ ਕਿ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਨਹੀਂ ਬਦਲਦੀਆਂ, ਬਾਹਰੀ ਚੌਖਟਾ ਹੀ ਬਦਲਦਾ ਹੈ।

ਪਾਪ ਹਰ ਯੁੱਗ ਵਿਚ ਹੋਏ ਹਨ, ਬੇਈਮਾਨੀ ਹਰ ਯੁੱਗ ਵਿਚ ਰਹੀ ਹੈ, ਜੂਆ ਹਰ ਯੁੱਗ ਵਿਚ ਖੇਡਿਆ ਗਿਆ ਹੈ। ਮਿਲਾਵਟ, ਕਤਲ, ਬਲਾਤਕਾਰ ਹਰ ਯੁੱਗ ਵਿਚ ਵਾਪਰੇ ਹਨ। ਅਜੋਕੇ ਯੁੱਗ ਵਿਚ ਚਿੰਤਾ ਦਾ ਕਾਰਨ ਇਹ ਹੈ ਕਿ ਜੀਵਨ ਵਿਚ ਚੰਗਾ-ਮਾੜਾ ਸਭ ਕੁਝ, ਤੇਜ਼ ਰਫ਼ਤਾਰ ਨਾਲ ਵਾਪਰਨ ਲੱਗ ਪਿਆ ਹੈ।

ਸੰਸਾਰ ਵਿਚ ਮੂਲ ਰੂਪ ਵਿਚ ਕੁਝ ਵੀ ਨਹੀਂ ਬਦਲਿਆ।

ਯੁੱਧ ਅਤੇ ਸ਼ਾਂਤੀ ਸਥਾਨ ਬਦਲਦੇ ਰਹੇ ਹਨ।

ਯੁੱਧ ਸ਼ਾਂਤੀ ਸਥਾਪਤ ਕਰਨ ਲਈ ਲੜਿਆ ਜਾਂਦਾ ਹੈ, ਜਦੋਂਕਿ ਸ਼ਾਂਤੀ ਯੁੱਧ ਦੀ ਤਿਆਰੀ ਲਈ ਵਰਤੀ ਜਾਂਦੀ ਹੈ।

ਇਤਿਹਾਸ ਦਾ ਉਘੜਵਾਂ ਪੱਖ ਸ਼ਾਂਤੀ ਨਹੀਂ ਯੁੱਧ ਹੈ। ਮਨੁੱਖ ਦੀ ਦਿਲਚਸਪੀ ਇਤਿਹਾਸ ਦੇ ਉਨ੍ਹਾਂ ਕਾਂਡਾਂ ਵਿਚ ਵਧੇਰੇ ਹੈ, ਜਦੋਂ ਸ਼ਕਤੀਸ਼ਾਲੀ ਬਾਦਸ਼ਾਹੀਆਂ ਤਬਾਹ ਹੋਈਆਂ ਸਨ। ਕਿਸੇ ਦੇਸ਼ ਵਿਚ ਸ਼ਾਂਤੀ ਉਸ ਦੇਸ਼ ਵਲੋਂ ਯੁੱਧ ਕਰਨ ਦੀ ਸ਼ਕਤੀ ਦੇ ਅਨੁਪਾਤ ਵਿਚ ਹੀ ਹੁੰਦੀ ਹੈ, ਇਵੇਂ ਦੇਸ਼ਭਗਤੀ ਵੀ ਯੁੱਧ ਦੀ ਤਿਆਰੀ ਦਾ ਇਕ ਸੰਦ ਹੁੰਦੀ ਹੈ।

ਜਦੋਂ ਤੱਕ ਦੇਸ਼ਭਗਤੀ ਹੈ, ਸੰਸਾਰ ਵਿਚ ਸ਼ਾਂਤੀ ਨਹੀਂ ਹੋ ਸਕਦੀ।

ਇਤਿਹਾਸ ਵਿਚ ਯੋਗਦਾਨ ਵਧੇਰੇ ਫ਼ਿਲਾਸਫ਼ਰਾਂ ਦਾ ਰਿਹਾ ਹੈ ਪਰ ਸਤਿਕਾਰ ਵਧੇਰੇ ਜਰਨੈਲਾਂ ਦਾ ਹੋਇਆ ਹੈ।

ਯੁੱਧ ਦੌਰਾਨ ਦੇਸ਼ ਅੰਦਰਲੇ ਵਿਰੋਧ, ਝਗੜੇ, ਵਿਵਾਦ ਆਦਿ ਸਭ ਸ਼ਾਂਤ ਹੋ ਜਾਂਦੇ ਹਨ। ਫੌਜੀ ਸ਼ਕਤੀ ਦੀ ਕਾਣੀ ਵੰਡ, ਵਿਸ਼ਵ ਸ਼ਾਂਤੀ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹੈ। ਵਿਸ਼ਵ ਵਿਚ ਸ਼ਾਂਤੀ ਤਾਂ ਹੀ ਹੋਵੇਗੀ ਜਦੋਂ ਸਮੁੱਚੀ ਧਰਤੀ ਦਾ ਕਿਸੇ ਹੋਰ ਗ੍ਰਹਿ ਦੇ ਲੋਕਾਂ ਨਾਲ ਯੁੱਧ ਹੋਵੇਗਾ।

ਵੇਖਿਆ ਗਿਆ ਹੈ ਕਿ ਇਤਿਹਾਸ ਵਿਚ ਕਈ ਮਸਲੇ ਅਤੇ ਝਗੜੇ ਗੱਲਬਾਤ ਨਾਲ਼ ਨਹੀਂ, ਯੁੱਧ ਨਾਲ ਹੀ ਹੱਲ ਹੁੰਦੇ ਹਨ।

ਜੇ ਅਮਰੀਕਾ ਅਜੋਕੇ ਯੁੱਗ ਵਿਚ ਯੋਰਪ ਦੀ ਰੱਖਿਆ ਨਾ ਕਰੇ ਤਾਂ ਇਸਲਾਮ, ਯੋਰਪ ਦੇ ਇਕੱਲੇ-ਇਕੱਲੇ ਈਸਾਈ ਦੇਸ਼ ਨੂੰ ਖਾ ਜਾਵੇਗਾ।

ਧਰਮ ਦਾ ਯੁੱਗ ਲੰਘ ਗਿਆ ਹੈ, ਹੁਣ ਵਿਗਿਆਨ ਦਾ ਯੁੱਗ ਹੈ।

ਜੇ ਵਿਕਾਸ ਰੁਕ ਜਾਵੇ ਤਾਂ ਵਿਨਾਸ਼ ਦਾ ਅਰੰਭ ਹੋ ਜਾਂਦਾ ਹੈ। ਵਿਕਾਸ ਅਤੇ ਵਿਨਾਸ਼ ਦੇ ਵਾਪਰਨ ਸੰਬੰਧੀ ਇਤਿਹਾਸ ਕੁਝ ਨੇਮਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸੋਚ ਦੀ ਸਪਸ਼ਟਤਾ ਅਤੇ ਉੱਦਮ ਦੀ ਹਿੰਮਤ ਅਤੇ ਨਵੀਆਂ ਸਥਿਤੀਆਂ ਨਾਲ ਇਕ-ਸੁਰ ਹੋਣ ਨਾਲ ਵਿਕਾਸ ਵਾਪਰਦਾ ਹੈ ਪਰ ਜਦੋਂ ਅਕਲ ਅਤੇ ਯੋਗਤਾ ਚਣੌਤੀਆਂ ਦੇ ਮੇਚ ਦੀਆਂ ਨਹੀਂ ਰਹਿੰਦੀਆਂ ਤਾਂ ਹਾਕਮਾਂ ਅਤੇ ਪਰਜਾ ਵਿਚਕਾਰ ਬੌਧਿਕ ਅਤੇ ਭਾਵਕ ਤਣਾਓ ਵਧਦੇ ਹਨ ਅਤੇ ਬਾਹਰੀ ਹਮਲਿਆਂ ਜਾਂ ਪ੍ਰਕ੍ਰਿਤਕ ਆਫ਼ਤਾਂ ਕਾਰਨ ਵਿਨਾਸ਼ ਵਾਪਰਦਾ ਹੈ।

ਵੇਖਿਆ ਗਿਆ ਹੈ ਕਿ ਬਾਦਸ਼ਾਹੀਆਂ, ਮੂਰਖਤਾ ਅਤੇ ਫ਼ਜ਼ੂਲਖਰਚੀ ਨਾਲ; ਪਰਜਾਤੰਤਰ, ਭ੍ਰਿਸ਼ਟਾਚਾਰ ਨਾਲ; ਕੌਮਾਂ, ਸੁਯੋਗ ਅਗਵਾਈ ਦੀ ਘਾਟ ਕਾਰਨ ਅਤੇ ਪਰਿਵਾਰ, ਜ਼ਿੰਮੇਵਾਰੀ ਦੀ ਅਣਹੋਂਦ ਨਾਲ ਗਰਕ ਜਾਂਦੇ ਹਨ।

ਦੁਹਰਾਓ ਇਤਿਹਾਸ ਵਿਚ ਨਹੀਂ, ਪ੍ਰਕ੍ਰਿਤੀ ਵਿਚ ਹੈ।

ਮਨੁੱਖ ਦੇ ਅਧੂਰੇਪਣ ਕਾਰਨ ਭਵਿੱਖ ਦੀ ਸਪਸ਼ਟ ਦਿਸ਼ਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਇੱਕੀਵੀਂ ਸਦੀ ਵਿਚ ਕਈ ਦੇਸ਼ ਨਿਘਰਨਗੇ, ਕਈ ਉਭਰਨਗੇ। ਭਾਰਤ ਲਈ ਜਿਹੜੀ ਵਿਸ਼ਾਲ ਜਨਸੰਖਿਆ ਸਰਾਪ ਕਹੀ ਜਾਂਦੀ ਸੀ, ਉਹ ਨਵੀਆਂ ਹਾਲਤਾਂ ਵਿਚ ਭਾਰਤ ਨੂੰ ਇਕ ਅਰਬ ਗਾਹਕਾਂ ਵਾਲਾ ਦੇਸ਼ ਬਣਾਵੇਗੀ ਅਤੇ

ਸੰਸਾਰ ਭਰ ਦੀਆਂ ਕੰਪਨੀਆਂ, ਸਾਨੂੰ ਮਾਲ ਵੇਚਣਗੀਆਂ ਅਤੇ ਸਾਡੇ ਲੋਕਾਂ ਨੂੰ ਕੰਮਾਂ 'ਤੇ ਲਾਉਣਗੀਆਂ।

ਇਵੇਂ ਸਾਡਾ ਸਰਾਪ, ਇਕ ਵਰਦਾਨ ਸਿੱਧ ਹੋਵੇਗਾ।

ਇਤਿਹਾਸ ਉੱਤੇ ਧਰਮ ਦਾ ਪ੍ਰਭਾਵ, ਆਰਥਿਕ ਕਾਰਨਾਂ ਅਤੇ ਪ੍ਰਭਾਵਾਂ ਜਿਤਨਾ ਹੀ ਮਹੱਤਵਪੂਰਨ ਹੈ। ਸੰਸਾਰ ਵਿਚ ਫ਼ਸਲ ਦੇ ਉਪਜਣ ਦਾ ਰਹੱਸ, ਮੀਂਹ ਪੈਣ ਦੀ ਕਰਾਮਾਤ, ਬੱਚੇ ਦੇ ਜਨਮ ਦੀ ਬੁਝਾਰਤ, ਦਿਨ-ਰਾਤ ਦਾ ਗੇੜ, ਮਰਨ ਦਾ ਭੇਤ ਆਦਿ ਦੇਵਤਿਆਂ ਅਤੇ ਧਰਮਾਂ ਦੀ ਉਤਪਤੀ ਦਾ ਕਾਰਨ ਬਣੇ ਹਨ।

ਧਰਮ ਕਲਪਨਾ ਹੈ ਪਰ ਇਹ ਸਭਨੀਂ ਥਾਈਂ ਜੀਵਨ ਦਾ ਠੋਸ-ਆਧਾਰ ਹੈ।

ਹਰ ਯੁੱਗ ਅਤੇ ਹਰ ਦੇਸ਼ ਵਿਚ ਧਰਮ ਰਿਹਾ ਹੈ। ਉਦਾਸ, ਇਕੱਲੇ, ਦੁੱਖੀ, ਗਰੀਬ ਵਿਅਕਤੀ ਲਈ ਧਰਮ ਬੜੀ ਵੱਡੀ ਧਰਵਾਸ ਹੁੰਦਾ ਹੈ ਅਤੇ ਧਰਮ ਮਨੁੱਖ ਜਾਤੀ ਵਿਚ ਮੁੱਢਲਾ ਅਨੁਸ਼ਾਸਨ ਲਾਗੂ ਕਰਨ ਵਿਚ ਸਹਾਈ ਹੋਇਆ ਹੈ।

ਧਰਮ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਜੇ ਸਭ ਕੁਝ ਤਬਾਹ ਹੋ ਜਾਵੇ ਤਾਂ ਧਰਮ ਦੀ ਓਟ ਕਾਰਨ, ਮਨੁੱਖ ਮੁੜ ਧਾਰਮਿਕ ਸਥਾਨਾਂ ਦੀ ਉਸਾਰੀ ਤੋਂ ਅਰੰਭ ਕਰਕੇ, ਸਭ ਕੁਝ ਦੁਬਾਰਾ ਬਣਾ ਲਵੇਗਾ।

ਧਰਮ ਇਸ ਲਈ ਜੀਵਿਤ ਰਹੇਗਾ, ਕਿਉਂਕਿ ਇਹ ਮਨੁੱਖ ਦੀ ਸਿਖਰਲੀ ਆਸ ਹੈ ਅਤੇ ਇਹ ਮੌਤ ਨੂੰ ਸਵੀਕਾਰ ਕਰਨ ਦੀ ਹਿੰਮਤ ਦਿੰਦਾ ਹੈ।

ਇਤਿਹਾਸ ਦੱਸਦਾ ਹੈ ਕਿ ਸਰੀਰਕ ਲੋੜਾਂ ਦੀ ਪੂਰਤੀ ਜੀਵਾਂ ਦੀ ਪਹਿਲੀ ਲੋੜ ਹੁੰਦੀ ਹੈ, ਸੋ ਮਨੁੱਖ ਨੇ ਅਰਥਚਾਰੇ ਸਿਰਜ ਕੇ ਇਤਿਹਾਸ ਨੂੰ ਵਿਸ਼ਾਲ ਅਰਥਾਂ ਵਾਲਾ ਬਣਾਇਆ ਹੈ। ਆਧੁਨਿਕ ਯੁੱਗ ਦਾ ਅਰੰਭ ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ ਨਾਲ ਹੋਇਆ ਹੈ, ਜਿਸ ਨਾਲ, ਪਰਜਾਤੰਤਰ, ਇਸਤਰੀ ਦੀ ਸੁਤੰਤਰਤਾ, ਪਰਿਵਾਰ-ਸੰਜਮ, ਸਮਾਜਵਾਦ ਆਦਿ ਉਭਰੇ ਹਨ, ਜਿਨ੍ਹਾਂ ਕਾਰਨ ਸਿੱਖਿਆ, ਸਾਹਿਤ ਅਤੇ ਕਲਾਵਾਂ ਆਦਿ ਧਨਾਢਾਂ ਦੀਆਂ ਹਵੇਲੀਆਂ ਵਿਚੋਂ ਨਿਕਲ ਕੇ, ਆਮ ਲੋਕਾਂ ਦੀ ਪਹੁੰਚ ਵਿਚ ਆਈਆਂ ਹਨ।

ਪਦਾਰਥਵਾਦ ਦੀ ਚੜ੍ਹਤ ਨਾਲ ਧਰਮ ਦੀ ਪਕੜ ਢਿੱਲੀ ਹੋਈ ਹੈ ਅਤੇ ਯਥਾਰਥਵਾਦੀ ਚਿੰਤਕਾਂ ਨੇ ਇਤਿਹਾਸ ਦੀ ਨਵੀਂ ਵਿਆਖਿਆ ਦਿੱਤੀ ਹੈ। ਕਹਿੰਦੇ ਹਨ ਕਿ ਅਤੀਤ ਨੂੰ ਰੱਬ ਵੀ ਨਹੀਂ ਬਦਲ ਸਕਦਾ ਪਰ ਪਦਾਰਥਵਾਦੀ ਇਤਿਹਾਸਕਾਰਾਂ ਨੇ ਅਤੀਤ ਨੂੰ ਬਦਲਿਆ ਹੈ, ਇਸ ਨੂੰ ਨਵੇਂ ਢੰਗ ਨਾਲ, ਵਿਸ਼ਲੇਸ਼ਣ ਕਰਕੇ, ਪੇਸ਼ ਕੀਤਾ ਹੈ। ਇਨ੍ਹਾਂ ਇਤਿਹਾਸਕਾਰਾਂ ਨੇ ਨਵੇਂ ਸੰਕਲਪ ਦਿੱਤੇ ਹਨ, ਜਿਨ੍ਹਾਂ ਨੂੰ ਇਤਿਹਾਸ ਨੇ ਪਰਖਿਆ, ਮਾਪਿਆ ਅਤੇ ਤੋਲਿਆ ਹੈ। ਇਨ੍ਹਾਂ ਇਤਿਹਾਸਕਾਰਾਂ ਦੇ ਬਰਾਬਰੀ ਅਤੇ ਸੁਤੰਤਰਤਾ ਦੇ ਸੰਕਲਪਾਂ ਨੂੰ ਇਤਿਹਾਸ ਨੇ ਸਵੀਕਾਰ ਨਹੀਂ ਕੀਤਾ। ਬਰਾਬਰੀ ਅਤੇ ਸੁਤੰਤਰਤਾ ਦੀ ਇਕੋ ਵੇਲੇ ਹੋਂਦ ਸੰਭਵ ਨਹੀਂ ਹੁੰਦੀ। ਜੇ ਸਮਾਜਵਾਦ ਵਾਲੀ ਬਰਾਬਰੀ ਹੋਵੇਗੀ ਤਾਂ ਸੁਤੰਤਰਤਾ ਨਹੀਂ ਹੋਵੇਗੀ,

ਜੇ ਅਮਰੀਕਾ ਵਾਂਗ ਸੁਤੰਤਰਤਾ ਹੋਵੇਗੀ ਤਾਂ ਬਰਾਬਰੀ ਨਹੀਂ ਹੋ ਸਕਦੀ।

ਮੰਨ ਲਉ ਜੇ ਸੰਸਾਰ ਦੀ ਸਾਰੀ ਦੌਲਤ ਸਾਰਿਆਂ ਵਿਚ ਬਰਾਬਰ ਵੰਡ ਦਿੱਤੀ ਜਾਵੇ ਤਾਂ ਪ੍ਰਸ਼ਨ ਇਹ ਉੱਠਦਾ ਹੈ ਕਿ ਕੌਣ ਕੰਮ ਕਰੇਗਾ, ਕਿਉਂ ਕਰੇਗਾ?

ਇਤਿਹਾਸ ਸਭ ਕੁਝ ਸਵੀਕਾਰ ਨਹੀਂ ਕਰਦਾ, ਇਹ ਬਹੁਤ ਕੁਝ ਰੱਦ ਵੀ ਕਰ ਦਿੰਦਾ ਹੈ।

ਕੁਦਰਤ ਵੱਖਰੇਵਿਆਂ ਨੂੰ ਪਸੰਦ ਕਰਦੀ ਹੈ, ਇਵੇਂ ਬਰਾਬਰੀ ਦਾ ਸਿਧਾਂਤ ਕੁਦਰਤ ਵਿਰੋਧੀ ਹੈ। ਬਰਾਬਰੀ ਦੀ ਹਰ ਕੋਸ਼ਿਸ਼ 'ਤੇ ਕੁਦਰਤ ਨੇ ਵਿਅੰਗ ਕੀਤਾ ਹੈ, ਸੋ ਮੁਕਾਬਲੇ ਦੀ ਬਿਰਤੀ, ਬਰਾਬਰੀ ਦੇ ਸੰਕਲਪ ਦਾ ਵਿਰੋਧ ਕਰਦੀ ਹੈ।

ਮੁਕਾਬਲੇ ਦੀ ਬਿਰਤੀ ਅਤੇ ਮੁਨਾਫ਼ੇ ਦਾ ਜੋਸ਼ ਉਪਜ ਨੂੰ ਹੀ ਨਹੀਂ ਵਧਾਉਂਦੇ, ਇਹ ਨਵੀਆਂ ਕਾਢਾਂ ਅਤੇ ਲੱਭਤਾਂ ਨੂੰ ਵੀ ਤੇਜ਼ ਕਰਦੇ ਹਨ।

ਪਰਜਾਤੰਤਰ ਨਾ-ਬਰਾਬਰੀ ਦੀ ਪ੍ਰਕ੍ਰਿਆ ਨੂੰ ਤੇਜ਼ ਕਰ ਦਿੰਦੇ ਹਨ, ਜਦੋਂ ਕਿ ਤਾਨਾਸ਼ਾਹੀ ਨਾ-ਬਰਾਬਰੀ ਨੂੰ ਖਤਮ ਤਾਂ ਨਹੀਂ ਕਰਦੀ ਪਰ ਇਸ ਦੀ ਰਫ਼ਤਾਰ ਘਟਾ ਦਿੰਦੀ ਹੈ ਪਰ ਤਾਨਾਸ਼ਾਹੀ ਆਪਣੀ ਕਿਸਮ ਦੇ ਜ਼ਾਲਮ ਅਤੇ ਗੁਲਾਮ ਉਪਜਾਉਂਦੀ ਹੈ।

ਇਤਿਹਾਸ ਨੇ ਸਾਬਤ ਕੀਤਾ ਹੈ ਕਿ ਸਮਾਜਵਾਦੀ ਆਰਥਿਕ ਪ੍ਰਣਾਲੀ ਕਾਮਿਆਂ ਦੇ ਵਿਰੋਧਾਂ ਨੂੰ ਕੁਚਲ ਕੇ, ਬਰਾਬਰੀ ਦਾ ਭਰਮ ਉਪਜਾ ਕੇ, ਬਾਹਰੀ ਖਤਰੇ ਦਾ ਡਰਾਵਾ ਦੇ ਕੇ, ਪ੍ਰਗਟਾਵੇ ਦੀ ਸੁਤੰਤਰਤਾ ਖੋਹ ਕੇ, ਜੰਗੀ ਅਰਥਚਾਰੇ ਵਾਂਗ ਕੰਮ ਕਰਵਾਉਂਦੀ ਹੈ। ਜਿਉਂ-ਜਿਉਂ ਬਾਹਰੀ ਖਤਰੇ ਵਧਦੇ ਹਨ, ਤਿਉਂ-ਤਿਉਂ ਅੰਦਰਲੀ ਅਜ਼ਾਦੀ ਘਟਦੀ ਹੈ। ਪੂੰਜੀਵਾਦੀਆਂ ਦੇ ਹਮਲੇ ਦਾ ਡਰ ਉਪਜਾ ਕੇ ਸਮਾਜਵਾਦੀ ਦੇਸ਼ਾਂ ਵਿਚ ਬਾਗ਼ੀ ਮੁਕਾਏ ਗਏ ਹਨ ਅਤੇ ਵਿਰੋਧੀ ਦਬਾਏ ਗਏ ਹਨ। ਇਤਿਹਾਸ ਦੱਸਦਾ ਹੈ ਕਿ ਲੋਕਾਂ ਨੂੰ ਬੰਨ੍ਹ ਕੇ ਹੀ ਬਰਾਬਰ ਕੀਤਾ ਜਾ ਸਕਦਾ ਹੈ ਪਰ ਜਿਉਂ ਹੀ ਲਗਾਮਾਂ ਢਿੱਲੀਆਂ ਹੁੰਦੀਆਂ ਹਨ, ਸਭ ਕੁਝ ਖਿੰਡ ਜਾਂਦਾ ਹੈ। ਇਵੇਂ ਇਤਿਹਾਸ ਵਿਚ ਬਰਾਬਰੀ ਲਿਆਉਣ ਦੇ ਹਰ ਯਤਨ ਨਾਲ ਵਾਪਰਿਆ ਹੈ।

ਹੇਠਲਿਆਂ ਨੇ ਸਦਾ ਬਰਾਬਰੀ ਮੰਗੀ ਹੈ; ਜਦੋਂ ਕਿ ਉਪਰਲਿਆਂ ਨੇ ਹਮੇਸ਼ਾ ਸੁਤੰਤਰਤਾ ਦੀ ਮੰਗ ਕੀਤੀ ਹੈ। ਦੋਵੇਂ ਵਰਤਾਰੇ ਇਕੋ ਵੇਲੇ ਸੰਭਵ ਨਹੀਂ ਹੁੰਦੇ।

ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਰਾਜਗੱਦੀ ਜੱਦੀ ਹੋ ਜਾਂਦੀ ਹੈ ਤਾਂ ਮੂਰਖਤਾ, ਗੈਰ-ਜ਼ਿੰਮੇਵਾਰੀ ਅਤੇ ਫ਼ਜ਼ੂਲਖਰਚੀ ਵਧਦੀ ਹੈ, ਜਿਸ ਨਾਲ ਰਾਜੇ ਅਯਾਸ਼, ਲਾਪ੍ਰਵਾਹ ਅਤੇ ਦੇਸ਼ ਕਮਜ਼ੋਰ ਹੁੰਦੇ ਹਨ।

ਰੋਮਨ ਇਤਿਹਾਸ ਵਿਚ ਈਸਵੀ ਕੈਲੰਡਰ ਦੇ ਅਰੰਭ ਵਿਚ ਦੋ ਸਦੀਆਂ ਦਾ ਸਮਾਂ ਵਿਸ਼ਵ-ਇਤਿਹਾਸ ਵਿਚ ਸਭ ਤੋਂ ਵੱਧ ਖੁਸ਼ਹਾਲੀ ਵਾਲਾ ਕਾਲ ਮੰਨਿਆ ਗਿਆ ਹੈ, ਕਿਉਂਕਿ ਇਸ ਸਮੇਂ ਦੌਰਾਨ ਬਾਦਸ਼ਾਹਾਂ ਨੇ ਰਾਜ-ਗੱਦੀ ਪੁੱਤਰਾਂ ਨੂੰ

ਨਹੀਂ, ਸਗੋਂ ਰਾਜ ਵਿਚਲੇ ਸਭ ਤੋਂ ਸੁਯੋਗ ਵਿਅਕਤੀਆਂ ਨੂੰ ਸੌਂਪੀ ਸੀ।

ਇਹ ਵੀ ਵੇਖਿਆ ਗਿਆ ਹੈ ਕਿ ਹਰ ਦੇਸ਼ ਵਿਚ ਜਾਂ ਪ੍ਰਾਂਤ ਵਿਚ ਕੁਝ ਘਰਾਣੇ ਹੀ ਹਕੂਮਤ ਕਰਦੇ ਹਨ ਅਤੇ ਸਾਰੇ ਵਸੀਲੇ ਇਨ੍ਹਾਂ ਕੁਝ ਘਰਾਣਿਆਂ ਕੋਲ ਹੀ ਇਕੱਤਰ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦੇ ਭ੍ਰਿਸ਼ਟ ਹੋਣ 'ਤੇ ਇਨ੍ਹਾਂ ਦੇਸ਼ਾਂ ਵਿਚ ਇਨਕਲਾਬ ਵਾਪਰਦੇ ਹਨ।

ਇਨਕਲਾਬ ਅਜੋਕੇ ਯੁੱਗ ਦਾ ਹੀ ਵਰਤਾਰਾ ਨਹੀਂ, ਇਨਕਲਾਬ ਨਿਰੰਤਰ ਵਾਪਰਦੇ ਰਹਿੰਦੇ ਹਨ। ਸਦੀਆਂ ਤਕ ਪ੍ਰਭਾਵ ਪਾਉਣ ਵਾਲੀ ਸੱਚੀ ਕ੍ਰਾਂਤੀ, ਮਨ ਵਿਚ, ਸੋਚ ਵਿਚ, ਸੋਚ ਦੀ ਅਮੀਰੀ ਵਿਚ, ਚਰਿੱਤਰ ਦੀ ਉਸਾਰੀ ਅਤੇ ਨਵੇਂ ਸਮਾਜ ਦੇ ਨਿਰਮਾਣ ਵਿਚ, ਹਾਕਮ ਨਹੀਂ ਲਿਆਉਂਦੇ, ਸੰਤ, ਫ਼ਿਲਾਸਫ਼ਰ ਅਤੇ ਵਿਗਿਆਨੀ ਲਿਆਉਂਦੇ ਹਨ।

ਰਾਜਨੀਤਕ ਅਤੇ ਆਰਥਿਕ ਕ੍ਰਾਂਤੀਆਂ ਨਾਲ ਗਰੀਬ ਹੀ ਅਮੀਰ ਨਹੀਂ ਹੁੰਦੇ, ਸਗੋਂ ਅਮੀਰ ਵੀ ਗਰੀਬ ਹੋ ਜਾਂਦੇ ਹਨ। ਇਤਿਹਾਸ ਇਹ ਵੀ ਦੱਸਦਾ ਹੈ ਕਿ ਜਿਥੇ ਕਈ ਧਰਮਾਂ, ਭਾਸ਼ਾਵਾਂ, ਨਸਲਾਂ, ਆਦਿ ਦੇ ਲੋਕ ਰਹਿੰਦੇ ਹਨ, ਉੱਥੇ ਪਰਜਾਤੰਤਰ ਹੀ ਚੱਲ ਸਕਦਾ ਹੈ। ਇਵੇਂ ਅਮਰੀਕਾ, ਭਾਰਤ, ਕੈਨੇਡਾ ਆਦਿ ਦੇਸ਼ ਪਰਜਾਤੰਤਰ ਹੀ ਹੋ ਸਕਦੇ ਹਨ। ਜਿਨ੍ਹਾਂ ਦੇਸ਼ਾਂ ਵਿਚ ਇਕ ਹੀ ਧਰਮ ਦੇ ਲੋਕ ਰਹਿੰਦੇ ਹਨ ਅਤੇ ਇਕ ਹੀ ਭਾਸ਼ਾ ਹੈ, ਉੱਥੇ ਅਕਸਰ ਬਾਦਸ਼ਾਹੀ ਵਰਗੀ ਤਾਨਾਸ਼ਾਹੀ ਅਤੇ ਤਾਨਾਸ਼ਾਹੀ ਵਰਗੀ ਬਾਦਸ਼ਾਹੀ ਹੀ ਹੋ ਸਕਦੀ ਹੈ।

ਇਤਿਹਾਸ ਗਵਾਹ ਹੈ ਕਿ ਡਿਕਟੇਟਰ ਦੇਸ਼ ਦਾ ਨੁਕਸਾਨ ਹੀ ਕਰਦੇ ਹਨ ਅਤੇ ਦੂਜੇ ਪਾਸੇ ਪਰਜਾਤੰਤਰਾਂ ਵਿਚ ਵਿਕਾਸ ਦੀ ਦਰ ਭਾਵੇਂ ਹੌਲੀ ਹੋਵੇ ਪਰ ਪਰਜਾਤੰਤਰਾਂ ਵਿਚਲਾ ਵਿਕਾਸ ਹੰਢਣਸਾਰ ਅਤੇ ਸੰਤੁਲਤ ਹੁੰਦਾ ਹੈ।

ਇਤਿਹਾਸ ਦੇ ਸੰਦਰਭ ਵਿਚ ਕੋਈ ਵੀ ਸਭਿਅਤਾ ਅਮਰ ਨਹੀਂ ਹੁੰਦੀ ਪਰ ਸਭਿਆਤਾਵਾਂ ਦਾ ਪਤਨ ਬੜੀ ਸੁਸਤ ਚਾਲ ਨਾਲ ਹੁੰਦਾ ਹੈ।

ਧਰਤੀ ਦਾ ਸੁਭਾਓ ਬਦਲਣ ਨਾਲ ਹਰਿਆਵਲਾਂ, ਮਾਰੂਥਲ ਅਤੇ ਮਾਰੂਥਲ, ਹਰਿਆਵਲਾਂ ਬਣ ਜਾਂਦੀਆਂ ਹਨ।

ਮਨੁੱਖਾਂ ਦਾ ਜੀਵਨ ਜਨਮ, ਜਵਾਨੀ, ਬੁਢਾਪੇ ਵਾਂਗ ਸਾਲਾਂ ਵਿਚ ਹੁੰਦਾ ਹੈ, ਜਦੋਂ ਕਿ ਸਭਿਆਤਾਵਾਂ ਦਾ ਜੀਵਨ ਸੈਂਕੜੇ ਸਦੀਆਂ ਦੇ ਲੰਮੇ ਵਹਿਣਾਂ ਵਿਚ ਹੁੰਦਾ ਹੈ। ਮਿਸਰੀ, ਚੀਨੀ, ਯੂਨਾਨੀ, ਰੋਮਨ, ਭਾਰਤੀ ਸਭਿਆਤਾਵਾਂ ਦੇ ਚੌਖਟੇ ਬਦਲ ਗਏ ਹਨ ਅਤੇ ਇਨ੍ਹਾਂ ਦੇ ਬੀਜ ਸਾਰੇ ਸੰਸਾਰ ਵਿਚ ਖਿੰਡ ਗਏ ਹਨ, ਇਸੇ ਕਰਕੇ ਵਿਸ਼ਵ-ਸਭਿਅਤਾ ਦੇ ਜਾਂ ਵਿਸ਼ਵੀਕਰਣ ਦੇ ਝਾਵਲੇ ਪੈਣ ਲੱਗ ਪਏ ਹਨ ਪਰ ਪੁਰਾਤਨ ਸਭਿਆਤਾਵਾਂ, ਮਨੁੱਖ ਜਾਤੀ ਦੀਆਂ ਯਾਦਾਂ ਵਿਚ ਅਜੇ ਵੀ ਵਸਦੀਆਂ ਹਨ।

ਜਿਸ ਵਰਤਾਰੇ ਨੇ ਵੀ ਮਨੁੱਖੀ ਵਿਕਾਸ ਵਿਚ ਕਿਸੇ ਪ੍ਰਕਾਰ ਦਾ ਕੋਈ ਯੋਗਦਾਨ ਪਾਇਆ ਹੈ, ਉਹ ਮਨੁੱਖ ਦੇ ਅਚੇਤ ਵਿਚ ਜਿਊਂਦਾ ਰਹਿੰਦਾ ਹੈ।

ਮਨੁੱਖ ਜਾਤੀ ਜੀਵਨ ਦੀ ਜੋ ਪੱਧਰ ਇਕ ਵਾਰੀ ਪ੍ਰਾਪਤ ਕਰ ਲਵੇ, ਉਸ ਤੋਂ ਕਦੇ ਪਿੱਛੇ ਨਹੀਂ ਮੁੜੀ। ਉਦਾਹਰਣ ਵਜੋਂ ਜੇ ਸੰਸਾਰ ਵਿਚ ਪਟਰੋਲ ਮੁੱਕ ਗਿਆ ਤਾਂ ਦੁਬਾਰਾ ਗੱਡੇ ਜਾਂ ਟਾਂਗੇ ਨਹੀਂ ਚੱਲਣਗੇ, ਖੂਹਾਂ ਤੋਂ ਮੁੜ ਪਾਣੀ ਨਹੀਂ ਭਰਿਆ ਜਾਵੇਗਾ।

ਵੇਖਿਆ ਗਿਆ ਹੈ ਕਿ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਜਾਂ ਘਟਨਾਵਾਂ ਨਾਲ ਘਬਰਾ ਜਾਂਦੇ ਹਾਂ ਪਰ ਡੂੰਘੀ ਸਮਝ ਇਸ ਗੱਲ ਵਿਚ ਹੈ ਕਿ ਸਮੱਸਿਆਵਾਂ ਅਤੇ ਘਟਨਾਵਾਂ ਨੂੰ ਸਦੀਆਂ ਦੀ ਲੰਮੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ। ਕੇਵਲ ਇਸ ਢੰਗ ਨਾਲ ਹੀ ਪਤਾ ਲੱਗੇਗਾ ਕਿ ਕੀ ਅਸੀਂ ਵਿਕਾਸ ਕਰ ਰਹੇ ਹਾਂ ਕਿ ਨਹੀਂ।

ਕਈ ਇਸ ਮੱਤ ਦੇ ਹੋਣਗੇ ਕਿ ਅਸੀਂ ਨਿਘਰ ਰਹੇ ਹਾਂ ਪਰ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖ ਦਾ ਬੁਨਿਆਦੀ ਵਿਹਾਰ ਕਦੇ ਨਹੀਂ ਬਦਲਦਾ। ਵਸਤਾਂ-ਪਦਾਰਥਾਂ ਦੀ ਪ੍ਰਾਪਤੀ, ਕਾਮ ਦੀ ਇੱਛਾ, ਅੱਗੇ ਲੰਘਣ ਦੀ ਰੀਝ, ਮੁਕਾਬਲੇ ਦੀ ਬਿਰਤੀ, ਸੁਰੱਖਿਆ ਦੀ ਲੋੜ ਆਦਿ ਮਨੁੱਖ ਦੀਆਂ ਸਦੀਵੀ ਲੋੜਾਂ ਵੀ ਹਨ ਅਤੇ ਤਾਂਘਾਂ ਵੀ। ਵਿਕਾਸ ਦੀ ਬੁਨਿਆਦੀ ਪਛਾਣ ਇਹ ਹੈ ਕਿ ਕੀ ਸਧਾਰਨ ਵਿਅਕਤੀ ਨੇ ਵਿਕਾਸ ਕੀਤਾ ਹੈ ਕਿ ਨਹੀਂ। ਜੇ ਅਸੀਂ ਜੀਵਨ ਨੂੰ ਪਿਛਲੀ ਇਕ ਸਦੀ ਦੇ ਚੌਖਟੇ ਵਿਚ ਰੱਖ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਗਿਆਨ ਫੈਲਿਆ ਹੈ, ਸਿੱਖਿਆ ਹਰੇਕ ਵਿਅਕਤੀ ਦੀ ਪਹੁੰਚ ਵਿਚ ਆਈ ਹੈ, ਜੀਵਨ ਸੁਖਾਲਾ ਹੋਇਆ ਹੈ, ਸਾਰਿਆਂ ਦੀਆਂ ਉਮਰਾਂ ਵਧੀਆਂ ਹਨ।

ਪਹਿਲਾਂ ਸਾਡੇ ਕੋਲ ਇਕ ਪਿੰਡ ਦੀ ਵੀ ਸੂਚਨਾ ਨਹੀਂ ਸੀ ਹੁੰਦੀ, ਹੁਣ ਸਾਰੇ ਸੰਸਾਰ ਦੀ ਹੈ। ਸਾਡੇ ਸੰਦ ਸੁਧਰੇ ਹਨ, ਅਗਿਆਨਤਾ ਘਟੀ ਹੈ, ਅਕਾਲ ਲੋਪ ਹੋ ਗਏ ਹਨ, ਬੀਮਾਰੀਆਂ ਦੇ ਇਲਾਜ ਲੱਭੇ ਗਏ ਹਨ, ਸਕੂਲ, ਕਾਲਜ, ਲਾਇਬ੍ਰੇਰੀਆਂ ਵਧੀਆਂ ਹਨ। ਅਜੋਕਾ ਜੀਵਨ ਵਧੇਰੇ ਸੁਤੰਤਰ ਹੀ ਨਹੀਂ, ਵਧੇਰੇ ਸੁਰੱਖਿਅਤ ਵੀ ਹੈ। ਅਨੇਕਾਂ ਵਿਗਾੜਾਂ ਅਤੇ ਘ ਟਾਂ ਦੇ ਬਾਵਜੂਦ ਪੂਰਵਜਾਂ ਦੇ ਮੁਕਾਬਲੇ ਸਾਡੇ ਕੋਲ ਅਗਲੀ ਪੀੜ੍ਹੀ ਨੂੰ ਦੇਣ ਲਈ ਸਭ ਕੁਝ ਵਧੇਰੇ ਹੈ। ਜੋ ਸਾਨੂੰ ਮਿਲਿਆ ਸੀ, ਉਸ ਨੂੰ ਸੁਧਾਰ ਕੇ, ਅਮੀਰ ਅਤੇ ਖੁਸ਼ਹਾਲ ਕਰਕੇ ਅਸੀਂ ਅਗਲੀ ਪੀੜ੍ਹੀ ਨੂੰ ਦੇ ਰਹੇ ਹਾਂ। ਹੁਣ ਹਰ ਬੱਚਾ ਵਿਸ਼ਾਲ ਸੰਸਾਰ ਵਿਚ ਜਨਮਦਾ ਹੈ ਅਤੇ ਉਸ ਕੋਲ ਜੀਵਨ ਜਿਊਣ ਦੇ ਸਾਧਨ ਅਤੇ ਅਵਸਰ ਵਧੇਰੇ ਹਨ।

ਵਿਕਾਸ ਅਤੇ ਵਿਨਾਸ਼ ਬਾਰੇ ਮਤਭੇਦ ਹੋ ਸਕਦਾ ਹੈ ਪਰ ਇਤਿਹਾਸ ਦਾ ਨਿਚੋੜ ਇਹ ਹੈ ਕਿ ਭਾਵੇਂ ਵਿਕਾਸ ਵਾਪਰੇ ਜਾਂ ਵਿਨਾਸ਼, ਜੀਵਨ ਅਤੇ ਸੰਸਾਰ ਚੱਲਦਾ ਰਹਿੰਦਾ ਹੈ।

* * *

ਜੋਤਸ਼ ਅਤੇ ਜੋਤਸ਼ੀ

ਜੋਤਸ਼ੀ ਲੋਕਾਂ ਨੂੰ ਭਾਂਤ-ਭਾਂਤ ਦੇ ਵਹਿਮ ਪਾਉਂਦੇ ਹਨ, ਇਸ ਲਈ ਅਕਸਰ ਵਹਿਮੀ ਲੋਕ ਹੀ ਜੋਤਸ਼ੀਆਂ ਕੋਲ ਜਾਂਦੇ ਹਨ।

ਵਹਿਮ-ਭਰਮ ਜਾਂ ਅੰਧ-ਵਿਸ਼ਵਾਸ ਕਮਜ਼ੋਰ ਦਿਮਾਗਾਂ ਦਾ ਧਰਮ ਵੀ ਹੁੰਦਾ ਹੈ ਅਤੇ ਵਿਗਿਆਨ ਵੀ।

ਮਨੁੱਖ ਚਾਹੁੰਦਾ ਹੈ ਕਿ ਉਸਦਾ ਜੀਵਨ ਨਿਰਵਿਘਨ ਚੱਲੇ ਅਤੇ ਜੀਵਨ ਭਰ ਉਸ ਦੀਆ ਤਾਜ-ਪੋਸ਼ੀਆਂ ਹੀ ਹੋਣ ਪਰ ਉਸ ਦੇ ਵੱਸੋਂ ਬਾਹਰਲੀਆਂ ਸ਼ਕਤੀਆਂ ਅਤੇ ਵਿਅਕਤੀਆਂ ਕਾਰਨ, ਮੁਸ਼ਕਿਲਾਂ ਅਤੇ ਮੁਸੀਬਤਾਂ ਉਸ ਦੇ ਜੀਵਨ ਵਿਚ ਨਿਰੰਤਰ ਦਖਲ ਦੇ ਕੇ ਉਸ ਨੂੰ ਪ੍ਰੇਸ਼ਾਨ ਕਰਦੀਆਂ ਰਹਿੰਦੀਆਂ ਹਨ।

ਮਨੁੱਖ ਜਾਣਨਾ ਚਾਹੁੰਦਾ ਹੈ ਕਿ ਉਸ ਦੀਆਂ ਚਿੰਤਾਵਾਂ ਅਤੇ ਪ੍ਰੇਸ਼ਾਨੀਆਂ ਕਦੋਂ ਮੁੱਕਣਗੀਆਂ। ਅਤੀਤ ਸੰਬੰਧੀ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੁੰਦੀ, ਚਿੰਤਾ ਹਮੇਸ਼ਾ ਭਵਿੱਖ ਸੰਬੰਧੀ ਹੁੰਦੀ ਹੈ, ਕਿਉਂਕਿ ਭਵਿੱਖ ਅਨਿਸਚਿਤ ਹੁੰਦਾ ਹੈ।

ਹਰੇਕ ਮਨੁੱਖ ਹੀ ਅਨਿਸਚਿਤਤਾ ਦੇ ਵਾਤਾਵਰਣ ਵਿਚ ਸਥਿਰ ਭਵਿੱਖ ਲਈ ਤਾਂਘ ਕਰਦਾ ਹੈ।

ਮਨੁੱਖ ਨੂੰ ਚਿੰਤਾਵਾਂ ਅਤੇ ਪ੍ਰੇਸ਼ਾਨੀਆਂ ਵਿਚ ਧਰਵਾਸ ਦੇਣ ਲਈ ਕਈ ਉਪਰਾਲਿਆਂ ਵਿਚੋਂ ਜੋਤਸ਼ ਵੀ ਇਕ ਉਪਰਾਲਾ ਹੈ।

ਗਿਆਨ, ਸਮਾਜ, ਧਰਮ, ਸਭਿਆਚਾਰ, ਵਿਗਿਆਨ ਆਦਿ ਰਲ ਕੇ ਵੀ ਮਨੁੱਖ ਨੂੰ ਚਿੰਤਾ-ਮੁਕਤ ਨਹੀਂ ਕਰ ਸਕੇ, ਇਸੇ ਕਰਕੇ ਮਨੁੱਖ ਅਣਜਾਣੇ ਅਤੇ ਅਦਿੱਖ ਤੋਂ ਭੈ-ਭੀਤ ਹੈ।

ਮਨੁੱਖ ਦੀਆਂ ਡੂੰਘੀਆਂ ਚਿੰਤਾਵਾਂ ਆਪਣੇ ਆਪ ਬਾਰੇ ਹੁੰਦੀਆਂ ਹਨ। ਬਾਕੀ ਸੰਸਾਰ ਦੀਆਂ ਸਮੱਸਿਆਵਾਂ ਬਾਰੇ ਉਹ ਮਹਿਸੂਸ ਤਾਂ ਕਰਦਾ ਹੈ ਪਰ ਉਨ੍ਹਾਂ ਤੋਂ ਉਹ ਪ੍ਰੇਸ਼ਾਨ ਨਹੀਂ ਹੁੰਦਾ। ਜਿਵੇਂ ਜੇ ਵੱਡਾ ਉਪਰੇਸ਼ਨ ਹੋਣਾ ਹੈ ਤਾਂ ਚਿੰਤਾ ਹੈ ਕਿ ਬਚਾਂਗਾ ਜਾਂ ਨਹੀਂ; ਵਪਾਰ ਅਰੰਭ ਕਰਨਾ ਹੈ, ਸਫਲ ਹੋਵਾਂਗਾ ਕਿ ਨਹੀਂ; ਧੀ ਲਈ ਰਿਸ਼ਤਾ ਲੱਭਣਾ ਹੈ, ਚੰਗਾ ਰਿਸ਼ਤਾ ਲੱਭੇਗਾ ਕਿ ਨਹੀਂ।

ਮਨੁੱਖ ਦੀਆਂ ਪਾਤਸ਼ਾਹੀਆਂ, ਪਦਵੀਆਂ, ਸਰਦਾਰੀਆਂ ਸਭ ਮੁੱਕ ਜਾਂਦੀਆਂ ਹਨ ਪਰ ਅਸਫਲਤਾਵਾਂ, ਹਾਰਾਂ ਅਤੇ ਘਾਟੇ ਲੰਮਾ ਅਰਸਾ ਜੀਵਨ 'ਤੇ ਪ੍ਰਭਾਵ ਪਾਉਂਦੇ ਰਹਿੰਦੇ ਹਨ ਅਤੇ ਸਫਲਤਾ ਇਕ ਮ੍ਰਿਗ-ਤ੍ਰਿਸ਼ਨਾ ਬਣ ਜਾਂਦੀ ਹੈ।

ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਚਿੰਤਾ ਸਫਲ ਹੋਣ ਦੀ ਹੈ। ਭਾਵੇਂ ਕੋਈ ਸਫਲ ਵੀ ਹੋਵੇ ਤਾਂ ਵੀ ਜਿਉਂ-ਜਿਉਂ ਉਹ ਉਮਰ ਵਿਚ ਵੱਡਾ ਹੁੰਦਾ ਜਾਂਦਾ ਹੈ, ਉਹ ਮਨੁੱਖਾਂ ਤੋਂ ਪ੍ਰੇਸ਼ਾਨ ਅਤੇ ਭਵਿੱਖ ਪ੍ਰਤੀ ਬੇਜ਼ਾਰ ਹੋਈ ਜਾਂਦਾ ਹੈ।

ਜਦੋਂ ਕਿਸੇ ਕੋਲ ਪੈਸਾ ਹੋ ਜਾਂਦਾ ਹੈ ਤਾਂ ਉਹ ਇਸ ਗੱਲ ਤੋਂ ਪ੍ਰੇਸ਼ਾਨ ਹੁੰਦਾ ਹੈ ਕਿ ਮੈਂ ਸਭ ਕੁਝ ਹੋਣ ਦੇ ਬਾਵਜੂਦ ਪ੍ਰੇਸ਼ਾਨ ਕਿਉਂ ਹਾਂ। ਪ੍ਰੇਸ਼ਾਨੀਆਂ ਉਸ ਨੂੰ ਜਿਊਣ ਨਹੀਂ ਦਿੰਦੀਆਂ ਅਤੇ ਇਕੱਠੀ ਕੀਤੀ ਜਾਇਦਾਦ ਉਸ ਨੂੰ ਮਰਨ ਨਹੀਂ ਦਿੰਦੀ। ਇਹ ਚਿੰਤਾ ਹੀ ਉਸ ਨੂੰ ਜੋਤਸ਼ੀ ਕੋਲ ਲੈ ਜਾਂਦੀ ਹੈ।

ਲੋਕਾਂ ਦੇ ਪਾਪ, ਪੁਰੋਹਿਤ ਦੇ ਕਿੱਤੇ ਦਾ ਆਧਾਰ ਹੁੰਦੇ ਹਨ ਅਤੇ ਲੋਕਾਂ ਦੀਆਂ ਪ੍ਰੇਸ਼ਾਨੀਆਂ, ਜੋਤਸ਼ੀ ਦੀ ਉਪਜੀਵਕਾ ਬਣਦੀਆਂ ਹਨ।

ਮਨੁੱਖ ਹੋਰਾਂ ਨਾਲ ਮੁਕਾਬਲਾ ਵੀ ਕਰਨਾ ਚਾਹੁੰਦਾ ਹੈ, ਉਨ੍ਹਾਂ ਤੋਂ ਵਧੇਰੇ ਅਮੀਰ ਵੀ ਹੋਣਾ ਚਾਹੁੰਦਾ ਹੈ ਅਤੇ ਸ਼ਾਂਤ ਵੀ ਹੋਣਾ ਚਾਹੁੰਦਾ ਹੈ। ਇਹ ਇਕੋ ਵੇਲੇ ਦੋ ਵਿਰੋਧੀ ਦਿਸ਼ਾਵਾਂ ਵਿਚ ਚੱਲਣ ਦਾ ਅਸਫਲ ਯਤਨ ਹੁੰਦਾ ਹੈ, ਜਿਸ ਕਾਰਨ ਅਸ਼ਾਂਤੀ ਉਪਜਦੀ ਹੈ ਪਰ ਮਨੁੱਖ ਅਸ਼ਾਂਤੀ ਵਿਚ ਸ਼ਾਂਤੀ ਲਈ ਤਾਂਘਦਾ ਹੈ ਅਤੇ ਬੀਮਾਰੀ ਵਿਚ ਚੰਗੀ ਸਿਹਤ ਦੇ ਸੁਪਨੇ ਲੈਂਦਾ ਹੈ। ਉਹ ਇਸਤਰੀ ਦੇ ਸਾਥ ਲਈ ਭਟਕਦਾ ਹੈ ਪਰ ਉਸ ਨੂੰ ਆਪਣੇ ਬਰਾਬਰ ਮੰਨਣ ਤੋਂ ਇਨਕਾਰੀ ਹੁੰਦਾ ਹੈ।

ਜਦੋਂ ਮਨੁੱਖ ਦੇ ਸਾਰੇ ਢੰਗ ਦੁੱਖੀ ਹੋਣ ਦੇ ਹਨ ਤਾਂ ਉਹ ਪ੍ਰਸੰਨ-ਸੰਤੁਸ਼ਟ ਅਤੇ ਸ਼ਾਂਤ ਕਿਵੇਂ ਹੋ ਸਕਦਾ ਹੈ?

ਪੁਰਸ਼ ਦੀਆਂ ਬਹੁਤੀਆਂ ਪ੍ਰੇਸ਼ਾਨੀਆਂ ਉਸ ਦੇ ਰੋਜ਼ਗਾਰ ਨਾਲ ਅਤੇ ਇਸਤਰੀ ਦੀਆਂ ਬਹੁਤੀਆਂ ਚਿੰਤਾਵਾਂ ਘਰ-ਪਰਿਵਾਰ ਨਾਲ ਜੁੜੀਆਂ ਹੁੰਦੀਆਂ ਹਨ। ਇਸਤਰੀਆਂ ਆਦਤਨ ਹੀ ਵਧੇਰੇ ਪ੍ਰੇਸ਼ਾਨ ਹੁੰਦੀਆਂ ਹਨ ਅਤੇ ਪ੍ਰੇਸ਼ਾਨ ਕਰਦੀਆਂ ਹਨ। ਪੁਰਸ਼-ਜਾਤੀ ਪ੍ਰਤੀ ਇਸਤਰੀ ਦੇ ਸਭ ਪ੍ਰਕਾਰ ਦੇ ਗਿਲੇ-ਸ਼ਿਕਵੇ ਉਸ ਦੇ ਪਤੀ 'ਤੇ ਕੇਂਦਰਿਤ ਹੁੰਦੇ ਹਨ। ਆਪਣੀ ਕਮਜ਼ੋਰ ਸਰੀਰਕ-ਭਾਵਕ ਅਤੇ ਆਰਥਿਕ- ਸਮਾਜਿਕ ਹਾਲਤ ਕਾਰਨ, ਇਸਤਰੀ ਹਰ ਵੇਲੇ ਕਿਸੇ ਚੀਜ਼ ਜਾਂ ਕਿਸੇ ਵਿਅਕਤੀ ਵਿਰੁੱਧ ਗਿਲੇ-ਸ਼ਿਕਵੇ ਕਰਦੀ ਹੀ ਰਹਿੰਦੀ ਹੈ।

ਉਸ ਦੇ ਪਤੀ ਦੀ ਸਭ ਤੋਂ ਵੱਡੀ ਗਲਤੀ ਇਹ ਹੁੰਦੀ ਹੈ ਕਿ ਉਹ ਪੁਰਸ਼ ਹੈ, ਉਸ ਦਾ ਪੁਰਸ਼ ਹੋਣਾ ਹੀ ਇਸਤਰੀ ਲਈ ਅਨਿਆਇ ਹੈ ਪਰ ਇਸ ਅਨਿਆਇ ਦੇ ਬਾਵਜੂਦ ਉਹ ਪਤੀ ਨੂੰ ਤਿਆਗਦੀ ਨਹੀਂ, ਕਿਉਂਕਿ ਜੇ ਉਹ ਤਿਆਗ ਦੇਵੇ ਤਾਂ ਉਹ ਆਪਣੀਆਂ ਪ੍ਰੇਸ਼ਾਨੀਆਂ ਦਾ ਦੋਸ਼ ਕਿਸ ਨੂੰ ਦੇਵੇਗੀ?

ਸ਼ਾਇਦ ਪਤੀਆਂ ਤੋਂ ਨਿਰੰਤਰ ਪ੍ਰੇਸ਼ਾਨ ਹੋਣ ਕਰਕੇ ਹੀ ਇਸਤਰੀਆਂ, ਪ੍ਰਮਾਤਮਾ ਵਿਚ ਵਧੇਰੇ ਵਿਸ਼ਵਾਸ ਕਰਦੀਆਂ ਹਨ।

ਜਦੋਂ ਮਨੁੱਖ ਬਹੁਤ ਪ੍ਰੇਸ਼ਾਨ ਹੁੰਦਾ ਹੈ, ਉਹ ਡਾਕਟਰ ਕੋਲ ਜਾਂਦਾ ਹੈ ਪਰ

ਵਹਿਮਾਂ-ਭਰਮਾਂ ਵਾਲੇ ਲੋਕ, ਜੋਤਸ਼ੀ ਕੋਲ ਵੀ ਜਾਂਦੇ ਹਨ।

ਅੰਧ-ਵਿਸ਼ਵਾਸੀ ਲੋਕ ਆਪਣੀਆਂ ਪ੍ਰੇਸ਼ਾਨੀਆਂ ਦਾ ਦੋਸ਼ ਆਪਣੀ ਕਿਸਮਤ ਜਾਂ ਆਪਣੇ ਗ੍ਰਹਿਆਂ ਨੂੰ ਦਿੰਦੇ ਹਨ ਅਤੇ ਜਦੋਂ ਉਹ ਬਹੁਤ ਪ੍ਰੇਸ਼ਾਨ ਹੋ ਜਾਂਦੇ ਹਨ ਤਾਂ ਉਹ ਕਿਸੇ 'ਸਿਆਣੇ' ਤੋਂ ਸਲਾਹ-ਮਸ਼ਵਰਾ ਵੀ ਲੈਂਦੇ ਹਨ।

ਜੋਤਸ਼ੀ, ਪ੍ਰੇਸ਼ਾਨ ਵਿਅਕਤੀਆਂ ਦੇ ਸਲਾਹਕਾਰ ਹੁੰਦੇ ਹਨ।

ਇਨ੍ਹਾਂ ਦਾ ਕੰਮ ਲੋਕਾਂ ਦੀਆਂ ਸਮੱਸਿਆਵਾਂ ਸੁਣਨਾ ਅਤੇ ਮਾਹਿਰ ਢੰਗ ਨਾਲ, ਉਨ੍ਹਾਂ ਦਾ ਹੱਲ ਸੁਝਾਉਣਾ ਹੁੰਦਾ ਹੈ। ਇਵੇਂ ਜੋਤਸ਼ੀ ਸਮਾਜ ਦੀ ਇਕ ਮਹੱਤਵਪੂਰਨ ਲੋੜ ਦੀ ਪੂਰਤੀ ਕਰਦੇ ਹਨ।

ਜੋਤਸ਼ੀਆਂ ਕੋਲ ਉਹੀ ਜਾਂਦੇ ਹਨ, ਜਿਨ੍ਹਾਂ ਦਾ ਰੱਬ ਵਿਚ ਵਿਸ਼ਵਾਸ ਹੁੰਦਾ ਹੈ। ਲੋਕਾਂ ਦਾ ਧਰਮ ਵਾਂਗ, ਜੋਤਸ਼ ਵਿਚ ਵਿਸ਼ਵਾਸ ਇਸ ਕਰਕੇ ਹੁੰਦਾ ਹੈ ਕਿਉਂਕਿ ਮਨੁੱਖ ਚਾਹੁੰਦਾ ਹੈ ਕਿ ਕੋਈ ਉਚੇਰੀ ਜਾਂ ਵੱਡੀ ਸ਼ਕਤੀ ਹੀ ਉਸ ਦੀ ਰੱਖਿਆ ਕਰੇ।

ਧਰਮ ਅਕਸਰ ਸੰਸਾਰ ਨੂੰ ਤਿਆਗਣ ਦੇ, ਪਰ ਜੋਤਸ਼ ਇਸ ਸੰਸਾਰ ਨੂੰ ਪਕੜਨ-ਸੰਭਾਲਣ ਦੇ ਉਪਾਓ ਦੱਸਦਾ ਹੈ। ਇਵੇਂ ਪੁਰੋਹਿਤਾਂ ਵਾਂਗ, ਜੋਤਸ਼ੀ ਵੀ ਪ੍ਰੇਸ਼ਾਨੀ ਕਾਰਨ ਕੁਮਲਾਏ ਚਿਹਰਿਆਂ 'ਤੇ, ਆਸ-ਉਮੀਦ ਦੀ ਛਾਂ ਕਰਦੇ ਹਨ। ਉਹ ਸ਼ਰਧਾਲੂ ਜਾਂ ਜਾਤਕ ਨੂੰ ਧਰਵਾਸ ਦੇਣ ਵਾਸਤੇ ਮਿਥਿਹਾਸ ਦਾ ਪ੍ਰਪੰਚ ਰਚਦੇ ਹਨ। ਉਹ ਗੰਭੀਰਤਾ ਨਾਲ ਸੁਣਦੇ ਅਤੇ ਗੰਭੀਰਤਾ ਨਾਲ ਹੀ ਉੱਤਰ ਦਿੰਦੇ ਹਨ। ਉਹ ਰੱਬ ਦੇ ਦੂਤ ਬਣ ਜਾਂਦੇ ਹਨ। ਰੱਬ ਦੀ ਲੋੜ ਘਬਰਾਹਟ ਵੇਲੇ, ਮੁਸ਼ਕਿਲ ਅਤੇ ਸੰਕਟ ਵੇਲੇ ਹੀ ਪੈਂਦੀ ਹੈ। ਜੋਤਸ਼ੀ ਕੋਲ ਪਹੁੰਚ ਕੇ ਪੀੜਤ ਵਿਅਕਤੀ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਉਸ ਦੀ ਸਮੱਸਿਆ ਹੱਲ ਹੋ ਜਾਵੇਗੀ।

ਤਾਰਾ-ਵਿਗਿਆਨ ਕਿਸੇ ਵੇਲੇ ਸਾਡੀ ਸਭਿਅਤਾ ਦਾ ਇਕ ਵਿਕਸਿਤ ਗਿਆਨ ਸੀ। ਤਾਰਾ-ਵਿਗਿਆਨ ਗੁੰਮ ਗਿਆ ਹੈ, ਹੁਣ ਸਾਡੇ ਕੋਲ ਇਸ ਗਿਆਨ ਦੇ ਕੁਝ ਟੁੱਟਵੇਂ ਵੇਰਵੇ ਹੀ ਹਨ, ਜਿਨ੍ਹਾਂ ਦੀ ਦੁਰਵਰਤੋਂ ਨੇ ਅਜੋਕੇ ਜੋਤਸ਼ ਦਾ ਰੂਪ ਧਾਰ ਲਿਆ ਹੈ।

ਪੁਰਾਤਨ ਯੁੱਗ ਵਿਚ ਤਾਰਿਆਂ ਦੇ ਗਿਆਨ ਨਾਲ, ਰਿਸ਼ੀਆਂ ਨੇ ਗ੍ਰਹਿਣ ਲੱਗਣ ਬਾਰੇ ਭਵਿੱਖਬਾਣੀਆਂ ਕੀਤੀਆਂ ਸਨ ਪਰ ਪੰਡਤਾਂ-ਪੁਰੋਹਿਤਾਂ ਨੇ ਗ੍ਰਹਿਣ ਲਗਣ ਦੇ ਸਧਾਰਨ ਵਰਤਾਰੇ ਨੂੰ ਪਰਲੋ ਦਾ ਰੂਪ ਦੇ ਕੇ, ਸਦੀਆਂ ਤੱਕ ਲੋਕਾਂ ਨੂੰ ਕੁਰਾਹੇ ਪਾਇਆ ਹੈ।

ਆਸ ਕੀਤੀ ਜਾਂਦੀ ਸੀ ਕਿ ਵਿਗਿਆਨ ਦੀ ਚੜ੍ਹਤ ਨਾਲ, ਧਰਮ ਅਤੇ ਜੋਤਸ਼ ਕਮਜ਼ੋਰ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ, ਕਿਉਂਕਿ ਜਿਨ੍ਹਾਂ ਲੋਕਾਂ ਨੂੰ ਅੰਧ-ਵਿਸ਼ਵਾਸਾਂ ਤੋਂ ਲਾਭ ਹੁੰਦਾ ਹੈ, ਉਨ੍ਹਾਂ ਨੇ ਆਪਣੇ-ਆਪਣੇ ਧਰਮ ਨੂੰ ਵਿਗਿਆਨਕ ਅਤੇ ਜੋਤਸ਼ ਨੂੰ ਇਕ ਵਿਗਿਆਨ ਕਹਿਣਾ ਅਰੰਭ ਦਿੱਤਾ ਹੈ।

ਲੰਮਾ ਅਰਸਾ ਇਕ ਪ੍ਰਸਿੱਧ ਜੋਤਸ਼ੀ ਤੋਂ ਜੋਤਸ਼ ਸਿੱਖਣ ਉਪਰੰਤ ਅਤੇ ਲਗਭਗ ਦੋ ਦਹਾਕੇ ਚਿਹਰੇ ਪੜ੍ਹਨ ਦੇ ਆਪਣੇ ਅਭਿਆਸ ਦੇ ਆਧਾਰ ਤੇ ਮੇਰੀ ਧਾਰਣਾ ਹੈ ਕਿ ਅਜੋਕਾ ਜੋਤਸ਼, ਗ੍ਰਹਿਆਂ, ਰਾਸ਼ੀਆਂ, ਨਖੱਤਰਾਂ, ਤਿਥਾਂ, ਵਾਰਾਂ ਆਦਿ ਨੂੰ, ਗਾਹਕਾਂ ਨੂੰ ਭਰਮਾਉਣ ਲਈ ਹੀ, ਮਨਘੜਤ ਆਧਾਰ ਬਣਾਉਂਦਾ ਹੈ।

ਭਾਵੇਂ ਜੋਤਸ਼ੀਆਂ ਨੇ ਇਸ ਗਿਆਨ-ਅਗਿਆਨ ਨੂੰ ਇਕ ਪ੍ਰਕਾਰ ਦੇ ਗਣਿਤ ਦਾ ਰੂਪ ਦੇ ਦਿੱਤਾ ਹੈ ਪਰ ਜੋਤਸ਼ੀ ਆਪਣਾ ਕਿੱਤਾ ਕਿਸੇ ਗਿਆਨ ਨਾਲ ਨਹੀਂ, ਮਨੁੱਖੀ ਵਿਹਾਰ ਦੀ ਡੂੰਘੀ ਸੂਝ-ਸਮਝ ਨਾਲ ਹੀ ਚਲਾਉਂਦੇ ਹਨ।

ਜਿਵੇਂ ਪੁਲੀਸ ਵਾਲੇ ਮੁਜਰਿਮਾਂ ਦੇ ਲੱਛਣ ਅਤੇ ਡਾਕਟਰ ਬੀਮਾਰੀਆਂ ਦੀਆਂ ਨਿਸ਼ਾਨੀਆਂ ਜਾਣਦੇ ਹੁੰਦੇ ਹਨ, ਉਵੇਂ ਹੀ ਜੋਤਸ਼ੀ ਵੀ ਮਨੁੱਖ ਜਾਤੀ ਦੀਆਂ ਪ੍ਰੇਸ਼ਾਨੀਆਂ ਅਤੇ ਚਿੰਤਾਵਾਂ ਤੋਂ ਜਾਣੂ ਹੁੰਦੇ ਹਨ।

ਮੁੱਖ ਤੌਰ 'ਤੇ ਅਜੋਕਾ ਜੋਤਸ਼ ਇਸ ਆਧਾਰ 'ਤੇ ਚਲਦਾ ਹੈ ਕਿ ਭੈਭੀਤ ਵਿਅਕਤੀ ਨੂੰ ਭੈ-ਮੁੱਕਤ ਕਰੋ ਅਤੇ ਭੈ-ਮੁੱਕਤ ਨੂੰ ਭੈਭੀਤ ਕਰੋ ਜਾਂ ਘਬਰਾਏ ਹੋਏ ਨੂੰ ਹੌਸਲਾ ਦਿਓ ਅਤੇ ਹੌਸਲੇ ਵਾਲੇ ਨੂੰ ਡਰਾਓ।

ਇਹ ਵਿਧੀ ਪੁਰਸ਼ਾਂ ਨਾਲੋਂ ਇਸਤਰੀਆਂ ਉੱਤੇ ਵਧੇਰੇ ਸਫਲਤਾ ਨਾਲ ਵਰਤੀ ਜਾਂਦੀ ਹੈ, ਕਿਉਂਕਿ ਇਸਤਰੀਆਂ ਡਰ ਵੀ ਜਲਦੀ ਜਾਂਦੀਆਂ ਹਨ ਅਤੇ ਹੌਸਲੇ ਵਿਚ ਵੀ ਜਲਦੀ ਆ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਜੋਤਸ਼ ਵਿਚ ਇਸਤਰੀਆਂ, ਪੁਰਸ਼ਾਂ ਨਾਲੋਂ ਵਧੇਰੇ ਵਿਸ਼ਵਾਸ ਕਰਦੀਆਂ ਹਨ ਅਤੇ ਇਹ ਜੋਤਸ਼ੀਆਂ ਕੋਲ ਅਕਸਰ ਜਾਂਦੀਆਂ ਰਹਿੰਦੀਆਂ ਹਨ। ਜੋਤਸ਼ੀਆਂ ਕੋਲ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਇਸ ਲਈ ਵੀ ਵਧੇਰੇ ਜਾਂਦੀਆਂ ਹਨ, ਕਿਉਂਕਿ ਉਹ ਜਲਦੀ ਘਬਰਾ ਜਾਂਦੀਆਂ ਹਨ, ਕਿਉਂਕਿ ਉਨ੍ਹਾਂ ਦੇ ਪਤੀ, ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੇ।

ਵਸੀਲਿਆਂ ਵਾਲੇ ਪਰਿਵਾਰਾਂ ਨੇ ਆਪਣੇ ਪੱਕੇ ਜੋਤਸ਼ੀ ਰੱਖੇ ਹੁੰਦੇ ਹਨ ਅਤੇ ਉਹ ਜੋਤਸ਼ੀਆਂ ਨੂੰ ਘਰ ਬੁਲਾਉਂਦੇ ਰਹਿੰਦੇ ਹਨ।

ਇਸਤਰੀਆਂ ਵਿਚ ਆਪਣੀਆਂ ਸਮੱਸਿਆਵਾਂ ਅਤੇ ਆਪਣੇ ਪਰਿਵਾਰ ਦੇ ਵੇਰਵੇ ਵਧੇਰੇ ਵਿਸਥਾਰ ਵਿਚ ਦੱਸਣ ਦੀ ਸੁਭਾਵਕ ਰੁਚੀ ਹੁੰਦੀ ਹੈ ਅਤੇ ਉਹ ਜੋਤਸ਼ੀਆਂ ਨੂੰ ਆਪਣੀਆਂ ਪੜ੍ਹਦੇ ਵਾਲੀਆਂ ਗੱਲਾਂ ਦਾ ਬੈਂਕ ਸਮਝਦੀਆਂ ਹਨ। ਇਸੇ ਕਰਕੇ ਜੋਤਸ਼ੀਆਂ ਅਤੇ ਇਸਤਰੀਆਂ ਦੀ ਸੁਰ ਆਪਸ ਵਿਚ ਵਧੇਰੇ ਮਿਲਦੀ ਹੈ। ਅਕਸਰ ਜੋਤਸ਼ੀਆਂ ਕੋਲ ਪੁਰਸ਼ ਆਪ ਨਹੀਂ ਜਾਂਦੇ, ਉਨ੍ਹਾਂ ਦੀਆਂ ਪਤਨੀਆਂ ਹੀ ਉਨ੍ਹਾਂ ਨੂੰ ਲੈ ਕੇ ਜਾਂਦੀਆਂ ਹਨ।

ਕਈ ਵਾਰੀ ਜੀਵਨ-ਭਰ ਪਤਨੀ, ਪਤੀ ਨਾਲ ਰੁੜ੍ਹਦੀ ਰਹਿੰਦੀ ਹੈ, ਕਈ ਵਾਰੀ ਪਤੀ, ਪਤਨੀ ਨੂੰ ਧੂਹੀ ਜਾਂਦਾ ਹੈ। ਕਈ ਜੋੜੇ ਬੜੇ ਅਜੀਬ ਹੁੰਦੇ ਹਨ,

ਕਿਉਂਕਿ ਪਤੀ ਵਿਚ ਇਸਤਰੀ ਵਾਲੇ ਸਾਰੇ ਗੁਣ ਹੁੰਦੇ ਹਨ ਅਤੇ ਇਸਤਰੀ ਵਿਚ ਪੁਰਸ਼ ਵਾਲੇ ਸਾਰੇ ਔਗੁਣ ਹੁੰਦੇ ਹਨ।

ਜੇ ਕੋਈ ਸਮੱਸਿਆ ਲੈ ਕੇ ਪਤੀ-ਪਤਨੀ ਦੋਵੇਂ ਆਉਣ ਤਾਂ ਜੋਤਸ਼ੀ ਨੂੰ ਵਧੇਰੇ ਗੰਭੀਰ ਹੋਣਾ ਪੈਂਦਾ ਹੈ, ਕਿਉਂਕਿ ਇਸ ਗੰਭੀਰਤਾ ਕਾਰਨ ਹੀ ਉਸ ਦੀਆਂ ਗੱਲਾਂ ਨੂੰ ਵਧੇਰੇ ਧਿਆਨ ਨਾਲ ਸੁਣਿਆ ਅਤੇ ਮੰਨਿਆ ਜਾਂਦਾ ਹੈ।

ਜੋਤਸ਼ੀ ਆਉਣ ਵਾਲੇ ਦੀ ਉਮਰ ਅਨੁਸਾਰ ਪੈਂਤੜਾ ਧਾਰਨ ਕਰਦੇ ਹਨ, ਕਿਉਂਕਿ ਉਹ ਹਰ ਉਮਰ ਦੇ ਮਨੁੱਖਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੁੰਦੇ ਹਨ।

ਵੀਹ ਸਾਲ ਤੱਕ ਬਹੁਤੀਆਂ ਸਮੱਸਿਆਵਾਂ ਪੜ੍ਹਾਈ ਬਾਰੇ, ਵੀਹ ਤੋਂ ਤੀਹ ਤੱਕ ਵਿਆਹ ਬਾਰੇ, ਤੀਹ ਤੋਂ ਚਾਲ੍ਹੀ ਤੱਕ ਪਰਿਵਾਰ ਬਾਰੇ, ਰਿਸ਼ਤੇਦਾਰਾਂ ਬਾਰੇ, ਪੰਜਾਹ ਤੱਕ ਸੰਤਾਨ ਅਤੇ ਜਾਇਦਾਦ ਬਾਰੇ ਹੁੰਦੀਆਂ ਹਨ ਅਤੇ ਮਗਰੋਂ ਸਰੀਰਕ ਕਸ਼ਟਾਂ ਅਤੇ ਪਰਿਵਾਰਕ ਸੰਕਟਾਂ ਬਾਰੇ ਸਮੱਸਿਆਵਾਂ ਵਧੇਰੇ ਹੁੰਦੀਆਂ ਹਨ।

ਜੋਤਸ਼ੀਆਂ ਕੋਲੋਂ ਪਹਿਲਾਂ ਇਸਤਰੀਆਂ ਵਲੋਂ ਪੁੱਛਿਆ ਜਾਂਦਾ ਸੀ, ਵਿਆਹ ਹੋਵੇਗਾ ਕਿ ਨਹੀਂ; ਫਿਰ ਇਹ ਪੁੱਛਿਆ ਜਾਣ ਲੱਗਿਆ, ਕਿੱਥੇ ਹੋਵੇਗਾ ਅਤੇ ਕਦੋਂ ਹੋਵੇਗਾ; ਹੁਣ ਪੁੱਛਿਆ ਜਾਂਦਾ ਹੈ ਕਿ ਵਿਆਹ ਕਿਤਨਾ ਚਿਰ ਚੱਲੇਗਾ?

ਵੇਖਿਆ ਗਿਆ ਹੈ ਕਿ ਜੋਤਸ਼ੀਆਂ ਕੋਲ ਬਹੁਤੇ ਲੋਕ ਆਪਣੀ ਚਾਲ੍ਹੀ ਤੋਂ ਪੰਜਾਹ ਸਾਲ ਦੀ ਉਮਰ ਵਿਚਕਾਰ ਜਾਂਦੇ ਹਨ।

ਜੋਤਸ਼ੀ ਕੋਲ ਜਾਣ ਦਾ ਰੁਝਾਨ ਅਕਸਰ ਚਾਲ੍ਹੀਵੇਂ ਸਾਲ ਵਿਚ ਅਰੰਭ ਹੋ ਚੁੱਕਾ ਹੁੰਦਾ ਹੈ। ਇਸ ਉਮਰ ਵਿਚ ਜਵਾਨੀ ਦਾ ਮਾਣ ਨਹੀਂ ਰਹਿੰਦਾ, ਬੱਚੇ ਆਪ ਅੱਗੇ ਹੋ ਕੇ ਸਾਨੂੰ ਪਿੱਛੇ ਕਰ ਦਿੰਦੇ ਹਨ, ਖਰਚੇ, ਆਮਦਨ ਨਾਲ ਮੇਲ ਨਹੀਂ ਖਾਂਦੇ, ਰਿਸ਼ਤਿਆਂ ਅਤੇ ਰਿਸ਼ਤੇਦਾਰੀਆਂ ਦੀਆਂ ਸਮੱਸਿਆਵਾਂ ਸਾਨੂੰ ਘੇਰ ਲੈਂਦੀਆਂ ਹਨ। ਜੇ ਮਕਾਨ ਹੋਵੇ ਤਾਂ ਉਸ ਦੀ ਮੁਰੰਮਤ ਕਰਵਾਉਣ ਦੀ ਅਤੇ ਜੇ ਮਕਾਨ ਨਹੀਂ ਹੈ ਤਾਂ ਉਸ ਨੂੰ ਉਸਾਰਨ ਦੀ ਚਿੰਤਾ ਉਪਜ ਪੈਂਦੀ ਹੈ। ਕਿਸੇ ਕੰਮ ਵਿਚ ਲਾਈ ਪੂੰਜੀ ਯੋਗ ਲਾਭ ਨਹੀਂ ਦਿੰਦੀ, ਪਰਿਵਾਰ ਦਾ ਕੋਈ ਜੀਅ ਬੀਮਾਰ ਰਹਿਣ ਲਗ ਪੈਂਦਾ ਹੈ, ਧੀ ਸੁਖੀ ਨਹੀਂ ਹੁੰਦੀ, ਨੂੰਹ ਦੁਖੀ ਕਰਦੀ ਹੈ।

ਇਸ ਉਮਰ ਵਿਚ ਵਿਆਹਿਆਂ ਦੇ ਚਿਹਰਿਆਂ ਤੇ ਇਕ ਵਿਸ਼ੇਸ਼ ਪ੍ਰਕਾਰ ਦੀ ਨਿਰਾਸਤਾ, ਪ੍ਰੇਸ਼ਾਨੀ ਅਤੇ ਉਦਾਸੀ ਬਹਿ ਜਾਂਦੀ ਹੈ। ਇਸ ਉਮਰ ਵਿਚ ਹਰ ਕਿਸੇ ਨੂੰ ਕਿਸੇ ਇਕ ਵੱਡੀ ਸਮੱਸਿਆ ਦਾ ਸਾਹਮਣਾ ਹੋਣ ਲੱਗ ਪੈਂਦਾ ਹੈ।

ਅਸੀਂ ਜੋਤਸ਼ੀ ਜਾਂ ਡਾਕਟਰ ਕੋਲ ਉਦੋਂ ਹੀ ਜਾਂਦੇ ਹਾਂ, ਜਦੋਂ ਸਮੱਸਿਆ ਪੁਰਾਣੀ ਅਤੇ ਗੰਭੀਰ ਹੋ ਜਾਂਦੀ ਹੈ। ਜੋਤਸ਼ੀ ਅਜਿਹੇ ਵਿਅਕਤੀਆਂ ਨੂੰ ਧਰਵਾਸ ਦੇਣ ਲਈ ਕਹਿੰਦੇ ਹਨ ਕਿ ਤੁਹਾਡੇ ਜੀਵਨ ਵਿਚ ਚਾਰ ਸਾਲ ਦਾ ਸੰਕਟ ਹੈ, ਹੋਰ ਦੋ ਸਾਲ ਦਾ ਸਮਾਂ ਕਠਿਨ ਚੱਲੇਗਾ, ਫਿਰ ਗ੍ਰਹਿ ਤੁਹਾਡੇ ਪੱਖ ਵਿਚ ਹੋ ਜਾਣਗੇ।

ਅਸਲੀਅਤ ਇਹ ਹੁੰਦੀ ਹੈ ਕਿ ਸਾਨੂੰ ਆਪਣੀ ਸਮੱਸਿਆ ਨਾਲ ਲੰਮਾ ਅਰਸਾ ਰਹਿੰਦੇ ਰਹਿਣ ਕਰਕੇ, ਸਮੱਸਿਆ ਬਰਦਾਸ਼ਤ ਕਰਨਯੋਗ ਹੋ ਜਾਂਦੀ ਹੈ ਜਾਂ ਕਿਸੇ ਹੋਰ ਸਮੱਸਿਆ ਦੇ ਉਭਰਨ ਨਾਲ ਇਸ ਸਮੱਸਿਆ ਤੋਂ ਸਾਡਾ ਧਿਆਨ ਹੀ ਹਟ ਜਾਂਦਾ ਹੈ, ਜਾਂ ਇਹ ਸਮੱਸਿਆ ਵਕਤ ਦੇ ਬੀਤਣ ਨਾਲ ਆਪੇ ਲੋਪ ਹੋ ਜਾਂਦੀ ਹੈ ਜਾਂ ਅਸੀਂ ਸਮੱਸਿਆ ਨੂੰ ਮਹੱਤਵ ਦੇਣਾ ਹੀ ਬੰਦ ਕਰ ਦਿੰਦੇ ਹਾਂ।

ਜੋਤਸ਼ੀ ਘਬਰਾਏ ਲੋਕਾਂ ਨੂੰ ਆਸਵੰਦ ਬਣਾ ਦਿੰਦੇ ਹਨ।

ਜੋਤਸ਼ੀ ਭਲੀ-ਭਾਂਤ ਜਾਣਦੇ ਹਨ ਕਿ ਚਿੰਤਾ ਕਰਨੀ ਮਨੁੱਖ ਦਾ ਸੁਭਾਓ ਹੈ ਅਤੇ ਆਸ-ਉਮੀਦ ਲਾਉਣੀ ਮਨੁੱਖ ਦੀ ਆਦਤ ਹੁੰਦੀ ਹੈ ਅਤੇ ਮਨੁੱਖੀ ਵਿਹਾਰ ਬਾਰੇ ਆਪਣੀ ਇਸ ਸਮਝ ਨੂੰ ਜੋਤਸ਼ੀ ਖੂਬ ਵਰਤਦੇ ਹਨ। ਇਵੇਂ ਲੋਕਾਂ ਦੀਆਂ ਪ੍ਰੇਸ਼ਾਨੀਆਂ, ਜੋਤਸ਼ੀਆਂ ਦੇ ਨਿਰਬਾਹ ਦਾ ਸਾਧਨ ਬਣ ਜਾਂਦੀਆਂ ਹਨ।

ਚੁਸਤ ਅਤੇ ਚਲਾਕ ਜੋਤਸ਼ੀ ਆਉਣ ਵਾਲੇ ਗਾਹਕ ਜਾਂ ਜਾਤਕ ਦੀ ਸਰੀਰਕ ਡੀਲ-ਡੌਲ, ਅੱਖ ਦੀ ਚਮਕ, ਚਮੜੀ ਦੇ ਰੰਗ, ਪਹਿਨੇ ਹੋਏ ਕਪੜਿਆਂ, ਉਮਰ ਅਤੇ ਬੋਲ-ਬੁਲਾਰੇ ਤੋਂ, ਉਸ ਦੀਆਂ ਸਮੱਸਿਆਵਾਂ ਦਾ ਲਗਭਗ ਸਹੀ ਅਨੁਮਾਨ ਲਾ ਲੈਂਦੇ ਹਨ।

ਜਿਵੇਂ ਫੁੱਟਬਾਲ ਦੀ ਖੇਡ ਵਿਚ ਗੋਲ ਕਰਨ ਵੇਲੇ ਗੋਲ ਵਾਲੀ ਥਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ, ਉਵੇਂ ਹੀ ਪ੍ਰੇਸ਼ਾਨੀਆਂ ਅਤੇ ਚਿੰਤਾਵਾਂ ਦੀ ਖੇਡ ਵਿਚ ਜੋਤਸ਼ੀ ਆਪਣੀਆਂ ਗੱਲਾਂ ਨਾਲ ਜਾਤਕ ਦੇ ਕੰਨਾਂ ਵਿਚ ਗੋਲ ਕਰਦੇ ਹਨ। ਕਿਉਂਕਿ ਮਨੁੱਖ ਜੋਤਸ਼ੀ ਕੋਲ ਆਸ ਲੈ ਕੇ ਜਾਂਦਾ ਹੈ, ਸੋ ਜੋਤਸ਼ੀ ਗਾਹਕ ਜਾਂ ਜਾਤਕ ਦੀ ਸਮਰੱਥਾ ਵੇਖ ਕੇ ਹੱਲ ਸੁਝਾਉਂਦਾ ਹੈ।

ਸੱਚਾਈ ਇਹ ਹੈ ਕਿ ਕਿਸੇ ਦੀਆਂ ਵੀ ਮੁਸ਼ਕਿਲਾਂ ਦੂਰ ਨਹੀਂ ਹੁੰਦੀਆਂ ਪਰ ਉਨ੍ਹਾਂ ਦਾ ਰੰਗ-ਰੂਪ ਅਤੇ ਮੁਹਾਂਦਰਾ ਬਦਲ ਜਾਂਦਾ ਹੈ। ਉਦਾਹਰਣ ਵਜੋਂ ਆਪਸ ਵਿਚ ਲੜਨ-ਝਗੜਨ ਵਾਲੇ ਪਤੀ-ਪਤਨੀ, ਸਹੁਰੇ ਘਰ ਵਿਚ ਆਪਣੀ ਧੀ ਦੇ ਦੁੱਖੀ ਹੋਣ ਵੇਲੇ, ਆਪਸੀ ਵਿਰੋਧਾਂ ਨੂੰ ਭੁਲਾ ਕੇ, ਧੀ ਦੇ ਸਹੁਰੇ-ਪਰਿਵਾਰ ਨੂੰ, ਆਪਣੇ ਸਾਂਝੇ ਵਿਰੋਧ ਦਾ ਨਿਸ਼ਾਨਾ ਬਣਾਉਂਦੇ ਹਨ। ਇਵੇਂ ਹੀ ਵਿਆਹ ਵੇਲੇ ਮਨੁੱਖ ਸਮਝਦਾ ਹੈ ਕਿ ਹੁਣ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ, ਜਦੋਂਕਿ ਵਿਆਹ ਨਾਲ ਹੋਰ ਸਮੱਸਿਆਵਾਂ ਉਪਜ ਪੈਂਦੀਆਂ ਹਨ। ਸਾਡੇ ਦੁੱਖ ਬਦਲਦੇ ਰਹਿੰਦੇ ਹਨ, ਸੋ ਅਜੋਕੇ ਦੁੱਖਾਂ ਤੋਂ ਮੁਕਤ ਹੋਣ ਦੀ ਆਸ ਬਣੀ ਰਹਿੰਦੀ ਹੈ।

ਜਦੋਂ ਸਾਡਾ ਕੋਈ ਪਿਆਰਾ ਮਰ ਜਾਂਦਾ ਹੈ, ਜਾਂ ਵੱਡਾ ਘਾਟਾ ਪੈ ਜਾਂਦਾ ਹੈ, ਜਾਂ ਅਸੀਂ ਮੁਕਾਬਲੇ, ਚੋਣ ਜਾਂ ਪ੍ਰੀਖਿਆ ਵਿਚ ਸਫਲ ਨਹੀਂ ਹੁੰਦੇ ਤਾਂ ਹਰ ਕੋਈ ਇਹੀ ਸਮਝਣ ਲੱਗ ਪੈਂਦਾ ਹੈ ਕਿ ਮੈਂ ਹੁਣ ਕਦੇ ਵੀ ਠੀਕ ਨਹੀਂ ਹੋ ਸਕਾਂਗਾ ਪਰ

ਕੁਝ ਅਰਸੇ ਮਗਰੋਂ ਹਿੰਮਤ ਜਾਗ ਪੈਂਦੀ ਹੈ ਅਤੇ ਪ੍ਰਤੀਤ ਹੁੰਦਾ ਹੈ ਕਿ ਸਾਰਾ ਕੁਝ ਨਹੀਂ ਗੁਆਚਿਆ।

ਜੋਤਸ਼ੀ ਇਸ 'ਕੁਝ ਅਰਸੇ' ਦਾ ਧਰਵਾਸ ਦਿੰਦੇ ਹਨ।

ਮਨੁੱਖ ਦੀਆਂ ਪ੍ਰੇਸ਼ਾਨੀਆਂ ਦੇ ਤਿੰਨ ਮੁੱਖ ਕਾਰਨ ਹੁੰਦੇ ਹਨ: ਪੈਸੇ ਦੀ ਘਾਟ, ਸਰੀਰਕ ਸ਼ਕਤੀ ਦੀ ਘਾਟ ਅਤੇ ਹੋਰਾਂ ਦੇ ਸਹਿਯੋਗ ਦੀ ਘਾਟ। ਇਨ੍ਹਾਂ ਵਿਚੋਂ ਹੀ ਕਰੋਧ, ਨਿਰਾਸਤਾ ਅਤੇ ਮਾਯੂਸੀ ਉਪਜਦੀਆਂ ਹਨ। ਕਰੋਧ ਦੀ ਅਵਾਜ਼ ਉੱਚੀ ਹੁੰਦੀ ਹੈ, ਨਿਰਾਸਤਾ ਜਾਂ ਨਿਆਸਰੇਪਣ ਦੀ ਨੀਵੀਂ, ਜਦੋਂਕਿ ਆਸ ਦੀ ਅਵਾਜ਼ ਵਿਚ ਹਿੰਮਤ ਹੁੰਦੀ ਹੈ।

ਜੋਤਸ਼ੀ ਜਾਤਕ ਦੇ ਵਿਗੜੇ ਮਾਨਸਿਕ ਸੰਤੁਲਨ ਨੂੰ ਇਕ-ਸੁਰ ਕਰਦੇ ਹਨ।

ਜੋਤਸ਼ੀ ਸਧਾਰਨ ਪ੍ਰਕਾਰ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਦਾ ਇਲਾਜ ਕਰਨ ਦੇ ਮਾਹਿਰ ਹੁੰਦੇ ਹਨ। ਬਹੁਤੇ ਵਿਅਕਤੀਆਂ ਦੀ ਲੋੜ ਸੁਣੇ ਜਾਣਾ ਹੀ ਹੁੰਦੀ ਹੈ।

ਜਦੋਂ ਜੋਤਸ਼ੀ ਸਾਨੂੰ ਧਿਆਨ ਨਾਲ ਸੁਣਦਾ ਹੈ ਤਾਂ ਸਾਨੂੰ ਉਹ ਡਾਕਟਰ ਵਾਂਗ ਸਿਆਣਾ ਅਤੇ ਮਾਹਿਰ ਪ੍ਰਤੀਤ ਹੁੰਦਾ ਹੈ ਅਤੇ ਅਸੀਂ ਆਪਣੀ ਹਿੰਮਤ ਅਤੇ ਉਸ ਦੀ ਧਰਵਾਸ ਨਾਲ ਤਗੜੇ ਹੋ ਜਾਂਦੇ ਹਾਂ।

ਪਹਿਲਾਂ ਕੇਵਲ ਪੰਡਤ ਹੀ ਜੋਤਸ਼ੀ ਹੁੰਦੇ ਸਨ ਪਰ ਹੁਣ ਹਰ ਕੋਈ ਇਸ ਨੂੰ ਕਿੱਤੇ ਵਜੋਂ ਅਪਨਾ ਰਿਹਾ ਹੈ।

ਜਿਸ ਪੰਡਤ ਕੋਲ ਜੋਤਸ਼ ਸਿੱਖਣ ਲਈ ਮੈਂ ਜਾਂਦਾ ਸੀ, ਉਹ ਪ੍ਰਭਾਵਸ਼ਾਲੀ ਪ੍ਰਤੀਤ ਹੋਣ ਵਾਸਤੇ ਪੱਗੜੀ ਬੰਨ੍ਹਦਾ ਸੀ, ਤਿਲਕ ਲਾਉਂਦਾ ਸੀ, ਵਿਦਵਾਨ ਪ੍ਰਤੀਤ ਹੋਣ ਵਾਸਤੇ ਬਿਨਾ ਨੰਬਰ ਦੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾਉਂਦਾ ਸੀ, ਮੰਦਿਰ ਵਾਲਾ ਵਾਤਾਵਰਣ ਉਸਾਰਨ ਲਈ ਧੂਫ-ਅਗਰਬੱਤੀ ਬਾਲਦਾ ਸੀ ਅਤੇ ਕਈ ਵਾਰੀ ਜਾਤਕ ਨੂੰ ਪ੍ਰਭਾਵਿਤ ਕਰਨ ਵਾਸਤੇ ਕਹਿੰਦਾ ਸੀ: ਮੈਂ ਤੁਹਾਡੀ ਹੀ ਉਡੀਕ ਕਰ ਰਿਹਾ ਸੀ।

ਡੂੰਘਾ ਪ੍ਰਭਾਵ ਪਾਉਣ ਵਾਸਤੇ ਅਤੇ ਹੋਰ ਸੂਚਨਾ ਪ੍ਰਾਪਤ ਕਰਨ ਲਈ ਉਹ ਕਹਿੰਦਾ ਸੀ, ਤੁਹਾਡੇ ਤੋਂ ਇਕ ਗਲਤੀ ਹੋਈ ਹੈ, ਜਿਸ ਦਾ ਪ੍ਰਭਾਵ ਖਤਮ ਕਰਨ ਵਾਸਤੇ ਪੂਜਾ ਕਰਨੀ ਪਵੇਗੀ; ਜਾਂ ਤੁਹਾਡੇ 'ਤੇ ਇਕ ਸੰਕਟ ਹੈ, ਜਿਹੜਾ ਪਤਨੀ ਵਲੋਂ ਵਰਤ ਰੱਖਣ ਨਾਲ ਟਲ ਸਕਦਾ ਹੈ। ਜੇ ਗੱਲ ਜੋਤਸ਼ੀ ਦੀ ਪਕੜ ਵਿਚ ਨਾ ਆਉਂਦੀ ਪ੍ਰਤੀਤ ਹੁੰਦੀ ਤਾਂ ਉਹ ਕਹਿੰਦਾ ਸੀ: ਉਪਾਓ ਦੱਸਣ ਦੇ ਪੱਖੋਂ ਇਹ ਸਮਾਂ ਸ਼ੁੱਭ ਨਹੀਂ ਹੈ, ਤਿੰਨ ਦਿਨ ਮਗਰੋਂ ਭੋਜਨ ਕਰਨ ਤੋਂ ਪਹਿਲਾਂ ਆਉਣਾ ਪਰ ਗੱਲਾਂਬਾੜਾਂ ਰਾਹੀਂ ਉਹ ਹੋਰ ਸੂਚਨਾ ਇਕੱਤਰ ਕਰ ਲੈਂਦਾ ਸੀ।

ਇਕ ਵਾਰੀ ਇਕ ਪ੍ਰੇਸ਼ਾਨ ਵਿਅਕਤੀ ਆਇਆ, ਜੋਤਸ਼ੀ ਤੋਂ ਇਹ ਸੁਣ ਕੇ ਕਿ ਮੰਗਲ, ਸ਼ੁਕਰ ਦੇ ਘਰ ਵਿਚ ਬੈਠਾ ਹੈ, ਬੁੱਧ ਸ਼ਨੀ ਦੇ ਘਰ ਵਿਚ ਹੈ ਤਾਂ ਉਹ

ਪੁੱਛਣ ਲੱਗਾ: ਇਹ ਮੰਗਲ, ਬੁੱਧ ਜਾਂ ਸ਼ਨੀ ਆਪਣੇ-ਆਪਣੇ ਘਰ ਕਿਉਂ ਨਹੀਂ ਰਹਿੰਦੇ? ਜਦੋਂ ਜੋਤਸ਼ੀ ਨੇ ਕਿਹਾ: ਤੇਰਾ ਸੰਕਟ ਟਾਲਣ ਵਾਸਤੇ ਪੂਜਾ ਕਰਨੀ ਪਵੇਗੀ, ਸੌ ਰੁਪਏ ਲੱਗਣਗੇ, ਤਾਂ ਉਸ ਨੇ ਕਿਹਾ: ਮੇਰੇ ਕੋਲ ਹੋਰ ਪੈਸੇ ਨਹੀਂ ਹਨ, ਜਿਹੜੇ ਸਨ ਉਹ ਤੁਹਾਨੂੰ ਦੇ ਦਿੱਤੇ ਹਨ। ਜਦੋਂ ਪੰਜਾਹ, ਪੰਝੀ ਤੋਂ ਗੱਲ ਦਸ ਰੁਪਏ ਤੱਕ ਆ ਗਈ ਤਾਂ ਵੀ ਉਸ ਨੇ ਕਿਹਾ, ਹੋਰ ਪੈਸੇ ਨਹੀਂ ਹਨ ਤਾਂ ਜੋਤਸ਼ੀ ਨੇ ਕਿਹਾ: ਫਿਰ ਮੌਜਾਂ ਕਰ, ਜੇ ਤੇਰੇ ਕੋਲ ਦਸ ਰੁਪਏ ਵੀ ਨਹੀਂ ਹਨ ਤਾਂ ਮੰਗਲ ਜਾਂ ਸ਼ਨੀ ਤੇਰਾ ਕੀ ਵਿਗਾੜ ਲੈਣਗੇ!

ਇਕ ਵਾਰੀ ਜੋਤਸ਼ੀ ਨੇ ਸ਼ਾਮ ਵੇਲੇ ਕਿਹਾ: ਜੇ ਪਤਾ ਹੁੰਦਾ ਕਿ ਕਿਸੇ ਗਾਹਕ ਨੇ ਨਹੀਂ ਸੀ ਆਉਣਾ ਤਾਂ ਇਤਨੀ ਠੰਡ ਵਿਚ ਮੈਂ ਦੁਕਾਨ ਹੀ ਨਾ ਖੋਲ੍ਹਦਾ।

ਜੋਤਸ਼ੀ ਨੇ ਵਿਆਹ ਦੀ ਇੱਛਕ ਇਕ ਇਸਤਰੀ ਨੂੰ ਕਿਹਾ: ਵਿਆਹ ਇਸ ਸਾਲ ਵਿਚ ਹੋ ਸਕਦਾ ਹੈ ਪਰ ਹਵਨ ਕਰਨਾ ਪਵੇਗਾ।

ਇਕ ਦਿਨ ਉਹ ਕਹਿ ਰਿਹਾ ਸੀ ਕਿ ਦਸ਼ਰਥ ਨੇ ਤਾਂ ਰਾਮ ਨੂੰ ਸਿੰਘਾਸਨ 'ਤੇ ਬੈਠਾਉਣਾ ਚਾਹਿਆ ਸੀ ਪਰ ਸਿੰਘਾਸਨ 'ਤੇ ਬੈਠਣ ਦੇ ਪੱਖੋਂ ਰਾਮ ਲਈ ਸਮਾਂ ਅਤੇ ਲਗਨ ਸ਼ੁੱਭ ਨਹੀਂ ਸੀ ਪਰ ਕੈਕਈ ਵਲੋਂ, ਦਸ਼ਰਥ ਤੋਂ ਆਪਣਾ ਵਰ ਮੰਗਣ ਦੇ ਪੱਖੋਂ ਸਮਾਂ ਅਤੇ ਲਗਨ ਸ਼ੁੱਭ ਸੀ।

ਜੋਤਸ਼ੀ ਹਰ ਕਿਸੇ ਨੂੰ ਵਾਪਰ ਚੁੱਕੀਆਂ ਘਟਨਾਵਾਂ ਬਾਰੇ ਇੰਜ ਦੱਸਦੇ ਹਨ, ਜਿਵੇਂ ਉਹ ਉਨ੍ਹਾਂ ਦੀ ਭਵਿੱਖਬਾਣੀ ਅਨੁਸਾਰ ਹੀ ਵਾਪਰੀਆਂ ਸਨ।

ਜੋਤਸ਼ੀ ਦੀ ਜਨਮ ਅਤੇ ਮੌਤ ਬਾਰੇ ਕੋਈ ਭਵਿੱਖਬਾਣੀ ਨਹੀਂ ਚੱਲਦੀ, ਉਸ ਦੀ ਸਾਰੀ ਵਿੱਦਿਆ, ਇਨ੍ਹਾਂ ਦੋਹਾਂ ਦੇ ਵਿਚਕਾਰਲੇ ਸਮੇਂ ਬਾਰੇ ਹੁੰਦੀ ਹੈ।

ਜੋਤਸ਼ੀਆਂ ਕੋਲ ਬਹੁਤੇ ਲੋਕ ਪਰਿਵਾਰਕ ਅਤੇ ਵਪਾਰਕ ਸਮੱਸਿਆਵਾਂ ਲੈ ਕੇ ਆਉਂਦੇ ਹਨ। ਇਸਤਰੀਆਂ ਵਪਾਰਕ ਨਹੀਂ, ਸਰੀਰਕ ਅਤੇ ਹੋਰਾਂ ਨਾਲ ਆਪਣੇ ਸੰਬੰਧਾਂ ਬਾਰੇ, ਸਮੱਸਿਆਵਾਂ ਲੈ ਕੇ ਆਉਂਦੀਆਂ ਹਨ।

ਭਾਰਤ ਵਿਚ ਜੋਤਸ਼ ਨੂੰ ਹਿੰਦੂ ਧਰਮ ਨੇ ਪ੍ਰਚੱਲਤ ਕੀਤਾ ਹੈ ਅਤੇ ਇਸ ਨੂੰ ਹਿੰਦੂ ਰਾਜਿਆਂ ਦੀ ਸਰਪ੍ਰਸਤੀ ਮਿਲਦੀ ਰਹੀ ਹੈ।

ਹਿੰਦੂ ਧਰਮ ਵਿਚ ਜੋਤਸ਼ੀਆਂ ਨੇ ਇਤਨੇ ਵਹਿਮ-ਭਰਮ ਫੈਲਾਏ ਹੋਏ ਹਨ ਕਿ ਕੁਝ ਵੀ ਉਨ੍ਹਾਂ ਨੂੰ ਪੁੱਛੇ ਬਿਨਾ ਨਹੀਂ ਕੀਤਾ ਜਾਂਦਾ। ਜੇ ਹਿੰਦੂ ਧਰਮ ਵਿਚਲੇ ਵਹਿਮਾਂ-ਭਰਮਾਂ ਨੂੰ ਵੇਖਣਾ ਹੋਵੇ ਤਾਂ ਕਿਸੇ ਧਨਵਾਨ ਹਿੰਦੂ ਦੇ ਮਰਨ ਸੰਬੰਧੀ ਕੀਤੀਆਂ ਜਾਣ ਵਾਲੀਆਂ ਰਸਮਾਂ-ਰੀਤਾਂ ਤੋਂ ਵੇਖਿਆ ਜਾ ਸਕਦਾ ਹੈ।

ਪੁਰਾਤਨ ਯੁੱਗ ਵਿਚ ਜਦੋਂ ਕਿਸੇ ਰਾਜੇ ਉੱਤੇ ਸੰਕਟ ਆਉਂਦਾ ਸੀ ਤਾਂ ਸੰਕਟ ਟਾਲਣ ਲਈ ਜੋਤਸ਼ੀ, ਰਾਜੇ ਨੂੰ ਆਪਣੀ ਸਭ ਤੋਂ ਪਿਆਰੀ ਚੀਜ਼ ਦਾਨ ਕਰਨ

ਲਈ ਕਹਿ ਕੇ, ਰਾਣੀ ਦਾਨ ਕਰਵਾ ਲੈਂਦੇ ਸਨ, ਫਿਰ ਉਸ ਦਾ ਮੁੱਲ ਪਾ ਕੇ, ਮੁੱਲ ਵਸੂਲ ਕੇ, ਰਾਣੀ ਰਾਜੇ ਨੂੰ ਵਾਪਸ ਕਰ ਦਿੰਦੇ ਸਨ।

ਜੋਤਸ਼ੀ, ਜਨਮ-ਪੱਤਰੀ ਜਾਂ ਕੁੰਡਲੀ ਨਾਲ ਹੀ ਵਹਿਮਾਂ-ਭਰਮਾਂ ਦਾ ਸਿਲਸਿਲਾ ਅਰੰਭ ਕਰ ਦਿੰਦੇ ਹਨ।

ਜੋਤਸ਼ੀਆਂ ਅਨੁਸਾਰ, ਜਾਤਕ ਦੇ ਜਨਮ ਸਮੇਂ ਜੋ ਗ੍ਰਹਿ ਨੀਚ-ਸਥਿਤੀ ਵਿਚ ਹੁੰਦੇ ਹਨ, ਉਨ੍ਹਾਂ ਨੂੰ ਸ਼ੁੱਭ-ਸਥਿਤੀ ਵਿਚ ਲਿਆਉਣ ਦਾ ਨਾਂ ਜੋਤਸ਼ ਹੈ।

ਜੋਤਸ਼ੀਆਂ ਨੇ ਸਮੁੱਚੀ ਮਾਨਵਜਾਤੀ ਨੂੰ ਨੌਂ ਗ੍ਰਹਿਆਂ, ਸਤਾਈ ਨੱਖਤਰਾਂ, ਬਾਰ੍ਹਾਂ ਰਾਸ਼ੀਆਂ ਆਦਿ ਨਾਲ ਬੰਨ੍ਹਿਆ ਹੋਇਆ ਹੈ। ਇਨ੍ਹਾਂ ਨੇ ਰੰਗ, ਧਾਗੇ, ਧਾਤਾਂ, ਅਨਾਜ ਆਦਿ ਵੀ ਗ੍ਰਹਿਆਂ ਅਨੁਸਾਰ ਵੰਡੇ ਹੋਏ ਹਨ।

ਜੋਤਸ਼ੀ ਕਹਿੰਦੇ ਹਨ ਕਿ ਜੋ ਲੋਕ ਜੋਤਸ਼ ਨੂੰ ਢਕੌਂਸਲਾ ਹੀ ਸਮਝਦੇ ਹਨ, ਉਹ ਅਗਿਆਨੀ ਵੀ ਹਨ ਅਤੇ ਮੂਰਖ ਵੀ। ਜੋਤਸ਼ੀ ਕਹਿੰਦੇ ਹਨ ਕਿ ਹਰੇਕ ਕਾਰਜ, ਜਨਮ-ਵਿਆਹ-ਮਰਨ, ਗ੍ਰਹਿਆਂ ਦੇ ਪ੍ਰਭਾਵ ਅਧੀਨ ਚੱਲਦਾ ਹੈ ਪਰ ਉਨ੍ਹਾਂ ਕੋਲ ਗ੍ਰਹਿਆਂ ਦੇ ਪ੍ਰਭਾਵ ਨੂੰ ਬਦਲਣ ਦੇ ਉਪਾਓ ਹਨ।

ਜੋਤਸ਼ ਅਨੁਸਾਰ ਸੌਖੀਆਂ ਇੱਛਾਵਾਂ ਦੇ ਉਪਾਓ ਸੌਖੇ ਹੁੰਦੇ ਹਨ ਅਤੇ ਮੁਸ਼ਕਿਲ ਮੰਗਾਂ ਦੇ ਉਪਾਓ ਔਖੇ ਹੁੰਦੇ ਹਨ, ਜਿਵੇਂ ਪੁੱਤਰ-ਪ੍ਰਾਪਤੀ ਲਈ ਧਨਵਾਨ ਇਕ ਸੌ ਇਕ ਅੰਗਹੀਣ ਗਊਆਂ ਨੂੰ ਇੱਕੀ ਦਿਨ ਚਾਰਾ ਪਾਵੇ। ਵਪਾਰ ਵਧਾਉਣ ਲਈ ਵਪਾਰੀ ਲਾਲ ਮੂੰਹ ਵਾਲੇ ਪੰਜ ਬਾਂਦਰਾਂ ਨੂੰ ਗੁੜ ਖੁਆਵੇ। ਜੇ ਪਤਨੀ ਵੱਸ ਵਿਚ ਕਰਨੀ ਹੋਵੇ ਤਾਂ ਪਤੀ ਬਾਰ੍ਹਾਂ ਦਿਨ ਪ੍ਰਤੀ ਦਿਨ ਬਾਰ੍ਹਾਂ ਵਾਰ ਅੰਗੂਠਾ ਦੁੱਧ ਵਿਚ ਭਿਉਂਕੇ ਚੂਸੇ। ਜੇ ਪਤੀ ਵੱਸ ਕਰਨਾ ਹੋਵੇ ਤਾਂ ਪਤਨੀ ਚਾਲ੍ਹੀ ਰੋਜ਼ ਹਰ ਦਿਨ ਇਕ ਵੱਖਰਾ ਫੁੱਲ ਨਾਲੀ ਵਿਚ ਰੋੜ੍ਹੇ। ਪ੍ਰੀਖਿਆ ਵਿਚ ਸਫਲਤਾ ਲਈ ਵਿਦਿਆਰਥੀ ਸੋਮਵਾਰ ਦਾ ਵਰਤ ਰੱਖੇ ਆਦਿ।

ਕਿਸੇ ਨਾ ਕਿਸੇ ਰੂਪ ਵਿਚ ਜੋਤਸ਼ ਹਰ ਧਰਮ ਜਾਂ ਸਮਾਜ ਵਿਚ ਹੈ। ਯੋਰਪ ਵਿਚ ਨੋਸਟਰੇਡੈਮਸ ਦੀਆਂ ਭਵਿੱਖਬਾਣੀਆਂ ਦੇ ਨਵੇਂ-ਨਵੇਂ ਅਰਥ ਕੱਢੇ ਜਾਂਦੇ ਹਨ। ਚੀਨ ਵਿਚ ਚਾਹ ਦੇ ਪੀਣ ਉਪਰੰਤ ਖਾਲੀ ਕੀਤੇ ਪਿਆਲੇ ਦਾ ਅਧਿਐਨ ਕਰਕੇ ਪੀਣ ਵਾਲੇ ਸੰਬੰਧੀ ਅਨੁਮਾਨ ਲਾਏ ਜਾਂਦੇ ਹਨ। ਭਾਰਤ ਵਿਚ ਹਸਤ-ਰੇਖਾ ਪ੍ਰਚਲਿਤ ਹੈ। ਹੁਣ ਰੇਕੀ, ਫਸਤੂ-ਸ਼ਾਸਤਰ, ਟੈਰੱਟ-ਕਾਰਡ, ਸਰੀਰ ਉੱਤੇ ਤਿਲ ਦੇ ਨਿਸ਼ਾਨਾਂ, ਜਾਂ ਕੰਨਾਂ ਦੀ ਬਣਤਰ ਅਨੁਸਾਰ ਵੀ ਅਨੁਮਾਨ ਲਾਏ ਜਾਂਦੇ ਹਨ। ਜੋਤਸ਼ ਸੰਬੰਧੀ ਸਭ ਤੋਂ ਵੱਧ ਉਪਰਾਲੇ ਹਿੰਦੂ ਸਮਾਜ ਵਿਚ ਹੋਏ ਹਨ। ਹਿੰਦੂ ਸਮਾਜ ਵਿਚ ਜਨਮ-ਪੱਤਰੀ ਬਣਾਉਣੀ ਅਤੇ ਕੁੰਡਲੀਆਂ ਮਿਲਾਉਣੀਆਂ, ਮਹੂਰਤ ਕੱਢਣਾ ਅਤੇ ਪੂਜਾ-ਹਵਨ ਕਰਨਾ ਆਦਿ ਆਮ ਗੱਲਾਂ ਹਨ।

ਪਹਿਲਾਂ ਜੋਤਸ਼ੀ ਵਿਆਹ ਦਾ ਮਹੂਰਤ ਕਈ ਮਹੀਨੇ ਮਗਰੋਂ ਕੱਢਦੇ ਸਨ ਪਰ ਵਿਦੇਸ਼ੀ ਲਾੜਿਆਂ ਵਾਸਤੇ ਹੁਣ ਉਹ ਅਸ਼ੁੱਭ ਸਮੇਂ ਵਿਚੋਂ ਵੀ ਵਿਆਹ ਲਈ ਕੁਝ ਸ਼ੁੱਭ ਘੜੀਆਂ ਕੱਢ ਦਿੰਦੇ ਹਨ ਅਤੇ ਜੇ ਗੰਢ ਪਈ ਹੋਵੇ ਤਾਂ ਪੂਜਾ-ਹਵਨ ਕਰਕੇ ਅਸ਼ੁੱਭ ਨੂੰ ਸ਼ੁੱਭ ਬਣਾ ਦਿੰਦੇ ਹਨ।

ਕੁਝ ਦਹਾਕੇ ਪਹਿਲਾਂ ਜੋਤਸ਼ੀ ਚੋਣਾਂ ਬਾਰੇ ਭਵਿੱਖਬਾਣੀ ਨਹੀਂ ਕਰਦੇ ਸਨ ਪਰ ਹੁਣ ਉਨ੍ਹਾਂ ਨੇ ਚੋਣਾਂ ਨੂੰ ਪ੍ਰਭਾਵਿਤ ਕਰਨ ਵਾਲੇ ਗ੍ਰਹਿ ਲੱਭ ਲਏ ਹਨ, ਸੋ ਉਹ ਹੁਣ ਚੋਣਾਂ ਬਾਰੇ ਵੀ ਜੋਤਸ਼ ਲਾਉਣ ਲੱਗ ਪਏ ਹਨ।

ਮਹਿੰਗੇ, ਸਿਆਣੇ ਅਤੇ ਮਾਹਿਰ ਜੋਤਸ਼ੀ ਹਰ ਸਮੱਸਿਆ ਬਾਰੇ ਗੋਲ-ਮੋਲ ਗੱਲ ਕਰਦੇ ਹਨ, ਜਿਨ੍ਹਾਂ ਦੇ ਕਈ ਅਰਥ ਸੰਭਵ ਹੁੰਦੇ ਹਨ।

ਜੋਤਸ਼ ਦਾ ਧੰਦਾ ਇਸ ਕਰਕੇ ਜਾਰੀ ਹੈ ਕਿਉਂਕਿ ਇਹ ਬੜੀ ਲਚਕਦਾਰ ਵਿਵਸਥਾ ਹੈ। ਵਹਿਮੀ ਲੋਕ ਆਪਣੀ ਜਨਮ-ਪੱਤਰੀ ਨੂੰ ਸੱਚ ਸਾਬਤ ਕਰਨ ਵਾਸਤੇ ਆਪਣਾ ਜੀਵਨ ਢੰਗ ਬਦਲ ਲੈਂਦੇ ਹਨ।

ਜਨਮ-ਪੱਤਰੀ ਵਿਚ ਸਾਰੀ ਕਿਸਮਤ ਬਿਆਨ ਕਰ ਦਿੱਤੀ ਜਾਂਦੀ ਹੈ ਜਿਵੇਂ, ਜਾਤਕ ਮੰਗਲੀਕ ਹੈ; ਜ਼ਿੰਮੀਦਾਰ, ਵਪਾਰੀ ਜਾਂ ਵਕੀਲ ਬਣੇਗਾ; ਮੌਤ ਪਾਣੀ ਵਿਚ ਡੁੱਬ ਕੇ ਹੋਵੇਗੀ; ਪੜ੍ਹਾਈ ਮੁੱਕਦਿਆਂ ਹੀ ਵਿਆਹ ਹੋਵੇਗਾ; ਪਤਨੀ ਦੇ ਜਿਊਂਦੇ ਜੀ ਉੱਨਤੀ ਕਰੇਗਾ; ਵਿਆਹ ਉਪਰੰਤ ਸਹੁਰੇ ਘਰ ਦੀ ਹਾਲਤ ਖਸਤਾ ਹੋ ਜਾਵੇਗੀ; ਬਾਂਹ ਦੀ ਹੱਡੀ ਟੁੱਟੇਗੀ; ਵਧੇਰੇ ਧੀਆਂ ਹੋਣਗੀਆਂ; ਦਾਦੀ ਜਾਂ ਪੋਤੇ ਵਿਚੋਂ ਇਕ ਹੀ ਬਚੇਗਾ; ਆਪਣਾ ਕੰਮ ਆਪ ਹੀ ਖਰਾਬ ਕਰਿਆ ਕਰੇਗਾ। ਪਾਣੀ ਦਾ ਘੁੱਟ ਪੀ ਕੇ ਕੰਮ ਅਰੰਭ ਕਰੇ, ਆਪਣੇ ਕੋਲ ਸਦਾ ਲਾਲ ਰੰਗ ਦਾ ਰੁਮਾਲ ਰੱਖੇ, ਕਾਲਾ ਜਾਨਵਰ ਪਾਲੇ ਅਤੇ ਸਵੇਰੇ ਪੂਰਬ ਵੱਲ ਮੂੰਹ ਕਰਕੇ ਉੱਠੇ।

ਅਖ਼ਬਾਰਾਂ-ਰਸਾਲਿਆਂ ਵਿਚ ਰਾਸ਼ੀਫਲ ਛਪਣ ਦਾ ਭੇਤ ਵੀ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਸਿਹਤ, ਰੋਜ਼ਗਾਰ, ਧਨ, ਵਪਾਰ, ਜਾਇਦਾਦ, ਪਰਿਵਾਰ, ਰੋਮਾਂਸ, ਵਿਆਹ, ਸੰਤਾਨ, ਪੜ੍ਹਾਈ, ਨੌਕਰੀ, ਤਰੱਕੀ ਆਦਿ ਸੰਬੰਧੀ ਹਰ ਕੋਈ ਜਾਣਨਾ ਚਾਹੁੰਦਾ ਹੈ ਅਤੇ ਮਨੁੱਖੀ ਦਿਲਚਸਪੀ ਦੇ ਇਹੀ ਮੁੱਖ ਖੇਤਰ ਹਨ। ਰਾਸ਼ੀਫਲ ਵਿਚ ਇਨ੍ਹਾਂ ਵਿਚੋਂ ਹਰ ਰੋਜ਼ ਕੁਝ ਸੰਬੰਧੀ ਆਸਵੰਦ ਵਾਕ ਅਤੇ ਕੁਝ ਸੰਬੰਧੀ ਚਿੰਤਾ ਵਾਲੇ ਵਾਕ ਰਲਗੱਡ ਕਰਕੇ ਲਿਖੇ-ਛਾਪੇ ਜਾਂਦੇ ਹਨ ਅਤੇ ਲੋਕ ਆਪਣੇ ਹੀ ਢੰਗ ਨਾਲ ਇਨ੍ਹਾਂ ਦੇ ਅਰਥ ਕੱਢਦੇ ਰਹਿੰਦੇ ਹਨ।

ਜਿਵੇਂ ਡਾਕਟਰਾਂ ਦੀਆਂ ਗਲਤੀਆਂ ਨੂੰ ਸ਼ਮਸ਼ਾਨਘਾਟ ਢੱਕ ਲੈਂਦੇ ਹਨ, ਉਵੇਂ ਹੀ ਜੋਤਸ਼ੀਆਂ ਦੀਆਂ ਗਲਤੀਆਂ ਨੂੰ ਲੋਕਾਂ ਦੀ ਭੁੱਲਣ ਦੀ ਆਦਤ ਕੱਜ ਲੈਂਦੀ ਹੈ।

ਜੋਤਸ਼ ਵਿਚ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਹਰ ਕਿਸੇ ਨੂੰ ਸੁਣਨੀਆਂ ਚੰਗੀਆਂ ਲੱਗਦੀਆਂ ਹਨ ਜਿਵੇਂ: ਤੇਰੇ ਹਰ ਕੰਮ ਵਿਚ ਵਿਘਨ

ਪੈਂਦਾ ਹੈ, ਤੇਰੇ ਹੱਥੋਂ ਚੰਗੇ ਮੌਕੇ ਨਿਕਲ ਜਾਂਦੇ ਹਨ, ਤੇਰੇ ਅੰਦਰ ਇਕ ਸੰਤ-ਆਤਮਾ ਬੈਠੀ ਹੋਈ ਹੈ, ਤੇਰੇ ਮਾਤਾ-ਪਿਤਾ ਪ੍ਰੇਸ਼ਾਨ ਰਹਿੰਦੇ ਹਨ ਆਦਿ।

ਵੇਖਿਆ ਗਿਆ ਹੈ ਕਿ ਅਮੀਰ, ਪੜ੍ਹੇ-ਲਿਖੇ, ਵਪਾਰੀ ਜਾਂ ਰਾਜਸੀ-ਆਗੂ ਮਹਿੰਗੇ ਜੋਤਸ਼ੀਆਂ ਕੋਲ ਜਾਂਦੇ ਹਨ, ਜਿਹੜੇ ਗੁਪਤ ਵਿੱਦਿਆ ਨਾਲ, ਵਿਗੜੀ ਹਾਲਤ ਨੂੰ ਸੰਵਾਰਨ ਲਈ ਦੱਸਦੇ ਹਨ ਕਿ ਕੀ, ਕਦੋਂ, ਕਿੱਥੇ ਅਤੇ ਕਿਵੇਂ ਕਰਨਾ ਹੈ।

ਜਿਉਂ-ਜਿਉਂ ਮਨੁੱਖ ਦੇ ਵਿਹਾਰ ਨੂੰ ਸਮਝਣ ਸਮਝਾਉਣ ਦੇ ਵਿਗਿਆਨਕ, ਤਰਕਸੰਗਤ ਅਤੇ ਮਨੋਵਿਗਿਆਨਕ ਢੰਗ-ਤਰੀਕੇ ਉੱਸਰਨਗੇ, ਆਸ ਕੀਤੀ ਜਾਂਦੀ ਹੈ ਕਿ ਤਿਉਂ-ਤਿਉਂ, ਭਰਮ-ਆਧਾਰਿਤ ਅਤੇ ਨਿਰੋਲ ਅੰਧ-ਵਿਸ਼ਵਾਸੀ ਜੋਤਸ਼ ਵਰਗੇ ਅਖੌਤੀ ਵਿਗਿਆਨ ਦਾ ਮਹੱਤਵ ਘਟੇਗਾ ਪਰ ਅਜਿਹਾ ਵਾਪਰਨ ਵਿਚ ਅਜੇ ਬੜਾ ਸਮਾਂ ਲੱਗੇਗਾ, ਕਿਉਂਕਿ ਭਾਰਤ ਦੇ ਅੰਧ-ਵਿਸ਼ਵਾਸੀ ਸਮਾਜ ਨੂੰ ਆਧੁਨਿਕ ਅਤੇ ਵਿਗਿਆਨਕ ਲੀਹਾਂ 'ਤੇ ਢਾਲਣਾ ਬੜਾ ਵੱਡਾ ਅਤੇ ਬੜਾ ਕਠਿਨ ਕਾਰਜ ਹੈ। ਮਨੁੱਖ ਧੁਰ-ਅੰਦਰੋਂ ਵਹਿਮੀ ਹੈ, ਇਸੇ ਕਰਕੇ ਜੋਤਸ਼ ਦਾ ਮਹੱਤਵ ਹੈ।

* * *

ਭ੍ਰਿਸ਼ਟਾਚਾਰ

ਭੈੜੇ ਵਰਤਾਰਿਆਂ ਬਾਰੇ ਚੰਗੀਆਂ ਗੱਲਾਂ ਕਰਨੀਆਂ ਸੰਭਵ ਨਹੀਂ ਹੁੰਦੀਆਂ।

ਭ੍ਰਿਸ਼ਟਾਚਾਰ ਇਸ ਲਈ ਭੈੜਾ ਹੈ ਕਿਉਂਕਿ ਇਸ ਦੇ ਪੱਖ ਵਿਚ ਇਕ ਵੀ ਦਲੀਲ ਨਹੀਂ ਦਿੱਤੀ ਜਾ ਸਕਦੀ।

ਇਹ ਕਾਲਖ ਦਾ ਖੂਹ ਹੈ, ਇਹ ਡਿੱਗਦੀ ਹੋਈ ਦੀਵਾਰ ਦੀ ਛਾਂ ਹੈ।

ਕਿਸੇ ਪ੍ਰਕਾਰ ਦੀ ਤਾਕਤ ਲਈ ਤਾਂਘਣਾ ਭ੍ਰਿਸ਼ਟਾਚਾਰ ਹੈ।

ਤਾਕਤ ਮਨੁੱਖ ਨੂੰ ਇਸ ਕਰਕੇ ਭ੍ਰਿਸ਼ਟ ਬਣਾਉਂਦੀ ਹੈ, ਕਿਉਂਕਿ ਤਾਕਤ ਦੀ ਦੁਰਵਰਤੋਂ ਕਰਕੇ, ਮਨੁੱਖ ਵਿਚ ਆਪਣਿਆਂ ਨੂੰ ਨਾਜਾਇਜ਼ ਲਾਭ ਪਹੁੰਚਾਉਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਦੀ ਸਮਰੱਥਾ ਵੱਧ ਜਾਂਦੀ ਹੈ।

ਭਾਵੇਂ ਭ੍ਰਿਸ਼ਟਾਚਾਰ ਦੇ ਸੈਂਕੜੇ ਰੂਪ ਹਨ ਪਰ ਇਸ ਦਾ ਮੁੱਢਲਾ ਰੂਪ ਰਿਸ਼ਵਤ ਜਾਂ ਕਮਿਸ਼ਨ ਲੈਣਾ ਹੁੰਦਾ ਹੈ।

ਇਨ੍ਹਾਂ ਨਾਜਾਇਜ਼ ਸਾਧਨਾਂ ਨਾਲ ਭ੍ਰਿਸ਼ਟ ਵਿਅਕਤੀ ਕੋਲ ਚਮਕੀਲੀਆਂ ਚੀਜ਼ਾਂ ਦੀ ਆਮਦ ਅਤੇ ਉਸਦੇ ਚਮਕ ਵਾਲੀਆਂ ਥਾਵਾਂ ਤੇ ਜਾਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ ਅਤੇ ਭ੍ਰਿਸ਼ਟ ਵਿਅਕਤੀ ਭੁਲੇਖਾ ਸਿਰਜ ਲੈਂਦਾ ਹੈ ਕਿ ਮੈਂ ਭ੍ਰਿਸ਼ਟ ਨਹੀਂ ਸਗੋਂ ਮੈਂ ਤਾਂ ਆਪਣੀ ਉਚੇਰੀ ਅਕਲ ਅਤੇ ਚੰਗੇਰੀ ਵਿਉਂਤ ਨਾਲ ਕਮਾਈ ਕਰ ਰਿਹਾ ਹਾਂ। ਇਵੇਂ ਭ੍ਰਿਸ਼ਟ ਵਿਅਕਤੀ ਆਪਣੇ ਜੀਵਨ ਦੇ ਉਦੇਸ਼ ਨਵੇਂ ਸਿਰਿਉਂ ਉਸਾਰ ਕੇ ਸੋਚਦਾ ਹੈ: ਕਰੋੜ ਕਦੋਂ ਬਣਨਗੇ, ਪੰਜ ਕਰੋੜ ਹੋਣ ਵਿਚ ਅਤੇ ਦਸ ਕਰੋੜ ਬਣਨ ਵਿਚ ਕਿਤਨੀ ਦੇਰ ਲੱਗੇਗੀ?

ਪੈਸੇ ਇਕੱਠੇ ਕਰਨਾ ਭ੍ਰਿਸ਼ਟਾਚਾਰ ਦਾ ਬੜਾ ਛੋਟਾ ਜਿਹਾ ਭਾਗ ਹੁੰਦਾ ਹੈ, ਅਸਲ ਨੁਕਸਾਨ ਇਹ ਹੁੰਦਾ ਹੈ ਕਿ ਕੁਝ ਭ੍ਰਿਸ਼ਟ ਵਿਅਕਤੀ, ਭ੍ਰਿਸ਼ਟ ਉਪਰਾਲਿਆਂ ਰਾਹੀਂ, ਸਮੁੱਚੇ ਸਮਾਜ ਉੱਤੇ ਭਾਰੂ ਹੋ ਕੇ, ਸਮਾਜ ਦਾ ਮਾਨਸਿਕ, ਬੌਧਿਕ ਅਤੇ ਇਖ਼ਲਾਕੀ ਵਾਤਾਵਰਣ ਵਿਗਾੜ ਦਿੰਦੇ ਹਨ।

ਭ੍ਰਿਸ਼ਟ ਢੰਗਾਂ ਨਾਲ ਕੀਤੀ ਕਮਾਈ ਉੱਤੇ ਟੈਕਸ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਕੁਝ ਲੋਕ ਅਮੀਰ ਹੁੰਦੇ ਜਾਂਦੇ ਹਨ ਅਤੇ ਦੇਸ਼ ਗਰੀਬ ਹੁੰਦਾ ਜਾਂਦਾ ਹੈ।

ਭ੍ਰਿਸ਼ਟਾਚਾਰ, ਗਰੀਬ ਦੇਸ਼ਾਂ ਦੇ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਹੈ।

ਮਨੁੱਖ ਵਿਚ ਵਿਕਾਸ ਕਰਕੇ ਫੈਲਣ ਦੀ ਇੱਛਾ ਸਦੀਵੀ ਅਤੇ ਸਰਬਵਿਆਪਕ ਹੈ। ਕੋਈ ਗਿਆਨ ਰਾਹੀਂ, ਕੋਈ ਵਪਾਰ ਵਧਾ ਕੇ, ਧਨ ਜੋੜ ਕੇ, ਸ਼ੌਕ ਪਾਲ ਕੇ, ਜਾਇਦਾਦ ਉਸਾਰ ਕੇ ਫੈਲਦਾ ਹੈ ਪਰ ਭ੍ਰਿਸ਼ਟ ਵਿਅਕਤੀ ਦੇ ਫੈਲਣ ਦੇ ਢੰਗ-ਤਰੀਕੇ

ਯੋਗ ਅਤੇ ਢੁੱਕਵੇਂ ਨਹੀਂ ਹੁੰਦੇ, ਇਸ ਲਈ ਫੈਲਣ ਦਾ ਇਹ ਢੰਗ ਨਿੰਦਿਆ ਜਾਂਦਾ ਹੈ।

ਸਮਾਜ ਫੈਲਣ ਜਾਂ ਵਿਕਾਸ ਦੀ ਸਹਿਜ ਰਫ਼ਤਾਰ ਨੂੰ ਪ੍ਰਵਾਨ ਕਰਦਾ ਹੈ ਪਰ ਕਈਆਂ ਦੀ ਫੈਲਣ ਦੀ ਰਫ਼ਤਾਰ ਬਹੁਤ ਤੇਜ਼ ਹੁੰਦੀ ਹੈ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਸਭ ਤੋਂ ਵੱਧ ਇਸ ਕਰਕੇ ਹੁੰਦਾ ਹੈ ਕਿਉਂਕਿ ਇਸ ਖੇਤਰ ਵਿਚ ਖਤਰੇ ਬੜੇ ਹਨ ਅਤੇ ਕਿਸੇ ਦਾ ਵੀ ਕਾਰਜਕਾਲ ਨਿਸਚਿਤ ਨਹੀਂ। ਕਿਸੇ ਵੇਲੇ ਵੀ ਸਰਕਾਰ ਟੁੱਟ ਸਕਦੀ ਹੈ, ਫਿਰ ਚੋਣ ਲੜਨ ਦੀ ਲੋੜ ਪੈ ਸਕਦੀ ਹੈ, ਇਸ ਲਈ ਟਿਕੇ ਰਹਿਣ ਅਤੇ ਫੈਲਣ, ਦੋਹਾਂ ਵਾਸਤੇ ਸਮਾਂ ਥੋੜ੍ਹਾ ਹੋਣ ਕਰਕੇ, ਧਨ ਜੋੜਨ ਲਈ, ਦਿਨ-ਰਾਤ ਮਿਹਨਤ ਕੀਤੀ ਜਾਂਦੀ ਹੈ।

ਜੇ ਰਾਜਸੀ ਆਗੂ ਭ੍ਰਿਸ਼ਟ ਹੋਣ ਤਾਂ ਪੁਲੀਸ, ਵਪਾਰੀ, ਕਾਰਖਾਨੇਦਾਰ, ਦਫ਼ਤਰੀ-ਅਮਲਾ ਆਦਿ, ਸਾਰੇ ਵਗਦੀ ਗੰਗਾ ਵਿਚ ਨਹਾਉਣ ਲੱਗ ਪੈਂਦੇ ਹਨ। ਜੋ ਅੰਗੂਠਾ ਕਰਦਾ ਹੈ, ਉਵੇਂ ਉਂਗਲਾਂ ਕਰਨ ਲੱਗ ਪੈਂਦੀਆਂ ਹਨ। ਇਵੇਂ ਇਕ ਸਿਲਸਿਲੇਵਾਰ, ਦਰਜੇਬੰਦ ਭ੍ਰਿਸ਼ਟ-ਵਿਵਸਥਾ ਉਸਰ ਜਾਂਦੀ ਹੈ, ਜਿਸ ਵਿਚ ਈਮਾਨਦਾਰ ਵਿਅਕਤੀਆਂ ਦਾ ਅਪਮਾਨ ਹੀ ਹੁੰਦਾ ਹੈ।

ਭ੍ਰਿਸ਼ਟਾਚਾਰ ਦਾ ਉਦੇਸ਼ ਆਪਣੀ ਸੰਤਾਨ ਲਈ ਵਿਕਾਸ ਦਾ ਰਾਹ ਖੋਲ੍ਹਣਾ ਅਤੇ ਭਵਿੱਖ ਵਿਚ ਸੁੱਖ-ਆਨੰਦ ਮਾਣਨਾ ਹੁੰਦਾ ਹੈ। ਭ੍ਰਿਸ਼ਟਾਚਾਰ ਕਾਰਨ ਮੇਲ-ਜੋਲ ਅਤੇ ਖਾਣ-ਪੀਣ ਵੱਧ ਜਾਂਦਾ ਹੈ, ਸੋ ਸਰੀਰ ਦੇ ਮੋਟੇ ਹੋ ਕੇ ਨਿਘਰਨ ਦੀ ਰਫ਼ਤਾਰ ਵੀ ਤੇਜ਼ ਹੋ ਜਾਂਦੀ ਹੈ। ਭ੍ਰਿਸ਼ਟ ਵਿਅਕਤੀ ਭਟਕਦਾ ਹੈ ਪਰ ਧਨ-ਜਾਇਦਾਦ ਦੀਆਂ ਰੌਣਕਾਂ ਉਸ ਨੂੰ ਟਿਕਣ ਨਹੀਂ ਦਿੰਦੀਆਂ। ਭ੍ਰਿਸ਼ਟ ਵਿਅਕਤੀ ਨੂੰ ਜਦੋਂ ਹੋਸ਼ ਆਉਂਦੀ ਹੈ ਤਾਂ ਘਰ ਦੇ ਸਾਰੇ ਜੀਆਂ ਨੇ ਵਿਗੜਨ ਦਾ ਆਪਣਾ-ਆਪਣਾ ਢੰਗ ਲੱਭ ਲਿਆ ਹੁੰਦਾ ਹੈ।

ਭ੍ਰਿਸ਼ਟ ਵਿਅਕਤੀਆਂ ਦੀ ਸੰਤਾਨ ਵਿਚ ਮਿਹਨਤ ਦੀ ਬਿਰਤੀ, ਦੂਜਿਆਂ ਪ੍ਰਤੀ ਸਤਿਕਾਰ, ਨਿਮਰਤਾ ਅਤੇ ਸਲੀਕਾ ਨਹੀਂ ਹੁੰਦਾ; ਹੈਂਕੜ, ਹਿੰਸਾ ਅਤੇ ਬਲਾਤਕਾਰੀ ਰੁਚੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਆਪਣੇ ਭੈੜੇ ਵਿਹਾਰ ਦਾ ਪਛਤਾਵਾ ਕਰਨ ਦੀ ਦਲੇਰੀ ਨਹੀਂ ਹੁੰਦੀ, ਹੋਰਾਂ ਨੂੰ ਸਬਕ ਸਿਖਾਉਣ ਦੀ ਜ਼ਿੱਦ ਹੁੰਦੀ ਹੈ।

ਅਸੀਂ ਜਿਵੇਂ ਕਮਾਉਂਦੇ ਹਾਂ, ਉਸ ਨਾਲ ਸਾਡਾ ਜੀਵਨ-ਦ੍ਰਿਸ਼ਟੀਕੋਣ ਉਸਰਦਾ ਹੈ। ਅਸੀਂ ਜੋ ਖਾਂਦੇ-ਪੀਂਦੇ ਹਾਂ, ਉਸ ਨਾਲ ਸਾਡਾ ਵਿਹਾਰ ਉਪਜਦਾ ਹੈ। ਅਸੀਂ ਜਿਹੋ ਜਿਹਾ ਵਿਹਾਰ ਕਰਦੇ ਹਾਂ, ਉਸ ਨਾਲ ਸਾਡੀਆਂ ਆਦਤਾਂ ਬਣਦੀਆਂ ਹਨ ਅਤੇ ਇਹ ਸਾਰੀਆਂ ਗੱਲਾਂ ਰਲ ਕੇ ਜੀਵਨ ਪ੍ਰਤੀ ਸਾਡੀ ਪਹੁੰਚ ਅਤੇ ਦ੍ਰਿਸ਼ਟੀਕੋਣ ਨੂੰ ਸਿਰਜਦੀਆਂ ਹਨ, ਜਿਸ ਨੂੰ ਚਰਿੱਤਰ ਕਿਹਾ ਜਾਂਦਾ ਹੈ।

ਭ੍ਰਿਸ਼ਟ ਵਿਅਕਤੀ ਅਕਸਰ ਆਪਣੀਆਂ ਪਤਨੀਆਂ ਲਈ ਗਹਿਣੇ ਅਤੇ ਉਨ੍ਹਾਂ ਦੇ ਨਾਂ ਤੇ ਜਾਇਦਾਦਾਂ ਖਰੀਦਦੇ ਹਨ। ਕਈ ਇਸ ਕਾਰਜ ਵਿਚ ਆਪਣੀਆਂ ਮਾਂਵਾਂ ਨੂੰ ਵੀ ਸ਼ਾਮਲ ਕਰ ਲੈਂਦੇ ਹਨ।

ਪੈਸਾ ਆਉਣ ਨਾਲ ਭ੍ਰਿਸ਼ਟ ਵਿਅਕਤੀ ਆਪਣੇ ਆਪ ਨੂੰ ਲਾਇਕ ਅਤੇ ਸੋਹਣਾ ਹੀ ਨਹੀਂ, ਜਵਾਨ ਵੀ ਸਮਝਣ ਲੱਗ ਪੈਂਦਾ ਹੈ, ਸੋ ਉਸ ਨੂੰ ਸਧਾਰਨ ਨੈਣ-ਨਕਸ਼ਾਂ ਵਾਲੀ ਆਪਣੀ ਪਤਨੀ ਸੋਹਣੀ ਲੱਗਣੋਂ ਹਟ ਜਾਂਦੀ ਹੈ। ਉਹ ਮਸਾਲੇਦਾਰ ਭੋਜਨ, ਮਹਿੰਗੀ ਸ਼ਰਾਬ ਦੇ ਨਾਲ, ਸ਼ਬਾਬ ਵੀ ਭਾਲਦਾ ਹੈ, ਜਿਸ ਕਾਰਨ ਪਰਿਵਾਰਕ ਰਿਸ਼ਤਿਆਂ ਵਿਚ ਸਲ੍ਹਾਬ ਪੈਦਾ ਹੋ ਜਾਂਦੀ ਹੈ ਅਤੇ ਸਮਾਜ ਵਿਚ ਨਾਜਾਇਜ਼ ਰਿਸ਼ਤੇ ਉਸਰਦੇ ਹਨ।

ਨਾਜਾਇਜ਼ ਸੰਬੰਧ, ਭ੍ਰਿਸ਼ਟ ਸਮਾਜ ਦਾ ਉਘੜਵਾਂ ਲੱਛਣ ਹੁੰਦੇ ਹਨ।

ਇਕ ਵਾਰੀ ਆਪਣੇ ਪਤੀ ਵਲੋਂ ਅਣਗਹਿਲੀ ਦੀ ਸ਼ਿਕਾਰ ਪਰ ਭ੍ਰਿਸ਼ਟ ਕਮਾਈ ਨਾਲ ਖਰੀਦੀ, ਵੱਡੀ ਜਾਇਦਾਦ ਦੀ ਮਾਲਕਣ ਨੇ, ਆਪਣੇ ਪੁਰਾਣੇ ਪ੍ਰੇਮੀ ਨਾਲ ਜਦੋਂ ਮੁੜ ਸੰਬੰਧ ਜੋੜ ਲਏ ਤਾਂ ਪਤਾ ਲੱਗਣ ਉੱਤੇ ਜਦੋਂ ਪਤੀ ਨੇ ਕਿਹਾ: ਮੇਰੇ ਜਿਊਂਦੇ ਜੀ ਉਹ ਇਸ ਘਰ ਵਿਚ ਨਹੀਂ ਆ ਸਕਦਾ ਤਾਂ ਪਤਨੀ ਨੇ ਕਿਹਾ: ਫਿਰ ਚੰਗਾ ਇਹੀ ਹੈ ਕਿ ਤੁਸੀਂ ਜਲਦੀ ਮਰ ਜਾਓ।

ਇਕ ਹੋਰ ਦੀ ਪਤਨੀ ਨੇ ਪਤੀ 'ਤੇ ਗੰਭੀਰ ਦੋਸ਼ ਲਾ ਕੇ ਆਪ ਆਤਮਘਾਤ ਕਰ ਲਿਆ, ਜਦੋਂ ਕਿ ਇਕ ਨੇ ਆਪਣੀ ਪਤਨੀ ਹੀ ਮਰਵਾ ਦਿੱਤੀ।

ਇਕ ਪਤਨੀ ਨੇ ਆਪਣੇ ਪਤੀ ਨੂੰ ਇਸ ਲਈ ਮਾਰ ਦਿੱਤਾ, ਨਹੀਂ ਤਾਂ ਉਸ ਦੇ ਪਤੀ ਨੇ, ਉਸ ਨੂੰ ਮਾਰ ਦੇਣਾ ਸੀ।

ਇਕ ਭ੍ਰਿਸ਼ਟ ਵਿਅਕਤੀ ਨੂੰ ਸਹਿਮ ਚਿਮੜ ਗਿਆ ਕਿ ਜਿਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਉਸ ਨੇ ਹਥਿਆਈਆਂ ਹਨ, ਉਹ ਉਸ ਦੇ ਪਰਿਵਾਰ ਨੂੰ ਮਾਰ ਦੇਣਗੇ, ਸੋ ਉਸ ਨੇ ਆਪਣੀ ਕੋਠੀ ਨੂੰ ਜਮਰੌਦ ਦੇ ਕਿਲ੍ਹੇ ਵਾਲੇ ਵੱਡੇ ਗੇਟ ਲਗਵਾ ਲਏ ਹਨ, ਬਘਿਆੜਾਂ ਅਤੇ ਰਿੱਛਾਂ ਵਰਗੇ ਦਰਜਨ ਕੁੱਤੇ ਰੱਖ ਲਏ ਹਨ ਅਤੇ ਟੈਂਕਾਂ ਵਰਗੀਆਂ ਵੱਡੀਆਂ ਗੱਡੀਆਂ ਵਿਚ ਬੈਠੇ, ਉਹ ਹਰ ਕਿਸੇ ਨੂੰ ਸ਼ੱਕ ਨਾਲ ਵੇਖਦੇ ਹਨ ਅਤੇ ਰਾਤ ਨੂੰ ਸੌਂ ਨਹੀਂ ਸਕਦੇ।

ਭ੍ਰਿਸ਼ਟਾਚਾਰ ਨਾਲ ਭ੍ਰਿਸ਼ਟ ਵਿਅਕਤੀ ਦੇ ਜੀਵਨ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਭ੍ਰਿਸ਼ਟਾਚਾਰ ਨਾਲ ਸੁਖ-ਸਾਧਨ ਹੀ ਵੱਧਦੇ ਹਨ, ਜਦੋਂ ਕਿ ਜੀਵਨ ਦੀ ਤਸੱਲੀ ਘਟਦੀ ਜਾਂਦੀ ਹੈ। ਭ੍ਰਿਸ਼ਟ ਬਿਰਤੀਆਂ ਮਨੁੱਖ ਵਿਚ ਉਲਾਰ ਰੁਚੀਆਂ ਉਪਜਾਉਂਦੀਆਂ ਹਨ ਅਤੇ ਮਨੁੱਖ ਮਾਨਸਿਕ ਰੋਗੀ ਹੋ ਨਿਬੜਦਾ ਹੈ।

ਤਾਨਾਸ਼ਾਹੀ ਆਪਣੇ ਆਪ ਵਿਚ ਇਕ ਭ੍ਰਿਸ਼ਟ ਵਿਵਸਥਾ ਹੈ। ਤਾਨਾਸ਼ਾਹੀ ਵਿਚ ਚੋਣਾਂ ਨਹੀਂ ਹੁੰਦੀਆਂ, ਸੋ ਲੋਕ-ਰਾਇ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।

ਪਰਜਾਤੰਤਰ ਵਿਚ ਵੀ ਭ੍ਰਿਸ਼ਟਾਚਾਰ ਹੁੰਦਾ ਹੈ ਅਤੇ ਵਿਸ਼ੇਸ਼ ਕਰਕੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਵਾਪਰਨ ਸਮੇਂ ਬਹੁਤ ਹੁੰਦਾ ਹੈ।

ਜਦੋਂ ਡੈਮ ਉਸਰ ਰਹੇ ਹੋਣ, ਕਾਰਖਾਨੇ ਲਗ ਰਹੇ ਹੋਣ, ਸ਼ਾਹ-ਮਾਰਗ ਬਣ ਰਹੇ ਹੋਣ, ਠੇਕੇ ਦਿੱਤੇ-ਲਏ ਜਾ ਰਹੇ ਹੋਣ ਜਾਂ ਕਿਸੇ ਵੀ ਪ੍ਰਕਾਰ ਦਾ ਨਿਰਮਾਣ ਹੋ ਰਿਹਾ ਹੋਵੇ ਤਾਂ ਅਜਿਹੇ ਸਮੇਂ ਭ੍ਰਿਸ਼ਟ ਹਾਕਮ ਸ਼੍ਰੇਣੀ ਨੂੰ ਚੋਣਾਂ ਲੜਨ ਲਈ ਪੈਸਾ ਵੀ ਮਿਲ ਜਾਦਾ ਹੈ ਅਤੇ ਵਿਕਾਸ ਕਾਰਨ ਵੋਟਾਂ ਵੀ ਮਿਲ ਜਾਂਦੀਆਂ ਹਨ।

ਪਰਜਾਤੰਤਰ ਚੋਣ-ਆਧਾਰਿਤ ਭ੍ਰਿਸ਼ਟਾਚਾਰ ਦਾ ਖੇਤਰ ਹੈ।

ਪਰਜਾਤੰਤਰ ਵਿਚ ਲੋਕ ਵੇਖ ਨਹੀਂ ਸਕਦੇ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਪਰ ਮਹਿਸੂਸ ਕਰ ਸਕਦੇ ਹਨ। ਜੇ ਭ੍ਰਿਸ਼ਟਾਚਾਰ ਹੱਦਾਂ-ਬੰਨੇ ਟੱਪ ਜਾਵੇ ਤਾਂ ਅਗਲੀਆਂ ਚੋਣਾਂ ਵਿਚ ਸਰਕਾਰ ਉਲਟਾ ਕੇ ਲੋਕ ਦੱਸ ਵੀ ਦਿੰਦੇ ਹਨ ਕਿ ਉਹ ਸਰਕਾਰ ਬਾਰੇ ਕੀ ਮਹਿਸੂਸ ਕਰਦੇ ਹਨ।

ਇਵੇਂ ਸਰਕਾਰਾਂ ਉਲਟਾਉਣ ਦਾ ਕਾਰਜ ਉਦੋਂ ਤੱਕ ਜਾਰੀ ਰਹਿੰਦਾ ਹੈ, ਜਦੋਂ ਤੱਕ ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪੈਂਦੀ।

ਯੋਰਪ ਵਿਚ ਭ੍ਰਿਸ਼ਟਾਚਾਰ ਨੂੰ ਨੱਥ ਪਈ ਹੈ ਅਤੇ ਯੋਰਪ ਦੇ ਲਗਭਗ ਸਾਰੇ ਦੇਸ਼ ਭ੍ਰਿਸ਼ਟਾਚਾਰ ਤੋਂ ਲਗਭਗ ਮੁਕਤ ਕਹੇ ਜਾ ਸਕਦੇ ਹਨ।

ਦੂਜੇ ਪਾਸੇ ਅਮਰੀਕਾ ਨੂੰ ਆਪ ਵੀ ਨਹੀਂ ਪਤਾ ਕਿ ਉਸ ਨੇ ਸੰਸਾਰ ਨੂੰ ਕਿਤਨਾ ਭ੍ਰਿਸ਼ਟ ਕਰ ਦਿੱਤਾ ਹੈ। ਭਾਵੇਂ ਅਮਰੀਕਾ ਨੂੰ ਸੰਸਾਰ ਦਾ ਸਭ ਤੋਂ ਵੱਧ ਭ੍ਰਿਸ਼ਟ ਦੇਸ਼ ਕਿਹਾ ਜਾਂਦਾ ਹੈ ਪਰ ਇਹ ਵੀ ਸੱਚ ਹੈ ਕਿ ਸੰਸਾਰ ਦੇ ਹਰ ਖੇਤਰ ਵਿਚ ਅਮਰੀਕਾ ਮੋਹਰੀ ਹੈ। ਅਮਰੀਕਾ ਦੇ ਅੰਦਰ ਉਤਨਾ ਭ੍ਰਿਸ਼ਟਾਚਾਰ ਨਹੀਂ ਹੈ, ਜਿਤਨਾ ਭ੍ਰਿਸ਼ਟਾਚਾਰ ਅਮਰੀਕਾ ਦੇ ਦੂਜੇ ਦੇਸ਼ਾਂ ਨਾਲ ਵਪਾਰਕ, ਰਾਜਸੀ ਅਤੇ ਫੌਜੀ ਸਬੰਧਾਂ ਵਿਚ ਹੈ।

ਅਮਰੀਕਾ ਦੀ ਸਥਿਤੀ ਨੂੰ ਸਮਝਣ ਦੀ ਲੋੜ ਹੈ। ਉਥੇ ਕਾਨੂੰਨ ਦੀ ਉਲੰਘਣਾ ਕਰਨ ਤੋਂ ਇਲਾਵਾ ਸਭ ਕੁਝ ਖੁਲ੍ਹ ਕੇ ਕਰਨ ਦੀ, ਖੁਲ੍ਹੀ ਆਗਿਆ ਹੈ। ਪਹਿਰਾਵੇ, ਖਾਣ-ਪੀਣ, ਕੰਮ-ਧੰਦੇ, ਕਮਾਉਣ-ਖਰਚਣ, ਜੂਆ ਖੇਡਣ, ਲਾਟਰੀਆਂ ਚਲਾਉਣ, ਕਾਮ-ਸੰਬੰਧ ਉਸਾਰਨ ਆਦਿ ਖੇਤਰਾਂ ਵਿਚ ਖੁਲ੍ਹਾਂ ਕਰਕੇ ਸੰਸਾਰ ਦੇ ਸਾਰੇ ਬੰਦ ਅਤੇ ਪ੍ਰੰਪਰਾਗਤ ਸਮਾਜ ਅਮਰੀਕਾ ਨੂੰ ਭ੍ਰਿਸ਼ਟ ਦੇਸ਼ ਕਹਿੰਦੇ ਹਨ। ਵਾਸਤਵ ਵਿਚ ਇਹ ਅਮਰੀਕਾ ਦੀ ਤਾਕਤ, ਅਮੀਰੀ ਅਤੇ ਸੁਤੰਤਰਤਾ ਪ੍ਰਤੀ ਈਰਖਾ ਦਾ ਪ੍ਰਗਟਾਵਾ ਹੀ ਹੁੰਦੇ ਹਨ। ਅਮਰੀਕਾ ਵੀ ਉਤਨਾ ਹੀ ਭ੍ਰਿਸ਼ਟ ਹੈ, ਜਿਤਨੇ ਸਮਾਜਵਾਦੀ ਦੇਸ਼ ਭ੍ਰਿਸ਼ਟ ਹਨ। ਅਮਰੀਕਾ ਤਾਕਤਵਰ ਦੇਸ਼ ਹੈ, ਜਿਥੇ ਤਾਕਤ ਅਤੇ ਖੁਸ਼ਹਾਲੀ ਹੋਵੇਗੀ, ਉਥੇ ਹੋਰ ਕਿਸਮ ਦਾ ਭ੍ਰਿਸ਼ਟਾਚਾਰ ਹੋਵੇਗਾ; ਜਿਥੇ ਗਰੀਬੀ ਹੋਵੇਗੀ ਉਥੇ ਹੋਰ ਕਿਸਮ ਦਾ ਭ੍ਰਿਸ਼ਟਾਚਾਰ ਹੋਵੇਗਾ।

ਕਈ ਲੋਕਾਂ ਦੀ ਸ਼ਿਕਾਇਤ ਹੈ ਕਿ ਸੁਤੰਤਰ ਹੋ ਕੇ ਭਾਰਤ ਭ੍ਰਿਸ਼ਟ ਹੋ ਗਿਆ ਹੈ। ਸੁਤੰਤਰਤਾ ਅੰਦੋਲਨ ਦੌਰਾਨ ਭਾਰਤੀਆਂ ਨੇ ਚਰਿੱਤਰ, ਤਿਆਗ ਅਤੇ ਕੁਰਬਾਨੀ ਦੀਆਂ ਉੱਚੀਆਂ ਉਦਾਹਰਣਾਂ ਸਿਰਜੀਆਂ ਸਨ। ਅਸਲੀਅਤ ਇਹ ਹੈ ਕਿ ਜਦੋਂ ਵੀ ਕੋਈ ਵਿਅਕਤੀ, ਸਮਾਜ, ਦੇਸ਼ ਜਾਂ ਕੌਮ ਕਿਸੇ ਸੰਕਟ ਦੇ ਸਾਹਮਣੇ ਹੋਵੇ, ਉਹ ਦੇਸ਼ ਜਾਂ ਕੌਮ ਉੱਚਤਮ ਵਿਹਾਰ ਦੇ ਸਬੂਤ ਹੀ ਦੇਵੇਗੀ ਪਰ ਖਤਰਾ ਟਲਦਿਆਂ ਅਤੇ ਸੁਰੱਖਿਅਤ ਹੁੰਦਿਆਂ ਹੀ, ਮਨੁੱਖੀ ਚਰਿੱਤਰ ਦੇ ਔਗੁਣ ਜਾਗ ਪੈਂਦੇ ਹਨ।

ਸੁਤੰਤਰਤਾ ਅੰਦੋਲਨ ਦੌਰਾਨ ਭਾਰਤੀ ਸਮਾਜ ਦਾ ਭ੍ਰਿਸ਼ਟਾਚਾਰ, ਉੱਚੇ ਟੀਚਿਆਂ ਥੱਲੇ ਦਬਿਆ ਪਿਆ ਸੀ, ਜਿਵੇਂ ਹੁਣ ਭਾਰਤੀਆਂ ਦਾ ਚੰਗਾ ਵਿਹਾਰ, ਭ੍ਰਿਸ਼ਟਾਚਾਰ ਪਿੱਛੇ ਲੁਕਿਆ ਹੋਇਆ ਹੈ। ਜੇ ਅੱਜ ਦੇਸ਼ ਦੀ ਸਲਾਮਤੀ ਨੂੰ ਕੋਈ ਖਤਰਾ ਉਪਜ ਪਵੇ ਤਾਂ ਭਾਰਤੀਆਂ ਦੇ ਚੰਗੇ ਵਿਹਾਰ ਦੀਆਂ ਉਦਾਹਰਣਾਂ ਫਿਰ ਸਾਹਮਣੇ ਆਉਣ ਲਗ ਪੈਣਗੀਆਂ।

ਇਹ ਸੁਭਾਵਕ ਹੈ ਕਿ ਸੁਰੱਖਿਅਤ ਹੁੰਦਿਆਂ ਹੀ ਮਨੁੱਖ ਦੀਆਂ ਭੁੱਖਾਂ ਜਾਗ ਪੈਂਦੀਆਂ ਹਨ। ਕੱਚਾ ਕਰਮਚਾਰੀ ਚੰਗਾ ਕੰਮ ਕਰਦਾ ਹੈ, ਪੱਕਾ ਹੁੰਦਿਆਂ ਹੀ ਉਹ ਭ੍ਰਿਸ਼ਟ ਹੋ ਜਾਂਦਾ ਹੈ। ਘਰ ਦੀ ਨੌਕਰਾਣੀ ਮੁੱਢਲੇ ਦਿਨਾਂ ਵਿਚ ਚੰਗੀ ਕਾਰਗੁਜ਼ਾਰੀ ਨਾਲ ਸਭ ਨੂੰ ਪ੍ਰਸੰਨ ਕਰ ਦਿੰਦੀ ਹੈ ਅਤੇ ਉਹ ਕੋਈ ਨਾਗਾ ਵੀ ਨਹੀਂ ਪਾਉਂਦੀ ਪਰ ਅਗਲੇ ਹੀ ਮਹੀਨੇ ਉਸ ਦੇ ਅਸਲੀ ਰੰਗ ਦਿਸਣ ਲੱਗ ਪੈਂਦੇ ਹਨ।

ਸਰਕਾਰੀ ਦਫ਼ਤਰਾਂ ਵਿਚ ਨੌਕਰੀ ਸੁਰੱਖਿਅਤ ਹੋਣ ਕਰਕੇ ਕਾਰਗੁਜ਼ਾਰੀ ਨੀਵੀਂ ਹੈ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।

ਨਵੀਂ ਸਰਕਾਰ ਵੀ ਮੁੱਢ ਵਿਚ ਚੰਗੇ ਕੰਮ ਕਰਦੀ ਹੈ ਪਰ ਸੁਰੱਖਿਅਤ ਹੁੰਦਿਆਂ ਹੀ ਉਸ ਵਿਚ ਤਾਨਾਸ਼ਾਹੀ ਲੱਛਣ ਉਘੜਨ ਲੱਗ ਪੈਂਦੇ ਹਨ ਅਤੇ ਜੇ ਅਗਲੀਆਂ ਚੋਣਾਂ ਦਾ ਸੰਕਟ ਸਾਹਮਣੇ ਹੋਵੇ ਤਾਂ ਇਕ ਵਾਰੀ ਫਿਰ ਚੰਗਾ ਵਿਹਾਰ ਪ੍ਰਗਟ ਹੋਣ ਲੱਗ ਪੈਂਦਾ ਹੈ।

ਮਨੋਵਿਗਿਆਨਕ ਪੱਖੋਂ ਕਈ ਇਹ ਵੀ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਮਨੁੱਖ ਦਾ ਸੁਭਾਵਕ ਵਿਹਾਰ ਹੈ, ਜਦੋਂ ਕਿ ਈਮਾਨਦਾਰੀ, ਕੁਰਬਾਨੀ, ਤਿਆਗ ਆਦਿ ਉਸ ਦੇ ਨਾਟਕੀ ਜਾਂ ਬਨਾਵਟੀ ਵਿਹਾਰ ਹੁੰਦੇ ਹਨ।

ਮਨੁੱਖ ਦੀ ਮੁੱਢਲੀ ਚਿੰਤਾ ਜਿਊਂਦੇ ਰਹਿਣ ਦੀ ਹੈ।

ਮਨੁੱਖ ਲੰਮਾ ਅਰਸਾ ਚਲਾਕੀ, ਮਕਾਰੀ, ਝੂਠ ਅਤੇ ਬੇਈਮਾਨੀ ਨਾਲ ਜੰਗਲੀ ਜਾਨਵਰਾਂ ਵਿਰੁਧ ਆਪਣੀ ਹੋਂਦ ਲਈ ਸੰਘਰਸ਼ ਕਰਦਾ ਰਿਹਾ ਹੈ। ਹੁਣ ਮਨੁੱਖ ਨੂੰ ਇਹ ਡਰ ਨਹੀਂ ਕਿ ਉਸ ਨੂੰ ਸ਼ੇਰ ਖਾ ਜਾਵੇਗਾ ਜਾਂ ਰਿੱਛ ਘੇਰ ਲਵੇਗਾ ਜਾਂ ਸੱਪ ਕਟ ਜਾਵੇਗਾ ਜਾਂ ਕੋਈ ਉਸਦੀ ਥਾਲੀ ਚੁਕ ਕੇ ਦੌੜ ਜਾਵੇਗਾ, ਸੋ ਮਨੁੱਖ ਆਪਣੇ ਆਪ ਨੂੰ ਸੁਰੱਖਿਅਤ ਕਰਕੇ, ਚਲਾਕੀ-ਮਕਾਰੀ ਅਤੇ ਬੇਈਮਾਨੀ ਆਦਿ ਨੂੰ ਬਿਨਾ ਡਰ ਦੇ ਵਰਤਣ ਲਗ ਪਿਆ ਹੈ।

ਮਨੁੱਖ ਵਿਚ ਚੰਗੇ ਜਾਂ ਮਾੜੇ ਵਿਹਾਰ ਦੀ ਸੋਝੀ ਬਹੁਤੀ ਡੂੰਘੀ ਨਹੀਂ ਹੁੰਦੀ। ਚੰਗਾ ਜਾਂ ਮਾੜਾ ਵਿਹਾਰ ਉਸ ਦੀ ਲੋੜ ਉਤੇ ਨਿਰਭਰ ਕਰਦਾ ਹੈ। ਜੇ ਚੰਗੇ ਵਿਹਾਰ ਨਾਲ ਲਾਭ ਹੁੰਦਾ ਹੈ ਤਾ ਉਹ ਚੰਗਾ ਵਿਹਾਰ ਕਰੇਗਾ ਪਰ ਜੇ ਝੂਠ ਬੋਲ ਕੇ, ਧੋਖਾ ਦੇ ਕੇ, ਲਾਭ ਜਾਂ ਸੁੱਖ ਮਿਲਦਾ ਹੈ ਤਾਂ ਉਹ ਝੂਠ ਬੋਲੇਗਾ।

ਜੇ ਝੂਠ ਫੜੇ ਜਾਣ ਦਾ ਡਰ ਹੋਵੇ ਤਾਂ ਉਹ ਇਸ ਡਰ ਕਾਰਨ ਭਾਵੇਂ ਸੱਚ ਬੋਲੇ ਪਰ ਇੱਛਾ ਝੂਠ ਬੋਲਣ ਜਾਂ ਬੇਈਮਾਨੀ ਕਰਨ ਦੀ ਹੀ ਰਹੇਗੀ।

ਇਕ ਵਾਰੀ ਵੱਡੀ ਗਿਣਤੀ ਵਿਚ ਬੱਸਾਂ ਖਰੀਦਣ ਸਮੇਂ, ਬੱਸਾਂ ਬਣਾਉਣ ਵਾਲੀ ਕੰਪਨੀ ਨੇ ਪੰਜ ਕਰੋੜ ਰੁਪਏ ਦੀ ਰਿਆਇਤ ਜਾਂ ਕਮਿਸ਼ਨ ਦੇਣ ਦੀ ਪੇਸ਼ਕਸ਼ ਕੀਤੀ। ਜੇ ਰਿਆਇਤ ਲਈ ਜਾਂਦੀ ਤਾਂ ਸਰਕਾਰ ਨੂੰ ਲਾਭ ਹੁੰਦਾ ਸੀ ਪਰ ਜੇ ਕਮਿਸ਼ਨ ਲਈ ਜਾਂਦੀ ਤਾਂ ਅਫ਼ਸਰਾਂ ਨੂੰ ਲਾਭ ਹੁੰਦਾ ਸੀ। ਸੋਚ-ਵਿਚਾਰ ਕੇ ਸਰਬ-ਸੰਮਤੀ ਨਾਲ ਨਿਰਣਾ ਕੀਤਾ ਗਿਆ ਕਿ ਕਮਿਸ਼ਨ ਹੀ ਠੀਕ ਹੈ। ਇਵੇਂ ਜੋ ਅਫ਼ਸਰਾਂ ਲਈ ਲਾਭਕਾਰੀ ਸੀ, ਉਹ ਸਰਕਾਰ ਲਈ ਹਾਨੀਕਾਰਕ ਸਾਬਤ ਹੋਇਆ।

ਇਕ ਵਾਰੀ ਇਕ ਹਾਦਸੇ ਦੇ ਸ਼ਿਕਾਰ ਇਕ ਆਦਮੀ ਨੂੰ, ਉਥੋਂ ਲੰਘ ਰਹੇ ਦੋ ਦੋਸਤਾਂ ਨੇ ਆਪਣੀ ਕਾਰ ਵਿਚ ਹਸਪਤਾਲ ਪਹੁੰਚਾਇਆ। ਬੇਈਮਾਨ ਅਤੇ ਭ੍ਰਿਸ਼ਟ ਪੁਲੀਸ ਅਧਿਕਾਰੀ ਨੇ ਉਨ੍ਹਾਂ ਦੋ ਦੋਸਤਾਂ ਉਤੇ ਹੀ ਹਾਦਸਾ ਕਰਨ ਦਾ ਜੁਰਮ ਲਾ ਦਿੱਤਾ ਅਤੇ ਵੱਡੀ ਰਕਮ ਲੈ ਕੇ ਖਹਿੜਾ ਛੱਡਿਆ। ਇਵੇਂ ਦੋਸਤਾਂ ਦੇ ਚੰਗੇ ਵਿਹਾਰ ਨੂੰ ਉਸ ਭ੍ਰਿਸ਼ਟ ਪੁਲੀਸ ਅਧਿਕਾਰੀ ਨੇ ਮਾੜਾ ਸਿੱਧ ਕਰ ਦਿੱਤਾ।

ਜੇ ਪੁਲੀਸ ਅਧਿਕਾਰੀ ਭ੍ਰਿਸ਼ਟ ਨਾ ਹੁੰਦਾ ਤਾਂ ਉਨ੍ਹਾਂ ਦੋਸਤਾਂ ਨੂੰ ਸਨਮਾਨ ਮਿਲਣਾ ਚਾਹੀਦਾ ਸੀ।

ਸਮਾਜ ਵਿਚ ਭ੍ਰਿਸ਼ਟਾਚਾਰ ਕਿਸੇ ਇਕ ਵਰਗ ਤਕ ਸੀਮਤ ਨਹੀਂ ਹੁੰਦਾ, ਹਰ ਕੋਈ ਆਪਣੀ ਵਿੱਤ-ਅਨੁਸਾਰ, ਵਗਦੀ ਗੰਗਾ ਵਿਚ ਟੁੱਭੀ ਲਾਉਂਦਾ ਹੈ।

ਬ੍ਰਾਹਮਣ ਅਤੇ ਖਤਰੀ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਬਾਕੀ ਵਰਗ ਬੇਈਮਾਨੀ, ਮਿਲਾਵਟ ਜਾਂ ਹੇਰਾਫੇਰੀ ਹੀ ਕਰਦੇ ਹਨ।

ਸਰਕਾਰ, ਧਰਮ, ਫੌਜ, ਨਿੱਜੀ ਜਾਇਦਾਦ ਆਦਿ ਭ੍ਰਿਸ਼ਟਾਚਾਰ ਦੇ ਮੁਖ ਸਰੋਤ ਹਨ। ਪ੍ਰੋਫ਼ੈਸਰ, ਵਕੀਲ, ਡਾਕਟਰ, ਇੰਜੀਨੀਅਰ, ਜੱਜ ਆਦਿ ਸਮਾਜ ਦਾ ਪਤਵੰਤਾ ਭਾਗ ਹੁੰਦੇ ਹਨ, ਜਦੋਂ ਇਹ ਭ੍ਰਿਸ਼ਟ ਹੋ ਜਾਣ ਤਾਂ ਬਾਕੀਆਂ ਨੂੰ ਵੀ ਭ੍ਰਿਸ਼ਟਾਚਾਰ ਭੈੜਾ ਨਹੀਂ ਲਗਦਾ। ਜਿਹੜੇ ਭ੍ਰਿਸ਼ਟ ਨਹੀਂ ਹੁੰਦੇ, ਉਹ ਸਮਾਜ ਵਿਚੋਂ ਇਵੇਂ ਖਾਰਜ ਹੋ ਜਾਂਦੇ ਹਨ, ਜਿਵੇਂ ਸਾਡੇ ਭੋਜਨ ਵਿਚੋਂ ਟੀਂਡੇ, ਕੱਦੂ, ਪੇਠਾ, ਸ਼ਲਗਮ ਆਦਿ ਗ਼ਾਇਬ ਹੋ ਗਏ ਹਨ।

ਭ੍ਰਿਸ਼ਟ ਵਿਹਾਰ ਨਾਲ ਗੀਤ, ਸੰਗੀਤ, ਨ੍ਰਿਤ ਅਤੇ ਭਾਸ਼ਾ ਵੀ ਭ੍ਰਿਸ਼ਟ ਹੋ ਜਾਂਦੀ ਹੈ। ਅਜੋਕੇ ਯੁਗ ਵਿਚ ਸਤਿਕਾਰਯੋਗ ਦਾ ਅਰਥ ਹੈ, ਪੈਸੇ ਵਾਲਾ; ਸਾਊ ਦਾ ਅਰਥ ਹੈ, ਗਰੀਬ।

ਹੁਣ ਜੂਏ ਨੂੰ ਮਨੋਰੰਜਨ, ਨੰਗੇਜ ਨੂੰ ਫੈਸ਼ਨ, ਹੁਲੜਬਾਜ਼ੀ ਨੂੰ ਪਾਰਟੀ ਅਤੇ ਸ਼ੋਰ-ਸ਼ਰਾਬੇ ਨੂੰ ਮਹਿਫ਼ਲ ਕਹਿੰਦੇ ਹਨ। ਸਭ ਤੋਂ ਵੱਧ ਵਫ਼ਾਦਾਰ ਪਿਆਰ, ਪੈਸੇ ਅਤੇ ਤਾਕਤ ਦਾ ਪਿਆਰ ਹੁੰਦਾ ਹੈ, ਜਿਹੜਾ ਵੱਧਦਾ ਹੀ ਹੈ, ਘੱਟਦਾ ਨਹੀਂ।

ਕਾਨੂੰਨ ਵੀ ਭ੍ਰਿਸ਼ਟਾਚਾਰ ਨੂੰ ਵਧਾਉਂਦੇ ਹਨ। ਜਿਸ ਦੇਸ਼ ਵਿਚ ਜਿਤਨੇ ਵਧੇਰੇ ਕਾਨੂੰਨ ਹੁੰਦੇ ਹਨ, ਉਥੇ ਉਤਨਾ ਹੀ ਵਧੇਰੇ ਭ੍ਰਿਸ਼ਟਾਚਾਰ ਹੁੰਦਾ ਹੈ, ਕਿਉਂਕਿ ਅਧਿਕਾਰੀ ਕਾਨੂੰਨ ਲਾਗੂ ਕਰਨ ਦੀ ਆੜ ਵਿਚ ਭ੍ਰਿਸ਼ਟਾਚਾਰ ਕਰਦੇ ਹਨ। ਉਦਾਹਰਣ ਵਜੋਂ ਕਾਨੂੰਨ ਅਨੁਸਾਰ ਇਕ ਟਰੱਕ ਦਾ ਦੋ ਸੌ ਤੋਂ ਵੱਧ ਕਾਰਨਾਂ ਕਰਕੇ ਚਲਾਨ ਕੀਤਾ ਜਾ ਸਕਦਾ ਹੈ, ਜਿਸ ਕਾਰਨ ਟਰੱਕਾਂ ਦਾ ਧੰਦਾ ਕਈਆਂ ਦੀ ਉਪਰਲੀ ਆਮਦਨ ਦਾ ਸਰੋਤ ਹੈ।

ਮਨੁੱਖ ਵਿਚ ਧੋਖਾ ਖਾਣ ਦੀ ਬੁਨਿਆਦੀ ਬਿਰਤੀ ਹੈ ਅਤੇ ਧਰਮ ਇਸ ਗੱਲ ਦਾ ਸਬੂਤ ਹੈ। ਹਰ ਧਰਮ ਇਕ ਵਿਸ਼ਾਲ ਪ੍ਰਪੰਚ ਉਸਾਰਦਾ ਹੈ। ਧਰਮ ਦੇ ਬਾਨੀ ਤਾਂ ਮਹਾਂਪੁਰਸ਼ ਹੁੰਦੇ ਹਨ ਪਰ ਧਰਮ ਨੂੰ ਰਾਜਨੀਤੀ ਦੇ ਅੰਗ ਵਜੋਂ ਸੁਆਰਥੀ ਵਿਅਕਤੀਆਂ ਵਲੋਂ ਆਪਣੇ ਹਿੱਤਾਂ ਅਧੀਨ ਵਰਤਿਆ ਜਾਂਦਾ ਹੈ।

ਧਰਮ ਮਿੱਠੇ ਅਤੇ ਨਿੱਘੇ ਢੰਗ ਨਾਲ ਸਾਡੇ ਮਨ ਨੂੰ ਪਕੜ ਲੈਂਦਾ ਹੈ ਅਤੇ ਅਸੀਂ ਜੀਵਨ ਭਰ ਧਾਰਮਿਕ ਰਸਮਾਂ ਨਿਭਾਉਂਦੇ ਰਹਿੰਦੇ ਹਾਂ।

ਧਰਮ ਨੂੰ ਪਾਲਦੇ ਤਾਂ ਗਰੀਬ ਹਨ ਪਰ ਧਰਮ ਨੂੰ ਵਰਤਦੇ ਅਮੀਰ ਅਤੇ ਤਾਕਤ ਵਾਲੇ ਹਨ।

ਸਾਰੇ ਬੇਈਮਾਨ, ਚੋਰ, ਡਾਕੂ, ਸਮੱਗਲਰ ਆਦਿ ਬੜੇ ਧਾਰਮਿਕ ਹੁੰਦੇ ਹਨ। ਬੇਈਮਾਨ ਵਪਾਰੀ ਕਹਿੰਦਾ ਹੈ: ਹੇ ਵਾਹਿਗੁਰੂ, ਕਿਰਤ-ਕਮਾਈ ਵਿਚ ਬਰਕਤ ਪਾਈਂ; ਚੋਰ-ਡਾਕੂ ਕਹਿੰਦਾ ਹੈ: ਹੇ ਪ੍ਰਮਾਤਮਾ, ਜਿਹੜਾ ਕਾਰਜ ਕਰਨ ਚਲੇ ਹਾਂ, ਉਸ ਵਿਚ ਸਫਲਤਾ ਦੇਈਂ।

ਨਾਜਾਇਜ਼ ਕਬਜ਼ਿਆਂ ਵਾਲੇ ਡੇਰੇ ਅਤੇ ਕਰੋੜਾਂ ਦੀ ਜਾਇਦਾਦ ਵਾਲੇ ਮੱਠ, ਮਰਿਆਦਾ ਦੀ ਆੜ ਵਿਚ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਭ੍ਰਿਸ਼ਟ ਰਾਜਨੀਤੀ ਵਿਚ ਭਾਗ ਲੈਂਦੇ ਹਨ।

ਅਜੋਕੇ ਭ੍ਰਿਸ਼ਟਾਚਾਰ ਦਾ ਸਿੱਧਾ ਸੰਬੰਧ ਬਜ਼ਾਰ ਨਾਲ ਹੈ। ਬਜ਼ਾਰ ਵਿਚ ਨਵੀਆਂ ਚੀਜ਼ਾਂ ਦਾ ਹੜ੍ਹ ਆ ਗਿਆ ਹੈ, ਜਿਨ੍ਹਾਂ ਨੂੰ ਭ੍ਰਿਸ਼ਟ ਸਾਧਨਾਂ ਰਾਹੀਂ ਪ੍ਰਾਪਤ ਕਰਨ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ।

ਨਾਜਾਇਜ਼ ਆਮਦਨ, ਨਾਜਾਇਜ਼ ਰਿਸ਼ਤਿਆਂ ਨੂੰ ਉਪਜਾਉਂਦੀ ਹੈ ਅਤੇ ਨਾਜਾਇਜ਼ ਰਿਸ਼ਤੇ ਮਹਿੰਗੇ ਤੋਹਫ਼ਿਆਂ ਦੀ ਰਿਸ਼ਵਤ ਨਾਲ ਚਲਦੇ ਹਨ।

ਜਦੋਂ ਭ੍ਰਿਸ਼ਟ ਸਾਧਨਾਂ ਨਾਲ ਨਵੀਆਂ ਚੀਜ਼ਾਂ ਖਰੀਦਣ ਦੇ ਬਾਵਜੂਦ ਤਸੱਲੀ ਨਹੀਂ ਮਿਲਦੀ ਤਾਂ ਭ੍ਰਿਸ਼ਟ ਪਰਿਵਾਰਾਂ ਵਿਚ ਸੋਚ ਉਪਜਦੀ ਹੈ, ਮੇਰਾ ਨੱਕ ਮੋਟਾ

ਹੈ, ਇਹ ਪਲਾਸਟਿਕ ਸਰਜਰੀ ਨਾਲ ਅਮਰੀਕਾ ਜਾ ਕੇ ਪਤਲਾ ਕਰਵਾਉਣਾ ਹੈ; ਛੋਟੀ ਅਤੇ ਪੁਰਾਣੀ ਹੋਣ ਕਰਕੇ, ਇਸ ਕਾਰ ਵਿਚ ਹੁਝਕੇ ਲਗਦੇ ਹਨ, ਇਹ ਬਦਲਣੀ ਹੈ ਅਤੇ ਮਰਸੀਡੀਜ਼ ਲੈਣੀ ਹੈ।

ਭ੍ਰਿਸ਼ਟਾਚਾਰ ਆਮ ਕਰਕੇ ਉਥੇ ਹੁੰਦਾ ਹੈ ਜਿਥੇ ਹਰ ਕਿਸੇ ਨੂੰ ਇਕ ਹੀ ਦਫ਼ਤਰ ਤੋਂ ਕੰਮ ਕਰਵਾਉਣ ਦੀ ਮਜਬੂਰੀ ਹੁੰਦੀ ਹੈ। ਨਕਸ਼ਾ ਪਾਸ ਕਰਵਾਉਣਾ, ਕੁਨੈਕਸ਼ਨ ਲੈਣਾ, ਰੂਟ, ਲਾਈਸੈਂਸ ਜਾਂ ਠੇਕਾ ਲੈਣਾ, ਬਿਲ ਪਾਸ ਕਰਵਾਉਣਾ ਆਦਿ ਕੰਮ ਅਕਸਰ ਸਰਕਾਰੀ ਮਹਿਕਮਿਆਂ ਨਾਲ ਸੰਬੰਧਤ ਹੁੰਦੇ ਹਨ।

ਨਿਲਾਮੀ, ਨੌਕਰੀ, ਚੋਣ ਆਦਿ ਵਿਚ ਹੁਣ ਸਭ ਕੁਝ ਪਹਿਲਾਂ ਹੀ ਤਹਿ ਹੋ ਜਾਂਦਾ ਹੈ। ਹੁਣ ਹਰ ਥਾਂ ਦਲਾਲ ਉਪਜ ਪਏ ਹਨ।

ਦਲਾਲੀ ਵਿਚ ਕੇਵਲ ਝੂਠ ਹੀ ਬੋਲਿਆ ਜਾਂਦਾ ਹੈ।

ਭ੍ਰਿਸ਼ਟਾਚਾਰ ਦੇ ਅੱਡਿਆਂ 'ਤੇ ਵਾਤਾਵਰਣ ਹੱਫੜਾ-ਤਫੜੀ ਵਾਲਾ, ਬੋਲ-ਬੁਲਾਰਾ ਨੀਵੀਂ ਪੱਧਰ ਦਾ, ਵਿਹਾਰ ਭੈੜਾ ਅਤੇ ਮਾਹੌਲ ਖ਼ੂਫ਼ੀਆ ਅਤੇ ਸਾਜ਼ਸ਼ੀ ਹੁੰਦਾ ਹੈ। ਭ੍ਰਿਸ਼ਟਾਚਾਰ ਕਾਰਨ ਜਿਹੜੀਆਂ ਚੀਜ਼ਾਂ ਪਹਿਲਾਂ ਪਵਿਤਰ ਅਤੇ ਅਨਮੋਲ ਸਮਝੀਆਂ ਜਾਂਦੀਆਂ ਸਨ, ਹੁਣ ਉਹ ਵੀ ਵਿਕਣ ਲਗ ਪਈਆਂ ਹਨ।

ਵਿਦੇਸ਼ ਜਾਣ ਲਈ ਵੀਜ਼ਾ ਲੈਣ ਵਾਸਤੇ ਹੁਣ ਜਾਇਜ਼-ਨਾਜਾਇਜ਼ ਢੰਗਾਂ ਦਾ ਅੰਤਰ ਨਹੀਂ ਰਿਹਾ।

ਭ੍ਰਿਸ਼ਟਾਚਾਰ ਵਿਚ ਕਿਸੇ 'ਤੇ ਭਰੋਸਾ ਨਹੀਂ ਕੀਤਾ ਜਾਂਦਾ।

ਇਟਲੀ ਜਾਂ ਫਰਾਂਸ ਦੀਆਂ ਵੇਸਵਾਵਾਂ ਨੇ ਪੁਲੀਸ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਵਿਸ਼ੇਸ਼ ਰਿਆਇਤ ਦੇਣ ਦੀ ਜਿਹੜੀ ਪਿਰਤ ਪਾਈ ਸੀ, ਉਹ ਵਿਧੀ ਹੁਣ ਜੀਵਨ ਦੇ ਹਰੇਕ ਖੇਤਰ ਅਤੇ ਵਰਤਾਰੇ ਵਿਚ ਸਫਲਤਾ ਨਾਲ ਵਰਤੀ ਜਾ ਰਹੀ ਹੈ।

ਭ੍ਰਿਸ਼ਟਾਚਾਰ ਉਥੇ ਹੈ, ਜਿਥੇ ਦੇਰ ਹੁੰਦੀ ਹੈ, ਸੋ ਕੰਮ ਜਾਇਜ਼ ਹੋਣ ਦੇ ਬਾਵਜੂਦ ਦੇਰੀ ਤੋਂ ਬਚਣ ਲਈ ਰਿਸ਼ਵਤ ਦਿੱਤੀ ਜਾਂਦੀ ਹੈ।

ਹਰ ਕਿਸੇ ਕੋਲ ਧਨ ਵਧਣ ਕਰਕੇ ਸਮਾਂ ਘੱਟ ਗਿਆ ਹੈ, ਸੋ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਸਹੂਲਤਾਂ ਲੈਣ ਲਈ ਭ੍ਰਿਸ਼ਟ ਢੰਗ ਵਰਤੇ ਜਾਂਦੇ ਹਨ।

ਹੁਣ ਪੈਸਾ ਸਭ ਥਾਵਾਂ ਤੇ ਜਾਣ ਦਾ ਪਰਮਿਟ ਅਤੇ ਸਾਰੇ ਕੰਮ ਕਰਵਾਉਣ ਦੀ ਕੁੰਜੀ ਹੈ।

ਹੁਣ ਤਾਂ ਭਾੜੇ 'ਤੇ ਕਤਲ ਕਰਨ ਵਾਲੇ ਵੀ ਮਿਲ ਜਾਂਦੇ ਹਨ।

ਨਿਰਸੰਦੇਹ ਭ੍ਰਿਸ਼ਟਾਚਾਰ ਨੇ ਕਈ ਨਵੇਂ ਰੋਜ਼ਗਾਰ ਪੈਦਾ ਕੀਤੇ ਹਨ।

ਭ੍ਰਿਸ਼ਟਾਚਾਰ ਦੇ ਪੱਖੋਂ ਹੁਣ ਸਮੁੱਚੀ ਸਥਿਤੀ ਇਹ ਹੈ ਕਿ ਜੇ ਈਮਾਨਦਾਰਾਂ ਦੀ ਕੋਈ ਸਭਾ ਬਣਾਈ ਜਾਵੇ ਤਾਂ ਸਾਰੇ ਅਹੁਦਿਆਂ ਉਤੇ ਬੇਈਮਾਨ ਸੱਜ ਜਾਣਗੇ।

ਮਨੁੱਖ ਦੀ ਸਭ ਤੋਂ ਸ਼ਕਤੀਸ਼ਾਲੀ ਆਦਤ ਕਮਾਉਣ ਅਤੇ ਖਰਚਣ ਦੀ ਹੁੰਦੀ ਹੈ। ਜਦੋਂ ਕਮਾਈ ਅਤੇ ਖਰਚ ਵਿਚ ਤਾਲਮੇਲ ਨਹੀਂ ਰਹਿੰਦਾ ਜਾਂ ਜਦੋਂ ਕਮਾਈ ਨਾਲੋਂ ਵਧੇਰੇ ਖਰਚ ਕਰਨ ਦੀ ਇੱਛਾ ਉਪਜਦੀ ਹੈ ਜਾਂ ਵਸੀਲਿਆਂ ਨਾਲੋਂ ਵੱਧ ਅਤੇ ਮਹਿੰਗੀਆਂ ਸਹੂਲਤਾਂ ਮਾਣਨ ਨੂੰ ਦਿਲ ਕਰਦਾ ਹੈ, ਉਦੋਂ ਹੀ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਬੀਜ ਸਾਡੇ ਚਰਿੱਤਰ ਵਿਚ ਬੋਏ ਜਾਂਦੇ ਹਨ।

ਭ੍ਰਿਸ਼ਟਾਚਾਰ ਹਰੇਕ ਯੁਗ ਵਿਚ ਰਿਹਾ ਹੈ। ਪੰਚਤੰਤਰ, ਮਹਾਂਭਾਰਤ, ਪਲੈਟੋ ਦੀਆਂ ਲਿਖ਼ਤਾਂ, ਸ਼ੈਕਸਪੀਅਰ ਦੇ ਨਾਟਕਾਂ, ਧਾਰਮਕ ਗ੍ਰੰਥਾਂ ਵਿਚ ਭ੍ਰਿਸ਼ਟ ਵਿਹਾਰ ਦੇ ਅਨੇਕਾਂ ਹਵਾਲੇ ਮਿਲਦੇ ਹਨ। ਕੌਟਲਯ ਨੇ ਆਪਣੀ ਰਚਨਾ ਵਿਚ ਚਾਲ੍ਹੀ ਪ੍ਰਕਾਰ ਦੇ ਭ੍ਰਿਸ਼ਟਾਚਾਰ ਦੀ ਨਿਸ਼ਾਨਦੇਹੀ ਕੀਤੀ ਹੈ।

ਸਮੁੱਚੇ ਰੂਪ ਵਿਚ ਮਿਹਨਤ ਤੋਂ ਬਿਨਾ ਅਤੇ ਗ਼ਲਤ ਸਾਧਨਾਂ ਰਾਹੀਂ ਅਮੀਰ ਹੋਣ ਦੀ ਇੱਛਾ, ਭ੍ਰਿਸ਼ਟਾਚਾਰ ਹੈ।

ਹੁਣ ਭ੍ਰਿਸ਼ਟ ਢੰਗ ਅਪਨਾਉਣ ਦਾ ਆਧਾਰ ਉਸਾਰਨ ਲਈ ਅਸੀਂ ਧਾਰਣਾ ਹੀ ਬਣਾ ਲਈ ਹੈ ਕਿ ਮਿਹਨਤ ਦੀ ਕਮਾਈ ਕਾਫੀ ਨਹੀਂ ਹੁੰਦੀ।

ਹਰ ਵਿਕਾਸ ਨਾਲ ਮਨੁੱਖਤਾ ਦਾ ਕੋਈ ਨਾ ਕੋਈ ਗੁਣ ਲੋਪ ਹੋ ਜਾਂਦਾ ਹੈ। ਅਜੋਕੇ ਵਿਕਾਸ ਨਾਲ ਮਨੁੱਖਤਾ ਵਿਚੋਂ ਈਮਾਨਦਾਰੀ ਲੋਪ ਹੋ ਗਈ ਹੈ। ਕਈ ਪੁੱਛਦੇ ਹਨ ਕਿ ਭ੍ਰਿਸ਼ਟਾਚਾਰ ਕਿਵੇਂ ਖਤਮ ਹੋਵੇਗਾ? ਉੱਤਰ ਹੈ: ਜਦੋਂ ਮੈਂ ਅਤੇ ਤੁਸੀਂ ਈਮਾਨਦਾਰ ਬਣ ਜਾਵਾਂਗੇ।

ਭ੍ਰਿਸ਼ਟਾਚਾਰ ਮੁਕੇਗਾ ਨਹੀਂ, ਕੰਪਿਊਟਰ ਤਕਨਾਲੋਜੀ ਅਤੇ ਆਰਥਿਕ ਖੁਸ਼ਹਾਲੀ, ਕਿਸੇ ਹੱਦ ਤੱਕ ਇਸ ਨੂੰ ਨੱਥ ਜ਼ਰੂਰ ਪਾ ਲੈਣਗੀਆਂ।

ਟੈਲੀਫੋਨ, ਹਵਾਈ ਸਫ਼ਰ ਆਦਿ ਜਿਨ੍ਹਾਂ ਖੇਤਰਾਂ ਵਿਚ ਮੁਕਾਬਲਾ ਹੈ, ਉਥੇ ਭ੍ਰਿਸ਼ਟਾਚਾਰ ਮੁਕਿਆ ਤਾਂ ਨਹੀਂ ਘਟਿਆ ਜ਼ਰੂਰ ਹੈ।

ਭ੍ਰਿਸ਼ਟਾਚਾਰ ਮਨੁੱਖੀ ਸੋਚ ਵਿਚ ਹੈ।

ਇਸ ਸੋਚ ਕਾਰਨ ਹੀ ਕੋਈ ਵੀ ਵਿਵਸਥਾ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ।

ਜੇ ਸਾਰੇ ਲੋਕ ਈਮਾਨਦਾਰ ਹੋ ਜਾਣ ਤਾਂ ਸਾਰਾ ਆਰਥਿਕ ਅਤੇ ਸਮਾਜਿਕ ਢਾਂਚਾ ਢਹਿ-ਢੇਰੀ ਹੋ ਜਾਵੇਗਾ। ਪੁਲੀਸ ਦੀ ਲੋੜ ਹੀ ਨਹੀਂ ਪਵੇਗੀ। ਵਕੀਲ ਵਿਹਲੇ, ਅਦਾਲਤਾਂ ਬੰਦ ਅਤੇ ਜੇਲ੍ਹਾਂ ਖਾਲੀ ਹੋ ਜਾਣਗੀਆਂ। ਲੋਕ ਬੀਮਾਰ ਨਹੀਂ ਪੈਣਗੇ, ਕੈਮਿਸਟ, ਡਾਕਟਰ ਕੀ ਕਰਨਗੇ? ਟਿਊਸ਼ਨਾਂ ਮੁੱਕ ਜਾਣਗੀਆਂ, ਨਕਲ ਖਤਮ ਹੋ ਜਾਵੇਗੀ। ਅਖ਼ਬਾਰਾਂ ਵਿਚ ਕੀ ਛਪੇਗਾ? ਧਾਰਮਕ ਸਥਾਨਾਂ ਤੇ ਕੌਣ ਜਾਵੇਗਾ? ਪਰ ਇਵੇਂ ਹੋਵੇਗਾ ਨਹੀਂ ਕਿਉਂਕਿ ਸਾਡੀ ਸਮੁੱਚੀ ਆਰਥਿਕਤਾ, ਭ੍ਰਿਸ਼ਟ ਸੋਚ ਇਸ ਕਰਕੇ, ਲਾਲਚ ਉਤੇ ਉਸਰੀ ਹੋਈ ਹੈ, ਕਿਉਂਕਿ ਮਨੁੱਖ ਦਾ ਉਦੇਸ਼ ਸੁਖੀ ਰਹਿਣਾ ਨਹੀਂ, ਦੁੱਖੀ ਹੋਣਾ ਹੈ।

ਜੇ ਸਾਰੇ ਟੈਕਸ ਖਤਮ ਕਰ ਦਿੱਤੇ ਜਾਣ ਤਾਂ ਇਸ ਨਾਲ ਮਨੁੱਖ ਚੰਗੇਰਾ ਜੀਵਨ ਨਹੀਂ ਜੀਵੇਗਾ, ਸਗੋਂ ਮਨੁੱਖ ਦਾ ਲਾਲਚ ਹੋਰ ਵੱਧ ਜਾਵੇਗਾ ਅਤੇ ਉਹ ਦਿਨ-ਰਾਤ ਧਨ ਇਕੱਠਾ ਕਰਨ ਵਿਚ ਜੁੱਟ ਜਾਵੇਗਾ ਅਤੇ ਆਪਣੇ ਜੀਵਨ ਨੂੰ ਹੋਰ ਕਰੂਪ ਕਰ ਲਵੇਗਾ।

ਭ੍ਰਿਸ਼ਟ ਵਿਅਕਤੀ ਆਮ ਕਹਿੰਦੇ ਹਨ ਕਿ ਸੈਰ-ਸਪਾਟੇ ਲਈ ਸਵਰਗ ਠੀਕ ਹੈ ਪਰ ਰਹਿਣ ਲਈ ਨਰਕ ਵਰਗੀ ਰਮਣੀਕ ਥਾਂ ਕੋਈ ਨਹੀਂ, ਕਿਉਂਕਿ ਇਥੇ ਕਲਿਯੁਗ ਦੀਆਂ ਰੌਣਕਾਂ ਹਨ, ਇਥੇ ਜ਼ਮੀਨਾਂ ਦੇ ਰੇਟ ਵੀ ਬੜੇ ਵੱਧ ਗਏ ਹਨ ਅਤੇ ਹਰ ਮਹਿਕਮੇ ਵਿਚ ਉਪਰਲੀ ਕਮਾਈ ਵੀ ਚੋਖੀ ਹੈ।

ਕਿਸੇ ਸਭਿਅਤਾ ਦੇ ਲੰਮੇ ਪ੍ਰਵਾਹ ਵਿਚ ਕੁਝ ਵਿਅਕਤੀਆਂ ਵਲੋਂ ਨਾਜਾਇਜ਼ ਢੰਗਾਂ ਨਾਲ ਧਨ ਜੋੜ ਲੈਣਾ ਕੋਈ ਵੱਡੀ ਗੱਲ ਨਹੀਂ ਹੁੰਦੀ।

ਸਭਿਅਤਾ ਦੀਆਂ ਮੂਲ ਕਦਰਾਂ-ਕੀਮਤਾਂ ਉਤੇ ਅਜਿਹੇ ਵਰਤਾਰੇ ਝਰੀਟ ਤਾਂ ਮਾਰ ਸਕਦੇ ਹਨ ਪਰ ਉਸ ਨੂੰ ਜ਼ਖਮੀ ਨਹੀਂ ਕਰ ਸਕਦੇ। ਸਭਿਅਤਾ ਅਤੇ ਸਭਿਆਚਾਰ ਮਰਦੇ ਨਹੀਂ ਹੁੰਦੇ, ਹਰ ਸੰਕਟ ਨਾਲ ਇਹ ਮਜ਼ਬੂਤ ਹੀ ਹੁੰਦੇ ਹਨ।

ਸਾਡੀ ਸਭਿਅਤਾ ਦਾ ਅਜੋਕਾ ਸੰਕਟ, ਚਰਿੱਤਰ ਦੇ ਪਤਨ ਕਾਰਨ ਹੈ।

ਸਭਿਆਚਾਰ ਸਾਲਾਂ-ਦਹਾਕਿਆਂ ਵਿਚ ਨਹੀਂ, ਸਦੀਆਂ-ਹਜ਼ਾਰੀਆਂ ਵਿਚ ਉਸਰਦਾ ਹੈ।

ਜੋ ਵੀ ਬਾਹਰੋਂ ਭਾਰਤ ਆਇਆ, ਉਹ ਸਾਡੇ ਸਭਿਆਚਾਰ ਨੂੰ ਵਿਸ਼ਾਲ ਕਰਕੇ, ਨਵੀਂ ਪਰਤ ਜੋੜਦਾ ਗਿਆ ਹੈ ਪਰ ਕੋਈ ਵੀ ਇਸ ਦੇ ਮੂਲ-ਸੁਭਾਉ ਨੂੰ ਨਹੀਂ ਬਦਲ ਸਕਿਆ। ਹਰ ਸਭਿਅਤਾ ਅਤੇ ਸਭਿਆਚਾਰ ਦੀ ਇਕ ਮੌਲਿਕ ਜੀਵਨ-ਜਾਚ ਹੁੰਦੀ ਹੈ, ਜਿਹੜੀ ਆਪ-ਮੁਹਾਰੇ ਸਿੱਖੀ ਜਾਂਦੀ ਹੈ।

ਭਾਰਤ ਵਿਚ ਉਹੀ ਮਹਾਨ ਹੋਏ ਹਨ, ਜਿਨ੍ਹਾਂ ਨੇ ਵੱਡੇ ਤਿਆਗ ਕਰਕੇ, ਸਾਧਨਾ ਰਾਹੀਂ ਆਪਣੀ ਆਤਮਾ ਨਾਲ, ਪਰਮ-ਆਤਮਾ ਦੇ ਦੀਦਾਰ ਕੀਤੇ ਅਤੇ ਹੋਰਾਂ ਨੂੰ ਕਰਵਾਏ ਹਨ।

ਭਾਰਤੀ ਸਭਿਅਤਾ ਦੀ ਬੁਨਿਆਦੀ ਜੀਵਨ-ਜਾਚ ਤਿਆਗ ਅਤੇ ਕੁਰਬਾਨੀ ਹੈ ਅਤੇ ਜੀਵਨ-ਉਦੇਸ਼ ਪਰਉਪਕਾਰ ਅਤੇ ਆਤਮਕ ਸ਼ਾਂਤੀ ਹੈ, ਇਸ ਕਰਕੇ ਮਨੁੱਖ ਕੋਲ ਭ੍ਰਿਸ਼ਟ ਸਾਧਨਾਂ ਰਾਹੀਂ ਭਾਵੇਂ ਕਿਤਨਾ ਵੀ ਧਨ ਜੁੜ ਜਾਵੇ, ਉਸ ਦੀ ਧੁਰ ਡੂੰਘ ਇਸ ਜੰਜਾਲ ਤੋਂ ਛੁਟਕਾਰਾ ਪਾਉਣ ਅਤੇ ਆਤਮਕ ਸ਼ਾਂਤੀ ਲਈ ਤਰਲੇ ਲਵੇਗੀ ਕਿਉਂਕਿ ਉਸ ਨੂੰ ਕਿਸੇ ਹੋਰ ਦਹਿਲੀਜ਼ ਉਤੇ ਪ੍ਰਵਾਨਗੀ ਨਹੀਂ ਮਿਲੇਗੀ।

ਅੰਤ ਨੂੰ ਭ੍ਰਿਸ਼ਟਾਚਾਰ ਮੁੱਕੇਗਾ, ਕਿਉਂਕਿ ਭਾਰਤ ਦੀ ਬੁਨਿਆਦੀ ਜੀਵਨ-ਜਾਚ ਤਿਆਗਮਈ ਅਤੇ ਭ੍ਰਿਸ਼ਟਾਚਾਰ-ਵਿਰੋਧੀ ਹੈ।

* * *

ਕਲਾ ਅਤੇ ਕਲਾ-ਪ੍ਰੇਮੀ

ਸਮਾਜ ਮਨੁੱਖ ਨੂੰ ਅਨੇਕਾਂ ਢੰਗਾਂ ਨਾਲ ਨਿਰੰਤਰ ਜ਼ਖ਼ਮੀ ਕਰਦਾ ਰਹਿੰਦਾ ਹੈ, ਕਲਾ ਇਨ੍ਹਾਂ ਜ਼ਖ਼ਮਾਂ ਦੀ ਮਲ੍ਹਮ-ਪੱਟੀ ਕਰਦੀ ਹੈ।

ਥੱਕੇ ਹੋਏ ਮਨੁੱਖ ਲਈ ਜੋ ਕਾਰਜ ਨੀਂਦਰ ਕਰਦੀ ਹੈ, ਉਦਾਸੇ ਹੋਏ ਮਨੁੱਖ ਲਈ ਉਹੀ ਕਾਰਜ ਕਲਾ ਕਰਦੀ ਹੈ। ਜੇ ਬੰਦਾ ਸੌਂਵੇਂ ਨਾ ਤਾਂ ਉਹ ਪਾਗਲ ਹੋ ਜਾਵੇਗਾ, ਜੇ ਉਸ ਦਾ ਕਲਾ ਨਾਲੋਂ ਨਾਤਾ ਟੁੱਟ ਜਾਵੇ ਤਾਂ ਜ਼ਿੰਦਗੀ ਗਲਤੀ, ਗ਼ੁਨਾਹ, ਸਜ਼ਾ ਅਤੇ ਕੈਦ ਪ੍ਰਤੀਤ ਹੋਵੇਗੀ।

ਕਲਾ ਦੇ ਮਿੱਠੇ ਸੇਕ ਨਾਲ ਜ਼ਿੰਦਗੀ ਜਿਊਣ ਦੀ ਰੀਝ ਬਣੀ ਰਹਿੰਦੀ ਹੈ।

ਕਲਾ, ਕਰੋੜਾਂ ਸਾਲ ਪੁਰਾਣੇ ਸੰਸਾਰ ਨੂੰ ਸਾਡੇ ਲਈ ਸੱਜਰਾ ਅਤੇ ਨਵਾਂ ਮਹਿਸੂਸ ਕਰਵਾਉਣ ਦਾ ਉਪਰਾਲਾ ਕਰਦੀ ਹੈ।

ਹਰੇਕ ਮਨੁੱਖ ਵਿਚ ਆਪਾ ਸੁਧਾਰਨ, ਸੰਵਾਰਨ ਅਤੇ ਸ਼ਿੰਗਾਰਨ ਦੀ ਤਾਂਘ ਹੁੰਦੀ ਹੈ। ਇਹ ਤਾਂਘ ਹੀ ਕਲਾ ਦੀ ਬੁਨਿਆਦ ਹੈ। ਜੇ ਮਨੁੱਖ ਸੰਤੁਸ਼ਟ ਹੁੰਦਾ ਤਾਂ ਸੰਸਾਰ ਵਿਚ ਕਲਾ ਦੀ ਲੋੜ ਨਹੀਂ ਸੀ ਪੈਣੀ। ਕਲਾ ਅਧੂਰੇ ਨੂੰ ਪੂਰਨ ਅਤੇ ਨਿਰਾਸ਼ੇ ਨੂੰ ਸੰਤੁਸ਼ਟ ਕਰਨ ਦਾ ਖੇਤਰ ਹੈ। ਕਲਾ ਠਰ੍ਹੇ ਹੋਏ ਦਿਮਾਗਾਂ ਨੂੰ ਪਿਘਲਾਉਂਦੀ ਹੈ। ਗੀਤ-ਸੰਗੀਤ ਨੀਰਸ ਜ਼ਿੰਦਗੀ ਵਿਚ ਰੌਣਕ ਭਰ ਕੇ, ਮੁਸ਼ਕਿਲਾਂ ਦੇ ਬਾਵਜੂਦ, ਜ਼ਿੰਦਗੀ ਨੂੰ ਮਾਣਨਯੋਗ ਬਣਾਉਂਦੇ ਹਨ ਅਤੇ ਇਹ ਉਦਾਸੀ ਅਤੇ ਮੁਸੀਬਤ ਵਿਚ ਵੀ ਜੀਵਨ ਮਾਣਨ ਦੀ ਆਸ ਨੂੰ ਮਰਨ ਨਹੀਂ ਦਿੰਦੇ।

ਕਲਾ, ਮਨੁੱਖ ਨੂੰ ਨੀਵੀਆਂ ਚੀਜ਼ਾਂ ਦਾ ਲਾਲਚ ਤਿਆਗ ਕੇ, ਖੁਸ਼ਹਾਲ ਹੋ ਕੇ, ਆਨੰਦ ਮਾਣਨ ਦਾ ਸੁਨੇਹਾ ਦਿੰਦੀ ਹੈ।

ਧਨ ਦੇ ਲਾਲਚ ਨੂੰ ਨਿੰਦੇ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਇਹ ਕਲਾ ਦੇ ਰਾਹ ਦੀ ਰੁਕਾਵਟ ਬਣਦਾ ਹੈ।

ਮੁੱਢਲੀ ਗਰੀਬੀ ਭੋਜਨ ਅਤੇ ਕੱਪੜਿਆਂ ਦੀ ਗਰੀਬੀ ਹੁੰਦੀ ਹੈ, ਜਦੋਂ ਕਿ ਦੂਜੀ ਗਰੀਬੀ ਕਲਾ ਅਤੇ ਸਭਿਆਚਾਰ ਦੀ ਗਰੀਬੀ ਹੁੰਦੀ ਹੈ। ਜੇ ਪਹਿਲੀ ਗਰੀਬੀ ਮਿਟ ਵੀ ਜਾਵੇ ਅਤੇ ਦੂਜੀ ਬਣੀ ਰਹੇ ਤਾਂ ਅਸੀਂ ਗਰੀਬ ਹੀ ਰਹਾਂਗੇ।

ਸਭ ਤੋਂ ਵੱਡੀ ਗਰੀਬੀ, ਅਮੀਰ ਹੋ ਕੇ ਵੀ, ਜ਼ਿੰਦਗੀ ਦੀਆਂ ਕਲਾਮਈ ਅਤੇ ਚੰਗੀਆਂ ਚੀਜ਼ਾਂ ਤੋਂ ਬੇਮੁਖ ਹੋਣ ਵਿਚ ਹੁੰਦੀ ਹੈ।

ਕਲਾ ਦਾ ਉਦੇਸ਼ ਮੁਨਾਫ਼ਾ ਕਮਾਉਣਾ ਨਹੀਂ, ਜੀਵਨ ਦਾ ਆਨੰਦ ਪ੍ਰਾਪਤ ਕਰਨਾ ਅਤੇ ਸੰਸਾਰ ਨੂੰ ਸੋਹਣਾ ਬਣਾਉਣਾ ਹੁੰਦਾ ਹੈ।

ਵੱਖ-ਵੱਖ ਕਲਾਵਾਂ, ਜੀਵਨ ਨੂੰ ਵੱਖ-ਵੱਖ ਪੱਧਰਾਂ 'ਤੇ ਜੀਣ ਦੀਆਂ ਸਿਖਲਾਈਆਂ ਹਨ। ਆਨੰਦ ਦੀ ਪ੍ਰਾਪਤੀ ਮਨੁੱਖ ਜਾਤੀ ਦੀ ਸਾਂਝੀ ਤਾਂਘ ਹੈ।

ਕੁਦਰਤ ਆਪਣੀ ਸੁੰਦਰਤਾ ਰਾਹੀਂ ਸਾਨੂੰ ਪ੍ਰਸੰਨ ਕਰਦੀ ਹੈ ਅਤੇ ਪ੍ਰਸੰਨ ਹੋਇਆ ਕਲਾਕਾਰ ਆਪਣੀ ਕਲਾ ਰਾਹੀਂ ਆਪਣੀ ਅੰਦਰਲੀ ਖ਼ੂਬਸੂਰਤੀ ਨੂੰ ਪ੍ਰਗਟਾਉਣ ਦਾ ਯਤਨ ਕਰਦਾ ਹੈ।

ਕਲਾ, ਸੁੰਦਰਤਾ ਦੀ ਧੀ ਹੈ ਅਤੇ ਇਹ ਸੁੰਦਰਤਾ ਦੀ ਗੋਦ ਵਿਚ ਖੇਡਦੀ ਹੈ। ਵਾਸਤਵ ਵਿਚ ਯਥਾਰਥ ਦੀ ਕਰੂਪਤਾ ਤੋਂ ਬਚਣ ਲਈ ਮਨੁੱਖ ਨੇ ਕਲਾ ਦੇ ਸੁਹਜ ਨੂੰ ਸਿਰਜਿਆ ਹੈ। ਇਸ ਕਾਰਨ ਹੀ ਜ਼ਿੰਦਗੀ ਦੇ ਦੁੱਖ-ਦਰਦ ਸਹਿਣਯੋਗ ਬਣੇ ਰਹਿੰਦੇ ਹਨ।

ਜਿਵੇਂ ਸ਼ਰਧਾ ਤੋਂ ਬਿਨਾਂ ਅਰਦਾਸ ਜਾਂ ਪੂਜਾ ਦੇ ਕੋਈ ਅਰਥ ਨਹੀਂ ਹੁੰਦੇ, ਉਵੇਂ ਹੀ ਜੀਵਨ ਪ੍ਰਤੀ ਸਤਿਕਾਰ ਦੀ ਭਾਵਨਾ ਤੋਂ ਬਿਨਾ ਕਲਾ ਸਿਰਜੀ ਅਤੇ ਮਾਣੀ ਨਹੀਂ ਜਾ ਸਕਦੀ। ਜਦੋਂ ਤਕ ਮਨੁੱਖ ਕਲਾ ਦੇ ਲੜ ਨਹੀਂ ਲਗਦਾ, ਉਸ ਦੀ ਇਕੱਲਤਾ ਦੂਰ ਨਹੀਂ ਹੁੰਦੀ।

ਕਿਹਾ ਜਾਂਦਾ ਹੈ ਕਿ ਕੇਵਲ ਕਲਾ-ਪ੍ਰੇਮੀ ਹੀ ਜ਼ਿੰਦਗੀ ਜਿਊਂਦੇ ਹਨ, ਜਦੋਂ ਕਿ ਬਾਕੀਆਂ ਕੋਲੋਂ ਜ਼ਿੰਦਗੀ ਘੁੰਡ ਕੱਢ ਕੇ ਜਾਂ ਪੱਲਾ ਬਚਾ ਕੇ ਲੰਘ ਜਾਂਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਜੇ ਮਨੁੱਖ ਗਾਉਂਦਾ-ਨੱਚਦਾ ਟੁਰਿਆ ਜਾਵੇ ਤਾਂ ਉਹ ਸਿੱਧਾ ਸਵਰਗ ਪਹੁੰਚ ਜਾਵੇਗਾ।

ਕਲਾ ਮਨੋਰੰਜਨ ਨਹੀਂ, ਆਨੰਦ ਹੈ। ਮਨੋਰੰਜਨ ਦਾ ਸੰਬੰਧ ਬਚਪਨ ਨਾਲ ਹੁੰਦਾ ਹੈ। ਜੇ ਵੱਡੇ ਹੋ ਕੇ ਵੀ ਮਨੋਰੰਜਨ ਦੀ ਤਾਂਘ ਕਰਦੇ ਹੋ ਤਾਂ ਤੁਸੀਂ ਅਜੇ ਬੱਚੇ ਹੀ ਹੋ। ਆਨੰਦ ਸਾਨੂੰ ਵਿਸਮਾਦ ਵਿਚ ਲੈ ਜਾਂਦਾ ਹੈ, ਸੋ ਕਲਾ ਸਾਨੂੰ ਸਿਖਰਲੇ ਚਸ਼ਮਿਆਂ ਦੇ ਡੂੰਘੇ ਪਾਣੀਆਂ ਵਿਚ ਉਤਰਨ ਦਾ ਸੁਨੇਹਾ ਦੇ ਕੇ ਆਨੰਦ ਦੀ ਪੱਧਰ ਨੂੰ ਉੱਚਾ ਚੁੱਕ ਦਿੰਦੀ ਹੈ।

ਵਪਾਰੀ ਦੀ ਜੇਬ ਵਿਚ ਪੈਸੇ ਹੁੰਦੇ ਹਨ, ਕਲਾਕਾਰ ਦੇ ਬੋਝੇ ਵਿਚ ਸੁਪਨੇ ਵੀ ਹੁੰਦੇ ਹਨ। ਸਧਾਰਨ ਬੰਦਾ ਪ੍ਰੇਮਿਕਾ ਦੀਆਂ ਅੱਖਾਂ ਦਾ ਰੰਗ ਹੀ ਵੇਖਦਾ ਹੈ, ਜਦੋਂ ਕਿ ਕਲਾਕਾਰ ਉਨ੍ਹਾਂ ਅੱਖਾਂ ਵਿਚਲੀ ਸਤਰੰਗੀ ਪੀਂਘ ਦੀ ਕਲਪਨਾ ਨੂੰ ਵੀ ਨਿਹਾਰਦਾ ਹੈ।

ਕਲਾ ਨਾਲ ਮਨੁਖ ਵਿਚ ਸ਼ਬਨਮ ਵਾਲੀ ਦਰਿਆਦਿਲੀ ਆਉਂਦੀ ਹੈ, ਜਿਹੜੀ ਰਾਤ ਵੇਲੇ ਸੋਹਣੇ ਫੁੱਲਾਂ ਉਤੇ ਆਪਣੇ ਮੋਤੀ ਲੁਟਾ ਜਾਂਦੀ ਹੈ।

ਟਿਕੀ ਹੋਈ ਝੀਲ, ਸਾਨੂੰ ਦੋ ਚੰਨ ਵੇਖਣ ਦਾ ਅਵਸਰ ਦਿੰਦੀ ਹੈ।

ਵੱਖ-ਵੱਖ ਕਲਾਵਾਂ ਆਨੰਦ ਤੱਕ ਪਹੁੰਚਣ ਦੇ ਵੱਖ-ਵੱਖ ਰਸਤੇ ਹਨ, ਜਦੋਂ ਕਿ ਪਹੁੰਚਣ ਵਾਲੀ ਥਾਂ ਇਕੋ ਹੈ। ਕਲਾ ਦਾ ਉਦੇਸ਼ ਸਮੂਹ ਦਾ ਕਲਿਆਣ ਹੈ।

ਸਭਿਅਤਾ ਦਾ ਅਰੰਭ ਅਨੁਸ਼ਾਸਨ ਨਾਲ ਹੁੰਦਾ ਹੈ, ਵਿਸਥਾਰ ਗਿਆਨ ਨਾਲ, ਵਿਕਾਸ ਅਜ਼ਾਦੀ ਨਾਲ, ਪਕਿਆਈ ਚਰਿੱਤਰ ਨਾਲ ਅਤੇ ਖੁਸ਼ਹਾਲੀ-ਭਰੀ-ਵਿਸ਼ਾਲਤਾ ਕਲਾ ਨਾਲ ਆਉਂਦੀ ਹੈ।

ਭਾਰਤ ਵਿਚ ਹਿੰਦੂ ਧਰਮ ਦੇ ਸਾਰੇ ਤਿਉਹਾਰ ਜਸ਼ਨ ਮਨਾਉਣ ਦੇ ਉਤਸਵ ਹਨ। ਸਿੱਖ ਸਮਾਜ ਵਿਚ ਸ਼ਹੀਦੀਆਂ ਦੇ ਵੀ ਜਸ਼ਨ ਮਨਾਏ ਜਾਂਦੇ ਹਨ।

ਕੰਮ ਨੂੰ ਪਿਆਰ ਕਰਨਾ ਅਤੇ ਪਿਆਰ ਨਾਲ ਕੰਮ ਕਰਨਾ, ਕਲਾ ਹੈ।

ਪ੍ਰਸੰਨ ਹੋਈ ਅਕਲ ਨੂੰ ਕਲਪਨਾ ਕਹਿੰਦੇ ਹਨ।

ਅਨੁਭਵ ਦੇ ਖੇਤਰ ਵਿਚ ਦੂਰ ਜਾਣ ਲਈ ਸੋਚ ਨਹੀਂ, ਕਲਪਨਾ ਲੋੜੀਂਦੀ ਹੈ। ਕਲਪਨਾ ਦਾ ਕੋਈ ਅੰਤ ਨਹੀਂ। ਕਲਾਕਾਰ ਯਥਾਰਥ ਦੇ ਨਹੀਂ, ਕਲਪਨਾ ਦੇ ਚਲਾਏ ਚਲਦੇ ਹਨ। ਜਦੋਂ ਆਤਮਕ ਅਤੇ ਸਰੀਰਕ ਸ਼ਕਤੀਆਂ ਇਕ-ਸੁਰ ਹੋ ਜਾਣ ਤਾਂ ਇਸ ਹਾਲਤ ਨੂੰ ਸਰੀਰ, ਮਨ, ਬੁੱਧੀ ਅਤੇ ਆਤਮਾ ਸਾਰੇ ਮਾਣਦੇ ਹਨ।

ਕਲਾ, ਹਾਰੇ ਹੋਏ ਬੰਦੇ ਵਿਚ ਜਿੱਤਣ ਦਾ ਸਿਦਕ ਉਪਜਾਉਂਦੀ ਹੈ।

ਕਲਾ ਦੇ ਵਿਸ਼ਾਲ ਖੇਤਰ ਦਾ ਮੁਖ ਲੱਛਣ ਵੰਨ-ਸੁਵੰਨਤਾ ਹੈ, ਸੋ ਕਲਾ ਦਾ ਉਦੇਸ਼ ਅਨੇਕਾਂ ਰੰਗਾਂ, ਨਜ਼ਾਰਿਆਂ, ਰੂਪਾਂ, ਸੁਰਾਂ ਆਦਿ ਨਾਲ ਜੀਵਨ ਦੇ ਅਕੇਵੇਂ ਨੂੰ ਦੂਰ ਕਰਨਾ ਹੁੰਦਾ ਹੈ।

ਸਾਰੀਆਂ ਕਲਾਵਾਂ ਇਕ ਹੀ ਪਰਿਵਾਰ ਦੀਆਂ ਧੀਆਂ-ਨੂੰਹਾਂ ਹਨ। ਧੀਆਂ ਸਭਿਆਚਾਰਕ ਵਟਾਂਦਰੇ ਦਾ ਮੁਖ ਸਾਧਨ ਹੁੰਦੀਆਂ ਹਨ, ਇਸੇ ਕਰਕੇ ਇਕ ਸਮਾਜ ਦੀ ਕਲਾ ਦੂਜੇ ਸਮਾਜ ਵਿਚ ਧੀਆਂ-ਨੂੰਹਾਂ ਰਾਹੀਂ ਹੀ ਪ੍ਰਵੇਸ਼ ਕਰਦੀ ਹੈ। ਕਲਾ ਦੇ ਖੇਤਰ ਵਿਚ ਕਾਹਲੇ ਪੁਰਸ਼ਾਂ ਦੇ ਮੁਕਾਬਲੇ ਧੀਰਜਵਾਨ ਇਸਤਰੀਆਂ ਇਸ ਲਈ ਵਧੇਰੇ ਸਫਲ ਹਨ, ਕਿਉਂਕਿ ਇਸਤਰੀਆਂ ਵਿਚ ਰਿਆਜ਼ ਅਤੇ ਅਭਿਆਸ ਦੀ ਯੋਗਤਾ ਵਧੇਰੇ ਹੁੰਦੀ ਹੈ। ਰਿਆਜ਼ ਦਾ ਅਰਥ ਟਿਕ ਜਾਣ ਤੋਂ ਹੈ। ਇਸਤਰੀਆਂ ਦੇ ਜੀਵਨ ਵਿਚ ਦੁੱਖ-ਦਰਦ ਵੀ ਵਧੇਰੇ ਹਨ, ਸੋ ਇਨ੍ਹਾਂ ਦਰਦਾਂ ਨੂੰ ਭੁੱਲਣ ਅਤੇ ਦੁੱਖਾਂ ਨੂੰ ਕਲਾ ਵਿਚ ਗੁੰਨ੍ਹਣ ਵਾਸਤੇ ਉਹ ਗੀਤ, ਸੰਗੀਤ ਅਤੇ ਨ੍ਰਿਤ ਵਿਚ ਵਧੇਰੇ ਦਿਲਚਸਪੀ ਲੈਂਦੀਆਂ ਹਨ। ਜੀਵ-ਵਿਗਿਆਨਕ ਦ੍ਰਿਸ਼ਟੀ ਤੋਂ ਵੀ ਇਸਤਰੀਆਂ ਇਕ-ਸੁਰਤਾ ਵਾਲੇ ਕਾਰਜ ਵਧੇਰੇ ਯੋਗਤਾ ਨਾਲ ਕਰਦੀਆਂ ਹਨ।

ਜਦੋਂ ਤਕ ਮਨੁੱਖ ਇਸਤਰੀ ਦਾ ਸਤਿਕਾਰ ਕਰਨਾ ਨਹੀਂ ਸਿੱਖਦਾ, ਉਹ ਕਲਾ ਦੇ ਖੇਤਰ ਵਿਚ ਪ੍ਰਵੇਸ਼ ਨਹੀਂ ਕਰ ਸਕਦਾ, ਕਿਉਂਕਿ ਕਲਾਕਾਰ ਬਣਨ ਵਾਸਤੇ ਇਸਤਰੀ-ਗੁਣ ਧਾਰਨ ਕਰਨੇ ਜ਼ਰੂਰੀ ਹੁੰਦੇ ਹਨ। ਇਸਤਰੀ ਜਨਮ-ਜਾਤ ਕਲਾਕਾਰ ਹੁੰਦੀ ਹੈ, ਇਸ ਕਰਕੇ ਉਹ ਕਲਾਕਾਰਾਂ ਨੂੰ ਜਨਮ ਦਿੰਦੀ ਹੈ।

ਸੰਸਾਰ ਦਾ ਮੁਖ ਕਲਾਕਾਰ ਪ੍ਰਮਾਤਮਾ ਹੈ, ਕੁਦਰਤ ਦੇ ਸਭ ਨਜ਼ਾਰੇ, ਉਸ ਦੀ ਕਲਾ ਦੇ ਨਮੂਨੇ ਹਨ, ਸੋ ਕਲਾਕਾਰ ਬਣਨ ਵਾਸਤੇ ਪ੍ਰਮਾਤਮਾ ਪ੍ਰਤੀ ਸ਼ਰਧਾ

ਲਾਜ਼ਮੀ ਹੈ। ਕਲਾ ਅਤੇ ਸਾਹਿਤ ਵਿਚ ਉਹ ਕੁਝ ਹੀ ਦਰਸਾਇਆ ਜਾਂਦਾ ਹੈ ਜੋ ਸਭ ਲਈ ਮੁਲਵਾਨ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ, ਸੋ ਕਲਾਕਾਰ ਵਿਚ ਸਰਬੱਤ ਦੇ ਭਲੇ ਦੀ ਭਾਵਨਾ ਹੋਣੀ ਵੀ ਜ਼ਰੂਰੀ ਹੈ।

ਮਨੁੱਖ ਕਮਾਉਂਦਾ ਬੁੱਧੀ ਨਾਲ ਹੈ ਪਰ ਜੀਵਨ ਨੂੰ ਉਹ ਮਾਣਦਾ ਦਿਲ ਨਾਲ ਹੈ। ਅਕਲ ਦੀ ਥਾਂ, ਕਲਾ ਦਾ ਸੰਬੰਧ, ਦਿਲ ਨਾਲ ਹੈ। ਪ੍ਰਮਾਤਮਾ ਨੇ ਫੁੱਲ ਬਣਾਏ ਹਨ ਪਰ ਉਸ ਦੀ ਕਲਾਕਾਰੀ ਇਸ ਗੱਲ ਵਿਚ ਹੈ ਕਿ ਉਸਨੇ ਫੁੱਲਾਂ ਵਿਚ ਅਕਲ ਨਹੀਂ ਪਾਈ, ਸੁਗੰਧ ਅਤੇ ਸੁੰਦਰਤਾ ਪਾਈ ਹੈ।

ਕਲਾ ਪਵਿੱਤਰ ਹੀ ਰਹਿੰਦੀ ਹੈ। ਕਲਾਕਾਰ ਭਾਵੇਂ ਵਿਆਹਿਆ ਜਾਵੇ ਪਰ ਉਸ ਦੀ ਕਲਾ ਕੰਵਾਰੀ ਹੀ ਰਹਿੰਦੀ ਹੈ, ਇਸੇ ਲਈ ਕਲਾ ਨਾਲ, ਕਲਾਕਾਰ ਦੀ ਮੁਹੱਬਤ ਜੀਵਨ ਭਰ ਚਲਦੀ ਹੈ।

ਕਵੀ ਆਪਣੀ ਧੁਰ ਅੰਦਰਲੀ ਚੁੱਪ ਵਿਚੋਂ ਬੋਲਦਾ ਹੈ। ਜਦੋਂ ਤੱਕ ਅੰਦਰਲਾ ਰੌਲਾ ਅਤੇ ਸ਼ੋਰ ਚੁੱਪ ਨਹੀਂ ਹੁੰਦੇ, ਕਲਾ ਉਪਜ ਨਹੀਂ ਸਕਦੀ।

ਬੇਸੁਰੀਆਂ ਅਵਾਜ਼ਾਂ ਨੂੰ ਰੌਲਾ ਕਹਿੰਦੇ ਹਨ, ਜਦੋਂ ਕਿ ਅਣਚਾਹੀ ਅਵਾਜ਼ ਸ਼ੋਰ ਅਖਵਾਉਂਦੀ ਹੈ।

ਕਲਾ ਦੇ ਆਲੇ-ਦੁਆਲੇ ਚੁੱਪ ਦਾ ਵਾਤਾਵਰਣ ਹੁੰਦਾ ਹੈ।

ਕਲਾ ਸ਼ਾਂਤ ਹੋ ਕੇ ਹੀ ਮਾਣੀ ਜਾਂਦੀ ਹੈ ਅਤੇ ਕਲਾ ਇਕਾਂਤ ਵਾਤਾਵਰਣ ਵਿਚੋਂ ਹੀ ਉਪਜਦੀ ਹੈ।

ਚੰਗੇ ਕਲਾਕਾਰ ਦਾ ਉਦੇਸ਼ ਪ੍ਰਸਿੱਧ ਹੋਣਾ ਨਹੀਂ, ਮਹਾਨਤਾ ਕਮਾਉਣਾ ਹੁੰਦਾ ਹੈ। ਕਲਾਕਾਰ ਚਲਦੇ ਤਾਂ ਮਿਹਨਤ ਨਾਲ ਹਨ ਪਰ ਪ੍ਰਸੰਸਾ ਨਾਲ ਉਹ ਚਲਣਾ ਜਾਰੀ ਰੱਖਦੇ ਹਨ। ਕਲਾ ਦਾ ਉਦੇਸ਼ ਸੰਕੀਰਣ ਨੂੰ ਤਿਆਗ ਕੇ ਵਿਸ਼ਾਲ ਦਾ ਭਾਗ ਬਣਨਾ ਹੁੰਦਾ ਹੈ। ਆਪਣੀ ਕਲਾ ਦਾ ਰਿਆਜ਼ ਕਲਾਕਾਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੁੰਦੀ ਹੈ।

ਇਕ ਵਾਰੀ ਇਕ ਚਿਤਰਕਾਰ ਬੀਮਾਰ ਪੈ ਗਿਆ। ਜਦੋਂ ਉਸ ਉਤੇ ਕਿਸੇ ਦਵਾਈ ਦਾ ਅਸਰ ਨਾ ਹੋਇਆ ਤਾਂ ਇਕ ਹੋਰ ਚਿੱਤਰਕਾਰ ਨੇ ਕਿਹਾ: ਇਸ ਨੂੰ ਰੰਗ ਸੁੰਘਾਓ, ਇਹ ਠੀਕ ਹੋ ਜਾਵੇਗਾ। ਇਕ ਗੀਤਕਾਰ ਜਦੋਂ ਆਖਰੀ ਦਮਾਂ 'ਤੇ ਸੀ ਤਾਂ ਉਸ ਦੇ ਚੇਲਿਆਂ ਨੇ, ਉਸ ਦੇ ਲਿਖੇ ਗੀਤਾਂ ਨੂੰ ਜਦੋਂ ਗਾਇਆ ਤਾਂ ਉਹ ਬੀਮਾਰ ਕਵੀ ਵੀ ਉੱਠ ਕੇ ਉਨ੍ਹਾਂ ਨਾਲ ਗਾਉਣ ਲਗ ਪਿਆ ਸੀ। ਇਕ ਵਾਰੀ ਤਾਲਸਤਾਏ ਦੀ ਇਕ ਰਚਨਾ ਵਿਚ ਇਕ ਪਾਤਰ ਵਲੋਂ ਜ਼ਹਿਰ ਖਾਣ ਦੀ ਘਟਨਾ ਨੂੰ ਤਾਲਸਤਾਏ ਨੇ ਇਤਨੀ ਸ਼ਿੱਦਤ ਨਾਲ ਚਿਤਰਿਆ ਕਿ ਉਹ ਨਿਢਾਲ ਹੋ ਕੇ ਆਪ ਬੀਮਾਰ ਪੈ ਗਿਆ। ਮੁਆਇਨਾ ਕਰਕੇ ਡਾਕਟਰ ਨੇ ਕਿਹਾ: ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੇ ਕੋਈ ਜ਼ਹਿਰ ਖਾ ਲਿਆ ਹੈ। ਇਵੇਂ ਕਲਾ ਸਾਨੂੰ ਸ਼ਿੱਦਤ ਨਾਲ ਜਿਊਣਾ ਸਿਖਾਉਂਦੀ ਹੈ। ਫਰਾਂਸ ਦੇ ਬੱਚਿਆਂ ਦੀ ਇਕ ਟੋਲੀ ਜਦੋਂ ਤਾਜ-ਮਹੱਲ

ਵੇਖਣ ਆਈ ਤਾਂ ਇਕ ਲੜਕੀ ਬੜਾ ਰੋਈ। ਮਗਰੋਂ ਉਸ ਨੇ ਦੱਸਿਆ ਕਿ ਉਹ ਇਹ ਸੋਚ ਕੇ ਰੋਈ ਸੀ ਕਿ ਉਸ ਦੇ ਮਾਤਾ-ਪਿਤਾ ਕਲਾ ਦੇ ਇਸ ਮਹਾਨ ਨਮੂਨੇ ਨੂੰ ਵੇਖੇ ਬਿਨਾ ਹੀ ਸੰਸਾਰ ਤੋਂ ਚਲੇ ਗਏ ਸਨ।

ਕਲਾਕਾਰ ਸਧਾਰਨ ਵਿਅਕਤੀਆਂ ਨਾਲੋਂ ਵੱਖਰੇ ਢੰਗ ਨਾਲ ਸੋਚਦੇ ਹਨ। ਇਸ ਪੱਖ ਤੋਂ ਸ਼ਿਵ ਨੇ ਲੂਣਾ ਨੂੰ ਵੱਖਰੇ ਢੰਗ ਨਾਲ ਪੇਸ਼ ਕੀਤਾ ਹੈ। ਇਵੇਂ ਹੀ ਭਰਥਰੀ ਹਰੀ ਅਤੇ ਪਿੰਗਲਾ ਦੀ ਕਹਾਣੀ ਵਿਚ ਕਿਹਾ ਜਾਂਦਾ ਹੈ ਕਿ ਇਕ ਬ੍ਰਾਹਮਣ ਨੇ ਭਰਥਰੀ ਦੇ ਦਰਬਾਰ ਵਿਚ ਰਾਜੇ ਨੂੰ ਸਦਾ ਜਵਾਨ ਰਖਣ ਵਾਲਾ ਇਕ ਫਲ ਦਿੱਤਾ। ਰਾਜੇ ਨੇ ਉਹ ਫਲ ਆਪਣੀ ਰਾਣੀ ਪਿੰਗਲਾ ਨੂੰ ਦਿੱਤਾ। ਪਿੰਗਲਾ ਨੇ ਆਪਣੇ ਆਸ਼ਕ ਦਰੋਗੇ ਨੂੰ ਦੇ ਦਿੱਤਾ, ਦਰੋਗੇ ਨੇ ਆਪਣੀ ਮਾਸ਼ੂਕ ਵੇਸਵਾ ਨੂੰ ਦੇ ਦਿੱਤਾ। ਇਹ ਸੋਚ ਕੇ ਕਿ ਦੇਸ਼ ਦਾ ਰਾਜਾ ਚੰਗਾ ਹੈ, ਲੋਕਾਂ ਦਾ ਭਲਾ ਸੋਚਦਾ ਅਤੇ ਹਰ ਕਿਸੇ ਦਾ ਕਲਿਆਣ ਹੀ ਕਰਦਾ ਹੈ, ਉਸ ਵੇਸਵਾ ਨੇ ਉਹ ਫਲ ਭਰਥਰੀ ਨੂੰ ਭੇਟ ਕੀਤਾ। ਭਰਥਰੀ ਹਰੀ ਨੇ ਉਸ ਫਲ ਰਾਹੀਂ ਪਿੰਗਲਾ ਦੀ ਬੇਵਫ਼ਾਈ ਤਾਂ ਵੇਖੀ, ਪਰ ਉਹ ਵੇਸਵਾ ਦੀ ਕੁਰਬਾਨੀ ਨਾ ਵੇਖ ਸਕਿਆ। ਅਸੀਂ ਕਹਿੰਦੇ ਹਾਂ, ਪਿੰਗਲਾ ਬੇਵਫ਼ਾ ਸੀ, ਕਥਾਕਾਰ ਕਹਿੰਦਾ ਹੈ, ਧੋਖੇਬਾਜ਼ ਤਾਂ ਦਰੋਗਾ ਵੀ ਸੀ। ਕਥਾਕਾਰ ਦੀ ਕਲਾ ਇਹ ਦੱਸਣ ਵਿਚ ਹੈ ਕਿ ਇਕ ਵੇਸਵਾ ਦੀ ਸੋਚ ਸਿਖਰ ਕਿਵੇਂ ਛੋਹ ਗਈ, ਉਹ ਵੇਸਵਾ ਹੋ ਕੇ ਵੀ, ਉੱਚੇ-ਸੁੱਚੇ ਕਿਰਦਾਰ ਵਾਲੀ ਨਿਕਲੀ। ਬਾਕੀ ਸਾਰੇ ਸੁਆਰਥੀ ਚੰਮ-ਖੁਸ਼ੀਆਂ ਵਾਲੇ ਸਨ, ਜਦੋਂ ਕਿ ਕੇਵਲ ਵੇਸਵਾ ਨੇ ਸਮੂਹ ਦੇ ਕਲਿਆਣ ਬਾਰੇ ਸੋਚਿਆ।

ਕਲਾਕਾਰ ਸਾਡੀਆਂ ਕੋਮਲ ਅਤੇ ਸੂਖਮ ਭਾਵਨਾਵਾਂ ਨੂੰ ਟੁੰਬ ਕੇ ਸਾਨੂੰ ਸਮੂਹ ਦੇ ਪੱਖ ਵਿਚ ਸੋਚਣ ਲਈ ਪ੍ਰੇਰਦੇ ਹਨ।

ਕੋਮਲ ਕਲਾਵਾਂ ਦੇ ਪੱਖੋਂ ਕਲਾ ਪੰਜ ਪ੍ਰਕਾਰ ਦੀ ਮੰਨੀ ਗਈ ਹੈ: ਸੰਗੀਤ, ਗੀਤ (ਸਾਹਿਤ), ਨ੍ਰਿਤ, ਚਿੱਤਰਕਾਰੀ ਅਤੇ ਮੂਰਤੀ ਕਲਾ। ਪੁਰਾਣੇ ਸਮਿਆਂ ਵਿਚ ਨਾਟਕ, ਭਾਸ਼ਣ, ਜੋਤਸ਼, ਜਾਦੂ ਅਤੇ ਯੁੱਧ ਨੂੰ ਵੀ ਕਲਾ ਦਾ ਦਰਜਾ ਪ੍ਰਾਪਤ ਸੀ। ਅਜੋਕੇ ਯੁਗ ਵਿਚ ਭਵਨ-ਨਿਰਮਾਣ, ਫਿਲਮਾਂ, ਫੈਸ਼ਨ, ਖੇਡਾਂ, ਭੋਜਨ ਅਤੇ ਵਿਗਿਆਨ ਆਦਿ ਕਲਾ ਦੇ ਨਵੇਂ ਰੂਪਾਂ ਵਜੋਂ ਉਭਰ ਰਹੇ ਹਨ।

ਗੀਤ, ਸੰਗੀਤ ਅਤੇ ਨ੍ਰਿਤ ਨੂੰ ਸੰਚਾਰ-ਸਾਧਨਾਂ ਨੇ ਆਮ ਲੋਕਾਂ ਦੀ ਪਹੁੰਚ ਵਿਚ ਲੈ ਆਂਦਾ ਹੈ, ਜਦੋਂ ਕਿ ਚਿੱਤਰਕਾਰੀ ਅਤੇ ਮੂਰਤੀ ਕਲਾ ਮਹਿੰਗੀਆਂ ਕਲਾਵਾਂ ਹਨ।

ਜੋ ਕੁਝ ਗੀਤ-ਸੰਗੀਤ ਵਿਚ ਢਲ ਜਾਂਦਾ ਹੈ, ਉਹ ਸਦੀਵੀ ਹੋ ਜਾਂਦਾ ਹੈ।

ਗੁਰੂ ਸਾਹਿਬਾਂ ਦੀ ਬਾਣੀ ਸੰਗੀਤ ਵਿਚ ਹੋਣ ਕਰਕੇ ਹੀ ਸਦੀਆਂ ਤੋਂ ਗਾਈ ਜਾ ਰਹੀ ਹੈ। ਸੰਗੀਤ ਅਕਲ ਦੀਆਂ ਲਾਈਆਂ ਸੱਟਾਂ ਨੂੰ ਠੀਕ ਕਰ ਦਿੰਦਾ ਹੈ ਅਤੇ ਕੀਰਤਨ ਅਤੇ ਭਜਨ ਭੀੜ ਨੂੰ ਸੰਗਤ ਵਿਚ ਬਦਲ ਦਿੰਦੇ ਹਨ।

ਭਾਰਤ ਵਿਚ ਧਰਮ ਦੇ ਪ੍ਰਭਾਵ ਕਾਰਨ ਵੱਖ-ਵੱਖ ਕਲਾਵਾਂ ਵੀ ਪੂਜਣਯੋਗ ਹੋ ਗਈਆਂ ਹਨ। ਰਲ ਕੇ ਗਾਉਣ ਨਾਲ ਸਾਰਿਆਂ ਦੀ ਤਾਕਤ ਵੱਧਦੀ ਹੈ, ਵਿੱਥਾਂ ਮਿਟਦੀਆਂ ਹਨ ਅਤੇ ਸਾਂਝਾਂ ਉਪਜਦੀਆਂ ਹਨ। ਸੰਗੀਤ ਆਤਮਾ ਉਤੇ ਜੰਮੀ ਹੋਈ ਧੂੜ ਨੂੰ ਸਾਫ਼ ਕਰ ਦਿੰਦਾ ਹੈ।

ਜਨਮ ਅਤੇ ਮੌਤ ਕੁਦਰਤ ਦੇ ਸਾਜ਼ ਦੀਆਂ ਦੋ ਤਾਰਾਂ ਹਨ, ਜਿਨ੍ਹਾਂ ਉਤੇ ਜ਼ਿੰਦਗੀ ਦਾ ਸੰਗੀਤ ਨਿਰਵਿਘਨ ਜਾਰੀ ਰਹਿੰਦਾ ਹੈ।

ਸੰਗੀਤ ਉਨ੍ਹਾਂ ਭਾਵਾਂ ਨੂੰ ਪ੍ਰਗਟਾਉਂਦਾ ਹੈ, ਜਿਹੜੇ ਸ਼ਬਦਾਂ-ਰੰਗਾਂ ਵਿਚ ਪ੍ਰਗਟਾਏ ਨਹੀਂ ਜਾ ਸਕਦੇ ਅਤੇ ਜਿਹੜੇ ਪ੍ਰਗਟਾਏ ਬਿਨਾ ਰਿਹਾ ਵੀ ਨਹੀਂ ਜਾ ਸਕਦਾ। ਸੰਗੀਤ ਮਨੁੱਖ ਵਿਚ ਇਨਸਾਨੀਅਤ ਭਰਦਾ ਹੈ। ਅਮਰੀਕਾ ਵਿਚ ਜਦੋਂ ਬੀਟਲਜ਼ ਦਾ ਸੰਗੀਤ ਪ੍ਰੋਗਰਾਮ ਟੈਲੀਵਿਜ਼ਨ 'ਤੇ ਵਿਖਾਇਆ ਗਿਆ ਸੀ ਤਾਂ ਉਨ੍ਹਾਂ ਘੰਟਿਆਂ ਵਿਚ ਸਾਰੇ ਅਮਰੀਕਾ ਵਿਚ ਕੋਈ ਅਪਰਾਧ ਨਹੀਂ ਸੀ ਹੋਇਆ।

ਸੰਗੀਤ ਦੀ ਗੀਤ ਨਾਲ ਡੂੰਘੀ ਸਾਂਝ ਹੈ। ਪੈਗੰਬਰ, ਗੁਰੂ, ਦਰਵੇਸ਼ ਆਦਿ ਲਈ ਸ਼ਾਇਰ ਹੋਣਾ ਬੜਾ ਜ਼ਰੂਰੀ ਹੈ, ਜਿਸ ਕਾਰਨ ਉਨ੍ਹਾਂ ਦੇ ਪੈਗ਼ਾਮ ਸੁਰੀਲੇ ਅਤੇ ਰਸੀਲੇ ਬਣ ਜਾਂਦੇ ਹਨ, ਜਿਨ੍ਹਾਂ ਦੀ ਗੂੰਜ ਸਦੀਆਂ ਤੱਕ ਪੈਂਦੀ ਰਹਿੰਦੀ ਹੈ।

ਕਲਾਕਾਰਾਂ ਵਿਚ ਤਰਤੀਬ ਨਹੀਂ, ਅਵਾਰਗੀ; ਹੋਸ਼ ਨਹੀਂ ਮਸਤੀ; ਇਬਾਦਤ ਨਹੀਂ ਇਸ਼ਕ ਆਦਿ ਦੀ ਪ੍ਰਮੁੱਖਤਾ ਹੁੰਦੀ ਹੈ। ਕਲਾਕਾਰਾਂ ਦੇ ਆਲੇ-ਦੁਆਲੇ ਮਸਤੀ ਦਾ ਇਕ ਵਾਤਾਵਰਣ ਹੁੰਦਾ ਹੈ। ਸਾਡੇ ਦੇਸ਼ ਦੇ ਕਈ ਭਾਗਾਂ ਵਿਚ ਅਤੇ ਵਿਸ਼ੇਸ਼ ਕਰਕੇ ਦੱਖਣ ਵਿਚ ਕਲਾ ਦੀ ਪ੍ਰੰਪਰਾ ਬੜੀ ਪੁਰਾਣੀ ਹੈ। ਕਲਾ ਜਿਤਨੀ ਪੁਰਾਣੀ ਹੁੰਦੀ ਹੈ, ਉਹ ਉਤਨੀ ਹੀ ਵਧੇਰੇ ਸੱਜਰੀ ਅਤੇ ਨਿਖਰੀ ਹੋਈ ਪ੍ਰਤੀਤ ਹੁੰਦੀ ਹੈ। ਬੰਗਾਲੀ ਘਰਾਂ ਵਿਚ ਹਰੇਕ ਸਵੇਰ ਪੂਜਾ ਨਾਲ ਅਰੰਭ ਹੋ ਕੇ ਹਰੇਕ ਸ਼ਾਮ ਪ੍ਰਾਰਥਨਾ ਨਾਲ ਸਮਾਪਤ ਹੁੰਦੀ ਹੈ। ਇਵੇਂ ਹੀ ਤਾਮਿਲਨਾਡੂ ਜਾਂ ਕਰਨਾਟਕ ਦੀ ਕਿਸੇ ਗਲੀ ਵਿਚੋਂ ਸਵੇਰੇ ਲੰਘੋ ਤਾਂ ਹਰੇਕ ਘਰ ਵਿਚੋਂ ਮੰਦਰ ਵਾਲਾ ਸੰਗੀਤ ਸੁਣਾਈ ਦਿੰਦਾ ਹੈ। ਇਥੇ ਹਰ ਘਰ ਵਿਚ ਕਲਾ-ਪ੍ਰੇਮੀ ਵਸਦੇ ਹਨ।

ਕਲਾ-ਪ੍ਰੇਮੀ ਅਮੀਰ ਭਾਵੇਂ ਨਾ ਹੋਣ ਪਰ ਉਹ ਪ੍ਰਸੰਨ, ਸੰਤੁਸ਼ਟ ਅਤੇ ਖੁਸ਼ਹਾਲ ਹੁੰਦੇ ਹਨ।

ਕਵੀ ਅਤੇ ਸਾਹਿਤਕਾਰ ਦੀਵਾ ਬਾਲਦੇ ਹਨ ਅਤੇ ਸਾਡੇ ਅੰਦਰ ਸੂਰਜ ਜਗ ਪੈਂਦਾ ਹੈ। ਜਦੋਂ ਅਸੀਂ ਕਿਸੇ ਦੀ ਰਚਨਾ ਨੂੰ ਮਾਣਦੇ ਹਾਂ ਤਾਂ ਸਾਡੀਆਂ ਸਾਰੀਆਂ ਸ਼ੁਭ-ਇੱਛਾਵਾਂ ਪ੍ਰਗਟ ਹੋਣ ਲਈ ਕਾਹਲੀਆਂ ਪੈਣ ਲੱਗ ਪੈਂਦੀਆਂ ਹਨ।

ਜ਼ਿੰਦਗੀ ਵਿਚ ਜੋ ਵਰਜਿਤ ਹੈ, ਕਲਾ ਵਿਚ ਉਸ ਨੂੰ ਪ੍ਰਗਟਾਉਣ ਦੀ ਖੁਲ੍ਹ ਹੁੰਦੀ ਹੈ। ਮਹਾਨ ਕਲਾਕਾਰ ਯਥਾਰਥ ਨਾਲ ਰੋਮਾਂਸ ਕਰਦੇ ਹਨ।

ਚੰਗੇ ਕਲਾਕਾਰ, ਚੰਗੇ ਕਵੀ, ਚੰਗੇ ਅਧਿਆਪਕ, ਚੰਗੇ ਕਾਮੇ ਆਦਿ ਲੋਭ ਅਤੇ ਲਾਲਚ ਤੋਂ ਮੁਕਤ ਹੁੰਦੇ ਹਨ ਪਰ ਸੰਸਾਰ ਉਨ੍ਹਾਂ ਨੂੰ ਇਨਾਮਾਂ-ਸਨਮਾਨਾਂ ਨਾਲ ਲੱਦ ਦਿੰਦਾ ਹੈ।

ਚੰਗੀ ਰਚਨਾ ਭਾਵੇਂ ਸਮਾਜ ਦੇ ਵਿਰੁੱਧ ਹੀ ਹੋਵੇ, ਪਰ ਜੇ ਉਹ ਚੰਗੀ ਹੈ ਤਾਂ ਉਸਦਾ ਮੁੱਲ ਪੈਂਦਾ ਹੈ। ਸਾਰਤਰ ਦੀਆਂ ਰਚਨਾਵਾਂ ਨਾਲ ਇਵੇਂ ਹੀ ਹੋਇਆ ਸੀ। ਇਸ ਫਰਾਂਸੀਸੀ ਸਾਹਿਤਕਾਰ ਦੀ ਜਦੋਂ ਅਰਥੀ ਚਲੀ ਸੀ ਤਾਂ ਸਾਰਾ ਪੈਰਿਸ ਖਲੋ ਗਿਆ ਸੀ ਅਤੇ ਉਸ ਦੀ ਵਿਦਾਇਗੀ ਵਿਚ ਫਰਾਂਸ ਦੇ ਝੰਡੇ ਝੁਕ ਗਏ ਸਨ। ਇਹ ਉਸ ਦੀ ਮੌਲਿਕਤਾ ਨੂੰ ਸਾਰੇ ਸੰਸਾਰ ਦੀ ਸਲਾਮ ਸੀ।

ਕਲਾਕਾਰ ਦਾ ਮੀਰੀ ਗੁਣ, ਮੌਲਿਕਤਾ ਹੁੰਦੀ ਹੈ।

ਮੌਲਿਕ ਕਲਾਕਾਰ, ਪ੍ਰੰਪਰਾ ਨਾਲ ਜੁੜ ਕੇ ਆਪਣੀ ਕਲਾ ਨਿਖਾਰਦੇ ਹਨ। ਇਵੇਂ ਮੌਲਿਕਤਾ, ਪ੍ਰੰਪਰਾ ਵਿਚ ਰਲ ਕੇ, ਪ੍ਰੰਪਰਾ ਨੂੰ ਮੌਲਿਕ ਬਣਾਈ ਰੱਖਦੀ ਹੈ।

ਸੰਤੁਸ਼ਟ ਕਲਾਕਾਰ ਮੌਲਿਕ ਨਹੀਂ ਹੁੰਦੇ।

ਕਲਾ ਦੇ ਖੇਤਰ ਵਿਚ ਕੁਝ ਵੀ ਸਬੱਬ ਨਾਲ ਜਾਂ ਅਚਾਨਕ ਨਹੀਂ ਵਾਪਰਦਾ।

ਜੋ ਕੁਝ ਅਚਾਨਕ ਵਾਪਰਦਾ ਪ੍ਰਤੀਤ ਹੁੰਦਾ ਹੈ ਉਸ ਦੇ ਪਿੱਛੇ ਵੀ ਲੰਮਾ ਸੰਘਰਸ਼ ਹੁੰਦਾ ਹੈ। ਕਲਾ ਸਿਖਾਈ ਨਹੀਂ ਜਾਂਦੀ ਸਿੱਖੀ ਜਾਂਦੀ ਹੈ ।

ਕਲਾ ਸਿੱਖਣ ਵਾਲੇ ਦੀ ਦਿਲਚਸਪੀ, ਸ਼ਰਧਾ ਅਤੇ ਸਾਧਨਾ ਸਿਖਾਉਣ ਵਾਲੇ ਤੋਂ ਵਧੇਰੇ ਹੋਣੀ ਲਾਜ਼ਮੀ ਹੈ।

ਕਲਾਕਾਰ ਵਿਚ ਜਨੂੰਨ ਦਾ ਹੋਣਾ ਇਕ ਉਘੜਵਾਂ ਲੱਛਣ ਹੁੰਦਾ ਹੈ।

ਇਕ ਵਾਰੀ ਇਕ ਨਾਟਕ ਵੇਖਦਿਆਂ, ਦਰਸ਼ਕਾਂ ਵਿਚ ਬੈਠੇ ਇਕ ਚਿੱਤਰਕਾਰ ਨੇ ਮੰਚ ਉਤੇ ਅਜਿਹੀ ਅਦਾਕਾਰਾ ਵੇਖੀ, ਜਿਹੜੀ ਉਸ ਦੇ ਸੁਪਨਿਆਂ ਦੀ ਔਰਤ ਨਾਲ ਮੇਲ ਖਾਂਦੀ ਸੀ। ਨਾਟਕ ਮੁੱਕਣ ਉਪਰੰਤ ਉਸ ਨੇ ਉਸ ਨੂੰ ਮਿਲਣਾ ਚਾਹਿਆ ਪਰ ਉਹ ਜਾ ਚੁਕੀ ਸੀ। ਉਹ ਅਦਾਕਾਰਾ ਉਸ ਉਤੇ ਅਜਿਹਾ ਜਾਦੂ ਕਰ ਗਈ ਸੀ ਕਿ ਉਹ ਪਾਗਲ ਹੋ ਗਿਆ ਅਤੇ ਅੰਤ ਵਿਚ ਆਪਣੇ ਸੁਪਨੇ ਨੂੰ ਚਿਤਰ ਕੇ ਹੀ ਉਸ ਨੇ ਆਪਣੇ ਪਾਗਲਪਣ ਤੋਂ ਛੁਟਕਾਰਾ ਪਾਇਆ ਸੀ।

ਕਲਾਕਾਰਾਂ ਦੇ ਢੰਗ ਨਿਰਾਲੇ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਆਦਤਾਂ ਅਜੀਬ ਹੁੰਦੀਆਂ ਹਨ। ਯੂਨਾਨ ਵਿਚ ਜਦੋਂ ਇਕ ਪ੍ਰਸਿੱਧ ਚਿਤਰਕਾਰ ਨੂੰ ਆਪਣੀ ਕਲਪਨਾ ਨਾਲ ਹੈਲਨ ਦਾ ਚਿੱਤਰ ਬਣਾਉਣ ਲਈ ਕਿਹਾ ਗਿਆ ਤਾਂ ਉਸ ਨੇ ਯੂਨਾਨ ਦੀਆਂ ਪੰਜ ਸੁੰਦਰੀਆਂ ਚੁਣੀਆਂ ਅਤੇ ਉਨ੍ਹਾਂ ਨੂੰ ਵੇਖਦਿਆਂ ਉਸਨੇ ਆਪਣੀ ਕਲਪਨਾ ਨਾਲ ਹੈਲਨ ਦਾ ਅਜਿਹਾ ਚਿੱਤਰ ਬਣਾਇਆ, ਜਿਸ ਵਿਚ ਉਨ੍ਹਾਂ ਪੰਜਾਂ ਦੀ ਹਾਜ਼ਰੀ ਨੇ ਉਸ ਦੇ ਬੁਰਸ਼ ਨੂੰ ਉੱਚੇ ਉਠਣ ਵਿਚ ਸਹਿਯੋਗ ਦਿੱਤਾ ਸੀ। ਉਹ ਚਿੱਤਰ ਹੈਲਨ ਦਾ ਨਹੀਂ, ਆਦਰਸ਼ ਹੈਲਨ ਦਾ ਚਿੱਤਰ ਸੀ।

ਹਰੇਕ ਕਲਾ ਦੂਜੀ ਕਲਾ ਨੂੰ ਸਹਿਯੋਗ ਦਿੰਦੀ ਹੈ। ਅਜੋਕੀ ਸਦੀ ਦੇ ਆਰੰਭ ਵਿਚ ਇਕ ਵਿਸ਼ਵ-ਪ੍ਰਸਿੱਧ ਸੰਗੀਤਕਾਰ, ਜ਼ੁਬੀਨ ਮਹਿਤਾ, ਨੇ ਤਾਜ ਮਹਿਲ ਦੇ ਪਿਛੇ ਮੰਚ ਉਸਾਰ ਕੇ ਆਪਣੀ ਪੇਸ਼ਕਾਰੀ ਦਿੱਤੀ ਸੀ। ਜਦੋਂ ਉਸ ਨੂੰ ਇਹ ਥਾਂ

ਚੁਣਨ ਵਾਸਤੇ ਕਾਰਨ ਪੁਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਸ ਦੇ ਸੰਗੀਤ ਨੂੰ ਤਾਜ ਦੇ ਹੁੰਗਾਰੇ ਦੀ ਲੋੜ ਸੀ। ਤਾਜ, ਇਕ ਇਮਾਰਤ ਦਾ ਨਹੀਂ, ਸੱਚੇ ਅਤੇ ਸਦੀਵੀ ਪਿਆਰ ਦੇ ਸਾਕਾਰ ਹੋਏ ਸੁਪਨੇ ਦਾ ਨਾਂ ਹੈ।

ਵੇਖਿਆ ਗਿਆ ਹੈ ਕਿ ਜੇ ਕਿਸੇ ਵਿਚ ਕਲਾ ਦਾ ਗੁਣ ਹੋਵੇ ਤਾਂ ਉਸ ਦੇ ਕਈ ਔਗੁਣ ਵਿਸਰ ਜਾਂਦੇ ਹਨ। ਸਾਡੇ ਸਕੂਲ ਵਿਚ ਸਾਡੇ ਲਈ ਹਿੰਦੀ ਦੇ ਜਿਹੜੇ ਨਵੇਂ ਅਧਿਆਪਕ ਲੱਗੇ ਸਨ, ਉਨ੍ਹਾਂ ਦਾ ਰੰਗ ਕਾਲਾ, ਸਰੀਰ ਬਾਂਸ ਵਾਂਗ ਪਤਲਾ ਅਤੇ ਲੰਮਾ ਅਤੇ ਅਵਾਜ਼ ਮੋਟੀ ਸੀ ਪਰ ਸਕੂਲ ਦੇ ਇਕ ਸਮਾਗਮ ਵਿਚ ਉਨ੍ਹਾਂ ਨੇ ਜਦੋਂ ਬੜੀ ਮਿਠੀ ਤੇ ਸੁਰੀਲੀ ਅਵਾਜ਼ ਵਿਚ ਇਕ ਗੀਤ ਗਾਇਆ ਤਾਂ ਅਗਲੇ ਦਿਨ ਸਾਨੂੰ ਉਨ੍ਹਾਂ ਦਾ ਰੰਗ ਕਾਲਾ ਨਾ ਲੱਗਾ, ਉਨ੍ਹਾਂ ਦੀ ਅਵਾਜ਼ ਮੋਟੀ ਨਾ ਲੱਗੀ, ਉਹ ਲੰਮੇ ਸਨ ਪਰ ਸਾਨੂੰ ਉਹ ਉੱਚੇ ਲਗਣ ਲਗ ਪਏ। ਸਾਨੂੰ ਇਸ ਗੱਲ ਦਾ ਮਾਣ ਸੀ ਕਿ ਉਹ ਸਾਡੇ ਅਧਿਆਪਕ ਸਨ।

ਕਲਾਕਾਰ ਦੇ ਅੰਦਾਜ਼ ਵਿਚ ਭੋਲਾਪਣ ਹੁੰਦਾ ਹੈ। ਇਕ ਵਾਰੀ ਬੱਚਿਆਂ ਨੂੰ ਰੱਬ ਦੀ ਤਸਵੀਰ ਬਣਾਉਣ ਲਈ ਕਿਹਾ ਗਿਆ। ਇਕ ਲੜਕੀ ਨੇ ਜੰਗਲ ਦੀ ਤਸਵੀਰ ਬਣਾ ਕੇ ਹੇਠਾਂ ਲਿਖ ਦਿੱਤਾ: ਰੱਬ ਇਥੇ ਛੁਪਿਆ ਹੋਇਆ ਹੈ। ਉਸ ਦੇ ਇਸ ਭੋਲੇ ਅੰਦਾਜ਼ ਕਾਰਨ ਉਸ ਦੀ ਬਣਾਈ ਤਸਵੀਰ ਅੱਵਲ ਆਈ ਸੀ।

ਕਲਾਕਾਰ ਸੁਭਾਵਕ ਹੀ ਚੁੱਪ ਰਹਿਣੇ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਆਪਣੀ ਗੱਲ ਆਪਣੀ ਕਲਾ ਰਾਹੀਂ ਕਰਨੀ ਹੁੰਦੀ ਹੈ। ਉਹ ਕਲਪਨਾ ਦੇ ਸੰਸਾਰ ਵਿਚ ਵਿਚਰਦੇ ਹਨ। ਕਲਾ ਜਾਂ ਸੁਹਜ ਤੋਂ ਬਿਨਾ ਕਲਪਨਾ ਪਾਗਲਪਣ ਅਖਵਾਏਗੀ।

ਕਲਾ ਕਿਸੇ ਵਾਦ ਦੀ ਵਕਾਲਤ ਨਹੀਂ ਹੁੰਦੀ। ਜਦੋਂ ਕੋਈ ਕਲਾਕਾਰ ਕਿਸੇ ਵਾਦ ਦੇ ਪੱਖ ਵਿਚ ਖਲੋ ਜਾਂਦਾ ਹੈ ਤਾਂ ਉਸ ਦੀ ਕਲਾ ਬਹਿ ਜਾਂਦੀ ਹੈ।

ਕਲਾ ਦਾ ਅਨੁਭਵ ਪਿਆਰ ਨਾਲ ਮਿਲੇ ਤੋਹਫ਼ੇ ਵਰਗਾ ਹੁੰਦਾ ਹੈ, ਇਹ ਅਨੁਭਵ ਖਰੀਦੀ ਹੋਈ ਚੀਜ਼ ਵਰਗਾ ਨਹੀਂ ਹੁੰਦਾ।

ਕਲਾ ਦਾ ਵਿਗਿਆਨ ਨਾਲ ਕੋਈ ਵਿਰੋਧ ਨਹੀਂ, ਵਿਗਿਆਨ ਵੀ ਕਲਾ ਹੈ। ਇਨ੍ਹਾਂ ਦੇ ਪ੍ਰੇਰਨਾ-ਸਰੋਤ ਅਤੇ ਉਦੇਸ਼ ਇਕ ਹੀ ਹਨ, ਕੁਦਰਤ ਦੀਆਂ ਡੂੰਘਾਈਆਂ ਨੂੰ ਤਲਾਸ਼ਣਾ ਅਤੇ ਨਵੀਨਤਾ ਦੀਆ ਸਿਖਰਾਂ ਨੂੰ ਛੂਹਣਾ।

ਕਲਾ ਅਤੇ ਗਿਆਨ ਬਾਰੇ ਸਿਆਣੀਆਂ ਗੱਲਾਂ ਕਰਨੀਆਂ, ਵਿਦਵਤਾ ਦੀ ਨਿਸ਼ਾਨੀ ਹੁੰਦੀਆਂ ਹਨ।

ਅਸੀਂ ਸਿਆਣੀਆਂ ਗੱਲਾਂ ਦੇ ਹੀ ਕਾਇਲ ਨਹੀਂ ਹੁੰਦੇ, ਉਨ੍ਹਾਂ ਲਈ ਵਰਤੀ ਗਈ ਸ਼ਬਦਾਵਲੀ, ਅੰਦਾਜ਼ ਅਤੇ ਸ਼ੈਲੀ ਤੋਂ ਵੀ ਪ੍ਰਭਾਵਿਤ ਹੁੰਦੇ ਹਾਂ।

ਮਨੁੱਖੀ ਸਭਿਅਤਾ ਪੁਸਤਕ ਨਾਲੋਂ ਚੰਗੇਰੀ ਚੀਜ਼ ਅਜੇ ਤੱਕ ਸਿਰਜ ਨਹੀਂ ਸਕੀ ਕਿਉਂਕਿ ਸੰਸਾਰ ਦੇ ਉਚਤਮ ਦਿਮਾਗਾਂ ਨਾਲ ਗੱਲਬਾਤ ਕਰਨ ਦਾ ਇਹੀ ਇਕ ਵਸੀਲਾ ਹੈ।

ਕਿਸੇ ਬੋਲੀ ਨੂੰ ਜਿਤਨੀ ਮੁਹੱਬਤ ਕਵੀ ਕਰਦੇ ਹਨ, ਕੋਈ ਨਹੀਂ ਕਰਦਾ।

ਇਤਾਲਵੀ, ਫਰਾਂਸੀਸੀ, ਉਰਦੂ ਆਦਿ ਬੋਲੀਆਂ ਨਹੀਂ, ਕਲਾ ਦੇ ਨਮੂਨੇ ਹਨ। ਇਹ ਸੋਹਣੀਆਂ ਜ਼ਬਾਨਾਂ ਹਨ, ਜਿਨ੍ਹਾਂ ਨੂੰ ਸੋਹਣੇ, ਸਲੀਕੇ ਵਾਲੇ ਲੋਕ, ਸੋਹਣੇ ਢੰਗ ਨਾਲ, ਸੋਹਣਿਆਂ ਨਾਲ ਬੋਲਦੇ ਹਨ। ਇਹ ਜ਼ਬਾਨਾਂ ਨਹੀਂ, ਇਹ ਤਹਿਜ਼ੀਬਾਂ ਦੇ ਨਾਂ ਹਨ। ਇਨ੍ਹਾਂ ਬੋਲੀਆਂ ਵਿਚ ਖੁਸ਼ਹਾਲ ਅਤੇ ਸ਼ਰੀਫ ਖਾਨਦਾਨਾਂ ਦੀਆਂ ਸੋਹਣੀਆਂ ਮੁਟਿਆਰਾਂ ਵਾਲੀਆਂ ਸਾਰੀਆਂ ਸਿਫ਼ਤਾਂ ਹਨ। ਇਨ੍ਹਾਂ ਜ਼ਬਾਨਾਂ ਵਿਚ, ਗਜ਼ਲ ਵਾਂਗ, ਗੱਲਬਾਤ ਮੁੱਕ ਜਾਂਦੀ ਹੈ ਪਰ ਸਰੂਰ ਬਣਿਆ ਰਹਿੰਦਾ ਹੈ।

ਜ਼ਬਾਨ ਅਤੇ ਸਾਹਿਤ ਦਾ ਸਾਡੇ ਤੇ ਸਿੱਧਾ ਪ੍ਰਭਾਵ ਪੈਂਦਾ ਹੈ।

ਜੇ ਤੁਸੀਂ ਗ਼ਾਲਿਬ ਦਾ ਕਲਾਮ ਜਾਂ ਵਾਰਿਸ ਦੀ ਹੀਰ ਪੜ੍ਹੀ ਹੋਵੇ ਤਾਂ ਤੁਹਾਡੀ ਪ੍ਰੇਮਿਕਾ ਤੁਹਾਡੇ ਪਿਆਰ ਕਰਨ ਦੇ ਅੰਦਾਜ਼ ਦੀ ਦਾਦ ਜ਼ਰੂਰ ਦੇਵੇਗੀ।

ਕਲਾ ਪ੍ਰੇਮੀ ਦੀ ਉਮਰ ਕੋਈ ਹੋਵੇ ਉਸ ਦਾ ਦਿਲ ਜਵਾਨ ਹੀ ਰਹਿੰਦਾ ਹੈ। ਕਲਾਕਾਰ ਰੋਅਬ ਪਾਉਣ ਵਾਲੇ ਨਹੀਂ, ਇੱਜ਼ਤ ਕਮਾਉਣ ਵਾਲੇ ਹੁੰਦੇ ਹਨ। ਵਿਰੋਧੀ ਦੇਸ਼ਾਂ ਵਿਚਕਾਰ ਵੀ ਸੰਬੰਧਾਂ ਨੂੰ ਸੁਖਾਵਾਂ ਬਣਾਉਣ ਦੀ ਜ਼ਿੰਮੇਵਾਰੀ ਆਖਰ ਕਲਾਕਾਰ ਹੀ ਨਿਭਾਉਣਗੇ। ਸੁੰਦਰਤਾ ਦੀਆਂ ਅਨੇਕਾਂ ਪਰਤਾਂ ਹਨ ਅਤੇ ਸਾਰੀਆਂ ਕਲਾਵਾਂ ਸੁੰਦਰਤਾ ਦੇ ਵੱਖ-ਵੱਖ ਵੇਰਵੇ ਹੁੰਦੀਆਂ ਹਨ। ਅਜੋਕੇ ਪ੍ਰੇਸ਼ਾਨ ਮਨੁੱਖ ਨੂੰ ਕਲਾ ਦੇ ਨਿਘ ਦੀ ਵਧੇਰੇ ਲੋੜ ਹੈ। ਕਲਾ ਦੇ ਖੇਤਰ ਵਿਚ ਯਤਨ ਤਾਂ ਲੱਖਾਂ ਕਰਦੇ ਹਨ ਪਰ ਸਫਲ ਉਂਗਲੀਆਂ ਤੇ ਗਿਣੇ ਜਾਣ ਜੋਗੇ ਲੋਕ ਹੀ ਹੁੰਦੇ ਹਨ। ਸੰਗੀਤ ਦੀਆਂ ਸੁਰਾਂ ਸਿੱਖਣ ਵਾਸਤੇ ਕਈ ਦਹਾਕੇ ਲਗਦੇ ਹਨ ਅਤੇ ਸਾਹਿਤਕਾਰ ਬਣਨ ਵਾਸਤੇ ਸਾਰੀ ਉਮਰ ਲੱਗ ਜਾਂਦੀ ਹੈ।

ਜਿਹੜੇ ਸ਼ਹਿਰ ਕਲਾ ਦੇ ਕੇਂਦਰ ਹਨ, ਉਹੀ ਸ਼ਹਿਰ ਕਲਾਕਾਰਾਂ ਦੇ ਸ਼ਮਸ਼ਾਨਘਾਟ ਵੀ ਹਨ। ਹਰ ਵੱਡੇ ਕਲਾਕਾਰ ਦਾ ਸੁਪਨਾ ਹੁੰਦਾ ਹੈ ਕਿ ਉਹ ਕਲਾ ਦੀ ਰਾਜਧਾਨੀ ਪੈਰਿਸ ਵਿਚ ਜੀਵੇ ਅਤੇ ਪੈਰਿਸ ਵਿਚ ਹੀ ਮਰੇ।

ਜੇ ਮਨੁੱਖ ਨੂੰ ਪ੍ਰਸੰਨਤਾ ਅਤੇ ਆਨੰਦ ਦੀ ਤਾਂਘ ਹੈ ਤਾਂ ਸੰਗੀਤ, ਸਾਹਿਤ ਆਦਿ ਨਾਲ ਸਾਂਝ ਪਾਉਣੀ ਹੀ ਪਵੇਗੀ, ਹੋਰ ਕੋਈ ਰਾਹ ਨਹੀਂ, ਕਿਉਂਕਿ ਕੇਵਲ ਕਲਾ ਵਿਚ ਹੀ ਕਰੂਪਤਾ ਨੂੰ ਸੁੰਦਰਤਾ ਵਿਚ, ਸੁਸਤੀ ਨੂੰ ਹਿੰਮਤ ਵਿਚ ਅਤੇ ਈਰਖਾ ਨੂੰ ਪਿਆਰ ਵਿਚ ਪਲਟਾਉਣ ਦੀ ਯੋਗਤਾ ਹੁੰਦੀ ਹੈ।

ਚੰਗੇ ਇਨਸਾਨ ਬਣੋ, ਕਲਾ ਨਾਲ ਆਪੇ ਜੁੜ ਜਾਵੋਗੇ। ਕਲਾ ਨਾਲ ਜੁੜੋ, ਆਪ-ਮੁਹਾਰੇ ਚੰਗੇ ਇਨਸਾਨ ਬਣ ਜਾਓਗੇ। ਜੇ ਅਸੀਂ ਕਲਾਕਾਰ ਨਹੀਂ ਬਣ ਸਕਦੇ ਤਾਂ ਕਲਾ-ਪ੍ਰੇਮੀ ਤਾਂ ਸਹਿਜੇ ਹੀ ਬਣਿਆ ਹੀ ਜਾ ਸਕਦਾ ਹੈ।

* * *

ਰਾਜਨੀਤੀ ਦਾ ਸੰਸਾਰ

ਝੂਠ ਦਾ ਦੋਸ਼ ਇਹ ਹੈ ਕਿ ਇਹ ਸੱਚ ਦਾ ਭੁਲੇਖਾ ਪਾਉਂਦਾ ਹੈ।

ਰਾਜਨੀਤੀ ਵਿਚ ਰਾਜ ਘੱਟ, ਅਤੇ ਨੀਤੀ ਵਧੇਰੇ ਹੁੰਦੀ ਹੈ ਅਤੇ ਨੀਤੀ ਨਾਲ ਰਾਜ ਚਲਾਇਆ ਜਾਂਦਾ ਹੈ। ਰਾਜਨੀਤੀ ਕਾਰਨ ਹੀ ਝੂਠ ਬੋਲਿਆ ਜਾਂਦਾ ਹੈ। ਝੂਠ ਬੋਲਣਾ ਰਾਜਨੀਤੀ ਹੈ। ਝੂਠੇ ਵਾਅਦੇ ਕਰਨਾ ਅਤੇ ਲੋਕਾਂ ਨੂੰ ਭੁਲੇਖੇ ਵਿਚ ਰੱਖਣਾ ਰਾਜਨੀਤਕ ਵਿਹਾਰ ਹੁੰਦਾ ਹੈ। ਝੂਠ ਬੋਲਣ ਵਿਚ ਸੁਆਰਥ ਹੁੰਦਾ ਹੈ। ਰਾਜਨੀਤੀ ਹੈ ਤਾਂ ਸਿਆਣਪ ਨਾਲ ਵੱਡੇ ਫ਼ੈਸਲੇ ਕਰਨ ਦਾ ਖੇਤਰ ਪਰ ਚਤੁਰਾਈ ਅਤੇ ਚਲਾਕੀ ਦੇ ਪ੍ਰਧਾਨ ਹੋਣ ਕਾਰਨ ਇਹ ਖੇਤਰ ਬਦਨਾਮ ਹੋ ਗਿਆ ਹੈ। ਮਨੁੱਖ ਰਾਜਨੀਤਕ ਜੀਵ ਹੈ। ਪਰਿਵਾਰ, ਪਾਰਟੀ, ਧੜਾ, ਗੁੱਟ, ਧਰਮ, ਜਥੇਬੰਦੀ ਆਦਿ ਸਾਰੀਆਂ ਰਾਜਨੀਤਕ ਇਕਾਈਆਂ ਹਨ।

ਰਾਜਨੀਤੀ ਦੇ ਕੇਂਦਰ ਵਿਚ ਸੱਚ ਨਹੀਂ ਹੁੰਦਾ, ਤਾਕਤ ਹੁੰਦੀ ਹੈ।

ਜੀਵਨ ਵਿਚ ਤਾਕਤ ਅਤੇ ਮਨ ਦੀ ਸ਼ਾਂਤੀ ਦੋਹਾਂ ਵਿਚੋਂ ਇਕ ਹੀ ਪ੍ਰਾਪਤ ਹੋ ਸਕਦੀ ਹੈ। ਜਿਸ ਵਿਹਾਰ ਦਾ ਆਧਾਰ ਝੂਠ ਹੋਵੇ, ਉਸ ਵਿਚੋਂ ਸ਼ਾਂਤੀ ਨਹੀਂ ਮਿਲਦੀ। ਝੂਠ ਇਸ ਲਈ ਬੋਲਿਆ ਜਾਂਦਾ ਹੈ, ਕਿਉਂਕਿ ਇਹ ਸੱਚ ਨਾਲੋਂ ਵਧੇਰੇ ਚਮਕੀਲਾ, ਦਿਲਚਸਪ ਅਤੇ ਭਰਮਾਊ ਹੁੰਦਾ ਹੈ। ਝੂਠ ਵਿਚ ਲਾਰਾ ਹੁੰਦਾ ਹੈ ਅਤੇ ਲਾਰੇ ਵਿਚ ਆਸ ਹੁੰਦੀ ਹੈ। ਸਧਾਰਨ ਮਨੁੱਖ ਆਸ ਦੇ ਸਹਾਰੇ ਜਿਊਂਦਾ ਹੈ।

ਵਪਾਰ ਵਾਂਗ ਰਾਜਨੀਤੀ ਵਿਚ ਵੀ ਹਰ ਕਿਸੇ ਦਾ ਯਤਨ ਇਹੀ ਹੁੰਦਾ ਹੈ ਕਿ ਉਹ ਈਮਾਨਦਾਰ ਅਤੇ ਸ਼ੁਭ-ਚਿੰਤਕ ਨਜ਼ਰ ਆਏ। ਰਾਜਨੀਤੀ ਅਤੇ ਨਾਟਕ-ਕਲਾ ਦੇ ਲੱਛਣ ਸਾਂਝੇ ਹਨ, ਕਿਉਂਕਿ ਰਾਜਨੀਤੀ ਵਿਚ ਵੀ ਹਰ ਆਗੂ ਦੇ ਕਈ ਚਿਹਰੇ ਹੁੰਦੇ ਹਨ ਅਤੇ ਹਰ ਚਿਹਰੇ ਦੀ ਮੁਸਕਰਾਹਟ ਵੱਖਰੀ ਹੁੰਦੀ ਹੈ।

ਰਾਜਨੀਤੀ ਵਿਚ ਨਾ ਸਥਾਈ ਦੋਸਤੀ ਹੁੰਦੀ ਹੈ ਨਾ ਹੀ ਦੁਸ਼ਮਣੀ, ਸਥਾਈ ਕੇਵਲ ਹਿੱਤ ਹੁੰਦੇ ਹਨ।

ਇਵੇਂ ਹਿੱਤਾਂ ਦੇ ਟਕਰਾਓ ਕਾਰਨ ਰਾਜਨੀਤੀ ਸੁਆਰਥ ਦਾ ਖੇਤਰ ਹੈ। ਸੁਆਰਥ, ਆਰਥਿਕ ਅਤੇ ਸਮਾਜਿਕ ਜੀਵਨ ਦੇ ਸਾਰਿਆਂ ਕਾਰਜਾਂ ਦਾ ਆਧਾਰ ਹੁੰਦਾ ਹੈ, ਇਸੇ ਕਰਕੇ ਰਾਜਨੀਤੀ ਦਾ ਜੀਵਨ ਨਾਲ ਸਿੱਧਾ ਸੰਬੰਧ ਹੁੰਦਾ ਹੈ।

ਅਸੀਂ ਭਾਵੇਂ ਰਾਜਨੀਤੀ ਵਿਚ ਦਿਲਚਸਪੀ ਨਾ ਲਈਏ, ਰਾਜਨੀਤੀ ਦੀ ਸਾਡੇ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਰਾਜਨੀਤਕ ਬਿਰਤੀ ਕਾਰਨ ਮਨੁੱਖ ਸਮਝੌਤੇ ਅਤੇ ਗੱਠਜੋੜ ਕਰਕੇ, ਇਕ-ਦੂਜੇ ਨੂੰ ਪੌੜੀ ਬਣਾ ਕੇ ਉਪਰ ਚੜ੍ਹਦੇ

ਹਨ। ਸੁਆਰਥ ਦੀ ਪ੍ਰਧਾਨਤਾ ਕਾਰਨ ਰਾਜਨੀਤੀ ਵਿਚ ਕਿਸੇ ਦੀ ਕਹੀ ਗੱਲ ਦਾ ਬੁਰਾ ਨਹੀਂ ਮਨਾਇਆ ਜਾਂਦਾ ਅਤੇ ਰਾਜਨੀਤੀ ਵਿਚ ਨਫ਼ਰਤ ਕਰਨ ਨੂੰ ਵੀ ਮਾੜਾ ਨਹੀਂ ਸਮਝਿਆ ਜਾਂਦਾ ਕਿਉਂਕਿ ਜੀਵਨ ਦੇ ਹਰ ਖੇਤਰ ਵਿਚ ਤਾਕਤ ਹਮੇਸ਼ਾ ਨਫ਼ਰਤ ਦਾ ਸ਼ਿਕਾਰ ਰਹੀ ਹੈ।

ਰਾਜਸੀ ਆਗੂ ਆਪਣੀ ਮਰਜ਼ੀ ਨਾਲ ਨਹੀਂ ਚਲਦੇ, ਵਿਰੋਧੀਆਂ ਦੇ ਚਲਾਏ ਚਲਦੇ ਹਨ ਕਿਉਂਕਿ ਦੋਵੇਂ ਧਿਰਾਂ ਇਕ-ਦੂਜੀ ਉੱਤੇ ਨਜ਼ਰ ਰੱਖਦੀਆਂ ਹਨ।

ਹਾਕਮ ਅਤੇ ਵਿਰੋਧੀ ਧਿਰ ਜੁੜਵੀਆਂ ਭੈਣਾਂ ਵਾਂਗ ਹੁੰਦੀਆਂ ਹਨ, ਜਿੱਥੇ ਇਕ, ਦੂਜੀ ਨੂੰ ਕਹਿੰਦੀ ਹੈ: ਆਪਣੀ ਬੂਥੀ ਤਾਂ ਵੇਖ!

ਜੇ ਵਿਰੋਧੀ ਧਿਰ ਪ੍ਰਸੰਨ ਹੋਵੇ ਤਾਂ ਸਰਕਾਰ ਦੁੱਖੀ ਹੁੰਦੀ ਹੈ ਅਤੇ ਜੇ ਸਰਕਾਰ ਪ੍ਰਸੰਨ ਹੋਵੇ ਤਾਂ ਵਿਰੋਧੀ ਧਿਰ ਪ੍ਰੇਸ਼ਾਨ ਹੁੰਦੀ ਹੈ। ਇਵੇਂ ਸਰਕਾਰੀ ਅਤੇ ਵਿਰੋਧੀ ਧਿਰ ਵਿਚਕਾਰ ਬਾਂਦਰ ਅਤੇ ਬਿੱਲੀ ਵਾਲੀ ਲੁੱਕਣਮੀਚੀ ਅਤੇ ਦੂਸ਼ਣਬਾਜ਼ੀ ਨਿਰੰਤਰ ਜਾਰੀ ਰਹਿੰਦੀ ਹੈ।

ਰਾਜਨੀਤੀ ਵਿਚ ਬੱਦਲ ਗਰਜਦੇ ਬੜੇ ਹਨ ਪਰ ਵਰ੍ਹਦੇ ਕਦੀ ਕਦੀ ਹਨ।

ਰਾਜਨੀਤੀ ਉਹ ਖੇਤਰ ਹੈ, ਜਿਸ ਵਿਚ ਸਭ ਤੋਂ ਵੱਧ ਫੋਟੋਆਂ ਖਿੱਚੀਆਂ ਅਤੇ ਛੱਪਵਾਈਆਂ ਜਾਂਦੀਆਂ ਹਨ। ਹਰ ਰੋਜ਼ ਨਵੇਂ ਮਸਲੇ ਉੱਠਦੇ ਹਨ ਅਤੇ ਉਠਾਏ ਜਾਂਦੇ ਹਨ। ਇਹ ਬਿਨਾ ਡੋਰ ਪਤੰਗ ਉਡਾਉਣ ਦਾ ਖੇਤਰ ਹੈ। ਜਿਹੜੇ ਰਾਜਨੀਤਕ ਸ਼ਕਤੀ ਪਿਛੇ ਦੌੜਦੇ ਹਨ, ਉਹ ਸਫਲ ਹੋ ਕੇ ਵੀ ਡਰਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦੇ ਗੱਦੀ ਮੱਲਦਿਆਂ ਹੀ, ਉਨ੍ਹਾਂ ਨੂੰ ਗੱਦੀਓਂ ਲਾਹੁਣ ਵਾਲੇ, ਅੰਦਰਲੇ ਅਤੇ ਬਾਹਰਲੇ ਵਿਰੋਧੀ, ਨਾਲ ਹੀ ਸਰਗਰਮ ਹੋ ਜਾਂਦੇ ਹਨ।

ਰਾਜਨੀਤਕ ਆਗੂਆਂ ਨੂੰ ਸਭ ਤੋਂ ਭੈੜੇ ਉਹ ਲਗਦੇ ਹਨ, ਜਿਹੜੇ ਉਨ੍ਹਾਂ ਨੂੰ ਕੀਤੇ ਵਾਅਦੇ ਪੂਰੇ ਕਰਨ ਲਈ ਕਹਿੰਦੇ ਹਨ।

ਰਾਜਨੀਤੀ ਵਿਚ ਅਸਫਲਤਾਵਾਂ ਦਾ ਦੋਸ਼ ਵਿਰੋਧੀਆਂ ਨੂੰ ਅਤੇ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਜਾਂਦਾ ਹੈ। ਆਪਣੀ ਪ੍ਰਸੰਸਾ ਅਤੇ ਵਿਰੋਧੀਆਂ ਦੀ ਨਿੰਦਾ ਸੁਣਨੀ, ਰਾਜਨੀਤਕ ਆਗੂਆਂ ਅਤੇ ਉੱਚੇ ਅਹੁਦਿਆਂ 'ਤੇ ਲੱਗੇ ਵਿਅਕਤੀਆਂ ਦਾ ਸੁਭਾਓ ਹੁੰਦਾ ਹੈ।

ਕਿਸੇ ਵੇਲੇ ਧਰਮ, ਸਮਾਜ ਦਾ ਮੁਖ ਵਰਤਾਰਾ ਸੀ ਪਰ ਅਜੋਕੇ ਸੰਸਾਰ ਵਿਚ ਹਰ ਖੇਤਰ ਵਿਚ ਰਾਜਨੀਤੀ ਦਾ ਬੋਲਬਾਲਾ ਹੈ। ਮਨੁੱਖ ਵਿਚ ਭੋਜਨ, ਕਾਮ, ਧਨ, ਜਾਇਦਾਦ ਅਤੇ ਰੁਤਬੇ ਦੀਆਂ ਲਾਲਸਾਵਾਂ ਉਪਰੰਤ ਰਾਜਨੀਤਕ ਸ਼ਕਤੀ ਨੂੰ ਹਥਿਆਉਣ ਦੀ ਲਾਲਸਾ ਉਪਜਦੀ ਹੈ।

ਇਸ ਤੋਂ ਵੀ ਅਗਲੇਰੀ ਲਾਲਸਾ ਅਮਰ ਹੋਣ ਦੀ ਹੁੰਦੀ ਹੈ।

ਪਾਰਟੀ ਕੋਈ ਹੋਵੇ, ਹਰ ਕੋਈ ਆਗੂ ਹੀ ਬਣਨਾ ਚਾਹੁੰਦਾ ਹੈ, ਵਰਕਰ ਬਣਨਾ ਕਿਸੇ ਦਾ ਉਦੇਸ਼ ਨਹੀਂ ਹੁੰਦਾ। ਇਸੇ ਕਰਕੇ ਚੋਣਾਂ ਨੇੜੇ, ਆਗੂ ਖੁੰਭਾਂ ਵਾਂਗ

ਉੱਗਦੇ ਹਨ। ਖੁੰਭ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਜੜ੍ਹ ਨਹੀਂ ਹੁੰਦੀ।

ਰਾਜਨੀਤੀ ਵਿਚ, ਜਿਹੜੇ ਤਾਕਤ ਤੋਂ ਬਾਹਰ ਹੁੰਦੇ ਹਨ, ਉਹ ਧਰਮ, ਜ਼ਾਤ, ਖੇਤਰ ਆਦਿ ਦਾ ਨਾਹਰਾ ਮਾਰ ਕੇ ਮੁੜ ਇਸ ਖੇਤਰ ਵਿਚ ਦਾਖਲ ਹੁੰਦੇ ਹਨ।

ਸੰਤੁਸ਼ਟਤਾ ਰਾਜਨੀਤੀ ਦਾ ਲੱਛਣ ਨਹੀਂ ਹੈ। ਇੱਛਾ ਹੁੰਦੀ ਹੈ, ਜਿੱਤ ਜਾਵਾਂ; ਜਿੱਤ ਕੇ ਇੱਛਾ ਉਪਜਦੀ ਹੈ, ਮੰਤਰੀ ਬਣ ਜਾਵਾਂ; ਮੰਤਰੀ ਬਣ ਕੇ ਇੱਛਾ ਜਾਗਦੀ ਹੈ, ਮਹਿਕਮਾ ਚੰਗਾ ਮਿਲ ਜਾਵੇ। ਇਨ੍ਹਾਂ ਇੱਛਾਵਾਂ ਕਾਰਨ ਰਾਜਨੀਤੀ ਵਿਚ ਰੱਜ ਨਹੀਂ ਹੁੰਦਾ, ਭੁੱਖ ਹੀ ਹੁੰਦੀ ਹੈ। ਮੰਤਰੀ-ਮੰਡਲ ਵਿਚ ਵਾਧਾ ਕਰਕੇ, ਰਹਿ ਗਿਆਂ ਨੂੰ ਧਰਵਾਸ ਦੇਣ ਲਈ ਕਿਹਾ ਜਾਂਦਾ ਹੈ ਕਿ ਮੰਤਰੀ-ਮੰਡਲ ਵਿਚ ਅਗਲਾ ਵਾਧਾ ਜਲਦੀ ਕੀਤਾ ਜਾਵੇਗਾ।

ਰਾਜਨੀਤੀ ਵਿਚ ਸਨਮਾਨ ਯਾਦ ਨਹੀਂ ਰਹਿੰਦਾ ਪਰ ਕਿਸੇ ਵਲੋਂ ਕੀਤਾ ਅਪਮਾਨ ਭੁੱਲਦਾ ਨ੍ਹੀਂ, ਸੋ ਮੋੜਵਾਂ ਵਾਰ ਕਰਨ ਲਈ, ਢੁੱਕਵਾਂ ਮੌਕਾ ਲੱਭਿਆ ਅਤੇ ਉਡੀਕਿਆ ਜਾਂਦਾ ਹੈ ਅਤੇ ਇਹ ਮੌਕਾ ਜਲਦੀ ਹੀ ਮਿਲ ਜਾਂਦਾ ਹੈ।

ਜਿਹੜੇ ਪਿਛੋਂ ਆ ਕੇ ਅਗੇ ਲੰਘ ਜਾਂਦੇ ਹਨ, ਉਨ੍ਹਾਂ ਨੂੰ ਅਕ੍ਰਿਤਘਣ ਕਹਿ ਕੇ ਨਿੰਦਿਆ ਜਾਂਦਾ ਹੈ। ਰਾਜਨੀਤੀ ਵਿਚ ਨਿੰਦਾ-ਸ਼ਾਸਤਰ ਖੁਲ੍ਹ ਕੇ ਵਰਤਿਆ ਜਾਂਦਾ ਹੈ ਅਤੇ ਹਰ ਕੋਈ ਇਸ ਸ਼ਾਸਤਰ ਦਾ ਵਿਸ਼ੇਸ਼ੱਗ ਬਣ ਜਾਂਦਾ ਹੈ।

ਨਿੰਦਾ ਦੇ ਸ਼ਲੋਕ ਹਰ ਕਿਸੇ ਨੂੰ ਜ਼ਬਾਨੀ ਯਾਦ ਹੁੰਦੇ ਹਨ।

ਰਾਜਨੀਤੀ ਅਤਿਅੰਤ ਤਣਾਓ ਅਤੇ ਦਬਾਓ ਦਾ ਖੇਤਰ ਹੈ। ਜਿਤਨੀਆਂ ਚਿੰਤਾਵਾਂ ਅਤੇ ਪ੍ਰੇਸ਼ਾਨੀਆਂ ਵਿਚੋਂ ਰਾਜਸੀ ਆਗੂਆਂ ਨੂੰ ਲੰਘਣਾ ਪੈਂਦਾ ਹੈ, ਉਨ੍ਹਾਂ ਵਿਚੋਂ ਲੰਘਦਿਆਂ ਸਧਾਰਨ ਮਨੁੱਖ ਤਾਂ ਪਾਗਲ ਹੀ ਹੋ ਜਾਵੇ।

ਜਿਹੋ ਜਿਹਾ ਸਮਾਜ ਹੁੰਦਾ ਹੈ, ਉਹੋ ਜਿਹੇ ਹੀ ਰਾਜਸੀ ਆਗੂ ਅਤੇ ਉਹੋ ਜਿਹੀ ਹੀ ਸਰਕਾਰ ਹੁੰਦੀ ਹੈ। ਸਾਡੇ ਆਗੂ ਸਾਡਾ ਹੀ ਰੂਪ ਹਨ। ਜੇ ਸਮਾਜ ਭ੍ਰਿਸ਼ਟ ਹੈ ਤਾਂ ਰਾਜਨੀਤੀ ਵੀ ਭ੍ਰਿਸ਼ਟ ਹੋਵੇਗੀ। ਜੇ ਸਮਾਜ ਵਿਚ ਨੈਤਿਕਤਾ ਜਾਂ ਈਮਾਨਦਾਰੀ ਵਧੇਗੀ ਤਾਂ ਰਾਜਨੀਤੀ ਵਿਚ ਵੀ ਵਧੇਗੀ।

ਰਾਜਨੀਤਕ ਆਗੂਆਂ ਨੂੰ ਭੰਡਣਾ ਆਮ ਲੋਕਾਂ ਦਾ ਮਨੋਰੰਜਨ ਹੁੰਦਾ ਹੈ ਪਰ ਲੋੜ ਉਨ੍ਹਾਂ 'ਤੇ ਤਰਸ ਖਾਣ ਦੀ ਹੁੰਦੀ ਹੈ। ਆਮ ਸਧਾਰਨ ਲੋਕ ਨਿੱਕੀ ਜਿਹੀ ਗੱਲ ਨਾਲ ਕਈ ਦਿਨ ਪ੍ਰੇਸ਼ਾਨ ਰਹਿੰਦੇ ਹਨ, ਦੋ ਮਹਿਮਾਨ ਆ ਜਾਣ ਤਾਂ ਘਬਰਾ ਜਾਂਦੇ ਹਨ, ਸੌ ਆਦਮੀ ਇਕੱਠੇ ਕਰਨੇ ਹੋਣ ਤਾਂ ਥਕਾਵਟ ਨਾਲ ਨਿਢਾਲ ਹੋ ਜਾਂਦੇ ਹਨ, ਕੋਈ ਨਿਰਣਾ ਕਰਨਾ ਹੋਵੇ ਤਾਂ ਮੁਲਤਵੀ ਕਰਦੇ ਰਹਿੰਦੇ ਹਨ, ਕਿਸੇ ਸਮੱਸਿਆ ਬਾਰੇ ਸੋਚਦਿਆਂ ਬੀਮਾਰ ਪੈ ਜਾਂਦੇ ਹਨ ਪਰ ਇਹੀ ਲੋਕ ਰਾਜਨੀਤਕ ਆਗੂਆਂ ਦੀ ਆਲੋਚਨਾ ਕਰਨ ਵਿਚ ਸਭ ਤੋਂ ਅੱਗੇ ਹੁੰਦੇ ਹਨ।

ਦੂਜੇ ਪਾਸੇ ਰਾਜਨੀਤਕ ਆਗੂ ਨੂੰ ਭੰਬੀਰੀ ਵਾਂਗ ਘੁੰਮਣਾ ਪੈਂਦਾ ਹੈ। ਰਾਜਨੀਤੀ ਵਿਚ ਸਫਲਤਾ ਤਾਂ ਕਦੇ-ਕਦਾਈਂ ਹੀ ਮਿਲਦੀ ਹੈ ਪਰ ਅਸਫਲਤਾ,

ਵਿਰੋਧ ਅਤੇ ਨਿੰਦਾ ਮਿਲਦੀ ਹੀ ਰਹਿੰਦੀ ਹੈ। ਚੋਣ ਹਾਰ ਕੇ, ਹਾਰਿਆ ਹੋਇਆ ਆਗੂ, ਅਗਲੀ ਚੋਣ 'ਤੇ ਆਸ ਲਾਉਂਦਾ ਹੈ ਪਰ ਅਕਸਰ, ਇਸ ਉਡੀਕ ਵਿਚ ਉਸ ਦੀ ਸਾਰੀ ਉਮਰ ਲੰਘ ਜਾਂਦੀ ਹੈ।

ਆਮ ਸਧਾਰਨ ਲੋਕਾਂ ਦੀ ਟੇਕ ਧਰਮ ਉਤੇ ਹੁੰਦੀ ਹੈ, ਜਦੋਂ ਕਿ ਚੁਸਤ ਲੋਕਾਂ ਦਾ ਖੇਤਰ ਰਾਜਨੀਤੀ ਹੁੰਦਾ ਹੈ। ਅਜੋਕੇ ਰਾਜਸੀ ਆਗੂ ਅਤੇ ਸੰਤ ਵਿਚਕਾਰ ਅੰਤਰ ਕੇਵਲ ਲਿਬਾਸ ਅਤੇ ਭਾਸ਼ਾ ਦਾ ਹੁੰਦਾ ਹੈ ਅਤੇ ਸਧਾਰਨ ਲੋਕ ਇਨ੍ਹਾਂ ਦੋਹਾਂ ਦੇ ਸ਼ਿਕਾਰ ਹੁੰਦੇ ਹਨ। ਇਕ ਰਾਜਸੀ ਆਗੂ ਨੇ ਇਕ ਡੇਰੇ ਵਾਲੇ ਨੂੰ ਕਿਹਾ ਸੀ: ਤੁਸੀਂ ਹੀ ਸਾਰਿਆਂ ਨੂੰ ਲੁੱਟੀ ਜਾਂਦੇ ਹੋ, ਕੁਝ ਨੂੰ ਸਾਡੇ ਲਈ ਵੀ ਛੱਡ ਦਿਓ!

ਧਰਮ ਸਰਲ ਲੋਕਾਂ ਦਾ ਖੇਤਰ ਹੁੰਦਾ ਹੈ, ਜਦੋਂ ਕਿ ਰਾਜਨੀਤੀ ਵਿਚ ਵਿਸ਼ੇਸ਼ ਅਤੇ ਗੁੰਝਲਦਾਰ ਲੋਕ ਵਿਚਰਦੇ ਹਨ। ਰਾਜਨੀਤੀ ਵਿਚ ਕੁਝ ਵੀ ਨਿਸਚਿਤ ਨਹੀਂ ਹੁੰਦਾ, ਸੋ ਇਸ ਖੇਤਰ ਵਿਚ ਸਫਲ ਹੋਣਾ ਸੌਖਾ ਨਹੀਂ ਹੈ।

ਧਰਮ ਵਿਚ ਪੂਜਾ ਹੁੰਦੀ ਹੈ, ਜਦੋਂ ਕਿ ਰਾਜਨੀਤੀ ਵਿਚ ਜੈ-ਜੈ ਕਾਰ ਵੀ ਹੁੰਦੀ ਹੈ ਅਤੇ ਹਾਏ-ਹਾਏ ਵੀ ਹੁੰਦੀ ਹੈ।

ਰਾਜਨੀਤੀ ਚਿੰਤਨ ਦਾ ਨਹੀਂ, ਕਾਰਜ ਅਤੇ ਅਣਥੱਕ ਜਦੋਜਹਿਦ ਅਤੇ ਵਿਰੋਧ ਦਾ ਖੇਤਰ ਹੈ।

ਚਿੰਤਨਸ਼ੀਲ ਬੰਦੇ ਰਾਜਨੀਤੀ ਵਿਚ ਸਫਲ ਨਹੀਂ ਹੁੰਦੇ ਕਿਉਂਕਿ ਅਜਿਹੇ ਵਿਅਕਤੀ ਸਿਧਾਂਤਕ ਹੁੰਦੇ ਹਨ, ਜਿਹੜੇ ਸੋਚਦੇ-ਸੋਚਦੇ ਅਤੇ ਸਾਰਿਆਂ ਦੀ ਸਹਿਮਤੀ ਉਡੀਕਦੇ, ਨਿਰਣਾ ਕਰਨ ਵਿਚ ਪੱਛੜ ਜਾਂਦੇ ਹਨ।

ਰਾਜਨੀਤੀ ਵਿਚ ਵਿਹਾਰਕ ਚੁਸਤੀ ਹੁੰਦੀ ਹੈ। ਜਿਵੇਂ ਅੱਗੇ ਵੱਧਦੀਆਂ ਵਹੀਰਾਂ, ਫੌਜਾਂ ਜਾਂ ਕਾਫ਼ਲੇ ਮੋਏ ਸਾਥੀਆਂ ਦੇ ਸਿਰਹਾਣੇ ਨਹੀਂ ਬੈਠਦੇ, ਇਵੇਂ ਹੀ ਰਾਜਨੀਤੀ ਵਿਚ ਭਾਵੇਂ ਘਰ ਦਾ ਜੀਅ ਹੀ ਮਰ ਜਾਵੇ, ਰੁਕਣ ਦਾ ਸਮਾਂ ਜਾਂ ਹਾਰਨ ਵਾਲਿਆਂ ਦਾ ਹਾਲ ਪੁੱਛਣ ਦੀ ਵਿਹਲ ਨਹੀਂ ਹੁੰਦੀ।

ਰਾਜਨੀਤੀ ਵਹੀ-ਖਾਤਿਆਂ ਦੇ ਹਿਸਾਬ-ਕਿਤਾਬ ਨਾਲ ਨਹੀਂ ਚਲਦੀ, ਇਸ ਵਿਚ ਉਦਾਰ ਜਾਂ ਵਿਸ਼ਾਲ ਹੋਏ ਬਿਨਾ ਸਰਦਾ ਨਹੀਂ ਕਿਉਂਕਿ ਇਹ ਅਨੰਤ ਸੰਭਾਵਨਾਵਾਂ ਦਾ ਖੇਤਰ ਹੈ। ਰਾਜਨੀਤੀ ਮੁਖ ਤੌਰ ਤੇ ਪੁਰਸ਼-ਖੇਤਰ ਹੈ, ਸੋ ਇਸ ਵਿਚ ਇਸਤਰੀਆਂ ਨੂੰ ਵੀ ਪੁਰਸ਼ਾਂ ਵਾਲੇ ਔਗੁਣ ਅਪਨਾਉਣੇ ਪੈਂਦੇ ਹਨ।

ਕੁਝ ਲੋਕ ਹੀ ਵਿਸ਼ਾਲ ਸਮੂਹ ਤੇ ਰਾਜ ਕਰਦੇ ਹਨ, ਸੋ ਰਾਜ ਕਰਨ ਵਾਲੇ ਆਗੂ ਆਮ ਲੋਕਾਂ ਵਾਂਗ ਕੱਪੜੇ ਪਹਿਨਦੇ ਅਤੇ ਉਨ੍ਹਾਂ ਵਾਂਗ ਬੋਲਦੇ ਹਨ ਤਾਂ ਕਿ ਲੋਕਾਂ ਨੂੰ ਇਹੀ ਭੁਲੇਖਾ ਲੱਗੇ ਕਿ ਸਾਡੇ ਆਗੂ ਸਾਡੇ ਵਿਚੋਂ ਹੀ ਹਨ ਅਤੇ ਸਾਡਾ ਆਪਣਾ ਹੀ ਰਾਜ ਹੈ।

ਗਰੀਬ ਅਤੇ ਪੱਛੜੇ ਦੇਸ਼ਾਂ ਦੀ ਰਾਜਨੀਤੀ ਮਸਲਿਆਂ, ਬਿਆਨਾਂ ਅਤੇ ਨਾਹਰਿਆਂ ਅਤੇ ਲਾਰਿਆਂ ਦੇ ਸਿਰ 'ਤੇ ਚਲਦੀ ਹੈ।

ਇਸੇ ਕਰਕੇ ਕਈ ਕਹਿੰਦੇ ਹਨ ਕਿ ਰਾਜਨੀਤੀ ਲੋਕਾਂ ਨੂੰ ਮੂਰਖ ਬਣਾਉਣ ਦਾ ਹੁਨਰ ਹੈ ਅਤੇ ਕਈ ਇਹ ਵੀ ਕਹਿੰਦੇ ਹਨ ਕਿ ਰਾਜਨੀਤੀ ਚਲਦੀ ਹੀ ਮੂਰਖਾਂ ਦੇ ਸਿਰ 'ਤੇ ਹੈ।

ਰਾਜਸੀ ਆਗੂ ਬੋਲਣ ਦੇ ਅਭਿਲਾਸ਼ੀ ਹੁੰਦੇ ਹਨ, ਇਨ੍ਹਾਂ ਵਿਚ ਸੁਣਨ ਦਾ ਸਬਰ ਨਹੀਂ ਹੁੰਦਾ। ਪ੍ਰਸੰਸਕਾਂ ਵਿਚ ਘਿਰਿਆ ਆਗੂ ਆਪਣੀ ਪਤਨੀ ਤੋਂ ਵੀ ਪ੍ਰਸੰਸਾ ਦੀ ਮੰਗ ਕਰਨ ਲਗ ਪੈਂਦਾ ਹੈ ਅਤੇ ਕਈ ਵਾਰੀ ਆਪਣੀ ਪ੍ਰਸੰਸਾ ਸੁਣ ਕੇ ਉਹ ਸੋਚਣ ਲੱਗ ਪੈਂਦਾ ਹੈ ਕਿ ਮੇਰੇ ਬਿਨਾ ਸੰਸਾਰ ਚਲੇਗਾ ਕਿਵੇਂ!

ਆਗੂਆਂ ਦੀ ਦਿਲਚਸਪੀ ਰਾਜਨੀਤੀ ਚਲਾਉਣ ਵਿਚ ਹੁੰਦੀ ਹੈ, ਮਸਲੇ ਸੁਲਝਾਉਣ ਵਿਚ ਨਹੀਂ, ਸੋ ਯਤਨ ਕੀਤਾ ਜਾਂਦਾ ਹੈ ਕਿ ਵਿਕਾਸ ਭਾਵੇਂ ਨਾ ਵਾਪਰੇ ਪਰ ਵਿਕਾਸ ਦਾ ਭੁਲੇਖਾ ਪੈਂਦਾ ਰਹੇ।

ਰਾਜਨੀਤੀ ਵਿਚ ਮੌਕਾ-ਪ੍ਰਸਤੀ ਹੁਣ ਔਗੁਣ ਨਹੀਂ ਰਿਹਾ, ਗੁਣ ਸਮਝਿਆ ਜਾਂਦਾ ਹੈ। ਇਸ ਕਾਰਨ ਕਰਕੇ ਕੋਈ ਸਰਕਾਰ ਤਿੰਨ ਹਾਲਤਾਂ ਵਿਚ ਹੀ ਆਪਣਾ ਕੋਈ ਵਾਅਦਾ ਪੂਰਾ ਕਰਦੀ ਹੈ; ਜਦੋਂ ਸਰਕਾਰ ਡਿਗਦੀ ਹੋਵੇ ਜਾਂ ਜਦੋਂ ਵਾਅਦਾ ਪੂਰਾ ਕਰਨ ਦਾ ਲਾਭ ਹੁੰਦਾ ਹੋਵੇ ਜਾਂ ਜਦੋਂ ਚੋਣਾਂ ਨੇੜੇ ਹੋਣ।

ਕਈ ਵਾਰੀ ਵਾਅਦਾ ਪੂਰਾ ਕਰਨ ਦਾ ਸੁਨਿਹਰੀ ਮੌਕਾ ਹੱਥੋਂ ਨਿਕਲ ਜਾਂਦਾ ਹੈ। ਇਹ ਸੁਨਿਹਰੀ ਹੋਣ ਕਰਕੇ ਹੱਥੋਂ ਨਹੀਂ ਨਿਕਲਦਾ, ਇਹ ਹੱਥੋਂ ਨਿਕਲਣ ਕਰਕੇ ਸੁਨਿਹਰੀ ਜਾਪਣ ਲੱਗ ਪੈਂਦਾ ਹੈ, ਸੋ ਲੋਕ ਆਪਣਾ ਗੁੱਸਾ ਸਰਕਾਰ ਪਲਟਾ ਕੇ ਪ੍ਰਗਟ ਕਰਦੇ ਹਨ।

ਅਕਸਰ ਲੋਕ ਸਰਕਾਰ ਪਲਟਾਉਣ ਜਾਂ ਇਨਕਲਾਬ ਲਿਆਉਣ ਦੇ ਹੱਕ ਵਿਚ ਇਸ ਲਈ ਹੁੰਦੇ ਹਨ, ਕਿਉਂਕਿ ਉਹ ਸਮਝਦੇ ਹਨ ਕਿ ਇਵੇਂ ਕਰਨ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਅੰਤ ਹੋ ਜਾਵੇਗਾ ਪਰ ਉਨ੍ਹਾਂ ਦੀ ਇਹ ਇੱਛਾ ਰੇਤ-ਛਲ ਹੀ ਸਾਬਤ ਹੁੰਦੀ ਹੈ।

ਸਰਕਾਰਾਂ ਕਾਨੂੰਨ ਬਣਾਉਂਦੀਆਂ ਹਨ ਪਰ ਲਾਗੂ ਨਹੀਂ ਕਰਦੀਆਂ। ਕਾਨੂੰਨ ਉਦੋਂ ਤੱਕ ਹੀ ਕਾਨੂੰਨ ਹੁੰਦਾ ਹੈ ਜਦੋਂ ਤਕ ਕਾਨੂੰਨ ਮੰਨਣ ਵਾਲਿਆਂ ਦੀ ਗਿਣਤੀ ਕਾਨੂੰਨ ਤੋੜਨ ਵਾਲਿਆਂ ਨਾਲੋਂ ਵਧੇਰੇ ਹੋਵੇ ਪਰ ਜੇ ਇਹ ਅਨੁਪਾਤ ਉਲਟ ਜਾਵੇ ਤਾਂ ਕਾਨੂੰਨ, ਹੁਕਮਨਾਮਾ, ਫ਼ਤਵਾ ਜਾਂ, ਫ਼ਰਮਾਨ ਸਭ ਅਰਥਹੀਣ ਹੋ ਜਾਂਦੇ ਹਨ। ਅਜਿਹੀ ਹਾਲਤ ਵਿਚ ਚੋਰ, ਡਾਕੂ, ਬਦਮਾਸ਼, ਸਮਗਲਰ, ਆਦਿ ਪ੍ਰਧਾਨ ਹੋ ਜਾਂਦੇ ਹਨ।

ਸਾਡਾ ਬਹੁਤਾ ਸੰਬੰਧ ਸਥਾਨਕ ਰਾਜਨੀਤੀ ਨਾਲ ਹੁੰਦਾ ਹੈ ਪਰ ਰਾਜਨੀਤੀ ਦਾ ਇਕ ਉਪਰਲਾ ਮੰਡਲ ਹੁੰਦਾ ਹੈ, ਜਿੱਥੇ ਵਿਅਕਤੀਆਂ ਦਾ ਨਹੀਂ, ਸਮੁੱਚੀ ਕੌਮ ਦਾ, ਆਉਣ ਵਾਲੀਆਂ ਪੀੜ੍ਹੀਆਂ ਦਾ ਅਤੇ ਕਈ ਵਾਰ ਸਮੁੱਚੀ ਮਾਨਵਜਾਤੀ ਦਾ ਭਵਿੱਖ ਦਾਓ ਉੱਤੇ ਲੱਗਿਆ ਹੁੰਦਾ ਹੈ।

ਇਹ ਅੰਤਰ-ਰਾਸ਼ਟਰੀ ਰਾਜਨੀਤੀ ਦਾ ਖੇਤਰ ਹੁੰਦਾ ਹੈ, ਜਿੱਥੇ ਸਿਆਸਤਦਾਨ ਵਿਸ਼ਵ ਪੱਧਰ ਦੇ ਗੱਠ-ਜੋੜ, ਵਪਾਰਕ ਸਮਝੌਤੇ ਆਦਿ ਕਰਦੇ ਹਨ।

ਦੇਸ਼ਾਂ ਦੀਆਂ ਹੱਦਾਂ-ਸਰਹੱਦਾਂ, ਆਯਾਤ-ਨਿਰਯਾਤ, ਸਹਾਇਤਾ-ਸਹਿਯੋਗ ਆਦਿ ਮਸਲੇ ਚੋਟੀ ਦੀ ਰਾਜਨੀਤੀ ਵਿਚ ਨਜਿੱਠੇ ਜਾਂਦੇ ਹਨ। ਇਹ ਬੜਾ ਹੀ ਗੁੰਝਲਦਾਰ ਖੇਤਰ ਹੈ, ਜਿੱਥੇ ਹਰੇਕ ਸ਼ਬਦ ਨਾਪ-ਤੋਲ ਕੇ ਬੋਲਿਆ ਜਾਂਦਾ ਹੈ ਅਤੇ ਅਕਸਰ ਅਸਲੀ ਅਰਥ ਛੁਪੇ ਹੋਏ ਹੁੰਦੇ ਹਨ। ਉਦਾਹਰਣ ਵਜੋਂ ਬਰਤਾਨੀਆ ਵਲੋਂ ਸੁਏਜ਼ ਨਹਿਰ ਤੇ ਹਮਲਾ ਕਰਨ ਵੇਲੇ ਭਾਰਤ ਨੇ ਬਰਤਾਨੀਆ ਦੀ ਆਲੋਚਨਾ ਕਰਕੇ ਬੜੀ ਦਲੇਰੀ ਵਿਖਾਈ ਸੀ। ਅਸਲ ਵਿਚ ਇਸ ਆਲੋਚਨਾ ਵਿਚ ਕੋਈ ਦਲੇਰੀ ਨਹੀਂ ਸੀ, ਕਿਉਂਕਿ ਅਮਰੀਕਾ ਪਹਿਲਾਂ ਹੀ ਬਰਤਾਨੀਆ ਨੂੰ ਝਾੜ ਪਾ ਚੁੱਕਿਆ ਸੀ। ਛੁਪੀ ਹੋਈ ਸੱਚਾਈ ਇਹ ਸੀ ਕਿ ਭਾਰਤ ਨੇ ਬਰਤਾਨੀਆ ਦਾ ਵਿਰੋਧ ਨਹੀਂ ਸੀ ਕੀਤਾ, ਅਮਰੀਕਾ ਦੀ ਹਮਾਇਤ ਕੀਤੀ ਸੀ। ਵੀਅਤਨਾਮ ਉੱਤੇ ਅਮਰੀਕਾ ਦੇ ਹਮਲੇ ਸਮੇਂ ਅਮਰੀਕਾ ਦੀ ਨਿੰਦਾ ਕਰਨ ਦੀ ਬਜਾਇ ਭਾਰਤ ਨੇ ਕਿਹਾ ਸੀ ਕਿ ਮਾਮਲਾ ਸਾਡੇ ਵਿਚਾਰ ਅਧੀਨ ਹੈ। ਇਵੇਂ ਹੀ ਜਦੋਂ ਰੂਸ ਨੇ ਅਫ਼ਗਾਨਿਸਤਾਨ ਤੇ ਹਮਲਾ ਕੀਤਾ ਸੀ ਤਾਂ ਭਾਰਤ ਨੇ ਰੂਸ ਦੀ ਨਿੰਦਾ ਨਹੀਂ ਸੀ ਕੀਤੀ, ਸਗੋਂ ਕਿਹਾ ਸੀ ਕਿ ਅਫ਼ਗਾਨਾਂ ਨੇ ਰੂਸੀ ਫੌਜਾਂ ਨੂੰ ਆਪ ਬੁਲਾਇਆ ਸੀ।

ਭ੍ਰਿਸ਼ਟਾਚਾਰ ਵਾਂਗ ਹੀ, ਰਾਜਨੀਤੀ ਅਜੋਕੇ ਯੁੱਗ ਦਾ ਵਰਤਾਰਾ ਹੀ ਨਹੀਂ, ਇਹ ਹਰੇਕ ਯੁੱਗ ਦਾ ਵਰਤਾਰਾ ਰਹੀ ਹੈ। ਪਹਿਲਾਂ ਧਰਮ ਰਾਹੀਂ ਰਾਜਨੀਤੀ ਚਲਾਈ ਜਾਂਦੀ ਸੀ, ਹੁਣ ਰਾਜਨੀਤੀ ਰਾਹੀਂ ਧਰਮ ਚਲਾਏ ਜਾਂਦੇ ਹਨ। ਧਰਮ ਹਮੇਸ਼ਾ ਹਾਕਮ ਜਮਾਤ ਦਾ ਹੀ ਚਲਦਾ ਹੈ, ਜਿਵੇਂ ਭਾਰਤ ਵਿਚ ਮੁਗ਼ਲਾਂ ਨੇ ਹਕੂਮਤ ਕੀਤੀ ਅਤੇ ਇਸਲਾਮ ਲਾਗੂ ਕੀਤਾ। ਭਾਰਤ ਵਿਚ ਜਦੋਂ ਅੰਗ੍ਰੇਜ਼ ਹਾਕਮ ਬਣੇ, ਉਨ੍ਹਾਂ ਨੇ ਆਪਣਾ ਧਰਮ ਵੀ ਲਿਆਂਦਾ ਅਤੇ ਆਪਣੀ ਜੀਵਨ-ਜਾਚ ਵੀ ਲਾਗੂ ਕੀਤੀ।

ਮੁਗਲਾਂ ਨੇ ਭਾਰਤ 'ਤੇ ਹਕੂਮਤ ਕੀਤੀ ਸੀ, ਅੰਗ੍ਰੇਜ਼ਾਂ ਨੇ ਰਾਜ ਕੀਤਾ ਸੀ।

ਹਕੂਮਤ ਵਿਚ ਤਾਕਤ ਵਰਤੀ ਜਾਂਦੀ ਹੈ ਬਾਕੀ ਸਭ ਕੁਝ ਪਹਿਲੇ ਵਾਂਗ ਹੀ ਚੱਲਦਾ ਹੈ, ਜਦੋਂ ਕਿ ਰਾਜ, ਕਾਨੂੰਨ ਰਾਹੀਂ ਕੀਤਾ ਜਾਂਦਾ ਹੈ।

ਵੇਖਿਆ ਗਿਆ ਹੈ ਸਰਕਾਰਾਂ ਵਲੋਂ ਤੇਜ਼ੀ ਨਾਲ ਲਾਗੂ ਕੀਤੇ ਪਰਿਵਰਤਨਾਂ ਦਾ ਵਿਰੋਧ ਹੁੰਦਾ ਹੈ। ਲੋਕ ਪਰਿਵਰਤਨ ਦੇ ਪੱਖ ਵਿਚ ਨਹੀਂ ਹੁੰਦੇ ਪਰ ਆਰਥਿਕ ਵਿਕਾਸ ਦੇ ਪੱਖ ਵਿਚ ਹੁੰਦੇ ਹਨ। ਆਦਤਾਂ, ਪ੍ਰੰਪਰਾਵਾਂ, ਰੀਤੀ-ਰਿਵਾਜਾਂ ਵਿਚੋਂ ਮਨੁੱਖ ਨੂੰ ਸੁੱਖ ਮਿਲਦਾ ਹੈ ਜਦੋਂਕਿ ਪਰਿਵਰਤਨ, ਭਾਵੇਂ ਲਾਭਕਾਰੀ ਹੋਵੇ, ਉਸ ਵਿਚੋਂ ਬੇਅਰਾਮੀ ਉਪਜਦੀ ਹੈ।

ਉਦਾਹਰਣ ਵਜੋਂ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਇੰਗਲੈਂਡ ਦੇ ਰਾਜੇ ਹੈਨਰੀ ਨੇ ਜਦੋਂ ਆਪਣੀ ਪਤਨੀ ਨੂੰ ਤਲਾਕ ਦੇਣਾ ਚਾਹਿਆ ਤਾਂ ਪੋਪ ਨੇ ਪ੍ਰਵਾਨਗੀ

ਨਾ ਦਿੱਤੀ। ਹੈਨਰੀ ਨੇ ਨਵਾਂ ਧਰਮ ਲਾਗੂ ਕਰਕੇ ਪੁਰਾਣੇ ਗਿਰਜੇ ਬੰਦ ਕਰਵਾ ਦਿੱਤੇ। ਗਿਰਜੇ ਦੇ ਸ਼ਰਧਾਲੂਆਂ ਦੇ ਦਾਨ ਤੇ ਪਲਣ ਵਾਲੇ ਮੰਗਤੇ ਅਤੇ ਗਿਰਜੇ ਦੇ ਸ਼ਰਧਾਲੂ ਸੜਕਾਂ ਤੇ ਆ ਗਏ ਅਤੇ ਰਾਜੇ ਦੇ ਵਿਰੁੱਧ ਹੋ ਗਏ। ਇਵੇਂ ਹੀ ਭਾਰਤ ਦੇ ਮੁਹੰਮਦ ਤੁਗ਼ਲਕ ਦੇ ਪਰਿਵਰਤਨਾਂ ਨੂੰ ਲੋਕਾਂ ਨੇ ਪ੍ਰਵਾਨ ਨਹੀਂ ਸੀ ਕੀਤਾ। ਮਿਸਰ ਵਿਚ ਇਕ ਧੀ ਨੇ, ਆਪਣੇ ਪਿਤਾ ਦਾ ਤਖ਼ਤਾ ਉਲਟਾ ਕੇ, ਆਪਣੀਆਂ ਭੈਣਾਂ ਅਤੇ ਪਿਤਾ ਨੂੰ ਦੇਸ਼-ਨਿਕਾਲਾ ਦੇ ਕੇ, ਇਕੱਲਿਆਂ ਰਾਜ ਕਰਨ ਵਾਸਤੇ ਆਪਣੇ ਪਤੀ ਨੂੰ ਵੀ ਕਤਲ ਕਰਵਾ ਦਿੱਤਾ ਪਰ ਲੋਕਾਂ ਨੇ ਆਪਣੇ ਪਤੀ ਦੀ ਕਾਤਲ ਅਤੇ ਆਪਣੇ ਪਿਤਾ ਪ੍ਰਤੀ ਅਕ੍ਰਿਤਘਣ ਮਹਾਰਾਣੀ ਵਿਰੁੱਧ ਬਗ਼ਾਵਤ ਕਰਕੇ, ਜਲਾਵਤਨ ਪਿਤਾ-ਰਾਜੇ ਨੂੰ ਮੁੜ ਤਖ਼ਤ ਤੇ ਬੈਠਾ ਦਿੱਤਾ ਸੀ।

ਇਵੇਂ ਹੀ ਜਦੋਂ ਕੋਈ ਸਰਕਾਰ ਆਮ ਲੋਕਾਂ ਨੂੰ ਦਿੱਤੀ ਹੋਈ ਕਿਸੇ ਪ੍ਰਕਾਰ ਦੀ ਕੋਈ ਸਹੂਲਤ ਵਾਪਸ ਲੈਂਦੀ ਹੈ ਤਾਂ ਵਿਰੋਧ ਹੁੰਦਾ ਹੈ।

ਰਾਜਨੀਤੀ ਵਿਚ ਸਰਕਾਰੀ ਅਤੇ ਵਿਰੋਧੀ ਧਿਰਾਂ ਅਕਸਰ ਲੋਕਾਂ ਨੂੰ ਦੇਸ਼ ਦੀ ਅਣਖ, ਧਰਮ ਦੀ ਰਖਵਾਲੀ ਅਤੇ ਵਿਦੇਸ਼ੀ ਹਮਲੇ ਦਾ ਮਸਲਾ ਉਭਾਰ ਕੇ ਆਪਣੇ ਮਗਰ ਲਾਉਂਦੀਆਂ ਹਨ।

ਹਰ ਦੇਸ਼ ਵਿਚ ਲਗਭਗ ਪੰਜਾਹ ਕੁ ਪਰਿਵਾਰ ਹੁੰਦੇ ਹਨ, ਜਿਹੜੇ ਉਸ ਦੇਸ਼ ਦੀ ਰਾਜਨੀਤਕ ਸ਼ਕਤੀ ਉੱਤੇ ਕਾਬਜ਼ ਰਹਿੰਦੇ ਹਨ।

ਇਨ੍ਹਾਂ ਪਰਿਵਾਰਾਂ ਦੇ ਭਾਵੇਂ ਰਾਜਨੀਤਕ ਵਿਰੋਧ ਹੋਣ ਪਰ ਅੰਦਰਖਾਤੇ ਇਨ੍ਹਾਂ ਦੀਆਂ ਰਿਸ਼ਤੇਦਾਰੀਆਂ ਹੁੰਦੀਆਂ ਹਨ।

ਭਾਰਤ ਵਿਚ ਹਰੇਕ ਧਰਮ ਨੇ ਰਾਜ-ਘਰਾਣਿਆਂ ਦਾ ਪੱਖ ਪੂਰ ਕੇ, ਉਨ੍ਹਾਂ ਨੂੰ ਸੂਰਜਵੰਸ਼ੀ-ਚੰਦਰਵੰਸ਼ੀ ਦੱਸ ਕੇ, ਹੋਣੀ ਅਤੇ ਕਿਸਮਤ ਵਿਚ ਲੋਕਾਂ ਦਾ ਵਿਸ਼ਵਾਸ ਜਗਾ ਕੇ, ਜਨਸਮੂਹ ਨੂੰ ਵਿਦਰੋਹ ਕਰਨ ਤੋਂ ਰੋਕਿਆ ਹੈ।

ਨਿਰਸੰਦੇਹ ਧਰਮ ਦਾ ਇਹ ਰਾਜਨੀਤਕ ਰੋਲ ਸੀ।

ਰਾਜਨੀਤੀ ਵਿਚ ਜੈ-ਜੈ-ਕਾਰ ਜਿੱਤ ਦੀ ਹੁੰਦੀ ਹੈ, ਜਿੱਤਣ ਵਾਲੇ ਦੀ ਨਹੀਂ ਪਰ ਜਿੱਤਣ ਵਾਲੇ ਅਕਸਰ ਇਹ ਭੁਲੇਖਾ ਖਾਂਦੇ ਹਨ ਕਿ ਸਾਡਾ ਜਿੱਤ ਜਾਣਾ ਹੀ ਵਿਕਾਸ ਦਾ ਸੂਚਕ ਹੈ ਅਤੇ ਜਿੱਤ ਦੇ ਜਸ਼ਨ ਨੂੰ ਉਹ ਸਦੀਵੀ ਵਰਤਾਰਾ ਸਮਝ ਲੈਂਦੇ ਹਨ। ਜਦੋਂ ਜੇਤੂ ਕੁਝ ਨਹੀਂ ਕਰ ਸਕਦਾ ਤਾਂ ਉਹ ਕਹਿੰਦਾ ਹੈ: ਵਿਰੋਧੀ ਕੁਝ ਕਰਨ ਨਹੀਂ ਦਿੰਦੇ।

ਅਕਸਰ ਵੱਡਾ ਰਾਜਸੀ ਆਗੂ, ਆਪਣੇ ਘਰ ਦੇ ਜੀਆਂ, ਜਾਂ ਸਲਾਹਕਾਰਾਂ ਜਾਂ ਚਾਪਲੂਸਾਂ ਕਾਰਨ ਬਦਨਾਮ ਹੋ ਜਾਂਦਾ ਹੈ। ਰਾਜਨੀਤੀ ਇਸ ਕਰਕੇ ਨਿੰਦੀ ਜਾਂਦੀ ਹੈ ਕਿਉਂਕਿ ਇਸ ਖੇਤਰ ਵਿਚ ਕੁਝ ਵੀ ਕਿਸੇ ਨੇਮ ਜਾਂ ਅਸੂਲ ਨਾਲ ਨਹੀਂ ਵਾਪਰਦਾ। ਚੋਣਾਂ ਸਮੇਂ ਵਰਕਰਾਂ ਨੂੰ ਕਿਹਾ ਜਾਂਦਾ ਹੈ ਟਿੱਡੀ-ਦਲ ਵਾਂਗ ਹਲਕੇ

'ਤੇ ਛਾ ਜਾਓ ਜਦੋਂਕਿ ਉਮੀਦਵਾਰ ਆਪਣੇ ਪਰਿਵਾਰਕ ਜੀਆਂ ਨੂੰ ਬਣਾਇਆ ਜਾਂਦਾ ਹੈ। ਗੱਲ ਅਸੂਲਾਂ ਦੀ ਕੀਤੀ ਜਾਂਦੀ ਹੈ, ਪਰ ਪਾਲੇ ਹਿੱਤ ਜਾਂਦੇ ਹਨ। ਨਾਹਰਾ ਧਰਮ-ਨਿਰਪੇਖਤਾ ਦਾ ਲਾਇਆ ਜਾਂਦਾ ਹੈ ਪਰ ਵੋਟਾਂ ਵੇਲੇ ਵੱਖ-ਵੱਖ ਧਰਮਾਂ ਅਤੇ ਜ਼ਾਤਾਂ ਦੀਆਂ ਵੋਟਾਂ ਗਿਣੀਆਂ ਜਾਂਦੀਆਂ ਹਨ। ਉਪਦੇਸ਼ ਅੰਧ-ਵਿਸ਼ਵਾਸਾਂ ਨੂੰ ਤਿਆਗਣ ਦਾ ਦਿੱਤਾ ਜਾਂਦਾ ਹੈ ਪਰ ਜੋਤਸ਼ੀ ਨੂੰ ਪੁੱਛਿਆ ਜਾਂਦਾ ਹੈ ਕਿ ਉਮੀਦਵਾਰੀ ਦੇ ਕਾਗਜ਼ ਦਾਖਲ ਕਰਨ ਦਾ ਸ਼ੁੱਭ ਸਮਾਂ ਕਿਹੜਾ ਹੈ।

ਰਾਜਨੀਤੀ ਵਿਚ ਕੰਜੂਸ ਵਿਅਕਤੀ ਲਈ ਕੋਈ ਥਾਂ ਨਹੀਂ, ਕਿਉਂਕਿ ਇਹ ਪੈਸਾ ਰੋੜ੍ਹ ਕੇ ਤਾਕਤ ਹਥਿਆਉਣ ਦੀ ਖੇਡ ਹੈ।

ਰਾਜਨੀਤੀ ਵਿਚ ਪੈਸਾ ਅਤੇ ਤਾਕਤ ਨੇੜੇ-ਨੇੜੇ ਰਹਿੰਦੇ ਹਨ।

ਜਦੋਂ ਰਾਜਨੀਤੀ ਪੁਸ਼ਤੀ ਹੋ ਜਾਂਦੀ ਹੈ ਤਾਂ ਹਰੇਕ ਅਗਲੇਰੀ ਪੁਸ਼ਤ ਪਹਿਲੀ ਨਾਲੋਂ ਭੈੜੀ ਅਤੇ ਨਾਲਾਇਕ ਸਿੱਧ ਹੁੰਦੀ ਹੈ।

ਪੁਸ਼ਤੀ ਰਾਜਨੀਤੀ, ਜ਼ਾਤ-ਪਾਤ ਦੀ ਇਕ ਨਵੀਂ ਪ੍ਰਣਾਲੀ ਹੈ, ਜਿਸ ਵਿਚ ਜ਼ਾਤ-ਪਾਤ ਪ੍ਰਣਾਲੀ ਵਾਲੇ ਸਾਰੇ ਦੋਸ਼ ਹੁੰਦੇ ਹਨ।

ਰਾਜਨੀਤੀ ਵਿਚ, ਵਿਰੋਧੀ ਧਿਰ ਨਾਲ ਵਿਹਾਰ ਤੋਂ, ਹਾਕਮ ਪਾਰਟੀ ਦੀ ਮਜ਼ਬੂਤੀ ਜਾਂ ਕਮਜ਼ੋਰੀ ਦਾ ਪਤਾ ਲਗਦਾ ਹੈ। ਜੇ ਹਾਕਮ ਪਾਰਟੀ ਮਜ਼ਬੂਤ ਹੋਵੇ ਤਾਂ ਵਿਰੋਧੀਆਂ ਦੇ ਬਿਆਨਾਂ ਜਾਂ ਧਮਕੀਆਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।

ਰਾਜਨੀਤੀ ਵਿਚ ਧਮਕੀਆਂ ਦੇਣੀਆਂ, ਕਮਜ਼ੋਰੀ ਦੀ ਨਿਸ਼ਾਨੀ ਹੁੰਦੀ ਹੈ।

ਪੰਚਾਇਤ ਤੋਂ ਲੈ ਕੇ ਪਾਰਲੀਮੈਂਟ ਤੱਕ, ਰਾਜਨੀਤਕ ਆਗੂਆਂ ਦੇ ਆਲੇ-ਦੁਆਲੇ ਖ਼ੁਸ਼ਾਮਦੀਆਂ ਅਤੇ ਝੋਲੀਚੁੱਕਾਂ ਦਾ ਝੁਰਮਟ ਹੋਣਾ ਲਾਜ਼ਮੀ ਹੈ।

ਆਗੂ ਚੰਦਰਮਾ ਵੱਲ ਉਂਗਲੀ ਕਰਦਾ ਹੈ, ਝੋਲੀਚੁੱਕ ਉਂਗਲੀ ਵੇਖਦੇ ਹਨ, ਚੰਦਰਮਾ ਨਹੀਂ। ਝੋਲੀਚੁੱਕ ਇਮਾਨਦਾਰ ਆਗੂ ਨੂੰ ਖੁਸ਼ਾਮਦੀ, ਬੇਈਮਾਨ ਆਦਿ ਬਣਾ ਕੇ ਹੀ ਛੱਡਦੇ ਹਨ।

ਅਜੋਕੇ ਮਨੁੱਖ ਦੇ ਹਰੇਕ ਵਰਤਾਰੇ ਵਿਚ ਰਾਜਨੀਤੀ ਹੈ। ਹੁਣ ਤਾਂ ਪਿਆਰ ਅਤੇ ਪਰਿਵਾਰ ਵੀ ਰਾਜਨੀਤਕ ਪੈਂਤੜਿਆਂ ਤੋਂ ਬਿਨਾ ਨਹੀਂ ਚੱਲਦਾ।

ਛੋਟੀਆਂ ਥਾਵਾਂ ਦੇ ਆਗੂ ਅਤੇ ਪਤਵੰਤੇ ਅਕਾਊ ਹੋਣ ਕਰਕੇ ਬੜਾ ਪ੍ਰੇਸ਼ਾਨ ਕਰਦੇ ਹਨ। ਜਿਤਨੀ ਭੱਜ-ਦੌੜ ਛੋਟੀਆਂ ਚੌਧਰਾਂ ਵਾਸਤੇ ਕਰਨੀ ਪੈਂਦੀ ਹੈ, ਉਤਨੀ ਵੱਡੀਆਂ ਵਾਸਤੇ ਲੋੜ ਨਹੀਂ ਪੈਂਦੀ।

ਹਰ ਯੁੱਗ ਵਿਚ ਕਿਸੇ ਇਕ ਵਰਤਾਰੇ ਦਾ ਬੋਲਬਾਲਾ ਹੁੰਦਾ ਹੈ, ਕਿਸੇ ਵੇਲੇ ਅੰਧ-ਵਿਸ਼ਵਾਸ ਦਾ ਸੀ, ਫਿਰ ਧਰਮ ਦਾ ਬੋਲਬਾਲਾ ਹੋਇਆ, ਅੱਜਕੱਲ੍ਹ ਰਾਜਨੀਤੀ ਦਾ ਬੋਲਬਾਲਾ ਹੈ। ਅਜੋਕੇ ਯੁੱਗ ਵਿਚਲੇ ਹਰ ਖੇਤਰ ਵਿਚ ਰਾਜਨੀਤੀ ਕੀਤੀ ਜਾਂਦੀ ਹੈ। ਹੁਣ ਪਿਤਾ ਦੇ ਮਰਨ ਦਾ ਦੁੱਖ ਨਹੀਂ ਹੁੰਦਾ, ਭੋਗ 'ਤੇ ਵੱਡੇ ਤੋਂ ਵੱਡਾ

ਇਕੱਠ ਕਰਨ ਅਤੇ ਸ਼ਰਧਾਂਜਲੀਆਂ ਰਾਹੀਂ ਆਪਣੀ ਮਹਿਮਾ ਸੁਣਨ ਦਾ ਯਤਨ ਕੀਤਾ ਜਾਂਦਾ ਹੈ।

ਅਜੋਕੇ ਸੰਤ ਵੀ ਰਾਜਨੀਤਕ ਦਾਓ-ਪੇਚ ਵਰਤਦੇ ਹਨ। ਉਂਝ ਤਾਂ ਸੰਤ, ਸੰਗਤਾਂ ਨੂੰ ਸਭ ਕੁਝ ਤਿਆਗਣ ਦਾ ਉਪਦੇਸ਼ ਦਿੰਦੇ ਹਨ ਪਰ ਜਦੋਂ ਸ਼ਰਧਾਲੂ ਸੰਤ ਨੂੰ ਹੀ ਤਿਆਗ ਜਾਣ ਤਾਂ ਸੰਤ ਨੂੰ ਬੜੀ ਪ੍ਰੇਸ਼ਾਨੀ ਹੁੰਦੀ ਹੈ। ਹਿੰਦੂ ਅਤੇ ਜੈਨੀ ਸਮਾਜ ਵਿਚ ਵਪਾਰੀ, ਸੰਨਿਆਸੀਆਂ ਦੀ ਪੂਜਾ ਕਰਦੇ ਹਨ ਪਰ ਜਦੋਂ ਵਪਾਰੀ ਦਾ ਆਪਣਾ ਪੁੱਤਰ, ਸੰਨਿਆਸੀ ਬਣਨਾ ਚਾਹੁੰਦਾ ਹੈ ਤਾਂ ਵਪਾਰੀ-ਪਿਤਾ, ਸੰਨਿਆਸੀ-ਗੁਰੂ ਨੂੰ ਕਹਿੰਦਾ ਹੈ ਕਿ ਮੇਰੇ ਪੁੱਤਰ ਨੂੰ ਸਮਝਾਓ, ਕਿਉਂ ਆਪਣੀ ਅਤੇ ਸਾਡੀ ਜ਼ਿੰਦਗੀ ਬਰਬਾਦ ਕਰਨ ਲੱਗਾ ਹੈ!

ਰਾਜਨੀਤੀ ਵਿਚ ਜੇਕਰ ਕਿਸੇ ਦੇ ਵਿਹਾਰ ਦੀ ਸਮਝ ਨਾ ਪਵੇ ਤਾਂ ਕਿਹਾ ਜਾਂਦਾ ਹੈ ਕਿ ਇਸ ਵਿਚ ਵੀ ਕੋਈ ਰਾਜਨੀਤੀ ਹੋਵੇਗੀ। ਰਾਜਨੀਤੀ ਵਿਚ ਬਹੁਗਿਣਤੀ ਨੂੰ ਭੁਲੇਖਾ ਹੁੰਦਾ ਹੈ ਕਿ ਉਹ ਠੀਕ ਹੈ ਪਰ ਜੇ ਬਹੁਗਿਣਤੀ ਕਿਸੇ ਮੁਰਗੇ ਨੂੰ ਮੁਰਗੀ ਕਹਿ ਦੇਵੇ ਤਾਂ ਉਹ ਅੰਡੇ ਨਹੀਂ ਦੇਣ ਲੱਗ ਪੈਂਦਾ।

ਭੋਲੇ ਲੋਕ ਸਮਝਦੇ ਹਨ ਕਿ ਮੀਟਿੰਗ ਕਰਕੇ ਮਤੇ ਪਾਸ ਕਰਨ ਨਾਲ ਸਮੱਸਿਆ ਹੱਲ ਹੋ ਜਾਵੇਗੀ। ਵੇਖਿਆ ਗਿਆ ਹੈ ਕਿ ਬੱਕਰੀਆਂ, ਭੇਡਾਂ ਅਤੇ ਮੁਰਗੇ ਸ਼ਾਕਾਹਾਰੀ ਭੋਜਨ ਦੇ ਹੱਕ ਵਿਚ ਮਤੇ ਪਾਸ ਕਰਦੇ ਹਨ ਪਰ ਸ਼ੇਰਾਂ ਅਤੇ ਬਘਿਆੜਾਂ ਦੀ ਰਾਇ ਵੱਖਰੀ ਹੁੰਦੀ ਹੈ।

ਦਿੱਲੀ ਭਾਰਤ ਦੀ ਰਾਜਧਾਨੀ ਅਤੇ ਰਾਜਨੀਤੀ ਦਾ ਗੜ੍ਹ ਹੈ। ਦਿੱਲੀ ਵਿਚ ਜੇ ਤੁਹਾਨੂੰ ਕੋਈ ਪ੍ਰਸੰਨ ਜਾਂ ਮੋਟਾ ਜਾਂ ਪ੍ਰੇਸ਼ਾਨ ਨਜ਼ਰ ਆਵੇ ਤਾਂ ਸਮਝਣਾ ਉਸ ਦਾ ਸੰਬੰਧ ਰਾਜਨੀਤੀ ਨਾਲ ਹੈ। ਇਕ ਹੰਢੇ ਹੋਏ ਨੇਤਾ ਨੇ ਕਿਹਾ ਸੀ ਕਿ ਜੇ ਮੇਰੇ ਕੋਲ ਦਿੱਲੀ ਅਤੇ ਨਰਕ ਦੋਵੇਂ ਹੁੰਦੇ ਤਾਂ ਮੈਂ ਦਿੱਲੀ ਕਰਾਏ ਉੱਤੇ ਚੜ੍ਹਾ ਕੇ ਆਪ ਨਰਕ ਵਿਚ ਅਰਾਮ ਨਾਲ ਰਹਿਣਾ ਸੀ।

ਰਾਜਨੀਤੀ ਵਿਚ ਕਮਜ਼ੋਰ ਅਤੇ ਨਾਲਾਇਕ ਵਿਅਕਤੀ, ਦੋਸਤ ਨਾਲੋਂ ਦੁਸ਼ਮਣ ਹੋਣ ਵਿਚ, ਵਧੇਰੇ ਲਾਭਦਾਇਕ ਹੁੰਦਾ ਹੈ।

ਰਾਜਨੀਤੀ ਦੇ ਕੁਝ ਲੱਛਣ ਸਰਬਵਿਆਪਕ ਹਨ।

ਰਾਜਨੀਤੀ ਵਿਚ ਜੇ ਲੜਾਈ ਛਿੜ ਪਵੇ ਤਾਂ ਇਹ ਅੱਧ ਵਿਚ ਨਹੀਂ ਛੱਡੀ ਜਾ ਸਕਦੀ, ਜੇ ਤੁਸੀਂ ਲੜਾਈ ਸਿਰੇ ਤਕ ਨਹੀਂ ਲੈ ਕੇ ਜਾਓਗੇ ਤਾਂ ਤੁਹਾਡੇ ਵਿਰੋਧੀ ਨੂੰ ਲੈ ਕੇ ਜਾਣੀ ਪਵੇਗੀ ਅਤੇ ਜੇ ਲੜਾਈ ਛਿੜ ਪਵੇ ਤਾਂ ਦੋਵੇਂ ਧਿਰਾਂ ਹਮਲਾਵਰ ਹੋ ਜਾਂਦੀਆਂ ਹਨ।

ਰਾਜਨੀਤੀ ਵਿਚ ਦੋਸਤ ਨੂੰ ਆਪਣੇ ਅਧੀਨ ਨਹੀਂ ਲਾਉਣਾ ਚਾਹੀਦਾ ਅਤੇ ਆਪ ਦੋਸਤ ਦੇ ਅਧੀਨ ਅਹੁਦਾ ਨਹੀਂ ਲੈਣਾ ਚਾਹੀਦਾ, ਅਜਿਹਾ ਹੋਣ ਕਰਕੇ ਦੋਵੇਂ ਪ੍ਰੇਸ਼ਾਨ ਹੋਣਗੇ।

ਜਦੋਂ ਕੋਈ ਵਿਅਕਤੀ ਕੋਈ ਚੋਣ ਜਾਂ ਮੁਕੱਦਮਾ ਹਾਰਿਆ ਹੋਵੇ, ਉਹ ਕੁਝ ਵੀ ਕਹੇ, ਉਸ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ, ਇਸੇ ਕਰਕੇ ਸਿਆਣੇ ਸਿਆਸਤਦਾਨ ਚੋਣਾਂ ਵਿਚ ਹਾਰ ਕੇ ਕੁਝ ਚਿਰ ਚੁੱਪ ਰਹਿੰਦੇ ਹਨ।

ਜਦੋਂ ਕੋਈ ਆਗੂ ਸੰਪੂਰਨ ਨੇਤਾ ਬਣਨ ਦਾ ਯਤਨ ਕਰਦਾ ਹੈ ਤਾਂ ਅਧੂਰੇ ਆਗੂ ਸਹਿਣ ਨਹੀਂ ਕਰਦੇ ਅਤੇ ਉਸ ਵਿਰੁੱਧ ਸਾਜ਼ਸ਼ਾਂ ਕਰਨ ਲਗ ਪੈਂਦੇ ਹਨ।

ਵੇਖਿਆ ਗਿਆ ਹੈ ਕਿ ਕੋਈ ਹਾਕਮ ਜਿਤਨੇ ਮਰਜ਼ੀ ਵਿਰੋਧੀ ਮਾਰ ਦੇਵੇ, ਉਹ ਆਪਣੇ ਉਤਰ-ਅਧਿਕਾਰੀ ਨੂੰ ਨਹੀਂ ਮਾਰ ਸਕਦਾ।

ਦੇਰ ਨਾਲ ਪਹੁੰਚਣ ਅਤੇ ਹਰ ਥਾਂ ਇਕ ਹੀ ਬਿਆਨ ਦੇਣ ਵਾਲੇ ਰਾਜਸੀ ਆਗੂ ਨੂੰ ਇਸ ਆਸ ਨਾਲ ਸੁਣਿਆ ਜਾਂਦਾ ਹੈ ਕਿ ਸ਼ਾਇਦ ਕੁਝ ਦੇਰ ਮਗਰੋਂ ਉਹ ਅਕਲ ਦੀਆਂ ਗੱਲਾਂ ਕਰਨ ਲੱਗ ਪਵੇ।

ਕਈ ਵਾਰ ਵਰਤਮਾਨ ਉਮੀਦਵਾਰ ਤੋਂ ਲੋਕ ਇਤਨੇ ਪ੍ਰੇਸ਼ਾਨ ਹੁੰਦੇ ਹਨ ਕਿ ਉਹ ਚੋਣਾਂ ਵਿਚ ਕਿਸੇ ਬਾਹਰਲੇ ਅਣਜਾਣ ਵਿਅਕਤੀ ਨੂੰ ਹੀ ਜਿਤਾ ਦਿੰਦੇ ਹਨ ਅਤੇ ਪਹਿਲੇ ਨਾਲੋਂ ਵੀ ਵਧੇਰੇ ਨਿਰਾਸ਼ ਹੋ ਜਾਂਦੇ ਹਨ।

ਭਾਰਤ ਦੀ ਰਾਜਨੀਤੀ ਦਾ ਦੁਖਾਂਤ ਇਹ ਹੈ ਕਿ ਇਸ ਵਿਚੋਂ ਆਮ ਆਦਮੀ ਗੈਰਹਾਜ਼ਰ ਹੈ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਉਪਰੰਤ, ਕਿਸੇ ਵੀ ਆਗੂ ਨੇ ਆਮ ਆਦਮੀ ਦੀ ਚਿੰਤਾ ਨਹੀਂ ਕੀਤੀ। ਸਾਡੇ ਆਗੂ ਕਹਿੰਦੇ ਹਨ ਕਿ ਸਾਡੇ ਦੇਸ਼ ਵਿਚ ਸਧਾਰਨ ਲੋਕਾਂ ਨੂੰ ਸਰਕਾਰਾਂ, ਦਫ਼ਤਰਾਂ ਅਤੇ ਅਫ਼ਸਰਾਂ ਨਾਲ ਵਰਤਣਾ ਨਹੀਂ ਆਉਂਦਾ, ਇਸ ਕਰਕੇ ਉਹ ਪ੍ਰੇਸ਼ਾਨ ਹਨ।

ਸਾਡੇ ਦੇਸ਼ ਦੀ ਰਾਜਨੀਤੀ ਵਿਚ ਤਿਲ੍ਹਕਣ ਬਹੁਤ ਹੈ। ਇੱਥੇ ਆਪੇ ਬਣੇ ਚੌਧਰੀਆਂ ਅਤੇ ਆਗੂਆਂ ਦੀ ਭੀੜ ਵੀ ਵੱਡੀ ਹੈ।

ਰਾਜਨੀਤੀ ਵਿਚ ਕੁਝ ਨੂੰ ਹੀ ਰਾਜਸੀ ਤਾਕਤ ਮਿਲਦੀ ਹੈ ਪਰ ਕੁਝ ਚਿਰ ਰਹਿ ਕੇ ਇਹ ਕਿਸੇ ਹੋਰ ਕੋਲ ਚਲੀ ਜਾਂਦੀ ਹੈ।

ਰਾਜਨੀਤੀ ਵਿਚ ਪ੍ਰਸੰਨ ਕਰਨ ਵਾਲੀ ਜੈ-ਜੈਕਾਰ ਤਾਂ ਹੁੰਦੀ ਹੈ ਪਰ ਕੁਝ ਚਿਰ ਮਗਰੋਂ, ਜੈ-ਜੈਕਾਰ ਕਿਸੇ ਹੋਰ ਦੀ ਹੋਣ ਲੱਗ ਪੈਂਦੀ ਹੈ। ਰਾਜਸੀ ਸ਼ਕਤੀ ਦਾ ਕਾਫ਼ਲਾ ਲੰਘ ਜਾਂਦਾ ਹੈ, ਗ਼ੁਬਾਰ ਦਿੱਸਦਾ ਰਹਿੰਦਾ ਹੈ।

* * *

ਢਹਿੰਦੀ ਕਲਾ, ਚੜ੍ਹਦੀ ਕਲਾ

ਗਾਰੇ ਵਿਚ ਖੁੱਭੇ ਹੋਏ ਪੈਰ, ਨੱਚ ਨਹੀਂ ਸਕਦੇ।

ਚੰਗੇ ਦਿਨਾਂ ਦੀ ਆਸ ਤੋਂ ਬਿਨਾ ਜਿਊਣਾ ਢਹਿੰਦੀ ਕਲਾ ਹੁੰਦੀ ਹੈ।

ਆਸ ਦੇ ਮਰਨ ਨਾਲ ਹੀ ਢਹਿੰਦੀ ਕਲਾ ਦਾ ਜਨਮ ਹੁੰਦਾ ਹੈ।

ਜਦੋਂ ਕੋਈ ਆਪਣੇ ਹੀ ਘਰ ਦਾ ਰਾਹ ਭੁੱਲ ਜਾਵੇ ਤਾਂ ਅਜਿਹੇ ਮਨੁੱਖ ਵਿਚ ਕਿਸੇ ਦਾ ਰਸਤਾ ਜਾਂ ਮੰਜ਼ਲ ਬਣਨ ਦੀ ਹਿੰਮਤ ਨਹੀਂ ਰਹਿੰਦੀ।

ਕੁਰਾਹੇ ਪੈ ਕੇ ਭਟਕਣਾ, ਢਹਿੰਦੀ ਕਲਾ ਦਾ ਪਹਿਲਾ ਲੱਛਣ ਹੁੰਦਾ ਹੈ।

ਗਿੱਲੀ ਲੱਕੜ ਵਿਚੋਂ ਉੱਠਦਾ ਕਾਲਾ ਧੂਆਂ, ਭਾਂਬੜ ਨਹੀਂ ਬਣਦਾ।

ਢਹਿੰਦੀ ਕਲਾ ਵਿਚ ਗ੍ਰਸਿਆ ਵਿਅਕਤੀ ਆਪਣੀ ਸੂਝ ਅਤੇ ਤਾਕਤ ਨੂੰ ਉਵੇਂ ਹੀ ਵਰਤਦਾ ਹੈ ਜਿਵੇਂ ਸੱਜੇ ਹੱਥ ਨਾਲ ਕੰਮ ਕਰਨ ਵਾਲਾ ਕਾਰੀਗਰ, ਖੱਬੇ ਹੱਥ ਨਾਲ ਕੰਮ ਕਰਨ ਦਾ ਯਤਨ ਕਰੇ।

ਇਵੇਂ ਨਾ ਕੰਮ ਨਿਬੜਦੇ ਹਨ ਨਾ ਕੰਮਾਂ ਵਿਚ ਬਰਕਤ ਪੈਂਦੀ ਹੈ।

ਭਾਵੇਂ ਕੋਈ ਵਿਅਕਤੀ ਠੀਕ ਰਸਤੇ 'ਤੇ ਹੀ ਹੋਵੇ ਪਰ ਜੇ ਉਹ ਟੁਰਦਾ ਨਹੀਂ ਤਾਂ ਠੀਕ ਰਸਤੇ 'ਤੇ ਹੋਣ ਦਾ ਵੀ ਕੋਈ ਲਾਭ ਨਹੀਂ ਹੋਵੇਗਾ।

ਮਨੁੱਖ ਪੈਰਾਂ ਨਾਲ ਨਹੀਂ ਟੁਰਦਾ, ਉਸ ਨੂੰ ਟੋਰਦੇ ਹਨ ਉਸ ਦੇ ਉਦੇਸ਼, ਆਦਰਸ਼ ਅਤੇ ਨਿਸ਼ਾਨੇ।

ਸਮੁੰਦਰੀ ਜਹਾਜ਼ ਦੇ ਸਫ਼ਰ ਵਿਚ ਸਮੁੰਦਰੀ ਛੱਲਾਂ ਕਾਰਨ ਜੇ ਇਕ ਵਾਰੀ ਉਲਟੀ ਆ ਜਾਵੇ ਤਾਂ ਬਾਕੀ ਯਾਤਰਾ ਵਿਚ ਉਲਟੀ ਆਉਣ ਦਾ ਡਰ ਬਣਿਆ ਰਹਿੰਦਾ ਹੈ। ਜੇ ਕਿਸੇ ਵੀ ਪ੍ਰਕਾਰ ਦਾ ਡਰ ਹੋਵੇ ਤਾਂ ਮਨੁੱਖ ਜਲਦੀ ਥੱਕ ਜਾਂਦਾ ਹੈ ਅਤੇ ਉਸ ਨੂੰ ਸਧਾਰਨ ਸਵਾਲਾਂ ਦੇ ਜਵਾਬ ਅਤੇ ਸਮੱਸਿਆਵਾਂ ਦੇ ਹੱਲ ਵੀ ਵਕਤ ਲੰਘ ਜਾਣ ਮਗਰੋਂ ਹੀ ਸੁਝਦੇ ਹਨ।

ਮਨੁੱਖ ਦੀ ਸੋਚ, ਸੋਝੀ ਅਤੇ ਕਲਪਨਾ, ਆਨੰਦ ਤੋਂ ਆਨੰਦ ਵੱਲ ਨਹੀਂ, ਇਕ ਆਸ ਤੋਂ ਦੂਜੀ ਆਸ ਵੱਲ ਵਧਦੀ ਹੈ।

ਢਹਿੰਦੀ ਕਲਾ ਵਿਚ ਮਨੁੱਖ ਇਤਨਾ ਥੱਕ ਜਾਂਦਾ ਹੈ ਕਿ ਉਹ ਆਤਮਘਾਤ ਕਰਨ ਬਾਰੇ ਸੋਚਣ ਲੱਗ ਪੈਂਦਾ ਹੈ। ਇਵੇਂ ਮਨੁੱਖ ਦਾ ਆਤਮ-ਪਿਆਰ, ਆਤਮ-ਘਿਰਣਾ ਵਿਚ ਬਦਲ ਜਾਂਦਾ ਹੈ।

ਜੀਵਨ ਦਾ ਦੁਖਾਂਤ ਇਹ ਨਹੀਂ ਕਿ ਜੀਵਨ ਜਲਦੀ ਮੁੱਕ ਜਾਂਦਾ ਹੈ, ਸਗੋਂ ਇਹ ਹੈ ਕਿ ਅਸੀਂ ਢਹਿੰਦੀ ਕਲਾ ਕਾਰਨ, ਜਿਊਣਾ ਹੀ ਭੁੱਲ ਜਾਂਦੇ ਹਾਂ।

ਢਹਿੰਦੀ ਕਲਾ ਮਨ ਦਾ ਅਜਿਹਾ ਰੋਗ ਹੈ, ਜਿਹੜਾ ਸਰੀਰ ਨੂੰ ਨਿਤਾਣਾ ਕਰ ਦਿੰਦਾ ਹੈ। ਸਰੀਰਕ ਰੋਗਾਂ ਦੇ ਮੁਕਾਬਲੇ, ਮਾਨਸਿਕ ਰੋਗਾਂ ਦੀ ਉਮਰ ਲੰਮੀ ਹੁੰਦੀ ਹੈ ਪਰ ਮਾਨਸਿਕ ਰੋਗ ਅਚਾਨਕ ਨਹੀਂ ਲਗਦਾ।

ਇਸ ਦੇ ਲੰਮੇ ਪਿਛੋਕੜ ਅਤੇ ਇਸਦੇ ਗੰਭੀਰ ਹੋ ਜਾਣ ਲਈ, ਸਭ ਤੋਂ ਵੱਧ, ਅਸੀਂ ਆਪ ਜ਼ਿੰਮੇਵਾਰ ਹੁੰਦੇ ਹਾਂ।

ਆਪਣੇ ਮਨ ਨੂੰ ਤਗੜਾ ਕਰਨ ਜਾਂ ਕਮਜ਼ੋਰ ਕਰਨ ਦਾ ਕਾਰਜ ਅਸੀਂ ਆਪ ਕਰਦੇ ਹਾਂ। ਮਨ ਛਾਂ ਵਾਂਗ ਸਾਡੇ ਪਿੱਛੇ-ਪਿੱਛੇ ਨਹੀਂ ਚੱਲਦਾ, ਸਗੋਂ ਇਹ ਹਰ ਥਾਂ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉੱਥੇ ਪਹੁੰਚ ਜਾਂਦਾ ਹੈ।

ਅਸੀਂ ਮਨ ਨੂੰ ਨਹੀਂ ਚਲਾਉਂਦੇ, ਮਨ ਸਾਨੂੰ ਚਲਾਉਂਦਾ ਹੈ।

ਕਈ ਵਾਰੀ ਸਰੀਰ ਸੌਣਾ ਚਾਹੁੰਦਾ ਹੈ ਪਰ ਮਨ ਜਾਗ ਕੇ ਚਿੰਤਾ ਕਰਦਾ ਰਹਿੰਦਾ ਹੈ। ਇਸ ਚਿੰਤਾ ਦਾ ਕਾਰਨ ਇਹ ਹੁੰਦਾ ਹੈ ਕਿ ਜਦੋਂ ਮਨੁੱਖ ਦੀ ਆਮਦਨ ਅਤੇ ਸੋਚ, ਉਸ ਦੀਆਂ ਇੱਛਾਵਾਂ ਅਤੇ ਆਦਤਾਂ ਨਾਲ, ਇਕਸੁਰ ਨਹੀਂ ਰਹਿੰਦੀ ਤਾਂ ਮਨੁੱਖ ਸੰਸਾਰ ਤੋਂ ਪ੍ਰੇਸ਼ਾਨ, ਆਪਣਿਆਂ ਤੋਂ ਦੁੱਖੀ ਅਤੇ ਆਪਣੇ ਆਪ ਤੋਂ ਤੰਗ ਹੋਣ ਲੱਗ ਪੈਂਦਾ ਹੈ।

ਅਸੀਂ ਆਲੇ-ਦੁਆਲੇ ਨੂੰ ਉਵੇਂ ਨਹੀਂ ਵੇਖਦੇ, ਜਿਵੇਂ ਇਹ ਹੁੰਦਾ ਹੈ, ਸਗੋਂ ਉਵੇਂ ਵੇਖਦੇ ਹਾਂ, ਜਿਵੇਂ ਅਸੀਂ ਆਪ ਹੁੰਦੇ ਹਾਂ।

ਜੇ ਮਨ ਉਦਾਸ ਹੋਵੇ ਤਾਂ ਭੈੜੀਆਂ ਚੀਜ਼ਾਂ ਹੀ ਦਿੱਸਦੀਆਂ ਹਨ। ਢਾਹੂ ਸੋਚ ਕਾਰਨ ਮੁਸ਼ਕਿਲ, ਮੁਸੀਬਤ ਅਤੇ ਮੁਸੀਬਤ, ਮੌਤ ਬਣ ਜਾਂਦੀ ਹੈ।

ਢਹਿੰਦੀ ਕਲਾ ਵਿਚ ਕੰਮ ਮੁਲਤਵੀ ਕੀਤੇ ਜਾਂਦੇ ਹਨ ਅਤੇ ਮੁਲਤਵੀ ਕੀਤੇ ਕੰਮਾਂ ਦਾ ਢੇਰ ਢਹਿੰਦੀ ਕਲਾ ਨੂੰ ਹੋਰ ਸੰਘਣਾ ਕਰ ਦਿੰਦਾ ਹੈ। ਉਦਾਸੇ ਵਿਅਕਤੀ ਕੋਲ ਪ੍ਰਸੰਸਾ ਕਰਨ ਅਤੇ ਜ਼ਿੰਦਗੀ ਮਾਣਨ ਦੀ ਹਿੰਮਤ ਨਹੀਂ ਹੁੰਦੀ।

ਢਹਿੰਦੀ ਕਲਾ ਦੇ ਮੁੱਢਲੇ ਪ੍ਰਛਾਵੇਂ ਜਵਾਨੀ ਵਿਚ ਹੀ ਪ੍ਰਗਟ ਹੋਣ ਲੱਗ ਪੈਂਦੇ ਹਨ, ਜਦੋਂ ਬਜ਼ਾਰ ਦੀਆਂ ਚਮਕੀਲੀਆਂ ਚੀਜ਼ਾਂ ਕਹਿੰਦੀਆਂ ਹਨ, ਮੌਜਾਂ ਲੁੱਟੋ ਪਰ ਪਰਿਵਾਰਕ ਜ਼ਿੰਮੇਵਾਰੀਆਂ ਕਹਿੰਦੀਆਂ ਹਨ ਕਿ ਸਿਆਣੇ ਬਣੋ। ਇਸ ਵਿਰੋਧ ਦੇ ਤਿੱਖੇ ਹੋਣ ਨਾਲ ਮਨੁੱਖ, ਅੰਦਰੋਂ ਟੁੱਟਦਾ ਜਾਂਦਾ ਹੈ।

ਕੰਮ ਕਰਨ ਤੋਂ ਬਿਨਾ ਅਰਾਮ ਕਰਨ, ਕਮਾਉਣ ਤੋਂ ਪਹਿਲਾਂ ਖਰਚ ਕਰਨ, ਮਿਹਨਤ ਅਤੇ ਆਮਦਨ ਤੋਂ ਬਿਨਾ ਖਰਚੀਲੀ ਜੀਵਨ-ਜਾਚ ਅਪਨਾਉਣ ਨਾਲ ਮਨੁੱਖ ਭ੍ਰਿਸ਼ਟ ਜਾਂਦਾ ਹੈ ਅਤੇ ਤਿਲ੍ਹਕਣ ਲਗ ਪੈਂਦਾ ਹੈ।

ਜਦੋਂ ਕੋਈ ਉਤਸ਼ਾਹ ਨਾ ਹੋਵੇ, ਕੋਈ ਲਗਨ, ਕੋਈ ਰੁਝੇਵਾਂ, ਕੋਈ ਪ੍ਰੇਰਨਾ, ਕੋਈ ਸ਼ੌਕ ਨਾ ਹੋਵੇ ਤਾਂ ਨਤੀਜਾ ਢਹਿੰਦੀ ਕਲਾ ਹੀ ਹੋਵੇਗਾ।

ਅਜਿਹੀ ਹਾਲਤ ਵਿਚ ਸਹਿਹੋਂਦ ਦੇ ਲੋਪ ਹੋਣ ਕਰਕੇ, ਕੇਵਲ ਹੋਂਦ ਅਤੇ ਅੰਤ ਨੂੰ ਨਿਰਹੋਂਦ ਦੀ ਯਾਤਰਾ ਆਰੰਭ ਹੋ ਜਾਂਦੀ ਹੈ।

ਨਸ਼ਿਆਂ ਦੇ ਢਾਹੇ, ਕਰਜ਼ਿਆਂ ਦੇ ਲਿਤਾੜੇ, ਜੁਰਮਾਂ ਦੇ ਭੰਨੇ ਅਜਿਹੇ ਵਿਅਕਤੀ ਸਵੇਰੇ ਇਤਨੇ ਨਿਢਾਲ ਅਤੇ ਨਿਤਾਣੇ ਹੁੰਦੇ ਹਨ ਕਿ ਉੱਠਣ ਲਈ ਇਨ੍ਹਾਂ ਦਾ ਦਿਲ ਹੀ ਨਹੀਂ ਕਰਦਾ।

ਇਹੋ ਜਿਹਿਆਂ ਨੂੰ ਰੱਬ ਵੀ ਤਿਆਗ ਦਿੰਦਾ ਹੈ। ਅਜਿਹੇ ਵਿਅਕਤੀ ਆਪਣੀ ਸ਼ਕਲ ਨਾਲ ਹੀ ਨਰਾਜ਼ ਹੋ ਜਾਂਦੇ ਹਨ ਅਤੇ ਆਪਣੇ ਆਪ ਨੂੰ ਹੀ ਰੱਦ ਕਰ ਦਿੰਦੇ ਹਨ। ਇਵੇਂ ਇਹ ਅੰਤਾਂ ਦੀ ਇਕੱਲ ਹੰਢਾਉਂਦੇ ਹਨ।

ਇਕੱਲਤਾ, ਇਕਾਂਤ ਨਾਲੋਂ ਵੱਖਰੀ ਭਾਂਤ ਦਾ ਅਨੁਭਵ ਹੁੰਦੀ ਹੈ।

ਇਕੱਲਤਾ ਦੌਰਾਨ ਅੰਦਰ ਸ਼ੋਰ ਹੁੰਦਾ ਹੈ, ਅੰਦਰਲਾ ਤਰਲਾ ਮਾਰਦਾ ਹੈ, ਮੈਨੂੰ ਸੁਣੋ। ਇਕਾਂਤ ਵਿਚ ਅੰਦਰ ਟਿਕਾਓ ਅਤੇ ਸ਼ਾਂਤੀ ਹੁੰਦੀ ਹੈ। ਇਕੱਲਾ ਵਿਅਕਤੀ ਆਪਣੇ ਆਪ ਨਾਲ ਲੜਦਾ ਹੈ। ਹਨੇਰਾ ਚਾਨਣ ਨੂੰ ਘੂਰਨ ਲੱਗ ਪੈਂਦਾ ਹੈ ਅਤੇ ਹਰੇਕ ਇਮਾਰਤ ਅਤੇ ਦੀਵਾਰ ਡਿੱਗ ਰਹੀ ਪ੍ਰਤੀਤ ਹੁੰਦੀ ਹੈ।

ਪਾਣੀ ਦੀ ਪਾਣੀ ਨਾਲ ਪੱਧਰ ਰੱਖਣ ਵਾਂਗ ਸਮਾਜ ਵੀ ਸਾਡੇ ਨਾਲ ਪੱਧਰ ਬਣਾ ਕੇ ਰੱਖਦਾ ਹੈ। ਸੰਸਾਰ ਦਾ ਸਾਡੇ ਵਿਚ ਵਿਸ਼ਵਾਸ, ਸਾਡੇ ਆਪਣੇ ਆਪ ਵਿਚਲੇ ਵਿਸ਼ਵਾਸ ਨਾਲੋਂ ਉੱਚੇਰਾ ਨਹੀਂ ਹੁੰਦਾ। ਸਮਾਜ ਸਾਨੂੰ ਭੰਗ-ਪ੍ਰੇਸ਼ਾਨ ਨਹੀਂ ਕਰਦਾ, ਅਸੀਂ ਸਮਾਜ ਨੂੰ ਭੰਗ-ਪ੍ਰੇਸ਼ਾਨ ਕਰਦੇ ਹਾਂ।

ਢਹਿੰਦੀ ਕਲਾ ਵਿਚਲਾ ਵਿਅਕਤੀ ਜੁਆਰੀਏ ਵਾਂਗ ਕਦੀ ਦਾਨ ਕਰਨ ਬਾਰੇ ਨਹੀਂ ਸੋਚਦਾ, ਉਹ ਖੋਹਣ ਅਤੇ ਲੁੱਟਣ ਬਾਰੇ ਹੀ ਸੋਚਦਾ ਹੈ।

ਕਈਆਂ ਦੀ ਸ਼ਖ਼ਸੀਅਤ ਦਾ ਉਘੜਵਾਂ ਪੱਖ ਢਹਿੰਦੀ ਕਲਾ ਹੀ ਹੁੰਦਾ ਹੈ।

ਉਮਰ ਕੋਈ ਹੋਵੇ, ਢਹਿੰਦੀ ਕਲਾ ਵਾਲਾ ਵਿਅਕਤੀ ਆਪਣੇ ਆਪ ਨੂੰ ਨਿਰਾਸ਼, ਅਸਫਲ ਅਤੇ ਬੁੱਢਾ ਸਮਝਣ ਲੱਗ ਪੈਂਦਾ ਹੈ।

ਬੁੱਢੇ ਅਤੇ ਬਜ਼ੁਰਗ ਵਿਚ ਅੰਤਰ ਸਮਝਣ ਦੀ ਲੋੜ ਹੈ।

ਬਜ਼ੁਰਗ ਵਿਚ ਉਹ ਆਦਤਾਂ ਅਤੇ ਗੁਣ ਹੁੰਦੇ ਹਨ, ਜਿਨ੍ਹਾਂ ਨੂੰ ਜਵਾਨ ਵੀ ਅਪਨਾਉਣਾ ਚਾਹੁੰਦੇ ਹਨ, ਜਦੋਂ ਕਿ ਬੁੱਢਿਆਂ ਵਿਚ ਉਹ ਲਾਲਚ ਅਤੇ ਇੱਛਾਵਾਂ ਹੁੰਦੀਆਂ ਹਨ, ਜਿਹੜੀਆਂ ਜਵਾਨੀ ਵਿਚ ਵੀ ਨਿੰਦੀਆਂ ਜਾਂਦੀਆਂ ਹਨ।

ਜੇ ਮਾਪੇ ਢਹਿੰਦੀ ਕਲਾ ਵਿਚ ਹੋਣ ਤਾਂ ਸੰਤਾਨ ਦਾ ਉਦਾਸ ਅਤੇ ਅਸੰਤੁਸ਼ਟ ਹੋਣਾ ਲਾਜ਼ਮੀ ਹੈ।

ਅਸੰਤੁਸ਼ਟਤਾ ਅਤੇ ਉਦਾਸੀ, ਢਹਿੰਦੀ ਕਲਾ ਦੇ ਮੋਢੇ ਹੁੰਦੇ ਹਨ।

ਢਹਿੰਦੀ ਕਲਾ ਦੀਆਂ ਕੁਝ ਵਿਸ਼ਵ-ਵਿਆਪੀ ਨਿਸ਼ਾਨੀਆਂ ਹਨ, ਜਿਵੇਂ ਕਾਰਨ ਤੋਂ ਬਿਨਾ ਗੁੱਸਾ ਕਰਨਾ, ਵਿਕਾਸ ਤੋਂ ਬਿਨਾ ਪਰਿਵਰਤਨ ਲਈ ਤਾਂਘਣਾ, ਕੇਵਲ ਆਪਣੇ ਆਪ ਬਾਰੇ ਸੋਚਣਾ, ਜਾਣਨ ਦੀ ਇੱਛਾ ਤੋਂ ਬਿਨਾ ਪੁੱਛਣਾ, ਵਿਉਂਤ ਤੋਂ ਬਿਨਾ ਕਰਜ਼ਾ ਲੈਣਾ ਅਤੇ ਲੋੜ ਅਤੇ ਮਾਇਕ ਸਮਰਥਾ ਤੋਂ ਬਿਨਾ ਨਸ਼ੇ ਕਰਨਾ ਆਦਿ।

ਨਸ਼ਾ ਕੋਈ ਹੋਵੇ ਇਸ ਦੇ ਲੜ ਲਗਣ ਵਾਲੇ ਮੁੱਢੋਂ-ਸੁੱਢੋਂ ਹੀ ਝੂਠੇ, ਬੇਈਮਾਨ, ਸੁਆਰਥੀ ਅਤੇ ਅਕ੍ਰਿਤਘਣ ਹੁੰਦੇ ਹਨ।

ਅਜਿਹੇ ਬੰਦੇ ਕਿਸੇ ਰਿਸ਼ਤੇ ਵਿਚ ਪੂਰੇ ਨਹੀਂ ਉਤਰਦੇ। ਆਪਣੀ ਬਰਬਾਦੀ ਦੇ ਆਪ ਜ਼ਿੰਮੇਵਾਰ ਹੋਣ ਕਾਰਨ ਅਜਿਹੇ ਨਹਿਸ਼ ਵਿਅਕਤੀ ਆਪਣੇ ਘਰ ਤੋਂ ਅਰੰਭ ਕਰਕੇ ਕਈ ਘਰਾਂ ਅਤੇ ਪਰਿਵਾਰਾਂ ਨੂੰ ਬਰਬਾਦ ਕਰਦੇ ਹਨ।

ਜਿਵੇਂ ਤਲਾਕ ਦਾ ਮੁਕੱਦਮਾ ਲੜ ਰਹੇ ਪਤੀ-ਪਤਨੀ ਨਿਰੰਤਰ ਇਕ-ਦੂਜੇ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਬਾਰੇ ਸੋਚਦੇ ਰਹਿੰਦੇ ਹਨ, ਉਵੇਂ ਹੀ ਸਮਾਜ ਨਾਲ ਲੜ ਰਹੇ ਵਿਅਕਤੀ, ਉਲਟੇ ਨੇਮਾਂ ਨਾਲ ਜਿਊਂਦੇ, ਪ੍ਰੇਸ਼ਾਨੀਆਂ ਉਪਜਾਉਂਦੇ ਅਤੇ ਆਪ ਪ੍ਰੇਸ਼ਾਨ ਹੁੰਦੇ ਰਹਿੰਦੇ ਹਨ। ਅਜਿਹੇ ਵਿਅਕਤੀ ਵਿਚ ਲੜਨ-ਭਿੜਨ ਦੀ ਹੀ ਬਿਰਤੀ ਉਪਜਦੀ ਹੈ।

ਜਿਹੜਾ ਲੜਨ ਲਈ ਤਿਆਰ ਹੋਵੇ, ਉਹ ਇਹ ਨਹੀਂ ਸੋਚਦਾ ਕਿ ਦੁਸ਼ਮਣ ਕਿਹੜਾ ਅਤੇ ਕਿਥੇ ਹੈ, ਕਿਉਂਕਿ ਉਹ ਹਰੇਕ ਥਾਂ ਹਰ ਕਿਸੇ ਨੂੰ ਆਪਣਾ ਦੁਸ਼ਮਣ ਬਣਾ ਲੈਂਦਾ ਹੈ। ਜਦੋਂ ਅੰਦਰ ਲੜਾਈ ਹੋਵੇ ਤਾਂ ਬਾਹਰ ਦੁਸ਼ਮਣ ਪ੍ਰਗਟ ਹੋਣ ਵਿਚ ਦੇਰ ਨਹੀਂ ਲੱਗਦੀ।

ਇਹ ਅਲਾਮਤਾਂ ਸਮਾਜ ਵਿਚ ਉਦਾਸੀ ਉਪਜਾਉਂਦੀਆਂ ਹਨ। ਅਜਿਹੇ ਵਿਅਕਤੀ ਸਭ ਪੱਖੋਂ ਅਤੇ ਵਿਸ਼ੇਸ਼ ਕਰਕੇ ਕਾਮ ਦੇ ਪੱਖੋਂ ਅਸੰਤੁਸ਼ਟ ਹੁੰਦੇ ਹਨ। ਕਾਮ ਦੇ ਪੱਖੋਂ ਸੰਤੁਸ਼ਟ ਵਿਅਕਤੀ ਵਿਚ ਮੁਆਫ਼ ਕਰਨ ਅਤੇ ਗ਼ਲਤੀ ਦੀ ਮੁਆਫ਼ੀ ਮੰਗਣ ਦੀ ਬਿਰਤੀ ਹੁੰਦੀ ਹੈ, ਜਦੋਂ ਕਿ ਕਾਮ ਦੇ ਪੱਖੋਂ ਅਸੰਤੁਸ਼ਟ ਵਿਅਕਤੀ ਬਦਲਾ ਲੈਣ, ਬਲਾਤਕਾਰ ਅਤੇ ਕਤਲ ਕਰਨ ਬਾਰੇ ਸੋਚਣ ਲਗ ਪੈਂਦੇ ਹਨ।

ਵੇਖਿਆ ਗਿਆ ਹੈ ਕਿ ਸੰਸਾਰ ਸਾਨੂੰ ਤੰਗ ਨਹੀਂ ਕਰਦਾ, ਸਾਨੂੰ ਤੰਗ ਕਰਦੇ ਹਨ, ਸੰਸਾਰ ਨਾਲ ਸਾਡੇ ਅਣਸੁਖਾਵੇਂ ਸੰਬੰਧ। ਜੇ ਸੰਸਾਰ ਨਾਲ ਸਾਡਾ ਰਿਸ਼ਤਾ ਸੁਆਰਥੀ ਅਤੇ ਲੁਟ-ਖੋਹ ਵਾਲਾ ਹੈ ਤਾਂ ਸੰਸਾਰ ਤੋਂ ਅਸੀਂ ਤੰਗ ਹੀ ਹੋਵਾਂਗੇ।

ਜੇ ਸਾਡੀ ਸੋਚ, ਸਾਡਾ ਵਿਹਾਰ ਜਾਂ ਭੋਜਨ ਠੀਕ ਨਹੀਂ ਤਾਂ ਸਮਾਜ ਦੀ ਕੋਈ ਤਰਕੀਬ ਜਾਂ ਕੋਈ ਦਵਾਈ ਅਸਰ ਨਹੀਂ ਕਰੇਗੀ ਪਰ ਜੇ ਵਿਹਾਰ ਅਤੇ ਭੋਜਨ ਠੀਕ ਹੈ ਤਾਂ ਕਿਸੇ ਦਵਾਈ ਦੀ ਲੋੜ ਹੀ ਨਹੀਂ ਪਵੇਗੀ।

ਅਜੋਕੇ ਪੰਜਾਬ ਦੇ ਪੇਂਡੂ ਸਮਾਜਿਕ ਜੀਵਨ ਦਾ ਵੱਡਾ ਭਾਗ ਢਹਿੰਦੀ ਕਲਾ ਵਿਚ ਹੈ ਅਤੇ ਸਮੁੱਚਾ ਵਾਤਾਵਰਣ ਸੋਗੀ ਹੈ।

ਜਿਸ ਸਮਾਜ ਵਿਚ ਜਵਾਨ ਵਿਹਲੇ ਹੋਣ ਅਤੇ ਬਜ਼ੁਰਗਾਂ ਨੂੰ ਮਜ਼ਦੂਰੀ ਕਰਨੀ ਪਵੇ, ਉਹ ਸਮਾਜ ਤੰਦਰੁਸਤ ਨਹੀਂ ਹੁੰਦਾ।

ਪਿਛੇ ਜਿਹੇ ਪਿੰਡ ਤੋਂ ਪੜ੍ਹ ਕੇ ਗਿਆ, ਵਿਦੇਸ਼ ਵਿਚ ਅਮੀਰ ਹੋਇਆ, ਇਕ ਡਾਕਟਰ, ਪਿੰਡ ਦੀ ਨੁਹਾਰ ਬਦਲਣ ਲਈ ਅਤੇ ਆਪਣੇ ਅਧਿਆਪਕ ਸਾਧੂ ਸਿੰਘ ਨੂੰ ਮਿਲ ਕੇ ਵਿਉਂਤ ਬਣਾਉਣ ਅਤੇ ਸਤਿਕਾਰ ਪ੍ਰਗਟਾਉਣ ਲਈ, ਜਦੋਂ

ਪਿੰਡ ਆਇਆ ਤਾਂ ਸਰਪੰਚ ਨੇ ਦੱਸਿਆ ਕਿ ਮਾਸਟਰ ਸਾਧੂ ਸਿੰਘ ਪੰਜ ਸਾਲ ਪਹਿਲੇ ਪਿੰਡ ਛੱਡ ਗਏ ਸਨ। ਸਰਪੰਚ ਨੇ ਉਸ ਡਾਕਟਰ ਨੂੰ ਦੱਸਿਆ ਕਿ ਮਾਸਟਰ ਜੀ ਨੇ ਆਪਣੀ ਕਮਾਈ ਨਾਲ ਪੰਦਰ੍ਹਾਂ ਏਕੜ ਜ਼ਮੀਨ ਬਣਾਈ, ਪਿੰਡ ਵਿਚ ਵੱਡਾ ਘਰ ਬਣਾਇਆ ਪਰ ਉਹ ਨਸ਼ਿਆਂ ਦੇ ਖਾਧੇ ਆਪਣੇ ਇਕਲੌਤੇ ਪੁੱਤਰ ਦੇ ਦੁਰ-ਵਿਹਾਰ ਤੋਂ ਪ੍ਰੇਸ਼ਾਨ ਸਨ ਕਿਉਂਕਿ ਪੋਤੇ, ਦਾਦੇ ਦੀ ਪੱਗ ਲਾਹ ਮਾਰਦੇ ਸਨ ਅਤੇ ਪੱਗ ਬੰਨ੍ਹਣ ਨਹੀਂ ਸਨ ਦਿੰਦੇ। ਅੱਕ-ਥੱਕ ਕੇ ਮਾਸਟਰ ਜੀ, ਖੇਤ ਰਹਿਣ ਲਗ ਪਏ ਸਨ ਪਰ ਅਕਸਰ ਹੀ ਨੂੰਹ, ਸਹੁਰੇ ਨੂੰ ਰੋਟੀ ਭੇਜਣੀ ਭੁਲ ਜਾਂਦੀ ਸੀ। ਉਦਾਸ, ਮਾਯੂਸ ਅਤੇ ਮਜਬੂਰ ਹੋ ਕੇ ਮਾਸਟਰ ਜੀ ਚਲੇ ਗਏ ਸਨ। ਡਾਕਟਰ ਇਹ ਸਭ ਕੁਝ ਸੁਣ ਕੇ ਸੁੰਨ ਹੋ ਗਿਆ ਅਤੇ ਬਿਨਾ ਕੁਝ ਬੋਲੇ, ਸਾਧੂ ਸਿੰਘ ਦੀ ਯਾਦ ਵਿਚ ਰੋਂਦਾ ਹੋਇਆ, ਵਾਪਸ ਚਲਾ ਗਿਆ।

ਜਦੋਂ ਮਨ ਪੀੜ ਦਾ ਬੋਝ ਨਹੀਂ ਚੁੱਕ ਸਕਦਾ ਤਾਂ ਮਨੁੱਖ ਰੋਣ ਲਗ ਪੈਂਦਾ ਹੈ। ਅਜਿਹੀ ਨਿਰਾਸਤਾ ਚਿਹਰੇ ਨੂੰ ਪੀਲਾ ਕਰ ਦਿੰਦੀ ਹੈ ਅਤੇ ਅੱਖਾਂ ਬੇਨੂਰ ਹੋ ਜਾਂਦੀਆਂ ਹਨ।

ਢਹਿੰਦੀ ਕਲਾ ਸਾਡੀ ਸਾਰਿਆਂ ਦੀ ਸਾਂਝੀ ਸਮੱਸਿਆ ਹੈ। ਇਸ ਵਿਚੋਂ ਨਿਕਲਣ ਵਾਸਤੇ ਸਾਂਝੇ ਯਤਨ ਕਰਨੇ ਪੈਣਗੇ। ਢਹਿੰਦੀ ਕਲਾ ਹਨੇਰੇ ਦਾ ਖੂਹ ਹੈ, ਜਦੋਂ ਕਿ ਚੜ੍ਹਦੀ ਕਲਾ ਆਪਣੇ ਆਪ ਵਿਚ ਡੂੰਘੇ ਅਤੇ ਬੁਲੰਦ ਭਰੋਸੇ ਦਾ ਨਾਂ ਹੈ।

ਢਹਿੰਦੀ ਕਲਾ ਇਕ ਰੋਗ ਹੈ, ਚੜ੍ਹਦੀ ਕਲਾ ਇਸ ਦਾ ਇਲਾਜ ਹੈ।

ਢਹਿੰਦੀ ਕਲਾ ਇਸ ਲਈ ਉਪਜਦੀ ਹੈ, ਕਿਉਂਕਿ ਅਸੀਂ ਆਪਣੀ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ਕਤੀ ਨੂੰ ਸੰਭਾਲਦੇ ਨਹੀਂ ਅਤੇ ਇਹ ਸ਼ਕਤੀ ਤਾਹਨੇ, ਮਿਹਣੇ, ਨਿੰਦਾ, ਸਾੜੇ, ਈਰਖਾ ਜਿਹੇ ਛੇਕਾਂ ਰਾਹੀਂ ਅਤੇ ਬਦਲਾ ਲੈਣ ਅਤੇ ਸਬਕ ਸਿਖਾਉਣ ਜਿਹੀਆਂ ਘਰਾਲਾਂ ਰਾਹੀਂ ਡੁੱਲ੍ਹ ਜਾਂ ਵੱਗ ਜਾਂਦੀ ਹੈ ਅਤੇ ਜੀਵਨ ਨੂੰ ਉਤਸ਼ਾਹ ਦੇਣ ਵਾਲੀ ਇਸ ਸ਼ਕਤੀ ਦੇ ਵੱਗਣ ਨਾਲ ਅਸੀਂ ਜਵਾਨੀ ਵਿਚ ਹੀ ਅੱਕ-ਥੱਕ ਜਾਂਦੇ ਹਾਂ।

ਪੁਰਾਣੇ ਸਮਿਆਂ ਵਿਚ ਰਿਸ਼ੀ, ਮੁਨੀ ਆਪਣੀ ਇਸ ਸ਼ਕਤੀ ਨੂੰ ਇਕੱਤਰ ਅਤੇ ਇਕਾਗਰ ਕਰਨ ਲਈ ਸਮਾਧੀ ਲਾਉਂਦੇ ਸਨ।

ਆਪਣੀ ਉਪਜਾਊ ਸ਼ਕਤੀ ਵਧਾਉਣ ਲਈ ਲੋੜ ਹੈ ਕਿ ਅਸੀਂ ਚੁੱਪ ਰਹਿਣ ਲਈ ਸਮਾਂ ਕਢੀਏ, ਦੂਜਿਆਂ ਦੀ ਪ੍ਰਵਾਨਗੀ ਦਾ ਲਾਲਚ ਤਿਆਗੀਏ ਅਤੇ ਗੁੱਸੇ ਅਤੇ ਵਿਰੋਧ ਨੂੰ ਤਿਆਗ ਕੇ ਉਦਾਸੀ ਅਤੇ ਢਹਿੰਦੀ ਕਲਾ ਦਾ ਇਲਾਜ ਕਰੀਏ।

ਮੇਰੇ ਅਧਿਆਪਕ ਕਿਹਾ ਕਰਦੇ ਸਨ: ਕਿਸੇ ਨਾਲ ਲੜਨ ਨਾਲ ਅਸੀਂ ਆਪ ਵਧੇਰੇ ਥੱਕਦੇ ਹਾਂ। ਜੇ ਲੜਨਾ ਹੀ ਹੈ ਤਾਂ ਸਿਆਣੇ ਬੰਦੇ ਨਾਲ ਲੜੋ।

ਜੇ ਸਿਆਣੇ ਬੰਦੇ ਨਾਲ ਲੜਾਈ ਹੋ ਹੀ ਜਾਵੇ ਤਾਂ ਪਛਤਾਵੇ ਤੋਂ ਬਚਣ ਲਈ, ਉਸ ਦੇ ਹੱਥੋਂ ਹਾਰੋ।

ਉਹ ਕਿਹਾ ਕਰਦੇ ਸਨ: ਚੜ੍ਹਦੀ ਕਲਾ ਵਿਚ ਰਹਿਣ ਲਈ ਡਰੋ ਘੱਟ, ਆਸ ਵੱਧ ਕਰੋ; ਖਾਓ ਘੱਟ, ਚਬਾਓ ਵੱਧ; ਸ਼ਿਕਾਇਤ ਘੱਟ ਅਤੇ ਧੰਨਵਾਦ ਵੱਧ ਕਰੋ; ਬੋਲੋ ਘੱਟ ਅਤੇ ਕਹੋ ਵਧੇਰੇ, ਕਿਉਂਕ ਜਿਤਨਾ ਘੱਟ ਬੋਲੋਗੇ, ਉਤਨਾ ਵਧੇਰੇ ਧਿਆਨ ਨਾਲ ਸੁਣੇ ਜਾਓਗੇ। ਉਹ ਕਹਿੰਦੇ ਸਨ, ਪੁਰਾਣੀਆਂ ਗ਼ਲਤੀਆਂ ਨਾ ਦੁਹਰਾਓ, ਜੇ ਕਰਨੀਆਂ ਹਨ ਤਾਂ ਨਵੀਆਂ ਗ਼ਲਤੀਆਂ ਕਰੋ, ਤਜਰਬਾ ਵਿਸ਼ਾਲ ਹੋਵੇਗਾ।

ਸੋਚੋ, ਜਦੋਂ ਵੀ ਆਨੰਦ ਜਾਂ ਸੁੱਖ ਮਿਲਿਆ ਸੀ ਤਾਂ ਕੀ ਹੋਇਆ ਸੀ, ਕਿਸੇ ਨੂੰ ਜ਼ਰੂਰ ਕੁਝ ਦਿੱਤਾ ਹੋਵੇਗਾ, ਦਾਨ ਜਾਂ ਹਮਦਰਦੀ, ਸਹਾਇਤਾ, ਸਹਿਯੋਗ ਜਾਂ ਸਹਿਮਤੀ, ਕੁਝ ਦੇ ਕੇ ਹੀ ਪ੍ਰਸੰਨ ਹੋਏ ਹੋਵੋਗੇ। ਅਸੀਂ ਜਦੋਂ ਵੀ ਪ੍ਰਸੰਨ ਹੁੰਦੇ ਹਾਂ, ਉਸ ਵੇਲੇ ਕੁਝ ਦਿੱਤਾ ਹੁੰਦਾ ਹੈ, ਸੋ ਉਸ ਵੇਲੇ ਕੁਝ ਲੈਣ ਦੀ ਇੱਛਾ ਨਹੀਂ ਹੁੰਦੀ। ਇਛਾਵਾਂ ਤੋਂ ਮੁਕਤ ਅਨੁਭਵ ਵਾਲੇ ਪਲਾਂ ਨੂੰ ਹੀ ਪ੍ਰਸੰਨਤਾ ਕਹਿੰਦੇ ਹਨ।

ਕਿਸੇ ਨੂੰ ਵੀ ਕੁਝ ਦੇਣਾ ਚੜ੍ਹਦੀ ਕਲਾ ਦਾ ਲੱਛਣ ਹੁੰਦਾ ਹੈ।

ਮਨੁੱਖ ਨੂੰ ਜਦੋਂ ਵੀ, ਜਿੱਥੇ ਵੀ ਚੜ੍ਹਦੀ ਕਲਾ ਦੀ ਜਾਗ ਲਗਦੀ ਹੈ, ਉਹ ਦੁੱਖਾਂ-ਤਕਲੀਫ਼ਾਂ ਵਿਚੋਂ ਸ਼ਾਂਤ ਮਨ ਨਾਲ ਜੂਝ ਕੇ ਪਾਰ ਲੰਘ ਜਾਂਦਾ ਹੈ। ਉਦਾਹਰਣ ਵਜੋਂ ਵੇਖੋ ਰਾਮ ਨਾਲ ਕੀ ਵਾਪਰਿਆ? ਪਿਤਾ ਸੁਰਗਵਾਸ ਹੋ ਗਏ, ਬਨਵਾਸ ਕਾਰਨ ਰਾਮ ਪਿਤਾ ਕੋਲ ਜਾ ਨਹੀਂ ਸਕਦੇ ਸਨ, ਪਤਨੀ ਨੂੰ ਰਾਵਣ ਚੁੱਕ ਕੇ ਲੈ ਗਿਆ ਸੀ, ਲੱਛਮਣ ਜ਼ਖਮੀ ਹੋਇਆ ਪਿਆ ਸੀ। ਸਮੁੱਚਾ ਵਾਤਾਵਰਣ ਢਹਿੰਦੀ ਕਲਾ ਵਾਲਾ ਸੀ ਪਰ ਰਾਮ ਚੜ੍ਹਦੀ ਕਲਾ ਵਿਚ ਰਹੇ।

ਗੁਰੂ ਗੋਬਿੰਦ ਸਿੰਘ ਨਾਲ ਕੀ ਵਾਪਰਿਆ? ਸਾਥੀ ਵੇਦਾਵਾ ਦੇ ਗਏ ਸਨ, ਅਨੰਦਪੁਰ ਛੱਡਣਾ ਪਿਆ ਸੀ, ਸਿਰਸਾ ਨਦੀ ਨੇ ਪਰਿਵਾਰ ਵਿਛੋੜ ਦਿੱਤਾ ਸੀ, ਪੁੱਤਰ ਚਮਕੌਰ ਅਤੇ ਸਰਹਿੰਦ ਵਿਚ ਸ਼ਹੀਦ ਹੋ ਚੁੱਕੇ ਸਨ। ਗੁਰੂ ਜੀ ਨੇ ਅਤੀਤ 'ਤੇ ਨਹੀਂ, ਆਪਣੀ ਟੇਕ ਭਵਿੱਖ ਤੇ ਰੱਖੀ। ਉਨ੍ਹਾਂ ਨੇ ਸੰਕਟ ਦੀਆਂ ਘੜੀਆਂ ਵਿਚ ਹੌਸਲਾ ਵਿਖਾਇਆ, ਮਿੱਤਰ-ਪਿਆਰੇ ਨੂੰ ਯਾਦ ਕੀਤਾ ਅਤੇ ਚੜ੍ਹਦੀ ਕਲਾ ਵਿਚ ਰਹੇ ਅਤੇ ਇਕੱਲਿਆਂ ਹੀ ਪੰਥ ਖੜ੍ਹਾ ਕਰ ਦਿੱਤਾ।

ਹੌਸਲਾ ਹਰ ਗੁਣ ਦਾ ਧੁਰਾ ਅਤੇ ਕੇਂਦਰੀ ਤੱਤ ਹੁੰਦਾ ਹੈ ਅਤੇ ਇਸ ਦੀ ਹਰ ਸੰਕਟ ਵਿਚ ਪਰਖ ਹੁੰਦੀ ਹੈ।

ਸੰਕਟ ਵਿਚ ਵਿਖਾਏ ਹੌਸਲੇ ਦੇ ਪਖੋਂ ਇਕ ਛੋਟਾ ਜਿਹਾ ਪਿੰਡ ਸਾਰਾਗੜ੍ਹੀ ਇਤਿਹਾਸ ਦੇ ਪੰਨਿਆਂ ਵਿਚ ਬੜੀ ਵੱਡੀ ਥਾਂ ਮੱਲੀ ਬੈਠਾ ਹੈ।

ਸਾਰਾਗੜ੍ਹੀ ਦੀ ਇਤਿਹਾਸ-ਸਿਰਜਣ ਵਾਲੀ ਲੜਾਈ ਉਪਰੰਤ, ਸਿਖ ਰਜਮੈਂਟਾਂ ਦਾ ਨਾਂ ਸੂਰਬੀਰਤਾ, ਚੜ੍ਹਦੀ ਕਲਾ ਅਤੇ ਸਿੱਖ-ਸਰਦਾਰ ਨਾਲ ਜੁੜ ਗਿਆ ਹੈ। ਚੜ੍ਹਦੀ ਕਲਾ ਦਾ ਪ੍ਰਤੀਕ ਸ਼ਬਦ 'ਸਰਦਾਰ' ਪੰਜਾਬੀਆਂ ਨੇ ਅਫ਼ਗਾਨਾਂ ਤੋਂ ਪ੍ਰਾਪਤ ਕੀਤਾ ਹੈ। ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਦੇ ਹਮਲਿਆਂ ਦੌਰਾਨ, ਸਿੰਘਾਂ ਦੀਆਂ ਅਫ਼ਗਾਨਾਂ ਨਾਲ ਮੁੱਠ-ਭੇੜਾਂ ਹੁੰਦੀਆਂ ਰਹਿੰਦੀਆਂ ਸਨ। ਸਿਖ

ਬਹਾਦਰ ਸਨ ਪਰ ਸਿੱਖ, ਅਫ਼ਗਾਨਾਂ ਦੀ ਬਹਾਦਰੀ ਦੇ ਕਾਇਲ ਵੀ ਸਨ। ਅਫ਼ਗਾਨ ਆਪਣੀ ਟੁੱਕੜੀ ਦੇ ਮੁਖੀ ਨੂੰ ਸਰਦਾਰ ਕਹਿੰਦੇ ਸਨ। ਸਿੱਖਾਂ ਨੇ ਅਫ਼ਗਾਨਾਂ ਦਾ ਇਹ ਸ਼ਬਦ, ਬਹਾਦਰ ਸਿੱਖ ਲਈ ਵਰਤਣਾ ਅਰੰਭ ਕੀਤਾ, ਜਦੋਂ ਕਿ ਸਧਾਰਨ ਸਿੱਖ ਨੂੰ ਭਾਈ ਕਿਹਾ ਜਾਂਦਾ ਸੀ। ਅੰਗ੍ਰੇਜ਼ਾਂ ਨੇ 'ਸਰਦਾਰ' ਦਾ ਖਿਤਾਬ ਦੇਣਾ ਅਰੰਭ ਕਰਕੇ, ਇਸ ਸ਼ਬਦ ਦਾ ਸਤਿਕਾਰ ਹੋਰ ਵੀ ਵਧਾ ਦਿੱਤਾ ਸੀ।

ਜਿਹੜਾ ਘੋਰ ਸੰਕਟ ਵਿਚ ਵੀ ਚੜ੍ਹਦੀ ਕਲਾ ਵਿਚ ਰਹੇ, ਉਸ ਨੂੰ ਸਰਦਾਰ ਕਹਿੰਦੇ ਹਨ। ਸਰਦਾਰ ਇਕੱਲਾ ਵੀ ਭੀੜ ਨਾਲ ਲੜ ਸਕਦਾ ਹੈ। ਸਰਦਾਰ ਮਰ ਜਾਵੇਗਾ ਪਰ ਮੈਦਾਨ ਵਿਚੋਂ ਦੌੜੇਗਾ ਨਹੀਂ, ਕਿਉਂਕਿ ਸਰਦਾਰ ਨੇ ਗੁਰੂ ਗੋਬਿੰਦ ਸਿੰਘ ਦੀ ਸ਼ਾਬਾਸ਼ ਲੈਣੀ ਹੁੰਦੀ ਹੈ।

ਸਮਾਜ ਨੂੰ ਤੰਦਰੁਸਤ ਅਤੇ ਤਗੜਾ ਕਰਨ ਦਾ ਕਾਰਜ ਚੜ੍ਹਦੀਕਲਾ ਵਾਲੇ ਹੀ ਕਰਦੇ ਹਨ। ਢਹਿੰਦੀ ਕਲਾ ਵਾਲਿਆਂ ਨੇ ਅਜੇ ਤੱਕ ਨਾ ਕੋਈ ਕਾਢ ਕੱਢੀ ਹੈ, ਨਾ ਕਿਸੇ ਕੰਮ ਦਾ ਨਵਾਂ ਢੰਗ-ਤਰੀਕਾ ਸਿਰਜਿਆ ਹੈ, ਨਾ ਹੀ ਕੋਈ ਸਮੱਸਿਆ ਹੱਲ ਕੀਤੀ ਹੈ ਅਤੇ ਨਾ ਹੀ ਕੋਈ ਨਵਾਂ ਵਿਚਾਰ ਦਿੱਤਾ ਹੈ।

ਚੜ੍ਹਦੀ ਕਲਾ ਵਾਲੇ ਬਹੁਤੀਆਂ ਹਾਲਤਾਂ ਵਿਚ ਸਹੀ ਸਾਬਤ ਹੁੰਦੇ ਹਨ, ਜਦੋਂ ਕਿ ਢਹਿੰਦੀ ਕਲਾ ਵਾਲੇ ਵਿਅਕਤੀ ਸਾਰੀਆਂ ਹਾਲਤਾਂ ਵਿਚ ਗ਼ਲਤ ਸਾਬਤ ਹੁੰਦੇ ਹਨ।

ਆਪਣੇ ਕਰਤਵ ਦਾ ਪਾਲਣ ਕਰਨ ਵਾਲਾ ਮਨੁੱਖ, ਸਮਾਜ ਜਾਂ ਸੰਸਾਰ ਨਾਲ ਅਸੰਤੁਸ਼ਟ ਹੋ ਹੀ ਨਹੀਂ ਸਕਦਾ।

ਢਹਿੰਦੀ ਕਲਾ ਵਾਲੇ ਵਿਅਕਤੀ ਗੁੰਝਲਦਾਰ ਹੁੰਦੇ ਹਨ ਜਦੋਂ ਕਿ ਚੜ੍ਹਦੀ ਕਲਾ ਵਾਲੇ ਬੰਦੇ ਪ੍ਰਸੰਨ, ਖੁਲ੍ਹੇ, ਸਿੱਧੇ ਅਤੇ ਸਪੱਸ਼ਟ ਹੁੰਦੇ ਹਨ ਅਤੇ ਇਹ ਗਿਲ੍ਹਤਿਆਂ ਦੇ ਟੁੱਟ ਜਾਣ ਦਾ ਮਾਤਮ, ਦੋਸਤੀਆਂ ਦੇ ਮੁੱਕ ਜਾਣ ਦਾ ਸੋਗ, ਵਿਛੋੜਿਆਂ ਦੀ ਚੀਸ, ਰੁੱਸ ਕੇ ਚਲੇ ਗਿਆਂ ਦਾ ਸੰਤਾਪ, ਖਿੜੇ ਮੱਥੇ ਬਰਦਾਸ਼ਤ ਕਰਦੇ ਹਨ।

ਇਹ ਡੋਲਦੇ ਨਹੀਂ, ਸਥਿਰ ਰਹਿੰਦੇ ਹਨ।

ਤੁਹਾਡੀਆਂ ਸ਼ਿਕਾਇਤਾਂ ਕਿਤਨੀਆਂ ਪੁਰਾਣੀਆਂ ਹਨ, ਉਨ੍ਹਾਂ ਤੋਂ ਪਤਾ ਲੱਗੇਗਾ ਕਿ ਤੁਹਾਡੇ ਵਿਚ ਮੁਆਫ਼ ਕਰਨ ਅਤੇ ਅਣਡਿੱਠ ਕਰਨ ਅਤੇ ਚੜ੍ਹਦੀ ਕਲਾ ਵਿਚ ਰਹਿਣ ਦੀ ਸ਼ਕਤੀ ਕਿਤਨੀ ਹੈ।

ਮੇਰੀ ਪਤਨੀ ਦੀ ਇਕ ਵਿਦਿਆਰਥਣ ਵਿਆਹ ਮਗਰੋਂ ਕੁਝ ਮਹੀਨਿਆਂ ਵਿਚ ਹੀ ਵਿਧਵਾ ਹੋ ਗਈ। ਉਹ ਦਸ ਰਹੀ ਸੀ: ਮੈਂ ਉਦਾਸ ਹਾਂ, ਮੇਰੇ ਦਿਲ ਨੂੰ ਡੋਬ ਪੈਂਦੇ ਹਨ। ਉਸ ਨੂੰ ਕਿਹਾ ਗਿਆ: ਤੂੰ ਵਿਆਹ ਕਰਵਾ ਲੈ। ਕਹਿਣ ਲੱਗੀ: ਇਵੇਂ ਲੋਕ ਚੰਗਾ ਨਹੀਂ ਸਮਝਣਗੇ? ਜਦੋਂ ਪੁੱਛਿਆ ਕੀ ਹੁਣ ਲੋਕ ਚੰਗਾ ਸਮਝਦੇ ਹਨ? ਕਹਿਣ ਲੱਗੀ: ਹੁਣ ਲੋਕ ਸੋਚਦੇ ਹਨ ਕਿ ਮੈਂ ਇਕ ਚੰਗੀ ਇਸਤਰੀ ਹਾਂ।

ਇਹ ਦੁਚਿੱਤੀ ਦੀ ਸਥਿਤੀ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਉਹ ਚੰਗੀ ਹੈ ਪਰ ਉਸ ਨੂੰ ਆਪਣੀਆਂ ਨਜ਼ਰਾਂ ਵਿਚ ਆਪਣੇ ਚੰਗੇ ਹੋਣ ਦਾ, ਪ੍ਰਸੰਨ ਹੋਣ ਦਾ ਅਹਿਸਾਸ ਨਹੀਂ ਹੈ।

ਦੁਚਿੱਤੀ ਵਾਂਗ ਹੀ ਕਈ ਘਟਨਾਵਾਂ ਸਾਨੂੰ ਡਾਵਾਂਡੋਲ ਕਰਦੀਆਂ ਹਨ। ਮੇਰੀ ਇਕ ਵਿਦਿਆਰਥਣ ਦੱਸ ਰਹੀ ਸੀ: ਵਿਛੜਨ ਤੋਂ ਵੀਹ ਵਰ੍ਹੇ ਮਗਰੋਂ ਅਚਾਨਕ ਇਕ ਦਿਨ ਮੇਰੇ ਵਿਦਿਆਰਥੀ-ਜੀਵਨ ਵਿਚ ਰਹਿ ਚੁੱਕੇ ਪ੍ਰੇਮੀ ਦਾ ਖ਼ਤ ਆਇਆ, ਲਿਖਿਆ ਸੀ: ਬੜੀ ਯਾਦ ਆਉਂਦੀ ਹੈ, ਮੈਂ ਇਕ ਵਾਰੀ ਮਿਲਣਾ ਚਾਹੁੰਦਾ ਹਾਂ। ਸੋਚਿਆ, ਜਵਾਬ ਦੇਵਾਂ ਕਿ ਨਾ। ਕਈ ਦਿਨ ਮੈਂ ਸੋਚਦੀ ਰਹੀ। ਉਹ ਪੁਰਾਣੀਆਂ ਯਾਦਾਂ ਜਾਗ ਪਈਆਂ, ਜਦੋਂ ਮੈਂ ਹਰ ਵੇਲੇ ਇਹੀ ਸੋਚਿਆ ਕਰਦੀ ਸਾਂ ਕਿ ਉਸ ਨੂੰ ਚੰਗੀ ਲਗਣ ਵਾਸਤੇ ਮੈਂ ਕੀ ਪਹਿਨਾਂ ਤੇ ਕੀ ਬੋਲਾਂ ਪਰ ਇਕ ਦਿਨ ਉਹ ਅਚਾਨਕ ਮੇਰੇ ਰਾਹਾਂ ਵਿਚੋਂ ਟੁਰ ਗਿਆ। ਉਸ ਦੇ ਇਸ ਵਿਹਾਰ ਕਾਰਨ ਮੈਂ ਢਹਿੰਦੀ ਕਲਾ ਵਿਚ ਸਾਂ, ਆਤਮਘਾਤ ਵੀ ਕਰਨਾ ਚਾਹਿਆ ਸੀ। ਹੁਣ ਜਦੋਂ ਖ਼ਤ ਆਇਆ ਤਾਂ ਮੈਂ ਕਈ ਦਿਨ ਭੁਲੀ ਰਹੀ ਕਿ ਹੁਣ ਮੈਂ ਚਾਲ੍ਹੀ ਸਾਲਾਂ ਦੀ ਹਾਂ। ਮੇਰਾ ਪਤੀ ਇਕ ਸੁਹਿਰਦ, ਜ਼ਿੰਮੇਵਾਰ ਪੁਰਸ਼ ਹੈ, ਸਿਰ ਉਤੇ ਸੁਖਦਾਈ ਛੱਤ ਹੈ, ਜੀਵਨ ਵਿਚ ਰੌਣਕ ਭਰਨ ਵਾਲੇ ਬੱਚੇ ਹਨ। ਖਿਆਲ ਆਇਆ ਕਿ ਵੇਖਾਂ, ਉਹ ਕਿਵੇਂ ਹੈ ਅਤੇ ਜਾਣਾ ਕਿ ਜੇ ਅਸੀਂ ਇਕੱਠੇ ਹੁੰਦੇ ਤਾਂ ਚੰਗੇ ਰਹਿੰਦੇ ਜਾਂ ਜਿਵੇਂ ਹੁਣ ਹਾਂ, ਉਵੇਂ ਠੀਕ ਹੈ। ਸੋਚਿਆ ਯਾਦ ਕਰਨ ਦਾ ਧੰਨਵਾਦ ਲਿਖ ਦਿਆਂ। ਫਿਰ ਖਿਆਲ ਆਇਆ, ਇਕ ਵਾਰੀ ਮਿਲਣ ਵਿਚ ਕੀ ਹਰਜ ਹੈ ਪਰ ਮੈਂ ਫ਼ੈਸਲਾ ਨਾ ਕਰ ਸਕੀ।

ਇਨ੍ਹਾਂ ਦਿਨਾਂ ਵਿਚ, ਇਕ ਦਿਨ ਅਚਾਨਕ ਮੇਰੇ ਪਤੀ ਨੇ ਘਰ ਆ ਕੇ, ਪੱਗ ਲਾਹ ਕੇ, ਆਪਣੇ ਨੰਗੇ ਸਿਰ ਨੂੰ ਢੱਕਣ ਲਈ, ਸਿਰ ਉਤੇ ਮੇਰੀ ਚੁੰਨੀ ਲਪੇਟ ਲਈ। ਮੈਨੂੰ ਮਹਿਸੂਸ ਹੋਇਆ, ਜਿਵੇਂ ਉਸ ਚੁੰਨੀ ਰਾਹੀਂ, ਉਸ ਨੇ ਮੈਨੂੰ ਆਪਣੇ ਸਿਰ ਤੇ ਬੈਠਾ ਲਿਆ ਸੀ। ਉਸ ਦੇ ਅਜਿਹਾ ਕਰਨ ਨੇ ਮੇਰੀਆਂ ਸੋਚਾਂ ਵਿਚ ਧੁੰਦਲੇ ਅਤੀਤ ਦੀ ਥਾਂ, ਸਾਫ਼ ਭਵਿੱਖ ਸਜਾ ਦਿੱਤਾ ਅਤੇ ਮੈਂ ਫ਼ੈਸਲਾ ਕਰ ਲਿਆ ਕਿ ਮੈਂ ਹੁਣ ਅਤੀਤ ਨਹੀਂ ਫਰੋਲਾਂਗੀ ਅਤੇ ਮੈਂ ਭਵਿੱਖ ਦੀਆਂ ਜ਼ਿੰਮੇਵਾਰੀਆਂ ਦੇ ਪੱਖ ਵਿਚ ਵੋਟ ਪਾ ਦਿੱਤੀ।

ਜਦੋਂ ਮਨ ਫੈਸਲਾ ਕਰ ਲਵੇ ਤਾਂ ਮਨ ਸ਼ਾਂਤ ਹੋ ਜਾਂਦਾ ਹੈ, ਜਦੋਂ ਮਨ ਅਟੱਲ ਫੈਸਲਾ ਕਰ ਲਵੇ ਤਾਂ ਮਨ ਨਿਸ਼ਚਿੰਤ ਹੋ ਜਾਂਦਾ ਹੈ। ਆਪਣੀਆਂ ਖੁਸ਼ੀਆਂ ਨੂੰ ਪਰਿਵਾਰ ਤੋਂ ਵਾਰ ਦੇਣਾ, ਚੜ੍ਹਦੀ ਕਲਾ ਦਾ ਸਬੂਤ ਹੁੰਦਾ ਹੈ।

ਜੇ ਪਰਿਵਾਰ ਨਾਲ ਹੋਵੇ ਤਾਂ ਮਨੁੱਖ ਹਰ ਮੁਸੀਬਤ ਦਾ ਸਾਹਮਣਾ ਕਰ ਲੈਂਦਾ ਹੈ ਅਤੇ ਜੇ ਨਾਲ ਨਾ ਹੋਵੇ ਤਾਂ ਪਰਿਵਾਰ ਹੀ ਮੁਸੀਬਤ ਬਣ ਜਾਂਦਾ ਹੈ।

ਜਿਸ ਰਿਸ਼ਤੇ ਵਿਚ ਪਰਸਪਰ ਸਤਿਕਾਰ ਨਹੀਂ ਹੁੰਦਾ, ਉਸ ਰਿਸ਼ਤੇ ਨੂੰ ਝਗੜਾ

ਕਹਿੰਦੇ ਹਨ। ਪਰੰਪਰਾ ਦਾ ਅਧਿਕ ਪੱਖ ਪੂਰਨ ਵਾਂਗ ਹੀ, ਪਰਿਵਰਤਨ ਦਾ ਵਿਰੋਧ ਕਰਨਾ ਵੀ ਝਗੜੇ ਦਾ ਆਧਾਰ ਬਣ ਜਾਂਦਾ ਹੈ।

ਪਰਿਵਰਤਨ ਦੁੱਖੀ ਕਰਦਾ ਹੈ ਪਰ ਪਰਿਵਰਤਨ ਤੋਂ ਮੂੰਹ ਮੋੜਨਾ, ਦੁੱਖ ਨਾਲੋਂ ਵੀ ਵੱਡੀ ਨਿਰਾਸਤਾ ਉਪਜਾਉਂਦਾ ਹੈ।

ਜੀਵਨ ਵਿਚ ਦੁੱਖ ਲਾਜ਼ਮੀ ਹਨ ਪਰ ਦੁੱਖੀ ਹੋਣਾ ਆਪਸ਼ਨਲ ਹੈ।

ਢਹਿੰਦੀ ਕਲਾ ਵਿਅਕਤੀਗਤ ਅਨੁਭਵ ਹੈ, ਰੋਣ ਵਰਗਾ; ਜਦੋਂ ਕਿ ਚੜ੍ਹਦੀ ਕਲਾ ਸਾਂਝਾ ਅਨੁਭਵ ਹੈ, ਜੋੜ-ਮੇਲੇ ਵਰਗਾ।

ਵੇਖਿਆ ਗਿਆ ਹੈ ਕਿ ਹਰ ਕੋਈ ਸਵੇਰੇ ਛੇ ਵਜੇ ਉੱਠਦਾ ਹੈ। ਚੜ੍ਹਦੀ ਕਲਾ ਵਾਲਿਆਂ ਦੇ ਸਵੇਰੇ ਪੰਜ ਵਜੇ ਹੀ, ਛੇ ਵੱਜ ਜਾਂਦੇ ਹਨ ਜਦੋਂ ਕਿ ਢਹਿੰਦੀ ਕਲਾ ਵਾਲਿਆਂ ਦੇ ਨੌਂ ਵਜੇ, ਛੇ ਵਜਦੇ ਹਨ। ਜਿਹੜੇ ਨੌਂ ਵਜੇ ਜਾਗਦੇ ਹਨ, ਉਹ ਕਿਸੇ ਦੀ ਸੇਵਾ ਨਹੀਂ ਕਰਨਗੇ, ਉਹ ਹਰ ਕਿਸੇ ਤੋਂ ਸੇਵਾ ਕਰਵਾਉਣਗੇ।

ਚੜ੍ਹਦੀ ਕਲਾ ਖੁਸ਼ਹਾਲੀ ਦਾ ਵਸੀਲਾ ਹੈ। ਤੁਹਾਨੂੰ ਕੋਈ ਅਜਿਹਾ ਵਿਅਕਤੀ ਨਹੀਂ ਲੱਭੇਗਾ, ਜਿਹੜਾ ਚੜ੍ਹਦੀ ਕਲਾ ਵਿਚ ਹੋਵੇ ਅਤੇ ਗਰੀਬ ਹੋਵੇ।

ਜੀਵਨ ਲਈ ਧਨ ਜ਼ਰੂਰੀ ਹੈ, ਆਪ ਕਮਾਓ ਅਤੇ ਸਾਂਭੋ, ਕਿਉਂਕਿ ਧਨ ਸਿਹਤ, ਸ਼ਕਤੀ, ਇੱਜ਼ਤ ਅਤੇ ਸਵੈਮਾਣ ਦਾ ਆਧਾਰ ਹੈ। ਧਨ ਦੀ ਅਣਹੋਂਦ ਵਿਚੋਂ ਗਰੀਬੀ, ਬੀਮਾਰੀ, ਨਿਰਾਸਤਾ, ਕਮਜ਼ੋਰੀ ਅਤੇ ਬੇਇੱਜ਼ਤੀ ਹੀ ਉਪਜਦੀ ਹੈ।

ਸਵੇਰੇ ਸੈਰ ਕਰਨ ਨਾਲ ਹੀ ਚੜ੍ਹਦੀ ਕਲਾ ਦਾ ਅਰੰਭ ਹੋ ਜਾਂਦਾ ਹੈ।

ਨਿੰਦਾ-ਮੁਕਤ ਅਤੇ ਪ੍ਰਸੰਨ-ਚਿੱਤ ਹੋ ਕੇ ਸੈਰ ਕਰੋ, ਸਰੀਰ ਅਤੇ ਮਨ ਦੋਵੇਂ ਵਧਾਈ ਦੇਣਗੇ। ਢਹਿੰਦੀ ਕਲਾ ਵਿਚ ਕੁਝ ਟੁੱਟ ਜਾਂਦੇ ਹਨ ਅਤੇ ਕਈ ਮੁੜ ਚੜ੍ਹਦੀ ਕਲਾ ਵਿਚ ਹੋ ਕੇ ਸਾਰੇ ਰੀਕਾਰਡ ਤੋੜ ਦਿੰਦੇ ਹਨ।

ਚੜ੍ਹਦੀ ਕਲਾ ਵਾਲਾ ਸਾਰਾ ਸਾਮਾਨ ਸਾਡੇ ਕੋਲ ਹੈ, ਕੁਦਰਤ ਨੇ ਸਭ ਕੁਝ ਮੁਫ਼ਤ ਦਿੱਤਾ ਹੋਇਆ ਹੈ, ਚਾਅ ਅਤੇ ਰੀਝ ਨਾਲ ਜੀਵੋ।

ਜਿਵੇਂ ਬੱਤੀ ਜਗਣ ਨਾਲ ਚਾਨਣ ਦਾ ਹੜ੍ਹ ਆ ਜਾਂਦਾ ਹੈ, ਉਵੇਂ ਹੀ ਤੁਹਾਡੀ ਹਾਜ਼ਰੀ ਨਾਲ, ਚੜ੍ਹਦੀ ਕਲਾ ਦਾ ਭਾਂਬੜ ਬਲਣਾ ਚਾਹੀਦਾ ਹੈ।

ਅਸੀਂ ਆਪ ਹੀ ਚੜ੍ਹਦੀ ਕਲਾ ਵਿਚ ਨਹੀਂ ਹੋਣਾ, ਆਪਣੇ ਪਰਿਵਾਰ ਅਤੇ ਸਮਾਜ ਨੂੰ ਵੀ ਚੜ੍ਹਦੀ ਕਲਾ ਵਿਚ ਕਰਨਾ ਹੈ ਅਤੇ ਚੜ੍ਹਦੀ ਕਲਾ ਦਾ ਵਾਤਾਵਰਣ ਉਸਾਰਨਾ ਹੈ। ਆਲਸ ਤਿਆਗਣਾ ਹੈ, ਹਿੰਮਤਾਂ ਪਹਿਨਣੀਆਂ ਹਨ।

ਹੁਣ ਤੋਂ ਮਗਰੋਂ, ਜਦੋਂ ਵੀ ਕੋਈ ਪੁੱਛੇ: ਕੀ ਹਾਲ ਹੈ? ਤਾਂ ਗੱਜ ਕੇ ਕਹਿਣਾ ਹੈ: ਚੜ੍ਹਦੀ ਕਲਾ!

* * *

ਲਿਖਾਈ ਅਤੇ ਲਿਖਣਾ

ਜੋ ਸੋਚੇਗਾ, ਉਹ ਲਿਖੇਗਾ; ਜੋ ਲਿਖੇਗਾ, ਉਹ ਆਪਣੇ ਵੇਖੇ, ਸਮਝੇ, ਸੁਣੇ ਅਤੇ ਪੜ੍ਹੇ ਦੀ ਗਵਾਹੀ ਦੇਵੇਗਾ।

ਹਰ ਪੜ੍ਹੇ-ਲਿਖੇ ਵਿਅਕਤੀ ਦੀ ਲਿਖਾਈ ਵੱਖਰੀ ਹੁੰਦੀ ਹੈ, ਇਸ ਤੱਥ ਕਾਰਨ ਹੀ ਦਸਤਾਵੇਜ਼ਾਂ 'ਤੇ ਹਸਤਾਖਰ ਕਰਵਾਏ ਜਾਂਦੇ ਹਨ।

ਲਿਖਣਾ ਹੁਨਰ ਹੈ, ਚੰਗਾ ਲਿਖਣਾ ਕਲਾ ਹੈ।

ਹਰ ਕਿਸੇ ਦੀ ਲਿਖਾਈ, ਉਸ ਦੀ ਵੱਖਰੀ ਸ਼ਖ਼ਸੀਅਤ ਕਾਰਨ ਅਨੇਕਾਂ ਨਿਵੇਕਲੇ ਲੱਛਣਾਂ ਦਾ ਜੋੜ-ਮੇਲ ਹੁੰਦੀ ਹੈ। ਹਰੇਕ ਵਿਅਕਤੀ ਦੀ ਬੌਧਿਕ ਅਤੇ ਭਾਵਕ ਯੋਗਤਾ ਅਤੇ ਸਮਰੱਥਾ ਦਾ ਮਿਆਰ, ਉਸ ਦੀ ਲਿਖਾਈ ਤੋਂ ਪਛਾਣਿਆ ਜਾ ਸਕਦਾ ਹੈ। ਵਿਅਕਤੀ ਦੀ ਸ਼ਖ਼ਸੀਅਤ ਅਤੇ ਉਸ ਦੀ ਲਿਖਾਈ ਇਕ-ਦੂਜੀ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਜਿਨ੍ਹਾਂ ਦੀ ਲਿਖਾਈ ਵਿਚ ਇਕਸਾਰਤਾ, ਤਾਲ-ਮੇਲ, ਰਵਾਨੀ, ਸੁੰਦਰਤਾ ਅਤੇ ਰਫ਼ਤਾਰ ਨਹੀਂ ਹੁੰਦੀ, ਉਨ੍ਹਾਂ ਦੇ ਵਿਹਾਰ ਵਿਚ ਵੀ ਇਹ ਲੱਛਣ ਨਹੀਂ ਹੁੰਦੇ।

ਲਿਖਣ ਦਾ ਕਾਰਜ ਚਲਦਾ ਸਾਰਾ ਜੀਵਨ ਹੈ, ਪਰ ਇਸ ਕਾਰਜ ਨੂੰ ਅਪਨਾਇਆ ਅਤੇ ਸਿੱਖਿਆ ਬਚਪਨ ਵਿਚ ਜਾਂਦਾ ਹੈ। ਜਿਹੜਾ ਬੱਚਾ ਦੋ ਇੰਚ ਦਾ ਗੋਲ-ਚੱਕਰ ਵਾਹ ਸਕਦਾ ਹੈ, ਉਹ ਲਿਖਣਾ ਸਿਖਣ ਦੇ ਯੋਗ ਹੋ ਜਾਂਦਾ ਹੈ; ਆਪਣੇ ਤਸਮੇ ਬੰਨ੍ਹਣ ਅਤੇ ਬਟਨ ਬੰਦ ਕਰ ਸਕਣ ਵਾਲਾ ਬੱਚਾ, ਲਿਖਣ ਦੇ ਸਮੁੱਚੇ ਅਮਲ ਨੂੰ ਅਪਨਾਉਣ ਦੇ ਯੋਗ ਹੋ ਜਾਂਦਾ ਹੈ। ਜਿਹੜਾ ਬੱਚਾ ਉਲਝੇ ਹੋਏ ਲੰਮੇ ਧਾਗੇ ਨੂੰ ਸਿੱਧਾ ਕਰਕੇ ਗੋਲਾ ਬਣਾ ਸਕਦਾ ਹੈ, ਉਹ ਨਿਤਾ-ਪ੍ਰਤੀ ਦੀਆਂ ਸਮੱਸਿਆਵਾਂ ਹੱਲ ਕਰਨ ਅਤੇ ਖ਼ਤ ਲਿਖਣ ਦੇ ਯੋਗ ਹੋ ਜਾਂਦਾ ਹੈ।

ਆਲੇ-ਦੁਆਲੇ ਵਿਚੋਂ ਵੇਖੇ ਆਕਾਰ ਅਤੇ ਮੂਰਤਾਂ ਬੱਚੇ ਨੂੰ ਲਿਖਣ ਵਿਚ ਸਹਾਈ ਹੁੰਦੀਆਂ ਹਨ। ਲਿਖਣ ਸਮੇਂ ਬੱਚਾ ਹੱਥਾਂ ਅਤੇ ਅੱਖਾਂ ਦੇ ਤਾਲ-ਮੇਲ ਨਾਲ ਆਲੇ ਦੁਆਲੇ ਦੇ ਸੰਸਾਰ ਨਾਲ ਵੀ ਤਾਲ-ਮੇਲ ਉਸਾਰਦਾ ਹੈ। ਆਲੇ-ਦੁਆਲੇ ਵਿਚ ਵੇਖੇ ਆਕਾਰਾਂ ਨੂੰ ਬੱਚਾ ਆਪਣੀ ਬੁੱਧੀ ਰਾਹੀਂ ਤਰਤੀਬ ਦਿੰਦਾ ਹੈ ਅਤੇ ਉਸ ਨੂੰ ਪਹਿਲਾਂ ਬੋਲਣ ਰਾਹੀਂ ਅਤੇ ਮਗਰੋਂ ਲਿਖਣ ਰਾਹੀਂ ਪ੍ਰਗਟਾਉਂਦਾ ਹੈ। ਜਿਉਂ-ਜਿਉਂ ਬੱਚੇ ਦੀ ਲਿਖਾਈ ਨਿਖਰਦੀ ਹੈ, ਤਿਉਂ-ਤਿਉਂ ਉਸ ਦੇ ਵਿਹਾਰ ਵਿਚ ਵੀ ਤਾਲ-ਮੇਲ ਅਤੇ ਖੁਲਾਸਾਪਣ ਆਉਂਦਾ ਹੈ। ਜਿਉਂ-ਜਿਉਂ ਬੱਚੇ ਦਾ ਅਨੁਭਵ ਵੱਧਦਾ ਹੈ, ਤਿਉਂ-ਤਿਉਂ ਉਸ ਦੀ ਸ਼ਬਦਾਵਲੀ ਵੱਧਦੀ ਹੈ, ਜਿਹੜੀ ਅੱਗੋਂ ਅਨੁਭਵ ਨੂੰ ਹੋਰ ਵਿਸ਼ਾਲ ਕਰਦੀ ਹੈ ਅਤੇ ਉਸ ਦੀ ਯਾਦ-ਸ਼ਕਤੀ ਨੂੰ ਵਧਾਉਂਦੀ ਹੈ।

ਸਭ ਕੁਝ ਕਿਸੇ ਲਈ ਵੀ ਯਾਦ ਰੱਖਣਾ ਸੰਭਵ ਨਹੀਂ ਹੁੰਦਾ, ਸੋ ਭਰਪੂਰ ਜੀਵਨ ਜਿਉਣ ਲਈ ਲਿਖਣਾ ਜ਼ਰੂਰੀ ਅਮਲ ਹੈ। ਅਸੀਂ ਸੁਣਦੇ ਹਾਂ, ਸੂਚਨਾ ਪ੍ਰਾਪਤ ਕਰਨ ਲਈ ਅਤੇ ਬੋਲਦੇ ਹਾਂ, ਸੂਚਨਾ ਦੇਣ ਲਈ। ਅਨਪੜ੍ਹ ਵਿਅਕਤੀ ਕੋਲ ਇਹ ਦੋ ਸਾਧਨ ਹੀ ਹੁੰਦੇ ਹਨ, ਜਦੋਂ ਕਿ ਪੜ੍ਹੇ-ਲਿਖੇ ਵਿਅਕਤੀ ਕੋਲ ਸੂਚਨਾ ਪ੍ਰਾਪਤ ਕਰਨ ਲਈ, ਸੁਣਨ ਦੇ ਨਾਲ ਪੜ੍ਹਨ ਅਤੇ ਸੂਚਨਾ ਦੇਣ ਲਈ, ਬੋਲਣ ਦੇ ਨਾਲ ਲਿਖਣ ਦੇ ਸਾਧਨ ਵੀ ਹੁੰਦੇ ਹਨ। ਹਰੇਕ ਭਾਸ਼ਾ ਨੂੰ ਸਿੱਖਣ ਦੇ ਚਾਰ ਪੜਾਓ ਹੁੰਦੇ ਹਨ: ਸਮਝ ਸਕਣਾ, ਬੋਲ ਸਕਣਾ, ਪੜ੍ਹ ਸਕਣਾ ਅਤੇ ਲਿਖ ਸਕਣਾ। ਜਦੋਂ ਤਕ ਅਸੀਂ ਕਿਸੇ ਭਾਸ਼ਾ ਵਿਚ ਲਿਖਣਾ ਨਹੀਂ ਸਿੱਖਦੇ, ਅਸੀਂ ਉਸ ਭਾਸ਼ਾ ਦੇ ਮਾਹਿਰ ਨਹੀਂ ਬਣ ਸਕਦੇ, ਕਿਉਂਕਿ ਲਿਖਣ ਵਿਚ ਸੁਣਿਆ, ਬੋਲਿਆ ਅਤੇ ਪੜ੍ਹਿਆ ਸਾਰੇ ਪੱਖ ਆ ਜਾਂਦੇ ਹਨ। ਲਿਖਣਾ ਸਿੱਖਣ ਲਈ ਸਕੂਲ ਜਾਣਾ ਪੈਂਦਾ ਹੈ, ਜਿਥੇ ਸਾਨੂੰ ਪੜ੍ਹਨ ਅਤੇ ਲਿਖਣ ਦੋਹਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਿਖਲਾਈ ਨਾਲ ਅਸੀਂ ਥੋੜ੍ਹੇ ਜਿਹੇ ਅਰਸੇ ਵਿਚ ਮਾਹਿਰ ਹੋ ਜਾਂਦੇ ਹਾਂ।

ਲਿਖਣ ਵਿਚ ਦਿਮਾਗ, ਅੱਖਾਂ, ਮੋਢੇ, ਬਾਹਵਾਂ, ਗੁੱਟ, ਅੰਗੂਠਾ, ਉਂਗਲਾਂ ਆਦਿ ਦੇ ਸੰਦਰਭ ਵਿਚ ਸਾਰਾ ਸਰੀਰ ਇਕ-ਸੁਰ ਹੋ ਜਾਂਦਾ ਹੈ ਅਤੇ ਹਰੇਕ ਚੀਜ਼ ਨੂੰ ਨੀਝ ਨਾਲ ਵੇਖਣ ਅਤੇ ਧਿਆਨ ਨਾਲ ਸਮਝਣ ਦੀ ਆਦਤ ਪੈਂਦੀ ਹੈ। ਹਰ ਕਿਸੇ ਨੂੰ ਆਲਾ-ਦੁਆਲਾ ਅਤੇ ਆਪਣਾ-ਆਪ ਵੱਖਰੇ-ਵੱਖਰੇ ਢੰਗ ਨਾਲ ਵਿਖਾਈ ਦਿੰਦਾ ਹੈ, ਇਹ ਵੱਖਰੇਵਾਂ, ਲਿਖਾਈ ਦਾ ਵੱਖਰੇਵਾਂ ਹੋ ਨਿਬੜਦਾ ਹੈ। ਹਰ ਕੋਈ ਆਪਣੀ ਲਿਖਾਈ ਆਪ ਨਿਰਧਾਰਤ ਕਰਦਾ ਹੈ। ਲਿਖਾਈ, ਸਿੱਖੀ ਅਤੇ ਸਿਖਾਈ ਜਾ ਸਕਦੀ ਹੈ ਪਰ ਇਸ ਵਿਚ ਫ਼ੈਸਲਾਕੁਨ ਰੋਲ ਸਾਡੀ ਆਪਣੀ ਸ਼ਖ਼ਸੀਅਤ ਨਿਭਾਉਂਦੀ ਹੈ। ਅਨੁਸ਼ਾਸਨ ਅਤੇ ਲਿਖਾਈ ਇਕ-ਦੂਜੇ ਨਾਲ ਨੇੜਿਓਂ ਜੁੜੇ ਹੋਏ ਹਨ। ਜਿਨ੍ਹਾਂ ਬੱਚਿਆਂ ਵਿਚ ਅਨੁਸ਼ਾਸਨ ਵਧੇਰੇ ਹੋਵੇਗਾ, ਉਹ ਨਾ ਕੇਵਲ ਲਿਖਣਾ ਜਲਦੀ ਸਿਖਣਗੇ, ਸਗੋਂ ਸੋਹਣਾ ਵੀ ਲਿਖਣਗੇ।

ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿਚ ਅਨੁਸ਼ਾਸਨ ਵਧੇਰੇ ਹੁੰਦਾ ਹੈ, ਇਹੀ ਕਾਰਨ ਹੈ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨਾ ਕੇਵਲ ਲਿਖਣਾ ਜਲਦੀ ਸਿੱਖਦੀਆਂ ਹਨ, ਉਹ ਸਲੀਕਾ ਵਧੇਰੇ ਹੋਣ ਅਤੇ ਹੋਰ ਸੋਹਣੇ ਲਗਣ ਦੀ ਇੱਛਾ ਕਾਰਨ, ਸੋਹਣਾ ਵੀ ਲਿਖਦੀਆਂ ਹਨ। ਲੜਕੀਆਂ ਵਧੇਰੇ ਹੀ ਨਹੀਂ ਲਿਖਦੀਆਂ, ਉਹ ਲੜਕਿਆਂ ਨਾਲੋਂ ਤੇਜ਼ ਵੀ ਲਿਖਦੀਆਂ ਹਨ। ਲੜਕੀਆਂ ਲਿਖਣ ਨੂੰ, ਪੜ੍ਹਨ ਨਾਲੋਂ ਵਧੇਰੇ ਮਹੱਤਵਪੂਰਨ ਸਮਝਦੀਆਂ ਹਨ। ਉਹ ਲਿਖਣ ਰਾਹੀਂ ਆਪ਼ਣੀ ਸ਼ਖ਼ਸੀਅਤ ਪ੍ਰਗਟਾਉਂਦੀਆਂ ਹਨ।

ਜਿਹੜਾ ਲਿਖਣ ਨੂੰ ਮਹੱਤਵਪੂਰਨ ਸਮਝਦਾ ਹੈ, ਉਹ ਲਿਖਣ ਵੱਲ ਵਧੇਰੇ ਧਿਆਨ ਦਿੰਦਾ ਹੈ ਅਤੇ ਉਹ ਉਦੋਂ ਤੱਕ ਆਪਣੀ ਲਿਖਾਈ ਸੰਵਾਰਦਾ ਰਹਿੰਦਾ

ਹੈ, ਜਦੋਂ ਤੱਕ ਉਸ ਦੀ ਲਿਖਣ ਦੀ ਮੁਹਾਰਤ ਅਤੇ ਲਿਖਾਈ ਸੰਤੋਖਜਨਕ ਪੱਧਰ 'ਤੇ ਨਹੀਂ ਅਪੜ ਜਾਂਦੀ ਅਤੇ ਉਸ ਨੂੰ ਆਪ ਸੋਹਣੀ ਨਹੀਂ ਲਗਣ ਲਗ ਜਾਂਦੀ।

ਚੰਗੀ ਲਿਖਾਈ ਵਾਲੇ ਦੀ ਪ੍ਰਸੰਸਾ ਹੁੰਦੀ ਹੈ ਅਤੇ ਸੋਹਣੀ ਲਿਖਾਈ ਵਾਲੇ ਨੂੰ ਆਪਣੀ ਲਿਖਾਈ ਦਾ ਮਾਣ ਹੁੰਦਾ ਹੈ। ਪਤੀ-ਪਤਨੀ ਵਿਚੋਂ ਜਿਸ ਦੀ ਲਿਖਾਈ ਚੰਗੀ ਹੁੰਦੀ ਹੈ, ਉਸ ਨੂੰ ਇਸ ਗੱਲ ਦਾ ਮਾਣ ਹੁੰਦਾ ਹੈ।

ਲਿਖਣਾ ਇਕ ਜਟਿਲ ਕਾਰਜ ਹੈ। ਇਸ ਦਾ ਮੁੱਢ ਸਿਖਲਾਈ ਨਾਲ ਬਝਦਾ ਹੈ, ਇਵੇਂ ਇਹ ਇਕ ਸਿੱਖਿਆ ਹੋਇਆ ਹੁਨਰ ਹੈ, ਜਿਸ ਨੂੰ ਸੁਨੇਹਿਆਂ ਦੇ ਆਦਾਨ-ਪ੍ਰਦਾਨ ਲਈ ਵਿਸ਼ਵ-ਪੱਧਰ 'ਤੇ ਵਰਤਿਆ ਜਾਂਦਾ ਹੈ।

ਚੰਗੀ ਲਿਖਾਈ ਰਾਹੀਂ ਲਿਖੀ ਗਲ ਦਾ ਮਹੱਤਵ ਵੱਧ ਜਾਂਦਾ ਹੈ।

ਵਿਸ਼ਵ ਵਿਚ ਮਨੁੱਖ ਨੇ ਵਿਸ਼ਵ-ਪੱਧਰ ਦੇ, ਤਿੰਨ ਮਹਾਨ ਵਟਾਂਦਰੇ ਸੰਭਵ ਬਣਾਏ ਹਨ: ਇਸਤਰੀਆਂ ਦਾ ਵਟਾਂਦਰਾ, ਵਸਤਾਂ ਦਾ ਵਟਾਂਦਰਾ ਅਤੇ ਸੁਨੇਹਿਆਂ-ਸੂਚਨਾਵਾਂ ਦਾ ਵਟਾਂਦਰਾ।

ਇਸਤਰੀਆਂ ਦਾ ਵਟਾਂਦਰਾ ਵਿਆਹ ਰਾਹੀਂ ਹੁੰਦਾ ਹੈ, ਧੀਆਂ ਦਿੱਤੀਆਂ ਜਾਂਦੀਆਂ ਹਨ, ਨੂੰਹਾਂ ਲਿਆਈਆਂ ਜਾਂਦੀਆਂ ਹਨ। ਸਮੁੱਚਾ ਰਿਸ਼ਤਾ-ਨਾਤਾ ਪ੍ਰਬੰਧ, ਇਸ ਵਟਾਂਦਰੇ ਵਿਚੋਂ ਉਸਰਦਾ ਹੈ। ਵਸਤਾਂ ਦੇ ਵਟਾਂਦਰੇ ਨੂੰ ਵਪਾਰ ਕਹਿੰਦੇ ਹਨ, ਜਿਹੜਾ ਵਿਸ਼ਵ-ਵਿਆਪੀ ਵਰਤਾਰਾ ਬਣ ਗਿਆ ਹੈ। ਸੁਨੇਹਿਆਂ ਜਾਂ ਸੂਚਨਾਵਾਂ ਦੇ ਵਟਾਂਦਰੇ ਰਾਹੀਂ ਸਮਾਜਿਕ, ਸਭਿਆਚਾਰਕ, ਰਾਜਨੀਤਕ ਆਦਿ ਜੀਵਨ ਹੋਂਦ ਵਿਚ ਆਉਂਦਾ ਹੈ। ਸੂਚਨਾਵਾਂ ਤਿੰਨ ਢੰਗਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ; ਸ਼ਬਦਾਂ ਜਾਂ ਅੰਕੜਿਆਂ ਰਾਹੀਂ, ਅਵਾਜ਼ ਰਾਹੀਂ ਅਤੇ ਤਸਵੀਰਾਂ ਰਾਹੀਂ। ਇਨ੍ਹਾਂ ਦੇ ਦੋ ਮੁਖ ਮਾਧਿਅਮ ਹਨ; ਅੱਖਾਂ, ਪੜ੍ਹਨ-ਵੇਖਣ ਲਈ ਅਤੇ ਕੰਨ, ਸੁਣਨ-ਸਮਝਣ ਲਈ। ਜਦੋਂ ਵੀ ਕੋਈ ਕਿਸੇ ਨੂੰ ਮਿਲਦਾ ਹੈ, ਉਹ ਸੂਚਨਾ ਦਾ ਆਦਾਨ-ਪ੍ਰਦਾਨ ਕਰਦਾ ਹੈ। ਮਹੱਤਵਪੂਰਨ ਸੂਚਨਾ ਲਿਖ ਕੇ ਲਈ-ਦਿੱਤੀ ਜਾਂਦੀ ਹੈ। ਭਾਵੇਂ ਲਿਖਣ ਦੀਆਂ ਅਨੇਕਾਂ ਵਿਧੀਆਂ ਹਨ ਪਰ ਹੱਥਾਂ ਨਾਲ ਲਿਖਣ ਦਾ ਕਾਰਜ ਮਹੱਤਵਪੂਰਨ ਹੈ ਅਤੇ ਲਿਖਾਈ ਦਾ ਸੰਬੰਧ ਹੱਥਾਂ ਨਾਲ ਲਿਖਣ ਨਾਲ ਹੀ ਹੈ। ਲਿਖਣ ਸਮੇਂ ਬੁੱਧੀ ਕਾਰਜਸ਼ੀਲ ਹੁੰਦੀ ਹੈ ਅਤੇ ਸੋਚ ਨੂੰ ਸਪੱਸ਼ਟ ਰੂਪ ਦੇਣ ਲਈ, ਲਿਖਿਆ ਜਾਂਦਾ ਹੈ।

ਜਿਸ ਨੂੰ ਲਿਖਣਾ ਨਹੀਂ ਆਉਂਦਾ, ਉਸ ਨੂੰ ਟਾਈਪ ਕਰਨਾ ਵੀ ਨਹੀਂ ਆਉਂਦਾ ਕਿਉਂਕਿ ਟਾਈਪ ਕਰਨਾ ਲਿਖਣ ਦਾ ਹੀ ਵਿਸਥਾਰ ਹੁੰਦਾ ਹੈ।

ਲਿਖਣ ਰਾਹੀਂ ਸੋਚਣ ਅਤੇ ਪ੍ਰਗਟਾਉਣ ਵਿਚ ਸਪੱਸ਼ਟਤਾ ਆਉਂਦੀ ਹੈ। ਜਿਹੜੇ ਲਿਖਦੇ ਨਹੀਂ, ਉਹ ਸੋਚਦੇ ਵੀ ਨਹੀਂ। ਲਿਖਣ ਰਾਹੀਂ ਭੁਲੇਖੇ ਮਿਟਦੇ ਹਨ, ਵਿਵਾਦ ਘੱਟਦੇ ਹਨ, ਇਸੇ ਕਰਕੇ ਇਕਰਾਰਨਾਮੇ ਲਿਖਤੀ ਰੂਪ ਵਿਚ ਹੁੰਦੇ ਹਨ। ਸਪੱਸ਼ਟਤਾ ਲਿਆਉਣ ਦੇ ਉਦੇਸ਼ ਨਾਲ ਹੀ ਵਿਸ਼ਰਾਮ-ਚਿੰਨ ਵਰਤਣੇ ਆਰੰਭ

ਕੀਤੇ ਗਏ ਹਨ। ਤੇਜ਼ ਲਿਖਣ ਦੀ ਲੋੜ ਵਿਚੋਂ, ਸ਼ਾਰਟਹੈਂਡ ਦਾ ਨਿਰਮਾਣ ਹੋਇਆ ਹੈ। ਮਨੁੱਖ ਵਲੋਂ ਦੋਵੇਂ ਹੱਥਾਂ ਨਾਲ ਤੇਜ਼ ਅਤੇ ਸਾਫ਼ ਲਿਖਣ ਦੀ ਇੱਛਾ ਵਿਚੋਂ ਹੀ ਟਾਈਪ-ਰਾਈਟਰ ਦੀ ਕਾਢ ਨਿਕਲੀ ਹੈ। ਲਿਖਣ ਅਤੇ ਲਿਖਾਈ ਦੀ ਕਲਾ ਨਾਲ ਹੀ ਗ੍ਰੰਥ ਅਤੇ ਪੁਸਤਕਾਂ ਹੋਂਦ ਵਿਚ ਆਉਂਦੀਆਂ ਹਨ, ਜਿਨ੍ਹਾਂ ਦੇ ਅਧਿਐਨ ਨਾਲ ਗਿਆਨ ਵੱਧਦਾ ਹੈ ਅਤੇ ਵਿਕਾਸ ਵਾਪਰਦਾ ਹੈ।

ਅਜੋਕੀ ਸਿਖਿਆ-ਪ੍ਰਣਾਲੀ ਵਿਚ ਹੁਣ ਲਿਖਣ 'ਤੇ ਜ਼ੋਰ ਨਾ ਦਿੱਤੇ ਜਾਣ ਕਾਰਨ, ਕਿਸੇ-ਕਿਸੇ ਦੀ ਲਿਖਾਈ ਚੰਗੀ ਹੁੰਦੀ ਹੈ।

ਯੂਨਾਨੀ, ਲਾਤੀਨੀ, ਚੀਨੀ, ਅਰਬੀ, ਸੰਸਕ੍ਰਿਤ ਆਦਿ ਵਿਚ ਖੁਸ਼ਖ਼ਤ ਲਿਖਣ ਦੀ ਪਰੰਪਰਾ ਸੀ, ਜਿਹੜੀ ਮਿਟਦੀ ਜਾ ਰਹੀ ਹੈ।

ਅਜੋਕੇ ਵਿਦਿਆਰਥੀ ਲਿਖਣ ਲਈ ਠੀਕ ਤਰ੍ਹਾਂ ਬੈਠਦੇ ਹੀ ਨਹੀਂ, ਸੋ ਉਨ੍ਹਾਂ ਨੂੰ ਕਲਮ ਵੀ ਠੀਕ ਢੰਗ ਨਾਲ ਫੜਨੀ ਨਹੀਂ ਆਉਂਦੀ।

ਲਿਖਣ ਵਿਚ ਹੱਥਾਂ, ਅੱਖਾਂ ਅਤੇ ਦਿਮਾਗ਼ ਦਾ ਤਾਲ-ਮੇਲ ਹੁੰਦਾ ਹੈ। ਬੈਠਣ ਦਾ ਢੰਗ, ਝੁਕਣ ਦੀ ਮੁਦਰਾ, ਹੱਥ ਟਿਕਾਉਣ ਦੀ ਵਿਧੀ, ਦੂਜੇ ਹੱਥ ਨਾਲ ਕਾਗਜ਼ ਦਬਾਉਣ ਦੀ ਜੁਗਤ ਆਦਿ ਪੱਖ ਲਿਖਾਈ ਨੂੰ ਪ੍ਰਭਾਵਿਤ ਕਰਦੇ ਹਨ। ਅੰਗੂਠਾ ਕਲਮ ਨੂੰ ਦਬਾਉਂਦਾ ਹੈ ਅਤੇ ਚੀਚੀ ਵਲੋਂ ਗਿਣਿਆਂ ਤੀਜੀ ਅਤੇ ਚੌਥੀ ਉਂਗਲ ਕਲਮ ਦਾ ਬੋਝ ਚੁੱਕਦੀਆਂ ਹਨ ਅਤੇ ਚੀਚੀ ਅਤੇ ਨਾਲ ਲਗਦੀ ਉਂਗਲੀ ਦਬਾਓ ਦਾ ਵਿਰੋਧ ਕਰਦੀਆਂ ਹਨ। ਬਾਂਹ, ਕਲਮ ਨੂੰ ਉਸ ਥਾਂ ਰੱਖਣ ਦਾ ਕਾਰਜ ਕਰਦੀ ਹੈ, ਜਿਥੇ ਲਿਖਣਾ ਹੁੰਦਾ ਹੈ।

ਖੱਬੇ ਤੋਂ ਸੱਜੇ ਪਾਸੇ ਵਲ ਲਿਖਣ ਕਰਕੇ, ਲਿਖਣ ਵਾਲਾ, ਆਪਣੇ ਲਿਖੇ ਨੂੰ ਲਿਖਦਿਆਂ, ਨਾਲ-ਨਾਲ ਵੇਖ ਵੀ ਸਕਦਾ ਹੈ।

ਮਾੜੀ ਲਿਖਾਈ ਵਾਲੇ ਬੰਦੇ, ਅੰਗੂਠਾ ਘੱਟ ਅਤੇ ਉਂਗਲਾਂ ਵਧੇਰੇ ਵਰਤਦੇ ਹਨ ਅਤੇ ਕਲਮ ਨੂੰ ਬਹੁਤ ਘੁੱਟ ਕੇ ਜਾਂ ਬਹੁਤ ਢਿੱਲੀ ਕਰਕੇ ਫੜਦੇ ਹਨ।

ਜਦੋਂ ਆਪਣੀ ਲਿਖਾਈ ਨੂੰ ਲੁਕਾਉਣ ਅਤੇ ਇਸ ਨੂੰ ਕਿਸੇ ਹੋਰ ਦੀ ਲਿਖਾਈ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਬੜਾ ਅਧਿਕ ਧਿਆਨ ਦੇਣਾ ਪੈਂਦਾ ਹੈ, ਜਿਵੇਂ ਕਈ ਵਿਦਿਆਰਥੀ ਕਈ ਵਾਰੀ ਆਪੇ ਹੀ, ਆਪਣੇ ਪਿਤਾ ਦੇ ਦਸਤਖ਼ਤ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਪਿਤਾ ਦੀ ਲਿਖਾਈ, ਉਨ੍ਹਾਂ ਦੀ ਆਪਣੀ ਲਿਖਾਈ ਨਾਲੋਂ ਵੱਖਰੀ ਭਾਂਤ ਦੀ ਹੁੰਦੀ ਹੈ, ਜਿਸ ਕਾਰਨ ਕਿਸੇ ਦੀ ਲਿਖਾਈ ਦੀ ਨਕਲ ਕਰਨ ਵੇਲੇ ਉਚੇਚਾ ਧਿਆਨ ਦਿੱਤਾ ਜਾਂਦਾ ਹੈ।

ਕਈਆਂ ਦੀ ਲਿਖਾਈ ਗੋਲ ਹੁੰਦੀ ਹੈ, ਕਈਆਂ ਦੀ ਚੁੰਝਾਂ ਵਾਲੀ, ਕਈਆਂ ਦੀ ਲੇਟਵੀਂ ਅਤੇ ਕਈਆਂ ਦੀ ਖੜ੍ਹੀ, ਕਈਆਂ ਦੀ ਬੈਠੀ-ਬੈਠੀ ਅਤੇ ਕਈਆਂ ਦੀ

ਡਿੱਗੀ ਹੋਈ। ਕਈ ਅੱਖਰਾਂ ਨੂੰ ਸਜਾਉਂਦੇ ਹਨ, ਕਈ ਮੱਖੀਆਂ ਹੀ ਮਾਰਦੇ ਹਨ, ਕਈ ਅੱਖਰਾਂ ਨੂੰ ਖਿਲਾਰਦੇ ਹਨ, ਕਈ ਚੀਚ-ਕਚੋਲੇ ਹੀ ਪਾਉਂਦੇ ਹਨ, ਕਈਆਂ ਦੀ ਲਿਖਾਈ ਵਿਚ ਅੱਖਰ ਦਿਸਦੇ ਹੀ ਨਹੀਂ, ਕੇਵਲ ਸਿਹਾਰੀਆਂ-ਬਿਹਾਰੀਆਂ ਹੀ ਦਿਸਦੀਆਂ ਹਨ। ਕਈਆਂ ਦੀ ਲਿਖਾਈ ਮੁੱਢੋਂ ਹੀ ਵਿਗੜੀ ਹੁੰਦੀ ਹੈ, ਕਈ ਅਰੰਭ ਵਿਚ ਸੋਹਣੀ ਲਿਖਾਈ ਵਿਚ ਲਿਖਦੇ ਹਨ ਪਰ ਜਲਦੀ ਹੀ ਅਵਾਰਾ ਹੋ ਜਾਂਦੇ ਹਨ। ਕਈ ਸ਼ਬਦਾਂ ਦੀ ਭੀੜ ਜਿਹੀ ਇਕੱਠੀ ਕਰ ਦਿੰਦੇ ਹਨ।

ਕੋਈ-ਕੋਈ ਹੁੰਦਾ ਹੈ, ਜਿਸ ਦੀ ਲਿਖਾਈ ਧਿਆਨ ਖਿੱਚਦੀ ਹੈ।

ਕਈ ਲਿਪੀਆਂ ਮਰਦਾਵੀਆਂ ਹੁੰਦੀਆਂ ਹਨ, ਕਈ ਜ਼ਨਾਨਾ।

ਜ਼ਨਾਨਾ ਲਿਪੀਆਂ ਵਿਚ ਸ਼ਜਾਵਟੀ ਲਿਖਾਈ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਗੁਰਮੁਖੀ ਮਰਦਾਵੀਂ ਲਿਪੀ ਹੈ। ਗੁਰਮੁਖੀ ਵਿਚ ਕੇਵਲ ਈੜੀ ਇਸਤਰੀ ਹੈ, ਬਾਕੀ ਸਾਰੇ ਅੱਖਰਾਂ ਦੇ ਨਾਂ ਮਰਦਾਵੇਂ ਹਨ। ਯੂਨਾਨੀ ਲਿਪੀ ਜ਼ਨਾਨਾ ਲਿਪੀ ਹੈ, ਸਲੀਕੇ ਅਤੇ ਸਜਾਵਟ ਵਾਲੀ।

ਗੁਰਮੁਖੀ ਅੱਖਰ ਦੇ ਚਾਰੇ ਪਾਸੇ ਕੋਈ ਨਾ ਕੋਈ ਲੱਗ-ਮਾਤਰ ਲਗ ਸਕਦੀ ਹੈ, ਜਿਸ ਕਾਰਨ ਰੋਮਨ ਲਿਪੀ ਦੇ ਮੁਕਾਬਲੇ ਇਸ ਵਿਚ ਲਿਖਣ ਦੀ ਰਫ਼ਤਾਰ ਹੌਲੀ ਹੋ ਜਾਂਦੀ ਹੈ।

ਰੋਮਨ ਲਿਪੀ ਵਿਚ ਛੋਟੇ ਅਤੇ ਵੱਡੇ ਅੱਖਰਾਂ ਦਾ ਵੱਖਰੇਵਾਂ ਵੀ ਹੈ ਪਰ ਵਿਸ਼ਵ ਦੀਆਂ ਹੋਰ ਲਿਪੀਆਂ ਵਿਚ ਇਹ ਵੱਖਰੇਵਾਂ ਨਹੀਂ ਹੈ।

ਵਿਸ਼ਰਾਮ ਚਿੰਨ੍ਹ, ਰੋਮਨ ਲਿਪੀ ਵਿਚੋਂ, ਸੰਸਾਰ ਭਰ ਵਿਚ ਫੈਲੇ ਹਨ, ਜਿਹੜੇ ਲਿਖਾਈ ਨੂੰ ਪੜ੍ਹਨ ਅਤੇ ਅਰਥਾਂ ਨੂੰ ਸਮਝਣ ਵਿਚ ਸਹੂਲਤ ਪ੍ਰਦਾਨ ਕਰਦੇ ਹਨ।

ਗੁਰਮੁਖੀ ਵਿਚ ਪਹਿਲਾਂ, ਵਿਸ਼ਰਾਮ ਲਈ ਇਕ ਡੰਡੀ ਅਤੇ ਪੂਰਨ-ਵਿਸ਼ਰਾਮ ਲਈ ਦੋ ਡੰਡੀਆਂ ਵਰਤਣ ਦਾ ਰਿਵਾਜ ਸੀ।

ਕਾਨੂੰਨੀ ਲਿਖਤਾਂ ਵਿਚ ਬਹੁਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ, ਕਿਉਂਕਿ ਇਨ੍ਹਾਂ ਨੂੰ ਇਧਰ-ਉਧਰ ਕਰਨ ਨਾਲ ਅਰਥ ਬਦਲ ਜਾਂਦੇ ਹਨ।

ਜਦੋਂ ਛਪਾਈ ਦੀ ਸਹੂਲਤ ਉਪਜੀ ਤਾਂ ਪਹਿਲਾਂ ਲਿਖਾਈ ਨੇ ਛਪਾਈ ਨੂੰ ਅਤੇ ਮਗਰੋਂ, ਛਪਾਈ ਨੇ ਲਿਖਾਈ ਨੂੰ ਪ੍ਰਭਾਵਿਤ ਕਰਨਾ ਅਰੰਭ ਕੀਤਾ। ਇਸ ਸਮੇਂ ਰੋਮਨ ਲਿਪੀ ਦੇ ਪੰਜ ਹਜ਼ਾਰ ਤੋਂ ਵੱਧ ਰੂਪ ਉਪਲਬਧ ਹਨ, ਜਿਸ ਕਾਰਨ ਹਰੇਕ ਪ੍ਰਕਾਰ ਦੇ ਪ੍ਰਭਾਵ ਲਈ ਢੁੱਕਵਾਂ ਅੱਖਰ-ਰੂਪ ਉਪਜਾਇਆ ਗਿਆ ਹੈ।

ਛਪਾਈ ਵਿਚ ਰੋਮਨ ਲਿਪੀ ਦਾ ਸਭ ਤੋਂ ਵਧੇਰੇ ਹਰਮਨ ਪਿਆਰਾ ਰੂਪ ਅਜੋਕੇ ਸਮਾਚਾਰ ਪੱਤਰਾਂ ਵਿਚ ਵਰਤਿਆ ਜਾਂਦਾ ਹੈ, ਜਿਸ ਦਾ ਲੰਦਨ ਦੇ ਸਮਾਚਾਰ-ਪੱਤਰ 'ਟਾਈਮਜ਼' ਨੇ ਲਗਭਗ ਪੌਣੀ ਸਦੀ ਪਹਿਲਾਂ ਨਿਰਮਾਣ ਕਰਵਾਇਆ ਸੀ।

ਲਿਖਣ ਦੇ ਪੱਖੋਂ ਹਰੇਕ ਵਿਅਕਤੀ ਦਾ ਅੱਖਰ-ਸਰੂਪ ਨਿਵੇਕਲਾ ਹੁੰਦਾ ਹੈ, ਜਿਸ ਕਾਰਨ ਉਸ ਦੀ ਲਿਖਾਈ ਦਾ ਨਿਆਰਾਪਣ ਉਘੜਦਾ ਹੈ।

ਲਿਖਣ ਦੇ ਪੱਖੋਂ ਹਰੇਕ ਵਿਅਕਤੀ ਕੁਝ ਅੱਖਰਾਂ ਨੂੰ ਵੱਖਰੇ ਅੰਦਾਜ਼ ਨਾਲ ਲਿਖਦਾ ਹੈ। ਕਈ ਅੱਖਰ ਅਜਿਹੇ ਵੀ ਹੁੰਦੇ ਹਨ, ਜਿਹੜੇ ਲਿਖਾਰੀ ਨਾਲ ਰੁੱਸੇ ਹੋਏ ਹੁੰਦੇ ਹਨ ਅਤੇ ਉਸ ਦੀ ਲਿਖਤ ਵਿਚ ਅੜਿਕੇ ਪਾਉਂਦੇ ਹਨ।

ਕਈ ਹਰੇਕ ਅੱਖਰ ਨਿਖੇੜ ਕੇ ਲਿਖਦੇ ਹਨ, ਕਈ ਕਲਮ ਚੁੱਕੇ ਬਿਨਾ ਪੂਰਾ ਸ਼ਬਦ ਲਿਖ ਲੈਂਦੇ ਹਨ। ਜੋੜ ਕੇ ਲਿਖਣ ਨਾਲ ਲਿਖਾਈ ਵਿਚ ਰਵਾਨੀ ਆਉਂਦੀ ਹੈ ਅਤੇ ਤੇਜ਼ ਲਿਖਿਆ ਜਾ ਸਕਦਾ ਹੈ। ਜਿਹੜੇ ਅਧਿਕ ਲਿਖਦੇ ਹਨ, ਉਨ੍ਹਾਂ ਦੀ ਲਿਖਾਈ ਵਿਚ ਰਵਾਨੀ ਦਾ ਲੱਛਣ ਹੁੰਦਾ ਹੈ।

ਹਰ ਕਿਸੇ ਦੇ ਕੁਝ ਨਿਵੇਕਲੇ ਲੱਛਣ ਆਪ-ਮੁਹਾਰੇ ਉਸ ਦੀ ਲਿਖਾਈ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਹ ਨਿਵੇਕਲੇ ਲੱਛਣ ਜਾਅਲੀ ਦਸਤਾਵੇਜ਼ਾਂ ਦੀ ਪਛਾਣ ਵਿਚ ਸਹਾਈ ਹੁੰਦੇ ਹਨ।

ਅਕਸਰ ਪਰਿਵਾਰ ਦੇ ਬਹੁਤੇ ਜੀਆਂ ਦੀ ਲਿਖਾਈ ਵਿਚ ਭਿੰਨਤਾਵਾਂ ਨਾਲੋਂ ਵਧੇਰੇ ਸਾਂਝਾਂ ਹੁੰਦੀਆਂ ਹਨ। ਲਿਖਾਈ ਦੀਆਂ ਕਈ ਜਮਾਤੀ ਅਤੇ ਰਾਸ਼ਟਰੀ ਸਾਂਝਾਂ ਵੀ ਹੁੰਦੀਆਂ ਹਨ। ਡਾਕਟਰਾਂ ਦੀ ਲਿਖਾਈ ਸਭ ਥਾਂ ਭੈੜੀ ਹੁੰਦੀ ਹੈ, ਕਲਾਕਾਰਾਂ ਦੀ ਲਿਖਾਈ ਕਲਾਤਮਕ ਗੁਣਾਂ ਵਾਲੀ ਹੁੰਦੀ ਹੈ। ਸਿਪਾਹੀਆਂ ਦੀ ਲਿਖਾਈ ਸਹਿਜੇ ਹੀ ਪਛਾਣੀ ਜਾਂਦੀ ਹੈ। ਕਿਸੇ ਦੀ ਲਿਖਤ ਵੇਖ ਕੇ ਸਹਿਜੇ ਹੀ ਦੱਸਿਆ ਜਾ ਸਕਦਾ ਹੈ ਕਿ ਇਹ ਲਿਖਣ ਦਾ ਆਦੀ ਹੈ ਕਿ ਨਹੀਂ।

ਕਈ ਹੱਥਾਂ ਨਾਲ ਨਹੀਂ, ਪੈਰਾਂ ਨਾਲ ਲਿਖਦੇ ਪ੍ਰਤੀਤ ਹੁੰਦੇ ਹਨ।

ਲਿਖਣ ਸਮੇਂ ਅੱਖਰ ਆਪ-ਮੁਹਾਰੇ ਇਕ ਕਤਾਰ ਵਿਚ ਖਲੋਂਦੇ ਹਨ। ਅਸੀਂ ਅਕਸਰ ਇਕ ਕਾਲਪਨਿਕ ਲਾਈਨ 'ਤੇ ਲਿਖਦੇ ਹਾਂ। ਕਈ ਸਫ਼ੈਦ ਕਾਗਜ਼ 'ਤੇ ਵੀ ਬੜੀਆਂ ਸਿੱਧੀਆਂ-ਸੁਚੱਜੀਆਂ ਲਾਈਨਾਂ ਬਣਾ ਕੇ ਲਿਖਦੇ ਹਨ।

ਹੌਲੀ ਲਿਖਣ ਨਾਲ ਅੱਖਰ ਕੰਬਦੇ ਵਿਖਾਈ ਦਿੰਦੇ ਹਨ, ਜਿਨ੍ਹਾਂ ਨਾਲ ਲਾਈਨ ਸਿੱਧੀ ਨਹੀਂ ਬਣਦੀ।

ਤੇਜ਼ ਸੋਚਣ ਵਾਲੇ ਅਕਸਰ ਤੇਜ਼ ਲਿਖਦੇ ਹਨ ਪਰ ਜਿਹੜੇ ਲਿਖਾਈ ਵਲ ਵਧੇਰੇ ਧਿਆਨ ਦਿੰਦੇ ਹਨ, ਉਹ ਹੌਲੀ ਲਿਖਦੇ ਹਨ।

ਹਾਸ਼ੀਆ ਛੱਡਣ ਦੇ ਪੱਖੋਂ ਹਰ ਕਿਸੇ ਦਾ ਢੰਗ ਉਸ ਦੇ ਸੁਭਾਓ ਅਨੁਸਾਰ ਹੁੰਦਾ ਹੈ, ਜਿਵੇਂ ਕੰਜੂਸ ਵਿਅਕਤੀ ਹਾਸ਼ੀਆ ਛੱਡਦਾ ਹੀ ਨਹੀਂ ਅਤੇ ਕਲਾਕਾਰ ਚਾਰੇ ਪਾਸੇ ਹਾਸ਼ੀਆ ਛੱਡ ਕੇ ਆਪਣੀ ਲਿਖਤ ਨੂੰ ਚੌਖਟੇ ਵਾਲੇ ਚਿੱਤਰ ਦਾ ਰੂਪ ਪ੍ਰਦਾਨ ਕਰਦਾ ਹੈ।

ਜੇ ਲਿਖਣ ਲਈ ਕਾਗਜ਼ 'ਤੇ ਥਾਂ ਖੁੱਲ੍ਹੀ ਹੋਵੇ ਤਾਂ ਹਰ ਕੋਈ ਆਪਣੇ ਸੁਭਾਓ ਅਨੁਸਾਰ, ਖੁਲ੍ਹਾ-ਖੁਲ੍ਹਾ ਜਾਂ ਸੁੰਗੇੜ ਕੇ ਜਾਂ ਖਿਲਾਰ ਕੇ ਲਿਖਦਾ ਹੈ।

ਭੈੜੀ ਕਿਸਮ ਦੀ ਕਲਮ ਲਿਖਾਈ ਵਿਗਾੜ ਦਿੰਦੀ ਹੈ ਅਤੇ ਭੈੜੀ ਕਿਸਮ ਦਾ ਕਾਗਜ਼ ਲਿਖਾਈ ਨੂੰ ਨਿਖਰਨ ਨਹੀਂ ਦਿੰਦਾ।

ਸਿਆਣੇ ਵਿਅਕਤੀ ਕੁਝ ਮਹੱਤਵਪੂਰਨ ਲਿਖਣ ਤੋਂ ਪਹਿਲਾਂ ਉਸ ਦਾ ਖਰੜਾ ਤਿਆਰ ਕਰਦੇ ਹਨ।

ਰੋਸ਼ਨੀ ਵੀ ਲਿਖਾਈ ਨੂੰ ਪ੍ਰਭਾਵਿਤ ਕਰਦੀ ਹੈ, ਘੱਟ ਰੋਸ਼ਨੀ ਵਿਚ ਕਿਸੇ ਦੀ ਲਿਖਾਈ ਸਿੱਧੀ ਨਹੀਂ ਰਹਿੰਦੀ ਅਤੇ ਵਧੇਰੇ ਰੋਸ਼ਨੀ ਵਿਚ ਇਹ ਅਕਸਰ ਵਿਗੜ ਕੇ ਵੱਡੀ ਹੋ ਜਾਂਦੀ ਹੈ।

ਜੇ ਲਿਖਣ ਵਾਲੀ ਥਾਂ ਢੁੱਕਵੀਂ ਨਾ ਹੋਵੇ ਤਾਂ ਇਸ ਨਾਲ ਲਿਖਣ ਦੀ ਪੱਧਰ ਅਤੇ ਰਫ਼ਤਾਰ ਪ੍ਰਭਾਵਿਤ ਹੁੰਦੀ ਹੈ।

ਉਮਰ ਦੇ ਵੱਧਣ ਨਾਲ ਲਿਖਾਈ ਵਿਗੜਦੀ ਹੈ, ਕਿਉਂਕਿ ਲਿਖਣ ਦੀ ਲੋੜ ਅਤੇ ਮੁਹਾਰਤ ਘੱਟ ਜਾਂਦੀ ਹੈ। ਮਾਨਸਿਕ-ਸਰੀਰਕ ਸਿਹਤ ਦੇ ਵਿਗੜਨ ਨਾਲ ਅੱਖਰਾਂ-ਸ਼ਬਦਾਂ ਦਾ ਤਾਲਮੇਲ ਵੀ ਵਿਗੜਦਾ ਹੈ।

ਬੀਮਾਰੀ ਦੀ ਹਾਲਤ ਵਿਚ ਸਾਡੀ ਲਿਖਾਈ ਵੀ ਤੰਦਰੁਸਤ ਨਹੀਂ ਰਹਿੰਦੀ, ਕਿਉਂਕ ਮਨ ਅਤੇ ਲਿਖਾਈ ਦਾ ਆਪਸ ਵਿਚ ਸਿੱਧਾ ਸਬੰਧ ਹੈ।

ਆਤਮਘਾਤੀ ਨੋਟ ਵਿਚਲੀ ਲਿਖਾਈ ਵਿਚ ਸੰਤੁਲਨ ਨਹੀਂ ਹੁੰਦਾ।

ਮੰਦਹਾਲੀ ਕਾਰਨ ਵਿਅਕਤੀ ਨਾ ਸਿੱਧਾ ਸੋਚ ਸਕਦਾ ਹੈ, ਨਾ ਸਿੱਧਾ ਪੜ੍ਹ ਸਕਦਾ ਹੈ, ਨਾ ਹੀ ਸਿੱਧਾ ਲਿਖ ਸਕਦਾ ਹੈ। ਪ੍ਰਸੰਨਤਾ ਦੀ ਹਾਲਤ ਵਿਚ ਅੱਖਰ ਵੱਡੇ ਹੋ ਜਾਂਦੇ ਹਨ। ਰੋ ਰਹੇ ਵਿਅਕਤੀ ਦੇ ਲਿਖੇ ਅੱਖਰ ਵੀ ਰੋਂਦੇ ਹਨ।

ਥਕਾਵਟ ਵਿਚ ਲਿਖਾਈ ਲਮਕ ਜਾਂਦੀ ਹੈ।

ਅਧਿਆਪਕਾਂ ਦੀ ਲਿਖਾਈ ਦੇ ਪਾਰਖੂ, ਵਿਦਿਆਰਥੀ ਹੁੰਦੇ ਹਨ; ਜਿਹੜੇ ਆਪਣੇ ਪਿਆਰੇ ਅਧਿਆਪਕ ਦੀ ਚੰਗੀ ਲਿਖਾਈ ਨੂੰ ਆਦਰਸ਼ ਮੰਨਕੇ, ਆਪਣੀ ਲਿਖਾਈ ਨੂੰ ਸੰਵਾਰਨ ਅਤੇ ਚੰਗਾ ਬਣਾਉਣ ਦਾ ਯਤਨ ਕਰਦੇ ਹਨ।

ਜਿਨ੍ਹਾਂ ਅਧਿਆਪਕਾਂ ਦੀ ਆਪਣੀ ਲਿਖਾਈ ਚੰਗੀ ਹੁੰਦੀ ਹੈ, ਉਹੀ ਆਪਣੇ ਵਿਦਿਆਰਥੀਆਂ ਦੀ ਲਿਖਾਈ ਵਲ ਧਿਆਨ ਦਿੰਦੇ ਹਨ। ਇਹ ਧਿਆਨ ਸਕੂਲ ਪੱਧਰ ਤੱਕ ਹੀ ਦਿੱਤਾ ਜਾ ਸਕਦਾ ਹੈ, ਉਸ ਤੋਂ ਮਗਰੋਂ ਲਿਖਾਈ ਬਦਲਣ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ। ਉਮਰ ਨਾਲ, ਸ਼ਕਲ ਵਾਂਗ, ਲਿਖਾਈ ਵੀ ਬਦਲਦੀ ਹੈ ਪਰ ਇਤਨੀ ਨਹੀਂ ਬਦਲਦੀ ਕਿ ਪਛਾਣੀ ਨਾ ਜਾਵੇ।

ਸੋਹਣੀ ਲਿਖਾਈ ਵਾਲੇ ਅਧਿਆਪਕ ਬਲੈਕਬੋਰਡ ਵਧੇਰੇ ਵਰਤਦੇ ਹਨ ਅਤੇ ਉਹ ਅਕਸਰ ਚੰਗੇ ਅਤੇ ਦਿਲਚਸਪ ਅਧਿਆਪਕ ਹੁੰਦੇ ਹਨ।

ਸੋਹਣੀ ਲਿਖਾਈ, ਅਧਿਆਪਕ ਦੇ ਸਲੀਕੇ ਦਾ ਪ੍ਰਮਾਣ ਹੁੰਦੀ ਹੈ।

ਲਿਖਾਈ ਵਾਂਗ ਹੀ ਹਰ ਕਿਸੇ ਦੀ ਹਿੰਸੇ ਲਿਖਣ ਦੀ ਵਿਧੀ ਵੱਖਰੀ ਹੁੰਦੀ ਹੈ। ਆਮ ਕਰਕੇ, ਅੱਖਰ ਹੀ ਹਿੰਸਿਆਂ ਦਾ ਰੂਪ-ਆਕਾਰ ਨਿਰਧਾਰਤ ਕਰਦੇ ਹਨ।

ਹਰ ਕੋਈ ਆਪਣੇ ਨਾਂ ਨੂੰ ਵਿਸ਼ੇਸ਼ ਢੰਗ ਨਾਲ ਲਿਖਦਾ ਹੈ, ਵਿਸ਼ੇਸ਼ ਢੰਗ ਨਾਲ ਲਿਖੇ, ਆਪਣੇ ਨਾਂ ਨੂੰ ਦਸਤਖ਼ਤ ਕਿਹਾ ਜਾਂਦਾ ਹੈ।

ਕਈ ਇਕ ਤੋਂ ਵਧੇਰੇ ਕਿਸਮ ਦੇ ਦਸਤਖ਼ਤ ਕਰਦੇ ਹਨ, ਜਿਵੇਂ ਚਿੱਠੀ-ਪੱਤਰ ਲਈ ਹੋਰ ਅਤੇ ਬੈਂਕ ਲਈ ਹੋਰ। ਸਰਲ-ਸਾਊ ਵਿਅਕਤੀਆਂ ਦੇ ਦਸਤਖ਼ਤ ਸਪੱਸ਼ਟ ਭਾਂਤ ਪੜ੍ਹੇ ਜਾ ਸਕਦੇ ਹਨ।

ਲਿਖਾਈ ਅਤੇ ਲਿਖਣ ਦੀ ਆਦਤ ਅਤੇ ਲਿਖਣ ਦੀ ਮੁਹਾਰਤ ਵੱਖਰੇ-ਵੱਖਰੇ ਪੱਖ ਹਨ। ਜਦੋਂ ਅਸੀਂ ਕਿਸੇ ਦੀ ਚੰਗੀ ਲਿਖਾਈ ਵੇਖਦੇ ਹਾਂ ਤਾਂ ਉਸ ਵਿਚੋਂ ਕੁਝ ਅਪਨਾਉਣ ਬਾਰੇ ਜ਼ਰੂਰ ਸੋਚਦੇ ਹਾਂ। ਚੰਗੀ ਲਿਖਾਈ ਵਾਲਾ ਮਿਲਿਆ ਖ਼ਤ, ਅਸੀਂ ਵਧੇਰੇ ਸਾਂਭਦੇ ਹਾਂ ਅਤੇ ਉਸ ਨੂੰ ਕਈ ਵਾਰ ਪੜ੍ਹਦੇ ਹਾਂ।

ਜਿਹੜੇ ਪ੍ਰੇਮੀ-ਪ੍ਰੇਮਿਕਾ, ਪ੍ਰੇਮ-ਪੱਤਰਾਂ ਦਾ ਆਦਾਨ-ਪ੍ਰਦਾਨ ਕਰਦੇ ਹਨ, ਉਹ ਜ਼ਿੰਦਗੀ ਵਿਚ ਰੌਣਕ ਭਰਨ ਵਾਲੀਆਂ ਅਤੇ ਹੰਢਣਸਾਰ ਯਾਦਾਂ ਵਧੇਰੇ ਉਸਾਰਦੇ ਹਨ ਅਤੇ ਉਹ ਬੋਲਣ ਦੇ ਪੱਖੋਂ ਵੀ ਵਧੇਰੇ ਦਿਲਚਸਪ ਹੋ ਜਾਂਦੇ ਹਨ।

ਲਿਖਣ ਦੇ ਅਨੇਕਾਂ ਸੂਖਮ ਪੱਖ, ਸਾਹ ਲੈਣ ਵਾਂਗ, ਅਚੇਤ ਹੀ ਕਾਰਜ ਕਰਦੇ ਰਹਿੰਦੇ ਹਨ। ਚੰਗੀ ਲਿਖਾਈ ਵਾਲਾ, ਹੋਰਾਂ ਦੀ ਚੰਗੀ ਲਿਖਾਈ ਦੀ ਕਦਰ ਕਰਦਾ ਹੈ ਅਤੇ ਉਸ ਨੂੰ ਚੰਗੀਆਂ ਕਲਮਾਂ ਰੱਖਣ-ਖਰੀਦਣ ਦਾ ਸ਼ੌਕ ਹੁੰਦਾ ਹੈ।

ਜੇ ਕਿਸੇ ਦੀ ਇਕ ਲਿਪੀ ਵਿਚ ਲਿਖਾਈ ਸੋਹਣੀ ਹੋਵੇ, ਉਹ ਹੋਰ ਲਿਪੀਆਂ ਵਿਚ ਵੀ ਸੋਹਣੀ ਲਿਖਾਈ ਵਾਲਾ ਬਣ ਜਾਂਦਾ ਹੈ।

ਲਿਖਣ-ਕਲਾ ਵਿਚੋਂ ਹੀ ਚਿੱਤਰ-ਕਲਾ ਦਾ ਨਿਰਮਾਣ ਹੋਇਆ ਹੈ।

ਜਿਵੇਂ ਚੰਗੇ ਪਹਿਰਾਵੇ ਵਾਲੀ ਸ਼ਖ਼ਸੀਅਤ ਲਈ ਹਰੇਕ ਦਰਵਾਜ਼ਾ ਖੁੱਲ੍ਹ ਜਾਂਦਾ ਹੈ, ਉਵੇਂ ਹੀ ਚੰਗੀ ਲਿਖਾਈ ਦਾ ਹਰ ਥਾਂ ਸਵਾਗਤ ਹੁੰਦਾ ਹੈ, ਕਿਉਂਕਿ ਚੰਗੀ ਲਿਖਾਈ ਹਰ ਕਿਸੇ 'ਤੇ ਚੰਗਾ ਪ੍ਰਭਾਵ ਪਾਉਂਦੀ ਹੈ।

ਵਿਦਿਆ-ਪ੍ਰਾਪਤੀ ਦੌਰਾਨ ਜਿਹੜੇ ਆਪਣੀ ਲਿਖਾਈ ਵਲ ਧਿਆਨ ਦਿੰਦੇ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ।

ਚੰਗੀ ਲਿਖਾਈ ਨਾਲ ਆਪਣੇ ਆਪ ਬਾਰੇ ਰਾਇ ਚੰਗੀ ਬਣਦੀ ਹੈ, ਵਿਹਾਰ ਵਿਚ ਸਲੀਕਾ ਆਉਂਦਾ ਹੈ, ਸੁੰਦਰਤਾ ਦੀ ਪਛਾਣ ਵਧੇਰੇ ਹੁੰਦੀ ਹੈ, ਢੁੱਕਵੇਂ-ਫੱਬਵੇਂ ਕੱਪੜੇ ਪਾਉਣ ਦੀ ਆਦਤ ਪੈਂਦੀ ਹੈ।

ਆਦਤਾਂ ਚੰਗੀਆਂ ਹੋਣ ਕਾਰਨ ਚੰਗੇ ਦੋਸਤ-ਸਹੇਲੀਆਂ ਮਿਲਦੇ ਹਨ, ਅਤੇ ਜ਼ਿੰਦਗੀ ਵਿਚ ਕਾਰਗੁਜ਼ਾਰੀ ਚੰਗੇਰੀ ਹੋ ਜਾਂਦੀ ਹੈ।

ਜਿਹੜੇ ਲਿਖਣ ਦਾ ਅਭਿਆਸ ਵਧੇਰੇ ਕਰਦੇ ਹਨ ਅਤੇ ਜਿਨ੍ਹਾਂ ਦੀ ਲਿਖਾਈ ਸੁੰਦਰ ਹੁੰਦੀ ਹੈ, ਉਨ੍ਹਾਂ ਦੀਆਂ ਹਰ ਖੇਤਰ ਵਿਚ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਵੀ ਮਾਣਯੋਗ ਹੁੰਦੀਆਂ ਹਨ।

ਦੁੱਖ-ਦਰਦ

ਪਿਆਰ ਟੁੱਟਣ ਦਾ ਦਰਦ ਹੁੰਦਾ ਹੈ, ਵਿਆਹ ਟੁੱਟਣ ਦਾ ਦੁੱਖ ਹੁੰਦਾ ਹੈ।

ਦੁੱਖ ਦਾ ਨਿਵਾਸ-ਸਥਾਨ ਮਨੁੱਖ ਦਾ ਮਨ ਹੈ, ਹੋਰ ਕਿਧਰੇ ਕੋਈ ਦੁੱਖ ਨਹੀਂ ਹੈ।

ਦੁੱਖ ਅਤੇ ਦਰਦ, ਲੂਣ ਅਤੇ ਕਾਲ਼ੀ-ਮਿਰਚ ਵਾਂਗ ਰਲੇ ਹੋਏ ਹਨ ਅਤੇ ਇਹ ਜ਼ਿੰਦਗੀ ਦਾ ਲਾਜ਼ਮੀ ਭਾਗ ਹਨ ਪਰ ਇਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਹਰ ਕਿਸੇ ਦੀ ਯੋਗਤਾ ਅਤੇ ਸਮਰੱਥਾ ਵੱਖਰੀ-ਵੱਖਰੀ ਹੁੰਦੀ ਹੈ। ਇਸੇ ਕਾਰਨ ਹਰ ਕੋਈ ਆਪਣੇ ਦੁੱਖ-ਦਰਦ ਨੂੰ ਵਧੇਰੇ ਦਰਦਮਈ ਢੰਗ ਨਾਲ ਬਿਆਨ ਕਰਦਾ ਹੈ, ਜਿਸ ਨਾਲ ਸਾਡੀ ਸ਼ਖ਼ਸੀਅਤ ਹੀ ਨਹੀਂ ਸਾਡਾ ਚਰਿੱਤਰ ਵੀ ਸਪੱਸ਼ਟ ਹੋ ਜਾਂਦਾ ਹੈ।

ਦਰਦ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਅਸੀਂ ਕੀ ਹਾਂ।

ਦਰਦ ਦੀ ਕੋਈ ਤਰਤੀਬ ਨਹੀਂ ਹੁੰਦੀ, ਇਹ ਤਰਕ-ਵਿਹੂਣਾ ਹੁੰਦਾ ਹੈ, ਜਿਸ ਕਾਰਨ ਹਰ ਕੋਈ ਇਸ ਨੂੰ ਆਪਣਾ ਦੁਸ਼ਮਣ ਸਮਝਦਾ ਹੈ।

ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਹੋਰ ਸਾਡੇ ਅੰਦਰ ਵੜ ਕੇ ਦਰਦ ਕਰ ਰਿਹਾ ਹੋਵੇ ਅਤੇ ਦੁੱਖ ਦੇ ਰਿਹਾ ਹੋਵੇ ਪਰ ਅਸੀਂ ਕਰ ਕੁਝ ਨਹੀਂ ਸਕਦੇ, ਇਵੇਂ ਬੇਵੱਸੀ ਦੁੱਖ ਨੂੰ ਅਤੇ ਦੁੱਖ ਬੇਵੱਸੀ ਨੂੰ ਵਧਾਉਂਦਾ ਹੈ।

ਤਾਲ-ਮੇਲ ਤੋਂ ਉਖੜੀ ਹਰ ਚੀਜ਼ ਦੁਖੀ ਕਰਦੀ ਹੈ ਅਤੇ ਮਨ ਨੂੰ ਪ੍ਰੇਸ਼ਾਨ ਕਰਨ ਵਾਲੀ ਹਰ ਗੱਲ ਦਰਦ ਦਿੰਦੀ ਹੈ।

ਦਰਦ ਦੀ ਕੋਈ ਪਰਿਭਾਸ਼ਾ ਸੰਭਵ ਨਹੀਂ, ਇਹ ਵੀ ਇਕ ਦਰਦ ਹੈ।

ਦਰਦ ਹਰ ਕਿਸੇ ਲਈ ਅਜਨਬੀ ਹੀ ਰਹਿੰਦਾ ਹੈ।

ਦਰਦ ਕੀ ਹੁੰਦਾ ਹੈ, ਕਿਥੋਂ ਆਉਂਦਾ ਹੈ, ਕਿਉਂ ਹੁੰਦਾ ਹੈ, ਕਿਥੇ ਚਲਾ ਜਾਂਦਾ ਹੈ, ਆਦਿ ਪ੍ਰਸ਼ਨਾਂ ਦੇ ਕੋਈ ਸੰਤੋਖਜਨਕ ਉੱਤਰ ਨਹੀਂ ਮਿਲਦੇ। ਦਰਦ ਨਿਰੋਲ ਸਾਡੇ ਨਿਜੀ-ਅਨੁਭਵ 'ਤੇ ਆਧਾਰਿਤ ਹੁੰਦਾ ਹੈ, ਸੋ ਦਰਦ ਬਾਰੇ ਸਹਿਮਤੀ ਸੰਭਵ ਨਹੀਂ ਪਰ ਇਹ ਪ੍ਰਵਾਨ ਕਿਸੇ ਨੂੰ ਨਹੀਂ ਹੁੰਦਾ ਅਤੇ ਹਰ ਕੋਈ ਕੇਵਲ ਆਪਣੇ ਦਰਦ ਨੂੰ ਦਰਦ ਸਮਝਦਾ ਹੈ ਅਤੇ ਹੋਰਾਂ ਦਾ ਦਰਦ ਉਸ ਨੂੰ ਨਾਟਕ ਹੀ ਪ੍ਰਤੀਤ ਹੁੰਦਾ ਹੈ। ਆਮ ਬੋਲਚਾਲ ਵਿਚ ਦੁੱਖ, ਪੀੜ, ਦਰਦ ਆਦਿ ਨੂੰ ਇਕੋ ਜਿਹੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਪਰ ਇਨ੍ਹਾਂ ਵਿਚ ਅੰਤਰ ਹੈ।

ਦੁੱਖ ਸਮਾਜਿਕ, ਪੀੜ ਸਰੀਰਕ ਅਤੇ ਦਰਦ ਮਾਨਸਿਕ ਹੁੰਦਾ ਹੈ।

ਸਰੀਰ ਨੂੰ ਕੱਸਣ ਵਾਲਾ ਹਰ ਵਰਤਾਰਾ ਪੀੜ ਕਹਾਉਂਦਾ ਹੈ।

ਪੀੜ ਸਮੁੱਚੇ ਜੀਵ-ਜੰਤੂ ਜਗਤ ਦਾ ਸਾਂਝਾ ਸਰੀਰਕ ਅਨੁਭਵ ਹੈ। ਮੱਛੀ ਦੇ

ਸੰਘ ਵਿਚ ਫਸੀ ਕੁੰਡੀ ਦੀ ਪੀੜ, ਪੁੱਠੇ ਲਟਕਦੇ ਮੁਰਗੇ ਦੀ ਪੀੜ ਅਸਹਿ ਹੁੰਦੀ ਹੈ। ਸੜਨ ਦੀ ਪੀੜ ਸਭ ਤੋਂ ਵੱਧ ਦੁਖਦਾਈ ਹੁੰਦੀ ਹੈ। ਕੰਨ-ਪੀੜ ਅਤੇ ਦੰਦ-ਪੀੜ ਸਾਡਾ ਸੰਤੁਲਨ ਵਿਗਾੜ ਦਿੰਦੀ ਹੈ। ਅਸੀਂ ਪਿੱਠ, ਗੋਡੇ ਜਾਂ ਸਿਰ ਆਦਿ ਬਾਰੇ ਉਦੋਂ ਹੀ ਸੁਚੇਤ ਹੁੰਦੇ ਹਾਂ, ਜਦੋਂ ਇਹ ਪੀੜ ਕਰਦੇ ਹਨ। ਗੋਡੇ ਦੇ ਦਰਦ ਨਾਲ ਸੰਸਾਰ ਸੁੰਗੜ ਜਾਂਦਾ ਹੈ, ਪਿੱਠ ਦੇ ਦਰਦ ਨਾਲ ਮਨੁੱਖ ਸੁੰਗੜ ਜਾਂਦਾ ਹੈ, ਗਰਦਨ ਦੇ ਦਰਦ ਨਾਲ ਜੀਵਨ ਰੁਕ ਜਾਂਦਾ ਹੈ।

ਪੀੜ ਦਾ ਕੇਂਦਰ ਜਿਉਂ-ਜਿਉਂ ਦਿਮਾਗ ਦੇ ਨੇੜੇ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਪੀੜ ਦੀ ਸ਼ਿੱਦਤ ਵੱਧਦੀ ਹੈ। ਪੀੜ ਭਾਵੇਂ ਇਕ ਉਂਗਲ ਕਰੇ, ਹਰ ਪੀੜ ਸਾਰੇ ਸਰੀਰ ਨੂੰ ਬੰਨ੍ਹ ਲੈਂਦੀ ਹੈ। ਛੁਟਕਾਰਾ ਪਾਉਣ ਦਾ ਸਭ ਤੋਂ ਕਾਹਲਾ ਉਪਰਾਲਾ ਪੀੜ ਵੇਲੇ ਕੀਤਾ ਜਾਂਦਾ ਹੈ।

ਸੰਸਾਰ ਵਿਚ ਸਭ ਤੋਂ ਵਧੇਰੇ ਦਵਾਈਆਂ ਪੀੜ ਬਾਰੇ ਹੀ ਹਨ।

ਪੀੜ ਦਾ ਇਕ ਚੰਗਾ ਪੱਖ ਇਹ ਹੈ ਕਿ ਇਹ ਭੁੱਲ ਜਾਂਦੀ ਹੈ।

ਜੇ ਪੀੜ ਵਿਚ ਭੁਲਾਏ ਜਾਣ ਦਾ ਗੁਣ ਨਾ ਹੁੰਦਾ ਤਾਂ ਕਿਸੇ ਇਸਤਰੀ ਨੇ ਇਕ ਤੋਂ ਵਧੇਰੇ ਬੱਚਿਆਂ ਨੂੰ ਜਨਮ ਨਹੀਂ ਸੀ ਦੇਣਾ।

ਜੇ ਪੀੜ ਅਸਹਿ ਹੋ ਜਾਵੇ ਤਾਂ ਵਿਅਕਤੀ ਬੇਹੋਸ਼ ਹੋ ਜਾਂਦਾ ਹੈ।

ਜੇ ਪੰਛੀਆਂ ਨੂੰ ਅੰਡੇ ਵਿਚੋਂ ਬਾਹਰ ਨਿਕਲਦਿਆਂ ਪੀੜ ਵਿਚੋਂ ਨਾ ਲੰਘਣਾ ਪਵੇ ਤਾਂ ਉਨ੍ਹਾਂ ਵਿਚ ਉੱਡਣ ਦੀ ਯੋਗਤਾ ਨਹੀਂ ਉਪਜਦੀ। ਬੱਚਿਆਂ ਨੂੰ ਜਨਮ ਦੇਣ ਦੀ ਪੀੜ ਕਾਰਨ ਹੀ ਮਾਂ, ਬੱਚਿਆਂ ਦੇ ਵਧੇਰੇ ਨੇੜੇ ਹੁੰਦੀ ਹੈ ਅਤੇ ਉਸ ਕੋਲ ਹੋਰ ਕੁਝ ਰਹੇ ਨਾ ਰਹੇ, ਬੱਚਿਆਂ ਨੂੰ ਉਹ ਆਪਣੀ ਦੌਲਤ ਸਮਝਦੀ ਹੈ।

ਹਥਿਆਰਾਂ ਅਤੇ ਹਿੰਸਾ ਦੇ ਵਿਭਿੰਨ ਰੂਪਾਂ ਨਾਲ ਪੀੜ ਵੱਧ ਰਹੀ ਹੈ। ਮੁਜਰਿਮਾਂ, ਅਤਿਵਾਦੀਆਂ, ਬਾਗ਼ੀਆਂ, ਆਤੰਕਵਾਦੀਆਂ, ਸੰਗ੍ਰਾਮੀਆਂ, ਜੰਗੀ-ਕੈਦੀਆਂ, ਸ਼ਹੀਦਾਂ ਆਦਿ ਨੂੰ ਹਾਕਮ ਪੀੜ-ਭਰੇ ਤਸੀਹੇ ਦਿੰਦੇ ਹਨ।

ਪੀੜ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ।

ਪੀੜ ਕਿਸੇ ਨਾਲ ਵਟਾਈ ਨਹੀਂ ਜਾ ਸਕਦੀ, ਇਹ ਇਕੱਲਿਆਂ ਆਪ ਹੀ ਸਹਿਣੀ ਪੈਂਦੀ ਹੈ ਪਰ ਪੀੜ ਦੀ ਸਿਖਰ ਉਪਰੰਤ, ਇਸ ਨੂੰ ਸਹਿਣਾ ਸੌਖਾ ਹੋ ਜਾਂਦਾ ਹੈ। ਸਹਿੰਦੇ ਰਹਿਣ ਕਾਰਨ, ਇਸ ਦੀ ਆਦਤ ਪੈ ਜਾਂਦੀ ਹੈ।

ਕਿਉਂਕਿ ਪੀੜ ਥੋੜ੍ਹਾ ਚਿਰ ਰਹਿੰਦੀ ਹੈ, ਸੋ ਸੰਸਾਰ ਵਿਚ ਵਧੇਰੇ ਚਰਚਾ ਦੁੱਖ ਅਤੇ ਦਰਦ ਦੀ ਹੋਈ ਹੈ। ਦੁੱਖ ਵਿਚ ਦਰਦ ਹੁੰਦਾ ਹੈ, ਦਰਦ ਵਿਚ ਦੁੱਖ ਹੁੰਦਾ ਹੈ, ਸੋ ਦੁੱਖ-ਦਰਦ ਦੀ ਸ਼ਬਦਾਵਲੀ ਦੀ ਸਾਂਝੀ ਵਰਤੋਂ ਵੀ ਕਰ ਲਈ ਜਾਂਦੀ ਹੈ। ਦੁੱਖ ਸਰਬਵਿਆਪਕ ਹੈ। ਸੰਸਾਰ ਵਿਚ ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਭਾਵੇਂ ਗੱਲਾਂ ਸਾਰੇ ਸਰਬੱਤ ਦੇ ਭਲੇ ਦੀਆਂ ਕਰਦੇ ਹਨ ਪਰ ਹਰ ਕਿਸੇ ਦੀ ਅਰਦਾਸ

ਇਹੀ ਹੁੰਦੀ ਹੈ ਕਿ 'ਵਾਹਿਗੁਰੂ, ਸਭ ਦਾ ਭਲਾ ਕਰ ਪਰ ਸ਼ੁਰੂ ਮੇਰੇ ਤੋਂ ਕਰ ਅਤੇ ਮੇਰੇ ਦੁੱਖਾਂ ਨੂੰ ਸਭ ਤੋਂ ਪਹਿਲਾਂ ਦੂਰ ਕਰ।' ਭਾਵੇਂ ਹਰ ਕਿਸੇ ਨੂੰ ਆਪਣੇ ਹੀ ਦੁੱਖ ਪ੍ਰਵਾਨ ਹੁੰਦੇ ਹਨ ਪਰ ਕੁਝ ਦੁੱਖ ਪ੍ਰਤੱਖ ਰੂਪ ਵਿਚ ਦੁੱਖ ਹੁੰਦੇ ਹਨ, ਜਿਵੇਂ ਗਰੀਬੀ, ਲਾਚਾਰੀ, ਕਲੰਕ, ਅਪਮਾਨ, ਵਿਛੋੜਾ, ਤਲਾਕ, ਅਕਾਲ-ਚਲਾਣਾ ਆਦਿ।

ਹਰ ਦੁੱਖ ਆਪਣੀ ਕਿਸਮ ਦਾ ਦਰਦ ਉਪਜਾਉਂਦਾ ਹੈ, ਜਿਵੇਂ ਕੁਝ ਸੰਤਾਨ ਨਾ ਹੋਣ ਕਰਕੇ ਦੁਖੀ ਹਨ, ਕੁਝ ਸੰਤਾਨ ਤੋਂ ਹੀ ਦੁਖੀ ਹਨ, ਕਈਆਂ ਤੋਂ ਉਨ੍ਹਾਂ ਦੀ ਸੰਤਾਨ ਹੀ ਦੁਖੀ ਹੈ। ਦੁੱਖ ਵਿਚ ਸੁੱਖ ਦੀ ਆਸ ਮੁੱਕ ਜਾਂਦੀ ਹੈ ਅਤੇ ਲੀਹੋਂ ਲੱਥੇ ਦੁੱਖੀ ਮਨੁੱਖ ਨੂੰ ਜੀਵਨ ਨਾਲ ਇਕ-ਸੁਰ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਕ ਦੁੱਖ ਮੁੱਕਦਾ ਹੈ, ਕਈ ਨਵੇਂ ਆ ਜਾਂਦੇ ਹਨ। ਦਿਲ ਦੇ ਦੌਰੇ ਮਗਰੋਂ ਅਧਰੰਗ ਦਾ ਦੌਰਾ ਪੈ ਜਾਂਦਾ ਹੈ, ਗੋਡਿਆਂ ਦਾ ਦਰਦ ਪਹਿਲਾਂ ਹੀ ਹੈ, ਨੂੰਹ ਤਲਾਕ ਦਾ ਮੁਕੱਦਮਾ ਕਰ ਦਿੰਦੀ ਹੈ। ਬੀਮਾਰ ਪਤਨੀ ਹੁੰਦੀ ਹੈ, ਚਲਾਣਾ ਪਤੀ ਕਰ ਜਾਂਦਾ ਹੈ। ਹਰ ਕੋਈ ਆਪਣੀ-ਆਪਣੀ ਸਮਰੱਥਾ ਅਨੁਸਾਰ ਦੁਖੀ ਹੈ।

ਵੇਖਿਆ ਗਿਆ ਹੈ ਕਿ ਭਾਵੇਂ ਕੋਈ ਅਮੀਰ ਹੈ ਜਾਂ ਗਰੀਬ ਹੈ, ਜੀਵਨ ਵਿਚ ਦੁੱਖ-ਸੁੱਖ ਦਾ ਅਨੁਪਾਤ ਬਰਾਬਰ ਰਹਿੰਦਾ ਹੈ।

ਕੋਈ ਪੂਰੀ ਤਰ੍ਹਾਂ ਦੁਖੀ ਨਹੀਂ ਹੁੰਦਾ, ਕੋਈ ਪੂਰਨਭਾਂਤ ਸੁਖੀ ਨਹੀਂ ਹੁੰਦਾ।

ਕਿਉਂਕਿ ਹਰ ਕੋਈ ਪ੍ਰੇਸ਼ਾਨ, ਮਾਯੂਸ ਅਤੇ ਦੁਖੀ ਹੈ, ਸੋ ਅਸੀਂ ਵੀ ਆਪਣੇ ਦੁੱਖ ਬਰਦਾਸ਼ਤ ਕਰੀ ਜਾਂਦੇ ਹਾਂ। ਦੁੱਖ ਕਿਤਨਾ ਵੀ ਹੋਵੇ, ਦੁੱਖ ਵਿਚ ਕੁਝ ਸੁਖਾਲੇ ਦਿਨ ਵੀ ਆ ਜਾਂਦੇ ਹਨ ਅਤੇ ਸਹਿੰਦੇ ਰਹਿਣ ਕਾਰਨ ਪੁਰਾਣਾ ਦੁੱਖ, ਦੁੱਖ ਲਗਣੋਂ ਹੱਟ ਜਾਂਦਾ ਹੈ, ਕਿਉਂਕਿ ਦੁੱਖ ਦੌਰਾਨ ਸਮਾਜ, ਸਹਿਯੋਗੀ ਧਿਰ ਬਣ ਜਾਂਦਾ ਹੈ।

ਹੋਰਾਂ ਦੇ ਦੁੱਖ ਵੇਖ-ਸੁਣ ਕੇ ਆਪਣੇ ਦੁੱਖ ਸਹਿਣਯੋਗ ਬਣ ਜਾਂਦੇ ਹਨ।

ਦੁੱਖ ਸਮਾਜਿਕ ਵਰਤਾਰਾ ਹੈ ਪਰ ਕਈ ਦੁੱਖ ਮਿਲਦੇ ਵੀ ਸਮਾਜ ਤੋਂ ਹੀ ਹਨ। ਕਈ ਬੰਦੇ ਵੇਖ ਕੇ, ਅੱਖਾਂ ਪੀੜ ਕਰਨ ਲਗ ਪੈਂਦੀਆਂ ਹਨ ਅਤੇ ਕਈ ਨਾਂ ਸੁਣ ਕੇ ਕੰਨ ਦੁਖਣ ਲੱਗ ਪੈਂਦੇ ਹਨ। ਇਹ ਸੋਚ ਕੇ ਵੀ ਬੰਦਾ ਦੁਖੀ ਹੁੰਦਾ ਹੈ ਕਿ ਦੁਨੀਆ ਨੇ ਚਲਦੀ ਰਹਿਣਾ ਹੈ, ਸਾਡੇ ਬਗੈਰ ਵੀ ਅਤੇ ਸਾਡੇ ਮਗਰੋਂ ਵੀ।

ਸਮੇਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਅੱਠ ਦੇ ਹਾਂ, ਅਠਾਈ ਦੇ ਜਾਂ ਅਠਾਸੀ ਦੇ। ਅਜੋਕੇ ਸੰਸਾਰ ਦਾ ਸਭ ਤੋਂ ਵੱਡਾ ਦਰਦ ਇਹ ਹੈ ਕਿ ਅਸੀਂ ਜਿਸ ਨੂੰ ਵੀ ਆਪਣਾ ਦਰਦ ਦਸਦੇ ਹਾਂ, ਉਹ ਸਾਡੇ ਨਾਲੋਂ ਵੀ ਵਧੇਰੇ ਦੁਖੀ ਹੋਣ ਕਰਕੇ, ਆਪਣੇ ਦੁੱਖ-ਦਰਦ ਸੁਣਾਉਣ ਲਗ ਪੈਂਦਾ ਹੈ।

ਬੁੱਢਾਪੇ ਵਿਚ ਪਤਨੀ ਦੇ ਮਰਨ ਤੇ ਜਿਹੜੇ ਵਿਰਲਾਪ ਕਰਦੇ ਹਨ, ਉਹ ਸੋਚਣ ਕਿ ਉਸ ਬੱਚੇ ਨਾਲ ਕੀ ਗੁਜ਼ਰਦੀ ਹੋਵੇਗੀ, ਜਿਸ ਦੀ ਮਾਂ ਮਰ ਗਈ ਹੋਵੇ। ਕਈ ਆਤਮਘਾਤ ਕਰਨ ਦਾ ਦੁੱਖ ਵੀ ਜਰ ਲੈਂਦੇ ਹਨ ਪਰ ਬਹੁਤਿਆਂ ਕੋਲ ਆਪਣੀ ਫੋਟੋ ਪਾੜਨ ਦੀ ਵੀ ਹਿੰਮਤ ਨਹੀਂ ਹੁੰਦੀ। ਕਈ ਬੁੱਢਾਪੇ ਨੂੰ ਕੋਸਦੇ ਹਨ

ਪਰ ਕਈ ਜਵਾਨੀ ਵਿਚ ਹੀ ਮਰ ਜਾਂਦੇ ਹਨ। ਸੰਸਾਰ ਵਿਚ ਕਿਸੇ ਚੀਜ਼ ਦਾ ਅੰਤ ਨਹੀਂ। ਅੰਤ ਸੁੱਖ ਦਾ ਹੀ ਦਿਸਦਾ ਹੈ, ਦੁੱਖ ਦਾ ਅੰਤ ਵਿਖਾਈ ਨਹੀਂ ਦਿੰਦਾ। ਹੁਣ ਤਾਂ ਦਰਦ ਦੀ ਚਰਚਾ ਵੀ ਦੁਖੀ ਕਰਦੀ ਹੈ।

ਸਾਰੇ ਦੁਖਾਂ-ਦਰਦਾਂ ਦੇ, ਡਾਕਟਰਾਂ ਨੇ ਨਵੇਂ ਅਤੇ ਮਹਿੰਗੇ ਨਾਂ ਰਖ ਦਿੱਤੇ ਹਨ, ਸੋ ਇਲਾਜ ਵਿਚ ਭ੍ਰਿਸ਼ਟਾਚਾਰ ਇਕ ਨਵਾਂ ਦਰਦ ਬਣ ਗਿਆ ਹੈ।

ਦੁਖੀ ਵਿਅਕਤੀ ਜ਼ਿੰਦਗੀ ਨੂੰ ਫ਼ਾਸਲੇ ਤੋਂ ਵੇਖਣ ਲਗ ਪੈਂਦਾ ਹੈ ਅਤੇ ਨੇੜੇ ਆਉਣ ਤੋਂ ਡਰਦਾ ਹੈ, ਕਿਉਂਕਿ ਉਸ ਨੂੰ ਪ੍ਰਸੰਨਤਾ ਇਕ ਪਖੰਡ ਲਗਦੀ ਹੈ।

ਚਾਲ੍ਹੀ ਸਾਲ ਦੀ ਉਮਰ ਵਿਚ ਮਨੁੱਖ ਮੌਤ ਪ੍ਰਤੀ ਸੁਚੇਤ ਹੋਣ ਲੱਗ ਪੈਂਦਾ ਹੈ ਅਤੇ ਸਭ ਪਾਸੇ ਤੋਂ ਤਬਲੇ ਵਾਂਗ ਕੱਸਿਆ ਜਾਣ ਕਰਕੇ ਉਹ ਦੁਖੀ ਹੋਣ ਲਗ ਪੈਂਦਾ ਹੈ। ਪੁਰਸ਼ ਨੂੰ ਸੋਚਣ ਦੇ ਨਾਲ ਚਿੰਤਾ ਕਰਨ ਦਾ ਦੁੱਖ ਵੀ ਹੰਢਾਉਣਾ ਪੈਂਦਾ ਹੈ, ਜਦੋਂ ਕਿ ਇਸਤਰੀ ਨੂੰ ਸਰੀਰਕ ਅਤੇ ਪਰਿਵਾਰਕ ਦੁੱਖ ਆਣ ਘੇਰਦੇ ਹਨ। ਦੁਖੀ ਹੋਣ ਦੀ ਆਦਤ ਕਾਰਨ ਵੀ ਉਹ ਵਧੇਰੇ ਦੁਖੀ ਹੁੰਦੀ ਹੈ ਅਤੇ ਵਧੇਰੇ ਵਾਰ ਦਰਦ ਵਿਚੋਂ ਲੰਘਦੀ ਹੈ। ਪਰਿਵਾਰ ਦੇ ਕਿਸੇ ਵੀ ਜੀਅ ਲਈ ਜਦੋਂ ਕੋਈ ਮੁਸ਼ਕਿਲ ਉਪਜਦੀ ਹੈ, ਉਸ ਦਾ ਸਿੱਧਾ ਸੇਕ ਇਸਤਰੀ ਨੂੰ ਲਗਦਾ ਹੈ।

ਇਸਤਰੀ ਲਈ ਸਭ ਤੋਂ ਵੱਡਾ ਦੁੱਖ ਵਿਧਵਾ ਹੋਣਾ ਹੁੰਦਾ ਹੈ, ਇਸਤਰੀ ਦੇ ਅੱਥਰੂ ਮੁੱਕ ਜਾਂਦੇ ਹਨ ਪਰ ਉਸ ਦਾ ਦਰਦ ਨਹੀਂ ਮੁੱਕਦਾ। ਪਿਤਾ ਦੇ ਮਰਨ ਨਾਲ ਪੁੱਤਰਾਂ ਨੂੰ ਘਾਟਾ ਪੈਂਦਾ ਹੈ, ਧੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ। ਮਾਤਾ-ਪਿਤਾ ਦੇ ਅਕਾਲ-ਚਲਾਣੇ ਨਾਲ, ਪੁੱਤਰਾਂ ਨੂੰ ਘਰ ਖੁੱਲ੍ਹਾ-ਖੁੱਲ੍ਹਾ ਲਗਦਾ ਹੈ, ਧੀਆਂ ਨੂੰ ਖਾਲ੍ਹੀ-ਖਾਲ੍ਹੀ। ਪੁੱਤਰ ਜਾਇਦਾਦਾਂ ਵੰਡਾਉਂਦੇ ਹਨ, ਧੀਆਂ ਦੁੱਖ ਵੰਡਾਉਣ ਜੋਗੀਆਂ ਹੀ ਰਹਿ ਜਾਂਦੀਆਂ ਹਨ।

ਔਰਤ ਦਾ ਔਰਤ ਹੋਣਾ ਹੀ, ਉਸ ਦਾ ਸਭ ਤੋਂ ਵੱਡਾ ਦਰਦ ਹੈ।

ਦਰਦ ਦੇ ਦੌਰਾਨ ਭਾਵੇਂ ਆਲੇ-ਦੁਆਲੇ ਵਿਚ ਕਿਤਨੇ ਵੀ ਲੋਕ ਹੋਣ, ਪੀੜਤ ਵਿਅਕਤੀ ਇਕੱਲਾ ਅਤੇ ਅਪਮਾਨਿਤ ਮਹਿਸੂਸ ਕਰਦਾ ਹੈ ਅਤੇ ਖਾਲ੍ਹੀ-ਖਾਲ੍ਹੀ ਅੱਖਾਂ ਨਾਲ ਉਹ ਕਮਲਿਆਂ ਵਾਂਗ ਵੇਖਦਾ ਹੈ।

ਦੁੱਖ ਵਿਚ ਉਸ ਦੇ ਹਰ ਸਾਹ ਨਾਲ, ਹਾਏ ਜੁੜ ਜਾਂਦੀ ਹੈ।

ਕਈ ਵਾਰੀ ਪੀੜ, ਦੁੱਖ ਅਤੇ ਦਰਦ ਤਿੰਨੇ ਇਕੱਠੇ ਹੀ ਹਮਲਾ ਕਰ ਦਿੰਦੇ ਹਨ ਅਤੇ ਕੁਝ ਵੀ ਮਹੱਤਵਪੂਰਨ ਨਹੀਂ ਲਗਦਾ ਅਤੇ ਮਨੁੱਖ ਆਤਮਘਾਤ ਕਰਨ ਬਾਰੇ ਸੋਚਣ ਲਗ ਪੈਂਦਾ ਹੈ, ਕਿਉਂਕਿ ਜਿਸ ਦਰਦ ਦੀ ਸਮਝ ਨਾ ਆਵੇ ਉਹ ਦਰਦ ਵਧੇਰੇ ਪ੍ਰੇਸ਼ਾਨ ਕਰਦਾ ਹੈ।

ਬਜ਼ੁਰਗ ਸਿਆਣੇ ਹੋਣ ਕਰਕੇ ਅਤੇ ਵਿਸ਼ਾਲ ਅਤੇ ਡੂੰਘੇ ਅਨੁਭਵ ਕਾਰਨ ਸਾਰੇ ਦਰਦ ਸਹਿ ਲੈਂਦੇ ਹਨ ਪਰ ਉਨ੍ਹਾਂ ਨੂੰ ਵੀ ਜੇ ਕਿਸੇ ਨਵੇਂ ਦਰਦ ਨਾਲ ਨਿਪਟਣਾ ਪਏ ਤਾਂ ਉਹ ਵੀ ਘਬਰਾ ਜਾਂਦੇ ਹਨ।

ਤਿੱਖੇ ਦਰਦ ਵਿਚ ਮਨੁੱਖ ਅੰਨ੍ਹੇ ਵਿਅਕਤੀ ਵਾਂਗ ਵਿਹਾਰ ਕਰਦਾ ਹੈ।

ਵੇਖਿਆ ਗਿਆ ਹੈ ਤਿੱਖੇ ਦਰਦ ਬਹੁਤਾ ਚਿਰ ਨਹੀਂ ਰਹਿੰਦੇ ਅਤੇ ਬਹੁਤਾ ਚਿਰ ਰਹਿਣ ਵਾਲੇ ਦਰਦ ਤਿੱਖੇ ਨਹੀਂ ਹੁੰਦੇ। ਜਦੋਂ ਦਰਦ ਤੋਂ ਛੁਟਕਾਰਾ ਪਾਉਣ ਦਾ ਕੋਈ ਉਪਰਾਲਾ ਸੰਭਵ ਨਾ ਹੋਵੇ ਤਾਂ ਪੀੜਤ ਵਿਅਕਤੀ ਨੂੰ ਸੁਆਉਣ ਦਾ ਯਤਨ ਕੀਤਾ ਜਾਂਦਾ ਹੈ ਪਰ ਦਰਦ ਉਠਦਿਆਂ ਹੀ ਉਹ ਜਾਗ ਪੈਂਦਾ ਹੈ ਅਤੇ ਪਹਿਲੇ ਨਾਲੋਂ ਵੀ ਵਧੇਰੇ ਪ੍ਰੇਸ਼ਾਨ ਨਜ਼ਰ ਆਉਂਦਾ ਹੈ।

ਹਸਪਤਾਲ ਦਾ ਸਭ ਤੋਂ ਦੁਖਦਾਈ ਵਾਰਡ, ਆਤਮਘਾਤ ਦਾ ਯਤਨ ਕਰਨ ਵਾਲਿਆਂ ਅਤੇ ਅੱਗ ਨਾਲ ਝੁਲਸੇ ਮਰੀਜ਼ਾਂ ਵਾਲਾ ਹੁੰਦਾ ਹੈ।

ਇਹ ਦੋਵੇਂ ਵਰਤਾਰੇ ਦੁੱਖ ਵਿਚੋਂ ਉਪਜਦੇ ਹਨ ਅਤੇ ਇਹ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕਣ ਦੀ ਹਾਲਤ ਹੁੰਦੀ ਹੈ। ਦਰਦ ਨਾਲ ਹੌਲੀ-ਹੌਲੀ, ਜ਼ਿੰਦਗੀ ਕਮਜ਼ੋਰ ਅਤੇ ਮੌਤ ਮਜ਼ਬੂਤ ਹੁੰਦੀ ਜਾਂਦੀ ਹੈ।

ਸੜੀਆਂ ਹੋਈਆਂ ਇਸਤਰੀਆਂ ਘੱਟ ਬਚਦੀਆਂ ਹਨ, ਕਿਉਂਕਿ ਉਹ ਕਰੂਪ ਚਿਹਰੇ ਅਤੇ ਸਰੀਰ ਨਾਲ ਰੋਜ਼ ਮੌਤ ਹੰਢਾਉਣ ਨਾਲੋਂ ਇਕ ਵਾਰੀ ਮਰਨ ਨੂੰ ਤਰਜੀਹ ਦਿੰਦੀਆਂ ਹਨ। ਅਜਿਹੇ ਵਾਰਡਾਂ ਵਿਚ ਸਾਰਾ ਸਟਾਫ ਵੀ ਮਾਨਸਿਕ ਪੱਖੋਂ ਪੀੜਤ ਹੁੰਦਾ ਹੈ, ਕਿਉਂਕਿ ਸਮੁੱਚਾ ਮਾਹੌਲ ਮੌਤ ਵਾਲਾ ਹੁੰਦਾ ਹੈ। ਇਕ ਅਜਿਹੇ ਵਾਰਡ ਵਿਚ, ਸਾਰੇ ਸੜੇ ਹੋਏ ਮਰੀਜ਼ ਦੇ ਸਰੀਰ 'ਤੇ, ਹਰ ਰੋਜ਼ ਪਹਿਲੀ ਪੱਟੀ ਲਾਹ ਕੇ ਨਵੀਂ ਪੱਟੀ ਕੀਤੀ ਜਾਂਦੀ ਸੀ। ਜੇ ਨਰਸਾਂ ਪਹਿਲੀ ਪੱਟੀ ਨੂੰ ਹੌਲੀ-ਹੌਲੀ ਲਾਹੁੰਦੀਆਂ ਸਨ ਤਾਂ ਮਰੀਜ਼ ਨੂੰ ਦਰਦ ਘੱਟ ਹੁੰਦੀ ਸੀ ਪਰ ਘੰਟੇ ਚਾਰ ਲਗਦੇ ਸਨ ਪਰ ਨਰਸਾਂ ਲਈ ਸੜੇ ਹੋਏ ਸਰੀਰ ਦੇ ਭਿਆਨਕ ਜ਼ਖਮ ਵੇਖਣੇ ਅਸਹਿ ਹੁੰਦੇ ਸਨ ਅਤੇ ਕਈ ਨਰਸਾਂ ਨੂੰ ਤਾਂ ਉਲਟੀ ਆ ਜਾਂਦੀ ਸੀ, ਸੋ ਉਹ ਉਨ੍ਹਾਂ ਪੱਟੀਆਂ ਨੂੰ ਬੇਰਹਿਮੀ ਨਾਲ ਖਿੱਚ-ਖਿੱਚ ਕੇ ਇਕ ਘੰਟੇ ਵਿਚ ਲਾਹ ਦਿੰਦੀਆਂ ਸਨ ਅਤੇ ਮਰੀਜ਼ ਦੀਆਂ ਚੀਕਾਂ ਪੰਜ-ਪੰਜ ਮੀਲ ਤੱਕ ਸੁਣਾਈ ਦਿੰਦੀਆਂ ਸਨ।

ਅਜਿਹੀ ਹਾਲਤ ਵਿਚ ਨਿਰਣਾ ਨਹੀਂ ਕੀਤਾ ਜਾ ਸਕਦਾ ਕਿ ਕੌਣ ਠੀਕ ਸੀ ਅਤੇ ਕੌਣ ਗਲਤ ਸੀ ਪਰ ਇਹ ਸਪਸ਼ਟ ਹੈ ਕਿ ਮਰੀਜ਼ ਅਤੇ ਨਰਸਾਂ ਦੋਵੇਂ ਦੁੱਖੀ ਸਨ। ਦੁੱਖੀ ਬੰਦੇ ਨੂੰ ਵੇਖਣਾ ਵੀ ਦਰਦ ਉਪਜਾਉਂਦਾ ਹੈ। ਦੁੱਖੀ ਵਿਅਕਤੀ ਵਾਤਾਵਰਣ ਨੂੰ ਵੀ ਦੁਖਦਾਈ ਬਣਾ ਦਿੰਦਾ ਹੈ।

ਸਰੀਰਕ ਪੀੜ ਨਾਲੋਂ ਮਾਨਸਿਕ ਦਰਦ ਵਧੇਰੇ ਪ੍ਰੇਸ਼ਾਨ ਕਰਦਾ ਹੈ, ਕਿਉਂਕਿ ਪੀੜ ਦੀ ਮਿਆਦ ਹੁੰਦੀ ਹੈ ਪਰ ਦਰਦ ਮੁੱਕਦਾ ਹੀ ਨਹੀਂ ਅਤੇ ਦੁੱਖ, ਜ਼ਿੰਦਗੀ ਖੋਰਦਾ ਰਹਿੰਦਾ ਹੈ। ਦਰਦ ਦੌਰਾਨ ਹਉਮੈ ਮੁੱਕ ਜਾਂਦੀ ਹੈ, ਅਣਖ ਸੌਂ ਜਾਂਦੀ ਹੈ, ਅਹੁਦੇ ਦਾ ਮਾਣ ਗੁਆਚ ਜਾਂਦਾ ਹੈ, ਮਾਣ-ਸਨਮਾਨ ਰੁਲ ਜਾਂਦੇ ਹਨ, ਆਲਾ-ਦੁਆਲਾ ਹੀ ਨਹੀਂ, ਧਰਤੀ-ਅਸਮਾਨ ਵੀ ਡਗਮਗਾ ਜਾਂਦੇ ਹਨ। ਦਰਦ ਨਾਲ ਥੱਕੇ ਹੋਏ ਸਰੀਰ ਵਿਚ ਜਿਊਣ ਦੀ ਹਿੰਮਤ ਹੀ ਨਹੀਂ ਰਹਿੰਦੀ, ਦਿਲ ਡੁੱਬਣ

ਲੱਗ ਜਾਂਦਾ ਹੈ, ਚੇਤਨਾ ਖੁਰਨ ਲਗ ਪੈਂਦੀ ਹੈ। ਅਜਿਹੀ ਹਾਲਤ ਵਿਚ ਮਨੁੱਖ ਚਲਾਣਾ ਕਰਨ ਬਾਰੇ ਸੋਚਣ ਲਗ ਪੈਂਦਾ ਹੈ। ਇਵੇਂ ਦੁੱਖ ਵਿਚੋਂ ਦਰਦ ਅਦੇ ਦਰਦ ਵਿਚੋਂ ਦੁੱਖ ਉਪਜਣ ਦਾ ਸਿਲਸਿਲਾ ਜ਼ਿੰਦਗੀ ਨੂੰ ਮੌਤ ਦੇ ਇਤਨਾ ਨੇੜੇ ਕਰ ਦਿੰਦਾ ਹੈ ਕਿ ਜ਼ਿੰਦਗੀ-ਮੌਤ ਵਿਚਲਾ ਅੰਤਰ ਸਪਸ਼ਟ ਨਹੀਂ ਰਹਿੰਦਾ।

ਕਿਸੇ ਵੀ ਰਿਸ਼ਤੇ ਦਾ ਅਤੇ ਵਿਸ਼ੇਸ਼ ਕਰਕੇ ਪਿਆਰ ਦਾ ਟੁੱਟਣਾ ਬੜਾ ਵੱਡਾ ਦਰਦ ਹੁੰਦਾ ਹੈ, ਜਿਸ ਵਿਚੋਂ ਸਮਾਜ ਵਿਚ ਅਨੇਕਾਂ ਆਤਮਘਾਤ ਵਾਪਰਦੇ ਹਨ। ਇਕੱਲਾ ਵਿਅਕਤੀ ਸਮਾਜ ਅਤੇ ਪਰੰਪਰਾ ਨਾਲ ਲੜ ਨਹੀਂ ਸਕਦਾ। ਇਸ ਜਦੋ-ਜਹਿਦ ਵਿਚ ਜਿੱਤਣ ਅਤੇ ਹਾਰਨ ਵਾਲੇ ਦੋਹਾਂ ਦੀ ਹਾਲਤ ਤਰਸਯੋਗ ਹੀ ਹੁੰਦੀ ਹੈ। ਪ੍ਰੇਮੀ ਇਕ-ਦੂਜੇ ਦਾ ਦਰਦ ਵੰਡਾਉਂਦੇ-ਵੰਡਾਉਂਦੇ ਇਕ-ਦੂਜੇ ਦਾ ਦਰਦ ਬਣ ਜਾਂਦੇ ਹਨ।

ਪਿਆਰ ਵਿਚ ਸ਼ਿੱਦਤ ਹੁੰਦੀ ਹੈ, ਜਿਸ ਨੂੰ ਕੇਵਲ ਜਵਾਨੀ ਬਰਦਾਸ਼ਤ ਕਰ ਸਕਦੀ ਹੈ, ਸੋ ਦੁੱਖ-ਦਰਦ ਦਾ ਪਹਿਲਾ ਅਨੁਭਵ ਜਵਾਨੀ ਵਿਚ ਹੀ ਹੁੰਦਾ ਹੈ।

ਦਰਦ ਹਮੇਸ਼ਾ ਨਵਾਂ ਹੁੰਦਾ ਹੈ ਅਤੇ ਇਹ ਸਪਸ਼ਟ ਕਰ ਦਿੰਦਾ ਹੈ ਕਿ ਅਸੀਂ ਉਹ ਨਹੀਂ ਹਾਂ, ਜੋ ਅਸੀਂ ਆਪਣੇ-ਆਪ ਨੂੰ ਸਮਝਦੇ ਰਹੇ ਹੁੰਦੇ ਹਾਂ। ਦੁੱਖ-ਦਰਦ ਜੀਵਨ ਦੀਆਂ ਬਰੇਕਾਂ ਹਨ। ਇਹ ਸਮਾਜ ਦੇ ਲਾਏ ਹੋਏ ਨਾਕੇ ਹਨ।

ਦੁੱਖ-ਦਰਦ ਨਾਲ ਮਨੁੱਖ ਸਿਆਣਾ ਨਹੀਂ ਹੁੰਦਾ, ਦੁੱਖ-ਦਰਦ ਦੀ ਹਾਲਤ ਵਿਚ, ਉਹ ਜੋ ਸੋਚਦਾ-ਮਹਿਸੂਸਦਾ ਹੈ, ਸਿਆਣਾ ਉਹ ਉਸ ਨਾਲ ਹੁੰਦਾ ਹੈ।

ਕਿਸੇ ਦੇ ਜੀਵਨ ਵਿਚ ਅਕਸਰ ਪਿਆਰ ਪਹਿਲਾ ਸੰਕਟ ਹੁੰਦਾ ਹੈ।

ਹਰ ਸੰਕਟ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ।

ਜਿਸ ਨੂੰ ਸੰਕਟ ਨਹੀਂ ਪੈਂਦੇ, ਉਸ ਦੇ ਚਰਿੱਤਰ ਅਤੇ ਵਿਹਾਰ ਵਿਚ ਵਿਸ਼ਾਲਤਾ ਅਤੇ ਡੂੰਘਾਈ ਨਹੀਂ ਹੁੰਦੀ।

ਇਕ ਅਮੀਰ ਘਰਾਣੇ ਦਾ ਚਿੱਤਰਕਾਰ, ਚਿੱਤਰ ਚੰਗੇ ਬਣਾਉਂਦਾ ਸੀ ਪਰ ਉਸ ਦੇ ਚਿੱਤਰਾਂ ਵਿਚ ਲੋੜੀਂਦੀ ਡੂੰਘਾਈ ਨਹੀਂ ਸੀ, ਜਿਸ ਕਾਰਨ ਉਹ ਆਪਣੇ ਕਾਰਜ ਨਾਲ ਸੰਤੁਸ਼ਟ ਨਹੀਂ ਸੀ। ਜਦੋਂ ਉਸ ਨੇ ਇਕ ਉਸਤਾਦ-ਚਿੱਤਰਕਾਰ ਤੋਂ ਇਸ ਘਾਟ ਦਾ ਕਾਰਨ ਪੁੱਛਿਆ ਤਾਂ ਉਸਤਾਦ ਨੇ ਦੱਸਿਆ ਕਿ ਤੇਰੇ ਚਿੱਤਰਾਂ ਵਿਚ ਡੂੰਘਾਈ ਨਹੀਂ, ਕਿਉਂਕਿ ਤੈਨੂੰ ਨਾ ਗਰੀਬੀ ਦਾ ਸੰਤਾਪ ਸਹਿਣਾ ਪਿਆ ਹੈ, ਨਾ ਹੀ ਪਿਆਰ ਦੇ ਖੇਤਰ ਵਿਚ ਜਦੋਜਹਿਦ ਕਰਨੀ ਪਈ ਹੈ, ਸੋ ਤੂੰ ਜ਼ਿੰਦਗੀ ਦੇ ਸੰਤਾਪਾਂ ਅਤੇ ਅੰਤਰ-ਵਿਰੋਧਾਂ ਨੂੰ ਹੰਢਾਇਆ ਹੀ ਨਹੀਂ, ਤੇਰਾ ਸਮਾਂ ਦੁਖਾਂ ਵਿਚੋਂ ਗੁਜ਼ਰਨ ਵਿਚ ਨਹੀਂ, ਸੁੱਖ ਮਾਣਨ ਵਿਚ ਲੰਘਿਆ ਹੈ, ਜਿਸ ਕਾਰਨ ਤੇਰੀ ਕਲਾ ਬਾਂਝ ਹੈ।

ਕਲਾ ਦਾ ਖੇਤਰ ਸੁੱਖ-ਰਹਿਣੇ ਲੋਕਾਂ ਲਈ ਨਹੀਂ ਹੁੰਦਾ। ਜਿਹੜੇ ਦੁੱਖ ਨਹੀਂ ਹੰਢਾ ਸਕਦੇ, ਉਹ ਇਸ ਖੇਤਰ ਵਿਚ ਅਜਨਬੀ ਹੀ ਰਹਿੰਦੇ ਹਨ।

ਜਿਸ ਦੀ ਜ਼ਿੰਦਗੀ ਵਿਚ ਦਰਦ ਨਹੀਂ ਹੁੰਦਾ, ਜਿਸ ਨੂੰ ਨਾ ਪੂਰੇ ਹੋਣ ਵਾਲੇ

ਘਾਟੇ ਨਹੀਂ ਪੈਂਦੇ, ਉਸ ਦੀ ਜ਼ਿੰਦਗੀ ਵਿਚ ਕਲਾ ਨਹੀਂ ਹੁੰਦੀ।

ਗੀਤ ਸਿਰਜਣ ਦੀ ਪੀੜ ਗੀਤਕਾਰ ਹੰਢਾਉਂਦਾ ਹੈ, ਲੋਕ ਉਸ ਦੇ ਗੀਤਾਂ ਦਾ ਆਨੰਦ ਹੀ ਮਾਣਦੇ ਹਨ। ਗੀਤਕਾਰ ਆਪਣੇ ਗੀਤਾਂ ਵਿਚ ਆਪਣਾ ਦਰਦ ਗੁੰਨ੍ਹਦਾ ਹੈ, ਇਵੇਂ ਹਰੇਕ ਗੀਤ ਨੂੰ ਗੀਤਕਾਰ ਨੇ ਸ਼ਬਦ-ਸ਼ਬਦ ਹੰਢਾਇਆ ਹੁੰਦਾ ਹੈ। ਉਹ ਗੀਤ ਕਿਸੇ ਵਿਸ਼ੇਸ਼ ਲਈ ਇਕ ਵਿਸ਼ੇਸ਼ ਸੁਨੇਹਾ ਹੁੰਦਾ ਹੈ, ਪਾਠਕ-ਸਰੋਤੇ ਗੀਤਕਾਰ ਦੇ ਦਰਦ ਨੂੰ ਨਹੀਂ ਸਮਝਦੇ, ਉਹ ਉਸ ਰਚਨਾ ਦੇ ਹੋਰ-ਹੋਰ ਗੁਣਾਂ ਦੀ ਪ੍ਰਸੰਸਾ ਕਰਦੇ ਰਹਿੰਦੇ ਹਨ।

ਆਪਣੇ ਦਰਦ ਨੂੰ ਸ਼ਬਦਾਂ ਦੇ ਹਵਾਲੇ ਕਰਨ ਦੇ ਕਲਾਤਮਕ ਯਤਨਾਂ ਵਿਚੋਂ ਹੀ ਸਾਹਿਤ ਦਾ ਜਨਮ ਹੋਇਆ ਹੈ। ਸਾਹਿਤਕ ਪਾਤਰਾਂ ਦੇ ਦੁਖਾਂ-ਦਰਦਾਂ ਬਾਰੇ ਪੜ੍ਹ ਕੇ, ਅਸੀਂ ਆਪਣੇ ਦੁਖਾਂ-ਦਰਦਾਂ ਨੂੰ ਸਹਿਣ ਦੇ ਯੋਗ ਹੋ ਜਾਂਦੇ ਹਾਂ।

ਪਹਿਲੇ ਵੇਲਿਆਂ ਦੇ ਲੋਕ ਦੁਖਾਂ-ਦਰਦਾਂ ਤੋਂ ਬਚਣ ਲਈ ਧਰਮ ਦੀ ਓਟ ਲੈਂਦੇ ਸਨ ਅਤੇ ਕਈ ਦੁੱਖ-ਦਰਦ ਨੂੰ ਅਫ਼ੀਮ ਆਦਿ ਨਾਲ ਭੁਲਣ ਦਾ ਉਪਰਾਲਾ ਵੀ ਕਰਦੇ ਸਨ। ਉਦੋਂ ਸਰੀਰ ਦੀ ਚੀਰ-ਫਾੜ ਕਰਨ ਲਈ, ਸਿਰ ਤੇ ਸੱਟ ਮਾਰ ਕੇ ਬੇਹੋਸ਼ ਕੀਤਾ ਜਾਂਦਾ ਸੀ।

ਦੁੱਖ ਅਤੇ ਪੀੜ ਪੁਰਾਣੇ ਅਨੁਭਵ ਹਨ ਪਰ ਦਰਦ ਦਾ ਅਹਿਸਾਸ ਆਧੁਨਿਕ ਯੁੱਗ ਦੀ ਦੇਣ ਹੈ। ਮਨ ਦੇ ਵਿਕਸਿਤ ਹੋਣ ਨਾਲ ਅਤੇ ਮਨੋਵਿਗਿਆਨ ਦੇ ਉਭਰਨ ਨਾਲ ਹੁਣ ਮਾਨਸਿਕ ਦਰਦ ਵਲ ਯੋਗ ਧਿਆਨ ਦਿੱਤਾ ਜਾਣ ਲੱਗਿਆ ਹੈ।

ਦਰਦ ਵੇਲੇ ਅਸੀਂ ਨਹੀਂ ਹੁੰਦੇ, ਦਰਦ ਹੁੰਦਾ ਹੈ।

ਜੇ ਜ਼ਿੰਦਗੀ ਲੰਮਾ ਜਸ਼ਨ ਹੀ ਹੁੰਦੀ ਜਾਂ ਲੰਮਾ ਦਰਦ ਹੀ ਹੁੰਦੀ, ਤਾਂ ਇਸ ਨੇ ਬੜੀ ਜਲਦੀ ਮੁੱਕ ਜਾਣ ਵਾਲੀ ਹੋਣਾ ਸੀ। ਦਰਦ ਜੀਵਨ ਦੀ ਨਿਰੰਤਰਤਾ ਵਿਚੋਂ ਉਪਜਦਾ ਹੈ ਅਤੇ ਮੌਤ ਸਾਰੇ ਦੁੱਖਾਂ-ਦਰਦਾਂ ਦਾ ਅੰਤ ਕਰ ਦੇਣ ਵਾਲੀ ਘਟਨਾ ਹੋਣ ਕਰਕੇ ਹੀ ਮਹੱਤਵਪੂਰਨ ਹੈ।

ਅਜੋਕੇ ਸਮਿਆਂ ਵਿਚ ਦੁੱਖ ਨਾਲੋਂ ਵਧੇਰੇ ਚਰਚਾ ਦਰਦ ਦੀ ਹੋ ਰਹੀ ਹੈ।

ਅਸੀਂ ਦੁਰਘਟਨਾ ਦਾ ਦੁੱਖ ਨਹੀਂ ਮਹਿਸੂਸਦੇ, ਦੁਰਘਟਨਾ ਆਪਣੇ ਨਾਲ ਵਾਪਰਨ ਦਾ ਦਰਦ ਹੰਢਾਉਂਦੇ ਹ । ਦੁੱਖਾਂ-ਦਰਦਾਂ ਦੀ ਕਿਸਮ ਕੋਈ ਹੋਵੇ, ਇਹ ਪੀੜ ਵਾਂਗ, ਰਾਤ ਵੇਲੇ ਵੱਧ ਜਾਂਦੇ ਹਨ।

ਦਿਨ ਦਾ ਸ਼ੋਰ, ਪੀੜ ਦੀ ਸ਼ਿੱਦਤ ਨੂੰ ਘਟਾਉਂਦਾ ਹੈ, ਜਦੋਂ ਕਿ ਆਲੇ-ਦੁਆਲੇ ਵਿਚਲੀ ਚੁੱਪ ਇਸ ਨੂੰ ਅਸਹਿ ਬਣਾ ਦਿੰਦੀ ਹੈ। ਇਸ ਕਾਰਨ ਦੁੱਖ-ਦਰਦ ਤੋਂ ਪੀੜਤ ਵਿਅਕਤੀ ਸਾਰੀ ਰਾਤ, ਸਵੇਰ ਨੂੰ ਉਡੀਕਦਾ ਰਹਿੰਦਾ ਹੈ।

ਰਾਤ ਵੇਲੇ ਦਰਦ ਮਨ ਵਿਚੋਂ ਨਿਕਲ ਕੇ ਛਾਤੀ 'ਤੇ ਬਹਿ ਜਾਂਦਾ ਹੈ।

ਧਰਮ ਅਕਸਰ ਪੀੜ ਅਤੇ ਦਰਦ ਨੂੰ ਸਹਿਜ ਭਾਵ ਨਾਲ ਬਰਦਾਸ਼ਤ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਇਸ ਪੱਖ ਤੋਂ ਤੱਤੀ-ਤਵੀ ਦਾ ਦਰਦ, ਚਾਂਦਨੀ

ਚੌਕ ਦਾ ਦੁੱਖ ਅਤੇ ਸਰਹਿੰਦ ਦੀਆਂ ਕੰਧਾਂ ਦੀ ਪੀੜ ਦਾ ਹਵਾਲਾ ਦਿੱਤਾ ਜਾਂਦਾ ਹੈ। ਧਰਮ ਦਸਦਾ ਹੈ ਕਿ ਖੋਪਰੀਆਂ ਲੁਹਾਉਣ ਅਤੇ ਚਰੱਖੜੀਆਂ ਚੜ੍ਹਨ ਤੋਂ ਬਿਨਾ ਅਨੰਦਪੁਰ, ਚਮਕੌਰ ਅਤੇ ਫਤਹਿਗੜ੍ਹ ਨਾਲ, ਸਾਹਿਬ ਵਾਲਾ ਸਨਮਾਨ ਨਹੀਂ ਸੀ ਜੁੜਨਾ।

ਹਰੇਕ ਕੌਮ ਅਤੇ ਧਰਮ ਨੂੰ ਆਪਣੇ ਸਹੇ ਦੁੱਖਾਂ-ਦਰਦਾਂ ਦਾ ਮਾਣ ਹੁੰਦਾ ਹੈ।

ਜੇ ਸੰਸਾਰ ਵਿਚ ਦੁੱਖ-ਦਰਦ ਨੂੰ ਸਹਿਣ ਦਾ ਜਿਗਰਾ ਨਾ ਹੁੰਦਾ ਤਾਂ ਸੰਸਾਰ ਵਿਚ ਹੌਸਲਾ, ਕੁਰਬਾਨੀ, ਤਿਆਗ, ਕਲਾਵਾਂ, ਬਹਾਦਰੀ, ਅਜ਼ਾਦੀ-ਸੰਗ੍ਰਾਮ ਅਤੇ ਪਿਆਰ-ਕਹਾਣੀਆਂ ਵੀ ਨਾ ਹੁੰਦੀਆਂ।

ਹੀਰ, ਸੱਸੀ, ਸੋਹਣੀ ਅਤੇ ਸਾਹਿਬਾਂ ਦਰਦ ਦੇ ਹੀ ਵੱਖ-ਵੱਖ ਨਾਂ ਹਨ।

ਲੋੜ ਦਰਦ ਪ੍ਰਤੀ ਅੱਖਾਂ ਮੀਟਣ ਦੀ ਨਹੀਂ, ਇਸ ਬਾਰੇ ਸੁਚੇਤ ਹੋਣ ਦੀ ਹੈ। ਲੋੜ ਦਰਦ ਨੂੰ ਟਾਲਣ ਦੀ ਨਹੀਂ, ਇਸ ਨੂੰ ਆਪਣੇ ਅਨੁਭਵ ਵਿਚ ਰਚਾਉਣ ਦੀ ਹੈ। ਲੋੜ ਦਰਦ ਨੂੰ ਦਬਾਉਣ ਦੀ ਨਹੀਂ, ਇਸ ਨੂੰ ਹੰਢਾਉਣ ਦੀ ਹੈ, ਕਿਉਂਕਿ ਦਰਦ ਨਾਲ ਚੇਤਨਾ ਜਾਗਦੀ ਹੈ ਅਤੇ ਅਨੁਭਵ ਵਿਚ ਸ਼ਿੱਦਤ ਉਪਜਦੀ ਹੈ, ਜ਼ਿੰਦਗੀ ਦੇ ਨਵੇਂ ਦੁਮੇਲ ਉਜਾਗਰ ਹੁੰਦੇ ਹਨ, ਨਵੇਂ ਸੰਕਟਾਂ ਨਾਲ ਬਰ ਮੇਚਣ ਅਤੇ ਜ਼ਿੰਦਗੀ ਦੀਆਂ ਵੰਗਾਰਾਂ ਦਾ ਸੁਚੇਤ ਹੋ ਕੇ ਸਾਹਮਣਾ ਕਰਨ ਦੀ ਹਿੰਮਤ ਮਿਲਦੀ ਹੈ, ਜਿਨ੍ਹਾਂ ਨਾਲ ਸਮੁੱਚੀ ਮਾਨਵਜਾਤੀ ਵਿਚ ਨਵੇਂ ਅਨੁਭਵਾਂ ਦੀ ਅਮੀਰੀ ਉਪਜਦੀ ਹੈ।

ਜਿਨ੍ਹਾਂ ਨੇ ਮਾਨਵਜਾਤੀ ਲਈ ਦੁੱਖ ਸਹੇ, ਉਹ ਅਮਰ ਹੋ ਗਏ, ਉਨ੍ਹਾਂ ਦੀਆਂ ਦਿੱਤੀਆਂ ਕੁਰਬਾਨੀਆਂ ਕਾਰਨ ਹੀ ਅਸੀਂ ਬਲਵਾਨ ਹੋਏ ਹਾਂ।

ਜ਼ਿੰਦਗੀ ਵਿਚ ਦੁੱਖ ਹਨ ਪਰ ਮਨੁੱਖ ਵਿਚ ਦਰਦਾਂ-ਦੁੱਖਾਂ ਨਾਲ ਜੂਝਣ ਅਤੇ ਹਰ ਸੰਕਟ ਅਤੇ ਮੁਸੀਬਤ ਨੂੰ ਜਿੱਤਣ ਦੀ ਸ਼ਕਤੀ ਵੀ ਹੈ।

ਜਿਨ੍ਹਾਂ ਸੰਬੰਧਾਂ ਦੀਆਂ ਨੀਹਾਂ ਵਿਚ ਦਰਦ ਹੁੰਦਾ ਹੈ, ਉਹ ਸਬੰਧ ਬੜੇ ਹੰਢਣਸਾਰ ਅਤੇ ਸੰਤੁਸ਼ਟ ਕਰਨ ਵਾਲੇ ਹੁੰਦੇ ਹਨ।

ਅਮੀਰੀ ਅਨੁਭਵ ਦੀ ਹੁੰਦੀ ਹੈ, ਪੈਸੇ, ਜਾਇਦਾਦ ਦੀ ਨਹੀਂ।

ਜ਼ਿੰਦਗੀ ਕਿਤਨੀ ਵੀ ਦੁੱਖਦਾਈ ਹੋਵੇ, ਇਹ ਮੌਤ ਨਾਲੋਂ ਚੰਗੀ ਹੀ ਰਹਿੰਦੀ ਹੈ। ਨਿਰਸੰਦੇਹ ਸੰਸਾਰ ਵਿਚ ਦੁੱਖ-ਦਰਦ ਸਦੀਵੀ ਹੈ, ਸਹਿਣ ਵਾਲੇ ਬਦਲਦੇ ਰਹਿੰਦੇ ਹਨ। ਅਨੇਕਾਂ ਵਿਅਕਤੀ ਦਰਦਾਂ-ਦੁੱਖਾਂ ਵਿਚੋਂ ਲੰਘਦਿਆਂ, ਟੁੱਟ ਜਾਂਦੇ ਹਨ ਪਰ ਕਈ ਲੰਘ ਕੇ ਮਨੁੱਖੀ ਵਿਹਾਰ ਦੇ ਨਵੇਂ ਮੀਲ-ਪੱਥਰ ਵੀ ਸਥਾਪਤ ਕਰ ਜਾਂਦੇ ਹਨ।

ਸੰਸਾਰ ਵਿਚ ਮਹਿਮਾ ਉਨ੍ਹਾਂ ਦੀ ਹੀ ਹੁੰਦੀ ਹੈ, ਜਿਨ੍ਹਾਂ ਨੇ ਸਹਿਣਸ਼ੀਲ ਅਤੇ ਧੀਰਜਵਾਨ ਹੋ ਕੇ ਦੁੱਖ ਸਹੇ ਹਨ ਅਤੇ ਸਹਿ ਰਹੇ ਹਨ।

* * *

ਅਕਲ, ਗਿਆਨ ਅਤੇ ਸਿਆਣਪ

ਅਕਲ ਵੇਖਦੀ ਹੈ, ਗਿਆਨ ਬੋਲਦਾ ਹੈ ਅਤੇ ਸਿਆਣਪ ਸੁਣਦੀ ਹੈ।

ਭਾਵੇਂ ਅਕਲ, ਗਿਆਨ ਅਤੇ ਸਿਆਣਪ ਨੂੰ ਇਕ ਹੀ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ ਪਰ ਇਹ ਸਾਡੀ ਸੂਝ-ਬੂਝ ਦੇ ਤਿੰਨ ਵੱਖ-ਵੱਖ ਪੜਾਓ ਹਨ। ਆਮ-ਸਧਾਰਨ ਸੂਝ-ਬੂਝ ਨੂੰ ਅਕਲ ਕਹਿੰਦੇ ਹਨ। ਆਲੇ-ਦੁਆਲੇ ਨੂੰ ਵੇਖਣ ਅਤੇ ਦੂਜਿਆਂ ਨਾਲ ਵਰਤ-ਵਰਤਾਰੇ ਨਾਲ ਅਤੇ ਉਨ੍ਹਾਂ ਨੂੰ ਕਾਰਜ ਕਰਦਿਆਂ ਵੇਖ ਕੇ ਅਸੀਂ ਅਕਲਮੰਦ ਬਣਦੇ ਹਾਂ। ਇਵੇਂ ਅਕਲ ਮੁਖ ਤੌਰ ਤੇ ਵੇਖਣ ਅਤੇ ਸਮਝਣ ਨਾਲ ਪ੍ਰਾਪਤ ਹੁੰਦੀ ਹੈ। ਅਸੀਂ ਜਿਤਨਾ ਵਧੇਰੇ ਧਿਆਨ ਨਾਲ ਵੇਖਦੇ-ਸਮਝਦੇ ਹਾਂ, ਉਤਨੇ ਹੀ ਵਧੇਰੇ ਅਕਲ ਵਾਲੇ ਬਣਦੇ ਜਾਂਦੇ ਹਾਂ।

ਬੱਚੇ ਦਾ ਵਿਕਾਸ ਘਰ ਦੇ ਜੀਆਂ ਨੂੰ ਵਿਚਰਦਿਆਂ ਵੇਖ ਕੇ, ਉਵੇਂ ਉਨ੍ਹਾਂ ਵਾਂਗ, ਨਕਲ ਕਰਨ ਨਾਲ ਹੁੰਦਾ ਹੈ। ਅਸੀਂ ਬਚਪਨ ਵਿਚ ਹੀ ਨਹੀਂ, ਸਗੋਂ ਸਾਰਾ ਜੀਵਨ ਦੂਜਿਆਂ ਨੂੰ ਵੇਖ ਕੇ ਆਪਣੀ ਅਕਲ ਅਤੇ ਕਾਰਗੁਜ਼ਾਰੀ ਸੁਧਾਰਦੇ ਰਹਿੰਦੇ ਹਾਂ। ਯਾਤਰਾ ਦਾ ਵੀ ਇਹੀ ਉਦੇਸ਼ ਹੁੰਦਾ ਹੈ। ਇਵੇਂ ਜੀਵਨ ਦੀ ਮੁੱਢਲੀ ਸੂਝ-ਬੂਝ ਅਕਲ ਅਖਵਾਉਂਦੀ ਹੈ, ਜਿਹੜੀ ਹਰੇਕ ਕੋਲ ਲਗਭਗ ਇਕੋ ਜਿਹੀ ਮਾਤਰਾ ਵਿਚ ਹੁੰਦੀ ਹੈ। ਫਿਰ ਵੀ ਅਸੀਂ ਜੇ ਕਿਸੇ ਨੂੰ ਅਕਲਮੰਦ ਅਤੇ ਕਿਸੇ ਨੂੰ ਬੇਅਕਲ ਕਹਿੰਦੇ ਹਾਂ ਤਾਂ ਵੱਖਰੇਵਾਂ ਅਕਲ ਦੀ ਮਾਤਰਾ ਵਿਚ ਨਹੀਂ ਹੁੰਦਾ, ਅਕਲ ਦੀ ਵਰਤੋਂ ਵਿਚ ਹੁੰਦਾ ਹੈ। ਜੇ ਕੋਈ ਦਰੱਖਤ ਦੀ ਇਕ ਟਾਹਣੀ 'ਤੇ ਬਹਿ ਕੇ ਉਸੇ ਨੂੰ ਕਟੇਗਾ ਤਾਂ ਉਹ ਵੇਖਣ ਵਾਲੇ ਨੂੰ ਬੇਅਕਲ ਲਗੇਗਾ ਪਰ ਜਦੋਂ ਉਹ ਇਕ ਵਾਰੀ ਡਿੱਗੇਗਾ ਤਾਂ ਉਸ ਨੂੰ ਅਕਲ ਆ ਜਾਵੇਗੀ, ਕਿ ਇਵੇਂ ਕਰਨਾ ਅਕਲ ਵਾਲਾ ਕੰਮ ਨਹੀਂ।

ਇਸਤਰੀਆਂ ਦੇ ਮੁਕਾਬਲੇ ਪੁਰਸ਼ ਵਧੇਰੇ ਥਾਵਾਂ ਤੇ, ਵਧੇਰੇ ਲੋਕਾਂ ਨੂੰ ਮਿਲਦੇ ਹਨ, ਇਸ ਲਈ ਉਹ ਵਧੇਰੇ ਅਕਲ ਵਾਲੇ ਸਮਝੇ ਜਾਂਦੇ ਹਨ ਪਰ ਵਾਸਤਵ ਵਿਚ ਉਨ੍ਹਾਂ ਕੋਲ ਸੂਚਨਾ ਵਧੇਰੇ ਹੁੰਦੀ ਹੈ। ਇਸਤਰੀਆਂ ਕੋਲ ਘਰ ਅੰਦਰਲੀ ਅਤੇ ਗਲੀ-ਮੁਹੱਲੇ ਦੀ ਸੂਚਨਾ ਵਧੇਰੇ ਹੁੰਦੀ ਹੈ, ਜਦੋਂ ਕਿ ਪੁਰਸ਼ਾਂ ਕੋਲ ਘਰੋਂ-ਬਾਹਰੀ ਸੂਚਨਾ ਵਧੇਰੇ ਹੁੰਦੀ ਹੈ, ਇਵੇਂ ਇਸਤਰੀਆਂ-ਪੁਰਸ਼ਾਂ ਵਿਚਕਾਰ ਅੰਤਰ ਅਕਲ ਦਾ ਨਹੀਂ, ਸੂਚਨਾ ਦਾ ਹੁੰਦਾ ਹੈ।

ਨਿੱਜੀ ਅਨੁਭਵ ਅਕਲ ਦਾ ਮੁਖ ਸਰੋਤ ਹੁੰਦਾ ਹੈ। ਬਹੁਤੇ ਲੋਕ ਆਪਣੀ ਅਕਲ ਨੂੰ ਵਰਤ ਕੇ ਵਧੇਰੇ ਯੋਗਤਾ ਨਾਲ ਕਾਰਜ ਕਰਦੇ ਹਨ ਅਤੇ ਅਕਲਾਂ

ਵਾਲੇ ਅਖਵਾਉਂਦੇ ਹਨ ਪਰ ਕਈ ਅਕਲ ਨਹੀਂ ਵਰਤਦੇ, ਕੇਵਲ ਨਕਲ ਨਾਲ ਕੰਮ ਕਰਨ ਦਾ ਯਤਨ ਕਰਦੇ ਹਨ।

ਦੂਜਿਆਂ ਨੂੰ ਵੇਖ ਕੇ ਪਰ ਅਕਲ ਤੋਂ ਬਿਨਾ ਕੀਤੇ ਕਾਰਜ ਨੂੰ ਨਕਲ ਕਹਿੰਦੇ ਹਨ। ਨਕਲ ਵਿਚੋਂ ਲੋੜੀਂਦੇ ਸਿੱਟੇ ਨਹੀਂ ਨਿਕਲਦੇ।

ਅਨਪੜ੍ਹ ਵਿਅਕਤੀਆਂ ਕੋਲ ਵੀ ਨਿਤਾ-ਪ੍ਰਤੀ ਦੀਆਂ ਸਮੱਸਿਆਵਾਂ ਸੁਲਝਾਉਣ ਦੀ ਅਕਲ ਹੁੰਦੀ ਹੈ ਪਰ ਉਨ੍ਹਾਂ ਕੋਲ ਗਿਆਨ ਨਹੀਂ ਹੁੰਦਾ, ਇਸੇ ਕਰਕੇ ਨਵੀਂ ਸਮੱਸਿਆ ਉਪਜਣ 'ਤੇ ਉਹ ਕਿਸੇ ਗਿਆਨਵਾਨ ਕੋਲ ਜਾਂਦੇ ਹਨ।

ਵਿਦਿਆ ਦੇ ਪਸਾਰ ਤੋਂ ਪਹਿਲਾਂ, ਅਕਲ ਦੇ ਪੱਖੋਂ ਸਾਰੇ ਲੋਕ ਲਗਭਗ ਬਰਾਬਰ ਸਨ, ਅੰਤਰ ਵਿਦਿਆ ਨੇ ਉਪਜਾਏ ਹਨ।

ਵਿਦਿਆ ਨਾਲ ਹੀ ਗਿਆਨ ਦਾ ਸੰਕਲਪ ਉਸਰਿਆ ਹੈ।

ਸੂਝ-ਬੂਝ ਦੇ ਪੱਖੋਂ ਅਕਲ ਤੋਂ ਅਗਲੇਰਾ ਪੜਾਓ ਗਿਆਨ ਦਾ ਹੁੰਦਾ ਹੈ। ਮਨੁੱਖ ਦੀਆਂ ਬੌਧਿਕ ਪ੍ਰਾਪਤੀਆਂ ਦੇ ਸਮੁੱਚੇ ਭੰਡਾਰ ਨੂੰ ਗਿਆਨ ਕਹਿੰਦੇ ਹਨ। ਅਕਲ ਇਕ ਸਾਂਝਾ ਅਨੁਭਵ ਹੈ, ਜਦੋਂ ਕਿ ਗਿਆਨ ਕਿਸੇ ਵਿਸ਼ੇਸ਼ ਖੇਤਰ ਦਾ ਵਿਸ਼ਾਲ ਅਨੁਭਵ ਹੁੰਦਾ ਹੈ। ਅਕਲ ਅਨੁਭਵੀ ਹੁੰਦੀ ਹੈ, ਜਦੋਂ ਕਿ ਗਿਆਨ ਕਿਤਾਬੀ ਅਤੇ ਸਿਧਾਂਤਕ ਹੁੰਦਾ ਹੈ। ਕਈ ਪੱਖਾਂ ਵਿਚ ਅਕਲ, ਗਿਆਨ ਨੂੰ ਵੀ ਪਛਾੜ ਜਾਂਦੀ ਹੈ। ਉਦਾਹਰਣ ਵਜੋਂ ਗਿਆਨ ਦੀ ਗਿਣਤੀ-ਮਿਣਤੀ ਦਸਦੀ ਹੈ ਕਿ ਜੇ ਪਰਿਵਾਰ ਵਿਚ ਬਾਰ੍ਹਾਂ ਬੱਚੇ ਹੋਣ ਤਾਂ ਪਰਿਵਾਰ ਬੜਾ ਸ਼ਕਤੀਸ਼ਾਲੀ ਹੋਵੇਗਾ ਪਰ ਅਜੋਕੀ ਅਕਲ ਦੱਸਦੀ ਹੈ ਕਿ ਬਾਰ੍ਹਾਂ ਬੱਚਿਆਂ ਨਾਲ ਪਰਿਵਾਰ ਮਜ਼ਬੂਤ ਨਹੀਂ, ਸਗੋਂ ਕਮਜ਼ੋਰ ਹੋਵੇਗਾ। ਇਵੇਂ ਜੇ ਗਿਆਨ, ਅਕਲ ਨਾਲ ਇਕ-ਸੁਰ ਨਾ ਹੋਵੇ ਤਾਂ ਉਸ ਨੂੰ ਖੁਸ਼ਕ-ਗਿਆਨ ਕਿਹਾ ਜਾਵੇਗਾ।

ਲੰਘ ਗਈਆਂ ਪੀੜ੍ਹੀਆਂ ਦੇ ਕਸ਼ੀਦ ਅਤੇ ਪੁਸ਼ਟ ਕੀਤੇ ਵਿਚਾਰਾਂ ਅਤੇ ਅਨੁਭਵਾਂ ਨੂੰ ਗ੍ਰੰਥਾਂ, ਪੋਥੀਆਂ ਅਤੇ ਪੁਸਤਕਾਂ ਰਾਹੀਂ ਗ੍ਰਹਿਣ ਕਰਨ, ਅਧਿਆਪਕਾਂ ਤੋਂ ਪੜ੍ਹਨ ਅਤੇ ਵਿਦਿਆਰਥੀ ਬਣ ਕੇ ਸੁਣਨ ਅਤੇ ਸਮਝਣ ਨਾਲ ਅਸੀਂ ਗਿਆਨਵਾਨ ਬਣਦੇ ਹਾਂ।

ਪੁਸਤਕਾਂ, ਅਧਿਆਪਕ ਅਤੇ ਵਿਸ਼ੇਸ਼ੱਗ ਗਿਆਨ ਦੇ ਪ੍ਰਮੁਖ ਸਰੋਤ ਹੁੰਦੇ ਹਨ।

ਜੇ ਅਕਲ ਨਾ ਹੋਵੇ ਤਾਂ ਸਕੂਲ-ਕਾਲਜ ਅਤੇ ਪੁਸਤਕਾਂ ਵੀ ਕੁਝ ਨਹੀਂ ਸੰਵਾਰ ਸਕਦੀਆਂ।

ਜਦੋਂ ਪੁਸਤਕਾਂ ਦੀ ਸਹੂਲਤ ਨਹੀਂ ਸੀ ਤਾਂ ਗੁਰੂ-ਕੁਲਾਂ, ਨਾਲੰਦਾ ਅਤੇ ਟੈਕਸਿਲਾ ਵਿਸ਼ਵ-ਵਿਦਿਆਲਿਆਂ ਵਿਚ ਰਿਸ਼ੀ, ਸ਼ਿਸ਼ਾਂ ਨੂੰ ਬੋਲ ਕੇ ਗਿਆਨ ਦਿੰਦੇ ਸਨ। ਯੂਨਾਨ ਵਿਚ ਪਲੈਟੋ ਨੇ ਅਕਾਦਮੀ ਨਾਂ ਦਾ ਵਿਦਿਆਲਾ ਖੋਲ੍ਹਿਆ ਸੀ, ਜਿਥੇ ਅਰਸਤੂ ਇਕ ਵਿਦਿਆਰਥੀ ਵਜੋਂ ਦਾਖਲ ਹੋਇਆ ਸੀ।

ਉਦੋਂ ਹੱਥਾਂ ਨਾਲ ਪੁਸਤਕਾਂ ਲਿਖਣ ਦਾ ਰਿਵਾਜ ਸੀ ਪਰ ਛਾਪਣ ਦਾ ਰਿਵਾਜ ਨਹੀਂ ਸੀ, ਸੋ ਬਹੁਤਾ ਗਿਆਨ ਮੌਖਿਕ ਸੀ।

ਲਿਪੀ ਦੇ ਵਿਕਾਸ ਨਾਲ ਲਿਖਣ ਅਤੇ ਪੜ੍ਹਨ ਦਾ ਮਹੱਤਵ ਵੱਧਿਆ ਹੈ। ਕਈ ਵਿਅਕਤੀ ਲਿਖਣ ਵਿਚ ਵਧੇਰੇ ਨਿਪੁੰਨ ਹੁੰਦੇ ਹਨ ਅਤੇ ਕਈ ਬੋਲਣ ਵਿਚ।

ਧਰਮ, ਵਕਾਲਤ, ਅਧਿਆਪਨ ਅਤੇ ਰਾਜਨੀਤੀ ਵਿਚ ਬੋਲਣ ਦਾ ਮਹੱਤਵ ਹੈ, ਜਦੋਂ ਕਿ ਅਦਾਲਤਾਂ, ਦਫ਼ਤਰਾਂ, ਬੈਕਾਂ ਆਦਿ ਵਿਚ ਲਿਖਣ ਦਾ ਕਾਰਜ ਵਧੇਰੇ ਹੁੰਦਾ ਹੈ।

ਛਾਪੇਖਾਨੇ ਦੀ ਕਾਢ ਨਾਲ ਗਿਆਨ ਦਾ ਵਿਸਤਾਰ ਹੋਇਆ ਹੈ ਅਤੇ ਗਿਆਨ ਆਮ ਲੋਕਾਂ ਦੀ ਪਹੁੰਚ ਵਿਚ ਆਇਆ ਹੈ।

ਅਕਲ ਦਾ ਘੇਰਾ ਸੀਮਤ ਅਤੇ ਸਥਾਨਕ ਹੁੰਦਾ ਹੈ ਜਦੋਂ ਕਿ ਗਿਆਨ ਇਸ ਘੇਰੇ ਨੂੰ ਵਿਸ਼ਾਲ ਕਰ ਦਿੰਦਾ ਹੈ।

ਗਿਆਨ ਸਰਬ-ਵਿਆਪਕ ਨੇਮਾਂ, ਅਸੂਲਾਂ, ਵਿਚਾਰਾਂ, ਸਿਧਾਂਤਾਂ, ਖੋਜਾਂ, ਫਾਰਮੂਲਿਆਂ, ਪ੍ਰਯੋਗਾਂ, ਸਿੱਟਿਆਂ ਅਤੇ ਨਿਚੋੜਾਂ 'ਤੇ ਉਸਰਿਆ ਹੁੰਦਾ ਹੈ। ਗਿਆਨ ਨੂੰ ਸਿਲਸਿਲੇਵਾਰ ਅਤੇ ਵਿਸ਼ੇਸ਼ ਵਿਧੀ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਹੁਣ ਸਾਡੇ ਜੀਵਨ ਦਾ ਵੱਡਾ ਭਾਗ ਗਿਆਨ-ਪ੍ਰਾਪਤੀ ਵਿਚ ਖਰਚ ਹੋ ਜਾਂਦਾ ਹੈ। ਅਜੋਕੇ ਯੁਗ ਵਿਚ ਗਿਆਨ ਤੋਂ ਬਿਨਾ ਕਿਸੇ ਦੀ ਕੋਈ ਪਛਾਣ ਨਹੀਂ ਬਣਦੀ।

ਅਕਲ ਅਤੇ ਗਿਆਨ ਤੋਂ ਅਗਲੇਰੇ ਪੜਾਓ ਨੂੰ ਸਿਆਣਪ ਕਹਿੰਦੇ ਹਨ।

ਸਿਆਣਪ ਦਾ ਮੁਖ ਸਰੋਤ ਕੁਦਰਤ ਹੁੰਦੀ ਹੈ।

ਅਕਲ ਸਥਾਨਕ, ਗਿਆਨ ਸੰਸਾਰੀ ਅਤੇ ਸਿਆਣਪ ਬ੍ਰਹਿਮੰਡੀ ਹੁੰਦੀ ਹੈ।

ਗਿਆਨ, ਨਿਖੇੜਨ ਅਤੇ ਵਿਸ਼ਲੇਸ਼ਣ ਦਾ ਖੇਤਰ ਹੈ, ਜਦੋਂ ਕਿ ਸਿਆਣਪ, ਜੋੜਨ ਅਤੇ ਅੰਤਰ-ਸੰਬੰਧਾਂ ਨੂੰ ਉਸਾਰਨ ਅਤੇ ਜਾਣਨ ਦਾ ਖੇਤਰ ਹੈ।

ਜਿਨ੍ਹਾਂ ਕੋਲ ਸਿਆਣਪ ਹੁੰਦੀ ਹੈ, ਉਨ੍ਹਾਂ ਨੂੰ ਜੀਨੀਅਸ, ਪੈਗੰਬਰ, ਦਰਵੇਸ਼, ਗੁਰੂ, ਮਹਾਤਮਾ, ਫ਼ਿਲਾਸਫ਼ਰ, ਯੁਗ-ਪੁਰਸ਼ ਆਦਿ ਕਿਹਾ ਜਾਂਦਾ ਹੈ।

ਪੈਗੰਬਰ ਸਿਆਣਾ ਹੁੰਦਾ ਹੈ, ਫ਼ਿਲਾਸਫ਼ਰ ਗਿਆਨਵਾਨ ਹੁੰਦਾ ਹੈ।

ਸੁਕਰਾਤ ਸਿਆਣਾ ਸੀ, ਪਲੈਟੋ ਗਿਆਨਵਾਨ ਸੀ।

ਅਕਲਮੰਦ ਅਤੇ ਗਿਆਨਵਾਨ ਲੱਖਾਂ-ਕਰੋੜਾਂ ਹੁੰਦੇ ਹਨ, ਜਦੋਂ ਕਿ ਸਿਆਣਿਆਂ ਦੀ ਕਦੇ ਭੀੜ ਨਹੀਂ ਹੁੰਦੀ।

ਸਿਆਣਪ ਦਾ ਸੰਬੰਧ ਸਮੁੱਚੇ ਜੀਵ-ਜੰਤੂ ਜਗਤ ਨਾਲ ਹੁੰਦਾ ਹੈ।

ਅਕਲ ਸਾਲਾਂ ਵਿਚ, ਗਿਆਨ ਦਹਾਕਿਆਂ ਵਿਚ ਅਤੇ ਸਿਆਣਪ ਸਦੀਆਂ ਵਿਚ ਮਾਪੀ ਜਾਂਦੀ ਹੈ।

ਸਿਆਣਿਆਂ ਦੀਆਂ ਗੱਲਾਂ ਸਦੀਆਂ ਤੱਕ ਗੂੰਜਦੀਆਂ ਹੀ ਨਹੀਂ, ਇਹ ਸਾਡੀ ਸੋਚ ਵਿਚ ਬਹਿ ਕੇ, ਸਾਨੂੰ ਅੰਦਰੋਂ ਚਲਾਉਂਦੀਆਂ ਰਹਿੰਦੀਆਂ ਹਨ। ਇਨ੍ਹਾਂ

ਸਿਆਣਿਆਂ ਦੇ ਵਿਚਾਰਾਂ ਦੀ ਗੋਦ ਵਿਚ ਅਸੀਂ ਨਿੱਘੇ ਅਤੇ ਸੁਖਾਲੇ ਮਹਿਸੂਸ ਕਰਦੇ ਹਾਂ। ਔਖੇ ਫ਼ੈਸਲਿਆਂ ਵੇਲੇ ਉਹ ਸਾਡੀ ਧਿਰ ਬਣਦੇ ਹਨ ਅਤੇ ਸੰਕਟ ਵਿਚ ਉਨ੍ਹਾਂ ਦੀ ਸ਼ਰਨ ਵਿਚ ਆਕੇ ਅਸੀਂ ਆਪਣੀ ਚਿੰਤਾ ਉਨ੍ਹਾਂ ਨੂੰ ਸੌਂਪ ਦਿੰਦੇ ਹਾਂ।

ਸਿਆਣਿਆਂ ਦੀ ਦਹਿਲੀਜ਼ 'ਤੇ ਪਹੁੰਚ ਕੇ ਸਾਨੂੰ ਭਰੋਸਾ ਮਿਲ ਜਾਂਦਾ ਹੈ ਕਿ ਇਥੇ ਸਾਨੂੰ ਪ੍ਰਵਾਨ ਕੀਤਾ ਜਾਵੇਗਾ।

ਮੁਸ਼ਕਿਲ ਵਿਚ ਘਿਰਿਆ ਮਨੁੱਖ, ਜਦੋਂ ਗੀਤਾ ਜਾਂ ਗ੍ਰੰਥ ਦੇ ਲੜ ਲਗਦਾ ਹੈ ਤਾਂ ਉਸ ਦਾ ਡੋਲਦਾ ਮਨ ਟਿਕ ਜਾਂਦਾ ਹੈ। ਇਵੇਂ ਡੋਲਦੇ ਮਨ ਨੂੰ ਟਿਕਾਓ ਦੇਣ ਵਾਲੇ ਗਿਆਨ ਨੂੰ ਸਿਆਣਪ ਕਹਿੰਦੇ ਹਨ।

ਗਿਆਨਵਾਨਾਂ ਦੇ ਬਦਲ ਮਿਲ ਜਾਂਦੇ ਹਨ ਪਰ ਸਿਆਣਿਆਂ ਦੇ ਬਦਲ ਨਹੀਂ ਮਿਲਦੇ। ਸਿਆਣੇ ਕੁਦਰਤ ਦਾ ਕੋਈ ਨੇਮ ਨਹੀਂ ਤੋੜਦੇ।

ਕੁਦਰਤ ਨਾਲ ਇਕ-ਸੁਰ ਹੋਣਾ ਹੀ ਸਿਆਣਪ ਹੈ।

ਕੁਦਰਤ ਤੋਂ ਬਿਨਾ ਕਾਦਰ ਦਾ ਸੰਕਲਪ ਸੰਭਵ ਹੀ ਨਹੀਂ।

ਕੁਦਰਤ, ਪ੍ਰਮਾਤਮਾ ਦੀ ਹੋਂਦ ਦਾ ਸਬੂਤ ਹੁੰਦੀ ਹੈ।

ਗਿਆਨ ਹਾਨੀਕਾਰਕ ਵੀ ਹੋ ਸਕਦਾ ਹੈ ਪਰ ਸਿਆਣਪ ਸਦਾ ਕਲਿਆਣ-ਕਾਰੀ ਹੀ ਹੁੰਦੀ ਹੈ।

ਸਿਆਣਪ ਨੂੰ ਹੀ ਸੱਚਾ ਗਿਆਨ ਜਾਂ ਸੱਚਾਈ ਕਿਹਾ ਗਿਆ ਹੈ।

ਜਦੋਂ ਸੱਚਾ ਗਿਆਨ ਹੋ ਜਾਂਦਾ ਹੈ ਤਾਂ ਉਸ ਦੇ ਲੰਘਣ ਲਈ ਅੰਦਰਲੇ ਬੂਹੇ ਆਪੇ ਖੁਲ੍ਹ ਜਾਂਦੇ ਹਨ। ਗਿਆਨ ਵਿਚ ਤਰਕ ਅਤੇ ਬੁੱਧੀ ਦੀ ਪ੍ਰਧਾਨਤਾ ਹੁੰਦੀ ਹੈ, ਜਦੋਂ ਕਿ ਸਿਆਣਪ ਜਾਂ ਧੁਰ ਕੀ ਬਾਣੀ ਵਿਚ ਇਲਹਾਮ, ਅੰਤਰ-ਦ੍ਰਿਸ਼ਟੀ ਦੀ ਖੁਸ਼ਹਾਲੀ ਅਤੇ ਆਤਮਾ ਦੀ ਪ੍ਰਮੁਖਤਾ ਹੁੰਦੀ ਹੈ।

ਗਿਆਨ ਸਾਨੂੰ ਬੰਨ੍ਹਦਾ ਅਤੇ ਕਸਦਾ ਹੈ, ਸਿਆਣਪ ਸਾਨੂੰ ਖੋਲ੍ਹਦੀ ਅਤੇ ਸੁਤੰਤਰ ਕਰਦੀ ਹੈ।

ਸਿਆਣਪ ਕੁਦਰਤ ਵਿਚ ਹੈ, ਲੋੜ ਇਸ ਨੂੰ ਅਪਨਾਉਣ ਦੀ ਹੈ।

ਕੁਦਰਤ ਨੇ ਆਪਣੀ ਸਿਆਣਪ ਨਾਲ ਪੰਛੀਆਂ ਦੇ ਰਹਿਣ ਲਈ ਦਰੱਖਤ ਅਤੇ ਉੱਡਣ ਲਈ ਅਸਮਾਨ ਬਣਾਇਆ ਹੈ, ਜਦੋਂ ਕਿ ਮਨੁੱਖ ਨੇ ਆਪਣੇ ਗਿਆਨ ਨਾਲ ਪਿੰਜਰੇ ਬਣਾਏ ਹਨ।

ਮਨੁੱਖ ਜਿਸ ਜੀਵ ਨੂੰ ਪਾਲਦਾ ਹੈ, ਉਸ ਨੂੰ ਕੈਦ ਕਰ ਲੈਂਦਾ ਹੈ।

ਮਨੁੱਖ ਆਪਣੇ ਗਿਆਨ ਨੂੰ ਵਰਤ ਕੇ ਆਲੇ-ਦੁਆਲੇ ਨੂੰ ਕਾਬੂ ਕਰਦਾ ਹੈ।

ਗਿਆਨ ਵਿਚ ਹਉਮੈ ਹੁੰਦੀ ਹੈ, ਇਸੇ ਕਰਕੇ ਇਸ ਦੀ ਦੁਰਵਰਤੋਂ ਹੁੰਦੀ ਹੈ।

ਸਿਆਣਪ ਦਾ ਦੂਜਾ ਨਾਂ ਨਿਮਰਤਾ ਜਾਂ ਦਇਆ ਹੈ। ਗਿਆਨ ਬੋਲਦਾ ਹੈ, ਸਿਆਣਪ ਸੁਣਦੀ ਅਤੇ ਸੋਚਦੀ ਹੈ। ਸਿਆਣੇ ਘੱਟ ਬੋਲਦੇ ਹਨ, ਇਸੇ ਕਾਰਨ ਉਨ੍ਹਾਂ ਨੂੰ ਅਤੇ ਉਨ੍ਹਾਂ ਬਾਰੇ ਚਰਚਾ ਨੂੰ ਧਿਆਨ ਨਾਲ ਸੁਣਿਆ ਜਾਂਦਾ ਹੈ। ਉਹ

ਘੱਟ ਲਿਖਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਬਾਰ-ਬਾਰ ਪੜ੍ਹਿਆ ਜਾਂਦਾ ਹੈ।

ਸਿਆਣਪ ਸਦੀਵੀ ਹੁੰਦੀ ਹੈ। ਇਸ ਦਾ ਸਥਾਨ-ਮੁਕਤ ਅਤੇ ਕਾਲ-ਮੁਕਤ ਹੋਣਾ ਇਸ ਦੇ ਮੁੱਢਲੇ ਲੱਛਣ ਹਨ।

ਗਿਆਨ ਨਾਲ ਸਾਡੀ ਜਗਿਆਸਾ ਸ਼ਾਂਤ ਹੁੰਦੀ ਹੈ, ਸਿਆਣਪ ਸਾਡੇ ਵਿਚ ਵਿਸ਼ਵਾਸ ਉਪਜਾਉਂਦੀ ਹੈ। ਸਿਆਣਪ ਅਗੇ ਸਾਨੂੰ ਝੁਕਣ ਵਿਚ ਆਨੰਦ ਆਉਂਦਾ ਹੈ। ਗਿਆਨ ਨਾਲ ਗਿਆਨ ਦੀ ਭੁੱਖ ਵੱਧਦੀ ਹੈ, ਸਿਆਣਪ ਸਾਨੂੰ ਸੰਤੁਸ਼ਟ ਕਰਦੀ ਹੈ, ਇਵੇਂ ਇਸ ਨਾਲ ਗਿਆਨ ਦੀ ਭੁੱਖ ਮਿੱਟ ਜਾਂਦੀ ਹੈ।

ਸਿਆਣਪ, ਗਿਆਨ ਨਾਲੋਂ ਵੱਖਰੇ ਸੁਭਾਓ ਵਾਲਾ ਵਰਤਾਰਾ ਹੈ।

ਗਿਆਨ ਨੇੜੇ ਅਤੇ ਸਿਆਣਪ ਦੂਰ ਪ੍ਰਤੀਤ ਹੁੰਦੀ ਹੈ। ਨੇੜਤਾ ਨਾਲ ਅਪਣੱਤ ਵੱਧਦੀ ਹੈ ਪਰ ਸਤਿਕਾਰ ਲਈ ਫ਼ਾਸਲੇ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਫ਼ਾਸਲੇ ਨਾਲ ਵਿਸ਼ੇਸ਼ਤਾ ਅਤੇ ਵਿਸ਼ਾਲਤਾ ਦੇ ਗੁਣ ਉਭਰਦੇ ਹਨ। ਜੇ ਕੋਈ ਨੇੜੇ ਹੋਵੇਗਾ, ਭਾਵੇਂ ਕਿਤਨਾ ਹੀ ਸਿਆਣਾ ਹੋਵੇ, ਉਹ ਸਧਾਰਨ ਹੀ ਲਗੇਗਾ ਪਰ ਫਾਸਲੇ ਤੋਂ ਵੇਖਿਆਂ ਉਹ ਵਿਸ਼ਾਲ ਅਤੇ ਵੱਡਾ ਪ੍ਰਤੀਤ ਹੋਵੇਗਾ।

ਸਿਆਣੇ ਵਿਅਕਤੀਆਂ ਨਾਲ ਅਸੀਂ ਇਮਾਰਤਾਂ ਅਤੇ ਸ਼ਹਿਰ ਜੋੜ ਦਿੰਦੇ ਹਾਂ। ਇਨ੍ਹਾਂ ਇਮਾਰਤਾਂ ਨੂੰ ਵੇਖ ਕੇ ਸਾਨੂੰ ਮਹਾਂਪੁਰਸ਼ਾਂ ਦੇ ਹਾਜ਼ਰ-ਹਜ਼ੂਰ ਹੋਣ ਦਾ ਅਹਿਸਾਸ ਹੁੰਦਾ ਹੈ। ਮੱਕੇ ਦੇ ਆਲੇ-ਦੁਆਲੇ ਵਿਸ਼ਾਲ ਥਾਂ ਅਤੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਰੋਵਰ ਅਤੇ ਖੁੱਲ੍ਹੀ ਪ੍ਰਕਰਮਾ ਵਿਚੋਂ ਸਾਨੂੰ ਗੁਰੂ ਸਾਹਿਬਾਂ ਅਤੇ ਮਹਾਂਪੁਰਸ਼ਾਂ ਦੇ ਨੂਰਾਨੀ ਚਿਹਰੇ ਝਲਕਦੇ ਪ੍ਰਤੀਤ ਹੁੰਦੇ ਹਨ ਅਤੇ ਕੀਰਤਨ ਵਿਚ ਉਨ੍ਹਾਂ ਦਾ ਸੁਨੇਹਾ ਗੂੰਜਦਾ ਹੈ।

ਪ੍ਰਾਚੀਨ ਮਿਸਰ ਦੀਆਂ ਦਾਰਸ਼ਨਿਕ ਪੁਸਤਕਾਂ ਪੜ੍ਹਨ ਵਾਲੇ ਨੂੰ 'ਸਿਆਣਾ' ਕਿਹਾ ਜਾਂਦਾ ਸੀ। ਸਾਡੇ ਆਪਣੇ ਦੇਸ਼ ਵਿਚ ਵੇਦਾਂ ਅਤੇ ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਕਰਨ ਅਤੇ ਪ੍ਰਸਾਰ ਕਰਨ ਵਾਲੇ ਨੂੰ ਪੰਡਤ ਅਤੇ ਬ੍ਰਹਮ-ਗਿਆਨੀ ਕਹਿ ਕੇ ਸਤਿਕਾਰਿਆ ਜਾਂਦਾ ਸੀ।

ਮਹਾਂਪੁਰਸ਼ਾਂ ਦੇ ਕਥਨਾਂ, ਉਨ੍ਹਾਂ ਦੀਆਂ ਰਚਨਾਵਾਂ ਵਿਚ ਦਰਜ ਸਲੋਕਾਂ, ਅਖਾਣਾਂ, ਮੁਹਾਵਰਿਆਂ, ਲਕੋਕਤੀਆਂ ਆਦਿ ਵਿਚ ਉਨ੍ਹਾਂ ਦੇ ਅਨੁਭਵ ਅਤੇ ਉਨ੍ਹਾਂ ਦੀ ਸਿਆਣਪ, ਅਤਿਅੰਤ ਸੰਖੇਪ ਅਤੇ ਡੂੰਘੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਅਖਾਣਾਂ ਵਿਚ ਨਸੀਹਤ ਹੁੰਦੀ ਹੈ। ਮੁਹਾਵਰਿਆਂ ਵਿਚ ਪਰਖਿਆ ਹੋਇਆ ਅਨੁਭਵ ਹੁੰਦਾ ਹੈ ਅਤੇ ਲਕੋਕਤੀਆਂ ਵਿਚ ਅਪਨਾਉਣ ਯੋਗ ਗਿਆਨ ਹੁੰਦਾ ਹੈ।

ਅਖਾਣ-ਮੁਹਾਵਰੇ ਲੋਕ-ਵਰਤਾਰੇ ਦਾ ਭਾਗ ਹੋਣ ਕਰਕੇ, ਸਮਾਜਿਕ ਅਕਲ ਦਾ ਆਧਾਰ ਬਣਦੇ ਹਨ।

ਅਕਲ ਨਾਲ ਅਸੀਂ ਯਾਦ-ਸ਼ਕਤੀ ਦੇ ਆਧਾਰ 'ਤੇ ਜਾਣੀਆਂ-ਪਛਾਣੀਆਂ ਸਮੱਸਿਆਵਾਂ ਹੱਲ ਕਰਦੇ ਹਾਂ ਜਦੋਂ ਕਿ ਗਿਆਨ ਨਾਲ ਅਸੀਂ ਨਵੇਂ ਸੰਕਟਾਂ, ਮੁਸੀਬਤਾਂ, ਬਿਪਤਾਵਾਂ ਅਤੇ ਚਣੌਤੀਆਂ ਨਾਲ ਨਜਿੱਠਦੇ ਹਾਂ ਅਤੇ ਸਿਆਣਪ ਨਾਲ ਅਸੀਂ ਏਕਾ, ਭਾਈਚਾਰਾ ਅਤੇ ਸਾਂਝਾਂ ਉਸਾਰਦੇ ਹਾਂ।

ਜ਼ਰੂਰੀ ਨਹੀਂ ਕਿ ਸਿਆਣਪ ਕੇਵਲ ਧਰਮ ਦੇ ਖੇਤਰ ਨਾਲ ਹੀ ਸੰਬੰਧਤ ਹੋਵੇ। ਜਦੋਂ ਗਿਆਨ ਡੂੰਘਾ, ਵਿਸ਼ਾਲ ਅਤੇ ਸਦੀਵੀ ਹੋ ਜਾਵੇ, ਤਾਂ ਖੇਤਰ ਕੋਈ ਹੋਵੇ, ਉਸ ਨੂੰ ਸਿਆਣਪ ਹੀ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਯੂਕਲਿਡ ਦੀ ਜੁਮੈਟਰੀ ਹੈ ਤਾਂ ਗਿਆਨ ਪਰ ਪਿਛਲੇ ਦੋ ਹਜ਼ਾਰ ਸਾਲ ਤੋਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਵਿਚ ਪਾਠ-ਪੁਸਤਕ ਵਜੋਂ ਪੜ੍ਹਾਈ ਜਾਣ ਕਰਕੇ, ਇਹ ਗ੍ਰੰਥ ਦਾ ਦਰਜਾ ਪ੍ਰਾਪਤ ਕਰ ਗਈ ਹੈ। ਵਿਸ਼ਵਕਰਮਾ ਦੇ ਨੇਮ, ਸਭਨੀਂ ਥਾਈਂ, ਇਕਸਾਰ, ਕੁਦਰਤ ਦੇ ਨੇਮਾਂ ਵਾਂਗ, ਲਾਗੂ ਹੁੰਦੇ ਹਨ।

ਸਦੀਵੀ ਗਿਆਨ ਜਾਂ ਸਿਆਣਪ ਸਿਰਜਣ ਵਾਲਿਆਂ ਨੂੰ ਮਹਾਂਪੁਰਸ਼ ਕਿਹਾ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮਹਾਂਪੁਰਸ਼ਾਂ ਦੀ ਛੋਹ ਨਾਲ ਜਾਂ ਸਿਆਣਿਆਂ ਦੀ ਅਸ਼ੀਰਵਾਦ ਨਾਲ ਰੋਗੀ ਤੰਦਰੁਸਤ ਹੋ ਜਾਂਦੇ ਸਨ। ਸਿਰ ਤੇ ਹੱਥ ਰੱਖਣ ਦੀ ਰੀਤ, ਇਸ ਛੋਹ ਦਾ ਹੀ ਸੰਕੇਤ ਹੈ। ਹੁਣ ਵੀ ਬੱਚਿਆਂ ਨੂੰ ਪ੍ਰੇਰਿਆ ਜਾਂਦਾ ਹੈ ਕਿ ਉਹ ਬਜ਼ੁਰਗਾਂ ਤੋਂ ਅਸ਼ੀਰਵਾਦ ਲੈਣ ਤਾਂ ਜੋ ਉਨ੍ਹਾਂ ਵਿਚ ਵੀ ਸਦ-ਗੁਣ ਆ ਜਾਣ ਅਤੇ ਉਹ ਚੰਗੇ ਅਤੇ ਸਿਆਣੇ ਬਣਨ।

ਚੰਗੇ ਅਤੇ ਸਿਆਣੇ ਵਿਅਕਤੀ ਦੀ ਮੌਤ 'ਤੇ ਇਕੱਠੇ ਹੋਏ ਲੋਕ, ਮਰਨ ਵਾਲੇ ਦੀ ਸ਼ਖ਼ਸੀਅਤ ਦਾ ਉਘੜਵਾਂ ਗੁਣ ਧਾਰ ਲੈਂਦੇ ਹਨ। ਜੇ ਮਰਨ ਵਾਲਾ ਸਬਰ-ਸੰਤੋਖ ਵਾਲਾ ਸੀ ਤਾਂ ਸਾਰੇ ਸਬਰ-ਸੰਤੋਖ ਨਾਲ ਸੰਸਕਾਰ ਦੀ ਰਸਮ ਨੂੰ ਉਡੀਕਣਗੇ। ਜੇ ਮਰਨ ਵਾਲਾ ਕੁਰਬਾਨੀਆਂ ਕਰਨ ਵਾਲਾ ਸੀ ਤਾਂ ਦੂਰੋਂ-ਦੂਰੋਂ ਲੋਕ ਕੁਰਬਾਨੀਆਂ ਕਰਕੇ ਪਹੁੰਚਣਗੇ। ਜੇ ਮਰਨ ਵਾਲਾ ਗਿਆਨਵਾਨ ਅਤੇ ਸਿਆਣਾ ਸੀ ਤਾਂ ਸਾਰੇ ਸਿਆਣੀਆਂ ਗੱਲਾਂ ਕਰਨਗੇ।

ਸਧਾਰਨ ਲੋਕਾਂ ਦੇ ਗੁਣ ਉਭਾਰਨ ਲਈ ਕਿਸੇ ਮਹੱਤਵਪੂਰਨ ਅਤੇ ਵੱਡੇ ਵਿਅਕਤੀ ਦੀ ਮੌਤ ਦਾ ਵਾਪਰਨਾ ਸਹਾਇਕ ਹੁੰਦਾ ਹੈ। ਪਿਛੇ ਜਿਹੇ ਜਦੋਂ ਰੋਮ ਵਿਚ ਈਸਾਈਆਂ ਦਾ ਪੋਪ ਅਕਾਲ ਚਲਾਣਾ ਕਰ ਗਿਆ ਤਾਂ ਉਸ ਦਿਨ ਰੋਮ ਦੀ ਅਬਾਦੀ ਦੁੱਗਣੀ ਹੋ ਗਈ ਸੀ ਅਤੇ ਸੋਗ ਕਰਨ ਲਈ ਸੰਸਾਰ ਭਰ ਵਿਚੋਂ ਆਏ ਮਹਿਮਾਨਾਂ ਲਈ, ਰੋਮ ਵਾਸੀਆਂ ਨੇ ਆਪਣੇ ਘਰਾਂ ਦੇ ਬੂਹੇ ਖੋਲ੍ਹ ਦਿੱਤੇ ਸਨ। ਪੋਪ ਨੂੰ ਦਫ਼ਨਾਉਣ ਵੇਲੇ ਬਾਦਸ਼ਾਹ ਅਤੇ ਰਾਸ਼ਟਰਪਤੀ ਪਹੁੰਚੇ ਸਨ।

ਉਸ ਦਿਨ ਸਾਰਾ ਰੋਮ ਚੁੱਪ ਅਤੇ ਉਦਾਸ ਸੀ।

ਚੁੱਪ, ਸਿਆਣਪ ਦਾ ਲੱਛਣ ਹੁੰਦੀ ਹੈ। ਵਿਸ਼ਾਲ ਅਤੇ ਡੂੰਘੇ ਗਿਆਨ ਅਤੇ

ਸਿਆਣਪ ਲਈ ਚੁੱਪ ਅਤੇ ਇਕਾਂਤ ਜ਼ਰੂਰੀ ਹੁੰਦਾ ਹੈ। ਚੁੱਪ ਅਤੇ ਇਕਾਂਤ ਦਾ ਅਰਥ ਇਹ ਨਹੀਂ ਕਿ ਅਸੀਂ ਸੰਸਾਰ ਤੋਂ ਕਿਨਾਰਾ ਕਰ ਲਈਏ ਸਗੋਂ ਸਿਆਣਪ ਇਹ ਜਾਣਨਾ ਹੁੰਦੀ ਹੈ ਕਿ ਨੀਵੀਆਂ ਖਿੱਚਾਂ ਤੋਂ ਮੁਕਤ ਹੋਏ ਬਿਨਾਂ ਉੱਚੀਆਂ ਉਡਾਰੀਆਂ ਸੰਭਵ ਨਹੀਂ ਹੁੰਦੀਆਂ।

ਅਕਲ, ਗਿਆਨ ਅਤੇ ਸਿਆਣਪ ਨੂੰ ਵਿਹਾਰਕ ਪੱਖ ਤੋਂ ਵੀ ਵਿਚਾਰਨ ਦੀ ਲੋੜ ਹੈ। ਸਧਾਰਨ ਲੋਕ ਸਮਝਦੇ ਹਨ ਕਿ ਪ੍ਰਚਲਿਤ ਵਿਚਾਰ ਹੀ ਠੀਕ ਹਨ, ਸੋ ਪ੍ਰਚਲਿਤ ਵਿਚਾਰਾਂ ਦਾ ਵਿਰੋਧ ਕਰਨ ਵਾਲਾ ਗਿਆਨ, ਉਨ੍ਹਾਂ ਨੂੰ ਚੰਗਾ ਨਹੀਂ ਲਗਦਾ।

ਗਿਆਨ ਗ੍ਰਹਿਣ ਕਰਨਾ ਜਾਂ ਬੁੱਧੀ ਨੂੰ ਵਰਤਣਾ ਸੌਖਾ ਕਾਰਜ ਨਹੀਂ ਹੁੰਦਾ, ਇਸੇ ਕਰਕੇ ਗਿਆਨ ਦੇਣ ਵਾਲੇ ਦੇ ਮੁਕਾਬਲੇ ਅਸੀਂ ਗਾਉਣ ਵਾਲਿਆਂ ਨੂੰ ਵਧੇਰੇ ਧਿਆਨ ਅਤੇ ਮੋਹ ਨਾਲ ਸੁਣਦੇ ਹਾਂ। ਅਸੀਂ ਗੰਭੀਰ ਹੋਣ ਤੋਂ ਘਬਰਾਉਂਦੇ ਹਾਂ, ਜਿਸ ਕਰਕੇ ਅਸੀਂ ਆਪਣਾ ਬਹੁਤਾ ਸਮਾਂ ਵਿਅਰਥ ਹੀ ਗੁਆ ਦਿੰਦੇ ਹਾਂ।

ਕਈਆਂ ਨੂੰ ਭੁਲੇਖਾ ਹੁੰਦਾ ਹੈ ਕਿ ਉਹ ਰੋਜ਼ ਅਖਬਾਰ ਪੜ੍ਹਦੇ ਹਨ, ਸੋ ਉਹ ਰੋਜ਼ ਗਿਆਨ ਪ੍ਰਾਪਤ ਕਰਦੇ ਹਨ।

ਜਾਣਨਾ ਜ਼ਰੂਰੀ ਹੈ ਕਿ ਸਮਾਚਾਰ-ਪੱਤਰ ਸੂਚਨਾ ਹੀ ਦਿੰਦੇ ਹਨ। ਰਸਾਲਿਆਂ ਆਦਿ ਤੋਂ ਸਾਨੂੰ ਵਿਚਾਰ ਮਿਲਦੇ ਹਨ, ਜਦੋਂ ਕਿ ਗਿਆਨ, ਪੁਸਤਕਾਂ ਪੜ੍ਹਨ ਅਤੇ ਸਿਆਣਿਆਂ ਨੂੰ ਸੁਣਨ ਨਾਲ ਹੀ ਪ੍ਰਾਪਤ ਹੁੰਦਾ ਹੈ।

ਮੁੱਖ ਤੌਰ ਤੇ ਪੁਸਤਕਾਂ ਵੀ, ਜੇ ਨਿਗਰਾਨੀ ਤੋਂ ਬਿਨਾ ਆਪੇ ਪੜ੍ਹੀਆਂ ਜਾਣ ਤਾਂ ਇਹ ਅਕਸਰ ਨਵਾਂ ਗਿਆਨ ਉਪਜਾਉਂਦੀਆਂ ਨਹੀਂ, ਪ੍ਰਾਪਤ ਗਿਆਨ ਨੂੰ ਵਧਾਉਂਦੀਆਂ ਹੀ ਹਨ। ਗਿਆਨ ਪ੍ਰਾਪਤੀ ਲਈ ਕਿਸੇ ਸੰਸਥਾ ਵਿਚ ਦਾਖਲ ਹੋਣਾ ਪਵੇਗਾ ਅਤੇ ਉਸ ਉਪਰੰਤ ਗਿਆਨ ਨਾਲ ਜੁੜੇ ਰਹਿਣ ਵਾਸਤੇ ਆਪ ਪੁਸਤਕਾਂ ਪੜ੍ਹਨੀਆਂ ਪੈਣਗੀਆਂ।

ਜਦੋਂ ਕਿਸੇ ਪੁਸਤਕ ਨੂੰ ਅਸੀਂ ਦੁਬਾਰਾ ਪੜ੍ਹਦੇ ਹਾਂ ਤਾਂ ਪੁਸਤਕ ਵਿਚੋਂ ਉਤਨਾ ਹੀ ਉਪਜਦਾ ਹੈ, ਜਿਤਨਾ ਪਹਿਲੀ ਵਾਰ ਉਪਜਿਆ ਸੀ ਪਰ ਅਨੁਭਵ ਅਤੇ ਉਮਰ ਦੇ ਵੱਧਣ ਕਰਕੇ ਸਾਡੇ ਆਪਣੇ ਆਪ ਵਿਚੋਂ ਵਧੇਰੇ ਉਪਜਦਾ ਹੈ।

ਮਹਾਨ ਪੁਸਤਕਾਂ ਦੇ ਪੂਰੇ ਅਰਥ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਬਾਰ-ਬਾਰ ਪੜ੍ਹਨਾ ਪੈਂਦਾ ਹੈ। ਮਹਾਨ ਪੁਸਤਕਾਂ ਦੀ ਸੰਪੂਰਣ ਸਮੀਖਿਆ-ਵਿਆਖਿਆ ਨਹੀਂ ਕੀਤੀ ਜਾ ਸਕਦੀ, ਲੱਖਾਂ ਯਤਨ ਹੋਏ ਹਨ ਪਰ ਸਭ ਅਧੂਰੇ ਹਨ।

ਸਿਆਣਿਆਂ ਦੀਆਂ ਗੱਲਾਂ ਦੇ ਅਰਥਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ ਅਤੇ ਜਿਉਂ-ਜਿਉਂ ਅਸੀਂ ਅਰਥਾਂ ਦੀਆਂ ਮੰਜ਼ਲਾਂ ਚੜ੍ਹਦੇ ਜਾਂਦੇ ਹਾਂ, ਤਿਉਂ-ਤਿਉਂ ਅਸੀਂ ਪ੍ਰਸੰਨ ਅਤੇ ਸੰਤੁਸ਼ਟ ਹੁੰਦੇ ਜਾਂਦੇ ਹਾਂ।

ਸੰਸਾਰ ਵਿਚ ਮਨੁੱਖ ਦਾ ਮੁੱਖ ਉਦੇਸ਼ ਪ੍ਰਸੰਨ ਹੋਣਾ ਹੈ, ਜਦੋਂ ਕਿ ਗਿਆਨ ਸਾਨੂੰ ਸੰਤੁਸ਼ਟ ਹੀ ਕਰਦਾ ਹੈ। ਇਸ ਸੰਤੁਸ਼ਟਤਾ ਵਿਚ ਪ੍ਰਸੰਨਤਾ ਹੁੰਦੀ ਹੈ।

ਇਵੇਂ ਅਕਲ ਜਾਂ ਗਿਆਨ ਸਾਨੂੰ ਸਿੱਧੇ ਰੂਪ ਵਿਚ ਨਹੀਂ, ਅਸਿੱਧੇ ਰੂਪ ਵਿਚ ਪ੍ਰਸੰਨ ਕਰਦੇ ਹਨ।

ਗਿਆਨ ਨਾਲ ਸਮੱਸਿਆਵਾਂ ਅਤੇ ਮੁਸ਼ਕਿਲਾਂ ਹੱਲ ਕੀਤੀਆਂ ਜਾਂਦੀਆਂ ਹਨ, ਇਨ੍ਹਾਂ ਨੂੰ ਹੱਲ ਕਰਨ ਵਿਚੋਂ ਪ੍ਰਸੰਨਤਾ ਮਿਲਦੀ ਹੈ। ਜਦੋਂ ਦਿਮਾਗ ਕੋਲ ਕੋਈ ਸਮੱਸਿਆ ਹੁੰਦੀ ਹੈ ਤਾਂ ਮਨੁੱਖ ਚੁੱਪ ਹੋ ਕੇ ਉਸ ਨੂੰ ਸੁਲਝਾਉਣ ਵਿਚ ਰੁੱਝ ਜਾਂਦਾ ਹੈ। ਰੁਝਿਆ ਹੋਇਆ ਮਨੁੱਖ, ਨਿਮਰ ਅਤੇ ਸੰਤੁਸ਼ਟ ਹੁੰਦਾ ਹੈ।

ਜਦੋਂ ਕਿਸੇ ਸਮੱਸਿਆ 'ਤੇ ਮਨ ਇਕਾਗਰ ਹੋ ਜਾਵੇ ਤਾਂ ਉਸ ਨੂੰ ਹੱਲ ਕਰਨ ਦੀ ਸਮੁੱਚੀ ਵਿਉਂਤ ਸਪੱਸ਼ਟ ਹੋ ਜਾਂਦੀ ਹੈ।

ਇਕ ਫਿਲਮ ਬਣਾਉਣ ਦੀ ਪੂਰੀ ਵਿਉਂਤ ਮਨ ਵਿਚ ਸਪੱਸ਼ਟ ਹੋ ਜਾਣ ਉਪਰੰਤ ਇਕ ਮਾਹਿਰ ਅਤੇ ਸਿਆਣੇ ਡਾਇਰੈਕਟਰ ਨੇ ਕਿਹਾ ਸੀ: ਫਿਲਮ ਤਿਆਰ ਹੈ, ਬਸ ਸ਼ੂਟਿੰਗ ਦਾ ਕੰਮ ਬਾਕੀ ਹੈ।

ਜੇ ਢੇਰ ਸਾਰਾ ਅਰਥ-ਪੂਰਨ ਅਤੇ ਮਹੱਤਵਪੂਰਨ ਕੰਮ ਹੋਵੇ ਅਤੇ ਕੰਮ ਕਰਨ ਦਾ ਮਨ ਹੋਵੇ ਤਾਂ ਪ੍ਰਸੰਨਤਾ ਹੀ ਨਹੀਂ, ਆਨੰਦ ਵੀ ਮਿਲੇਗਾ।

ਯਾਦ ਰੱਖਣ ਵਾਲੀ ਗਲ ਇਹ ਹੈ ਕਿ ਆਨੰਦ ਜਦੋਂ ਵੀ ਮਿਲੇਗਾ, ਕੁਝ ਕਰਨ ਨਾਲ ਹੀ ਮਿਲੇਗਾ। ਕੰਮ ਵਿਚ ਰੁਝਿਆ ਮਨ ਵਧੇਰੇ ਸ਼ਕਤੀ ਉਪਜਾਉਂਦਾ ਹੈ। ਜਿਨ੍ਹਾਂ ਕੋਲ ਕੰਮ ਹੁੰਦਾ ਹੈ, ਉਨ੍ਹਾਂ ਨੂੰ ਸਵੱਖਤੇ ਉੱਠਣ ਵਿਚ ਔਖ ਨਹੀਂ ਹੁੰਦੀ ਕਿਉਂਕਿ ਉਹ ਜਾਣਦੇ ਹਨ ਕਿ ਜਦੋਂ ਕੰਮ ਹੋ ਜਾਵੇਗਾ, ਥਕਾਵਟ ਲਹਿ ਜਾਵੇਗੀ, ਰੱਜ ਆ ਜਾਵੇਗਾ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਸੰਤੁਸ਼ਟ ਜੀਵਨ ਗੁਜ਼ਾਰਦੀਆਂ ਹਨ, ਕਿਉਂਕਿ ਉਹ ਵਧੇਰੇ ਕੰਮਾਂ ਨੂੰ ਨਿਪਟਾਉਂਦੀਆਂ ਹਨ।

ਜੇ ਮਨ ਪ੍ਰਸੰਨ ਹੋਵੇ ਤਾਂ ਵਰਤ ਵਿਚੋਂ ਵੀ ਸੁਆਦ ਆਉਣ ਲੱਗ ਪੈਂਦਾ ਹੈ।

ਉਂਝ ਤਾਂ ਪ੍ਰਸੰਨਤਾ ਹਰ ਥਾਂ ਸੰਭਵ ਹੋ ਸਕਦੀ ਹੈ ਪਰ ਘਰ ਵਿਚ ਇਹ ਵਧੇਰੇ ਸੰਭਵ ਹੁੰਦੀ ਹੈ। ਬਾਹਰ ਉਚੇਚ ਹੁੰਦਾ ਹੈ, ਘਰ ਵਿਚ ਉਚੇਚ ਨਹੀਂ ਹੁੰਦਾ, ਇਸ ਕਰਕੇ ਬਾਹਰ ਦੇ ਮੁਕਾਬਲੇ, ਘਰ ਵਿਚ ਅਸੀਂ ਵਧੇਰੇ ਪ੍ਰਸੰਨ ਹੁੰਦੇ ਹਾਂ।

ਜਦੋਂ ਕੋਈ ਕਾਰੀਗਰ ਓਵਰਟਾਈਮ ਲਾ ਕੇ ਘਰ ਦੇ ਜੀਆਂ ਲਈ ਫਲ ਲਿਆਉਂਦਾ ਹੈ ਤਾਂ ਉਸ ਨੂੰ ਪ੍ਰਸੰਨਤਾ ਫਲਾਂ ਵਿਚੋਂ ਨਹੀਂ, ਆਪਣੇ ਸਿਆਣੇ ਵਿਹਾਰ ਵਿਚੋਂ ਮਿਲੇਗੀ। ਜਦੋਂ ਪਤਨੀ, ਪਤੀ ਨੂੰ ਦਸੇ ਬਿਨਾ, ਫੁਲਕੇ ਦੀ ਥਾਂ ਪਰੌਂਠਾ ਪਰੋਸਦੀ ਹੈ ਤਾਂ ਪ੍ਰਸੰਨਤਾ ਉਸ ਦੀ ਅਕਲ ਵਿਚ ਹੁੰਦੀ ਹੈ, ਜਿਸ ਨਾਲ ਉਸ ਨੇ ਪਰੌਂਠਾ ਬਣਾਉਣ ਦਾ ਨਿਰਣਾ ਕੀਤਾ ਸੀ।

ਖੁਸ਼ਹਾਲ ਘਰਾਂ ਵਿਚ ਮਿਹਨਤੀ ਪਤੀ ਦੀ ਅਕਲ ਨੂੰ ਸਲੀਕੇ ਵਾਲੀ ਪਤਨੀ ਦੀ ਸਿਆਣਪ ਨਿਰੰਤਰ ਤਾਲ ਦਿੰਦੀ ਰਹਿੰਦੀ ਹੈ।

ਜਿਹੜੇ ਨਿਰਣੇ ਮਨੁੱਖ ਜਾਤੀ ਦੀ ਸਮੁੱਚੀ ਸਿਆਣਪ ਨੇ ਕਰ ਦਿੱਤੇ ਹਨ, ਉਨ੍ਹਾਂ ਉਤੇ ਅਕਲ ਖਰਚਣ ਦੀ ਲੋੜ ਨਹੀਂ ਹੁੰਦੀ।

ਸਿਆਣਿਆਂ ਅਤੇ ਮੂਰਖਾਂ ਦੇ ਲੱਛਣ ਪੂਰਨ-ਭਾਂਤ ਸਪੱਸ਼ਟ ਹੋ ਚੁੱਕੇ ਹਨ।

ਅਕਲਮੰਦ ਨਾਲ ਬਹਿਸ ਕਰਨੀ, ਗਿਆਨਵਾਨ 'ਤੇ ਰੋਹਬ ਪਾਉਣਾ, ਸਿਆਣਿਆਂ ਅੱਗੇ ਸ਼ਾਨ ਵਿਖਾਉਣੀ, ਬੱਚਿਆਂ 'ਤੇ ਧੌਂਸ ਜਮਾਉਣੀ ਅਤੇ ਇਸਤਰੀ ਨਾਲ ਲੜਨਾ, ਮੂਰਖਾਂ ਦੇ ਲੱਛਣ ਹੁੰਦੇ ਹਨ, ਜਦੋਂ ਕਿ ਸਿਆਣੇ ਦੋਸਤ ਅਤੇ ਗਿਆਨਵਾਨ ਅਧਿਆਪਕ ਵਰਗੀ ਕੋਈ ਸੌਗਾਤ ਨਹੀਂ ਹੁੰਦੀ।

ਜੇ ਤੁਸੀਂ ਆਪਣੀ ਅਕਲ ਨੂੰ ਉਸਾਰੂ ਕੰਮਾਂ ਲਈ ਵਰਤੋਗੇ ਤਾਂ ਚੰਗੇ ਅਤੇ ਲਾਹੇਵੰਦੇ ਸਿੱਟੇ ਹੀ ਨਿਕਲਣਗੇ।

ਵੇਖਿਆ ਗਿਆ ਹੈ ਕਿ ਪੱਛੜੇ ਸਮਾਜਾਂ ਦੇ ਲੋਕ ਆਪਸੀ ਲਾਗਬਾਜ਼ੀ ਕਾਰਨ, ਆਪਣੀ ਅਕਲ ਵਰਤਣ ਤੋਂ ਇਨਕਾਰੀ ਹੁੰਦੇ ਹਨ ਅਤੇ ਗਿਆਨ ਦੇ ਮਾਰਗ 'ਤੇ ਪੈਣ ਵਿਚ ਪੱਛੜ ਜਾਂਦੇ ਹਨ ਅਤੇ ਇਵੇਂ ਉਨ੍ਹਾਂ ਦੀ ਪਛਾਣ ਜਾਂ ਸ਼ਖ਼ਸੀਅਤ ਨਹੀਂ ਉਘੜਦੀ। ਤੁਹਾਡੀ ਸ਼ਖ਼ਸੀਅਤ, ਰੰਗ-ਰੂਪ, ਕੱਪੜਿਆਂ ਅਤੇ ਨੈਣ-ਨਕਸ਼ਾਂ ਨਾਲ ਕੋਈ ਦਰਵਾਜ਼ਾ ਖੁੱਲ੍ਹ ਤਾਂ ਜਾਵੇਗਾ ਪਰ ਉਹ ਖੁਲ੍ਹਿਆ ਤੁਹਾਡੀ ਅਕਲ ਅਤੇ ਸਿਆਣਪ ਅਤੇ ਚਰਿਤਰ ਦੀ ਮਜ਼ਬੂਤੀ ਨਾਲ ਹੀ ਰਹੇਗਾ।

ਗਿਆਨ ਦੇ ਮਾਰਗ 'ਤੇ ਇਕ ਪੜਾਓ ਆ ਜਾਂਦਾ ਹੈ, ਜਿਥੇ ਅੱਖ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਹਾਲਤ ਵਿਚ ਬਹੁਤੇ ਮਾਯੂਸ ਹੋ ਕੇ ਅੱਧ ਵਿਚਾਲੇ ਹੀ ਮੈਦਾਨ ਛੱਡ ਜਾਂਦੇ ਹਨ। ਉਹ ਇਕ ਵਾਰੀ ਫੇਲ੍ਹ ਹੁੰਦੇ ਹਨ ਅਤੇ ਪੜ੍ਹਾਈ ਤਿਆਗ ਦਿੰਦੇ ਹਨ।

ਲੋੜ ਇਸ ਅੱਖ ਵਿਚ ਆਪਣੇ ਆਪ ਨੂੰ ਸੰਭਾਲਣ ਦੀ ਹੁੰਦੀ ਹੈ।

ਬਾਹਰ ਵੇਖੋ, ਅਨੇਕਾਂ ਨਾਲ ਦੁਖਾਂਤ ਵਾਪਰਿਆ ਹੈ, ਉਨ੍ਹਾਂ ਨੇ ਹਿੰਮਤ ਕੀਤੀ ਹੈ ਅਤੇ ਮੁੜ ਆਪਣੇ ਪੈਰਾਂ ਤੇ ਖੜੇ ਹੋਏ ਹਨ। ਤੁਸੀਂ ਵੀ ਉਸਾਰੂ ਵਿਚਾਰਾਂ ਦੀ ਦੌਲਤ ਇਕੱਠੀ ਕਰੋ, ਮੁੜ ਨਵੇਂ ਸਿਰਿਓਂ ਯਤਨ ਕਰੋ, ਸਫਲਤਾ ਮਿਲੇਗੀ।

ਜਦੋਂ ਤੁਸੀਂ ਨਿਰੰਤਰ ਯਤਨਾਂ ਨਾਲ ਅਕਲਮੰਦ, ਗਿਆਨਵਾਨ ਅਤੇ ਸਿਆਣੇ ਬਣ ਜਾਓਗੇ ਤਾਂ ਤੁਸੀਂ ਕਿਸੇ ਨੂੰ ਨਹੀਂ ਉਡੀਕੋਗੇ, ਸਾਰੇ ਤੁਹਾਨੂੰ ਉਡੀਕਣਗੇ।

ਸੰਸਾਰ ਨੂੰ ਨਵੇਂ ਵਿਚਾਰਾਂ ਨਾਲ ਪਰਖੋ ਅਤੇ ਦੁਨੀਆਂ ਨੂੰ ਨਵੀਆਂ ਅੱਖਾਂ ਨਾਲ ਵੇਖੋ, ਤੁਹਾਡਾ ਭਵਿੱਖ ਬਦਲ ਜਾਵੇਗਾ।

ਸ਼ੀਸ਼ੇ ਵਿਚ ਹੀ ਨਾ ਵੇਖੀ ਜਾਓ, ਬਾਰੀ ਤੋਂ ਬਾਹਰ ਵੀ ਵੇਖੋ।

ਆਪਣੀ ਜ਼ਿੰਦਗੀ ਦਾ ਉਦੇਸ਼ ਮਿਥੋ ਕਿ ਅਸੀਂ ਆਟੋਗ੍ਰਾਫ ਲੈਣ ਵਾਲੇ ਨਹੀਂ, ਆਟੋਗ੍ਰਾਫ ਦੇਣ ਵਾਲੇ ਬਣਨਾ ਹੈ।

* * *

ਅਣਬਣ ਦਾ ਤਾਣਾ-ਪੇਟਾ

ਅਣਬਣ ਦੌਰਾਨ ਅਸੀਂ ਇਕ-ਦੂਜੇ ਨੂੰ ਇਵੇਂ ਮਿਲਦੇ ਹਾਂ, ਜਿਵੇਂ ਝੀਲ ਤੇ ਕਿਸ਼ਤੀਆਂ ਮਿਲਦੀਆਂ ਹਨ।

ਜੇ ਨਿੱਕੀ ਜਿਹੀ ਗਲਤੀ ਜਾਂ ਗਲਤ-ਫ਼ਹਿਮੀ ਵਲ ਯੋਗ ਸਮੇਂ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਬੜੀ ਵੱਡੀ ਅਣਬਣ ਬਣ ਜਾਂਦੀ ਹੈ।

ਪਿਆਰ ਕਰਨਾ ਅਤੇ ਪਿਆਰ ਕੀਤੇ ਜਾਣਾ ਮਨੁੱਖ ਦੀਆਂ ਦੋ ਬੁਨਿਆਦੀ ਲੋੜਾਂ ਹਨ ਪਰ ਜੀਵਨ ਦਾ ਦੁਖਾਂਤ ਇਹ ਹੈ ਕਿ ਇਨ੍ਹਾਂ ਦੇ ਰਾਹ ਵਿਚ ਹੀ ਮਨੁੱਖ ਨੇ ਸਭ ਤੋਂ ਵੱਧ ਰੁਕਾਵਟਾਂ ਖੜ੍ਹੀਆਂ ਕੀਤੀਆਂ ਹੋਈਆਂ ਹਨ। ਪ੍ਰਸੰਨ ਹੋਣ ਦੀ ਥਾਂ, ਮਨੁੱਖ ਦੁੱਖੀ ਕਰਨ ਅਤੇ ਮਾਯੂਸ ਹੋਣ ਵਿਚ ਵਧੇਰੇ ਮਾਹਿਰ ਹੈ।

ਅਜੋਕਾ ਮਨੁੱਖ ਅਣਬਣ ਦੇ ਕਾਰਨਾਂ ਅਤੇ ਸਿੱਟਿਆਂ ਨੂੰ ਸਮਝਦਾ ਹੈ ਪਰ ਇਸ ਸਮਝ ਦੇ ਬਾਵਜੂਦ ਅਣਬਣ ਘੱਟ ਨਹੀਂ ਰਹੀ, ਸਗੋਂ ਵੱਧ ਰਹੀ ਹੈ।

ਅਣਬਣ ਮਨੁੱਖ ਦੇ ਸੁਭਾਓ ਦਾ ਭਾਗ ਪ੍ਰਤੀਤ ਹੁੰਦੀ ਹੈ।

ਵਾਸਤਵ ਵਿਚ ਅਣਬਣ ਮਨੁੱਖ ਦੀ ਕਲਪਨਾ ਅਤੇ ਸ਼ਥਿਤੀ ਦੇ ਯਥਾਰਥ ਦੀ ਵਿੱਥ ਵਿਚੋਂ ਉਪਜਦੀ ਹੈ।

ਅਸੀਂ ਸਾਧਨਾਂ-ਵਸੀਲਿਆਂ ਦੀ ਘਾਟ ਨਾਲ ਉਤਨੇ ਪ੍ਰੇਸ਼ਾਨ ਨਹੀਂ ਹੁੰਦੇ, ਜਿਤਨੇ ਸੰਬੰਧਾਂ ਦੇ ਵਿਗੜ ਜਾਣ ਕਾਰਨ ਹੁੰਦੇ ਹਾਂ। ਅਣਬਣ ਹਮੇਸ਼ਾ ਆਪਣਿਆਂ ਨਾਲ ਹੁੰਦੀ ਹੈ ਅਤੇ ਜਿਨ੍ਹਾਂ ਨਾਲ ਅਣਬਣ ਹੁੰਦੀ ਹੈ, ਉਨ੍ਹਾਂ ਦੇ ਨੁਕਸ ਹੀ ਦਿਸਦੇ ਹਨ, ਕਿਉਂਕਿ ਗੁਣ ਵੇਖਣ ਦੀ ਹਿੰਮਤ ਹੀ ਨਹੀਂ ਰਹਿੰਦੀ।

ਗੁਣ ਪਿਆਰ ਨਾਲ ਵੇਖਿਆਂ ਹੀ ਦਿਸਦੇ ਹਨ। ਜਦੋਂ ਤੱਕ ਗੁਣ ਵੇਖਣ ਦੀ ਜਾਚ ਨਹੀਂ ਆਉਂਦੀ, ਅਣਬਣ ਦਾ ਸੰਤਾਪ ਹੰਢਾਉਣਾ ਲਾਜ਼ਮੀ ਹੈ।

ਇਹ ਅਣਬਣ ਮਗਰੋਂ ਹੀ ਪਤਾ ਲਗਦਾ ਹੈ ਕਿ ਜਿਤਨਾ ਸੋਚਿਆ ਸੀ, ਨੁਕਸਾਨ ਉਸ ਨਾਲੋਂ ਵੱਧ ਹੋ ਗਿਆ ਹੈ। ਭਾਵੇਂ ਕੋਈ ਗਰੀਬ ਹੋਵੇ ਜਾਂ ਅਮੀਰ, ਅਣਬਣ ਦੀ ਮਾਤਰਾ ਅਤੇ ਅਨੁਪਾਤ ਇਕ ਹੀ ਰਹਿੰਦਾ ਹੈ।

ਰਿਸ਼ਤਾ ਕੋਈ ਹੋਵੇ, ਉਹ ਨਿਭਦਾ ਜ਼ਿੰਮੇਵਾਰੀ ਨਾਲ ਹੀ ਹੈ, ਕਿਉਂਕਿ ਜ਼ਿੰਮੇਵਾਰੀ ਦੇ ਅਰਥ ਰਿਸ਼ਤਾ ਨਿਭਾਉਣ ਤੋਂ ਹੀ ਹਨ।

ਸਾਧ ਜਾਂ ਸੰਤ ਬਣਨਾ ਸੌਖਾ ਹੁੰਦਾ ਹੈ ਜਦੋਂ ਕਿ ਪਰਿਵਾਰਕ ਜ਼ਿੰਮੇਵਾਰੀਆਂ ਚੁਕਣੀਆਂ, ਕਰਤੱਵ ਪਾਲਣੇ, ਸੰਬੰਧ ਸੁਖਾਵੇਂ ਰੱਖਣੇ, ਰਿਸ਼ਤੇਦਾਰੀਆਂ ਨਿਭਾਉਣੀਆਂ ਆਦਿ ਸੌਖੀਆਂ ਨਹੀਂ ਹੁੰਦੀਆਂ।

ਅਸੀਂ ਉਠਦੇ-ਬੈਠਦੇ, ਖਾਂਦੇ-ਪੀਂਦੇ ਉਨ੍ਹਾਂ ਨਾਲ ਹੀ ਹਾਂ ਜਿਨ੍ਹਾਂ ਨਾਲ ਸਾਡੇ ਸੰਬੰਧ ਸੁਖਾਵੇਂ ਹੁੰਦੇ ਹਨ। ਅਣਬਣ ਕਾਰਨ ਸਭ ਤੋਂ ਪਹਿਲਾਂ ਉਨ੍ਹਾਂ ਨਾਲ ਸਾਡਾ ਖਾਣ-ਪੀਣ ਮੁੱਕ ਜਾਂਦਾ ਹੈ ਅਤੇ ਇਵੇਂ ਆਪਣੇ, ਅਜਨਬੀ ਬਣ ਜਾਂਦੇ ਹਨ।

ਮਨੁੱਖ ਦੋ ਮੌਕਿਆਂ ਤੇ ਹੀ ਖਾਂਦਾ ਹੈ, ਭੁੱਖ ਲਗਣ ਵੇਲੇ ਜਾਂ ਕਿਸੇ ਵਲੋਂ ਪਿਆਰ ਨਾਲ ਕਹੇ ਜਾਣ 'ਤੇ। ਅਣਬਣ ਉਪਰੰਤ ਪਿਆਰ ਨਾਲ ਖਾਣ ਲਈ ਕਹੇ ਜਾਣ ਦੇ ਅਵਸਰ ਲੋਪ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਹੋਰ ਸਾਂਝਾਂ ਵੀ ਮੁੱਕ ਜਾਂਦੀਆਂ ਹਨ।

ਇਕ ਪੜਾਓ 'ਤੇ ਸਪੱਸ਼ਟ ਹੋ ਜਾਂਦਾ ਹੈ ਕਿ ਅਣਬਣ ਹੋ ਗਈ ਹੈ।

ਅਣਬਣ ਉਸ ਹਾਲਤ ਨੂੰ ਕਹਿੰਦੇ ਹਨ, ਜਦੋਂ ਸੰਬੰਧ ਸੁਖਾਵੇਂ ਹੋਣ ਦੀ ਥਾਂ ਅਣ-ਸੁਖਾਵੇਂ ਹੋ ਜਾਣ ਪਰ ਅਜੇ ਪੂਰੀ ਤਰ੍ਹਾਂ ਟੁੱਟੇ ਨਾ ਹੋਣ।

ਰਿਸ਼ਤੇ ਦੇ ਪੂਰੀ ਤਰ੍ਹਾਂ ਟੁੱਟਣ ਤੋਂ ਪਹਿਲਾਂ ਸਮਝੌਤੇ ਦੀ ਆਸ ਬਣੀ ਰਹਿੰਦੀ ਹੈ। ਦੋਵੇਂ ਧਿਰਾਂ ਚਾਹੁੰਦੀਆਂ ਹਨ ਕਿ ਕੋਈ ਕਰਾਮਾਤ ਵਾਪਰ ਜਾਵੇ ਜਾਂ ਕੋਈ ਵਿਚ ਪੈ ਕੇ ਸਭ ਕੁਝ ਠੀਕ ਕਰ ਦੇਵੇ। ਜੇ ਸਮਝੌਤੇ ਦਾ ਯਤਨ ਨਾ ਕੀਤਾ ਜਾਵੇ ਤਾਂ ਹਰ ਵੇਲੇ ਦੋਵੇਂ ਪਾਸੇ ਨਿੰਦਾ-ਪਾਠ ਚਲਦਾ ਰਹਿੰਦਾ ਹੈ।

ਕਿਸੇ ਦੀ ਨਿੰਦਾ ਵਿਚ ਕੁਝ ਕਿਹਾ-ਸੁਣਿਆ ਕਦੇ ਵੀ ਉੱਚੀ ਪੱਧਰ ਦਾ ਨਹੀਂ ਹੁੰਦਾ, ਕਿਉਂਕਿ ਦੋਵੇਂ ਧਿਰਾਂ, ਇਕ-ਪਾਸੜ ਵੇਰਵੇ ਦੱਸ ਕੇ, ਦੂਜੀ ਧਿਰ ਨੂੰ ਨੀਚ, ਕਮੀਨੀ, ਸੁਆਰਥੀ ਅਤੇ ਅਕ੍ਰਿਤਘਣ ਸਾਬਤ ਕਰਨ ਲਗ ਪੈਂਦੀਆਂ ਹਨ। ਇਵੇਂ ਅਣਬਣ ਹੋਰ ਕੌੜੀ ਹੋ ਜਾਂਦੀ ਹੈ।

ਅਣਬਣ ਦੀਆਂ ਕਿਸਮਾਂ ਅਨੇਕਾਂ ਹਨ ਪਰ ਇਸਦੀਆਂ ਮੁੱਖ ਕਿਸਮਾਂ ਚਾਰ ਹਨ: ਘਰ ਦੇ ਜੀਆਂ ਵਿਚਕਾਰ ਅਣਬਣ, ਗੁਆਂਢੀਆਂ ਨਾਲ ਅਣਬਣ, ਮਾਲਕ ਜਾਂ ਅਫ਼ਸਰ ਨਾਲ ਅਣਬੰਣ ਅਤੇ ਦੋਸਤਾਂ ਜਾਂ ਸਹਿਕਰਮੀਆਂ ਨਾਲ ਅਣਬਣ। ਅਣਬਣਾਂ ਦੇ ਇਹ ਵਿਸ਼ਵ-ਵਿਆਪੀ ਰੂਪ ਹਨ। ਸੰਸਾਰ ਦੀਆਂ ਸਾਰੀਆਂ ਅਣਬਣਾਂ ਇਨ੍ਹਾਂ ਚਾਰ ਕਿਸਮਾਂ ਦੇ ਹੀ ਵੱਖ-ਵੱਖ ਰੂਪ ਹੁੰਦੀਆਂ ਹਨ। ਅਣਬਣ ਦੇ ਬਾਵਜੂਦ ਰਾਜਨੀਤਕ ਪਾਰਟੀਆਂ, ਗੁਆਂਢੀ ਦੇਸ਼ਾਂ, ਵਪਾਰੀਆਂ, ਦੁਕਾਨਦਾਰਾਂ, ਵਿਚਾਰਧਾਰਾਵਾਂ, ਅਰਥਚਾਰਿਆਂ ਵਿਚਕਾਰ ਕੰਮ-ਕਾਜ ਚਲਦਾ ਰਹਿੰਦਾ ਹੈ ਪਰ ਵਿਚ-ਵਿਚ ਅੜਿਕੇ ਉਪਜਦੇ ਰਹਿੰਦੇ ਹਨ। ਭਾਵੇਂ ਇਹ ਅਣਬਣਾਂ ਲੰਮਾ ਅਰਸਾ ਚਲਦੀਆਂ ਹਨ, ਫਿਰ ਵੀ ਇਹ ਨਿਸਚਿਤ ਘੇਰੇ ਵਿਚ ਹੀ ਵਿਚਰਦੀਆਂ ਹਨ।

ਬਹੁਤੀਆਂ ਅਣਬਣਾਂ ਜਾਂ ਤਾਂ ਨਵਾਂ ਰੂਪ ਧਾਰ ਲੈਂਦੀਆਂ ਹਨ ਜਾਂ ਵਕਤ ਦੇ ਬੀਤਣ ਨਾਲ ਲੋਪ ਹੋ ਕੇ ਨਵੀਆਂ ਅਣਬਣਾਂ ਨੂੰ ਜਨਮ ਦਿੰਦੀਆਂ ਹਨ।

ਪਹਿਲਾਂ ਵਿਸ਼ਵ ਵਿਚ ਸੁਤੰਤਰਤਾ ਸੰਗ੍ਰਾਮ ਸਨ, ਹੁਣ ਅਤਿਵਾਦ ਹੈ।

ਅਣਬਣ ਦੌਰਾਨ, ਦੋਵੇਂ ਧਿਰਾਂ ਮੁਕਾਬਲੇ ਦੀ ਬਿਰਤੀ ਨਾਲ, ਦੂਜੀ ਧਿਰ ਨੂੰ ਕਮਜ਼ੋਰ ਕਰਕੇ ਆਪਣੀ ਗੱਲ ਮਨਵਾਉਣ ਦਾ ਯਤਨ ਕਰਦੀਆਂ ਹਨ।

ਬਹੁਤੀਆਂ ਅਣਬਣਾਂ ਪੁਰਸ਼ਾਂ ਵਿਚਕਾਰ ਹੁੰਦੀਆਂ ਹਨ ਪਰ ਪਰਿਵਾਰਕ ਅਣਬਣਾਂ ਵਿਚ ਇਸਤਰੀਆਂ ਦਾ ਰੋਲ ਪੁਰਸ਼ਾਂ ਨਾਲੋਂ ਵੀ ਵਧੇਰੇ ਹੁੰਦਾ ਹੈ।

ਜ਼ਾਤ-ਪਾਤੀ ਜਾਂ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਖੇਤਰੀ ਦੇਸ਼ਾਂ ਜਾਂ ਸਮਾਜਾਂ ਵਿਚ ਅਣਬਣਾਂ ਦੀ ਭਰਮਾਰ ਹੁੰਦੀ ਹੈ। ਜਿਹੜੀਆਂ ਅਣਬਣਾਂ ਮਨੁੱਖ ਨੂੰ ਸਭ ਤੋਂ ਵੱਧ ਅਤੇ ਨੇੜਿਓਂ ਪ੍ਰਭਾਵਿਤ ਕਰਦੀਆਂ ਹਨ, ਉਹ ਅਕਸਰ ਆਪਣੇ ਸਮਾਜ ਅਤੇ ਪਰਿਵਾਰ ਦੇ ਜੀਆਂ ਵਿਚਕਾਰ ਹੁੰਦੀਆਂ ਹਨ।

ਨੇੜਲੀਆਂ ਅਣਬਣਾਂ ਵਿਚ ਅਸੀਂ ਸਰੀਰਕ, ਮਾਨਸਿਕ, ਭਾਵਕ ਅਤੇ ਸਮਾਜਿਕ ਆਦਿ ਸਭ ਪੱਖਾਂ ਤੋਂ ਅੱਕ-ਥੱਕ ਜਾਂਦੇ ਹਾਂ। ਇਹ ਅਣਬਣਾਂ ਸਮੇਂ, ਸ਼ਕਤੀ, ਧਨ ਅਤੇ ਵਸੀਲਿਆਂ ਨੂੰ ਖਾ ਜਾਂਦੀਆਂ ਹਨ। ਇਨ੍ਹਾਂ ਅਣਬਣਾਂ ਵਿਚ ਕੋਈ ਛੁੱਟੀ ਨਹੀਂ ਮਿਲਦੀ। ਜਿਨ੍ਹਾਂ ਅਣਬਣਾਂ ਦੇ ਕੇਵਲ ਆਰਥਿਕ ਪੱਖ ਹੁੰਦੇ ਹਨ, ਉਹ ਮੁੱਖ ਤੌਰ 'ਤੇ ਪੁਰਸ਼ਾਂ ਵਿਚਕਾਰ ਹੀ ਰਹਿੰਦੀਆਂ ਹਨ, ਜਦੋਂ ਕਿ ਭਾਵਕ ਅਣਬਣਾਂ ਵਿਚ ਬਹੁਤਾ ਰੋਲ ਇਸਤਰੀਆਂ ਦਾ ਹੁੰਦਾ ਹੈ ਅਤੇ ਇਨ੍ਹਾਂ ਅਣਬਣਾਂ ਨਾਲ ਪ੍ਰਭਾਵਿਤ ਵੀ ਸਭ ਤੋਂ ਵੱਧ ਇਸਤਰੀਆਂ ਹੀ ਹੁੰਦੀਆਂ ਹਨ।

ਭਾਵਕ ਅਣਬਣ ਕਿਸੇ ਵਿਚਕਾਰ ਵੀ ਹੋਵੇ, ਉਥੇ ਤਰਕ ਕੰਮ ਨਹੀਂ ਕਰਦਾ। ਇਹੀ ਕਾਰਨ ਹੈ ਕਿ ਭਾਵਕ ਅਣਬਣਾਂ ਸੌਖਿਆਂ ਸਮਝ ਵੀ ਨਹੀਂ ਪੈਂਦੀਆਂ, ਕਿਉਂਕਿ ਇਨ੍ਹਾਂ ਅਣਬਣਾਂ ਦੇ ਕਾਰਨ ਅਚੇਤ ਮਨ ਵਿਚ ਹੁੰਦੇ ਹਨ ਅਤੇ ਇਨ੍ਹਾਂ ਦਾ ਲੰਮਾ ਇਤਿਹਾਸ ਹੁੰਦਾ ਹੈ।

ਜੇ ਅਣਬਣ ਜਾਇਦਾਦ ਵੰਡਣ ਨਾਲ ਉਪਜੇ ਤਾਂ ਇਹ ਅਕਸਰ ਮੁਕੱਦਮੇ ਦਾ ਰੂਪ ਧਾਰ ਲੈਂਦੀ ਹੈ ਅਤੇ ਜਾਰੀ ਰਹਿੰਦੀ ਹੈ।

ਭੈਣ-ਭਰਾ ਦੀ ਅਣਬਣ ਵਿਚ ਦੋਵੇਂ ਧਿਰਾਂ, ਰਿਸ਼ਤੇ ਦੀ ਸ਼ਰਮ ਕਾਰਨ, ਇਕ-ਦੂਜੇ ਦੀ ਖੁਲ੍ਹ ਕੇ ਭੰਡੀ ਨਹੀਂ ਕਰਦੀਆਂ, ਸੋ ਭੈਣ ਅਕਸਰ ਭਰਜਾਈ ਨੂੰ ਅਤੇ ਭਰਾ ਅਕਸਰ ਜੀਜੇ ਨੂੰ ਦੋਸ਼ੀ ਠਹਿਰਾਉਂਦਾ ਹੈ।

ਮਾਪਿਆਂ ਦੀ ਆਪਣੀ ਸੰਤਾਨ ਨਾਲ ਅਣਬਣ ਦੀ ਉਮਰ ਲੰਮੀ ਨਹੀਂ ਹੁੰਦੀ, ਕਿਉਂਕਿ ਮਾਪਿਆਂ ਵਿਚ ਮੁਆਫ਼ ਕਰਨ ਅਤੇ ਸੰਤਾਨ ਵਿਚ ਗਲਤੀ ਮੰਨ ਲੈਣ ਦੀ ਸੁਭਾਵਕ ਬਿਰਤੀ ਹੁੰਦੀ ਹੈ।

ਨਨਾਣ-ਭਰਜਾਈ ਦੀ ਅਣਬਣ ਰੁੱਸਣ ਤੱਕ ਹੀ ਸੀਮਤ ਰਹਿੰਦੀ ਹੈ।

ਨੂੰਹ-ਸੱਸ ਦੀ ਅਣਬਣ ਦੀ ਇਕ ਲੰਮੀ ਪ੍ਰੰਪਰਾ ਹੈ। ਇਸ ਵਿਚ ਅਣਬਣ ਘੱਟ ਅਤੇ ਵਿਰੋਧ ਵਧੇਰੇ ਹੁੰਦਾ ਹੈ। ਨੂੰਹ-ਸੱਸ ਦੀ ਅਣਬਣ ਨੂੰ ਸਿਰਦਰਦ ਜਾਂ ਜ਼ੁਕਾਮ ਵਾਂਗ ਇਕ ਸਧਾਰਨ ਸਮੱਸਿਆ ਸਮਝ ਲਿਆ ਜਾਂਦਾ ਹੈ।

ਵਾਸਤਵ ਵਿਚ ਸੱਸ ਘਰ ਦੀ ਮਾਲਕਣ ਹੁੰਦੀ ਹੈ, ਜਿਸ ਦਾ ਘਰੇਲੂ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਅਹੁਦਾ ਪ੍ਰਧਾਨ-ਮੰਤਰੀ ਵਾਲਾ ਹੁੰਦਾ ਹੈ, ਜਦੋਂ ਕਿ

ਸਹੁਰਾ ਰਾਸ਼ਟਰਪਤੀ ਵਾਂਗ ਹੁੰਦਾ ਹੈ, ਜਿਸ ਦੀ ਪਦਵੀ ਤਾਂ ਹੁੰਦੀ ਹੈ ਪਰ ਅਧਿਕਾਰ ਸਾਰੇ ਪ੍ਰਧਾਨ-ਮੰਤਰੀ ਕੋਲ ਹੁੰਦੇ ਹਨ। ਨੂੰਹ ਹੁੰਦੀ ਤਾਂ ਮੰਤਰੀ ਹੈ ਪਰ ਉਹ ਅਧਿਕਾਰ ਪ੍ਰਧਾਨ-ਮੰਤਰੀ ਵਾਲੇ ਮੰਗਦੀ ਹੈ।

ਭਾਵੇਂ ਘਰ ਸਹੁਰੇ ਦੇ ਨਾਂ ਹੁੰਦਾ ਹੈ ਪਰ ਕਬਜ਼ਾ ਸੱਸ ਦਾ ਹੋਣ ਕਾਰਨ, ਸਹੁਰਾ ਵੀ ਇਕ ਸਾਊ ਅਤੇ ਆਗਿਆਕਾਰ ਕਿਰਾਏਦਾਰ ਵਾਂਗ ਰਹਿੰਦਾ ਹੈ।

ਤੁਸੀਂ ਸੱਸਾਂ ਬਾਰੇ ਅਨੇਕਾਂ ਹਾਸਰਸੀ ਕਿੱਸੇ ਸੁਣੇ ਹੋਣਗੇ ਪਰ ਸਹੁਰੇ ਬਾਰੇ ਤੁਸੀਂ ਸ਼ਾਇਦ ਹੀ ਕਦੀ ਕੁਝ ਸੁਣਿਆ ਹੋਵੇ।

ਸੱਸ ਆਪਣੀ ਨੂੰਹ ਵਲੋਂ ਨਜ਼ਰ-ਅੰਦਾਜ਼ ਕੀਤੇ ਜਾਣਾ ਸਹਿਣ ਨਹੀਂ ਕਰਦੀ। ਸੱਸ-ਨੂੰਹ ਦੀ ਖਿਚੋਤਾਣ ਦੇ ਕਾਰਨਾਂ ਨੂੰ ਹਰ ਕੋਈ ਜਾਣਦਾ ਹੈ। ਜਦੋਂ ਇਕ ਬੋਲਦੀ ਹੈ ਤਾਂ ਦੂਜੀ ਵਲੋਂ ਯਤਨ ਕੀਤਾ ਜਾਂਦਾ ਹੈ ਕਿ ਕੋਈ ਗੱਲ ਸੁਣਨੋਂ ਰਹਿ ਨਾ ਜਾਵੇ। ਇਵੇਂ ਸੱਸ-ਨੂੰਹ ਆਪਸੀ ਅਣਬਣ ਨਾਲ ਵਿਰੋਧ ਪ੍ਰਗਟਾਉਣ ਰਾਹੀਂ, ਆਪਣਾ ਮਨੋਰੰਜਨ ਵੀ ਕਰਦੀਆਂ ਰਹਿੰਦੀਆਂ ਹਨ।

ਜੇ ਕਿਸੇ ਗੁਆਂਢਣ ਜਾਂ ਕਿਸੇ ਵਿਰੁੱਧ, ਸੱਸ ਜਾਂ ਨੂੰਹ ਵਿਚੋਂ ਕਿਸੇ ਇਕ ਨੂੰ ਮੋਰਚਾ ਲਾਉਣਾ ਪੈ ਜਾਵੇ ਤਾਂ ਇਹ ਦੋਵੇਂ ਝੱਟ ਇਕੱਠੀਆਂ ਵੀ ਹੋ ਜਾਂਦੀਆਂ ਹਨ।

ਪੁਰਸ਼ਾਂ ਦੀ ਅਜਿਹੀ ਅਣਬਣ ਕਿਸੇ ਨਾ ਕਿਸੇ ਨਾਲ ਆਪਣੇ ਕੰਮ ਕਰਨ ਵਾਲੀ ਥਾਂ ਤੇ ਚਲਦੀ ਰਹਿੰਦੀ ਹੈ।

ਕਈ ਸੱਸਾਂ-ਨੂੰਹਾਂ ਦੀ ਆਪਸ ਵਿਚ ਖੂਬ ਬਣਦੀ ਵੀ ਹੈ। ਇਕ ਵਾਰੀ ਇਕ ਪੜ੍ਹੀ ਲਿਖੀ ਨੂੰਹ ਨੇ ਆਪਣੀ ਸੱਸ ਨੂੰ ਕਿਹਾ: ਤੁਸੀਂ ਵੀ ਪੜ੍ਹ ਜਾਓ, ਆਪਾਂ ਦੋਵੇਂ ਰਲ ਕੇ ਸਕੂਲ ਚਲਾਵਾਂਗੀਆਂ। ਇਹ ਸੱਸ ਆਪਣੀ ਨੂੰਹ ਦੀ ਮਤਵਾਲੀ ਸੀ ਕਿਉਂਕਿ ਨੂੰਹ, ਸੱਸ ਨੂੰ ਪ੍ਰਿੰਸੀਪਲ ਸਾਹਿਬਾ ਕਹਿੰਦੀ ਸੀ।

ਵੇਖਿਆ ਗਿਆ ਹੈ ਕਿ ਜਿਸ ਪਰਿਵਾਰ ਨੇ ਵੀ ਨੂੰਹ ਨੂੰ ਸੁੱਖੀ ਰਖਿਆ ਹੈ, ਉਹ ਪਰਿਵਾਰ ਸੁੱਖੀ ਤਾਂ ਹੋਇਆ ਹੀ ਹੈ, ਉਹ ਖੁਸ਼ਹਾਲ ਵੀ ਹੋਇਆ ਹੈ।

ਜਿਹੜੀ ਨੂੰਹ, ਸੱਸ ਦਾ ਸੱਚਾ ਸਤਿਕਾਰ ਕਰਦੀ ਹੈ, ਆਪਣੇ ਬੱਚਿਆਂ ਨੂੰ ਉਹ ਆਪ ਘੱਟ ਅਤੇ ਉਸ ਦੀ ਸੱਸ ਵਧੇਰੇ ਪਾਲਦੀ ਹੈ।

ਲੱਖਾਂ ਪਰਿਵਾਰ ਇਸ ਲਈ ਦੁੱਖੀ ਹਨ, ਕਿਉਂਕਿ ਉਨ੍ਹਾਂ ਨੇ ਨੂੰਹ ਘਰੋਂ ਕੱਢੀ ਹੋਈ ਹੈ। ਸਿਆਣੀ ਸੱਸ, ਸੁਘੜ ਨੂੰਹ ਤੋਂ ਬਹੁਤ ਕੁਝ ਸਿਖਦੀ ਹੈ ਅਤੇ ਮੋਹ-ਭਰੀ ਨੂੰਹ, ਸੱਸ ਦੀ ਅਜਿਹੀ ਨਿੱਘੀ ਧੀ ਬਣ ਜਾਂਦੀ ਹੈ ਕਿ ਆਪਣੀ ਧੀ ਨੂੰ ਕੁਝ ਦੇਣ ਵਾਸਤੇ ਵੀ ਸੱਸ, ਨੂੰਹ ਨਾਲ ਸਲਾਹ ਕਰਨ ਲਗ ਪੈਂਦੀ ਹੈ।

ਜਿਥੇ ਨੂੰਹ ਸੁੱਖੀ ਹੁੰਦੀ ਹੈ, ਉਥੇ ਸੱਸ ਦਾ ਪੁੱਤਰ ਮੌਜਾਂ ਮਾਣਦਾ ਹੈ।

ਸਭ ਤੋਂ ਵੱਡੀ, ਗੰਭੀਰ, ਹਾਨੀਕਾਰਕ, ਪ੍ਰਚਲਤ ਅਤੇ ਗੁੰਝਲਦਾਰ ਅਣਬਣ ਪਤੀ-ਪਤਨੀ ਵਿਚਕਾਰ ਹੁੰਦੀ ਹੈ। ਵਿਆਹ ਇਕ ਬਹੁ-ਪਰਤੀ ਵਰਤਾਰਾ ਹੈ, ਇਸੇ

ਲਈ ਇਸ ਖੇਤਰ ਵਿਚ ਅਣਬਣ ਦੀਆਂ ਸਭ ਤੋਂ ਵੱਧ ਸਮੱਸਿਆਵਾਂ ਹੁੰਦੀਆਂ ਹਨ। ਵਿਆਹ ਕਰਵਾਉਣ ਵਾਲੀਆਂ ਦੋਵੇਂ ਧਿਰਾਂ ਆਸ ਲਾਉਂਦੀਆਂ ਹਨ ਕਿ ਉਨ੍ਹਾਂ ਦੇ ਇਕ ਅਤੇ ਇਕ ਦਾ ਕੁਲ-ਜੋੜ ਦੋ ਤੋਂ ਵੱਧ ਜਾਵੇਗਾ ਪਰ ਇਹ ਵੱਧਦਾ ਨਹੀਂ, ਘੱਟ ਜਾਂਦਾ ਹੈ। ਦੋਵੇਂ ਧਿਰਾਂ ਇਕ ਦੂਜੀ ਦੇ ਮੇਚ ਆਉਣ ਵਾਸਤੇ ਆਪਣੇ ਅਸਲੀ ਵਿਹਾਰ ਨੂੰ ਲੁਕੋ ਕੇ ਵਿਚਰਦੀਆਂ ਹਨ।

ਲੜਕੀ ਸਮਝਦੀ ਹੈ ਵਿਆਹ ਨਾਲ ਉਸ ਦੇ ਮਨ ਤੋਂ ਬੋਝ ਉਤਰ ਜਾਵੇਗਾ, ਲੜਕਾ ਸਮਝਦਾ ਹੈ ਕਿ ਇਸਤਰੀ ਦਾ ਸੁਹਾਵਣਾ ਸਾਥ ਮਿਲੇਗਾ ਪਰ ਜਿਹੜੀਆਂ ਜ਼ਿੰਮੇਵਾਰੀਆਂ ਪੈ ਜਾਂਦੀਆਂ ਹਨ, ਉਹ ਦਿਸ ਨਹੀਂ ਰਹੀਆਂ ਹੁੰਦੀਆਂ।

ਰਿਸ਼ਤਾ ਕੋਈ ਵੀ ਹੋਵੇ, ਵਕਤ ਦੇ ਬੀਤਣ ਨਾਲ, ਉਹ ਪਹਿਲਾਂ ਵਰਗਾ ਸੁਖਾਵਾਂ ਅਤੇ ਦਿਲਕਸ਼ ਨਹੀਂ ਰਹਿੰਦਾ। ਹਰ ਰਿਸ਼ਤੇ ਦੇ ਸ਼ੁਰੂ ਵਿਚ ਸਭ ਕੁਝ ਇਸ ਲਈ ਠੀਕ ਅਤੇ ਚੰਗਾ ਲਗਦਾ ਹੈ, ਕਿਉਂਕਿ ਦੋਵੇਂ ਧਿਰਾਂ ਚੰਗੇਪਣ ਦਾ ਨਾਟਕ ਖੇਡਦੀਆਂ ਹਨ ਅਤੇ ਅਸਲੀਅਤ ਤੋਂ ਬਿਲਕੁਲ ਵੱਖਰਾ ਵਿਹਾਰ ਕਰਦੀਆਂ ਹਨ ਅਤੇ ਇਕ-ਦੂਜੇ ਤੋਂ ਬਹੁਤ ਅਧਿਕ ਆਸਾਂ-ਉਮੀਦਾਂ ਲਾਉਂਦੀਆਂ ਹਨ।

ਅਸੰਤੁਸ਼ਟ ਹੋਣਾ ਮਨੁੱਖ ਦਾ ਬੁਨਿਆਦੀ ਸੁਭਾਓ ਹੈ, ਸੋ ਰਿਸ਼ਤਾ ਪੁਰਾਣਾ ਹੁੰਦਿਆਂ ਹੀ, ਅਸਲੀਅਤ ਬਾਹਰ ਆ ਜਾਂਦੀ ਹੈ ਅਤੇ ਅਣਬਣ ਅਰੰਭ ਹੋ ਜਾਂਦੀ ਹੈ। ਸਮੁੱਚੇ ਜੀਵ-ਜੰਤੂ ਜਗਤ ਵਾਂਗ, ਮਨੁੱਖਾਂ ਵਿਚ ਵੀ ਸਭ ਤੋਂ ਵੱਡੀ ਸਮੱਸਿਆ ਇਕੱਠੇ ਰਹਿਣ ਦੀ ਹੈ।

ਪੁਰਸ਼ ਅਤੇ ਇਸਤਰੀ ਇਕ-ਦੂਜੇ ਨੂੰ ਇਸ ਲਈ ਪ੍ਰੇਸ਼ਾਨ ਕਰਦੇ ਰਹਿੰਦੇ ਹਨ, ਕਿਉਂਕਿ ਦੋਹਾਂ ਦੀ ਸੋਚ ਵੱਖਰੀ ਹੁੰਦੀ ਹੈ, ਸਰੀਰਕ ਕਾਰਜ ਵੱਖਰੇ ਹਨ, ਸਮਾਜਿਕ ਸਥਿਤੀ ਅਤੇ ਸਮਝਣ-ਸਮਝਾਉਣ ਦਾ ਢੰਗ ਵੱਖਰਾ ਹੁੰਦਾ ਹੈ।

ਪੁਰਸ਼ ਦੇ ਦਿਮਾਗ ਦਾ ਖੱਬਾ ਭਾਗ ਵਧੇਰੇ ਕਾਰਜਸ਼ੀਲ ਹੁੰਦਾ ਹੈ ਜਦੋਂ ਕਿ ਇਸਤਰੀ ਦਾ ਸੱਜਾ ਭਾਗ। ਇਸ ਖੱਬੇ-ਸੱਜੇ ਵਿਚ ਇਕ-ਦੂਜੇ ਨੂੰ ਆਪਣੇ ਵਰਗਾ ਬਣਾਉਣ ਦਾ ਸੰਘਰਸ਼ ਚਲਦਾ ਰਹਿੰਦਾ ਹੈ। ਇਸ ਬੁਨਿਆਦੀ ਵੱਖਰੇਵੇਂ ਦੇ ਭੇਤ ਨੂੰ ਸਮਝ ਕੇ ਤਾਲ-ਮੇਲ ਪੈਦਾ ਕਰਨ ਦੀ ਲੋੜ ਹੈ। ਜਿਥੇ ਇਹ ਤਾਲ-ਮੇਲ ਪੈਦਾ ਹੋ ਜਾਂਦਾ ਹੈ, ਉਥੇ ਭਰੋਸੇ, ਉਤਸ਼ਾਹ ਅਤੇ ਪਿਆਰ ਕਾਰਨ ਪਤੀ-ਪਤਨੀ ਪਿਘਲ ਕੇ ਇਕ ਹੋ ਜਾਂਦੇ ਹਨ ਅਤੇ ਉਹ ਇਕ-ਦੂਜੇ ਵਿਚ, ਦੁੱਧ ਵਿਚ ਪਤਾਸੇ ਵਾਂਗ ਘੁਲ ਜਾਂਦੇ ਹਨ। ਤਾਲ-ਮੇਲ ਵਿਚੋਂ ਉਪਜੀ ਸੁਖਾਵੀਂ ਸੇਜ-ਸੰਤੁਸ਼ਟੀ, ਪਤੀ-ਪਤਨੀ ਦੇ ਸੰਬੰਧਾਂ ਨੂੰ ਨਿੱਗਰ ਨੀਂਹ ਪ੍ਰਦਾਨ ਕਰਦੀ ਹੈ ਅਤੇ ਦੋਹਾਂ ਵਿਚਕਾਰ ਆਪਸੀ ਚੋਹਲ-ਮੋਹਲ ਚਲਦੀ ਰਹਿੰਦੀ ਹੈ।

ਚੋਹਲ-ਮੋਹਲ, ਤਿੱਖੀ ਬੁੱਧੀ ਵਾਲੇ ਕਰਦੇ ਹਨ ਅਤੇ ਚੋਹਲ-ਮੋਹਲ ਨਾਲ ਬੁੱਧੀ ਤਿੱਖੀ ਹੁੰਦੀ ਹੈ। ਤਿੱਖੀ ਬੁੱਧੀ ਜਿਹਾ ਸੋਹਣਾ, ਕੋਈ ਗਹਿਣਾ ਨਹੀਂ ਹੁੰਦਾ।

ਕਾਮ-ਸੰਬੰਧਾਂ ਵਿਚ ਲੈਣ-ਦੇਣ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ

ਸਕਦਾ, ਕਿਉਂਕਿ ਦੂਜੇ ਦੀਆਂ ਲੋੜਾਂ ਪੂਰਦਿਆਂ, ਸਾਡੀਆਂ ਆਪਣੀਆਂ ਲੋੜਾਂ ਵੀ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਜੇ ਅਣਬਣ ਹੋਵੇ ਤਾਂ ਸੰਭੋਗੀ ਸੰਬੰਧਾਂ ਵਿਚ ਇਕ-ਸੁਰਤਾ ਅਤੇ ਆਪ-ਮੁਹਾਰਤਾ ਨਹੀਂ ਆਉਂਦੀ ਅਤੇ ਜਿਹੜੇ ਪਤੀ-ਪਤਨੀ ਸੰਭੋਗੀ ਸੰਬੰਧਾਂ ਵਿਚ ਖੁਲ੍ਹ ਕੇ ਆਪਾ ਨਹੀਂ ਪ੍ਰਗਟਾਉਂਦੇ, ਉਹ ਅੰਦਰੋਂ ਅਸੰਤੁਸ਼ਟ ਹੀ ਰਹਿੰਦੇ ਹਨ।

ਧਰਮ ਵਲੋਂ ਕਾਮ ਨੂੰ ਪਾਪ ਕਹੇ ਜਾਣ ਕਾਰਨ, ਕਾਮ-ਸੰਤੁਸ਼ਟਤਾ ਦੀ ਘਾਟ ਦੀ ਸਮੱਸਿਆ, ਸਦੀਆਂ ਤੋਂ ਸਾਡਾ ਪਿੱਛਾ ਕਰ ਰਹੀ ਹੈ ਅਤੇ ਪਤੀ-ਪਤਨੀ ਵਿਚਕਾਰ ਅਣਬਣ ਦਾ ਇਹ ਇਕ ਵੱਡਾ ਕਾਰਨ ਬਣ ਗਈ ਹੈ।

ਅਣਬਣ ਵਿਚੋਂ ਕੋਈ ਗਿਆਨ ਜਾਂ ਗੁਣ ਜਾਂ ਲਾਭ ਨਹੀਂ ਉਪਜਦਾ।

ਅਣਬਣ ਵਿਚ ਪਹਿਲਾਂ ਅਸੀਂ ਦੂਜੇ ਨਾਲ ਰੁੱਸਦੇ ਅਤੇ ਲੜਦੇ ਹਾਂ, ਫਿਰ ਆਪਣੇ ਆਪ ਨਾਲ ਝਗੜਦੇ ਹਾਂ।

ਅਣਬਣ ਕਾਰਨ ਕੋਈ ਸੌਂਦਾ ਨਹੀਂ, ਪਾਸੇ ਹੀ ਮਾਰਦਾ ਹੈ। ਅਣਬਣ ਦਾ ਸ਼ਿਕਾਰ ਵਿਅਕਤੀ ਬਿਨਾ ਸੁਆਦ ਦੇ ਭੋਜਨ ਖਾਂਦਾ ਹੈ, ਬਿਨਾ ਸ਼ੌਕ ਦੇ ਚੀਜ਼ਾਂ ਖਰੀਦਦਾ ਹੈ ਅਤੇ ਹਰ ਕਿਸੇ ਨਾਲ ਲੜਦਾ ਹੈ।

ਕਈ ਪਤੀ-ਪਤਨੀ ਆਪਣੀ ਤਾਣੀ ਪੂਰੀ ਤਰ੍ਹਾਂ ਉਲਝਾ ਕੇ, ਮਿਲਣ ਵਾਲੇ ਹਰ ਕਿਸੇ ਤੋਂ ਪੁਛਦੇ ਹਨ: ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ?

ਅਣਬਣ ਕਾਰਨ ਹਰ ਚੀਜ਼ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਉਦਾਹਰਣ ਵਜੋਂ ਪਤੀ ਨਾਲ ਰਹਿੰਦਿਆਂ ਇਕ ਇਸਤਰੀ ਨੂੰ ਆਪਣੀ ਨੌਕਰੀ ਚੰਗੀ ਨਹੀਂ ਸੀ ਲਗਦੀ ਪਰ ਅਣਬਣ ਹੋਣ 'ਤੇ, ਵੱਖਰੇ ਰਹਿਣ ਦੀ ਮਜਬੂਰੀ ਕਾਰਨ, ਉਸ ਨੂੰ ਨੌਕਰੀ ਇਸ ਲਈ ਚੰਗੀ ਲੱਗਣ ਲੱਗ ਪਈ, ਕਿਉਂਕਿ ਉਹ ਨੌਕਰੀ ਉਸ ਦੇ ਸਵੈਮਾਣ, ਨਿਰਬਾਹ, ਪਛਾਣ ਅਤੇ ਹੋਂਦ ਦਾ ਆਧਾਰ ਬਣ ਗਈ ਸੀ। ਅਣਬਣ ਦੀਆਂ ਗੱਲਾਂ ਸੁਣ ਕੇ ਲੋਕ, ਉਮਰ ਵਜੋਂ ਛੋਟੀ ਹੋਣ ਕਰਕੇ, ਪਤਨੀ ਨੂੰ ਮੁਆਫ਼ ਕਰ ਦਿੰਦੇ ਹਨ ਪਰ ਪਤੀ ਨੂੰ ਮੁਆਫ਼ ਨਹੀਂ ਕਰਦੇ, ਕਿਉਂਕਿ ਉਹ ਉਸ ਨੂੰ ਸਿਆਣਾ ਅਤੇ ਵਧੇਰੇ ਜ਼ਿੰਮੇਵਾਰ ਸਮਝਦੇ ਹਨ।

ਅਣਬਣ ਉਪਰੰਤ ਕੋਈ ਵੀ ਧਿਰ ਆਪਣੀ ਉਮਰ ਅਨੁਸਾਰ ਵਿਹਾਰ ਨਹੀਂ ਕਰਦੀ।

ਕਿਸੇ ਦੀ ਅਣਬਣ ਵਿਚ ਲੋਕ ਸ਼ੁਰੂ ਵਿਚ ਕੁਝ ਦਿਲਚਸਪੀ ਲੈਂਦੇ ਹਨ ਪਰ ਜਦੋਂ ਦਿਲਚਸਪੀ ਮੁੱਕ ਜਾਂਦੀ ਹੈ ਤਾਂ ਦੋਵੇਂ ਧਿਰਾਂ ਆਪਣੇ-ਆਪਣੇ ਹਨੇਰੇ ਵਿਚ ਬਹਿ ਕੇ ਸੋਚਦੀਆਂ ਹਨ ਕਿ ਇਵੇਂ ਕਿਉਂ ਵਾਪਰ ਗਿਆ ਹੈ? ਦੋਵੇਂ ਧਿਰਾਂ ਇਕ-ਦੂਜੇ ਨੂੰ ਲੱਭਦੀਆਂ ਹਨ, ਪੱਜ ਪਾ ਕੇ ਉਧਰੋਂ ਲੰਘਦੀਆਂ ਹਨ ਪਰ ਸਾਹਮਣੇ ਆਉਣ 'ਤੇ ਦੋਵੇਂ ਧਿਰਾਂ ਹੋਰ ਪਾਸੇ ਵੇਖਣ ਲੱਗ ਪੈਂਦੀਆਂ ਹਨ। ਪਤਨੀ ਸੋਚਦੀ ਹੈ, ਉਸ

ਦੇ ਕੱਪੜੇ ਮੈਲੇ ਸਨ ਅਤੇ ਉਹ ਕਮਜ਼ੋਰ ਨਜ਼ਰ ਆ ਰਿਹਾ ਸੀ ਅਤੇ ਪਤੀ ਸੋਚਦਾ ਹੈ ਕਿ ਉਹ ਉਦਾਸ ਅਤੇ ਥੱਕੀ ਹੋਈ ਪ੍ਰਤੀਤ ਹੁੰਦੀ ਸੀ।

ਅਣਬਣ ਦੌਰਾਨ ਦੋਵੇਂ ਧਿਰਾਂ ਇਕ-ਦੂਜੇ ਪ੍ਰਤੀ ਗੁੱਸਾ ਵੀ ਪ੍ਰਗਟਾਉਂਦੀਆਂ ਹਨ ਅਤੇ ਤਰਸ ਵੀ ਖਾਂਦੀਆਂ ਹਨ। ਅਣਬਣ ਵਿਚ ਪਤੀ-ਪਤਨੀ ਆਪਣੀ ਗਲਤੀ ਮੰਨਣ ਲਈ ਇਸ ਕਰਕੇ ਤਿਆਰ ਨਹੀਂ ਹੁੰਦੇ ਕਿ ਇਵੇਂ ਕਰਨ ਨਾਲ ਉਨ੍ਹਾਂ ਨੂੰ ਆਪਣੇ ਗਲਤ ਹੋਣ ਦਾ ਦਰਦ ਹੰਢਾਉਣਾ ਪਵੇਗਾ।

ਵਾਸਤਵ ਵਿਚ ਸਾਡੀ ਆਤਮਾ ਸਭ ਤੋਂ ਵੱਧ ਸ਼ਕਤੀਸ਼ਾਲੀ ਉਦੋਂ ਹੁੰਦੀ ਹੈ, ਜਦੋਂ ਅਸੀਂ ਆਪਣੀ ਗਲਤੀ ਮੰਨਦੇ ਹਾਂ।

ਜੇ ਗਲਤੀ ਮੰਨ ਲਈ ਜਾਵੇ ਤਾਂ ਮੁਆਫ਼ੀ ਮੰਗਣ ਦੀ ਲੋੜ ਨਹੀਂ ਰਹਿੰਦੀ।

ਜਦੋਂ ਅਣਬਣ ਵਾਲੀ ਇਕ ਧਿਰ ਆਪਣੀ ਗਲਤੀ ਮੰਨ ਲੈਂਦੀ ਹੈ ਤਾਂ ਦੂਜੀ ਧਿਰ ਵੀ ਆਪਣੀ ਗਲਤੀ ਮੰਨਣ ਵਿਚ ਦੇਰ ਨਹੀਂ ਲਾਉਂਦੀ, ਸਗੋਂ ਦੂਜੀ ਧਿਰ ਸੋਚਦੀ ਹੈ ਕਿ ਪਹਿਲਾਂ ਮੈਨੂੰ ਗਲਤੀ ਮੰਨਣੀ ਚਾਹੀਦੀ ਸੀ ਪਰ ਗਲਤੀ ਮੰਨਣ ਦੀ ਹਿੰਮਤ ਬੜੀ ਦੇਰ ਮਗਰੋਂ ਉਪਜਦੀ ਹੈ।

ਅਣਬਣ ਉਪਰੰਤ ਕਿਸੇ ਨਾਲ ਰਲ ਕੇ ਹੱਸਣ ਅਤੇ ਫੈਲਣ ਦੀ ਸਹੂਲਤ ਨਹੀਂ ਰਹਿੰਦੀ ਅਤੇ ਹਰ ਵੇਲੇ ਆਪਣੇ ਅਧੂਰੇ ਹੋਣ ਦਾ ਅਹਿਸਾਸ ਹੁੰਦਾ ਹੈ।

ਅਣਬਣ ਹੰਢਾ ਰਹੇ ਵਿਅਕਤੀ ਕੋਲ ਗੱਲਾਂ ਦੀ ਵੰਨ-ਸੁਵੰਨਤਾ ਨਹੀਂ ਰਹਿੰਦੀ ਅਤੇ ਉਹ ਹਰ ਕਿਸੇ ਕੋਲ ਇਕ ਹੀ ਗੱਲ ਨੂੰ ਦੁਹਰਾਉਂਦਾ ਰਹਿੰਦਾ ਹੈ।

ਵੱਖ-ਵੱਖ ਰਹਿ ਰਹੇ ਪਤੀ-ਪਤਨੀ ਦੇ ਅਣਬਣ ਕਾਰਨ ਸਾਰੇ ਚਾਅ ਮਰ ਜਾਂਦੇ ਹਨ ਅਤੇ ਉਨ੍ਹਾਂ ਕੋਲ ਮਾਣ ਕਰਨ ਯੋਗ ਕੁਝ ਵੀ ਨਹੀਂ ਹੁੰਦਾ। ਇਨ੍ਹਾਂ ਪ੍ਰੇਸ਼ਾਨੀਆਂ ਦੇ ਹੁੰਦਿਆਂ ਵੀ ਕਰੋੜਾਂ ਜੋੜੇ ਅਣਬਣ ਦੇ ਬਾਵਜੂਦ, ਸਮਾਜਿਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਿਆਂ ਅਤੇ ਪਰਿਵਾਰਕ ਛੱਤਰੀ ਦੀ ਛਾਂ ਮਿਲਣ ਕਾਰਨ ਅਤੇ ਬੱਚਿਆਂ ਦੀ ਭਲਾਈ ਨੂੰ ਸਾਹਮਣੇ ਰੱਖ ਕੇ, ਇਕੱਠੇ ਰਹਿ ਰਹੇ ਹਨ।

ਪਤੀ ਦੇ ਹੱਥੋਂ ਪ੍ਰੇਸ਼ਾਨ ਇਕ ਇਸਤਰੀ ਦਸ ਰਹੀ ਸੀ: ਮੈਂ ਸੋਚ-ਵੇਖ ਕੇ ਹੁਣ ਸਵੀਕਾਰ ਕਰ ਲਿਆ ਹੈ ਕਿ ਮੇਰੇ ਭਾਗਾਂ ਵਿਚ ਇਹੀ ਪਤੀ ਹੈ। ਮੈਂ ਉਸ ਨੂੰ ਇਸ ਯੋਗ ਹੀ ਨਹੀਂ ਸਮਝਦੀ ਕਿ ਉਸ ਵਿਰੁੱਧ ਸੰਘਰਸ਼ ਕੀਤਾ ਜਾਵੇ। ਜੇ ਉਹ ਚੰਗਾ ਪਿਤਾ ਅਤੇ ਪਤੀ ਨਹੀਂ ਬਣ ਸਕਿਆ ਤਾਂ ਕੋਈ ਗੱਲ ਨਹੀਂ, ਮੈਂ ਇਕ ਚੰਗੀ ਪਤਨੀ ਅਤੇ ਚੰਗੀ ਮਾਂ ਬਣ ਕੇ ਵਿਖਾਵਾਂਗੀ। ਮੈਨੂੰ ਪੂਰਾ ਭਰੋਸਾ ਹੈ ਕਿ ਜੇ ਉਹ ਜਿਊਂਦਾ ਰਿਹਾ ਤਾਂ ਇਕ ਦਿਨ ਸ਼ਰਮਸਾਰ ਹੋ ਕੇ ਉਹ ਜ਼ਰੂਰ ਸੋਚੇਗਾ ਕਿ ਉਸ ਦੀਆ ਵਧੀਕੀਆਂ ਦਾ ਸ਼ਿਕਾਰ ਉਸ ਦਾ ਅੱਧ ਕਿਤਨਾ ਦੁੱਖੀ ਰਿਹਾ ਹੈ। ਮੈਨੂੰ ਆਪਣੀ ਨਹੀਂ, ਬੱਚਿਆਂ ਦੀ ਚਿੰਤਾ ਹੈ। ਆਪਣੇ ਬੱਚਿਆਂ ਦੀ ਮਾਂ ਤਾਂ ਮੈਂ ਹਾਂ ਹੀ, ਮੈਂ ਇਨ੍ਹਾਂ ਦਾ ਪਿਤਾ ਵੀ ਬਣਾਂਗੀ।

ਅਣਬਣ ਦਾ ਸਭ ਤੋਂ ਮਾੜਾ ਪ੍ਰਭਾਵ ਬੱਚਿਆਂ ਉਤੇ ਪੈਂਦਾ ਹੈ।

ਜਦੋਂ ਵੀ ਸੰਤਾਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਪ੍ਰਸੰਨਤਾ ਦੀ ਨਹੀਂ, ਫ਼ਰਜ਼ਾਂ ਦੀ ਗਲ ਕੀਤੀ ਜਾਂਦੀ ਹੈ, ਕਿਉਂਕਿ ਫ਼ਰਜ਼ਾਂ ਦੀ ਪੂਰਤੀ ਵਿਚ ਪ੍ਰਸੰਨਤਾ ਹੁੰਦੀ ਹੈ। ਬੱਚੇ ਪਾਲਣਾ ਜੀਵਨ ਦਾ ਸਭ ਤੋਂ ਲੰਮਾ ਕਾਰਜ ਹੁੰਦਾ ਹੈ, ਜਿਸ ਵਿਚ ਮਾਂ ਦੀ ਮਮਤਾ ਅਤੇ ਧਿਆਨ ਦੇ ਨਾਲ ਪਿਤਾ ਦੀ ਪ੍ਰੇਰਨਾ, ਅਗਵਾਈ ਅਤੇ ਹਲਾਸ਼ੇਰੀ ਦੀ ਲੋੜ ਪੈਂਦੀ ਹੈ। ਜੇ ਬੱਚਿਆਂ ਨੂੰ ਇਹ ਸਹੂਲਤਾਂ ਨਾ ਮਿਲਣ ਤਾਂ ਉਹ ਸੰਸਿਆਂ ਵਿਚ ਘਿਰ ਜਾਂਦੇ ਹਨ ਅਤੇ ਮਗਰੋਂ ਉਹ ਸਾਵੇਂ-ਸੁਖਾਵੇਂ ਸੰਬੰਧਾਂ ਨੂੰ ਉਸਾਰਨ ਦੇ ਯੋਗ ਨਹੀਂ ਰਹਿੰਦੇ। ਕੇਵਲ ਪਿਆਰ ਨਾਲ ਜਾਂ ਕੇਵਲ ਹਲਾਸ਼ੇਰੀ ਨਾਲ, ਬੱਚੇ ਨਹੀਂ ਪਾਲੇ ਜਾ ਸਕਦੇ।

ਬੱਚਿਆਂ ਨੂੰ ਦੋਵੇਂ ਮਾਪਿਆਂ ਦੀ ਹਾਜ਼ਰੀ ਦੇ ਭਰੋਸੇ ਅਤੇ ਅਗਵਾਈ ਦੀ ਲੋੜ ਹੁੰਦੀ ਹੈ। ਬੱਚਿਆਂ ਦੇ ਕਈ ਪ੍ਰਸ਼ਨ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਉੱਤਰ ਜਾਂ ਕੇਵਲ ਮਾਂ ਕੋਲ ਹੁੰਦੇ ਹਨ ਜਾਂ ਕੇਵਲ ਪਿਤਾ ਕੋਲ ਹੁੰਦੇ ਹਨ।

ਅੱਠ ਸਾਲ ਤੱਕ ਬੱਚੇ ਨੂੰ ਅਸਲੀਅਤ ਅਤੇ ਭਰਮ ਦਾ ਅੰਤਰ ਸਪੱਸ਼ਟ ਨਹੀਂ ਹੁੰਦਾ ਪਰ ਬਾਰ੍ਹਾਂ ਸਾਲ ਦੀ ਉਮਰ ਤੱਕ ਬੱਚਾ ਸੋਚਣ ਲੱਗ ਪੈਂਦਾ ਹੈ ਅਤੇ ਉਹ ਵੱਖ-ਵੱਖ ਰਹਿ ਰਹੇ ਮਾਂ ਜਾਂ ਪਿਓ ਵਿਚੋਂ ਇਕ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਇਸ ਉਪਰੰਤ ਉਸ ਦੀ ਸਾਂਭ-ਸੰਭਾਲ ਇਕ ਗੰਭੀਰ ਸਮੱਸਿਆ ਬਣ ਜਾਂਦੀ ਹੈ।

ਅਜਿਹੇ ਬੱਚੇ ਸਮੱਸਿਆਵਾਂ ਤਾਂ ਉਪਜਾਉਂਦੇ ਹੀ ਹਨ, ਇਹ ਆਪਣੇ ਆਪ ਲਈ ਵੀ ਖਤਰਾ ਬਣ ਜਾਂਦੇ ਹਨ।

ਜੇ ਕਿਸੇ ਪਰਿਵਾਰ ਵਿਚ, ਅਣਬਣ ਦੀ ਸੂਰਤ ਵਿਚ, ਛੁਟਕਾਰਾ ਪਾਉਣ ਲਈ, ਤਲਾਕ ਦਾ ਢੰਗ ਵਰਤਿਆ ਜਾਵੇ ਤਾਂ ਇਹ ਇਕ ਰੀਤ ਹੀ ਬਣ ਜਾਂਦੀ ਹੈ, ਜਿਸ ਕਾਰਨ ਇਕ ਨਹੀਂ, ਕਈ ਤਲਾਕ ਵਾਪਰਦੇ ਹਨ।

ਸਫਲ ਵਿਆਹ ਦਾ ਭੇਤ ਇਹ ਜਾਣਨਾ ਹੁੰਦਾ ਹੈ ਕਿ ਕੁਝ ਵੀ ਅਜਿਹਾ ਨਹੀਂ ਹੁੰਦਾ, ਜਿਸ ਬਾਰੇ ਇਕ-ਦੂਜੇ ਨਾਲ ਲੜਿਆ ਜਾਵੇ।

ਵਿਆਹ ਅੱਖਾਂ ਖੋਲ੍ਹ ਕੇ ਉਸ ਨਾਲ ਕਰਵਾਉਣਾ ਚਾਹੀਦਾ ਹੈ, ਜਿਸ ਬਿਨਾ ਰਿਹਾ ਨਾ ਜਾ ਸਕੇ। ਅਮਰੀਕਾ ਵਿਚ ਮੈਨੂੰ ਇਕ ਜੋੜੇ ਦੇ ਵਿਆਹ ਦੀ ਪੰਜਾਹਵੀਂ ਵਰ੍ਹੇ ਗੰਢ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਦਾ ਅਵਸਰ ਮਿਲਿਆ ਸੀ। ਅਮਰੀਕਾ ਵਿਚ ਅਣਬਣ ਆਮ ਹੈ, ਸੋ ਵਿਆਹ ਇਤਨੇ ਹੰਢਣਸਾਰ ਨਹੀਂ ਹੁੰਦੇ। ਉਨ੍ਹਾਂ ਦੇ ਅੱਠ ਬੱਚੇ ਹੋਏ ਅਤੇ ਸਾਰੇ ਬੜੇ ਸਫਲ ਅਤੇ ਤੰਦਰੁਸਤ ਸਨ। ਜਦੋਂ ਮੈਂ ਪਤਨੀ ਨੂੰ ਅਜਿਹੇ ਹੰਢਣਸਾਰ ਵਿਆਹ ਦਾ ਭੇਤ ਪੁੱਛਿਆ ਤਾਂ ਉਸ ਨੇ ਕਿਹਾ: ਅਸੀਂ ਚਾਹੁੰਦੇ ਸਾਂ ਕਿ ਸਾਡਾ ਘਰ ਬੱਚਿਆਂ ਨਾਲ ਭਰਿਆ ਹੋਵੇ, ਸੋ ਅਸੀਂ ਵਿਆਹ ਵੇਲੇ ਹੀ ਫ਼ੈਸਲਾ ਕਰ ਲਿਆ ਸੀ ਕਿ ਜਿਹੜਾ ਅਣਬਣ ਕਰੇਗਾ, ਸਾਰੇ ਬੱਚੇ ਪਾਲਣ ਦੀ

ਜ਼ਿੰਮੇਵਾਰੀ ਉਸ ਦੀ ਹੋਵੇਗੀ। ਅਸੀਂ ਇਕ-ਦੂਜੇ ਨਾਲ ਰਹੇ ਬਿਨਾ, ਇਤਨੇ ਬੱਚੇ ਪਾਲ ਹੀ ਨਹੀਂ ਸੀ ਸਕਦੇ, ਸੋ ਸਾਡੇ ਕੋਲ ਅਣਬਣ ਲਈ ਸਮਾਂ ਹੀ ਨਹੀਂ ਸੀ।

ਰਿਸ਼ਤੇ ਤੋੜਨੇ ਸੌਖੇ ਹੁੰਦੇ ਹਨ ਪਰ ਰਿਸ਼ਤੇ ਦੇ ਟੁੱਟਣ ਮਗਰੋਂ, ਸਮੇਂ ਦੀ ਵਿਉਂਤ ਸਪੱਸ਼ਟ ਨਾ ਹੋਣ ਕਰਕੇ ਪ੍ਰੇਸ਼ਾਨੀਆਂ ਉਪਜਦੀਆਂ ਹਨ।

ਜੇ ਤਲਾਕ ਉਪਰੰਤ ਜੀਵਨ ਦੀ ਵਿਉਂਤ ਸਪਸ਼ਟ ਨਾ ਹੋਵੇ ਤਾਂ ਇੰਜ ਲਗਦਾ ਹੈ ਜਿਵੇਂ ਜ਼ਿੰਦਗੀ ਦਾ ਰਸਤਾ ਹੀ ਗਾਇਬ ਹੋ ਗਿਆ ਹੋਵੇ ਜਾਂ ਖੁਲ੍ਹਾ ਬੂਹਾ, ਸਦਾ ਲਈ ਬੰਦ ਹੋ ਗਿਆ ਹੋਵੇ।

ਅਣਬਣ ਨਾਲ ਰਿਸ਼ਤਾ ਟੁੱਟਣ ਉਪਰੰਤ ਮਗਰਲੀਆਂ ਘਟਨਾਵਾਂ, ਅਵਸਰਾਂ, ਕਾਰਜਾਂ ਅਤੇ ਸੋਚਾਂ ਉਤੇ ਭੈੜਾ ਅਤੇ ਸਿੱਧਾ ਪ੍ਰਭਾਵ ਪਵੇਗਾ।

ਜੇ ਵਿਛੜਨਾ ਹੀ ਹੈ ਤਾਂ ਇਵੇਂ ਵਿਛੜੋ ਕਿ ਦੋਵੇਂ ਧਿਰਾਂ ਵਿਛੜਨ ਉਪਰੰਤ ਘੱਟ ਤੋਂ ਘੱਟ ਸਮੇਂ ਵਿਚ ਆਪਣੀ-ਆਪਣੀ ਲੀਹ ਉਤੇ ਪੈ ਜਾਣ, ਨਹੀਂ ਤਾਂ ਟੁੱਟੇ ਰਿਸ਼ਤੇ ਦੀ ਰਗੜ ਲਗਦੀ ਰਹੇਗੀ ਅਤੇ ਦੋਵੇਂ ਧਿਰਾਂ ਵਿੱਛੜ ਕੇ ਵੀ ਇਕ-ਦੂਜੇ ਨੂੰ ਪ੍ਰੇਸ਼ਾਨ ਅਤੇ ਪੀੜਤ ਕਰਦੀਆਂ ਰਹਿਣਗੀਆਂ। ਤਲਾਕ ਲੈਣ ਦੀ ਕਾਹਲ ਕਰਨ ਤੋਂ ਪਹਿਲਾ, ਜਿਹੜੇ ਇਸ ਢੰਗ ਨੂੰ ਵਰਤ ਚੁਕੇ ਹਨ, ਉਨ੍ਹਾਂ ਨਾਲ ਗੱਲ ਕਰਨੀ ਅਤੇ ਉਨ੍ਹਾਂ ਦੀ ਸਲਾਹ ਲੈਣੀ ਲਾਹੇਵੰਦੀ ਹੋਵੇਗੀ।

ਕਿਸੇ ਨਾਲ ਅਣਬਣ ਦੌਰਾਨ ਕੀ ਅਸੀਂ ਸਰਬੱਤ ਦੇ ਭਲੇ ਦੀ ਅਰਦਾਸ ਕਰ ਸਕਦੇ ਹਾਂ? ਅਣਬਣ ਕਿਸੇ ਦੇ ਭਲੇ ਬਾਰੇ ਸੋਚਣ ਹੀ ਨਹੀਂ ਦਿੰਦੀ।

ਅਣਬਣ ਅਕਸਰ ਇਸ ਲਈ ਨਹੀਂ ਨਿਬੜਦੀ, ਕਿਉਂਕਿ ਅਸੀਂ ਝਗੜੇ ਨੂੰ ਝਗੜੇ ਨਾਲ ਨਿਬੇੜਨ ਦਾ ਯਤਨ ਕਰਦੇ ਹਾਂ। ਜੇ ਸ਼ਾਤ ਮਨ ਅਤੇ ਲੰਮੀ ਸੋਚ ਨਾਲ ਯਤਨ ਕੀਤਾ ਜਾਵੇ ਤਾਂ ਅਣਬਣ ਨਿਬੜ ਜਾਂਦੀ ਹੈ।

ਅਣਬਣ ਨਾਲ ਅਸੀਂ ਵੱਖਰੇ-ਵੱਖਰੇ ਢੰਗ ਨਾਲ ਟੁੱਟਦੇ ਹਾਂ ਅਤੇ ਟੁੱਟੀਆਂ ਚੀਜ਼ਾਂ ਰੱਖਣ ਵਾਸਤੇ ਜ਼ਿੰਦਗੀ ਵਿਚ ਕਿਧਰੇ ਕੋਈ ਥਾਂ ਨਹੀਂ ਹੁੰਦੀ।

ਈਮਾਨਦਾਰੀ ਅਤੇ ਸਦਭਾਵਨਾ ਨਾਲ ਚਿੰਤਾ ਅਤੇ ਚਿੰਤਨ ਕੀਤਿਆਂ, ਹਰ ਸਮੱਸਿਆ ਦਾ ਹੱਲ ਨਿਕਲ ਆਉਂਦਾ ਹੈ।

ਜਿਵੇਂ ਰੁਕਿਆ ਹੋਇਆ ਪਾਣੀ, ਰੁਕਾਵਟ ਦੂਰ ਹੋਣ ਨਾਲ, ਵਧੇਰੇ ਉਤਸ਼ਾਹ ਨਾਲ ਵਗਦਾ ਹੈ, ਉਵੇਂ ਹੀ ਅਣਬਣ ਦੂਰ ਹੋਣ ਨਾਲ, ਜੀਵਨ-ਪ੍ਰਵਾਹ ਮੁੜ ਲੀਹ 'ਤੇ ਪੈ ਕੇ ਤਿੱਖਾ, ਤੇਜ ਅਤੇ ਜੋਸ਼ੀਲਾ ਹੋ ਜਾਂਦਾ ਹੈ।

ਜੇ ਪੱਕਾ ਫ਼ੈਸਲਾ ਕਰ ਲਈਏ ਕਿ ਅਣਬਣ ਮੁਕਾਉਣੀ ਹੈ ਤਾਂ ਇਹ ਫੈਸਲਾ ਹੀ ਅਨੇਕਾਂ ਮੌਕਿਆਂ, ਸੰਭਾਵਨਾਵਾਂ ਅਤੇ ਅਵਸਰਾਂ ਵਾਲੇ ਰਾਹ ਖੋਲ੍ਹਦਾ ਚਲਾ ਜਾਵੇਗਾ ਅਤੇ ਸਾਲਾਂ ਪੁਰਾਣੀ ਅਣਬਣ ਦਿਨਾਂ ਵਿਚ ਹੀ ਮੁੱਕ ਜਾਵੇਗੀ।

* * *

ਸੁਣਨਾ ਅਤੇ ਬੋਲਣਾ

ਸੁਣਨ ਨਾਲ ਰਾਹ ਖੁਲ੍ਹਦਾ ਹੈ, ਰਸਤਾ ਰੁਕਦਾ ਨਹੀਂ; ਬੋਲਣ ਨਾਲ ਰਿਸ਼ਤਾ ਉਸਰਦਾ ਹੈ, ਸੰਬੰਧ ਟੁੱਟਦਾ ਨਹੀਂ।

ਧਿਆਨ ਨਾਲ ਸੁਣੋਂਗੇ, ਸਲੀਕੇ ਨਾਲ ਬੋਲਣਾ ਆ ਜਾਵੇਗਾ।

ਜੀਵਨ ਨੂੰ ਅਰਥ-ਪੂਰਨ ਅਤੇ ਮਾਣਨਯੋਗ ਬਣਾਉਣ ਲਈ ਹਰ ਕਿਸੇ ਨੂੰ ਹਰ ਕਿਸੇ ਦੀ ਲੋੜ ਹੁੰਦੀ ਹੈ। ਰਿਸ਼ਤਾ ਕੋਈ ਹੋਵੇ, ਇਹ ਅਰੰਭ ਸੁਣਨ ਨਾਲ ਹੁੰਦਾ ਹੈ ਅਤੇ ਪੱਕਾ ਬੋਲਣ ਨਾਲ ਹੁੰਦਾ ਹੈ।

ਸੁਣਨਾ ਅਤੇ ਬੋਲਣਾ ਮਨੁੱਖ ਦੇ ਦੋ ਬੁਨਿਆਦੀ ਸਮਾਜਿਕ ਕਾਰਜ ਹਨ, ਜਿਹੜੇ ਜੀਵਨ-ਭਰ ਜਾਰੀ ਰਹਿੰਦੇ ਹਨ। ਜਿਹੜੇ ਸੁਣ ਨਹੀਂ ਸਕਦੇ, ਉਹ ਬੋਲ ਵੀ ਨਹੀਂ ਸਕਦੇ, ਇਸੇ ਕਰਕੇ ਬੋਲੇ, ਗੂੰਗੇ ਵੀ ਹੁੰਦੇ ਹਨ।

ਜਿਹੜੇ ਸਾਨੂੰ ਨਹੀਂ ਸੁਣਦੇ, ਅਸੀਂ ਉਨ੍ਹਾਂ ਨਾਲ ਬੋਲਦੇ ਨਹੀਂ।

ਬੋਲਣ-ਸੁਣਨ ਵਿਚ ਅਸੀਂ ਵੇਖਣਾ ਵੀ ਸ਼ਾਮਲ ਕਰ ਲੈਂਦੇ ਹਾਂ।

ਲੜ-ਭਿੜ ਕੇ ਵਿਰੋਧ ਪ੍ਰਗਟਾਉਣ ਦੀ ਥਾਂ, ਬੋਲ-ਸੁਣ ਕੇ ਝਗੜੇ ਨਿਪਟਾਉਣ ਵਾਲੇ ਸਮਾਜ ਨੂੰ ਹੀ ਸਭਿਅਕ ਕਿਹਾ ਜਾਂਦਾ ਹੈ। ਜਿਸ ਸਮਾਜ ਜਾਂ ਪਰਿਵਾਰ ਵਿਚ ਬੋਲਣ-ਸੁਣਨ ਦਾ ਸੰਕਟ ਹੋਵੇਗਾ, ਉਥੇ ਸਾਰੇ ਸੰਕਟ ਹੋਣਗੇ।

ਜੇ ਅਸੀਂ ਕੁਝ ਅਜਿਹਾ ਬੋਲਾਂਗੇ ਜੋ ਸਾਨੂੰ ਬੋਲਣਾ ਨਹੀਂ ਚਾਹੀਦਾ ਤਾਂ ਸਾਨੂੰ ਉਹ ਕੁਝ ਸੁਣਨਾ ਵੀ ਪਏਗਾ, ਜੋ ਅਸੀਂ ਸੁਣਨਾ ਨਹੀਂ ਚਾਹਵਾਂਗੇ।

ਘੱਟ ਬੋਲੇ ਅਤੇ ਵੱਧ ਸੁਣੇ ਦਾ ਕਦੇ ਪਛਤਾਵਾ ਨਹੀਂ ਹੁੰਦਾ।

ਬੋਲਬਾਣੀ ਦਿਮਾਗੀ ਤਸਵੀਰ ਹੁੰਦੀ ਹੈ। ਮਿਹਰਬਾਨੀ ਵਾਲੀ ਅਵਾਜ਼ ਨੀਵੀਂ ਹੁੰਦੀ ਹੈ ਪਰ ਇਹ ਗੂੰਜਦੀ ਦੂਰ ਤਕ ਹੈ।

ਸਿਆਣਾ ਵਿਅਕਤੀ ਬੋਲਦਾ ਘੱਟ ਹੈ ਪਰ ਸੁਣਿਆ ਵਧੇਰੇ ਜਾਂਦਾ ਹੈ। ਜਿਹੜੇ ਘੱਟ ਸੋਚਦੇ ਹਨ, ਉਹ ਵੱਧ ਬੋਲਦੇ ਹਨ। ਕਈਆਂ ਕੋਲ ਹਰ ਪ੍ਰਸ਼ਨ ਦੇ ਦੋ-ਦੋ ਉੱਤਰ ਹੁੰਦੇ ਹਨ ਪਰ ਉਹ ਬੋਲਦੇ ਤੀਜਾ ਹਨ, ਜਿਸ ਕਰਕੇ ਉਹ ਇਤਬਾਰੀ ਨਹੀਂ ਸਮਝੇ ਜਾਂਦੇ ਅਤੇ ਕੋਈ ਉਨ੍ਹਾਂ ਨੂੰ ਧਿਆਨ ਨਾਲ ਨਹੀਂ ਸੁਣਦਾ।

ਦਿਲਚਸਪ ਬੰਦਿਆਂ ਦੇ ਬੋਲ, ਆਨੰਦਮਈ ਅਤੇ ਅਰਥ-ਪੂਰਨ ਹੋਣ ਕਰਕੇ, ਸਾਨੂੰ ਸੁਣਨ ਦਾ ਹੁਨਰ ਸਿੱਖਾ ਦਿੰਦੇ ਹਨ।

ਮਾਂ ਸਿਖਾਉਂਦੀ ਹੈ ਕਿ ਸੰਸਾਰ ਨਾਲ ਬੋਲਣਾ ਅਤੇ ਸੰਸਾਰ ਨਾਲ ਵਰਤਣਾ ਕਿਵੇਂ ਹੈ ਅਤੇ ਪਿਤਾ ਸਿਖਾਉਂਦਾ ਹੈ ਕਿ ਸੰਸਾਰ ਨੂੰ ਸੁਣਨਾ-ਸਮਝਣਾ ਅਤੇ

ਸੰਸਾਰ ਨੂੰ ਵਰਤਣਾ ਕਿਵੇਂ ਹੈ। ਮਾਂ ਪੁੱਤਰ ਨੂੰ ਬੋਲਣਾ ਸਿਖਾਉਂਦੀ ਹੈ, ਪਤਨੀ ਉਸ ਨੂੰ ਸੁਣਨਾ ਸਿਖਾਉਣ ਦਾ ਯਤਨ ਕਰਦੀ ਰਹਿੰਦੀ ਹੈ।

ਜਿਨ੍ਹਾਂ ਮਾਪਿਆਂ ਦੇ ਆਪਸੀ ਰਿਸ਼ਤੇ ਵਿਚ ਸਮੱਸਿਆਵਾਂ ਹਨ, ਉਹ ਜੇ ਸੁਣਨ-ਬੋਲਣ ਦਾ ਅਨੁਪਾਤ ਬਦਲ ਲੈਣ ਤਾਂ ਰਿਸ਼ਤਾ ਸੁਖਾਵਾਂ ਹੋ ਜਾਵੇਗਾ।

ਅਜੋਕਾ ਪਤੀ, ਪਤਨੀ ਨੂੰ ਧਿਆਨ ਨਾਲ ਨਹੀਂ ਸੁਣਦਾ, ਸੋ ਪਤਨੀ, ਆਪਣੇ ਪਤੀ ਨੂੰ ਹੀ, ਆਪਣੀ ਸਭ ਤੋਂ ਵੱਡੀ ਸਮੱਸਿਆ ਸਮਝਦੀ ਹੈ।

ਇਸਤਰੀ ਨੂੰ ਉਸ ਦੀਆਂ ਸਮੱਸਿਆਵਾਂ ਦੇ ਹੱਲ ਨਾ ਸੁਝਾਓ, ਉਸ ਨੂੰ ਸੁਣਨਾ ਹੀ ਉਸ ਦੀ ਹਰੇਕ ਸਮੱਸਿਆ ਦਾ ਹੱਲ ਹੁੰਦਾ ਹੈ।

ਜੀਵਨ ਵਿਚ ਬਹੁਤੀਆਂ ਸਮੱਸਿਆਵਾਂ ਬੋਲ-ਬੁਲਾਰੇ ਨਾਲ ਉਪਜਦੀਆਂ ਹਨ ਅਤੇ ਵਿਚਾਰ-ਵਟਾਂਦਰੇ ਨਾਲ ਸੁਲਝਦੀਆਂ ਹਨ।

ਬੋਲ-ਬੁਲਾਰੇ ਵਿਚ ਇਕ-ਧਿਰ ਬੋਲਦੀ ਹੀ ਹੈ, ਸੁਣਦੀ ਨਹੀਂ; ਵਿਚਾਰ-ਵਟਾਂਦਰੇ ਵਿਚ ਬੋਲਿਆ ਘੱਟ ਜਾਂਦਾ ਹੈ ਪਰ ਸੁਣਿਆ ਵਧੇਰੇ ਜਾਂਦਾ ਹੈ ਅਤੇ ਦੋਹਾਂ ਧਿਰਾਂ ਵਲੋਂ ਬਰਾਬਰ ਸੋਚਿਆ ਜਾਂਦਾ ਹੈ।

ਅਜੋਕੇ ਯੁੱਗ ਵਿਚ ਬੋਲਣ-ਸੁਣਨ ਦੇ ਢੰਗ, ਸਾਧਨ ਅਤੇ ਪ੍ਰਸੰਗ ਬਦਲ ਗਏ ਹਨ। ਹੁਣ ਸੁਰੱਖਿਆ, ਭੋਜਨ, ਪਾਣੀ, ਬਾਲਣ ਆਦਿ ਸਮੱਸਿਆਵਾਂ ਨਹੀਂ ਰਹੀਆਂ, ਸੋ ਮਨੁੱਖ ਜੀਵਨ ਤੋਂ ਉਚੇਰੀਆਂ ਅਤੇ ਵਡੇਰੀਆਂ ਤਸੱਲੀਆਂ ਲੱਭ ਰਿਹਾ ਹੈ। ਇਸਤਰੀ ਲਈ ਜਿਹੜੇ ਕੰਮਾਂ ਲਈ ਪਹਿਲਾਂ ਸਾਰਾ ਦਿਨ ਹੁੰਦਾ ਸੀ, ਉਹ ਸਾਰੇ ਕੰਮ, ਕੁਝ ਘੰਟਿਆਂ ਵਿਚ ਕਰਨ ਦੀ ਮਜਬੂਰੀ ਨੇ ਉਸ ਦੀ ਚਿੰਤਾ ਵਧਾ ਦਿੱਤੀ ਹੈ। ਹੁਣ ਪੁਰਸ਼ ਘਰ ਵਿਚ ਵਧੇਰੇ ਸਮਾਂ ਗੁਜ਼ਾਰਦਾ ਹੈ, ਇਸਤਰੀ ਨੂੰ ਪੁਰਸ਼ ਦਾ ਵਧੇਰੇ ਧਿਆਨ ਰੱਖਣਾ ਪੈਂਦਾ ਹੈ ਪਰ ਬਦਲੇ ਵਿਚ ਪ੍ਰਸੰਸਾ ਘੱਟ ਅਤੇ ਆਲੋਚਨਾ ਵਧੇਰੇ ਮਿਲਣ ਕਾਰਨ, ਘਰੇਲੂ ਰਿਸ਼ਤੇ ਵਿਗੜ ਰਹੇ ਹਨ ਅਤੇ ਤਲਾਕ ਵੱਧ ਰਹੇ ਹਨ।

ਘਰਾਂ ਵਿਚ ਬੋਲਣ-ਸੁਣਨ ਦਾ ਵਿਗੜਿਆ ਤਾਲ-ਮੇਲ ਸਥਿਤੀ ਨੂੰ ਹੋਰ ਉਲਝਾ ਰਿਹਾ ਹੈ, ਜਿਸ ਕਾਰਨ ਅਜੋਕੇ ਮਨੁੱਖ ਵਿਚ ਦੂਜਿਆਂ ਦੀਆਂ ਗਲਤੀਆਂ ਨੂੰ ਵੇਖ ਕੇ ਅਣਡਿੱਠ ਕਰਨ ਦੀ ਸਮਰੱਥਾ ਮੁੱਕ ਗਈ ਹੈ, ਜਿਸ ਕਾਰਨ ਸੁਣਨਾ-ਬੋਲਣਾ ਅਣ-ਸੁਖਾਵਾਂ ਹੋ ਗਿਆ ਹੈ ਅਤੇ ਇਹ ਅਜੋਕੇ ਸਮਾਜ ਦੀ ਇਕ ਗੰਭੀਰ ਸਮੱਸਿਆ ਬਣ ਗਿਆ ਹੈ।

ਹੁਣ ਠੀਕ ਕੰਮ ਘੱਟ ਹੁੰਦੇ ਹਨ, ਵਧੇਰੇ ਕੰਮ ਵਿਗੜਦੇ ਹਨ।

ਹੁਣ ਸਮੱਸਿਆਵਾਂ ਹੱਲ ਘੱਟ ਹੁੰਦੀਆਂ ਹਨ ਅਤੇ ਉਪਜਦੀਆਂ ਵਧੇਰੇ ਹਨ।

ਬੋਲਣ-ਸੁਣਨ ਰਾਹੀਂ ਹੀ ਸਾਰੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ

ਕਾਰਜ ਸੰਪੰਨ ਕੀਤੇ ਜਾਂਦੇ ਹਨ, ਝਗੜੇ ਨਿਪਟਾਏ ਜਾਂਦੇ ਹਨ, ਸੰਬੰਧ ਉਸਾਰੇ ਜਾਂਦੇ ਹਨ ਅਤੇ ਸਭ ਪ੍ਰਕਾਰ ਦਾ ਲੈਣ-ਦੇਣ ਕੀਤਾ ਜਾਂਦਾ ਹੈ।

ਮੁਸਕਰਾਉਂਦਾ ਚਿਹਰਾ ਵੇਖਣ ਪੱਖੋਂ ਹੀ ਨਹੀਂ, ਸੁਣਨ-ਬੋਲਣ ਪੱਖੋਂ ਵੀ ਸੋਹਣਾ ਲਗਦਾ ਹੈ। ਧਿਆਨ ਨਾਲ ਸੁਣੇ ਜਾਣ ਕਾਰਨ, ਬੋਲਣ ਵਾਲਾ ਸੌਖਾ-ਸੁਖਾਲਾ ਮਹਿਸੂਸ ਕਰਦਾ ਹੈ। ਜਦੋਂ ਤਕ ਕੋਈ ਬੋਲਦਾ ਨਹੀਂ, ਸਾਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਕੀ ਹੈ ਅਤੇ ਉਹ ਕੀ ਨਹੀਂ ਹੈ।

ਕਿਸੇ ਦੇ ਨੈਣ-ਨਕਸ਼ਾਂ, ਕੱਪੜਿਆਂ-ਗਹਿਣਿਆਂ ਵਲ ਉਦੋਂ ਤੱਕ ਹੀ ਧਿਆਨ ਜਾਂਦਾ ਹੈ, ਜਦੋਂ ਤੱਕ ਉਹ ਬੋਲਦਾ ਨਹੀਂ। ਉਸਦੇ ਬੋਲਣ ਨਾਲ ਸਾਡਾ ਧਿਆਨ ਉਸ ਦੀ ਅਕਲ, ਯੋਗਤਾ ਅਤੇ ਸਮਰੱਥਾ 'ਤੇ ਟਿਕ ਜਾਂਦਾ ਹੈ।

ਬੋਲਣ ਵੇਲੇ ਬੁਲਾਰੇ ਵਿਚ ਕੁਝ ਕਹਿਣ ਅਤੇ ਨਾ-ਕਹਿਣ ਵਿਚਕਾਰ ਸੰਘਰਸ਼ ਚਲਦਾ ਹੈ। ਮੂੰਹ-ਫੱਟ ਵਿਅਕਤੀ ਬਹੁਤ ਬੇਲੋੜਾ ਬੋਲਦੇ ਹਨ ਪਰ ਕੁਝ ਸੁਣਨ ਦੀ ਹਿੰਮਤ ਨਾ ਹੋਣ ਕਾਰਨ, ਉਹ ਝੱਟ ਉਖੜ ਜਾਂਦੇ ਹਨ ਅਤੇ ਲੜਨ ਲੱਗ ਪੈਂਦੇ ਹਨ।

ਜੇ ਸੁਣਨ ਦੀ ਜਾਚ ਹੋਵੇ ਤਾਂ ਲੋਕਾਂ ਦੀਆਂ ਗਾਲ੍ਹਾਂ ਅਤੇ ਗੱਪਾਂ ਵਿਚੋਂ ਵੀ ਮੁਲਵਾਨ ਸੂਚਨਾ ਮਿਲ ਜਾਂਦੀ ਹੈ।

ਤੇਜ਼ ਬੋਲਣ ਵਾਲੇ, ਬੋਲਣ ਤੋਂ ਪਹਿਲਾਂ ਹੀ ਬੋਲ ਪੈਂਦੇ ਹਨ।

ਸਿਆਣੇ ਅਤੇ ਮਾਹਿਰ ਬੋਲਦੇ ਘੱਟ ਹਨ, ਸੋਚਦੇ ਵਧੇਰੇ ਹਨ, ਇਵੇਂ ਅਸੀਂ ਉਨ੍ਹਾਂ ਦੀਆਂ ਸੋਚਾਂ ਨੂੰ ਸੁਣਦੇ ਹਾਂ।

ਜੇ ਬੋਲਣ-ਸੁਣਨ ਦੀ ਬਰਾਬਰੀ ਅਤੇ ਖੁੱਲ੍ਹ ਹੋਵੇ ਤਾਂ ਹੀ ਨਵੇਂ ਵਿਚਾਰ ਉਪਜਦੇ ਹਨ। ਇਹੀ ਕਾਰਨ ਹੈ ਕਿ ਜਿਥੇ ਹਰ ਕੋਈ ਆਪਣੇ ਰੁਤਬੇ ਅਨੁਸਾਰ ਬੋਲੇਗਾ, ਉਥੇ ਕੋਈ ਨਵਾਂ ਵਿਚਾਰ ਨਹੀਂ ਉਪਜੇਗਾ।

ਇਸਤਰੀ ਆਪਣੇ ਤੋਂ ਵਧੇਰੇ ਬੋਲਣ ਵਾਲੇ ਪੁਰਸ਼ ਨੂੰ ਪਸੰਦ ਨਹੀਂ ਕਰਦੀ, ਕਿਉਂਕਿ ਉਹ ਪੁਰਸ਼ ਵਿਚ, ਬੋਲਣ ਨੂੰ ਨਹੀਂ, ਸੁਣਨ ਨੂੰ ਵੱਡਾ ਗੁਣ ਸਮਝਦੀ ਹੈ ਅਤੇ ਚਾਹੁੰਦੀ ਹੈ ਕਿ ਪੁਰਸ਼ ਨੂੰ ਉਦੋਂ ਹੀ ਬੋਲਣਾ ਚਾਹੀਦਾ ਹੈ, ਜਦੋਂ ਉਸਨੇ ਸਿਆਣੀ ਗਲ ਕਰਨੀ ਹੋਵੇ।

ਇਸਤਰੀ ਜਦੋਂ ਬੋਲਦੀ ਹੈ ਤਾਂ ਉਹ ਬੋਲਦੀ ਹੀ ਨਹੀਂ, ਆਪਣੀ ਸਰੀਰਕ ਹਿੱਲ-ਜੁੱਲ ਨਾਲ ਉਹ ਇਕ ਦ੍ਰਿਸ਼ ਅਤੇ ਵਾਤਾਵਰਣ ਵੀ ਸਿਰਜ ਦਿੰਦੀ ਹੈ, ਇਹੀ ਕਾਰਨ ਹੈ ਕਿ ਪੁਰਸ਼, ਇਸਤਰੀ ਨੂੰ ਸੁਣਦਾ ਘੱਟ ਹੈ ਅਤੇ ਵੇਖਦਾ ਵਧੇਰੇ ਹੈ।

ਪ੍ਰੇਮੀ-ਪ੍ਰੇਮਿਕਾ, ਬੋਲਣ-ਸੁਣਨ ਦੋਹਾਂ ਦਾ ਆਨੰਦ ਮਾਣਦੇ ਹਨ।

ਪੁਰਸ਼ ਦੀ ਪੁਰਸ਼ ਨਾਲ ਅਤੇ ਇਸਤਰੀ ਦੀ ਇਸਤਰੀ ਨਾਲ ਗੱਲਬਾਤ, ਕਿਸੇ ਉਦੇਸ਼, ਸਵਾਰਥ ਜਾਂ ਲਾਭ ਅਧੀਨ ਹੋਣ ਕਰਕੇ ਇਕਹਿਰੀ ਹੁੰਦੀ ਹੈ।

ਅਧਿਆਪਕ-ਵਿਦਿਆਰਥੀ, ਸੰਤ-ਸ਼ਰਧਾਲੂ, ਡਾਕਟਰ-ਮਰੀਜ਼,

ਦੁਕਾਨਦਾਰ-ਗਾਹਕ, ਅਧਿਕਾਰੀ-ਕਰਮਚਾਰੀ, ਮਾਲਕ-ਨੌਕਰ ਆਦਿ ਅਨੇਕਾਂ ਜੁੱਟ ਹਨ, ਜਿਹੜੇ ਆਪਸ ਵਿਚ ਬੋਲਦੇ-ਸੁਣਦੇ ਹਨ ਪਰ ਇਨ੍ਹਾਂ ਵਿਚਲੀ ਗੱਲਬਾਤ ਬਹੁ-ਪਰਤੀ ਅਤੇ ਬਹੁ-ਰੰਗੀ ਨਹੀਂ ਹੁੰਦੀ ਅਤੇ ਇਸ ਗੱਲਬਾਤ ਦੀ ਮਿਆਦ ਵੀ ਥੋੜ੍ਹੀ ਹੁੰਦੀ ਹੈ। ਸਭ ਤੋਂ ਲੰਮੀ, ਵੱਖ-ਵੱਖ ਰੂਪਾਂ, ਵੰਨਗੀਆਂ, ਮਾਨਸਿਕ ਹਾਲਤਾਂ, ਰਿਸ਼ਤਿਆਂ ਵਾਲੀ ਗੱਲਬਾਤ, ਘਰ-ਪਰਿਵਾਰ ਵਿਚ ਜਾਂ ਸਮਾਜਿਕ ਮਿਲਣੀਆਂ ਵਿਚ ਹੁੰਦੀ ਹੈ।

ਪੁਰਸ਼-ਇਸਤਰੀ, ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ ਅਤੇ ਪਰਿਵਾਰ ਦੇ ਜੀਆਂ ਵਿਚਲੀ ਗੱਲਬਾਤ ਵਿਚ, ਸਭ ਰੂਪ ਅਤੇ ਸਾਰੀਆਂ ਵੰਨਗੀਆਂ ਆ ਜਾਂਦੀਆਂ ਹਨ।

ਇਸਤਰੀ-ਪੁਰਸ਼ ਦੀ ਆਪਸੀ ਗੱਲਬਾਤ ਵਿਚੋਂ ਸਲੀਕਾ, ਹੁਨਰ, ਅਕਲ ਅਤੇ ਕਲਾ ਦੇ ਸਾਰੇ ਲੱਛਣ ਉਘੜ ਆਉਂਦੇ ਹਨ। ਇਸਤਰੀ-ਪੁਰਸ਼ ਦੀ ਗੱਲਬਾਤ ਵਿਚ ਨਰ-ਮਾਦਾ ਦਾ ਰਿਸ਼ਤਾ ਪ੍ਰਮੁੱਖ ਹੋਣ ਕਾਰਨ ਗੱਲਬਾਤ ਵਿਚ ਬੌਧਿਕ, ਭਾਵਕ, ਮਾਨਸਿਕ, ਸਮਾਜਿਕ, ਕਾਮਿਕ ਆਦਿ ਅਨੇਕਾਂ ਪਰਤਾਂ ਕਾਰਜਸ਼ੀਲ ਹੁੰਦੀਆਂ ਹਨ, ਜਿਹੜੀਆਂ ਗੱਲਬਾਤ ਨੂੰ ਦਿਲਚਸਪ ਬਣਾਉਂਦੀਆਂ ਹਨ।

ਕਿਸੇ ਨਾਲ ਰਿਸ਼ਤਾ ਉਸਰਨ ਨਾਲ ਅਤੇ ਨਿੱਘੇ ਸੰਬੰਧ ਜੁੜਨ ਨਾਲ, ਬੋਲਣ-ਸੁਣਨ ਦਾ ਇਕ ਦਿਲਚਸਪ ਦੌਰ ਅਰੰਭ ਹੁੰਦਾ ਹੈ।

ਗੱਲਬਾਤ ਵਿਚ ਬੋਲਣ ਵਾਲਾ ਸ਼ਬਦਾਂ ਵਿਚ ਆਪਣੇ ਅਰਥ ਪਾਉਂਦਾ ਹੈ, ਸੁਣਨ ਵਾਲਾ ਉਨ੍ਹਾਂ ਸ਼ਬਦਾਂ ਵਿਚੋਂ ਆਪਣੇ ਅਰਥ ਕੱਢਦਾ ਹੈ, ਇਵੇਂ ਦੋਹਾਂ ਨੂੰ ਭਾਂਤ-ਭਾਂਤ ਦੀਆਂ ਗੱਲਾਂ ਕਰਨੀਆਂ ਆ ਜਾਂਦੀਆਂ ਹਨ।

ਲੜਕੀਆਂ ਗੱਲਾਂ ਕਰਨ ਵਿਚ ਮਾਹਿਰ ਹੁੰਦੀਆਂ ਹਨ, ਉਹ ਚੁੱਪ-ਚੁਪੀਤੇ ਅਤੇ ਸ਼ਰਮਾਕਲ ਲੜਕਿਆਂ ਨੂੰ ਗੱਲਾਂ ਕਰਨੀਆਂ ਸਿਖਾ ਦਿੰਦੀਆਂ ਹਨ।

ਪਿਆਰ ਵਿਚ ਨਵੀਆਂ ਗੱਲਾਂ ਅਹੁੜਦੀਆਂ ਹਨ ਅਤੇ ਗੱਲਾਂ ਰਾਹੀਂ ਚੋਹਲ-ਮੋਹਲ ਦੀ ਬਿਰਤੀ ਵਧਦੀ ਹੈ।

ਮੰਗੇਤਰਾਂ ਦੀ ਗੱਲਬਾਤ ਵਿਚ ਬੋਲਣਾ-ਸੁਣਨਾ ਮੁੱਕਦਾ ਹੀ ਨਹੀਂ।

ਪ੍ਰੇਮ-ਪੱਤਰ ਲਿਖਣੇ ਵੀ ਬੋਲਣ-ਸੁਣਨ ਦਾ ਬਦਲ ਹੁੰਦੇ ਹਨ।

ਪ੍ਰੇਮੀ ਆਪਣੀਆਂ ਗੱਲਾਂ ਦਾ ਵਿਸ਼ਾ ਆਪ ਹੀ ਹੁੰਦੇ ਹਨ। ਟੈਲੀਫੋਨ ਨੇ ਗੱਲਾਂ ਕਰਨੀਆਂ ਆਸਾਨ ਕਰ ਦਿੱਤੀਆਂ ਹਨ ਪਰ ਨਾਲ ਹੀ ਝੂਠ ਬੋਲਣਾ ਵੀ ਸੌਖਾ ਹੋ ਗਿਆ ਹੈ, ਜਿਸ ਕਾਰਨ ਨਾਜਾਇਜ਼ ਰਿਸ਼ਤੇ ਉਸਰਨੇ ਸੌਖੇ ਹੋ ਗਏ ਹਨ।

ਨਾਜਾਇਜ਼ ਰਿਸ਼ਤੇ ਵਿਚ ਬੋਲਣਾ-ਸੁਣਨਾ ਵੱਖਰੀ ਭਾਂਤ ਦਾ ਹੁੰਦਾ ਹੈ, ਕਿਉਂਕਿ ਅਜਿਹੀ ਗੱਲਬਾਤ ਵਿਚੋਂ ਸ਼ਰਮ ਗਾਇਬ ਹੁੰਦੀ ਹੈ ਅਤੇ ਕਾਮਿਕ ਸਵਾਰਥ ਦਾ ਬੋਲਬਾਲਾ ਹੁੰਦਾ ਹੈ।

ਪਰੰਪਰਕ ਵਿਆਹ ਵਾਲੇ ਦਿਨ ਲਾੜੇ ਦੀਆਂ ਬੋਲਣ-ਸੁਣਨ ਸੰਬੰਧੀ ਦੋ ਹੀ ਪ੍ਰੀਖਿਆਵਾਂ ਹੁੰਦੀਆਂ ਹਨ: ਛੰਦ ਬੋਲਣੇ ਅਤੇ ਆਪੇ ਬਣੀਆਂ ਸਾਲੀਆਂ ਦੇ

ਮਖੌਲ ਅਤੇ ਸਿੱਠਣੀਆਂ ਸੁਣਨੀਆਂ।

ਪਿਆਰ ਦਾ ਰਿਸ਼ਤਾ ਧਿਆਨ ਨਾਲ ਸੁਣਨ ਨਾਲ ਮਜ਼ਬੂਤ ਅਤੇ ਬੇਧਿਆਨੇ ਹੋ ਕੇ ਬੋਲਣ ਨਾਲ ਟੁੱਟ ਜਾਂਦਾ ਹੈ। ਜਦੋਂ ਪ੍ਰੇਮੀ ਇਕ-ਦੂਜੇ ਨੂੰ ਧਿਆਨ ਨਾਲ ਸੁਣਦੇ ਹਨ ਤਾਂ ਉਨ੍ਹਾਂ ਦੇ ਰੋਸੇ ਮਿੱਟ ਜਾਂਦੇ ਹਨ।

ਇਹ ਸਮਝਣ ਦੀ ਲੋੜ ਹੈ ਕਿ ਬੋਲਣਾ ਇਸਤਰੀ ਦਾ ਜਨਮਜਾਤ ਅਧਿਕਾਰ ਹੈ ਅਤੇ ਸੁਣਨਾ ਪੁਰਸ਼ ਦਾ ਜਮਾਂਦਰੂ ਕਰਤੱਵ ਹੈ।

ਇਸਤਰੀ ਦੇ ਅਨੇਕਾਂ ਰੋਗ ਅਤੇ ਗਿਲੇ-ਸ਼ਿਕਵੇ ਪੁਰਸ਼ ਦਾ ਧਿਆਨ ਖਿੱਚਣ ਦੇ ਉਪਰਾਲੇ ਹੀ ਹੁੰਦੇ ਹਨ। ਪੁਰਸ਼ ਵਲੋਂ ਇਸਤਰੀ ਨੂੰ ਸੁਣਨਾ ਹੀ ਉਸ ਦੇ ਰੋਗਾਂ ਅਤੇ ਸੋਗਾਂ ਦਾ ਇਲਾਜ ਹੁੰਦਾ ਹੈ। ਇਸਤਰੀਆਂ ਦੀ ਸਦੀਵੀ ਸ਼ਿਕਾਇਤ ਹੈ ਕਿ ਪੁਰਸ਼ ਉਨ੍ਹਾਂ ਨੂੰ ਧਿਆਨ ਨਾਲ ਨਹੀਂ ਸੁਣਦੇ।

ਪੁਰਸ਼ ਦਾ ਪਤਨੀ ਸੰਬੰਧੀ ਸਦੀਵੀ ਸ਼ਿਕਵਾ ਇਹ ਹੈ ਕਿ ਪਤਨੀ ਹਰ ਵੇਲੇ ਉਸ ਨੂੰ ਬਦਲਣ ਦਾ ਯਤਨ ਕਰਦੀ ਰਹਿੰਦੀ ਹੈ।

ਇਸਤਰੀ ਆਪਣੀ ਪ੍ਰਸੰਸਾ ਨਾਲੋਂ ਵੀ ਨਿੰਦਾ ਨੂੰ ਵਧੇਰੇ ਧਿਆਨ ਨਾਲ ਸੁਣਦੀ ਹੈ, ਇਵੇਂ ਉਸ ਨੂੰ ਹੋਰਾਂ ਦਾ ਮੁਲਾਂਕਣ ਕਰਨ ਦਾ ਆਧਾਰ ਮਿਲ ਜਾਂਦਾ ਹੈ।

ਇਸਤਰੀ ਨੂੰ ਪੁਰਸ਼ ਦਾ ਧਿਆਨ ਖਿੱਚਣ ਵਾਸਤੇ ਬੋਲਣਾ ਹੀ ਨਹੀਂ, ਰੋਣਾ ਵੀ ਪੈਂਦਾ ਹੈ। ਇਸਤਰੀ ਬੋਲਣ ਰਾਹੀਂ ਆਪਣੇ ਆਪ ਨੂੰ ਸਮਝਦੀ ਹੈ ਅਤੇ ਸੁਣਨ ਰਾਹੀਂ ਦੂਜੇ ਨੂੰ ਜਾਣਦੀ ਹੈ। ਇਸਤਰੀ ਤਿਆਰ ਹੋਣ ਅਤੇ ਤਿਆਰੀ ਕਰਨ ਦੀ ਮਾਹਿਰ ਹੁੰਦੀ ਹੈ ਪਰ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਪੁਰਸ਼ ਨੂੰ ਕਿਵੇਂ ਤਿਆਰ ਕਰੇ ਕਿ ਪੁਰਸ਼ ਉਸ ਨੂੰ ਸੁਣੇ।

ਪੁਰਸ਼ ਨੇ ਸਮੱਸਿਆਵਾਂ ਸੁਣਨੀਆਂ ਹੀ ਨਹੀਂ ਹੁੰਦੀਆਂ, ਹੱਲ ਵੀ ਕਰਨੀਆਂ ਹੁੰਦੀਆਂ ਹਨ, ਸੋ ਪੁਰਸ਼ ਨੇ ਜਦੋਂ ਅਰਾਮ ਕਰਨਾ ਹੁੰਦਾ ਹੈ, ਉਹ ਸਮੱਸਿਆਵਾਂ ਸੁਣਨੀਆਂ ਵੀ ਪਸੰਦ ਨਹੀਂ ਕਰਦਾ।

ਇਸਤਰੀ ਨੇ ਜਦੋਂ ਅਰਾਮ ਕਰਨਾ ਹੁੰਦਾ ਹੈ ਤਾਂ ਉਹ ਆਪਣੀਆਂ ਸਮੱਸਿਆਵਾਂ ਦੀਆਂ ਗੱਲਾਂ ਕਰਦੀ ਹੈ, ਗੱਲਾਂ ਨਾਲ ਮਨ ਤੋਂ ਬੋਝ ਉਤਰ ਜਾਣ ਕਾਰਨ, ਚਿੰਤਾ-ਮੁਕਤ ਹੋ ਜਾਣ ਕਰਕੇ, ਉਹ ਅਰਾਮ ਵਾਲਾ ਸੁਖ ਮਾਣਦੀ ਹੈ।

ਪੁਰਸ਼ ਲਈ ਘਰ ਅਰਾਮ ਕਰਨ ਵਾਲੀ ਥਾਂ ਹੁੰਦੀ ਹੈ ਪਰ ਇਸਤਰੀ ਲਈ ਘਰ ਕੰਮ ਕਰਨ ਵਾਲੀ ਥਾਂ ਹੁੰਦੀ ਹੈ।

ਘਰ ਪਹੁੰਚਣ ਨਾਲ ਪੁਰਸ਼ ਸਮਝਦਾ ਹੈ ਕਿ ਉਸਦਾ ਕੰਮ ਮੁੱਕ ਗਿਆ ਹੈ, ਹੁਣ ਖਾਣ-ਪੀਣ ਅਤੇ ਅਰਾਮ ਹੀ ਕਰਨਾ ਹੈ ਪਰੰਤੂ ਕੰਮ-ਕਾਜੀ ਇਸਤਰੀ ਲਈ ਕੰਮ ਅਤੇ ਘਰ ਦੋਵੇਂ ਉਸ ਨੂੰ ਉਡੀਕ ਰਹੇ ਹੁੰਦੇ ਹਨ। ਬੱਚੇ ਵੀ ਮਾਂ ਨੂੰ ਆਪਣੀਆਂ ਜਿੱਤਾਂ-ਹਾਰਾਂ ਸੁਣਾਉਣ ਦੇ ਸੰਦਰਭ ਵਿਚ ਉਡੀਕਦੇ ਹਨ।

ਪੁਰਸ਼ ਨੂੰ ਬੋਲਣ ਅਤੇ ਫ਼ੈਸਲੇ ਕਰਨ ਨਾਲ ਤਾਕਤ ਮਿਲਦੀ ਹੈ, ਇਸਤਰੀ ਨੂੰ ਵੇਖੇ ਜਾਣ ਅਤੇ ਸੁਣੇ ਜਾਣ ਨਾਲ ਸ਼ਕਤੀ ਮਿਲਦੀ ਹੈ।

ਪੁਰਸ਼ ਉਦੋਂ ਪ੍ਰਸੰਨ ਹੁੰਦਾ ਹੈ, ਜਦੋਂ ਉਸ ਦੇ ਸਿਆਣੇ ਅਤੇ ਪੁਰਸ਼ ਹੋਣ ਦੀ ਪ੍ਰਸੰਸਾ ਹੋਵੇ। ਇਸਤਰੀ ਉਦੋਂ ਖੁਸ਼ ਹੁੰਦੀ ਹੈ, ਜਦੋਂ ਉਹ ਵੇਖੀ-ਸਲਾਹੀ ਜਾਵੇ ਅਤੇ ਉਸ ਦੇ ਸਲੀਕੇ ਦੀ ਪ੍ਰਸੰਸਾ ਹੋਵੇ।

ਇਸਤਰੀ ਸਮੱਸਿਆ ਬਾਰੇ ਗੱਲਾਂ ਕਰਕੇ ਉਸ ਦਾ ਹੱਲ ਲੱਭਦੀ ਹੈ, ਪੁਰਸ਼ ਇਸਤਰੀ ਨੂੰ ਸੁਣਦਿਆਂ ਸੋਚਦਾ ਰਹਿੰਦਾ ਹੈ ਕਿ ਸਮੱਸਿਆ ਕੀ ਹੈ ਅਤੇ ਕਿਵੇਂ ਹੱਲ ਕੀਤੀ ਜਾ ਸਕਦੀ ਹੈ।

ਜਦੋਂ ਪੁਰਸ਼ ਨੂੰ ਕੋਈ ਸਮੱਸਿਆ ਹੋਵੇ, ਉਹ ਚੁੱਪ ਹੋ ਕੇ ਇਕਾਂਤ ਵਿਚ ਸੋਚਦਾ ਹੈ ਪਰੰਤੂ ਇਵੇਂ ਇਸਤਰੀ ਨਜ਼ਰ-ਅੰਦਾਜ਼ ਹੋਈ ਮਹਿਸੂਸ ਕਰਦੀ ਹੈ ਅਤੇ ਉਸਦੇ ਦਖਲ ਦੇਣ ਜਾਂ ਬੋਲਣ ਨਾਲ ਪੁਰਸ਼ ਚਿੜ੍ਹ ਜਾਂਦਾ ਹੈ।

ਇਸਤਰੀ ਨੂੰ ਗੱਲਾਂ ਕਰਦਿਆਂ, ਸੁਣਨ ਵਾਲੇ ਤੋਂ ਹਮਦਰਦੀ ਮਿਲ ਰਹੀ ਪ੍ਰਤੀਤ ਹੁੰਦੀ ਹੈ।

ਮਨੋਵਿਸ਼ਲੇਸ਼ਣ ਵਿਚ ਵੀ ਇਹੀ ਵਿਧੀ ਵਰਤੀ ਜਾਂਦੀ ਹੈ। ਪੀੜਤ ਵਿਅਕਤੀ ਨੂੰ ਆਪਣਾ ਅਵਚੇਤਨ ਬੋਲਣ-ਫਰੋਲਣ ਲਈ ਖੁਲ੍ਹਾ ਛਡਿਆ ਜਾਂਦਾ ਹੈ। ਉਹ ਬੋਲਦਾ ਹੈ, ਮਨੋਵਿਗਿਆਨੀ ਸੁਣਦਾ ਹੈ, ਸੁਣੇ ਜਾਣ ਕਾਰਨ ਰੋਗੀ ਦਾ ਆਪਣੇ ਆਪ 'ਤੇ ਨਿਯੰਤਰਣ ਵੱਧ ਜਾਣ ਕਰਕੇ, ਉਹ ਆਪਣੀ ਸਮੱਸਿਆ ਨਾਲ ਨਜਿੱਠਣ ਲਈ ਆਪ ਯੋਗ ਹੋ ਜਾਂਦਾ ਹੈ।

ਜੇ ਕਿਧਰੇ ਬੋਲਣ-ਸੁਣਨ ਦੀ ਸਹੂਲਤ ਨਾ ਹੋਵੇ ਤਾਂ ਉਥੇ ਜ਼ਿੰਦਗੀ ਦੀ ਸੰਤੁਸ਼ਟਤਾ ਦਾ ਪੱਧਰ ਨੀਵਾਂ ਹੋ ਜਾਂਦਾ ਹੈ।

ਕੰਮ ਵਾਲੀ ਥਾਂ ਤੇ ਪੁਰਸ਼ ਦਾ ਸਮਾਂ ਬੜੀ ਜਲਦੀ ਲੰਘਦਾ ਹੈ ਪਰ ਘਰ ਉਡੀਕ ਰਹੀ ਪਤਨੀ ਦਾ ਸਮਾਂ ਲੰਘਦਾ ਹੀ ਨਹੀਂ ਅਤੇ ਉਸ ਨੂੰ ਆਪਾ ਖਾਲੀ-ਖਾਲੀ ਲਗਦਾ ਹੈ।

ਜਿਵੇਂ ਪੁਰਸ਼ ਲਈ ਰੋਜ਼ਗਾਰ ਜ਼ਰੂਰੀ ਹੁੰਦਾ ਹੈ, ਉਵੇਂ ਹੀ ਇਸਤਰੀਆਂ ਲਈ ਪਤੀ ਦਾ ਸਾਥ ਲਾਜ਼ਮੀ ਹੁੰਦਾ ਹੈ। ਸਾਥ ਦੇ ਅਰਥ ਬੋਲਣ-ਸੁਣਨ ਤੋਂ ਹਨ। ਇਸਤਰੀ ਨੂੰ ਪੈਸੇ ਦੀ ਨਹੀਂ, ਪੁਰਸ਼ ਦੇ ਧਿਆਨ ਅਤੇ ਉਸ ਦੇ ਭਾਵਕ-ਸਹਿਯੋਗ ਦੀ ਲੋੜ ਹੁੰਦੀ ਹੈ, ਜਿਥੇ ਇਹ ਸਹਿਯੋਗ ਹੁੰਦਾ ਹੈ, ਉਥੇ ਇਸਤਰੀ, ਪੁਰਸ਼ ਦੇ ਸੰਕਟ ਵਿਚ, ਪੁਰਸ਼ ਨਾਲੋਂ ਵੀ ਵਧੇਰੇ ਮਿਹਨਤ ਅਤੇ ਕੁਰਬਾਨੀਆਂ ਕਰਦੀ ਹੈ।

ਜਦੋਂ ਪਤਨੀ ਘਰ ਦੀਆਂ ਸਮੱਸਿਆਵਾਂ ਵਿਚਾਰਦੀ ਹੈ ਤਾਂ ਵਾਸਤਵ ਵਿਚ ਉਹ ਪਤੀ ਤੋਂ ਧਿਆਨ ਦੀ ਮੰਗ ਕਰ ਰਹੀ ਹੁੰਦੀ ਹੈ। ਪਤੀ ਦਾ ਚੰਗਾ ਅਤੇ ਨਿੱਘਾ ਸਾਥ ਪਤਨੀ ਨੂੰ ਸੁਣਨ ਨਾਲ ਸੰਭਵ ਹੁੰਦਾ ਹੈ।

ਪੁਰਸ਼ ਅਕਸਰ ਵਿਉਂਤਾਂ ਬਣਾਉਂਦਾ ਰਹਿਣ ਕਰਕੇ ਘੱਟ ਬੋਲਦਾ ਹੈ, ਜਦੋਂ ਕਿ ਇਸਤਰੀ ਵਧੇਰੇ ਕਾਰਜ ਕਰਨ ਕਰਕੇ, ਹਰ ਗੱਲ ਦੀ ਵਿਆਖਿਆ ਵਧੇਰੇ ਕਰਦੀ ਹੈ ਅਤੇ ਇਸਤਰੀ ਨੂੰ ਜਿਥੋਂ ਕੋਈ ਨਵਾਂ ਵੇਰਵਾ ਮਿਲਦਾ ਹੈ, ਜਾਂ ਕੁਝ ਨਵਾਂ ਦਿਸਦਾ ਹੈ, ਉਹ ਉਸ ਨੂੰ ਦੁਹਰਾਉਣ ਲਗ ਪੈਂਦੀ ਹੈ।

ਪੁਰਸ਼ ਹਰ ਰੋਜ਼ ਲਗਭਗ ਦੋ-ਹਜ਼ਾਰ ਸ਼ਬਦ ਬੋਲਦਾ ਹੈ, ਜਦੋਂ ਕਿ ਬੋਲਣ ਦੀ ਵਧੇਰੇ ਲੋੜ ਅਤੇ ਮੁਹਾਰਤ ਕਾਰਨ, ਇਸਤਰੀ ਲਗਭਗ ਛੇ ਹਜ਼ਾਰ ਸ਼ਬਦ ਬੋਲਦੀ ਹੈ। ਜਦੋਂ ਪੁਰਸ਼ ਇਸਤਰੀ ਦੇ ਲਗਭਗ ਤਿੰਨ ਹਜ਼ਾਰ ਸ਼ਬਦ ਸੁਣ ਲੈਂਦਾ ਹੈ ਤਾਂ ਉਹ ਉਕਤਾ ਜਾਂਦਾ ਹੈ। ਸਮੱਸਿਆ ਤਿੰਨ ਹਜ਼ਾਰ ਵਾਧੂ ਸ਼ਬਦਾਂ ਨੂੰ ਸੁਣਨ ਦੀ ਹੁੰਦੀ ਹੈ। ਪੁਰਸ਼ ਦਾਨੀ ਘੱਟ ਅਤੇ ਲਾਲਚੀ ਵਧੇਰੇ ਹੁੰਦਾ ਹੈ।

ਇਸਤਰੀ ਨੂੰ ਇਸਤਰੀ ਨਾਲ਼ ਗੱਲਾਂ ਕਰਦਿਆਂ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ।

ਵੇਖਿਆ ਗਿਆ ਹੈ ਕਿ ਹਰ ਸਭਿਆਚਾਰ ਵਿਚ ਇਸਤਰੀਆਂ ਘਰ ਅੰਦਰ ਬਹਿ ਕੇ ਭਾਵੇਂ ਕਿਤਨੀਆਂ ਵੀ ਗੱਲਾਂ ਕਰ ਲੈਣ, ਉਹ ਗੇਟ ਜਾਂ ਦਰਵਾਜ਼ੇ ਦੇ ਕੋਲ ਖਲੋ ਕੇ ਜਾਣ ਸਮੇਂ, ਫਿਰ ਲੰਮੀ ਗੱਲਬਾਤ ਕਰਦੀਆਂ ਹਨ।

ਬੋਲਣ-ਸੁਣਨ ਦੀ ਮੁਸ਼ਕਿਲ ਉਦੋਂ ਹੁੰਦੀ ਹੈ ਜਦੋਂ ਇਸਤਰੀ, ਕਿਸੇ ਪੁਰਸ਼ ਨਾਲ ਗੱਲਾਂ ਕਰਨੀਆਂ ਚਾਹੁੰਦੀ ਹੈ।

ਪੁਰਸ਼ਾਂ ਨੂੰ ਕੋਈ ਕੰਮ ਮੁਫ਼ਤ ਕਰਨਾ ਚੰਗਾ ਨਹੀਂ ਲਗਦਾ, ਕਿਉਂਕਿ ਉਹ ਹਰ ਵੇਲੇ ਕਮਾਉਣ ਬਾਰੇ ਸੋਚਦੇ ਹਨ। ਜੇ ਪੁਰਸ਼ ਨੂੰ ਗੱਲਾਂ ਸੁਣਨ ਦਾ ਯੋਗ ਇਵਜ਼ਾਨਾ ਮਿਲੇ ਤਾਂ ਉਹ ਕਿਸੇ ਇਸਤਰੀ ਜਾਂ ਆਪਣੀ ਪਤਨੀ ਤੋਂ ਆਪਣੀ ਆਲੋਚਨਾ ਹੀ ਨਹੀਂ, ਗਾਲ੍ਹਾਂ ਵੀ ਸੁਣ ਲਵੇਗਾ।

ਪੁਰਸ਼ ਦੀ ਇਹ ਸਵਾਰਥੀ ਬਿਰਤੀ ਇਸਤਰੀ ਨੂੰ ਪ੍ਰੇਸ਼ਾਨ ਕਰਦੀ ਹੈ ਅਤੇ ਉਸ ਵਿਚ ਅਨੇਕਾਂ ਪ੍ਰਕਾਰ ਦੇ ਗਿਲੇ-ਸ਼ਿਕਵਿਆਂ ਨੂੰ ਸਿਰਜਦੀ ਹੈ।

ਇਸਤਰੀ ਲਈ ਸਮਝਣਾ ਜ਼ਰੂਰੀ ਹੈ ਕਿ ਘਰ ਪਹੁੰਚ ਕੇ ਬਾਹਰਲੀਆਂ ਸੋਚਾਂ ਤੋਂ ਮੁਕਤ ਹੋਣ, ਦਫ਼ਤਰ-ਲਾਹੁਣ ਅਤੇ ਘਰ-ਪਹਿਨਣ, ਦੁਕਾਨ-ਉਤਾਰਨ ਅਤੇ ਕੱਪੜੇ-ਬਦਲਣ ਵਿਚ, ਪੁਰਸ਼ ਨੂੰ ਲਗਭਗ ਅੱਧਾ ਘੰਟਾ ਲਗਦਾ ਹੈ, ਇਸ ਮਗਰੋਂ ਹੀ ਉਹ ਬੋਲਣ-ਸੁਣਨ ਲਈ ਤਿਆਰ ਹੁੰਦਾ ਹੈ। ਜੇ ਇਸਤਰੀ ਇਸ ਅੱਧੇ ਘੰਟੇ ਵਿਚ ਕੁਝ ਬੋਲੇਗੀ ਤਾਂ ਉਸ ਨੂੰ ਪੁਰਸ਼ ਧਿਆਨ ਨਾਲ ਨਹੀਂ ਸੁਣੇਗਾ।

ਅਕਸਰ ਗਲਬਾਤ ਦੌਰਾਨ ਜਦੋਂ ਇਸਤਰੀ ਨੇ ਕੋਈ ਗੱਲ ਕਰਨੀ-ਕਹਿਣੀ ਹੁੰਦੀ ਹੈ ਤਾਂ ਉਹ ਆਪਣੀ ਵਾਰੀ ਉਡੀਕਦੀ ਹੈ, ਪੁਰਸ਼ ਅਕਸਰ ਇਸਤਰੀ ਨੂੰ ਬੋਲਣ ਦੀ ਵਾਰੀ ਹੀ ਨਹੀਂ ਦਿੰਦਾ। ਕਈ ਵਾਰੀ ਇਸਤਰੀ ਵੀ ਚੁੱਪ ਹੀ ਨਹੀਂ ਕਰਦੀ, ਚੁੱਪ ਕਰਾਉਣੀ ਪੈਂਦੀ ਹੈ।

ਜੇ ਘਰ ਵਿਚ ਇਕ-ਦੂਜੇ ਨੂੰ ਨਾ ਸੁਣਿਆ ਜਾਵੇ ਤਾਂ ਪਤੀ-ਪਤਨੀ ਦਾ

ਰਿਸ਼ਤਾ ਸਹੂਲਤ ਦੀ ਥਾਂ ਰੁਕਾਵਟ ਬਣ ਜਾਂਦਾ ਹੈ ਅਤੇ ਜੇ ਹਰ ਵਾਰੀ ਇਵੇਂ ਵਾਪਰੇ ਤਾਂ ਰਾਹ ਵੱਖਰੇ-ਵੱਖਰੇ ਹੋ ਜਾਂਦੇ ਹਨ।

ਗਲੀਆਂ-ਮੁਹੱਲਿਆਂ ਵਿਚ ਇਸਤਰੀਆਂ ਨੂੰ ਇਸਤਰੀਆਂ ਨਾਲ ਬੋਲਣ-ਸੁਣਨ ਦੀ ਸਹੂਲਤ ਹੁੰਦੀ ਹੈ, ਸੋ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਸਮਝਣ ਅਤੇ ਆਪਣੀਆਂ ਤਰਜੀਹਾਂ ਪ੍ਰਗਟਾਉਣ ਦਾ ਅਵਸਰ ਮਿਲਦਾ ਰਹਿੰਦਾ ਹੈ ਪਰੰਤੂ ਇਹ ਵੀ ਸੱਚ ਹੈ ਕਿ ਇਸਤਰੀਆਂ ਆਪਸ ਵਿਚ ਜੋ ਗੱਲਾਂ ਕਰਦੀਆਂ ਹਨ, ਉਨ੍ਹਾਂ ਵਿਚੋਂ ਮਹੱਤਵਪੂਰਨ ਵੇਰਵੇ ਉਹ ਆਪਣੇ ਪਤੀਆਂ ਨੂੰ ਸੁਣਾਉਣੇ ਪਸੰਦ ਕਰਦੀਆਂ ਹਨ। ਸਧਾਰਨ ਇਸਤਰੀਆਂ ਆਪ ਸੋਚਦੀਆਂ ਘੱਟ ਹਨ ਅਤੇ ਅਕਸਰ ਸੁਣੀਆਂ-ਸੁਣਾਈਆਂ ਗੱਲਾਂ ਦੁਹਰਾਉਂਦੀਆਂ ਹਨ।

ਟੈਲੀਫੋਨ ਅਤੇ ਟੈਲੀਵਿਜ਼ਨ ਨੇ ਵੀ ਬੋਲਣ-ਸੁਣਨ ਅਤੇ ਸਮਝਣ ਦੀ ਸਮਰੱਥਾ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਅਨੇਕਾਂ ਪੱਧਰਾਂ 'ਤੇ ਨਾਜਾਇਜ਼ ਰਿਸ਼ਤੇ ਉਸਾਰਨੇ ਸੌਖੇ ਬਣਾ ਦਿੱਤੇ ਹਨ, ਜਿਨ੍ਹਾਂ ਨਾਲ ਪਤੀ-ਪਤਨੀ ਦੇ ਰਿਸ਼ਤੇ ਵਿਚ ਤਣਾਓ ਵਧੇ ਹਨ ਅਤੇ ਜਾਇਜ਼ ਰਿਸ਼ਤਿਆਂ ਦੀ ਥਾਂ ਨਾਜਾਇਜ਼ ਰਿਸ਼ਤਿਆਂ ਦੀ ਖਿੱਚ ਵੱਧ ਗਈ ਹੈ।

ਇਸ ਹਾਲਤ ਦੇ ਉਪਜਣ ਦੇ ਸਿੱਟੇ ਵਜੋਂ ਪਤੀ-ਪਤਨੀ ਵਿਚਕਾਰ ਕਿਸੇ ਤੀਜੀ ਧਿਰ ਬਾਰੇ ਤਕਰਾਰ ਵਾਲੀ ਗੱਲਬਾਤ ਵੱਧ ਜਾਣ ਕਰਕੇ, ਸ਼ਬਦਾਵਲੀ ਤਿਖੀ ਅਤੇ ਬੋਲਣਾ-ਸੁਣਨਾ ਜੋਸ਼ੀਲਾ ਅਤੇ ਤੋਹਮਤਾਂ ਵਾਲਾ ਹੋ ਜਾਂਦਾ ਹੈ।

ਪਤੀ-ਪਤਨੀ ਦੇ ਰਿਸ਼ਤੇ ਵਿਚ ਇਕ ਦੂਜੇ ਨੂੰ ਸੁਣਨਾ ਫ਼ੈਸਲਾਕੁਨ ਰੋਲ ਨਿਭਾਉਂਦਾ ਹੈ। ਇਸ ਪੱਖੋਂ ਸਮਝ ਦੀ ਘਾਟ, ਅਨੇਕਾਂ ਸਮੱਸਿਆਵਾਂ ਸਿਰਜਦੀ ਹੈ। ਪਤੀ ਚਾਹੁੰਦਾ ਹੈ ਕਿ ਪਤਨੀ ਸਿੱਧਾ ਕੇਂਦਰੀ ਨੁਕਤਾ ਵਿਚਾਰੇ ਪਰ ਇਸਤਰੀ ਦੀ ਵਧੇਰੇ ਦਿਲਚਸਪੀ ਵੇਰਵਿਆਂ ਵਿਚ ਹੁੰਦੀ ਹੈ, ਉਹ ਵੇਰਵੇ ਦਿੰਦੀ ਰਹਿੰਦੀ ਹੈ ਅਤੇ ਪਤੀ ਕੇਂਦਰੀ ਨੁਕਤਾ ਲਭਦਾ-ਲਭਦਾ ਅੱਕ ਜਾਂਦਾ ਹੈ।

ਜਦੋਂ ਇਸਤਰੀ ਨੂੰ ਸੁਣਿਆ ਨਹੀਂ ਜਾਂਦਾ, ਉਸਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰੇ, ਜਿਸ ਕਾਰਨ ਉਸ ਵਿਚ ਹੀਣਤਾ ਦੀ ਭਾਵਨਾ ਉਪਜਦੀ ਹੈ।

ਜਿਹੜੀਆਂ ਇਸਤਰੀਆਂ ਨੂੰ ਪਤੀ ਨਹੀਂ ਸੁਣਦੇ, ਉਹ ਉਨ੍ਹਾਂ ਨੂੰ ਮਿਲਣ ਲਗ ਪੈਂਦੀਆਂ ਹਨ, ਜਿਹੜੇ ਉਨ੍ਹਾਂ ਨੂੰ ਸੁਣਦੇ ਹਨ, ਇਵੇਂ ਅਣਵਿਉਂਤੇ ਅਤੇ ਆਪ-ਮੁਹਾਰੇ ਨਾਜਾਇਜ਼ ਸੰਬੰਧ ਉਸਰਦੇ ਹਨ।

ਜਦੋਂ ਕੋਈ ਸਾਨੂੰ ਧਿਆਨ ਨਾਲ ਸੁਣਦਾ ਹੈ ਤਾਂ ਉਹ ਸਾਨੂੰ ਸਿਆਣਾ ਲਗਣ ਲੱਗ ਪੈਂਦਾ ਹੈ ਅਤੇ ਸਿਆਣੇ ਬੰਦੇ ਨਾਲ ਗੱਲਾਂ ਕਰਕੇ ਹਰੇਕ ਨੂੰ ਅਤੇ ਵਿਸ਼ੇਸ਼ ਕਰਕੇ ਇਸਤਰੀ ਨੂੰ ਪ੍ਰਸੰਨਤਾ ਮਿਲਦੀ ਹੈ ਅਤੇ ਉਹ ਉਸਦੇ ਨੇੜੇ ਆਉਣ ਲਈ ਉਸ ਨੂੰ ਆਪਣੇ ਜੀਵਨ ਦੇ ਨਿੱਜੀ ਵੇਰਵੇ ਦੱਸਣ ਲੱਗ ਪੈਂਦੀ ਹੈ। ਉਹ ਨੇੜੇ ਹੀ ਨਹੀਂ, ਕੋਲ ਵੀ ਹੋਣਾ ਚਾਹੁੰਦੀ ਹੈ।

ਹਰੇਕ ਨੂੰ ਜ਼ਿੰਦਗੀ ਵਿਚ ਕਿਸੇ ਅਜਿਹੇ ਵਿਅਕਤੀ ਦੀ ਲੋੜ ਹੁੰਦੀ ਹੈ, ਜਿਹੜਾ ਉਸ ਨੂੰ ਧਿਆਨ ਨਾਲ ਸੁਣੇ।

ਜਦੋਂ ਪਤਨੀ ਭੈੜੇ ਮੌਸਮ ਦੀ ਗਲ ਕਰਦੀ ਹੈ ਤਾਂ ਉਹ ਪਤੀ ਦੇ ਨਿੱਘੇ ਅਤੇ ਚੰਗੇ ਸਾਥ ਲਈ ਤਾਂਘ ਰਹੀ ਹੁੰਦੀ ਹੈ।

ਪਤਨੀ ਦਾ ਪ੍ਰੇਸ਼ਾਨ ਹੋਣਾ ਪਤੀ ਦਾ ਦੋਸ਼ ਹੁੰਦਾ ਹੈ। ਜੇ ਪਤਨੀ, ਆਪਣੇ ਪਤੀ ਨਾਲ ਲੜਦੀ ਹੈ ਤਾਂ ਇਹ ਗੱਲ, ਪਤੀ ਨੂੰ ਸ਼ੋਭਾ ਨਹੀਂ ਦਿੰਦੀ।

ਇਸਤਰੀ ਪਿਆਰ ਚਾਹੁੰਦੀ ਹੈ, ਜਦੋਂ ਉਸ ਨੂੰ ਉਸ ਤੋਂ ਪਿਆਰ ਨਹੀਂ ਮਿਲਦਾ, ਜਿਸ ਤੋਂ ਮਿਲਣਾ ਚਾਹੀਦਾ ਹੈ, ਉਹ ਉਸ ਨਾਲ ਲੜਦੀ ਹੈ।

ਪਤਨੀ ਉਦੋਂ ਪ੍ਰੇਸ਼ਾਨ ਹੁੰਦੀ ਹੈ ਜਦੋਂ ਪਤੀ ਉਸਨੂੰ ਲੋੜੀਂਦੇ ਧਿਆਨ ਨਾਲ ਨਹੀਂ ਸੁਣਦਾ। ਪੁਰਸ਼, ਇਸਤਰੀਆਂ ਨੂੰ ਪੂਰੇ ਧਿਆਨ ਨਾਲ ਕਦੇ ਨਹੀ ਸੁਣਦੇ, ਕਿਉਂਕਿ ਉਹ ਉਨ੍ਹਾਂ ਨੂੰ ਵੇਖਣ ਲੱਗ ਪੈਂਦੇ ਹਨ। ਪੁਰਸ਼, ਇਸਤਰੀ ਨੂੰ ਸੁਣਨਾ ਨਹੀਂ, ਵੇਖਣਾ ਹੀ ਜਾਣਦੇ ਹਨ, ਜਿਸ ਕਾਰਨ ਪਤੀ ਨੂੰ ਆਪਣੀ ਗੱਲ ਸੁਣਾਉਣ ਵਾਸਤੇ, ਇਸਤਰੀ ਨੂੰ ਕਈ ਜੁਗਤਾਂ ਵਰਤਣੀਆਂ ਪੈਂਦੀਆਂ ਹਨ।

ਪਤੀ ਉਦੋਂ ਹੀ ਸੁਣਦੇ ਹਨ, ਜਦੋਂ ਸੰਖੇਪ ਗਲ ਕੀਤੀ ਜਾਵੇ ਅਤੇ ਸਪੱਸ਼ਟ ਹੋ ਜਾਵੇ ਕਿ ਉਨ੍ਹਾਂ ਤੋਂ ਕੀ ਆਸ ਕੀਤੀ ਜਾ ਰਹੀ ਹੈ।

ਜੇ ਪਤਨੀ, ਪਤੀ ਦੀ ਸਿਫ਼ਤ ਕਰੇ ਤਾਂ ਪਤੀ ਕਦੇ ਨਹੀਂ ਕਹਿੰਦਾ ਕਿ ਇਹ ਬਹੁਤ ਬੋਲਦੀ ਹੈ। ਪਤੀ, ਪਤਨੀ ਦੇ ਉਪਦੇਸ਼ ਸੁਣਨੇ ਅਤੇ ਸਾਲੇ ਜਾਂ ਸਾਂਢੂ ਨਾਲ ਤੁਲਨਾਏ ਜਾਣਾ ਪਸੰਦ ਨਹੀਂ ਕਰਦੇ, ਉਨ੍ਹਾਂ ਨੂੰ ਆਪਣਾ ਨਿਆਰੇ ਹੋਣਾ ਹੀ ਸੁਣਨਾ ਚੰਗਾ ਲਗਦਾ ਹੈ। ਇਸਤਰੀ ਸਮਝਦੀ ਹੈ ਕਿ ਜੇ ਪਤੀ ਪਿਆਰ ਕਰਦਾ ਹੈ ਤਾਂ ਉਹ ਉਸ ਨੂੰ ਸੁਣੇਗਾ ਵੀ। ਪਤੀ, ਆਪਣੀ ਪਤਨੀ ਤੋਂ ਆਪਣੀ ਆਲੋਚਨਾ ਸੁਣਨੀ ਪਸੰਦ ਨਹੀਂ ਕਰਦੇ, ਕਿਉਂਕਿ ਆਲੋਚਨਾ ਉਨ੍ਹਾਂ ਨੂੰ ਆਪਣੇ ਅਸਫਲ ਹੋਣ ਦਾ ਅਹਿਸਾਸ ਕਰਾਉਂਦੀ ਹੈ।

ਪਤਨੀਆਂ ਨੂੰ, ਆਪਣੇ ਮਾਪਿਆਂ ਜਾਂ ਭੈਣਾਂ ਭਰਾਵਾਂ ਜਾਂ ਸਾਕਾਂ-ਸੰਬੰਧੀਆਂ ਦੀ ਨਿੰਦਾ ਸੁਣਨੀ ਬੜਾ ਪ੍ਰੇਸ਼ਾਨ ਕਰਦੀ ਹੈ।

ਵਧੇਰੇ ਪੈਸੇ ਕਮਾਉਣ ਵਾਲੇ ਪਤੀ ਨੂੰ ਆਪਣੀ ਪਤਨੀ ਨੂੰ ਵਧੇਰੇ ਧਿਆਨ ਨਾਲ ਸੁਣਨਾ ਚਾਹੀਦਾ ਹੈ, ਨਹੀਂ ਤਾਂ ਪੈਸੇ ਦਾ ਵਾਧਾ, ਉਨ੍ਹਾਂ ਦੇ ਸੁੱਖ-ਸਾਧਨ ਭਾਵੇਂ ਵਧਾ ਦੇਵੇ ਪਰ ਉਨ੍ਹਾਂ ਦੇ ਰਿਸ਼ਤੇ ਵਿਚ ਠੰਡ ਵਰਤਾ ਦੇਵੇਗਾ।

ਜੇ ਪਤਨੀ ਨਰਾਜ਼ ਹੋਵੇ ਤਾਂ ਉਸ ਨੂੰ ਛੂਹੋ, ਜੇ ਪਰ੍ਹੇ ਹਟੇ ਤਾਂ ਸਮਝੋ ਨਰਾਜ਼ਗੀ ਤੁਹਾਡੇ ਨਾਲ ਹੈ, ਜੇ ਉਹ ਪਰ੍ਹੇ ਨਾ ਹਟੇ ਤਾਂ ਉਸ ਦਾ ਰੋਸ ਕਿਸੇ ਗੱਲ ਪ੍ਰਤੀ ਹੈ। ਕਾਰਨ ਪੁਛੋ, ਬੋਲਣ ਦਾ ਮੌਕਾ ਦਿਓ, ਧਿਆਨ ਨਾਲ ਸੁਣੋ, ਸੁਣੇ ਜਾਣ ਮਗਰੋਂ, ਪਤਨੀ ਸ਼ਾਂਤ ਹੋ ਜਾਵੇਗੀ।

ਜੇ ਇਸਤਰੀ ਨੂੰ ਸੁਣਿਆ ਜਾਵੇ ਤਾਂ ਉਹ ਥੱਕਦੀ ਨਹੀਂ।

ਇਕ ਵਾਰੀ ਜਦੋਂ ਬੱਚੇ ਸਿਆਣੇ ਹੋ ਗਏ ਤਾਂ ਉਨ੍ਹਾਂ ਨੇ ਕਿਹਾ: ਮਾਂ ਤੂੰ ਥੱਕ ਗਈ ਹੈਂ, ਹੁਣ ਤੂੰ ਅਰਾਮ ਕਰ। ਮਾਂ ਨੇ ਉੱਤਰ ਦਿੱਤਾ ਸੀ; ਅਜ ਤਕ ਮੈਂ ਅਰਾਮ ਹੀ ਤਾਂ ਕੀਤਾ ਹੈ।

ਲੰਮੇ, ਸੁਖਾਵੇਂ ਅਤੇ ਸੰਤੁਸ਼ਟ ਰਿਸ਼ਤੇ ਵਿਚ ਬੋਲਣ-ਸੁਣਨ ਦਾ ਬੜਾ ਸੁਖਾਵਾਂ ਅਨੁਪਾਤ ਅਤੇ ਤਾਲ-ਮੇਲ ਹੁੰਦਾ ਹੈ, ਬਿਨਾ ਬੋਲਿਆਂ ਹੀ ਸਭ ਕੁਝ ਸੁਣ ਲਿਆ ਜਾਂਦਾ ਹੈ, ਬਿਨਾ ਸੁਣਿਆਂ ਹੀ ਸਭ ਕੁਝ ਸਮਝ ਲਿਆ ਜਾਂਦਾ ਹੈ। ਇਕ ਕੋਈ ਸੁਝਾਓ ਦਿੰਦਾ ਹੈ, ਦੂਜਾ ਝਟ ਸਹਿਮਤ ਹੋ ਜਾਂਦਾ ਹੈ।

ਪਰਿਵਾਰ ਵਿਚ ਜੇ ਸਾਰਿਆਂ ਨੂੰ ਧਿਆਨ ਨਾਲ ਸੁਣਿਆ ਜਾਵੇ ਤਾਂ ਹਰ ਕਿਸੇ ਨੂੰ ਸਲੀਕੇ ਨਾਲ ਬੋਲਣਾ ਆ ਜਾਂਦਾ ਹੈ ਅਤੇ ਖੁਲ੍ਹ ਕੇ ਗਲਾਂ ਕਰਨ ਦੀ ਮੌਜ ਮਾਣੀ ਜਾਂਦੀ ਹੈ। ਖੁਲ੍ਹ ਕੇ ਆਪਣੀ ਗੱਲ ਕਹਿਣੀ ਸਾਨੂੰ ਤੰਦਰੁਸਤ ਅਤੇ ਸਾਡੀ ਸੋਚ ਨੂੰ ਬਲਵਾਨ ਬਣਾਉਂਦੀ ਹੈ। ਅਜਿਹੇ ਪਰਿਵਾਰ ਖੁਸ਼ਹਾਲੀ ਕਾਰਨ, ਅਨੇਕਾਂ ਲਈ ਵਿਕਾਸ ਦਾ ਰਾਹ ਖੋਲ੍ਹਦੇ ਹਨ।

ਕਿਸੇ ਨਾਲ ਪ੍ਰਸੰਨ ਹੋ ਕੇ, ਖੁਲ੍ਹ ਕੇ ਬੋਲਣ ਵਾਸਤੇ ਅਤੇ ਆਪਣੀਆਂ ਸਾਰੀਆਂ ਸਮੱਸਿਆਵਾਂ ਸੁਣਾਉਣ ਲਈ, ਦਹਾਕਿਆਂ ਪੁਰਾਣੀ ਜਾਣ-ਪਛਾਣ ਲੋੜੀਂਦੀ ਹੈ। ਕੋਈ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ, ਜਿਸ ਨਾਲ ਅਸੀਂ ਨਿਰਸੰਕੋਚ ਢੰਗ ਨਾਲ ਸਾਰੀਆਂ ਗੱਲਾਂ ਕਰ ਸਕੀਏ।

ਸਮਾਜ ਦੇ ਵੱਖ-ਵੱਖ ਵਰਗਾਂ ਦਾ ਸੁਣਨ-ਬੋਲਣ ਦਾ ਅੰਦਾਜ਼ ਅਤੇ ਉਦੇਸ਼ ਵੱਖਰਾ-ਵੱਖਰਾ ਹੁੰਦਾ ਹੈ। ਬੱਚਿਆਂ ਨਾਲ ਪਿਆਰ ਨਾਲ, ਬਰਾਬਰ ਦਿਆਂ ਨਾਲ ਸਲੀਕੇ ਨਾਲ ਅਤੇ ਵੱਡਿਆਂ ਨਾਲ ਸਤਿਕਾਰ ਨਾਲ ਬੋਲਣ-ਸੁਣਨ ਨਾਲ ਸੁਖਾਵੇਂ ਰਿਸ਼ਤੇ ਦਾ ਰਾਹ ਪੱਧਰਾ ਹੋ ਜਾਂਦਾ ਹੈ।

ਇਸਤਰੀ ਨਾਲ ਹਮੇਸ਼ਾ ਸਲੀਕੇ, ਸੰਜਮ ਅਤੇ ਸਤਿਕਾਰ ਨਾਲ ਬੋਲਣਾ ਚਾਹੀਦਾ ਹੈ ਤਾਂ ਹੀ ਗੱਲਬਾਤ ਅਗੇ ਚਲੇਗੀ।

ਹਰੇਕ ਸਮਾਗਮ ਨੂੰ ਮਾਣਨਯੋਗ, ਇਸਤਰੀਆਂ ਬਣਾਉਂਦੀਆਂ ਹਨ, ਕਿਉਂਕਿ ਇਸਤਰੀਆਂ ਵਿਚ ਸਲੀਕਾ ਵਧੇਰੇ ਹੁੰਦਾ ਹੈ।

ਇਸਤਰੀਆਂ ਦੀ ਪ੍ਰਵਾਨਗੀ ਨਾਲ ਪੁਰਸ਼ਾਂ ਵਿਚ ਉਤਸ਼ਾਹ ਅਤੇ ਸਵੈ-ਵਿਸ਼ਵਾਸ ਉਪਜਦਾ ਹੈ। ਇਵੇਂ ਹੀ ਹਿੰਮਤੀ, ਸਿਆਣੇ ਅਤੇ ਬਹਾਦਰ ਪੁਰਸ਼ਾਂ ਨੂੰ ਮਿਲ ਕੇ, ਇਸਤਰੀਆਂ ਵਿਚ ਦਿਲਚਸਪ ਗੱਲਬਾਤ ਕਰਨ ਦੀ ਯੋਗਤਾ ਉਪਜਦੀ ਹੈ।

ਉਨ੍ਹਾਂ ਤੋਂ ਬਚਣ ਦੀ ਲੋੜ ਹੈ, ਜਿਹੜੇ ਬੋਲਦੇ ਹੀ ਹਨ, ਸੁਣਦੇ ਨਹੀਂ।

ਜ਼ਨਾਨੜੇ ਮਰਦ ਵਧੇਰੇ ਬੋਲਦੇ ਹਨ, ਮਰਦਾਵੀਆਂ ਜ਼ਨਾਨੀਆਂ ਕੁਝ ਸੁਣਦੀਆਂ ਹੀ ਨਹੀਂ। ਜੇ ਬੋਲਣਾ ਅਤਿ ਸੰਖੇਪ ਹੋਵੇਗਾ ਤਾਂ ਚੁੱਪ ਲੰਮੀ ਹੋਵੇਗੀ।

ਕਿਸੇ ਨਾਲ ਅਣਬਣ ਦਾ ਮੁੱਢਲਾ ਸੰਕੇਤ ਗੱਲਬਾਤ ਦੇ ਸੰਖੇਪ ਹੋ ਜਾਣ ਵਿਚ ਪ੍ਰਗਟ ਹੁੰਦਾ ਹੈ।

ਸਲੀਕੇ ਨਾਲ ਬੋਲੇ ਸ਼ਬਦ, ਝਗੜੇ ਨਿਪਟਾਉਂਦੇ ਹਨ, ਜਦੋਂ ਕਿ ਉਹੀ ਸ਼ਬਦ ਵਿਗਾੜ ਕੇ ਬੋਲਣ ਨਾਲ, ਸੁਣਨ ਵਾਲਿਆਂ ਵਿਚ ਵਿਰੋਧ ਉਪਜਦਾ ਹੈ।

ਬੋਲਬਾਣੀ ਸਿਖਣ ਲਈ ਪੁਸਤਕਾਂ ਪੜ੍ਹਨਾ ਲਾਹੇਵੰਦ ਹੁੰਦਾ ਹੈ ਕਿਉਂਕਿ ਪੁਸਤਕਾਂ ਵਿਚੋਂ ਸਾਨੂੰ ਗਿਆਨ ਮਿਲਦਾ ਹੈ, ਜਿਸ ਨਾਲ ਸਾਡੀ ਸਮਝ-ਸੂਝ ਦਾ ਪੱਧਰ ਉੱਚਾ ਹੁੰਦਾ ਹੈ ਅਤੇ ਸਾਡਾ ਬੋਲਣਾ ਪ੍ਰਭਾਵਸ਼ਾਲੀ ਹੋ ਜਾਂਦਾ ਹੈ।

ਉਂਝ ਜ਼ਿੰਦਗੀ ਵੀ ਬੜਾ ਕੁਝ ਸਿਖਾ ਦਿੰਦੀ ਹੈ।

ਵਪਾਰ ਵਿਚ ਬੋਲਣ ਤੋਂ ਪਹਿਲਾਂ, ਰਾਜਨੀਤੀ ਵਿਚ ਉਸੇ ਵੇਲੇ, ਪਿਆਰ ਵਿਚ ਬੋਲਦਿਆਂ ਅਤੇ ਝਗੜੇ ਵਿਚ ਬੋਲਣ ਤੋਂ ਮਗਰੋਂ ਸੋਚਿਆ ਜਾਂਦਾ ਹੈ।

ਧਰਮ ਵਿਚ ਸੋਚਿਆ ਨਹੀਂ ਜਾਂਦਾ, ਦੁਹਰਾਇਆ ਹੀ ਜਾਂਦਾ ਹੈ। ਸੋਚਣਾ ਅਤੇ ਬੋਲਣਾ, ਸੁਣਨਾ ਅਤੇ ਸਮਝਣਾ ਇਕ-ਦੂਜੇ ਨਾਲ ਜੁੜੇ ਹੋਏ ਹਨ।

ਬਿਨਾ ਸੋਚੇ ਬੋਲਣਾ, ਝਗੜੇ ਉਪਜਾਉਂਦਾ ਹੈ। ਕੁਝ ਤੇਜ਼ਾਬੀ ਸ਼ਬਦ ਰਿਸ਼ਤਾ ਤੋੜਨ ਲਈ ਅਤੇ ਤੋੜਨ ਵੇਲੇ ਹੀ ਬੋਲੇ ਜਾਂਦੇ ਹਨ।

ਝਗੜੇ ਵਿਚ ਜਿਸ ਦਾ ਤਰਕ ਨੀਵਾਂ ਹੁੰਦਾ ਹੈ, ਉਹ ਉੱਚਾ ਬੋਲਦਾ ਹੈ।

ਮੂਰਖ ਹੱਥ ਹਿਲਾ-ਹਿਲਾ ਕੇ ਬੋਲਦੇ ਹਨ। ਜਿਹੜਾ ਹੱਥ ਹਿਲਾ-ਹਿਲਾ ਕੇ ਬੋਲੇਗਾ, ਉਹ ਹੱਥੋਪਾਈ ਕਰਨ ਵਿਚ ਪਹਿਲ ਕਰੇਗਾ।

ਬੋਲਣ ਦੀ ਲੋੜ ਵੇਲੇ ਬੋਲਣਾ ਹੀ ਚਾਹੀਦਾ ਹੈ। ਬੋਲਣ ਵੇਲੇ ਵਿਖਾਈ ਚੁੱਪ ਸਾਜ਼ਸ਼ ਦਾ ਸੰਕੇਤ ਹੁੰਦੀ ਹੈ।

ਫੜ੍ਹਾਂ ਮਾਰਨ ਵਾਲਾ ਆਪਣੇ ਆਪ ਨੂੰ ਹੀ ਸੁਣ ਰਿਹਾ ਹੁੰਦਾ ਹੈ।

ਸਾਡੇ ਸਮਾਜਿਕ ਅਤੇ ਪਰਿਵਾਰਕ ਸਮਾਗਮਾਂ ਵਿਚ ਗੱਲਬਾਤ ਘੱਟ ਹੁੰਦੀ ਹੈ, ਕਿਉਂਕਿ ਖਾਣ-ਪੀਣ ਵਧੇਰੇ ਹੁੰਦਾ ਹੈ ਅਤੇ ਗੱਲਬਾਤ ਨੂੰ, ਖਾਣ-ਪੀਣ ਵਿਚ ਵਿਘਨ ਸਮਝਿਆ ਜਾਂਦਾ ਹੈ।

ਅਕਸਰ ਤਲਾਕ ਦੇ ਮੁਕੱਦਮੇ ਤੋਂ ਪਹਿਲਾਂ, ਸਭ ਕੁਝ ਬੋਲ-ਸੁਣ ਲਏ ਜਾਣ ਕਾਰਨ, ਸਮਝੌਤੇ ਦਾ ਰਾਹ ਬੰਦ ਹੋ ਜਾਂਦਾ ਹੈ।

ਜੇ ਕਿਸੇ ਥਾਂ ਜਾਂ ਸਮਾਗਮ ਵਿਚ ਬੋਲਣ 'ਤੇ ਪਾਬੰਦੀ ਹੋਏ ਤਾਂ ਉਹ ਸਮਾਗਮ ਬੋਝਲ ਅਤੇ ਸੋਗਮਈ ਬਣ ਜਾਂਦਾ ਹੈ।

ਸੁਣਨ ਅਤੇ ਬੋਲਣ ਦੀ ਜੇ ਕਿਧਰੋਂ ਕੋਈ ਸਿਖਲਾਈ ਮਿਲਦੀ ਹੋਵੇ ਤਾਂ ਉਹ ਲੈ ਲੈਣੀ ਚਾਹੀਦੀ ਹੈ, ਇਸ ਨਾਲ ਜੀਵਨ ਵਿਚ ਸਫਲਤਾ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ।

ਘੱਟ ਬੋਲਣ ਵਾਲੇ, ਅਸਲ ਨਾਲੋਂ ਵੱਡੇ ਅਤੇ ਸਿਆਣੇ ਲਗਦੇ ਹਨ। ਸੁਣਨ

ਵਾਲੇ ਉਨ੍ਹਾਂ ਦੀ ਚੁੱਪ ਦੇ ਵੀ ਆਪਣੇ-ਆਪਣੇ ਢੰਗਾਂ ਨਾਲ ਅਰਥ ਕੱਢਦੇ ਹਨ।

ਸੰਖੇਪਤਾ ਦਾ ਉਚਤਮ ਰੂਪ ਚੁੱਪ ਹੁੰਦਾ ਹੈ।

ਇਕ ਵਾਰੀ ਇਕ ਬਿਰਧ ਆਸ਼ਰਮ ਵਿਚ ਕਈ ਬਜ਼ੁਰਗ ਵਿਅਕਤੀ ਇਕ-ਦੂਜੇ ਵਲ ਵੇਖ ਕੇ ਮੁਸਕਰਾ ਰਹੇ ਸਨ ਪਰ ਬੋਲ ਕੋਈ ਨਹੀਂ ਸੀ ਰਿਹਾ। ਪੁੱਛਣ ਤੇ ਪਤਾ ਲੱਗਾ ਕਿ ਉਨ੍ਹਾਂ ਦਾ ਨੇਮ ਸੀ ਕਿ ਹਰੇਕ ਵਿਅਕਤੀ ਚੁੱਪ ਦੇ ਮੁਕਾਬਲੇ, ਵਧੇਰੇ ਮੁਲਵਾਨ ਗਲ ਕਹਿਣ ਲਈ ਹੀ ਬੋਲੇਗਾ।

ਘੱਟ ਬੋਲਣ ਵਾਲੇ ਹਾਕਮ ਅਤੇ ਪ੍ਰਬੰਧਕ, ਵਧੇਰੇ ਸਫਲ ਹੁੰਦੇ ਹਨ।

ਵਿਦਵਾਨ ਉਹ ਹੁੰਦਾ ਹੈ, ਜਿਸ ਕੋਲ ਬੋਲਣ ਲਈ ਬਹੁਤ ਕੁਝ ਹੋਵੇ ਪਰ ਉਹ ਚੁੱਪ ਹੀ ਰਹੇ।

ਦੂਜਿਆਂ ਤੋਂ ਆਪਣੀ ਗਲ ਮਨਵਾਉਣ ਲਈ, ਮੂੰਹ ਨਹੀਂ, ਕੰਨ ਵਰਤੋ।

ਸੁਣਨ ਦੀ ਕਲਾ ਅਤੇ ਬੋਲਣ ਦਾ ਸਲੀਕਾ ਸਿਖਣ ਦੀ ਲੋੜ ਹੈ, ਇਸ ਨਾਲ ਜਾਣ-ਪਛਾਣ ਦਾ ਘੇਰਾ ਵਿਸ਼ਾਲ ਹੁੰਦਾ ਹੈ। ਇਸ ਘੇਰੇ ਦੇ ਵਿਸ਼ਾਲ ਹੋਣ ਕਾਰਨ ਅਸੀਂ ਘੱਟ ਬੀਮਾਰ ਪੈਂਦੇ ਹਾਂ ਅਤੇ ਵਧੇਰੇ ਪ੍ਰਸੰਨ ਰਹਿੰਦੇ ਹਾਂ। ਅਜਿਹੇ ਵਿਅਕਤੀ ਲੰਮੀ ਤੰਦਰੁਸਤ ਅਤੇ ਭਰਪੂਰ ਜ਼ਿੰਦਗੀ ਜਿਉਂਦੇ ਹਨ।

ਜ਼ਿੰਮੇਵਾਰੀ ਨਾਲ ਬੋਲੋਗੇ ਤਾਂ ਹੀ ਧਿਆਨ ਨਾਲ ਸੁਣੇ ਜਾਓਗੇ, ਧਿਆਨ ਨਾਲ ਸੁਣੋਗੇ, ਚੰਗੀ ਤਰ੍ਹਾਂ ਸਲੀਕੇ ਨਾਲ ਬੋਲਣਾ, ਆਪ-ਮੁਹਾਰੇ ਆ ਜਾਵੇਗਾ।

* * *

ਸੁਕਰਾਤ ਨੂੰ ਯਾਦ ਕਰਦਿਆਂ.....

ਸੁਕਰਾਤ ਵਿਸ਼ਵ ਦੇ ਹਿਰਦੇ ਵਿਚ ਵਸਦਾ ਹੈ।

ਜਦੋਂ ਵੀ, ਜਿਥੇ ਵੀ ਗਿਆਨ ਦੀ ਗੱਲ ਚਲਦੀ ਹੈ, ਗੱਲ ਚੱਲਦੀ-ਚੱਲਦੀ ਸੁਕਰਾਤ ਤਕ ਅਪੜ ਜਾਂਦੀ ਹੈ।

ਪਿਆਰਾ ਅਤੇ ਸਨਮਾਨਯੋਗ ਵਿਅਕਤੀ ਉਹ ਹੁੰਦਾ ਹੈ, ਜਿਸ ਦੀ ਮਹਿਮਾ ਗਾਉਣ ਵਾਲੇ ਵੀ ਸਨਮਾਨਯੋਗ ਸਮਝੇ ਜਾਂਦੇ ਹਨ।

ਮਹਾਂਪੁਰਸ਼ ਉਹ ਹੁੰਦਾ ਹੈ, ਜਿਸ ਦੀਆਂ ਗੱਲਾਂ ਦੱਸਣ ਨਾਲ ਵਿਵਾਦ ਮੁੱਕ ਜਾਂਦਾ ਹੈ ਅਤੇ ਸਹਿਮਤੀ ਉਪਜ ਪੈਂਦੀ ਹੈ।

ਸੁਕਰਾਤ ਗਿਆਨ ਦੇ ਮਿੱਠੇ ਚਸ਼ਮੇ ਦਾ ਪਾਣੀ ਸੀ।

ਕੁਝ ਨਾਂ ਸੰਸਾਰ 'ਤੇ ਸਦੀਆਂ ਤਕ ਨਿਰੰਤਰ ਅਤੇ ਸ਼ਹਾਨਾ ਰਾਜ ਕਰਦੇ ਹਨ, ਸੁਕਰਾਤ ਅਤੇ ਬੁੱਧ ਅਜਿਹੇ ਹੀ ਨਾਂ ਹਨ।

ਮਹਾਨਤਾ, ਹਮੇਸ਼ਾ ਸਦੀਆਂ ਵਿਚ ਮਾਪੀ ਜਾਂਦੀ ਹੈ।

ਬਾਦਸ਼ਾਹ ਇਤਿਹਾਸ ਦੇ ਗੁਲਾਮ ਹੁੰਦੇ ਹਨ, ਜਦੋਂ ਕਿ ਪੈਗੰਬਰ, ਮਹਾਂਪੁਰਸ਼ ਅਤੇ ਦਰਵੇਸ਼ ਇਤਿਹਾਸ ਦੇ ਮਾਲਕ ਹੁੰਦੇ ਹਨ। ਇਹ ਪੈਗੰਬਰ ਗਰੀਬ ਸਨ ਪਰ ਇਨ੍ਹਾਂ ਨੇ ਰੂਹਾਨੀ ਬਾਦਸ਼ਾਹਾਂ ਵਾਂਗ ਸੋਚਿਆ ਅਤੇ ਨੈਤਿਕ ਅਮੀਰੀ ਹੰਢਾਈ।

ਧਨ ਦੀ ਅਮੀਰੀ, ਕਿੱਧਰੇ ਵੀ ਮਹਾਨ ਬਣਨ ਦਾ ਵਸੀਲਾ ਨਹੀਂ ਹੁੰਦੀ।

ਇਤਿਹਾਸ ਨਾਲ, ਕੋਈ ਕੁਰਬਾਨੀ ਕਰਕੇ, ਕੋਈ ਕਿਸੇ ਗੁਣ ਕਾਰਨ, ਕੋਈ ਗਿਆਨ ਨਾਲ, ਉਪਕਾਰ, ਕਾਰਨਾਮੇ ਜਾਂ ਜਦੋਜਹਿਦ ਨਾਲ ਜੁੜਦਾ ਹੈ।

ਬੁੱਧ ਅਤੇ ਮਹਾਂਵੀਰ ਰਾਜਕੁਮਾਰ ਸਨ ਪਰ ਪ੍ਰਸਿੱਧ ਉਹ ਰਾਜ ਮਹਿਲਾਂ ਨੂੰ ਤਿਆਗ ਕੇ ਹੀ ਹੋਏ। ਮਹਾਂਪੁਰਸ਼ ਆਪਣਾ ਸਭ ਕੁਝ ਸੰਸਾਰ ਨੂੰ ਸੌਂਪ ਦਿੰਦੇ ਹਨ ਪਰ ਸੰਸਾਰ ਕੋਲ ਉਨ੍ਹਾਂ ਨੂੰ ਦੇਣ ਲਈ ਕੁਝ ਨਹੀਂ ਹੁੰਦਾ।

ਮਹਾਂਪੁਰਸ਼ ਆਪਣੇ ਜੀਵਨ ਵਿਚ ਅਪਮਾਨ ਹੀ ਹੰਢਾਉਂਦੇ ਹਨ, ਪ੍ਰਸੰਸਾ ਆਉਣ ਵਾਲੀਆਂ ਪੀੜ੍ਹੀਆਂ ਹੀ ਕਰਦੀਆਂ ਹਨ।

ਸੁਕਰਾਤ ਕਿਸੇ ਵਿਅਕਤੀ ਦਾ ਨਾਂ ਨਹੀਂ, ਸਦੀਵੀ ਗਿਆਨ ਦਾ ਨਾਂ ਸੁਕਰਾਤ ਹੈ। ਸੁਕਰਾਤ ਸੰਸਾਰ ਦਾ ਪਹਿਲਾ ਫ਼ਿਲਾਸਫ਼ਰ ਸੀ, ਜਿਹੜਾ ਗਿਆਨ ਦੀ ਸ਼ਕਤੀ ਨਾਲ ਜੀਵਿਆ। ਉਸ ਨੇ ਦੱਸਿਆ ਕਿ ਇਕ ਵਿਦਵਾਨ ਨੂੰ ਕਿਵੇਂ ਸੋਚਣਾ ਚਾਹੀਦਾ ਹੈ। ਸੁਕਰਾਤ ਨੇ ਪੱਛਮੀ ਸਭਿਆਚਾਰ ਦੀ ਨੀਂਹ ਰੱਖੀ ਅਤੇ ਹਰ

ਮਹੱਤਵਪੂਰਨ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟਾਏ। ਸੁਕਰਾਤ, ਸੰਸਾਰ ਦਾ ਪਹਿਲਾ ਮਹਾਨ ਚਿੰਤਕ ਸੀ, ਜਿਸ ਨਾਲ ਫ਼ਲਸਫ਼ੇ ਦਾ ਜਨਮ ਹੋਇਆ। ਫ਼ਲਸਫ਼ਾ ਬੌਧਿਕ ਸੁਤੰਤਰਤਾ 'ਤੇ ਟਿਕਿਆ ਹੁੰਦਾ ਹੈ, ਧਰਮ ਵਿਚ ਇਹ ਸੁਤੰਤਰਤਾ ਨਹੀਂ ਹੁੰਦੀ, ਇਸੇ ਕਰਕੇ ਧਰਮ ਵੀ ਫ਼ਲਸਫ਼ੇ ਦੇ ਘਾਟ ਤੋਂ ਪਾਣੀ ਪੀਂਦਾ ਹੈ।

ਫ਼ਲਸਫ਼ਾ, ਬੁੱਧੀ ਅਤੇ ਆਤਮਾ ਦੇ ਵਿਚਕਾਰ ਵਸਦਾ ਹੈ।

ਸੁਕਰਾਤ ਨੇ ਆਪ ਸੋਚਿਆ ਅਤੇ ਸੰਸਾਰ ਨੂੰ ਸੋਚਣ ਦੀ ਵਿਧੀ ਅਤੇ ਪ੍ਰੇਰਨਾ ਦਿੱਤੀ। ਸੁਕਰਾਤ ਦਾ ਪ੍ਰਭਾਵ ਇਤਨਾ ਡੂੰਘਾ ਅਤੇ ਵਿਸ਼ਾਲ ਸੀ ਕਿ ਲੋਕ ਆਪਣੀਆਂ ਸਿਆਣੀਆਂ ਗੱਲਾਂ, ਸੁਕਰਾਤ ਦੇ ਨਾਂ ਨਾਲ ਜੋੜ ਦਿੰਦੇ ਸਨ ਅਤੇ ਕਿਸੇ ਦੀ ਸਿਆਣੀ ਗੱਲ, ਸੁਣਨ ਵਾਲੇ ਕਿਹਾ ਕਰਦੇ ਸਨ ਕਿ ਉਸ ਨੇ ਉਹ ਗੱਲ ਜ਼ਰੂਰ ਸੁਕਰਾਤ ਤੋਂ ਸੁਣੀ ਹੋਵੇਗੀ।

ਇੰਝ ਲਗਦਾ ਹੈ ਜਿਵੇਂ ਗਿਆਨ ਦਾ ਅਰੰਭ ਹੀ ਸੁਕਰਾਤ ਤੋਂ ਹੋਇਆ ਸੀ।

ਮਿਸਰੀ ਸਭਿਅਤਾ, ਯੂਨਾਨੀ ਸਭਿਅਤਾ ਤੋਂ ਹਜ਼ਾਰਾਂ ਸਾਲ ਪੁਰਾਣੀ ਸੀ ਪਰ ਫ਼ਲਸਫ਼ੇ ਨੂੰ ਉਸਾਰਨ ਦਾ ਕਾਰਜ ਯੂਨਾਨੀ ਸਭਿਅਤਾ ਦੇ ਥੰਮ੍ਹ ਸੁਕਰਾਤ ਨੇ ਕੀਤਾ।

ਫ਼ਲਸਫ਼ੇ, ਪਰਿਭਾਸ਼ਾਵਾਂ ਅਤੇ ਤਰਕ ਉਸਾਰਨ ਦਾ ਹੁਨਰ ਯੂਨਾਨੀਆਂ ਕੋਲ ਸੀ, ਜਿਥੋਂ ਦੀ ਸੁਕਰਾਤ-ਪਲੈਟੋ-ਅਰਸਤੂ ਦੀ ਤ੍ਰਿਮੂਰਤੀ ਨੇ ਯੂਨਾਨ ਦਾ ਨਾਂ ਸਾਰੇ ਸੰਸਾਰ ਵਿਚ ਪ੍ਰਸਿੱਧ ਕੀਤਾ ਹੈ। ਇਹ ਤਿੰਨੇ ਇਕ-ਦੂਜੇ ਵਿਚ ਘੁਲੇ-ਮਿਲੇ ਹੋਏ ਹਨ, ਇਕ ਨੂੰ ਵੇਖੋ ਦੂਜਾ ਉਜਾਗਰ ਹੋ ਜਾਂਦਾ ਹੈ।

ਸੁਕਰਾਤ ਨੇ ਆਪ ਕੁਝ ਨਹੀਂ ਲਿਖਿਆ, ਉਹ ਬੋਲਦਾ ਹੀ ਸੀ, ਉਸ ਬਾਰੇ ਸਾਰੀ ਜਾਣਕਾਰੀ, ਉਸ ਦੇ ਸ਼ਿਸ਼ ਪਲੈਟੋ ਦੀਆਂ ਲਿਖਤਾਂ ਵਿਚੋਂ ਮਿਲਦੀ ਹੈ।

ਸੁਕਰਾਤ ਦੇ ਮੁੱਢਲੇ ਜੀਵਨ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ। ਸੁਕਰਾਤ 469 ਪੂਰਵ-ਈਸਵੀ ਵਿਚ ਜਨਮਿਆ। ਉਸ ਦਾ ਪਿਤਾ ਰਾਜ-ਮਿਸਤਰੀ ਸੀ। ਉਹ ਇਕ ਮੌਲਿਕ ਚਿੰਤਕ ਵਜੋਂ ਬਚਪਨ ਵਿਚ ਹੀ ਪ੍ਰਮਾਣ ਦੇਣ ਲਗ ਪਿਆ ਸੀ।

ਆਮ ਧਾਰਣਾ ਹੈ ਕਿ ਸੁਕਰਾਤ ਦੀ ਪਤਨੀ ਬੜੀ ਲੜਾਕੀ ਸੀ। ਵਾਤਸਵ ਵਿਚ ਹਰੇਕ ਮਹਾਨ ਵਿਅਕਤੀ ਦੀ ਪਤਨੀ ਨੂੰ ਗਲਤ ਸਮਝੇ ਜਾਣ ਜਾਂ ਗੁਮਨਾਮੀ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਸੁਕਰਾਤ ਦੀ ਪਤਨੀ ਜ਼ਨਥਿਪੀ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਇਕ ਵਾਰੀ ਕੌੜੀਆਂ-ਤੱਤੀਆਂ ਸੁਣਾਉਣ ਉਪਰੰਤ, ਚਿੜ੍ਹ ਕੇ ਜਦੋਂ ਉਸ ਨੇ ਸੁਕਰਾਤ 'ਤੇ ਗੰਦੇ ਪਾਣੀ ਦੀ ਬਾਲਟੀ ਉਲਟਾ ਦਿੱਤੀ ਤਾਂ ਗੁੱਸੇ ਵਿਚ ਆਏ ਆਪਣੇ ਸ਼ਿਸ਼ ਨੂੰ ਸੁਕਰਾਤ ਨੇ ਸ਼ਾਂਤ ਕਰਦਿਆਂ ਕਿਹਾ: ਮੇਰੀ ਪਤਨੀ ਮੇਰੀ ਪ੍ਰੇਰਨਾ ਹੈ, ਇਹ ਠੋਕ-ਠੋਕ ਕੇ ਪਰਖਦੀ ਹੈ ਕਿ ਮੇਰੇ ਵਿਚ ਸਹਿਣਸ਼ੀਲਤਾ ਹੈ ਕਿ ਨਹੀਂ, ਇਹ ਵੇਖਦੀ ਹੈ ਕਿ ਸੁਕਰਾਤ ਕੱਚਾ ਹੈ ਕਿ ਪੱਕਾ ਹੈ। ਵਾਸਤਵ ਵਿਚ ਸੁਕਰਾਤ ਦੀ ਪਤਨੀ ਇਕ ਪ੍ਰਸਿੱਧ ਪਰਿਵਾਰ ਵਿਚੋਂ ਸੀ ਪਰ

ਉਸ ਦੇ ਪਿਤਾ ਕੋਲ ਦਾਜ ਦੇਣ ਦੀ ਸਮਰੱਥਾ ਨਾ ਹੋਣ ਕਾਰਨ, ਉਸ ਦਾ ਵਿਆਹ ਗਰੀਬ ਸੁਕਰਾਤ ਨਾਲ ਹੋ ਗਿਆ। ਪਤਨੀ ਦੀ ਅਵਾਜ਼ ਰੋਅਬਦਾਰ ਸੀ ਅਤੇ ਸਾਰੇ ਸਮਝਦੇ ਸਨ ਕਿ ਉਹ ਆਪਣੇ ਉੱਚੇ ਪਰਿਵਾਰ ਦਾ ਮਾਣ ਕਰਦੀ ਸੀ। ਉਸ ਨੇ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ। ਪਤਨੀ ਚਾਹੁੰਦੀ ਸੀ ਕਿ ਸੁਕਰਾਤ ਹੋਰਾਂ ਨੂੰ ਗਿਆਨ ਦੇਣ ਦੀ ਫੀਸ ਵਸੂਲਿਆ ਕਰੇ ਤਾਂ ਜੁ ਘਰ ਦਾ ਗੁਜ਼ਾਰਾ ਚਲੇ ਪਰ ਸੁਕਰਾਤ ਗਿਆਨ ਵੇਚਣ ਲਈ ਤਿਆਰ ਨਹੀਂ ਸੀ। ਸੁਕਰਾਤ ਦਾ ਗੁਜ਼ਾਰਾ ਦੋਸਤਾਂ ਦੀ ਮਾਇਕ ਮਦਦ ਨਾਲ ਹੀ ਚਲਦਾ ਸੀ। ਦੋਸਤਾਂ ਲਈ ਸੁਕਰਾਤ ਵਿਦਵਾਨ ਸੀ ਪਰ ਪਤਨੀ ਉਸ ਨੂੰ ਵਿਹਲਾ ਆਦਮੀ ਹੀ ਸਮਝਦੀ ਸੀ। ਸੁਕਰਾਤ ਵੀ ਪਤਨੀ ਨਾਲ, ਪਤੀ ਵਾਂਗ ਨਹੀਂ, ਫ਼ਿਲਾਸਫ਼ਰ ਵਾਂਗ ਪੇਸ਼ ਆਉਂਦਾ ਸੀ। ਪਰਿਵਾਰਕ ਜ਼ਿੰਮੇਵਾਰੀਆਂ ਪ੍ਰਤੀ ਸੁਕਰਾਤ ਸਾਰਾ ਜੀਵਨ ਲਾਪ੍ਰਵਾਹ ਹੀ ਰਿਹਾ।

ਸੁਕਰਾਤ ਵਿਦਵਾਨਾਂ ਵਾਲਾ ਚੋਗਾ ਪਾ ਕੇ ਏਥਨਸ ਦੀਆਂ ਗਲੀਆਂ ਵਿਚ ਘੁੰਮਦਾ ਰਹਿੰਦਾ ਸੀ ਅਤੇ ਲੋਕ ਉਸ ਨੂੰ ਖਲ੍ਹਾਰ ਕੇ ਆਪਣੇ ਸ਼ੰਕੇ ਨਵਿਰਤ ਕਰਦੇ ਸਨ। ਉਸ ਸਮੇਂ ਸ਼ਬਦਕੋਸ਼ ਨਹੀਂ ਹੁੰਦੇ ਸਨ, ਕਿਸੇ ਸ਼ਬਦ ਦੇ ਜੋ ਅਰਥ ਸੁਕਰਾਤ ਦਸਦਾ ਸੀ, ਉਹ ਪ੍ਰਵਾਨ ਹੋ ਜਾਂਦੇ ਸਨ। ਨਿਰਸੰਦੇਹ ਉਸ ਦੀ ਪਤਨੀ ਵਾਂਗ ਕਈ ਸਮਕਾਲੀ ਵੀ ਉਸ ਦਾ ਮਖੌਲ ਉਡਾਉਂਦੇ ਸਨ ਅਤੇ ਕਈ ਵਾਰੀ ਉਹ ਆਪਣੇ ਆਪ 'ਤੇ ਵੀ ਮਖੌਲੀਆ ਵਾਰ ਕਰ ਜਾਂਦਾ ਸੀ। ਇਕ ਵਾਰੀ ਕਿਸੇ ਵਲੋਂ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਬਾਰੇ ਪੁੱਛਣ 'ਤੇ ਸੁਕਰਾਤ ਨੇ ਕਿਹਾ ਸੀ: ਜਿਹੜਾ ਵੀ ਫੈਸਲਾ ਕਰੋਗੇ, ਪਛਤਾਓਗੇ ਪਰ ਵਿਆਹ ਕਰਵਾਉਣ ਦਾ ਲਾਭ ਹੀ ਹੈ, ਕਿਉਂਕਿ ਜੇ ਚੰਗੀ ਪਤਨੀ ਮਿਲ ਗਈ ਤਾਂ ਆਨੰਦ ਮਾਣੋਗੇ ਪਰ ਜੇ ਭੈੜੀ ਮਿਲ ਗਈ ਤਾਂ ਮੇਰੇ ਵਾਂਗ ਫ਼ਿਲਾਸਫ਼ਰ ਤਾਂ ਬਣ ਹੀ ਜਾਓਗੇ।

ਜੋ ਵੀ ਜਦੋਂ ਵੀ, ਸੁਕਰਾਤ ਬਾਰੇ ਲਿਖਦਾ ਹੈ, ਉਹ ਸੁਕਰਾਤ ਪ੍ਰਤੀ ਸ਼ਰਧਾਂਜਲੀ ਬਣ ਜਾਂਦੀ ਹੈ। ਸੰਸਾਰ ਵਿਚ ਪਹਿਲੀ ਵਾਰ ਕਿਸੇ ਵਿਅਕਤੀ ਦਾ ਨਾਂ ਉਸ ਦੇ ਦੇਸ਼ ਦੇ ਨਾਂ ਨਾਲੋਂ ਵੀ ਵੱਡਾ ਹੋ ਗਿਆ ਹੈ। ਸੁਕਰਾਤ ਵਿਦਵਾਨਾਂ ਦਾ ਬੁੱਧ ਸੀ, ਉਹ ਗਿਆਨ ਦਾ ਚਲਦਾ ਫਿਰਦਾ ਮੱਕਾ ਸੀ।

ਸੁਕਰਾਤ ਦਾ ਦਿਮਾਗ ਫ਼ਲਸਫ਼ੇ ਦੀ ਰਾਜਧਾਨੀ ਸੀ।

ਸੁਕਰਾਤ ਕਾਰਨ, ਯੂਨਾਨ ਦੇ ਅੰਨ੍ਹਿਆਂ ਕੋਲ ਵੀ, ਗਿਆਨ ਦਾ ਚਾਨਣ ਸੀ।

ਜਦੋਂ ਰੋਮਨ ਸਭਿਅਤਾ, ਗਿਆਨ ਦੀਆਂ ਮੋਮਬੱਤੀਆਂ ਲਭ ਰਹੀ ਸੀ, ਉਸ ਸਮੇਂ ਯੂਨਾਨ, ਫ਼ਲਸਫ਼ੇ ਦੀਆਂ ਮਸ਼ਾਲਾਂ ਬਾਲ ਰਿਹਾ ਸੀ।

ਪਲੈਟੋ, ਸੁਕਰਾਤ ਦਾ ਅਜਿਹਾ ਵਿਦਿਆਰਥੀ ਸੀ, ਜਿਸ ਵਿਦਿਆਰਥੀ ਦਾ ਹਰ ਅਧਿਆਪਕ ਸੁਪਨਾ ਵੇਖਦਾ ਹੈ।

ਅਜੋਕੇ ਵਿਦਵਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਸੁਕਰਾਤ ਅਤੇ ਪਲੈਟੋ ਨੂੰ ਇਕ-ਦੂਜੇ ਤੋਂ ਨਿਖੇੜਨ ਦੀ ਹੈ। ਉਨ੍ਹਾਂ ਦੀਆਂ ਸੋਚਾਂ ਹੀ ਨਹੀਂ, ਉਨ੍ਹਾਂ ਦੀਆਂ

ਆਤਮਾਵਾਂ ਵੀ ਇਕ-ਦੂਜੇ ਵਿਚ ਘੁਲੀਆਂ ਹੋਈਆਂ ਹਨ, ਕੇਵਲ ਨਾਂ ਹੀ ਵੱਖ ਹਨ। ਪਲੈਟੋ ਨੇ ਆਪਣੇ ਵਿਹਾਰ ਨਾਲ ਗੁਰੂ-ਸ਼ਿਸ਼ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਸੀ। ਮੁੱਢ ਵਿਚ ਪਲੈਟੋ ਇਕ ਕਵੀ ਅਤੇ ਨਾਟਕਕਾਰ ਸੀ।

ਸੁਕਰਾਤ ਦੀ ਸ਼ਰਨ ਲੈਂਦਿਆਂ ਹੀ ਪਲੈਟੋ ਨੇ ਆਪਣੀਆਂ ਰਚਨਾਵਾਂ ਸਾੜ ਦਿੱਤੀਆਂ ਅਤੇ ਦਰਸ਼ਨ ਅਪਨਾ ਲਿਆ।

ਸੁਕਰਾਤ ਦੀ ਮੌਤ ਸਮੇਂ ਪਲੈਟੋ ਅਠਾਈ ਸਾਲ ਦਾ ਸੀ, ਅਗਲੇ ਬਵੰਜਾ ਸਾਲ ਉਹ ਸੁਕਰਾਤ ਦੀ ਪ੍ਰਸੰਸਾ ਕਰਦਾ ਅਤੇ ਕਰਵਾਉਂਦਾ ਰਿਹਾ। ਸੁਕਰਾਤ ਦੀ ਮੌਤ ਉਪਰੰਤ ਪਲੈਟੋ ਨੇ ਸਾਰੇ ਯੂਨਾਨ ਦੀ ਪੈਦਲ ਯਾਤਰਾ ਕੀਤੀ ਅਤੇ ਯੂਨਾਨ ਦੇ ਸਾਰੇ ਲੋਕਾਂ ਨੂੰ ਸੁਕਰਾਤ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ। ਹਾਕਮਾਂ ਵਲੋਂ ਸੁਕਰਾਤ ਨਾਲ ਕੀਤੇ ਵਿਹਾਰ ਕਾਰਨ, ਪਲੈਟੋ ਉਨ੍ਹਾਂ ਨਾਲ ਨਰਾਜ਼ ਸੀ, ਸੋ ਹਾਕਮਾਂ ਦੀ ਪੱਧਰ ਸੁਧਾਰਨ ਲਂਈ, ਪਲੈਟੋ ਨੇ ਆਪਣੀ ਅਕਾਦਮੀ ਅਤੇ ਲਿਖਤਾਂ ਰਾਹੀਂ ਚੰਗੇ ਹਾਕਮ ਤਿਆਰ ਕਰਨ ਦਾ ਬੀੜਾ ਚੁਕਿਆ ਅਤੇ ਇਵੇਂ ਫ਼ਿਲਾਸਫ਼ਰ-ਬਾਦਸ਼ਾਹ ਦਾ ਸੰਕਲਪ ਉਸਾਰਿਆ।

ਪਲੈਟੋ ਦੀ ਅਕਾਦਮੀ ਸੰਸਾਰ ਦੀ ਪਹਿਲੀ ਯੂਨੀਵਰਸਿਟੀ ਸੀ।

ਸੁਕਰਾਤ ਪਲੈਟੋ ਦਾ ਉਸਤਾਦ ਸੀ, ਅਰਸਤੂ ਪਲੈਟੋ ਦਾ ਵਿਦਿਆਰਥੀ ਸੀ ਅਤੇ ਅਰਸਤੂ ਅਗੋਂ ਸਿਕੰਦਰ ਦਾ ਅਧਿਆਪਕ ਸੀ।

ਜਦੋਂ ਪਲੈਟੋ ਬੋਲਦਾ ਸੀ ਤਾਂ ਉਸ ਦੇ ਬੋਲਾਂ ਵਿਚੋਂ ਸੁਕਰਾਤ ਗੂੰਜਦਾ ਸੀ।

ਪਲੈਟੋ ਨੇ ਆਪਣੇ ਆਦਰਸ਼ਵਾਦੀ ਫ਼ਲਸਫ਼ੇ ਨਾਲ ਸੰਸਾਰ ਵਿਚ ਸੋਚ ਦਾ ਮੁਹਾਣ ਮੋੜ ਦਿੱਤਾ ਸੀ। ਪਲੈਟੋ ਉਪਰੰਤ, ਸੰਸਾਰ ਵਿਚ ਸੋਚ ਦਾ ਮੁਹਾਣ ਮੋੜਨ ਦੇ ਕਾਰਜ ਵਿਚ, ਦੋ ਹਜ਼ਾਰ ਸਾਲ ਉਪਰੰਤ ਕਾਰਲ ਮਾਰਕਸ ਸਫਲ ਹੋਇਆ ਹੈ ਪਰ ਆਦਰਸ਼ਵਾਦ ਅੱਜ ਵੀ ਬੜੀ ਬਲਵਾਨ ਵਿਚਾਰਧਾਰਾ ਹੈ।

ਨਿਰਸੰਦੇਹ ਸੁਕਰਾਤ ਦੀ ਮਹਾਨਤਾ ਸਥਾਪਤ ਕਰਨ ਵਾਲਾ ਪਲੈਟੋ ਸੀ, ਜਿਹੜਾ ਆਪਣੇ ਵਿਚਾਰ ਸੁਕਰਾਤ ਦੀਆਂ ਸੋਚਾਂ ਵਿਚੋਂ ਉਪਜੇ ਦੱਸ ਕੇ ਆਪਣੇ ਅਤੇ ਸੁਕਰਾਤ ਲਈ ਜੱਸ ਖੱਟਦਾ ਰਿਹਾ ਸੀ।

ਸੁਕਰਾਤ ਸਰਲ ਹੈ, ਪਲੈਟੋ ਜਟਿਲ ਹੈ, ਅਰਸਤੂ ਵਿਸ਼ਲੇਸ਼ਣੀ ਹੈ, ਸਿਕੰਦਰ ਕਾਰਜਸ਼ਾਲੀ ਹੈ। ਇਹ ਚਾਰੇ ਯੂਨਾਨ ਦੇ ਸ਼ਕਤੀਸ਼ਾਲੀ ਥੰਮ੍ਹ ਹਨ।

ਸੁਕਰਾਤ ਨੇ ਬ੍ਰਹਿਮੰਡ ਬਾਰੇ ਸੰਸਾਰ ਦਾ ਦ੍ਰਿਸ਼ਟੀਕੋਣ ਬਦਲਿਆ।

ਕੁਦਰਤ ਬਾਰੇ ਸੋਚਣ ਵਾਲੇ ਅਨੇਕਾਂ ਸਨ, ਸੁਕਰਾਤ ਨੇ ਮਨੁੱਖ ਬਾਰੇ ਸੋਚਣ ਵਿਚ ਪਹਿਲ ਕੀਤੀ। ਹੋਰ ਚਿੰਤਕਾਂ ਨਾਲੋਂ ਸੁਕਰਾਤ ਦਾ ਵੱਖਰੇਵਾਂ ਇਹ ਸੀ ਕਿ ਉਹ ਆਪਣੀ ਅਗਿਆਨਤਾ ਪ੍ਰਤੀ ਸੁਚੇਤ ਸੀ। ਉਹ ਕਿਹਾ ਕਰਦਾ ਸੀ ਕਿ ਲੋੜ ਗਿਆਨ ਪ੍ਰਾਪਤ ਕਰਨ ਦੀ ਹੀ ਨਹੀਂ, ਅਗਿਆਨਤਾ ਤਿਆਗਣ ਦੀ ਵੀ ਹੈ।

ਸੁਕਰਾਤ ਨੇ ਸੰਸਾਰ ਨੂੰ ਦੱਸਿਆ ਕਿ ਸਭ ਤੋਂ ਉੱਚਾ ਗਿਆਨ ਆਪੇ ਦੀ ਸੋਝੀ ਹੁੰਦਾ ਹੈ। ਸੁਕਰਾਤ ਦੇ ਕਈ ਸੰਕਲਪਾਂ ਨੂੰ ਮਗਰੋਂ ਵਿਭਿੰਨ ਧਰਮਾਂ ਨੇ ਅਪਨਾਇਆ। ਸੁਕਰਾਤ ਦੇ ਇਕ-ਇਕ ਵਾਕ ਦੇ ਵਿਸ਼ਲੇਸ਼ਣ ਲਈ ਗ੍ਰੰਥ ਲਿਖੇ ਗਏ ਅਤੇ ਇਨ੍ਹਾਂ ਗ੍ਰੰਥਾਂ ਨੂੰ ਰੱਖਣ ਲਈ ਲਾਇਬ੍ਰੇਰੀਆਂ ਉਸਾਰੀਆਂ ਗਈਆਂ।

ਸੁਕਰਾਤ ਨੇ ਆਪਣੇ ਜੀਵਨ ਦੌਰਾਨ ਹੀ, ਜ਼ਿੰਦਗੀ ਦੇ ਪੈਮਾਨੇ ਬਦਲ ਦਿੱਤੇ ਸਨ। ਉਸ ਨੇ ਹੀ ਦੱਸਿਆ ਕਿ ਮਨੁੱਖ ਨੂੰ ਜਿਊਣਾ ਕਿਵੇਂ ਚਾਹੀਦਾ ਹੈ, ਸੋਚਣਾ ਕਿਵੇਂ ਚਾਹੀਦਾ ਹੈ ਅਤੇ ਮਰਨਾ ਕਿਵੇਂ ਚਾਹੀਦਾ ਹੈ। ਉਸ ਦੇ ਨੈਣ-ਨਕਸ਼ਾਂ ਵਿਚ ਸਦੀਵੀ ਪ੍ਰਸ਼ਨ-ਉੱਤਰ ਸਨ ਅਤੇ ਉਸ ਦੀ ਚਾਲ ਵਿਚ ਜ਼ਮਾਨੇ ਤੋਂ ਅੱਗੇ ਰਹਿਣ ਵਾਲੀ ਦਲੇਰੀ ਅਤੇ ਦ੍ਰਿੜ੍ਹਤਾ ਸੀ। ਉਹ ਹਜ਼ਾਰ ਸਾਲ ਨਾਲੋਂ ਵੀ ਵਧੇਰੇ ਉਮਰ ਦਾ ਲਗਦਾ ਸੀ। ਉਹ ਸੰਸਾਰ ਦਾ ਪਹਿਲਾ ਵਿਸ਼ਵ-ਨਾਗਰਿਕ ਸੀ, ਜਿਸ ਨੇ ਸਾਰੇ ਸੰਸਾਰ ਦੇ ਸੰਦਰਭ ਵਿਚ ਸੋਚਿਆ। ਉਸ ਨੇ ਕਿਸੇ ਦਾ ਵਿਚਾਰ ਨਹੀਂ ਮੰਨਿਆ ਅਤੇ ਸਭ ਕੁਝ ਆਪ ਸੋਚਿਆ। ਖੋਜਵੇਂ ਪ੍ਰਸ਼ਨ-ਉੱਤਰ ਵਾਲੀ ਉਸ ਦੀ ਵਿਧੀ ਨੂੰ ਸੁਕਰਾਤੀ-ਵਿਧੀ ਵਜੋਂ ਜਾਣਿਆ ਜਾਂਦਾ ਹੈ।

ਸੁਕਰਾਤ ਦੇ ਸੁਤੰਤਰ ਵਿਚਾਰਾਂ ਕਰਕੇ ਯੂਨਾਨ ਦੇ ਜਵਾਨ ਉਸ ਦੇ ਮਤਵਾਲੇ ਸਨ ਪਰ ਉਨ੍ਹਾਂ ਦੇ ਮਾਪੇ ਅਤੇ ਹਾਕਮ ਇਨ੍ਹਾਂ ਜਵਾਨਾਂ ਦੇ ਘੋਖਵੇਂ ਪ੍ਰਸ਼ਨਾਂ ਕਾਰਨ ਪ੍ਰੇਸ਼ਾਨ ਹੋਣ ਕਾਰਨ, ਸੁਕਰਾਤ ਦੇ ਵਿਰੋਧੀ ਸਨ। ਸੁਕਰਾਤ ਨੂੰ ਬਦਨਾਮ ਕਰਕੇ ਆਪ ਪ੍ਰਸਿੱਧ ਹੋਣ ਦੇ ਉਦੇਸ਼ ਨਾਲ, ਤਿੰਨ ਦੋਖੀਆਂ ਨੇ ਸੁਕਰਾਤ 'ਤੇ ਦੋਸ਼ ਲਾਇਆ ਕਿ ਉਹ ਦੇਵਤਿਆਂ ਦਾ ਸਤਿਕਾਰ ਨਹੀਂ ਸੀ ਕਰਦਾ ਅਤੇ ਉਸ ਦੇ ਨਵੇਂ ਵਿਚਾਰ ਜਵਾਨਾਂ ਨੂੰ ਭ੍ਰਿਸ਼ਟ ਕਰਕੇ ਕੁਰਾਹੇ ਪਾ ਰਹੇ ਸਨ। ਸੁਕਰਾਤ ਨੇ ਦੇਵਤਿਆਂ ਨੂੰ, ਪਸ਼ੂਆਂ ਦੀ ਬਲੀ ਦੇਣ ਦੀ ਰੀਤ ਨੂੰ ਕੋਹਜੀ ਕਿਸਮ ਦੀ ਰਿਸ਼ਵਤ ਦੱਸਿਆ ਸੀ ਅਤੇ ਜਵਾਨਾਂ ਨੂੰ ਉਹ ਕਿਸੇ ਗ੍ਰੰਥ ਨੂੰ, ਮੰਨਣ ਦੀ ਥਾਂ ਆਪ ਸੋਚਣ ਅਤੇ ਆਪਣਾ ਮਾਰਗ ਆਪ ਚੁਣਨ ਲਈ ਪ੍ਰੇਰਦਾ ਸੀ।

ਉਸ ਸਮੇਂ ਸੁਕਰਾਤ ਦਾ ਨਿਵਾਸ-ਸਥਾਨ ਏਥਨਸ, ਯੂਨਾਨ ਦੀ ਇਕ ਛੋਟੀ ਜਿਹੀ ਰਿਆਸਤ ਸੀ, ਜਿਸ ਨੂੰ ਸੰਸਾਰ ਦਾ ਸਭ ਤੋਂ ਅਕਲਮੰਦ ਪਰਜਾਤੰਤਰ ਮੰਨਿਆ ਜਾਂਦਾ ਸੀ, ਜਿਹੜਾ ਸਤਾਈ ਸਾਲਾਂ ਦੇ ਲੰਮੇ ਯੁੱਧ ਨਾਲ ਪੀੜਤ ਅਤੇ ਹਾਰ ਨਾਲ ਥੱਕਿਆ ਹੋਇਆ ਸੀ।

ਨੈਤਿਕ ਪਤਨ ਕਾਰਨ ਹਾਕਮ ਉਸ ਨਾਲ ਹੀ ਨਹੀਂ, ਉਸ ਦੇ ਸ਼ਿਸ਼ਾਂ ਨਾਲ ਵੀ ਚਿੜ੍ਹੇ ਹੋਏ ਸਨ, ਜਿਸ ਕਾਰਨ ਸੁਕਰਾਤ 'ਤੇ ਤੀਹ ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨਾਲ ਗੱਲਬਾਤ ਕਰਨ ਦੀ ਪਾਬੰਦੀ ਲੱਗੀ ਹੋਈ ਸੀ। ਹਾਕਮ ਤਰਕਸ਼ੀਲ ਅਤੇ ਵਿਕਾਸਵਾਦੀ ਸੁਕਰਾਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਸੁਕਰਾਤ 'ਤੇ ਦਾਇਰ ਕੀਤਾ ਗਿਆ ਮੁਕੱਦਮਾ, ਇਸੇ ਵਿਉਂਤ ਦਾ ਭਾਗ ਸੀ।

ਸੰਸਾਰ ਦਾ ਸਭ ਤੋਂ ਵੱਧ ਦਿਲਚਸਪ ਅਦਾਲਤੀ-ਦ੍ਰਿਸ਼ ਸੁਕਰਾਤ ਦਾ ਮੁਕੱਦਮਾ ਮੰਨਿਆ ਗਿਆ ਹੈ, ਜਿਸ ਵਿਚ ਪੰਜ-ਸੌ-ਇਕ ਜੱਜ ਬੈਠੇ ਸਨ। ਏਥਨਸ ਵਾਸੀ ਬੜੇ ਮੁਕੱਦਮੇਬਾਜ਼ ਸਨ। ਕੋਈ ਵੀ ਕਿਸੇ 'ਤੇ ਕੋਈ ਦੋਸ਼ ਲਾ ਸਕਦਾ ਸੀ ਅਤੇ ਦੋਸ਼ੀ ਨੂੰ ਆਪ ਆ ਕੇ ਆਪਣਾ ਪੱਖ ਸਪੱਸ਼ਟ ਕਰਨਾ ਪੈਂਦਾ ਸੀ। ਮੁਕੱਦਮੇ ਦੀ ਸਾਰੀ ਕਾਰਵਾਈ ਇਕ ਦਿਨ ਵਿਚ ਨਿਪਟਾਉਣ ਦੀ ਰੀਤ ਸੀ ਅਤੇ ਮੌਤ ਦੀ ਸਜ਼ਾ 'ਤੇ ਅਗਲੇ ਹੀ ਦਿਨ ਤਾਮੀਲ ਹੋ ਜਾਂਦੀ ਸੀ। ਸੁਕਰਾਤ ਵਕੀਲਾਂ ਨੂੰ ਕਾਨੂੰਨੀ ਵੇਸਵਾਵਾਂ ਕਹਿੰਦਾ ਸੀ, ਸੋ ਉਸ ਨੇ ਆਪਣਾ ਮੁਕੱਦਮਾ ਆਪ ਲੜਿਆ। ਅਦਾਲਤ ਵਿਚ ਸੁਕਰਾਤ ਆਪਣੇ ਇਤਿਹਾਸਕ ਬਿਆਨ ਨਾਲ ਪੱਖਪਾਤੀ ਜੱਜਾਂ ਦੀ ਹਮਦਰਦੀ ਤਾਂ ਨਾ ਜਿੱਤ ਸਕਿਆ ਪਰ ਉਸ ਨੇ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲ ਜਿੱਤ ਲਏ। ਸੁਕਰਾਤ ਦੇ ਹੋਰਾਂ ਦੋਸਤਾਂ-ਮਿੱਤਰਾਂ ਨਾਲ, ਉਸ ਦਾ ਮੁੱਖ ਸ਼ਿਸ਼ ਪਲੈਟੋ ਵੀ ਮੁਕੱਦਮੇ ਦੀ ਕਾਰਵਾਈ ਵੇਖਣ ਵਾਲਿਆਂ ਵਿਚ ਸ਼ਾਮਲ ਸੀ।

ਸੁਕਰਾਤ ਨੇ ਆਪਣੇ ਲੰਮੇ ਬਿਆਨ ਵਿਚ ਕਿਹਾ: ਮੇਰੇ ਤੇ ਦੋਸ਼ ਹੈ ਕਿ ਮੈਂ ਅਪਵਿੱਤਰ ਵਿਚਾਰਾਂ ਵਾਲਾ ਹਾਂ, ਇਸ ਦਾ ਅਰਥ ਇਹੀ ਨਿਕਲਦਾ ਹੈ ਕਿ ਤੁਸੀਂ ਪਵਿੱਤਰ ਵਿਚਾਰਾਂ ਵਾਲੇ ਹੋ। ਮੈਂ ਕਹਿੰਦਾ ਹਾਂ ਕਿ ਅਣਪਰਖਿਆ ਜੀਵਨ, ਜੀਵਨ ਨਹੀਂ ਹੁੰਦਾ ਅਤੇ ਜੀਵਨ ਦੀ ਪਰਖ ਕਰਨ ਲਈ ਸੋਚਣਾ ਨਾ ਅਪਰਾਧ ਹੈ ਨਾ ਪਾਪ ਹੈ। ਤੁਹਾਡਾ ਇਤਰਾਜ਼ ਹੈ ਕਿ ਮੈਂ ਨਵੇਂ ਢੰਗ ਨਾਲ ਸੋਚਦਾ ਹਾਂ, ਕੀ ਇਹ ਦੋਸ਼ ਹੈ, ਇਹ ਕਿਸ ਕਿਸਮ ਦਾ ਦੋਸ਼ ਹੈ? ਤੁਸੀਂ ਕਹਿੰਦੇ ਹੋ ਕਿ ਜੇ ਮੈਂ ਸੋਚਣਾ-ਬੋਲਣਾ ਬੰਦ ਕਰ ਦੇਵਾਂ ਤਾਂ ਤੁਸੀਂ ਮੈਨੂੰ ਬਰੀ ਕਰ ਦੇਵੋਗੇ, ਮੈਂ ਤੁਹਾਡਾ ਨਹੀਂ, ਸੋਚਣ ਦੀ ਯੋਗਤਾ ਦੇਣ ਵਾਲੇ, ਰੱਬ ਦਾ ਆਦੇਸ਼ ਮੰਨਾਂਗਾ ਅਤੇ ਸੱਚ ਦੀ ਖੋਜ ਵਾਲਾ ਆਪਣਾ ਮਾਰਗ ਕਦੇ ਨਹੀਂ ਤਿਆਗਾਂਗਾ।

ਇਸ ਬਿਆਨ ਨੂੰ ਪਲੈਟੋ ਨੇ ਕਲਮਬੰਦ ਕਰਕੇ ਆਪਣੀ ਅਤੇ ਸੁਕਰਾਤ ਲਈ ਸ਼ੋਭਾ ਵਧਾਈ ਹੈ। ਮਗਰੋਂ ਲੰਮੇ ਅਰਸੇ ਤੱਕ ਹਰ ਨਵੇਂ ਅਤੇ ਉਭਰਦੇ ਵਿਦਵਾਨ ਵਲੋਂ, ਆਪਣੀ ਵਿਦਵਤਾ ਦੇ ਸਬੂਤ ਵਜੋਂ, ਸੁਕਰਾਤ ਦੇ ਇਸ ਬਿਆਨ ਨੂੰ, ਆਪਣੇ ਸ਼ਬਦਾਂ ਵਿਚ ਲਿਖਣ ਦੀ ਪਿਰਤ ਪਈ ਰਹੀ ਸੀ।

ਇਸ ਮੁਕੱਦਮੇ ਦੀ ਕਾਰਵਾਈ ਵਾਲੇ ਦਿਨ ਸਾਰਾ ਯੂਨਾਨ ਇਸ ਮੁਕੱਦਮੇ ਦੀਆਂ ਗੱਲਾਂ ਕਰ ਰਿਹਾ ਸੀ। ਏਥਨਸ ਦੇ ਘਰ ਖਾਲੀ ਸਨ, ਪੰਜ ਮੀਲ ਲੰਮੀ ਜਰਨੈਲੀ ਸੜਕ 'ਤੇ ਭੀੜ ਸੀ। ਲੋਕ ਅਦਾਲਤ ਦਾ ਫ਼ੈਸਲਾ ਉਡੀਕ ਰਹੇ ਸਨ। ਪੰਜ-ਸੌ-ਇਕ ਜੱਜਾਂ ਵਿਚੋਂ ਦੋ-ਸੌ-ਅੱਸੀ ਜੱਜਾਂ ਨੇ ਸੁਕਰਾਤ ਨੂੰ ਦੋਸ਼ੀ ਕਰਾਰ ਦਿੱਤਾ ਸੀ। ਉਸ ਸਮੇਂ ਦੋਸ਼ੀ ਕਰਾਰ ਦਿੱਤੇ ਜਾਣ 'ਤੇ ਦੋਸ਼ੀ ਨੂੰ ਆਪਣੀ ਸਜ਼ਾ ਆਪ ਤਜਵੀਜ਼ ਕਰਨ ਦਾ ਅਧਿਕਾਰ ਸੀ। ਜੇ ਸੁਕਰਾਤ ਚਾਹੁੰਦਾ ਤਾਂ ਬਰੀ ਹੋਣ ਲਈ ਉਹ ਏਥਨਸ ਛੱਡ ਕੇ ਜਾ ਸਕਦਾ ਸੀ ਪਰ ਉਸ ਨੇ ਕਿਹਾ ਕਿ ਜੇ ਮੇਰੇ ਲਈ

ਇਥੇ ਥਾਂ ਨਹੀਂ ਤਾਂ ਮੇਰੇ ਲਈ ਕਿਧਰੇ ਵੀ ਥਾਂ ਨਹੀਂ। ਜਦੋਂ ਉਸ ਨੂੰ ਆਪਣੇ ਅਪਰਾਧ ਦਾ ਆਪ ਹੀ ਜੁਰਮਾਨਾ ਤਜਵੀਜ਼ ਕਰਨ ਲਈ ਕਿਹਾ ਗਿਆ ਤਾਂ ਸੁਕਰਾਤ ਨੇ ਕੇਵਲ ਇਕ ਸਿੱਕਾ ਜੁਰਮਾਨੇ ਵਜੋਂ ਅਦਾ ਕਰਨ ਦੀ ਪੇਸ਼ਕਸ਼ ਕੀਤੀ, ਜਿਸ ਕਾਰਨ ਸਭਾ ਵਿਚ ਹਾਸਾ ਮੱਚਣ ਕਾਰਨ, ਕਈ ਹੋਰ ਜੱਜ ਉਸ ਨਾਲ ਚਿੜ੍ਹ ਗਏ ਅਤੇ ਪੰਜ-ਸੌ-ਇਕ ਵਿਚੋਂ ਤਿੰਨ-ਸੌ-ਅੱਸੀ ਜੱਜਾਂ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਇਸ ਫੈਸਲੇ ਨੇ ਕਿਸੇ ਨੂੰ ਹੈਰਾਨ ਨਾ ਕੀਤਾ।

ਲੋਕ ਜਾਣਦੇ ਸਨ ਕਿ ਯੂਨਾਨੀ ਹਾਕਮਾਂ ਕੋਲ ਇਤਨੀ ਯੋਗਤਾ ਅਤੇ ਸਮਰੱਥਾ ਹੀ ਨਹੀਂ ਸੀ ਕਿ ਉਹ ਸੁਕਰਾਤ ਦਾ ਮਹੱਤਵ ਜਾਣ ਸਕਦੇ।

ਸਜ਼ਾ ਮਿਲਣ ਸਮੇਂ ਸੁਕਰਾਤ ਸੱਤਰ ਵਰ੍ਹੇ ਦਾ ਸੀ। ਸਜ਼ਾ ਦੇ ਐਲਾਨ ਉਪਰੰਤ ਉਸ ਨੇ ਘਬਰਾਏ ਹੋਏ ਜੱਜਾਂ ਨੂੰ ਮੁਖਾਤਬ ਹੁੰਦਿਆਂ ਕਿਹਾ: ਤੁਸੀਂ ਸਿਆਣਪ ਨਹੀਂ ਕੀਤੀ। ਥੋੜ੍ਹਾ ਚਿਰ ਉਡੀਕ ਲੈਂਦੇ ਤਾਂ ਮੈਂ ਉਂਝ ਹੀ ਮਰ ਜਾਣਾ ਸੀ ਅਤੇ ਮੈਨੂੰ ਮਰੇ ਨੂੰ ਵੇਖਣ ਦੀ ਤੁਹਾਡੀ ਰੀਝ ਸਹਿਜੇ ਹੀ ਪੂਰੀ ਹੋ ਜਾਣੀ ਸੀ। ਤੁਸੀਂ ਇਕ ਨਿਰਦੋਸ਼ ਵਿਅਕਤੀ ਨੂੰ ਮਾਰਨ ਦਾ ਕਲੰਕ ਸਹੇੜ ਲਿਆ ਹੈ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਤੁਹਾਡੇ 'ਤੇ ਉਂਗਲੀ ਉਠਾਉਣਗੀਆਂ। ਭਾਵੇਂ ਮੈਂ ਸਿਆਣਾ ਨਹੀਂ ਪਰ ਸਮਾਂ ਮੈਨੂੰ ਸਿਆਣਾ ਅਤੇ ਤੁਹਾਨੂੰ ਦੋਸ਼ੀ ਸਿੱਧ ਕਰੇਗਾ ਅਤੇ ਇਤਿਹਾਸ ਤੁਹਾਨੂੰ ਪੁੱਛੇਗਾ ਕਿ ਤੁਸੀਂ ਆਪਣੇ ਸਿਆਣਿਆਂ ਨਾਲ ਅਜਿਹਾ ਵਿਹਾਰ ਕਿਉਂ ਕੀਤਾ। ਮੈਨੂੰ ਮੌਤ ਸਵੀਕਾਰ ਹੈ ਪਰ ਮੈਂ ਸੱਚ ਬੋਲਣ ਤੋਂ ਕਦੇ ਨਹੀਂ ਹਟਾਂਗਾ। ਮੈਂ ਮੌਤ ਨਾਲ ਸਦਾ ਲਈ ਮੁਕਤ ਹੋ ਜਾਵਾਂਗਾ, ਤੁਸੀਂ ਜਿਤਨਾ ਚਿਰ ਜੀਵੋਗੇ, ਬਦਨਾਮੀ ਹੀ ਖੱਟੋਗੇ। ਤੁਹਾਡਾ ਦਿੱਤਾ ਅਨਿਆਂ ਮੈਂ ਸਹਿ ਲਵਾਂਗਾ ਪਰ ਸੱਚ ਦਾ ਨਿਆਂ ਤੁਹਾਨੂੰ ਭੁਗਤਣਾ ਪਏਗਾ। ਤੁਸੀਂ ਭੁੱਲ ਜਾਓ ਕਿ ਮੈਨੂੰ ਮਾਰ ਕੇ ਤੁਸੀਂ ਅਰਾਮ ਦੀ ਨੀਂਦ ਸੋਵੋਂਗੇ, ਕਿਉਂਕਿ ਏਥਨਸ ਦੇ ਜਵਾਨ ਤੁਹਾਨੂੰ ਵੰਗਾਰ ਕੇ ਪੁੱਛਿਆ ਕਰਨਗੇ ਕਿ ਤੁਸੀਂ ਇਹ ਕੀ ਕੀਤਾ? ਆਓ ਚੱਲੀਏ, ਮੈਂ ਮੌਤ ਵਲ ਚਲਦਾ ਹਾਂ, ਤੁਸੀਂ ਜੀਵਨ ਵਲ ਚੱਲੋ, ਕੌਣ ਜਾਣੇ ਕਿ ਕੌਣ ਭਾਗਾਂ ਵਾਲਾ ਹੈ!

ਸਾਰਾ ਯੂਨਾਨ ਉਦਾਸ ਸੀ! ਫੈਸਲਾ ਸੁਣਾ ਕੇ ਲੋਕਾਂ ਦੇ ਰੋਹ ਤੋਂ ਡਰਦੇ, ਜੱਜ ਲੁਕ ਗਏ ਸਨ। ਉਸ ਰਾਤ ਤਾਰਿਆਂ ਦਾ ਰੰਗ ਬਦਲ ਗਿਆ ਸੀ, ਵਾਤਾਵਰਣ ਵਿਚ ਸੋਗ ਸੀ, ਪੰਛੀ ਚੁੱਪ ਸਨ, ਅੱਥਰੂਆਂ ਨਾਲ ਪੌਣ ਸਲ੍ਹਾਬੀ ਹੋਈ ਸੀ।

ਚੁੱਪ ਰਹਿ ਕੇ ਸੁਕਰਾਤ ਆਪਣੀ ਜਾਨ ਬਚਾ ਸਕਦਾ ਸੀ ਪਰ ਉਸ ਨੂੰ ਜਾਨ ਨਾਲੋਂ ਸੱਚ ਵਧੇਰੇ ਪਿਆਰਾ ਸੀ।

ਸੁਕਰਾਤ ਆਪ ਪੈਦਲ ਟੁਰ ਕੇ ਜੇਲ੍ਹ ਪਹੁੰਚ ਗਿਆ ਸੀ।

ਉਂਝ ਤਾਂ ਸੁਕਰਾਤ ਨੂੰ ਅਗਲੇ ਹੀ ਦਿਨ ਮੌਤ ਦੇ ਘਾਟ ਉਤਾਰ ਦਿੱਤਾ ਜਾਣਾ ਸੀ ਪਰ ਰਵਾਇਤ ਅਨੁਸਾਰ ਇਕ ਜਹਾਜ਼ ਦੀ ਤੀਰਥ-ਯਾਤਰਾ ਦੌਰਾਨ

ਕਿਸੇ ਨੂੰ ਕੋਈ ਸਜ਼ਾ ਦੇਣ ਦੀ ਮਨਾਹੀ ਸੀ। ਇਹ ਜਹਾਜ਼ ਵੀਹ ਦਿਨਾਂ ਮਗਰੋਂ ਮੁੜਿਆ ਅਤੇ ਇਹ ਸਾਰੇ ਦਿਨ ਸੁਕਰਾਤ ਖੁਲ੍ਹੀ ਜੇਲ੍ਹ ਵਿਚ ਰਿਹਾ, ਜਿਥੇ ਉਸ ਦੇ ਮਿਲਣ ਵਾਲੇ ਉਸ ਨੂੰ ਮਿਲ ਸਕਦੇ ਸਨ। ਇਨ੍ਹਾਂ ਦਿਨਾਂ ਵਿਚ ਸੁਕਰਾਤ ਦੇ ਮਿੱਤਰ ਕਰੀਟੋ ਨੇ ਜਦੋਂ ਸੁਕਰਾਤ ਨੂੰ ਜੇਲ੍ਹ ਵਿਚੋਂ ਦੌੜ ਜਾਣ ਦਾ ਸੁਝਾਓ ਦਿੱਤਾ ਤਾਂ ਸੁਕਰਾਤ ਨੇ ਹੱਸ ਕੇ ਕਿਹਾ: ਇਵੇਂ ਸੋਚਣਾ ਵੀ ਨਹੀਂ ਚਾਹੀਦਾ, ਕਿਉਂਕਿ ਮੇਰੇ ਦੌੜ ਜਾਣ ਨਾਲ ਜੱਜਾਂ ਦਾ ਅਨਿਆਂ, ਨਿਆਂ ਪ੍ਰਤੀਤ ਹੋਣ ਲੱਗ ਪਏਗਾ ਅਤੇ ਲੋਕ ਮੇਰੇ ਗਿਆਨ ਦੀਆਂ ਨਹੀਂ, ਮੇਰੇ ਭਗੌੜਾ ਹੋਣ ਦੀਆਂ ਹੀ ਗੱਲਾਂ ਕਰਨਗੇ।

ਜਹਾਜ਼ ਦੇ ਮੁੜਨ ਨਾਲ ਸੁਕਰਾਤ ਦੇ ਇਸ ਸੰਸਾਰ ਤੋਂ ਵਿਦਾ ਹੋਣ ਦਾ ਦਿਨ ਆ ਗਿਆ ਸੀ। ਸੁਕਰਾਤ ਨੂੰ ਮਰਨ ਦਾ ਚਾਅ ਚੜ੍ਹਿਆ ਹੋਇਆ ਸੀ।

ਫ਼ਿਲਾਸਫ਼ਰ ਦੀ ਸ਼ਖ਼ਸੀਅਤ, ਉਸ ਦੇ ਮਰਨ ਢੰਗ ਤੋਂ ਪਰਖੀ ਜਾਂਦੀ ਹੈ।

ਸੁਕਰਾਤ, ਇਕ ਫ਼ਿਲਾਸਫ਼ਰ ਵਾਂਗ, ਸਵੈਮਾਣ ਨਾਲ, ਸੁਚੇਤ ਹੋ ਕੇ ਮਰਿਆ।

ਉਹ ਅੰਤਲੇ ਪਲਾਂ ਤੱਕ ਦੋਸਤਾਂ ਨਾਲ ਫ਼ਲਸਫ਼ੇ ਦੇ ਮਸਲੇ ਵਿਚਾਰਦਾ ਰਿਹਾ। ਅੰਤਲੇ ਘੰਟਿਆਂ ਵਿਚ ਉਸ ਨੇ ਆਤਮਾ ਬਾਰੇ ਗੱਲਾਂ ਕੀਤੀਆਂ। ਇਸ ਅੰਤਲੇ ਦਿਨ ਉਸ ਦੀ ਪਤਨੀ ਵੀ ਇਕ ਪੁੱਤਰ ਨਾਲ ਜੇਲ੍ਹ ਵਿਚ ਹਾਜ਼ਰ ਸੀ। ਸੁਕਰਾਤ ਨੇ ਆਪਣੇ ਮਿੱਤਰ ਕਰੀਟੋ ਨੂੰ ਕਿਹਾ ਕਿ ਉਹ ਵਿਰਲਾਪ ਕਰ ਰਹੀ ਇਸ ਇਸਤਰੀ ਨੂੰ ਇਸ ਦੇ ਘਰ ਛੱਡ ਆਵੇ ਅਤੇ ਆਪਣੇ ਮਗਰੋਂ ਪਰਿਵਾਰ ਦਾ ਖਰਚਾ ਅਦਾ ਕਰਨ ਦੀ ਜ਼ਿੰਮੇਵਾਰੀ ਵੀ ਕਰੀਟੋ ਨੂੰ ਸੰਭਾਲ ਦਿੱਤੀ।

ਆਪਣੀ ਲੱਤ ਸਿੱਧੀ ਕਰਕੇ, ਖਾਜ ਕਰਦਿਆਂ ਸੁਕਰਾਤ ਨੇ ਕਿਹਾ: ਖਾਜ ਕਰਨ ਵਿਚੋਂ ਵੀ ਬੜਾ ਆਨੰਦ ਮਿਲਦਾ ਹੈ।

ਪਤਨੀ ਨੂੰ ਵਿਦਾ ਕਰਕੇ ਸੁਕਰਾਤ ਮਰਨ ਲਈ ਤਿਆਰ ਹੋਣ ਲੱਗ ਪਿਆ। ਸ਼ਾਮ ਦਾ ਵੇਲਾ ਸੀ, ਏਥਨਸ ਦੀ ਸਾਰੀ ਅਬਾਦੀ ਨੇ ਜੇਲ੍ਹ ਨੂੰ ਘੇਰਾ ਪਾਇਆ ਹੋਇਆ ਸੀ। ਸੁਕਰਾਤ ਨੇ ਜੇਲ੍ਹਰ ਨੂੰ ਕਿਹਾ: ਜੇ ਜ਼ਹਿਰ ਤਿਆਰ ਹੈ ਤਾਂ ਲੈ ਆਓ, ਉਸ ਨੇ ਜੇਲ੍ਹਰ ਤੋਂ ਜ਼ਹਿਰ ਪੀਣ ਦੀ ਵਿਧੀ ਪੁੱਛੀ ਅਤੇ ਦੋਹਾਂ ਹੱਥਾਂ ਨਾਲ ਜ਼ਹਿਰ ਦਾ ਪਿਆਲਾ ਫੜ ਕੇ, ਬੱਚੇ ਵਾਲੀ ਮਾਸੂਮਤਾ ਨਾਲ, ਅਖੀਰਲੀ ਬੂੰਦ ਤੱਕ, ਭਰਿਆ ਪਿਆਲਾ ਪੀ ਗਿਆ। ਜੇਲ੍ਹਰ ਨੇ ਕਿਹਾ, ਕੁਝ ਕਦਮ ਚੱਲੋ, ਜਦੋਂ ਲੱਤਾਂ ਭਾਰੀ ਹੋ ਜਾਣ ਤਾਂ ਲੇਟ ਜਾਣਾ, ਜ਼ਹਿਰ ਹੌਲੀ-ਹੌਲੀ ਅਸਰ ਕਰੇਗਾ। ਸੁਕਰਾਤ ਨੇ ਦੋਸਤਾਂ ਨੂੰ ਕਿਹਾ ਹੋਇਆ ਸੀ ਕਿ ਕਿਸੇ ਨੇ ਰੋਣਾ ਨਹੀਂ ਪਰ ਉਹ ਵੈਣ ਪਾ ਰਹੇ ਸਨ। ਬੜੀ ਅਜੀਬ ਸਥਿਤੀ ਸੀ ਕਿਉਂਕਿ ਜਿਊਂਦੇ ਰਹਿਣ ਵਾਲੇ ਰੋ ਰਹੇ ਸਨ, ਮਰਨ ਵਾਲਾ ਸੁਕਰਾਤ, ਉਨ੍ਹਾਂ ਨੂੰ ਦਿਲਾਸੇ ਦੇ ਕੇ ਚੁੱਪ ਕਰਵਾ ਰਿਹਾ ਸੀ ਅਤੇ ਕਹਿ ਰਿਹਾ ਸੀ: ਮੈਨੂੰ ਅਰਾਮ ਨਾਲ ਮਰਨ ਦਿਓ।

ਧਰਤੀ ਦਾ ਸੂਰਜ ਅਤੇ ਅਸਮਾਨ ਦਾ ਸੂਰਜ, ਦੋਵੇਂ ਵਿਦਾ ਹੋ ਰਹੇ ਸਨ।

ਨੂਰ, ਨੂਰ ਵਿਚ ਅਤੇ ਮਿੱਟੀ, ਮਿੱਟੀ ਵਿਚ ਰਲ ਰਹੀ ਸੀ।
ਉਸ ਰਾਤ ਏਥਨਸ ਦੇ ਕਿਸੇ ਚੁੱਲ੍ਹੇ ਵਿਚ ਅੱਗ ਨਹੀਂ ਸੀ ਬਲੀ।
ਜਵਾਨਾਂ ਨੇ ਲੱਭ-ਲੱਭ ਕੇ ਕਈ ਜੱਜਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।
ਸਾਰੀ ਰਾਤ ਲੋਕ ਵਿਦਾਇਗੀ ਦੇ ਗੀਤ ਗਾਉਂਦੇ ਰਹੇ।
ਏਥਨਸ ਵਾਸੀਆਂ ਲਈ ਸੁਕਰਾਤ ਮਰਿਆ ਨਹੀਂ ਸੀ, ਵਿਦਾ ਹੋਇਆ ਸੀ।
ਮਰੇ ਹੋਏ ਭੁੱਲ ਜਾਂਦੇ ਹਨ, ਵਿਦਾ ਹੋਣ ਵਾਲੇ ਉਡੀਕੇ ਜਾਂਦੇ ਹਨ।
ਇੰਝ ਲੱਗ ਰਿਹਾ ਸੀ, ਜਿਵੇਂ ਯੂਨਾਨ ਦੀ ਆਤਮਾ ਮਰ ਗਈ ਸੀ।
ਸਭ ਤੋਂ ਵੱਡਾ ਆਲੋਚਕ ਅਤੇ ਪ੍ਰਸੰਸਕ ਸਮਾਂ ਹੁੰਦਾ ਹੈ।
ਸੰਸਾਰ ਵਿਚ ਮਹਾਨ ਉਹ ਹੁੰਦਾ ਹੈ, ਜਿਸ ਨੂੰ ਵਕਤ ਮਰਨ ਨਹੀਂ ਦਿੰਦਾ।

ਮਹਾਤਮਾ ਸੁਕਰਾਤ ਦੇ ਟੁਰ ਜਾਣ ਮਗਰੋਂ ਭਾਵੇਂ ਢਾਈ ਹਜ਼ਾਰ ਵਰ੍ਹੇ ਬੀਤ ਗਏ ਹਨ ਪਰ ਯੂਨਾਨ ਦਾ ਪਛਤਾਵਾ ਘਟਿਆ ਨਹੀਂ।

ਮਹਾਨਤਾ ਦਾ ਦੁਖਾਂਤ ਇਹ ਹੈ ਕਿ ਜਿਊਂਦੇ ਮਹਾਂਪੁਰਸ਼ਾਂ ਨਾਲ ਸੰਸਾਰ ਨੂੰ ਸਹੀ ਅਤੇ ਢੁੱਕਵਾਂ ਵਿਹਾਰ ਕਰਨਾ ਨਹੀਂ ਆਉਂਦਾ।

ਸੁਕਰਾਤ, ਪ੍ਰਗਟਾਵੇ ਅਤੇ ਸੋਚਣ ਦੀ ਸੁਤੰਤਰਤਾ ਲਈ ਕੀਤੇ ਸੰਗ੍ਰਾਮ ਦਾ ਪਹਿਲਾ ਮਹਾਨ ਅਤੇ ਅਮਰ ਸ਼ਹੀਦ ਸੀ।

ਸੁਕਰਾਤ ਅੱਜ ਵੀ ਮਾਨਵਤਾ ਦੇ ਚੇਤਿਆਂ ਵਿਚ ਘੁੰਮਦਾ ਵੇਖਿਆ ਜਾ ਸਕਦਾ ਹੈ। ਸੁਕਰਾਤ ਸੰਸਾਰ ਦੀ ਹਰ ਲਾਇਬਰੇਰੀ ਵਿਚ ਹਾਜ਼ਰ ਹੈ।

* * *

ਛੋਹ ਦਾ ਅਨੁਭਵ

ਕੁਦਰਤ, ਹਵਾ ਰਾਹੀਂ ਹਰੇਕ ਜੀਵ-ਜੰਤੂ ਨੂੰ ਨਿਰੰਤਰ ਛੋਂਹਦੀ ਰਹਿੰਦੀ ਹੈ।

ਛੋਹ, ਜੀਵਨ ਦਾ ਬੁਨਿਆਦੀ ਅਨੁਭਵ ਹੈ।

ਸਾਡੀ ਚਮੜੀ ਹਰੇਕ ਪ੍ਰਕਾਰ ਦੀ ਛੋਹ ਅਤੇ ਛੋਹ ਵਿਚਲੀ ਹਰੇਕ ਤਬਦੀਲੀ ਨੂੰ ਅਨੁਭਵ ਕਰਦੀ ਹੈ।

ਜਦੋਂ ਕਿਸੇ ਨੂੰ ਪਿਆਰ ਅਤੇ ਸਨੇਹ ਵਜੋਂ ਗਲਵੱਕੜੀ ਪਾਈ ਜਾਂਦੀ ਹੈ ਤਾਂ ਬਾਹਵਾਂ, ਬਾਹਵਾਂ ਨੂੰ; ਦਿਲ, ਦਿਲ ਨੂੰ ਅਤੇ ਸਿਰ, ਸਿਰ ਨੂੰ ਛੋਂਹਦਾ ਹੈ।

ਗਲਵੱਕੜੀ ਰਾਹੀਂ ਅਸੀਂ ਇਕ-ਦੂਜੇ ਦੇ ਮੇਚ ਆ ਜਾਂਦੇ ਹਾਂ।

ਕਿਸੇ ਨੂੰ ਛੋਹਣ ਤੋਂ ਪਹਿਲਾਂ, ਉਸ ਨੂੰ ਨਜ਼ਰ ਅਤੇ ਅਵਾਜ਼ ਨਾਲ ਛੋਹਿਆ ਜਾਂਦਾ ਹੈ। ਵੇਖਣ ਤੋਂ ਬਿਨਾ ਕਿਸੇ ਦੇ ਨੇੜੇ ਨਹੀਂ ਹੋਇਆ ਜਾ ਸਕਦਾ, ਸੁਣਨ ਤੋਂ ਬਿਨਾ ਕਿਸੇ ਦਾ ਸਾਥ ਨਹੀਂ ਮਾਣਿਆ ਜਾ ਸਕਦਾ, ਛੋਹਣ ਤੋਂ ਬਿਨਾ ਕਿਸੇ ਨੂੰ ਆਪਣਾ ਨਹੀਂ ਬਣਾਇਆ ਜਾ ਸਕਦਾ।

ਇਵੇਂ ਛੋਹ, ਸੁਣਨ-ਵੇਖਣ-ਬੋਲਣ ਦਾ ਬਦਲ ਬਣ ਜਾਂਦੀ ਹੈ।

ਸਰੀਰ ਦੇ ਕੁਝ ਹਿੱਸੇ ਹੀ ਵੇਖੇ-ਛੋਹੇ ਜਾਂਦੇ ਹਨ। ਸਾਰੇ ਸਰੀਰ ਨੂੰ ਵੇਖਣ-ਛੋਹਣ ਦਾ ਅਧਿਕਾਰ ਕਿਸੇ ਵਿਸ਼ੇਸ਼ ਨੂੰ ਹੀ ਦਿੱਤਾ ਜਾਂਦਾ ਹੈ।

ਛੋਹ ਇਕ ਸੂਖਮ ਅਨੁਭਵ ਹੈ, ਇਸ ਨੂੰ ਕਲਪਨਾ ਵਾਲੇ ਹੀ ਮਾਣਦੇ ਹਨ।

ਪਿਆਰੇ ਦੀ ਛੋਹ, ਪ੍ਰਸੰਨਤਾ ਦੀ ਸਿਖਰ ਅਤੇ ਅਨੁਭਵ ਦੀ ਡੂੰਘਾਈ, ਦੋਹਾਂ ਨਾਲ ਜਾਣ-ਪਛਾਣ ਕਰਵਾ ਦਿੰਦੀ ਹੈ।

ਸਹੀ ਅਤੇ ਗਲਤ ਤੋਂ ਪਾਰ ਪਹੁੰਚ ਕੇ, ਛੋਹਣ ਦੇ ਡੂੰਘੇ ਅਨੁਭਵ ਨਾਲ ਅੱਖਾਂ ਬੰਦ ਹੋ ਜਾਂਦੀਆਂ ਹਨ ਪਰ ਦਿਲ ਦੇ ਝਰੋਖੇ ਖੁੱਲ੍ਹ ਜਾਂਦੇ ਹਨ, ਜਿਸ ਕਾਰਨ ਛੋਹ ਇਕ ਬੁਝਾਰਤ ਬਣ ਜਾਂਦੀ ਹੈ। ਛੋਹ ਦਾ ਅਹਿਸਾਸ ਸ਼ਕਤੀਸ਼ਾਲੀ ਹੁੰਦਾ ਹੈ ਪਰ ਇਸ ਦਾ ਵਿਸ਼ਲੇਸ਼ਣ ਸੰਭਵ ਨਹੀਂ ਹੁੰਦਾ।

ਛੋਹ ਦਾ ਅਨੁਭਵ ਦੱਸਦਾ ਹੈ ਕਿ ਰੱਬ ਕਿਥੋਂ-ਕਿਥੋਂ ਲੰਘਿਆ ਹੈ।

ਪਹਿਲਾ ਪਿਆਰ, ਪਹਿਲੀ ਛੋਹ, ਪਹਿਲੀ ਸੌਗਾਤ ਆਦਿ ਪਹਿਲੀ ਹੋਣ ਕਰਕੇ ਜੀਵਨ ਭਰ ਯਾਦ ਰਹਿੰਦੀ ਹੈ।

ਮਹਾਂਪੁਰਸ਼ਾਂ ਦੀ ਛੋਹ, ਰੋਗੀਆਂ ਦੇ ਰੋਗ ਦੂਰ ਕਰ ਦਿੰਦੀ ਹੈ।

ਵੱਡਿਆਂ ਦੇ ਪੈਰ, ਅਜਨਬੀਆਂ ਦੇ ਹੱਥ ਅਤੇ ਆਪਣਿਆਂ ਦਾ ਸਾਰਾ ਸਰੀਰ ਛੋਹਿਆ ਜਾਂਦਾ ਹੈ। ਪਿਆਰਿਆਂ ਨੂੰ ਗਲਵੱਕੜੀ ਪਾ ਕੇ ਚੁੰਮਿਆ ਵੀ ਜਾਂਦਾ ਹੈ।

ਮਾਂ ਨੂੰ ਬੱਚੇ ਦੀ ਅਤੇ ਬੱਚੇ ਨੂੰ ਮਾਂ ਦੀ ਭਰਵੀਂ ਛੋਹ ਦੀ ਬੜੀ ਲੋੜ ਹੁੰਦੀ ਹੈ, ਜਿਹੜੀ ਦੋਹਾਂ ਨੂੰ ਤੰਦਰੁਸਤ ਰੱਖਦੀ ਹੈ।

ਮਾਂ, ਬੱਚੇ ਨੂੰ ਚੁੰਮ ਕੇ ਦੱਸਦੀ ਹੈ ਕਿ ਤੂੰ ਬੜਾ ਪਿਆਰਾ ਹੈਂ।

ਆਮ ਕਰਕੇ ਸੱਤ ਸਾਲ ਦੀ ਉਮਰ ਤੱਕ ਮਾਂ-ਬੱਚਾ ਇਕ-ਦੂਜੇ ਨੂੰ ਬੁੱਲ੍ਹਾਂ 'ਤੇ ਚੁੰਮਦੇ ਹਨ। ਵੱਡਾ ਹੋ ਰਿਹਾ ਪੁੱਤਰ ਮਾਂ ਨੂੰ ਨਹੀਂ ਛੋਂਹਦਾ, ਮਾਂ ਪੁੱਤਰ ਨੂੰ ਛੋਂਹਦੀ ਹੈ। ਇਵੇਂ ਹੀ ਧੀ, ਪਿਤਾ ਨੂੰ ਛੋਂਹਦੀ ਹੈ, ਪਿਤਾ ਧੀ ਨੂੰ ਨਹੀਂ ਛੋਂਹਦਾ।

ਜਿਨ੍ਹਾਂ ਸਮਾਜਾਂ ਵਿਚ ਧਰਮ ਦਾ ਅਤਿ-ਅਧਿਕ ਬੋਲ-ਬਾਲਾ ਹੈ, ਉਥੇ ਇਕ-ਦੂਜੇ ਨੂੰ ਛੋਹਣ 'ਤੇ ਅਨੇਕਾਂ ਰੋਕਾਂ ਅਤੇ ਮਨਾਹੀਆਂ ਹਨ ਅਤੇ ਛੋਹ ਨੂੰ ਅਸ਼ਲੀਲ ਹਰਕਤ ਸਮਝਿਆ ਜਾਂਦਾ ਹੈ। ਅਜਿਹੇ ਸਮਾਜਾਂ ਵਿਚ ਜ਼ਾਤ-ਪਾਤ ਕਾਰਨ ਵੀ ਇਕ-ਦੂਜੇ ਦੇ ਨੇੜੇ ਹੋਣ ਦੀ ਵੀ ਮਨਾਹੀ ਹੁੰਦੀ ਹੈ।

ਇਸਲਾਮ ਵਿਚ ਅਣਜਾਣ ਇਸਤਰੀ-ਪੁਰਸ਼ ਵਿਚਕਾਰ ਛੋਹ ਦੀ ਹੀ ਮਨ੍ਹਾਹੀ ਨਹੀਂ, ਇਕ ਦੂਜੇ ਵਲ ਵੇਖਣਾ ਵੀ ਵਰਜਿਤ ਹੈ।

ਜਦੋਂ ਯੋਰਪੀਨਾਂ ਨੇ ਮੱਧ-ਕਾਲ ਵਿਚ ਕਾਮ ਨੂੰ ਗਿਰਜੇ ਤੋਂ ਮੁਕਤ ਕਰਵਾਇਆ ਤਾਂ ਹੀ ਇਸਤਰੀ-ਪੁਰਸ਼ਾਂ ਦੇ ਸੰਬੰਧਾਂ ਵਿਚ ਛੋਹਣ ਦੀਆਂ ਖੁੱਲ੍ਹਾਂ ਸੰਭਵ ਹੋਈਆਂ। ਭਾਰਤ ਵਿਚ ਕਾਮ ਨੂੰ ਪਾਪ ਦੀ ਦ੍ਰਿਸ਼ਟੀ ਨਾਲ ਵੇਖੇ ਜਾਣ ਕਰਕੇ, ਸਮਾਜਿਕ ਖੇਤਰਾਂ ਵਿਚ ਅਜੇ ਇਸਤਰੀ-ਪੁਰਸ਼ ਨੂੰ ਸਧਾਰਨ ਰੂਪ ਵਿਚ ਪਰਸਪਰ ਛੋਹਣ ਦੀ ਪ੍ਰਵਾਨਗੀ ਨਹੀਂ ਮਿਲੀ।

ਜਿਤਨੇ ਸਾਡੇ ਦੇਸ਼ ਵਿਚ ਛੋਹ ਸੰਬੰਧੀ ਸੰਕੋਚ ਹਨ, ਉਤਨੇ ਹੀ ਅਮੀਰ ਅਤੇ ਵਿਕਸਿਤ ਦੇਸ਼ਾਂ ਵਿਚ ਛੋਹ ਦੇ ਪੱਖੋਂ ਵਧੇਰੇ ਪ੍ਰਯੋਗ ਕੀਤੇ ਗਏ ਹਨ।

ਸੰਭੋਗ ਕੁਦਰਤ ਦਾ ਵਰਤਾਰਾ ਹੈ ਪਰ ਪਿਆਰ ਮਨੁੱਖ ਦੀ ਕਾਢ ਹੈ।

ਛੋਹ ਦੀਆਂ ਅਨੰਤ ਸੰਭਾਵਨਾਵਾਂ ਕਾਰਨ ਪਿਆਰ ਇਕ ਰਹੱਸਮਈ ਅਨੁਭਵ ਹੁੰਦਾ ਹੈ। ਇਸ ਦਾ ਆਨੰਦ ਇਸ ਦੇ ਰਹੱਸ ਹੋਣ ਵਿਚ ਹੈ। ਪਿਆਰ ਨਾਲ ਹੀ ਸਾਡੇ ਅਨੁਭਵ ਦੀਆਂ ਬੂਹੇ-ਬਾਰੀਆਂ ਖੁੱਲ੍ਹਦੀਆਂ ਹਨ।

ਪਿਆਰ ਅਤੇ ਖਤਰੇ ਵਿਚ ਅੱਖਾਂ, ਕੰਨਾਂ ਅਤੇ ਹੱਥਾਂ ਦਾ ਕੰਮ ਬਹੁਤ ਵੱਧ ਜਾਂਦਾ ਹੈ, ਜਿਸ ਕਾਰਨ ਮਨੁੱਖ ਦੀ ਸਮੁੱਚੀ ਕਾਰ-ਗੁਜ਼ਾਰੀ ਤੇ ਅਸਰ ਪੈਂਦਾ ਹੈ।

ਮੁਸ਼ਕਿਲ ਵਿਚ ਹੱਥ, ਇਕ-ਦੂਜੇ ਨੂੰ ਦਿਲਾਸਾ ਦਿੰਦੇ ਹਨ, ਇਸੇ ਲਈ ਮੁਸ਼ਕਿਲ ਵਿਚ ਦੂਜੇ ਦਾ ਹੱਥ ਫੜਿਆ ਜਾਂਦਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਮੁਸੀਬਤ ਵਿਚ ਕੋਈ ਸਾਡਾ ਹੱਥ ਫੜੇ। ਦੂਜਿਆਂ ਦੇ ਹੱਥਾਂ ਦੀ ਛੋਹ ਨਾਲ ਅਸੀਂ ਦੁੱਗਣੇ ਹੋ ਗਏ ਮਹਿਸੂਸ ਕਰਦੇ ਹਾਂ।

ਛੋਹ ਮਹਿਸੂਸ ਕਰਨ ਦਾ ਖੇਤਰ ਹੈ, ਜਿਸ ਕਾਰਨ ਜਿਉਂ ਹੀ ਛੋਹ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਜਾਂਦਾ ਹੈ, ਸ਼ਬਦ ਸੱਖਣੇ ਹੋ ਜਾਂਦੇ ਹਨ। ਇਸੇ

ਕਰਕੇ ਮੁੱਦਤਾਂ ਮਗਰੋਂ ਮਿਲੇ ਦੋਸਤ, ਰਿਸ਼ਤੇਦਾਰ ਜਾਂ ਪ੍ਰੇਮੀ ਇਕ-ਦੂਜੇ ਦਾ ਹਾਲ-ਚਾਲ ਬੋਲ ਕੇ ਨਹੀਂ, ਵਧੇਰੇ ਕਰਕੇ ਛੋਹ ਨਾਲ ਹੀ ਦੱਸਦੇ-ਪੁੱਛਦੇ ਹਨ।

ਛੋਹ ਦੇ ਪੱਖੋਂ ਸਰੀਰ ਦਾ ਅਗਲਾ ਪਾਸਾ, ਪਿਛਲੇ ਪਾਸੇ ਨਾਲੋਂ ਵਧੇਰੇ ਮਹਿਸੂਸ ਕਰਦਾ ਹੈ, ਸੋ ਬਹੁਤੀਆਂ ਛੋਹਾਂ ਸਰੀਰ ਦੇ ਅਗਲੇ ਪਾਸੇ ਨਾਲ ਸੰਬੰਧਤ ਹੁੰਦੀਆਂ ਹਨ।

ਪਿਆਰ ਵਿਚ ਪਹਿਲੀ ਛੋਹ ਹੱਥ ਪਕੜਨ ਦੀ ਹੁੰਦੀ ਹੈ।

ਵਿਆਹ ਰਾਹੀਂ, ਇਕ-ਦੂਜੇ ਨੂੰ ਸਾਰੀਆਂ ਛੋਹਾਂ ਦਾ ਸਮਾਜਿਕ ਅਧਿਕਾਰ ਮਿਲ ਜਾਂਦਾ ਹੈ। ਪਤੀ-ਪਤਨੀ ਦੀ ਛੋਹ ਵਿਚ ਸਮਾਜ ਦੀ ਪ੍ਰਵਾਨਗੀ ਪਰਸਪਰ-ਵਿਸ਼ਵਾਸ, ਰਿਸ਼ਤੇ ਦਾ ਨਿੱਘ ਅਤੇ ਸੁਖਾਵੇਂ ਜੀਵਨ ਦਾ ਸੁਨੇਹਾ ਹੁੰਦਾ ਹੈ।

ਛੋਹਣ ਦਾ ਕਾਰਜ ਮੁੱਖ ਤੌਰ 'ਤੇ ਹੱਥਾਂ ਅਤੇ ਬੁੱਲ੍ਹਾਂ ਨਾਲ ਕੀਤਾ ਜਾਂਦਾ ਹੈ।

ਕਿਸ ਨੂੰ, ਕਦੋਂ, ਕਿਵੇਂ, ਕਿਥੋਂ ਤਕ ਛੋਹਣਾ ਹੈ, ਇਹ ਸਾਡੇ ਰਿਸ਼ਤੇ ਦੀ ਕਿਸਮ ਅਤੇ ਪਧਰ 'ਤੇ ਨਿਰਭਰ ਕਰਦਾ ਹੈ।

ਪਵਿੱਤਰ ਪਿਆਰ, ਸਤਿਕਾਰ ਅਤੇ ਪ੍ਰਸੰਸਾ ਦੇ ਪ੍ਰਗਟਾਵੇ ਵਜੋਂ, ਬੁੱਲ੍ਹਾਂ ਨਾਲ ਮੱਥਾ ਛੋਹਿਆ ਜਾਂਦਾ ਹੈ; ਸ਼ਾਬਾਸ਼ ਦੀ ਭਾਵਨਾ ਨਾਲ ਬੱਚੇ ਨੂੰ ਗਲ੍ਹਾਂ ਤੇ ਚੁੰਮਿਆ ਜਾਂਦਾ ਹੈ; ਵਫ਼ਾਦਾਰੀ ਅਤੇ ਅਧੀਨਗੀ ਪ੍ਰਗਟਾਉਣ ਲਈ ਜੇਤੂ ਜਾਂ ਬਾਦਸ਼ਾਹ ਦਾ ਹੱਥ ਚੁੰਮਿਆ ਜਾਂਦਾ ਹੈ; ਜੇ ਦੂਜੇ ਅਤੇ ਆਪਣੇ ਵਿਚਕਾਰ ਫ਼ਾਸਲਾ ਹੋਵੇ ਤਾਂ ਆਪਣੇ ਹੱਥ ਨੂੰ ਚੁੰਮ ਕੇ, ਉਸ ਵੱਲ ਹਿਲਾਇਆ ਜਾਂਦਾ ਹੈ।

ਪੜ੍ਹੇ-ਲਿਖੇ ਇਸਤਰੀ-ਪੁਰਸ਼ ਛੋਹਣ ਦੇ ਪੱਖੋਂ ਉਦਾਰ ਹੁੰਦੇ ਹਨ।

ਪ੍ਰੇਮੀ ਇਕ-ਦੂਜੇ ਨੂੰ ਹੱਥਾਂ ਅਤੇ ਬੁੱਲ੍ਹਾਂ ਦੋਹਾਂ ਢੰਗਾਂ ਨਾਲ ਛੋਂਹਦੇ ਹਨ।

ਕਿਸੇ ਨੂੰ ਗੰਭੀਰ ਹੋ ਕੇ ਹੀ ਛੋਹਿਆ ਜਾਂਦਾ ਹੈ, ਜਿਸ ਕਾਰਨ ਛੋਹਣ ਦੇ ਅਮਲ ਵਿਚ ਨਾ ਕੋਈ ਵਿਘਨ ਪਾਇਆ ਜਾਂਦਾ ਹੈ ਨਾ ਹੀ ਪਾਉਣਾ ਪਸੰਦ ਕੀਤਾ ਜਾਂਦਾ ਹੈ।

ਪੱਛੜੇ ਸਮਾਜਾਂ ਵਿਚ ਹਰ ਛੋਹ ਨੂੰ ਕਾਮ ਨਾਲ ਜੋੜਿਆ ਜਾਂਦਾ ਹੈ ਪਰ ਪੜ੍ਹੇ-ਲਿਖੇ ਸਮਾਜਾਂ ਵਿਚ ਬੁਲ੍ਹਾਂ ਨਾਲ ਬੁਲ੍ਹਾਂ ਦਾ ਛੋਹਣਾ ਹੀ ਕਾਮ-ਪ੍ਰਗਟਾਵਾ ਮੰਨਿਆ ਜਾਂਦਾ ਹੈ।

ਕਿਸੇ ਨੂੰ ਵੀ ਆਪਣੀ ਜ਼ਿੰਦਗੀ ਦਾ ਪਹਿਲਾ ਚੁੰਮਣ ਨਹੀਂ ਭੁੱਲਦਾ।

ਜੇ ਚੁੰਮਣ ਸੰਖੇਪ ਅਤੇ ਇਕ-ਪਾਸੜ ਹੋਵੇ ਤਾਂ ਇਹ ਚੁੰਮੀ ਅਖਵਾਉਂਦਾ ਹੈ ਅਤੇ ਜੇ ਭਰਪੂਰ ਅਤੇ ਦੁਵੱਲਾ ਹੋਵੇ ਤਾਂ ਇਹ ਚੁੰਮਣ ਅਖਵਾਉਂਦਾ ਹੈ।

ਚੁੰਮਣ ਦੇ ਅਨੁਭਵ ਨੂੰ ਮਾਣਨਾ ਹਰ ਕੋਈ ਚਾਹੁੰਦਾ ਹੈ ਪਰ ਇਸ ਨਿਵੇਕਲੇ ਅਨੁਭਵ ਦੀ ਸ਼ਿੱਦਤ ਨੂੰ ਬਰਦਾਸ਼ਤ ਕਰਨ ਦੀ ਹਰ ਕਿਸੇ ਵਿਚ ਦਲੇਰੀ ਅਤੇ ਸਮਰੱਥਾ ਨਹੀਂ ਹੁੰਦੀ।

ਫਿਲਮਾਂ ਵਿਚ ਅਕਸਰ ਚੁੰਮਣ ਦੀ ਪਹਿਲ ਪੁਰਸ਼ ਕਰਦਾ ਹੈ ਪਰ ਦਲੇਰ ਇਸਤਰੀ ਚੁੰਮਣ ਦਾ ਜਵਾਬ ਚੁੰਮਣ ਨਾਲ ਦਿੰਦੀ ਹੈ।

ਜੇ ਇਸਤਰੀ, ਪੁਰਸ਼ ਨੂੰ ਚੁੰਮੇ ਤਾਂ ਪੁਰਸ਼ ਇਤਰਾਜ਼ ਨਹੀਂ ਕਰਦਾ ਪਰ ਹਰ ਇਸਤਰੀ ਦਾ, ਅਚਾਨਕ ਚੁੰਮੇ ਜਾਣ 'ਤੇ, ਪ੍ਰਤੀਕਰਮ ਵੱਖਰਾ ਹੁੰਦਾ ਹੈ, ਜਿਵੇਂ ਕੋਈ ਸ਼ਰਮ ਨਾਲ ਲਾਲ ਹੋ ਜਾਵੇਗੀ, ਕੋਈ ਗਾਲ੍ਹ ਕੱਢੇਗੀ, ਕੋਈ ਥੱਪੜ ਵੀ ਮਾਰੇਗੀ, ਕੋਈ ਦੌੜ ਜਾਵੇਗੀ ਅਤੇ ਸਭ ਤੋਂ ਦਲੇਰ, ਹੱਸਣ ਲੱਗ ਪਏਗੀ।

ਚੁੰਮਿਆ ਕਈ ਉਦੇਸ਼ਾਂ ਅਧੀਨ ਜਾਂਦਾ ਹੈ।

ਇਹ ਸਵਾਗਤ ਕਰਨ ਦਾ ਸੰਕੇਤ ਦਿੰਦਾ ਹੈ, ਇਹ ਰੋਸੇ ਜਾਂ ਲੜਾਈ ਮੁਕਾਉਣ ਦਾ ਐਲਾਨ ਵੀ ਹੁੰਦਾ ਹੈ, ਇਹ ਨਿੱਘੇ ਸਾਥ ਦਾ ਬੁਲਾਵਾ ਵੀ ਹੁੰਦਾ ਹੈ, ਇਹ ਵਿਦਾਇਗੀ ਦਾ ਪ੍ਰਗਟਾਵਾ ਵੀ ਹੁੰਦਾ ਹੈ।

ਚੁੰਮਣ ਕੋਈ ਹੋਵੇ, ਉਸ ਵਿਚ ਸਤਿਕਾਰ ਦੀ ਭਾਵਨਾ ਜ਼ਰੂਰ ਹੁੰਦੀ ਹੈ ਅਤੇ ਅਕਸਰ ਇਹ ਸਤਿਕਾਰ ਪੁਰਸ਼ ਵਲੋਂ, ਇਸਤਰੀ ਲਈ ਪ੍ਰਗਟਾਇਆ ਜਾਂਦਾ ਹੈ।

ਬੁੱਲ੍ਹਾਂ ਨਾਲ ਬੁੱਲ੍ਹਾਂ ਨੂੰ ਛੋਹਣ ਦੀ ਰੀਤ ਪੜ੍ਹੇ-ਲਿਖੇ ਸਮਾਜਾਂ ਵਿਚ ਹੀ ਹੈ, ਜਿਥੇ ਇਸਤਰੀ, ਜੀਵਨ ਦੇ ਹਰ ਖੇਤਰ ਵਿਚ ਬਰਾਬਰੀ ਦੇ ਆਧਾਰ ਤੇ ਵਿਚਰਦੀ ਹੈ।

ਭਾਰਤ ਵਿਚ ਇਸਤਰੀ-ਪੁਰਸ਼ ਦਾ ਆਪਸ ਵਿਚ ਚੁੰਮਣਾ ਪ੍ਰਵਾਨਿਤ ਸਮਾਜਿਕ ਵਰਤਾਰਾ ਨਹੀਂ, ਇਸ ਲਈ ਇਹ ਲੁਕ-ਛਿਪ ਕੇ ਹੀ ਕੀਤਾ ਜਾਂਦਾ ਹੈ। ਇਸਦਾ ਲੁਕ-ਛਿਪ ਕੇ ਕੀਤਾ ਜਾਣਾ ਦਸਦਾ ਹੈ ਕਿ ਇਹ ਸਮਾਜਿਕ ਪੱਖੋਂ ਪ੍ਰਵਾਨਿਤ ਵਰਤਾਰਾ ਨਹੀਂ ਹੈ।

ਹਰ ਕਿਸੇ ਦੀਆਂ ਯਾਦਾਂ ਵਿਚ ਇਕ ਆਦਰਸ਼ ਚੁੰਮਣ ਦੀ ਯਾਦ ਹੁੰਦੀ ਹੈ, ਬਾਕੀ ਸਾਰੇ ਚੁੰਮਣ ਇਸ ਦੀ ਨਕਲ ਹੀ ਹੁੰਦੇ ਹਨ।

ਪਹਿਲਾ ਚੁੰਮਣ ਪ੍ਰਵਾਨਗੀ ਦਾ ਸਬੂਤ ਹੁੰਦਾ ਹੈ, ਦੂਜਾ ਨੇੜਤਾ ਦਾ ਅਤੇ ਤੀਜਾ ਵਫ਼ਦਾਰੀ ਦੀ ਗਵਾਹੀ ਹੁੰਦਾ ਹੈ।

ਪਹਿਲਾ ਚੁੰਮਣ ਸੱਜਰਾ ਹੁੰਦਾ ਹੈ, ਮਗਰਲੇ ਚੁੰਮਣ ਰੱਜਵੇਂ ਹੁੰਦੇ ਹਨ।

ਮਨੁੱਖ ਨੂੰ ਜਿਹੜਾ ਅਨੁਭਵ ਚੰਗਾ ਲੱਗੇ, ਉਸ ਵਿਚ ਉਸ ਅਨੁਭਵ ਨੂੰ ਦੁਹਰਾਉਣ ਦੀ ਪ੍ਰਵਿਰਤੀ ਹੁੰਦੀ ਹੈ। ਇਸੇ ਕਾਰਨ ਕੋਈ ਇਕ ਹੀ ਚੁੰਮਣ ਨਾਲ ਸੰਤੁਸ਼ਟ ਨਹੀਂ ਹੁੰਦਾ ਅਤੇ ਇਸ ਅਨੁਭਵ ਨੂੰ ਕਈ ਵਾਰ ਦੁਹਰਾਇਆ ਜਾਂਦਾ ਹੈ।

ਚੁੰਮਣਾ ਇਕ ਰੋਮਾਂਟਿਕ ਅਨੁਭਵ ਹੈ, ਜਿਸ ਵਿਚ ਜਵਾਨੀ ਦਾ ਜੋਸ਼ ਅਤੇ ਉਤਸ਼ਾਹ ਹੁੰਦਾ ਹੈ। ਇਹ ਡੂੰਘਾ ਅਤੇ ਵਿਸ਼ਾਲ ਅਨੁਭਵ ਵੀ ਹੁੰਦਾ ਹੈ।

ਜਿਨ੍ਹਾਂ ਨੂੰ ਜੀਵਨ ਵਿਚ ਭਰਪੂਰ ਅਤੇ ਤਨ-ਮਨ ਸੰਤੁਸ਼ਟ ਕਰਨ ਵਾਲੀਆਂ ਡੂੰਘੀਆਂ ਅਤੇ ਵਿਸ਼ਾਲ ਛੋਹਾਂ ਨਸੀਬ ਨਹੀਂ ਹੁੰਦੀਆਂ, ਉਨ੍ਹਾਂ ਨੂੰ ਭੁੱਖ ਨਹੀਂ ਲਗਦੀ, ਨੀਂਦਰ ਨਹੀਂ ਆਉਂਦੀ, ਸਿਹਤ ਨਹੀਂ ਰਹਿੰਦੀ, ਮਨ ਨਹੀਂ ਟਿਕਦਾ, ਅਕਲ ਟਿਕਾਣੇ ਨਹੀਂ ਰਹਿੰਦੀ ਅਤੇ ਕਈ ਵਾਰੀ ਜ਼ਿੰਦਗੀ ਵੀ ਨਹੀਂ ਰਹਿੰਦੀ।

ਕਈ ਵਾਰੀ ਕਿਸੇ ਦੀ ਇਕ ਛੋਹ ਲਈ ਮਨੁੱਖ ਸਾਰਾ ਜੀਵਨ ਭਟਕਦਾ ਹੈ।

ਪਿਆਰ ਭਰੀ ਛੋਹ, ਆਪਣਾ ਹੱਕ ਜਤਲਾਉਣ ਅਤੇ ਆਪਣਾ-ਆਪ ਦੂਜੇ ਦੇ ਹਵਾਲੇ ਕਰਨ ਦਾ ਅਮਲ ਹੁੰਦੀ ਹੈ।

ਚੁੰਮਣ ਵਿਚ ਬੁਲਾਵਾ ਹੁੰਦਾ ਹੈ, ਜ਼ਰੂਰ ਆਉਣ ਦੀ ਮਜਬੂਰੀ ਨਹੀਂ ਹੁੰਦੀ ਪਰ ਕਿਤਨੀ ਵੀ ਦੂਰੋਂ ਆਉਣਾ ਪਏ, ਹਰ ਕੋਈ ਆਉਂਦਾ ਹੈ।

ਭਰਵੀਂ ਛੋਹ ਨਾਲ ਇਕੱਲਤਾ ਮੁੱਕ ਜਾਂਦੀ ਹੈ ਅਤੇ ਆਨੰਦਮਈ ਪਰਸਪਰ-ਨਿਰਭਰਤਾ ਅਰੰਭ ਹੋ ਜਾਂਦੀ ਹੈ। ਅਜਿਹੀ ਛੋਹ ਦੀ ਆਗਿਆ ਉਪਰੰਤ ਕਿਸੇ ਹੋਰ ਆਗਿਆ ਦੀ ਨਾਂਹ ਨਹੀਂ ਕੀਤੀ ਜਾਂਦੀ।

ਇਸਤਰੀ ਚਾਹੁੰਦੀ ਹੈ ਕਿ ਉਸ ਦਾ ਪਿਆਰਾ ਉਸ ਨੂੰ ਛੋਹੇ ਅਤੇ ਉਸ ਨੂੰ ਮਲਬੇ ਤੋਂ ਮਹਿਲ ਬਣਾ ਦੇਵੇ, ਪਰ ਉਹ ਕਹਿੰਦੀ ਨਹੀਂ, ਸੰਕੇਤਾਂ ਨਾਲ ਉਕਸਾਉਂਦੀ ਅਤੇ ਭਰਮਾਉਂਦੀ ਹੈ। ਛੋਹ ਦੇ ਸੰਕੇਤਾਂ ਨਾਲ ਇਸਤਰੀ ਅਣਮੰਨੇ ਪੁਰਸ਼ ਨੂੰ ਮਰਦ ਬਣਾ ਦਿੰਦੀ ਹੈ ਅਤੇ ਉਸ ਨੂੰ ਪਿਆਰ ਦੀ ਛਾਲ ਮਾਰਨ ਲਈ ਹਿੰਮਤ ਦਿੰਦੀ ਹੈ।

ਪ੍ਰੇਮੀ ਇਕ-ਦੂਜੇ ਦਾ ਹਾਲ-ਚਾਲ ਪੁੱਛਦੇ ਨਹੀਂ, ਆਪਣਾ-ਆਪਣਾ ਹਾਲ-ਚਾਲ ਦੱਸਦੇ ਹੀ ਹਨ ਅਤੇ ਇਹੀ ਦੱਸਦੇ ਹਨ ਕਿ ਤੇਰੇ ਬਿਨਾ ਮੇਰਾ ਹਾਲ ਚੰਗਾ ਹੋ ਕਿਵੇਂ ਸਕਦਾ ਹੈ?

ਦੋਵੇਂ ਵੱਖਰੇ ਕਾਰਨਾਂ ਕਰਕੇ ਦੁੱਖੀ ਹੁੰਦੇ ਹਨ। ਦੁੱਖ ਵਿਚ ਛੋਹਣਾ ਬੜਾ ਜ਼ਰੂਰੀ ਹੁੰਦਾ ਹੈ। ਛੋਹਣ ਲਈ ਦੋਹਾਂ ਦੀਆਂ ਬਾਹਵਾਂ ਬੇਚੈਨ ਹੋ ਜਾਂਦੀਆਂ ਹਨ।

ਬਾਹਵਾਂ ਦਿਲ ਦੇ ਨੇੜੇ ਹੁੰਦੀਆਂ ਹਨ, ਇਨ੍ਹਾਂ ਨਾਲ ਦੂਜੇ ਨੂੰ ਆਪਣੇ ਦਿਲ ਦੇ ਨੇੜੇ ਲਿਆਂਦਾ ਜਾਂਦਾ ਹੈ ਅਤੇ ਦੋਵੇਂ ਨੇੜੇ ਹੋਣ, ਕੋਲ ਹੋਣ ਅਤੇ ਇਕ ਹੋਣ ਦੇ ਅਨੁਭਵ ਨੂੰ ਮਾਣਦੇ ਹਨ।

ਅੱਖਾਂ ਦਿਮਾਗ ਦਾ ਨੰਗਾ ਭਾਗ ਹੁੰਦੀਆਂ ਹਨ, ਪਿਆਰੇ ਨੂੰ ਅੱਖਾਂ ਨਾਲ ਨਿਹਾਰਨ ਅਰਥਾਤ ਛੋਹਣ ਨਾਲ, ਦਿਮਾਗ ਦੀ ਸ਼ਕਤੀ ਅਤੇ ਅੱਖਾਂ ਦੀ ਚਮਕ ਅਤੇ ਸਰੀਰ ਦੀ ਤਾਕਤ ਵਧ ਜਾਂਦੀ ਹੈ।

ਹੱਥ ਦਿਮਾਗ ਦੇ ਸੇਵਕ ਹੁੰਦੇ ਹਨ, ਛੋਹਣ ਨਾਲ ਹੱਥਾਂ ਵਿਚ ਹਿੰਮਤ ਜਾਗ ਪੈਂਦੀ ਹੈ ਅਤੇ ਹੱਥ ਸਰੀਰ ਦੀ ਪ੍ਰਕਰਮਾ ਕਰਦੇ ਹਨ।

ਮਨੁੱਖ ਜੋ ਵੇਖਦਾ ਹੈ, ਉਸ ਦਾ ਵਿਸ਼ਲੇਸ਼ਣ ਕਰਨ ਲੱਗ ਪੈਂਦਾ ਹੈ, ਪਿਆਰ-ਭਰੀ ਛੋਹ ਵੇਲੇ ਅੱਖਾਂ ਇਸ ਲਈ ਬੰਦ ਹੋ ਜਾਂਦੀਆਂ ਹਨ ਤਾਂ ਕਿ ਅਨੁਭਵ ਡੂੰਘਾ ਅਤੇ ਵਿਸਮਾਦੀ ਅਤੇ ਵਿਸ਼ਲੇਸ਼ਣ ਤੋਂ ਮੁਕਤ ਹੋ ਜਾਵੇ।

ਮਿਲਾਪ ਵਿਚ ਮੁੱਖ ਵਿਘਨ ਫ਼ਾਸਲੇ ਦਾ ਹੁੰਦਾ ਹੈ, ਫ਼ਾਸਲਾ ਮੁੱਕਦਿਆਂ ਹੀ ਵਿਸ਼ਾਲ ਛੋਹ ਦੀ ਕਿਕਲੀ-ਕਲੀਰ, ਡੂੰਘੀਆਂ ਸਿਖਰਾਂ ਨੂੰ ਛੋਂਹਦੀ ਹੈ।

ਜੀਵਨ ਦੇ ਡੂੰਘੇ ਅਨੁਭਵਾਂ ਵਿਚ ਮਨੁੱਖ ਨੂੰ ਆਨੰਦ ਦੀ ਤਾਂਘ ਹੁੰਦੀ ਹੈ, ਗਿਆਨ ਦੀ ਨਹੀਂ। ਅਤਿਅੰਤ ਡੂੰਘੀ ਛੋਹ ਦੌਰਾਨ, ਮਨੁੱਖ ਆਪਣੀ ਹੋਂਦ ਦੀ ਸ਼ਿੱਦਤ ਨੂੰ ਮਾਣਦਾ ਹੈ। ਜੇ ਇਸ ਛੋਹ ਦੇ ਪੱਖੋਂ ਮਨੁੱਖ ਸ਼ਾਂਤ ਨਾ ਹੋਵੇ ਤਾਂ ਉਹ ਕਿਸੇ ਹੋਰ ਢੰਗ-ਵਸੀਲੇ ਨਾਲ ਨਹੀਂ ਰੱਜਦਾ ਅਤੇ ਉਹ ਨਿਰੰਤਰ ਭਟਕਦਾ ਹੈ।

ਬੁੱਲ੍ਹਾਂ ਨਾਲ ਬੁੱਲ੍ਹਾਂ 'ਤੇ ਛੋਹਣ ਦਾ ਰਿਵਾਜ ਯੋਰਪ ਵਿਚ ਪਿਆ ਸੀ ਅਤੇ ਬੁੱਲ੍ਹਾਂ 'ਤੇ ਚੁੰਮਣ ਦੀ ਕਾਢ ਮੱਧ-ਕਾਲ ਵਿਚ ਫਰਾਂਸ ਨੇ ਕੱਢੀ ਸੀ। ਜਦੋਂ ਘਰ ਦੀਆਂ ਇਸਤਰੀਆਂ ਕਿਸੇ ਇਸਤਰੀ-ਸਮਾਗਮ 'ਤੇ ਜਾਂਦੀਆਂ ਸਨ ਤਾਂ ਵਾਪਸੀ 'ਤੇ ਪੁਰਸ਼ ਆਪਣਾ ਮੂੰਹ, ਉਨ੍ਹਾਂ ਦੇ ਮੂੰਹ ਦੇ ਨੇੜੇ ਲੈ ਜਾ ਕੇ, ਇਹ ਜਾਣਨ ਲਈ ਸੁੰਘਦੇ ਸਨ ਕਿ ਉਨ੍ਹਾਂ ਨੇ ਸਮਾਗਮ ਵਿਚ ਸ਼ਰਾਬ ਤਾਂ ਨਹੀਂ ਪੀਤੀ। ਇਸ ਨੇੜਤਾ ਨਾਲ ਬੁੱਲ੍ਹਾਂ ਨਾਲ ਬੁੱਲ੍ਹ ਛੋਹ ਜਾਂਦੇ ਸਨ। ਬਾਹਰਲਿਆਂ ਦੇ ਬੁੱਲ੍ਹ ਠੰਡੇ ਹੁੰਦੇ ਸਨ, ਅੰਦਰਲਿਆਂ ਦੇ ਕੋਸੇ, ਦੋਹਾਂ ਦੇ ਛੋਹਣ ਨਾਲ ਇਹ ਨਿੱਘੇ ਹੋ ਜਾਂਦੇ ਸਨ।

ਬੁੱਲ੍ਹਾਂ 'ਤੇ ਬੁੱਲ੍ਹਾਂ ਨਾਲ ਛੋਹਣ ਦਾ ਰਿਵਾਜ ਠੰਡੇ ਮੁਲਕਾਂ ਦੀ ਲੋੜ ਵੀ ਸੀ, ਕਿਉਂਕਿ ਛੋਹ, ਠੰਡ ਵਿਚ ਨਿੱਘ ਉਪਜਾ ਦਿੰਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਇਕ ਮੱਧਰੀ ਇਸਤਰੀ ਨੂੰ ਉਸ ਦੇ ਪ੍ਰੇਮੀ ਨੇ ਜਦੋਂ ਮੱਥੇ 'ਤੇ, ਬੁੱਲ੍ਹਾਂ ਨਾਲ ਛੋਹਿਆ ਤਾਂ ਉਹ ਅਗਲੇ ਦਿਨ ਮੱਥੇ ਦੀ ਥਾਂ ਬੁੱਲ੍ਹਾਂ 'ਤੇ ਛੋਹੇ ਜਾਣ ਲਈ, ਉੱਚੀ ਅੱਡੀ ਵਾਲੇ ਸੈਂਡਲ ਪਾ ਕੇ ਆਈ ਸੀ।

ਬਾਕੀ ਚੁੰਮਣ ਵੀ ਜਾਰੀ ਹਨ ਪਰ ਬੁੱਲ੍ਹਾਂ 'ਤੇ ਚੁੰਮਣਾ ਵਿਸ਼ਵ ਭਰ ਵਿਚ ਪ੍ਰੇਮੀਆਂ ਦੇ ਪਿਆਰ-ਪ੍ਰਗਟਾਵੇ ਦਾ ਵਸੀਲਾ ਅਤੇ ਸੰਕੇਤ ਬਣ ਗਿਆ ਹੈ।

ਚੁੰਮਣਾ, ਬੁੱਲ੍ਹਾਂ ਦੀ ਸਰਵੋਤਮ ਵਰਤੋਂ ਮੰਨੀ ਗਈ ਹੈ, ਦੂਜੀ ਉੱਤਮ ਵਰਤੋਂ ਮੁਸਕਰਾਉਣਾ ਮੰਨੀ ਗਈ ਹੈ।

ਜੇ ਬੁੱਲ੍ਹ ਨਾ ਹੁੰਦੇ ਤਾਂ ਹਰ ਕਿਸੇ ਦੇ ਮਸੂੜੇ ਦਿਸਣ ਕਾਰਨ, ਹਰ ਕੋਈ ਕੋਹਜਾ ਲੱਗਣਾ ਸੀ। ਇਵੇਂ ਬੁੱਲ੍ਹ ਚਿਹਰੇ ਨੂੰ ਸੁੰਦਰ ਬਣਾਉਂਦੇ ਹਨ।

ਫਰਾਂਸ ਵਿਚ ਚੁੰਮਣ ਨੂੰ ਪਿਆਰ ਦੀ ਸਲਾਮੀ ਕਿਹਾ ਜਾਂਦਾ ਹੈ। ਇਸ ਨਾਲ ਸਰੀਰ ਦਾ ਬੰਦ ਕਿਲ੍ਹਾ ਖੁੱਲ੍ਹਦਾ ਹੈ। ਚੁੰਮਣ ਨੂੰ ਕਾਮ-ਅਨੁਭਵ ਦਾ ਦਰਜਾ ਪ੍ਰਾਪਤ ਨਹੀਂ ਹੈ, ਕਿਉਂਕਿ ਇਹ ਸੰਤੁਸ਼ਟ ਨਹੀਂ ਕਰਦਾ, ਉਤੇਜਿਤ ਹੀ ਕਰਦਾ ਹੈ।

ਢੱਕੇ ਹੋਏ ਸਰੀਰ ਦੇ ਅੰਗ ਵੇਖਣ ਤੋਂ ਪਹਿਲਾਂ ਢੱਕੇ ਹੋਏ ਹੀ ਛੋਹੇ ਜਾਂਦੇ ਹਨ ਅਤੇ ਚੁੰਮਣ ਮਗਰੋਂ ਹੀ ਕੱਪੜੇ ਲਾਹੇ ਜਾਂਦੇ ਹਨ।

ਯੋਰਪ ਵਿਚ ਜਦੋਂ ਤੱਕ ਦੋਵੇਂ ਧਿਰਾਂ ਇਕ-ਦੂਜੇ ਦੇ ਸਰੀਰ ਦੀ ਪੜ੍ਹਾਈ ਨਹੀਂ ਕਰ ਲੈਂਦੀਆਂ, ਉਹ ਵਿਆਹ ਨਹੀਂ ਕਰਵਾਉਂਦੀਆਂ।

ਪਰੰਪਰਾਗਤ ਸਮਾਜਾਂ ਵਿਚ ਪੱਛੜੇਪਣ ਦਾ ਪਛਤਾਵਾ ਨਹੀਂ ਹੁੰਦਾ, ਸਗੋਂ ਪੱਛੜੇ ਹੋਣ ਦਾ ਮਾਣ ਕੀਤਾ ਜਾਂਦਾ ਹੈ, ਜਿਸ ਕਾਰਨ ਇਨ੍ਹਾਂ ਸਮਾਜਾਂ ਵਿਚ

ਛੋਹਣ ਦਾ ਢੰਗ ਹਮਲਾਵਰੀ ਅਤੇ ਛੋਹ ਦੀ ਪੱਧਰ ਨੀਵੀਂ ਹੁੰਦੀ ਹੈ, ਜਿਸ ਕਾਰਨ ਸਰੀਰਕ ਸੰਤੁਸ਼ਟਤਾ ਦੀ ਘਾਟ ਹੋਣ ਕਰਕੇ, ਇਨ੍ਹਾਂ ਸਮਾਜਾਂ ਵਿਚ ਛੋਹ ਵਾਲੇ ਹਰੇਕ ਰਿਸ਼ਤੇ ਵਿਚ ਸੰਬੰਧਤ ਧਿਰਾਂ ਦੀ ਕਾਰਗੁਜ਼ਾਰੀ ਦੀ ਪਧਰ ਨੀਵੀਂ ਹੀ ਰਹਿੰਦੀ ਹੈ।

ਪਹਿਲਾ ਚੁੰਮਣ ਅਕਸਰ ਕਾਹਲ ਵਿਚ ਲਿਆ ਜਾਂਦਾ ਹੈ, ਦੂਜੇ ਲਈ ਬੇਨਤੀ ਅਤੇ ਤੀਜੇ ਲਈ ਤਰਲਾ ਹੁੰਦਾ ਹੈ, ਜਦੋਂ ਕਿ ਬਾਕੀ ਸਾਰੇ ਚੁੰਮਣ ਦਾਨ ਹੁੰਦੇ ਹਨ।

ਇਸਤਰੀ, ਪੁਰਸ਼ ਦੇ ਇਕ ਚੁੰਮਣ ਨਾਲ ਹੀ ਜਾਣ ਜਾਂਦੀ ਹੈ ਕਿ ਪੁਰਸ਼ ਕਿਤਨੇ ਕੁ ਪਿਆਰ ਵਿਚ ਹੈ ਅਤੇ ਉਸ ਦੀ ਤਾਂਘ ਦੀ ਸ਼ਿੱਦਤ ਕੀ ਹੈ।

ਪਤਨੀ, ਪਤੀ ਦੇ ਚੁੰਮਣਾਂ ਤੋਂ ਉਸ ਦੀ ਪਿਆਰ ਕਰਨ ਦੀ ਹਿੰਮਤ ਮਾਪਦੀ-ਤੋਲਦੀ ਅਤੇ ਜੋਸ਼ ਦਾ ਤਾਪਮਾਨ ਦਰਜ ਕਰਦੀ ਹੈ।

ਜੇ ਰਿਸ਼ਤਾ ਨਾਜਾਇਜ਼ ਹੋਵੇ ਤਾਂ ਚੁੰਮਣ ਦੀ ਲੋੜ ਨਹੀਂ ਪੈਂਦੀ, ਇਸੇ ਕਾਰਨ ਵੇਸਵਾਵਾਂ ਚੁੰਮੀਆਂ ਨਹੀਂ ਜਾਂਦੀਆਂ।

ਇਸਤਰੀ ਦੀ ਦਿਲਚਸਪੀ ਰੋਮਾਂਸ ਅਤੇ ਪਿਆਰ ਵਿਚ ਹੁੰਦੀ ਹੈ, ਜਦੋਂ ਕਿ ਪੁਰਸ਼ ਸਰੀਰਕ-ਸਮਾਗਮ ਦੇ ਇੱਛਕ ਹੁੰਦੇ ਹਨ।

ਕਾਮ, ਸਰੀਰ ਦੇ ਵਿਚਕਾਰ ਅਤੇ ਜੀਵਨ ਦੇ ਕੇਂਦਰ ਵਿਚ ਹੈ।

ਮਨੁੱਖ ਦੇ ਸਾਰੇ ਬੁਨਿਆਦੀ ਅਤੇ ਡੂੰਘੇ ਅਨੁਭਵ ਕਾਮ ਨਾਲ ਸੰਬੰਧਤ ਹੁੰਦੇ ਹਨ, ਜਦੋਂ ਕਿ ਬਾਕੀ ਸਾਰੇ ਅਨੁਭਵ ਇਸ ਅਨੁਭਵ ਲਈ ਤਿਆਰੀ ਅਤੇ ਇਸ ਦੇ ਆਲੇ-ਦੁਆਲੇ ਦੇ ਰੁਝੇਵੇਂ ਹੁੰਦੇ ਹਨ।

ਇਸਤਰੀ ਦੀ ਭਾਵੇਂ ਕਿਤਨੀ ਵੀ ਰੁਚੀ ਹੋਵੇ ਪਰ ਉਹ ਪ੍ਰਭਾਵ ਇਹੀ ਦਿੰਦੀ ਹੈ ਕਿ ਉਸਦੀ ਸਮਾਗਮ ਵਿਚ ਕੋਈ ਦਿਲਚਸਪੀ ਨਹੀਂ। ਦਿਲਚਸਪੀ ਜਗਾਉਣ ਦਾ ਕਾਰਜ ਪੁਰਸ਼ ਦੀ ਛੋਹ ਦੀ ਪੱਧਰ ਕਰਦੀ ਹੈ। ਸਮਾਗਮ ਦੀ ਪ੍ਰਕਿਰਿਆ, ਤਸੱਲੀ ਦੇਣ ਰਾਹੀਂ, ਤਸੱਲੀ ਪ੍ਰਾਪਤ ਕਰਨ ਦਾ ਖੇਤਰ ਹੁੰਦੀ ਹੈ, ਇਸੇ ਲਈ ਕਿਹਾ ਜਾਦਾ ਹੈ ਕਿ ਇਸਤਰੀ-ਪੁਰਸ਼ ਇਕ-ਦੂਜੇ ਦੀ ਤਸੱਲੀ ਹੁੰਦੇ ਹਨ। ਛੋਹ ਦੇ ਪੱਖੋਂ ਇਹ ਸਭ ਤੋਂ ਵਧੇਰੇ ਤਸੱਲੀ ਵਾਲਾ ਅਨੁਭਵ ਹੁੰਦਾ ਹੈ।

ਛੋਹ ਦਾ ਉਦੇਸ਼ ਨੇੜਤਾ ਵਧਾਉਣਾ ਅਤੇ ਸਾਥ ਮਾਣਨਾ ਹੁੰਦਾ ਹੈ।

ਪਿਆਰ ਦੀ ਪੱਧਰ ਉੱਚੀ ਤਾਂ ਹੀ ਹੁੰਦੀ ਹੈ ਜੇ ਇਹ ਰੁਕਾਵਟਾਂ ਨੂੰ ਜਿੱਤ ਕੇ ਸੰਭਵ ਹੋਈ ਹੋਵੇ। ਪਿਆਰ ਵਿਚ ਰੁਕਾਵਟਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਮਨਾਹੀਆਂ ਅਤੇ ਰੁਕਾਵਟਾਂ ਹੀ ਪਿਆਰ-ਛੋਹ ਨੂੰ ਦਿਲਚਸਪ ਬਣਾਉਂਦੀਆਂ ਹਨ। ਪਾਪ ਦੀ ਭਾਵਨਾ, ਸਮਾਜ ਦੀ ਮਨਾਹੀ ਅਤੇ ਧਰਮ ਦੀ ਅਪ੍ਰਵਾਨਗੀ ਆਦਿ ਵੱਖ-ਵੱਖ ਰੁਕਾਵਟਾਂ ਹੀ ਹਨ।

ਜਿਥੇ ਕੋਈ ਰੁਕਾਵਟ ਨਹੀਂ ਹੁੰਦੀ, ਉਥੇ ਪ੍ਰੇਮੀਆਂ ਦੀਆਂ ਆਪਣੀਆਂ ਮਜਬੂਰੀਆਂ ਅਤੇ ਦੂਰੀਆਂ ਰੁਕਾਵਟਾਂ ਬਣ ਜਾਂਦੀਆਂ ਹਨ।

ਲੰਮੀ ਪ੍ਰਸੰਨਤਾ ਅਕਾਊ ਹੁੰਦੀ ਹੈ ਅਤੇ ਮਨੁੱਖ ਨੂੰ ਆਲਸੀ ਬਣਾਉਂਦੀ ਹੈ, ਜਦੋਂ ਕਿ ਦਰਦ, ਵਿਛੋੜਾ, ਦੂਰੀ ਅਤੇ ਉਦਾਸੀ ਆਪਸੀ ਛੋਹ ਨੂੰ ਆਨੰਦਮਈ ਬਣਾ ਦਿੰਦੀਆਂ ਹਨ।

ਜਿਸ ਪਿਆਰ ਨੂੰ ਸਮਾਜ ਜਾਂ ਪਰੰਪਰਾ ਦਾ ਵਿਰੋਧ ਨਹੀਂ ਸਹਿਣਾ ਪੈਂਦਾ, ਉਹ ਪਿਆਰ ਜਲਦੀ ਥੱਕ ਜਾਂਦਾ ਹੈ।

ਜੇ ਰੁਕਾਵਟਾਂ ਜਾਂ ਵਿਰੋਧ ਨਾ ਹੋਣ ਤਾਂ ਪਿਆਰ ਵਿਭਚਾਰ ਅਖਵਾਉਂਦਾ ਹੈ।

ਯੁੱਧ ਵਿਚ ਵੀ ਵਿਰੋਧ ਹੁੰਦਾ ਹੈ। ਵਿਰੋਧ ਦਾ ਹੀ ਯੁੱਧ ਹੁੰਦਾ ਹੈ।

ਛੋਹ ਨਾਲ ਪਰਸਪਰ ਵਿਸ਼ਵਾਸ ਵੱਧਦਾ ਹੈ, ਰੁਕਾਵਟਾਂ ਅਤੇ ਵਿਰੋਧਾਂ ਨਾਲ ਟਕਰਾਉਣ ਦੀ ਹਿੰਮਤ ਜਾਗਦੀ ਹੈ।

ਛੋਹ ਨਾਲ ਆਪਸੀ-ਸਮਝ ਡੂੰਘੀ ਹੁੰਦੀ ਹੈ ਅਤੇ ਸਦਭਾਵਨਾ ਵੱਧਦੀ ਹੈ, ਜਿਹੜੀ ਇਕ-ਦੂਜੇ ਤੋਂ ਕੁਰਬਾਨ ਹੋਣ ਦੀ ਦਲੇਰੀ ਉਪਜਾਉਂਦੀ ਹੈ। ਆਪਸੀ ਛੋਹ ਨਾਲ ਦੋਹਾਂ ਵਿਚ ਆਪਣੇ ਜਵਾਨ, ਤੰਦਰੁਸਤ, ਸ਼ਕਤੀਸ਼ਾਲੀ ਅਤੇ ਸਮਰੱਥ ਹੋਣ ਦਾ ਅਹਿਸਾਸ ਜਾਗਦਾ ਹੈ।

ਪਿਆਰ ਵਿਚ ਛੋਹ ਰਾਹੀਂ ਸਾਰੀਆਂ ਹਿੰਮਤਾਂ ਜਾਗ ਪੈਂਦੀਆਂ ਹਨ, ਇਸੇ ਕਰਕੇ ਕਿਹਾ ਜਾਂਦਾ ਹੈ ਕਿ ਛੋਹ ਇੱਕ ਸ਼ਕਤੀਸ਼ਾਲੀ ਅਨੁਭਵ ਹੈ।

ਪਿਆਰ ਦੀ ਹਰ ਪ੍ਰੀਖਿਆ ਵਿਚ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਗੰਭੀਰਤਾ, ਜ਼ਿੰਮੇਵਾਰੀ ਅਤੇ ਸੁਹਿਰਦਤਾ ਨਾਲ ਵਿਚਰਦੀਆਂ ਹਨ।

ਇਸਤਰੀ ਦੇ ਛੋਹਣ-ਢੰਗ ਵਿਚ ਸਲੀਕਾ ਹੁੰਦਾ ਹੈ।

ਡੂੰਘੀਆਂ, ਭਰਪੂਰ ਅਤੇ ਵਿਸ਼ਾਲ ਛੋਹਾਂ ਵਾਲੇ ਪਿਆਰ ਵਿਚੋਂ ਹਰ ਸੰਕਟ ਵਿਚੋਂ ਪਾਰ ਜਾਣ ਵਾਲਾ ਸਿਦਕ ਅਤੇ ਸਿਰੜ ਉਪਜਦਾ ਹੈ।

ਬੁੱਲ੍ਹਾਂ ਨੂੰ ਬੁੱਲ੍ਹਾਂ ਨਾਲ ਛੋਹਣਾ ਇਕ ਯਾਦਗਾਰੀ, ਸਤਿਕਾਰਯੋਗ ਅਤੇ ਮਾਣ ਕਰਨ ਯੋਗ ਅਨੁਭਵ ਹੈ, ਜਿਹੜਾ ਹਰ ਕਿਸੇ ਦੇ ਭਾਗਾਂ ਵਿਚ ਨਹੀਂ ਹੁੰਦਾ।

ਇਸ ਛੋਹ ਨਾਲ ਕਲਪਨਾ ਜਾਗ ਪੈਂਦੀ ਹੈ ਅਤੇ ਸੁੱਤੀਆਂ ਕਲਾਂ ਕਰਵਟ ਲੈਂਦੀਆਂ ਹਨ। ਇਸ ਛੋਹ ਵਿਚ ਮਨੁੱਖ ਦਾ ਕਾਇਆ-ਕਲਪ ਕਰਕੇ, ਕਵੀ ਅਤੇ ਕਲਾਕਾਰ ਸਿਰਜਣ ਦੀ ਸ਼ਕਤੀ ਹੁੰਦੀ ਹੈ।

ਛੋਹਣਾ ਪਿਆਰ ਦਾ ਆਦਿ-ਕਾਲੀ ਅਨੁਭਵ ਹੈ ਅਤੇ ਇਸ ਅਨੁਭਵ ਉਪਰੰਤ ਅਸਮਾਨ ਵਧੇਰੇ ਨੀਲਾ, ਪੰਛੀ ਵਧੇਰੇ ਸੁਰੀਲੇ, ਆਲਾ-ਦੁਆਲਾ ਵਧੇਰੇ ਰਮਣੀਕ, ਸੰਸਾਰ ਵਧੇਰੇ ਸੁਹਾਵਣਾ ਅਤੇ ਆਪਣਾ-ਆਪ ਵਧੇਰੇ ਚੰਗਾ ਲੱਗਦਾ ਹੈ।

ਛੋਹ ਦੇ ਅਨੁਭਵ ਵਿਚ ਇਸਤਰੀ ਦਾ ਰੋਲ, ਪੁਰਸ਼ ਦੀ ਭੂਮਿਕਾ ਤੋਂ ਵਧੇਰੇ ਮੁਲਵਾਨ ਅਤੇ ਮਹੱਤਵਪੂਰਨ ਹੁੰਦਾ ਹੈ, ਇਸੇ ਕਰਕੇ ਛੋਹ ਵਾਲੇ ਕਾਰਜਾਂ ਵਿਚ

ਇਸਤਰੀ ਪੁਰਸ਼ ਨਾਲੋਂ ਵਧੇਰੇ ਚੱਜ-ਆਚਾਰ, ਸੂਝ-ਸਮਝ, ਨਿਪੁੰਨਤਾ ਅਤੇ ਸਿਆਣਪ ਵਿਖਾਉਂਦੀ ਹੈ।

ਪੁਰਸ਼ ਦੀ ਸਰੀਰਕ ਅਤੇ ਮਾਨਸਿਕ ਸੱਟ 'ਤੇ ਪਿਆਰ ਦੀ ਮਲ੍ਹਮ ਤਾਂ ਹੀ ਅਸਰ ਕਰਦੀ ਹੈ, ਜੇ ਇਸ ਨੂੰ ਲਾਉਣ ਵਾਲੇ ਹੱਥ ਕੂਲੇ ਅਤੇ ਨਿੱਘੇ ਹੋਣ।

ਇਸਤਰੀ ਦੀ ਛੋਹ ਨਾਲ, ਪੁਰਸ਼ ਜ਼ਿੰਮੇਵਾਰ ਅਤੇ ਸਿਆਣਾ ਅਤੇ ਪੁਰਸ਼ ਦੀ ਛੋਹ ਨਾਲ, ਇਸਤਰੀ ਸੂਝਵਾਨ ਅਤੇ ਦਲੇਰ ਹੋ ਜਾਂਦੀ ਹੈ।

ਇਸਤਰੀ ਦੀ ਸ਼ਕਤੀ ਪ੍ਰੇਮਿਕਾ ਬਣਨ ਵਿਚ ਹੁੰਦੀ ਹੈ, ਹਵਸ ਦੀ ਵਸਤ ਬਣਨ ਵਿਚ ਨਹੀਂ। ਜਿਹੜੇ ਪੁਰਸ਼, ਇਸਤਰੀ ਦੀ ਇਸ ਸ਼ਕਤੀ ਅਤੇ ਯੋਗਤਾ ਨੂੰ ਪਛਾਣਦੇ ਹਨ, ਉਨ੍ਹਾਂ ਦਾ ਵਿਹਾਰ ਬੜਾ ਸੰਤੁਲਤ ਅਤੇ ਚੰਗੀ ਪੱਧਰ ਦਾ ਹੁੰਦਾ ਹੈ ਅਤੇ ਉਹ ਜ਼ਿੰਦਗੀ ਨੂੰ ਵਧੇਰੇ ਮਾਣਦੇ ਹਨ।

ਇਸਤਰੀ ਦੀ ਸਮਾਜਿਕ ਅਤੇ ਆਰਥਿਕ ਹਾਲਤ ਭਾਵੇਂ ਕਮਜ਼ੋਰ ਹੁੰਦੀ ਹੈ ਪਰ ਉਸ ਦਾ ਪੁਰਸ਼ ਉਤੇ ਪ੍ਰਭਾਵ ਬੜਾ ਵਿਆਪਕ ਅਤੇ ਮਜ਼ਬੂਤ ਹੁੰਦਾ ਹੈ।

ਛੋਹ ਵਿਚ ਇਸਤਰੀ ਦਾ ਸਲੀਕਾ ਅਤੇ ਨਖ਼ਰਾ ਰਲੇ-ਮਿਲੇ ਹੁੰਦੇ ਹਨ।

ਨਖ਼ਰਾ ਇਸਤਰੀ ਦਾ ਗੁਣ ਅਤੇ ਪੁਰਸ਼ ਦਾ ਔਗੁਣ ਹੁੰਦਾ ਹੈ।

ਕਈ ਵਾਰੀ ਪੁਰਸ਼ ਪ੍ਰਸੰਸਾ ਵਜੋਂ, ਇਸਤਰੀ ਦਾ ਹੱਥ ਚੁੰਮਣਾ ਚਾਹੁੰਦਾ ਹੈ ਪਰ ਉਹ ਨਖ਼ਰੇ ਨਾਲ ਉਸਨੂੰ ਆਪਣੇ ਨੇੜੇ ਕਰਕੇ, ਆਪਣੇ ਬੁੱਲ੍ਹ ਪਰੋਸ ਦਿੰਦੀ ਹੈ ਅਤੇ ਇਵੇਂ ਉਹ ਪੁਰਸ਼ ਨੂੰ ਅੱਠਵੇਂ ਅਸਮਾਨ 'ਤੇ ਪਹੁੰਚਾ ਦਿੰਦੀ ਹੈ।

ਇਸਤਰੀ, ਛੋਹੇ ਜਾਣ ਨਾਲ ਸ਼ਰਮਾਉਂਦੀ ਹੈ ਪਰ ਆਪਣੇ ਸ਼ਰਮਾਉਣ ਨਾਲ ਉਹ ਪੁਰਸ਼ ਨੂੰ ਸੁਪਨੇ ਵੇਖਣ ਦੀ ਸਮੱਗਰੀ ਦੇ ਜਾਂਦੀ ਹੈ। ਬੁੱਲ੍ਹਾਂ ਦੀ ਛੋਹ ਵਿਚ, ਡੂੰਘੇ ਅਨੁਭਵ ਵਾਲੇ ਸਮਾਗਮ ਦਾ ਸੁਨੇਹਾ ਵੀ ਹੁੰਦਾ ਹੈ। ਇਸ ਅਤਿਅੰਤ ਡੂੰਘੀ ਛੋਹ ਵਾਲੇ ਅਨੁਭਵ ਮਗਰੋਂ ਕਿਸੇ ਹੋਰ ਅਨੁਭਵ ਦਾ ਮਹੱਤਵ ਨਹੀਂ ਰਹਿੰਦਾ।

ਇਕ-ਦੂਜੇ ਦੀ ਜਾਦੂਈ ਅਤੇ ਕਰਾਮਾਤੀ ਛੋਹ ਨਾਲ ਇਸਤਰੀ-ਪੁਰਸ਼ ਦੋਹਾਂ ਦਾ ਕਾਇਆ-ਕਲਪ ਹੋ ਜਾਂਦਾ ਹੈ।

ਛੋਹ ਵਿਚ ਬਹਾਦਰੀ ਅਤੇ ਖੁਸ਼ਹਾਲੀ ਦਾ ਗੁਣ ਹੁੰਦਾ ਹੈ, ਇਸ ਨੂੰ ਬਹਾਦਰ ਅਤੇ ਖੁਸ਼ਹਾਲ ਹੀ ਸੰਭਵ ਬਣਾਉਂਦੇ ਅਤੇ ਮਾਣਦੇ ਹਨ।

ਬਹਾਦਰੀ ਹਰ ਗੁਣ ਅਤੇ ਹਰ ਪਿਆਰ ਦਾ ਇਕ ਲਾਜ਼ਮੀ ਭਾਗ ਹੁੰਦੀ ਹੈ।

ਛੋਹ ਦਾ ਅਨੁਭਵ ਕੋਈ ਹੋਵੇ, ਇਹ ਮਹੱਤਵਪੂਰਨ ਅਤੇ ਮਾਣਨਯੋਗ ਸ਼ਿੱਦਤ, ਜ਼ਿੰਮੇਵਾਰੀ ਅਤੇ ਬਹਾਦਰੀ ਨਾਲ ਹੀ ਬਣਦਾ ਹੈ।

ਸਾਂਝਾਂ ਅਤੇ ਵੱਖਰੇਵੇਂ

ਸਾਂਝਾਂ ਕਾਰਨ ਰਿਸ਼ਤਾ ਮਾਣਨਯੋਗ ਬਣ ਜਾਂਦਾ ਹੈ, ਵੱਖਰੇਵਿਆਂ ਨਾਲ ਇਹ ਦਿਲਚਸਪ ਵੀ ਹੋ ਜਾਂਦਾ ਹੈ।

ਵੱਖ-ਵੱਖ ਲੋਕਾਂ ਨਾਲ ਸਾਂਝ ਪਾਉਣ ਦੀ ਇੱਛਾ, ਜਿਊਣ ਦੀ ਤਾਂਘ ਨੂੰ ਮਜ਼ਬੂਤ ਕਰਦੀ ਹੈ ਅਤੇ ਜੀਵਨ-ਦ੍ਰਿਸ਼ਟੀਕੋਣ ਵਿਚ ਲਚਕ ਲਿਆਉਂਦੀ ਹੈ।

ਹਿੱਤਾਂ ਦੇ ਪੱਖੋਂ ਮਨੁੱਖ, ਮਨੁੱਖ ਦਾ ਵਿਰੋਧੀ ਹੈ ਪਰ ਅਨੁਭਵ ਨੇ ਉਸ ਨੂੰ ਸਿਖਾਇਆ ਹੈ ਕਿ ਵਿਰੋਧ ਅਤੇ ਦੁਸ਼ਮਣੀ ਨਾਲੋਂ, ਸਾਂਝ ਅਤੇ ਦੋਸਤੀ ਵਧੇਰੇ ਲਾਹੇਵੰਦੇ ਰਿਸ਼ਤੇ ਹਨ। ਇਵੇਂ ਲੋੜਾਂ ਦੀ ਸਾਂਝ ਵਿਚੋਂ, ਇਨ੍ਹਾਂ ਦੀ ਪੂਰਤੀ ਲਈ, ਵੱਖ-ਵੱਖ ਉਪਰਾਲੇ ਉਪਜੇ ਹਨ ਅਤੇ ਲੜਾਈ ਵਾਲੇ ਟਕਰਾਓ ਦੀ ਥਾਂ, ਖੇਡ ਵਾਲੇ ਮੁਕਾਬਲੇ ਦੀ ਬਿਰਤੀ ਬਲਵਾਨ ਹੋਈ ਹੈ, ਜਿਸ ਕਾਰਨ ਸੰਸਾਰ ਵਿਚ ਸਮਾਜਿਕ ਅਤੇ ਆਰਥਿਕ ਵਿਕਾਸ ਵਾਪਰਿਆ ਹੈ।

ਲਗਭਗ ਹਰ ਪ੍ਰਕਾਰ ਦੇ ਵਿਕਾਸ ਲਈ ਵੱਖਰੇਵੇਂ ਬੜੇ ਮਹੱਤਵਪੂਰਨ ਹੁੰਦੇ ਹਨ, ਇਕਸਾਰਤਾ ਵਿਚੋਂ ਕਿਸੇ ਪ੍ਰਕਾਰ ਦਾ ਕੋਈ ਵਿਕਾਸ ਨਹੀਂ ਵਾਪਰਦਾ, ਇਸ ਨਾਲ ਕੇਵਲ ਸੁਸਤੀ, ਆਲਸ ਅਤੇ ਨਕਲ ਦੀ ਹੀ ਬਿਰਤੀ ਵਧਦੀ ਹੈ।

ਸ਼ਾਂਤੀ ਦੌਰਾਨ ਮਨੁੱਖ ਨੂੰ ਵੱਖਰੇਵੇਂ ਪ੍ਰਭਾਵਿਤ ਕਰਦੇ ਹਨ ਪਰ ਜਦੋਂ ਸੰਕਟ ਉਪਜਦੇ ਹਨ ਤਾਂ ਵੱਖਰੇਵੇਂ ਨਹੀਂ, ਸਾਂਝਾਂ ਕੰਮ ਆਉਂਦੀਆਂ ਹਨ। ਅੱਗ ਲੱਗੀ ਹੋਵੇ, ਹੜ੍ਹ ਆਇਆ ਹੋਵੇ, ਭੂਚਾਲ ਨੇ ਤਬਾਹੀ ਮਚਾਈ ਹੋਵੇ ਤਾਂ ਇਹ ਵੱਖ-ਵੱਖ ਮੁਸੀਬਤਾਂ, ਸਭ ਦੇ ਸਾਂਝੇ ਯਤਨਾਂ ਨਾਲ ਹੀ ਹੱਲ ਹੁੰਦੀਆਂ ਹਨ।

ਪਰੇਡ ਵਿਚ ਫੌਜੀ ਹੁੰਦੇ ਵੱਖਰੇ-ਵੱਖਰੇ ਹਨ ਪਰ ਉਨ੍ਹਾਂ ਦੀ ਇਕੋ ਜਿਹੀ ਵਰਦੀ ਅਤੇ ਸਾਂਝੀ ਕਮਾਂਡ, ਉਨ੍ਹਾਂ ਵਿਚ ਤਾਲਮੇਲ ਉਸਾਰ ਕੇ, ਉਨ੍ਹਾਂ ਨੂੰ ਇਕ ਸਾਂਝੀ ਅਜਿਤ-ਸ਼ਕਤੀ ਬਣਾ ਦਿੰਦੀ ਹੈ।

ਸਹੇਲੀਆਂ ਦੀ ਟੋਲੀ ਵਿਚ ਜਾਂ ਦੋਸਤਾਂ ਦੀ ਚੌਕੜੀ ਵਿਚ ਸ਼ਖ਼ਸੀਅਤ ਦੇ ਪੱਖੋਂ ਜਿਤਨੇ ਵਧੇਰੇ ਵੱਖਰੇਵੇਂ ਹੋਣਗੇ, ਉਤਨੀਆਂ ਹੀ ਡੂੰਘੀਆਂ ਅਤੇ ਪੱਕੀਆਂ ਸਾਂਝਾਂ ਅਤੇ ਮਿੱਠੀਆਂ ਅਤੇ ਸਦੀਵੀ ਯਾਦਾਂ ਉਸਰਨਗੀਆਂ।

ਵੱਖ-ਵੱਖ ਮਣਕੇ ਰਲ ਕੇ ਇਕ ਮਾਲਾ ਬਣ ਜਾਂਦੇ ਹਨ।

ਸ਼ਕਤੀਸ਼ਾਲੀ ਪਰਿਵਾਰ ਉਹੀ ਹੁੰਦੇ ਹਨ, ਜਿਥੇ ਹਰ ਕੋਈ ਵੱਖਰੇ ਢੰਗ ਨਾਲ, ਵੱਖਰੀ ਦਿਸ਼ਾ ਵਿਚ, ਵੱਖਰੇ ਉਦੇਸ਼ ਲਈ, ਵੱਖਰੀ ਭਾਂਤ ਦੀ ਮਿਹਨਤ ਕਰਦਾ ਹੈ ਪਰ ਪਰਿਵਾਰਕ ਜੀਵਨ ਸਭਨਾਂ ਦਾ ਸਾਂਝਾ ਹੁੰਦਾ ਹੈ।

ਪਰਿਵਾਰ ਵਿਚ ਸ਼ਕਤੀ ਦਾ ਸਾਂਝਾ ਸਰੋਤ ਪਿਤਾ ਹੁੰਦਾ ਹੈ, ਜਦੋਂ ਕਿ ਮੋਹ-ਮਮਤਾ ਦਾ ਨਿਘਾ, ਰੱਜਵਾਂ ਅਤੇ ਸਾਂਝਾ ਚਸ਼ਮਾ ਮਾਂ ਹੁੰਦੀ ਹੈ ਅਤੇ ਬੱਚੇ ਮਾਪਿਆਂ ਦੇ ਵੱਖ-ਵੱਖ ਸੁਪਨਿਆਂ ਦੀ ਰੌਣਕ ਹੁੰਦੇ ਹਨ। ਮਾਂ ਦਾ ਪਿਆਰ ਵੰਡਣ ਦਾ ਢੰਗ ਹੀ ਅਜਿਹਾ ਹੁੰਦਾ ਹੈ ਕਿ ਹਰੇਕ ਨੂੰ ਸੌ ਪ੍ਰਤੀਸ਼ਤ ਪਿਆਰ ਮਿਲਦਾ ਹੈ। ਪਰਿਵਾਰ ਦੇ ਹਰ ਜੀਅ ਦੀ ਉਮਰ ਅਤੇ ਰਿਸ਼ਤੇ ਦੇ ਵੱਖਰੇਵੇਂ ਦੇ ਬਾਵਜੂਦ, ਹਰੇਕ ਦੀ ਹਰ ਕਿਸੇ ਨਾਲ ਪੀਡੀ ਸਾਂਝ ਹੁੰਦੀ ਹੈ, ਇਸ ਬਿਰਤੀ ਕਾਰਨ ਹੀ ਘਰ ਸੁਖਾਵੀਂ ਥਾਂ ਬਣ ਜਾਂਦਾ ਹੈ, ਜਿਸ ਵਿਚ ਬੱਚੇ ਅਤੇ ਮਾਪੇ ਰਲ ਕੇ ਵਿਕਾਸ ਕਰਦੇ ਹਨ।

ਮਾਪਿਆਂ ਦੇ ਆਪਣੇ ਵਿਕਾਸ ਲਈ ਜ਼ਰੂਰੀ ਹੈ ਕਿ ਉਹ ਬੱਚਿਆਂ ਦੇ ਵੱਖਰੇਵਿਆਂ ਨੂੰ ਸਵੀਕਾਰ ਹੀ ਨਾ ਕਰਨ, ਸਗੋਂ ਵੱਖਰੇਵਿਆਂ ਨੂੰ ਵਿਕਸਿਤ ਵੀ ਕਰਨ ਅਤੇ ਹਰ ਕਿਸੇ ਦੀ ਉਡਾਣ ਲਈ ਵੱਖਰਾ ਅਸਮਾਨ ਸਿਰਜਣ।

ਬਾਗ਼ ਅਤੇ ਗ਼ੁਲਦਸਤੇ ਵਿਚ ਜਿਤਨੇ ਵੱਖਰੇ-ਵੱਖਰੇ ਰੰਗਾਂ ਅਤੇ ਸੁਗੰਧੀਆਂ ਵਾਲੇ ਫੁੱਲ ਹੁੰਦੇ ਹਨ, ਉਨ੍ਹਾਂ ਦਾ ਸਮੁੱਚਾ ਪ੍ਰਭਾਵ ਉਤਨਾ ਹੀ ਵਧੇਰੇ ਦਿਲਕਸ਼, ਦਿਲਚਸਪ ਅਤੇ ਭਰਪੂਰ ਤਸੱਲੀ ਵਾਲਾ ਹੁੰਦਾ ਹੈ।

ਜਿਵੇਂ ਹਰ ਕੋਈ ਆਪਣਾ-ਆਪਣਾ ਮਕਾਨ ਉਸਾਰਦਾ ਹੈ ਅਤੇ ਸ਼ਹਿਰ ਵੱਸ ਜਾਂਦਾ ਹੈ, ਉਵੇਂ ਹੀ ਹਰੇਕ ਵੱਖਰੇ-ਵੱਖਰੇ ਢੰਗ ਨਾਲ ਵਿਕਾਸ ਕਰਦਾ ਹੈ ਅਤੇ ਸਮਾਜ ਖੁਸ਼ਹਾਲ ਹੋ ਜਾਂਦਾ ਹੈ, ਇਵੇਂ ਵਿਕਾਸ ਲਈ ਵੱਖਰੇਵਿਆਂ ਅਤੇ ਸਾਂਝਾਂ ਦੋਹਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਸੰਸਾਰ ਦਾ ਨਿਰਮਾਣ ਹੀ ਇਸ ਢੰਗ ਨਾਲ ਹੋਇਆ ਹੈ ਕਿ ਇਸ ਵਿਚ ਵੱਖਰੇਵਿਆਂ ਦਾ ਵੀ ਕੋਈ ਅੰਤ ਨਹੀਂ ਅਤੇ ਸਾਂਝਾਂ ਦੀ ਵੀ ਕੋਈ ਘਾਟ ਨਹੀਂ। ਜੀਵਨ ਵਿਚ ਜੇ ਵੱਖਰੇਵੇਂ ਲਭੋਗੇ ਤਾਂ ਸਾਂਝਾਂ ਵਿਚੋਂ ਵੀ ਵੱਖਰੇਵੇਂ ਦਿਸਣਗੇ, ਜੇ ਸਾਂਝਾਂ ਲਭੋਗੇ ਤਾਂ ਵੱਖਰੇਵਿਆਂ ਵਿਚੋਂ ਵੀ ਸਾਂਝਾਂ ਦਿਸਣਗੀਆਂ।

ਜੀਵਨ ਵਿਚ ਸੁਖਾਵੇਂ ਸੰਤੁਲਨ ਲਈ ਵੱਖਰੇਵਿਆਂ ਅਤੇ ਸਾਂਝਾਂ ਦੋਹਾਂ ਦਾ ਹੋਣਾ ਲਾਜ਼ਮੀ ਹੈ, ਅਜਿਹਾ ਨਹੀਂ ਹੁੰਦਾ ਤਾਂ ਜੀਵਨ ਉਲਾਰ ਹੋ ਜਾਂਦਾ ਹੈ, ਸਮਾਜ ਵਿਚ ਖੜੋਤ ਆ ਜਾਂਦੀ ਹੈ, ਸਾਰੇ ਦੇਸ਼ ਦਾ ਸਮਾਂ ਅਤੇ ਸਾਧਨ ਅਜਾਈਂ ਜਾਣ ਲੱਗ ਪੈਂਦੇ ਹਨ ਅਤੇ ਵਰਦਾਨ, ਕਲੰਕ ਬਣ ਜਾਂਦੇ ਹਨ।

ਭਾਰਤ ਦੀਆਂ ਅਨੇਕਾਂ ਪ੍ਰਾਪਤੀਆਂ ਮਾਣ ਕਰਨ ਯੋਗ ਹਨ ਪਰ ਜ਼ਾਤ-ਪਾਤ ਦੀ ਪ੍ਰਣਾਲੀ ਵੱਖਰੇਵਿਆਂ ਨਾਲ ਭਰਪੂਰ ਅਤੇ ਸਾਂਝਾਂ ਦੀ ਅਣਹੋਂਦ ਕਾਰਨ ਭਾਰਤ ਦੇ ਮੱਥੇ ਤੇ ਲੱਗਿਆ ਸਦੀਵੀ ਕਲੰਕ ਹੈ, ਜਿਸ ਕਾਰਨ ਵਿਕਾਸ ਦੇ ਵਗਦੇ ਦਰਿਆ ਵਿਚ ਭਾਰਤ ਰੁਕਿਆ ਹੋਇਆ ਪ੍ਰਤੀਤ ਹੁੰਦਾ ਹੈ। ਜ਼ਾਤ-ਪਾਤ ਨੇ ਭਾਰਤੀ ਸਮਾਜ ਵਿਚ ਸਾਂਝਾਂ ਨੂੰ ਕੁੱਚਲ ਕੇ, ਵੱਖਰੇਵਿਆਂ ਨੂੰ ਖਾਈਆਂ ਅਤੇ ਵਿੱਥਾਂ ਬਣਾ ਕੇ, ਇਕ-ਦੂਜੇ ਪ੍ਰਤੀ ਨਫ਼ਰਤ ਦੇ ਬੀਜ ਬੋਏ ਹਨ, ਜਿਸ ਕਾਰਨ ਕਿਸੇ ਵੀ ਜ਼ਾਤ

ਦੇ ਲੋਕ, ਕਿਸੇ ਹੋਰ ਜ਼ਾਤ ਦੇ ਲੋਕਾਂ ਨੂੰ, ਸਹਿਯੋਗ ਨਹੀਂ ਦਿੰਦੇ ਅਤੇ ਉਨ੍ਹਾਂ ਲਈ ਸਤਿਕਾਰਯੋਗ ਸ਼ਬਦਾਵਲੀ ਨਹੀਂ ਵਰਤਦੇ, ਭੰਡਣ-ਨਿੰਦਣ ਵਾਲੀ ਨੀਵੀਂ ਭਾਸ਼ਾ ਵਿਚ ਹੀ ਗੱਲ ਕੀਤੀ ਜਾਂਦੀ ਹੈ। ਭਾਰਤ ਵਿਚ ਜਾਤੀ-ਅਭਿਮਾਨ ਅਤੇ ਜਾਤੀ ਅਪਮਾਨ ਨੇ ਸਾਂਝਾਂ ਉਸਰਨ ਹੀ ਨਹੀਂ ਦਿੱਤੀਆਂ, ਸੋ ਪਰਸਪਰ ਸਤਿਕਾਰ ਦੀਆਂ ਸੰਭਾਵਨਾਵਾਂ ਉਜਾਗਰ ਹੀ ਨਹੀਂ ਹੋਈਆਂ।

ਭਾਰਤ ਵਿਚ ਵੱਖ-ਵੱਖ ਜਾਤੀਆਂ, ਧਰਮਾਂ, ਸਭਿਆਚਾਰਾਂ ਅਤੇ ਭਾਸ਼ਾਵਾਂ ਦਾ ਹੋਣਾ, ਸਾਡੀ ਸ਼ਕਤੀ ਨਹੀਂ, ਕਮਜ਼ੋਰੀ ਦਾ ਪ੍ਰਮਾਣ ਹੈ। ਇਹ ਵੱਖਰੇਵੇਂ, ਵੰਨ-ਸੁਵੰਨਤਾ ਦੀ ਗਵਾਹੀ ਨਹੀਂ, ਸਹਿਣਸ਼ੀਲਤਾ ਅਤੇ ਸਾਂਝ ਦੀ ਘਾਟ ਦਾ ਸਬੂਤ ਹਨ। ਇਹ ਵੱਖਰੇਵੇਂ ਸਾਡੇ ਨਾ ਕਿਸੇ ਵਿਚ ਰਲਣ ਅਤੇ ਨਾ ਕਿਸੇ ਨੂੰ ਆਪਣੇ ਵਿਚ ਰਲਾਉਣ ਦਾ ਪ੍ਰਮਾਣ ਹਨ।

ਇਨ੍ਹਾਂ ਵਿੱਥਾਂ ਕਾਰਨ ਹੀ ਭਾਰਤ ਵਿਚ ਹਿੰਦੂ ਧਰਮ ਅਤੇ ਇਸਲਾਮ ਨੇ ਇਕ-ਦੂਜੇ ਤੋਂ ਕੁਝ ਨਹੀਂ ਸਿੱਖਿਆ ਅਤੇ ਇਕ-ਦੂਜੇ ਦਾ ਕੁਝ ਨਹੀਂ ਅਪਨਾਇਆ।

ਵੱਖਰੇ ਵਿਚਰਨ ਦੀ ਪ੍ਰਵਿਰਤੀ ਕਾਰਨ ਹੀ ਭਾਵੇਂ ਅੰਗ੍ਰੇਜ਼ਾਂ ਨੇ ਭਾਰਤ 'ਤੇ ਦੋ ਸਦੀਆਂ ਰਾਜ ਕੀਤਾ ਪਰ ਉਨ੍ਹਾਂ ਨੇ ਭਾਰਤ ਨੂੰ ਅਤੇ ਭਾਰਤ ਨੇ ਉਨ੍ਹਾਂ ਨੂੰ ਨਹੀਂ ਅਪਨਾਇਆ, ਜਿਸ ਕਾਰਨ ਅੰਗ੍ਰੇਜ਼, ਭਾਰਤ ਦੇ ਹਾਕਮ ਤਾਂ ਬਣੇ ਪਰ ਉਹ ਭਾਰਤ ਦੇ ਆਗੂ ਨਾ ਬਣ ਸਕੇ।

ਜ਼ਾਤ-ਪਾਤ ਕਾਰਨ ਹੀ ਭਾਰਤ ਵਿਗਿਆਨਕ ਨਹੀਂ ਬਣ ਸਕਿਆ, ਕਿਉਂਕਿ ਇਥੇ ਗਿਆਨ ਬ੍ਰਾਹਮਣ ਕੋਲ ਸੀ ਪਰ ਹੱਥੀਂ ਕਾਰਜ ਰਾਹੀਂ, ਪ੍ਰਯੋਗ ਕਰਨ ਦੇ ਕੰਮ ਲਈ, ਬ੍ਰਾਹਮਣ ਤਿਆਰ ਨਹੀਂ ਸੀ। ਹੱਥੀਂ ਕੰਮ ਕਰਨ ਦੀ ਜ਼ਿੰਮੇਵਾਰੀ ਸ਼ੂਦਰ ਦੀ ਸੀ ਪਰ ਸ਼ੂਦਰ ਕੋਲ ਗਿਆਨ ਨਹੀਂ ਸੀ, ਕਿਉਂਕਿ ਬ੍ਰਾਹਮਣ ਨੇ ਸ਼ੂਦਰ ਨੂੰ ਗਿਆਨ ਪ੍ਰਾਪਤ ਕਰਨ ਦੀ ਮਨਾਹੀ ਕੀਤੀ ਹੋਈ ਸੀ। ਇਵੇਂ ਇਕ ਹੀ ਵਿਅਕਤੀ ਵਿਚ ਗਿਆਨ ਅਤੇ ਪ੍ਰਯੋਗ ਦੀ ਸਾਂਝ ਨਾ ਹੋਣ ਕਾਰਨ ਭਾਰਤ ਵਿਗਿਆਨ ਦੇ ਮਾਰਗ 'ਤੇ ਚਲ ਹੀ ਨਹੀਂ ਸਕਿਆ ਅਤੇ ਸਿੱਟੇ ਵਜੋਂ ਅਜੋਕਾ ਭਾਰਤ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਦੀ ਥਾਂ, ਅੰਧ-ਵਿਸ਼ਵਾਸੀ ਹੋਣ ਅਤੇ ਆਧੁਨਿਕ ਹੋਣ ਦੀ ਥਾਂ ਪਰੰਪਰਾਵਾਦੀ ਹੋਣ ਵਿਚ ਹੀ ਸੰਤੁਸ਼ਟ ਹੈ।

ਜ਼ਾਤ-ਪਾਤ ਦੀ ਬਿਰਤੀ ਕਾਰਨ ਹੀ ਭਾਰਤ ਦੀ ਹਰੇਕ ਸੰਸਥਾ, ਪਾਰਟੀ ਅਤੇ ਜਥੇਬੰਦੀ ਫੁੱਟ ਦਾ ਸ਼ਿਕਾਰ ਹੋਈ ਪਈ ਹੈ।

ਸੰਸਾਰ ਵਿਚ ਧਰਮ ਵੱਖ-ਵੱਖ ਹਨ ਪਰ ਵਿਗਿਆਨ ਇਕ ਹੈ ਅਤੇ ਇਹ ਸਾਰੇ ਵਿਸ਼ਵ ਦਾ ਸਾਂਝਾ ਹੈ। ਵਿਗਿਆਨ ਅਤੇ ਧਰਮ ਦੋਹਾਂ ਦੇ ਢੰਗ ਵੱਖਰੇ ਹਨ ਪਰ ਸਾਂਝਾ ਉਦੇਸ਼ ਸੱਚ ਦੀ ਖੋਜ ਹੈ। ਇਕ ਦਿਨ ਆਵੇਗਾ ਜਦੋਂ ਵਿਗਿਆਨ ਧਾਰਮਿਕ ਹੋ ਜਾਵੇਗਾ ਅਤੇ ਧਰਮ ਵਿਗਿਆਨਕ ਹੋ ਜਾਵੇਗਾ, ਕਿਉਂਕਿ ਅਜਿਹੀ

ਸਾਂਝ ਹੋਣ ਦੇ ਅਨੇਕਾਂ ਪ੍ਰਮਾਣ ਸਾਡੇ ਸਾਹਮਣੇ ਹਨ, ਜਿਵੇਂ ਨਦੀਆਂ ਅਨੇਕਾਂ-ਅਨੇਕ ਹਨ ਪਰ ਸਮੁੰਦਰ ਸਾਂਝਾ ਹੈ; ਵਿਸ਼ੇ ਅਨੇਕਾਂ ਹਨ ਪਰ ਗਿਆਨ ਦਾ ਸਾਗਰ ਇਕ ਹੈ। ਖੇਡਾਂ ਵੰਨ-ਸੁਵੰਨੀਆਂ ਹਨ ਪਰ ਹਰ ਕਿਸੇ ਦਾ ਉਦੇਸ਼, ਜਿੱਤਣਾ ਹੁੰਦਾ ਹੈ। ਵਿਚਾਰਧਾਰਾਵਾਂ, ਸੋਚਾਂ, ਚਿੰਤਨ, ਪ੍ਰਗਟਾਵੇ ਵੰਨ-ਸੁਵੰਨੇ ਹਨ ਪਰ ਸਾਂਝਾ ਉਦੇਸ਼ ਮਨੁੱਖ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਹੈ। ਚੋਟੀਆਂ ਅਣਗਿਣਤ ਹਨ ਪਰ ਐਵਰੈਸਟ ਸਾਰੀਆਂ ਦੇ ਸਿਰ ਦਾ ਤਾਜ ਹੈ। ਕਲਾ ਅਤੇ ਸੁੰਦਰਤਾ ਦੇ ਰੂਪ ਭਿੰਨ-ਭਿੰਨ ਹਨ ਪਰ ਸੋਹਜ ਦੀ ਸਾਂਝ ਹੈ। ਵਿਦਵਾਨਾਂ ਦੀ ਰਾਇ, ਘੜੀਆਂ ਦੇ ਵਕਤ ਵਾਂਗ, ਵੱਖ-ਵੱਖ ਹੁੰਦੀ ਹੈ ਪਰ ਉਨ੍ਹਾਂ ਵਿਚ ਤਰਕ ਅਤੇ ਵਿਦਵਤਾ ਦੀ ਸਾਂਝ ਹੁੰਦੀ ਹੈ। ਵਿਦਿਆ ਦਾ ਉਦੇਸ਼ ਵੱਖ-ਵੱਖ ਸੋਚਾਂ ਪ੍ਰਗਟਾਉਣਾ ਅਤੇ ਸਵੀਕਾਰਨਾ ਹੁੰਦਾ ਹੈ।.ਸੰਸਾਰ ਦਾ ਸਮੁੱਚਾ ਆਰਥਿਕ, ਰਾਜਨੀਤਕ, ਕਲਾਤਮਕ ਵਿਕਾਸ ਵੱਖ-ਵੱਖ ਯਤਨਾਂ ਦਾ ਸਾਂਝਾ ਸਿੱਟਾ ਹੈ।

ਸੋਚਾਂ ਦਾ ਵੱਖਰੇਵਾਂ ਅਤੇ ਹਿੱਤਾਂ ਦੀ ਸਾਂਝ ਖੁਸ਼ਹਾਲੀ ਦਾ ਪ੍ਰਮਾਣ ਹੁੰਦੀ ਹੈ।

ਆਪਣੇ ਤੋਂ ਵੱਖਰੀ ਸੋਚ ਵਾਲੇ ਵਿਅਕਤੀ ਨੂੰ ਪ੍ਰਵਾਨ ਕਰਨ ਨਾਲ, ਸਾਡੀ ਆਪਣੀ ਸੋਚ ਬਲਵਾਨ ਅਤੇ ਸਾਡੀ ਜ਼ਿੰਦਗੀ ਸੁਖਾਵੀਂ ਹੋ ਜਾਂਦੀ ਹੈ।

ਜੇ ਪਤੀ-ਪਤਨੀ ਵੱਖ-ਵੱਖ ਸਭਿਆਚਾਰਾਂ ਵਿਚੋਂ ਹੋਣ ਤਾਂ ਉਹ ਦੋ ਰਜਾਈਆਂ ਦਾ ਨਿੱਘ ਅਤੇ ਦੁਗਣੇ ਪਕਵਾਨਾਂ ਦਾ ਸਵਾਦ ਮਾਣਦੇ ਹਨ। ਜੇ ਉਦੇਸ਼ ਦੀ ਸਾਂਝ ਹੋਵੇ, ਜਿਵੇਂ ਪਤੀ-ਪਤਨੀ ਦਾ ਸਾਂਝਾ ਉਦੇਸ਼ ਪਰਿਵਾਰ ਉਸਾਰਨਾ ਹੁੰਦਾ ਹੈ, ਤਾਂ ਵੱਖ-ਵੱਖ ਸੋਚ-ਪ੍ਰਣਾਲੀਆਂ ਅਤੇ ਵਿਹਾਰਕ ਵੱਖਰੇਵਿਆਂ ਨੂੰ ਇਕ-ਸੁਰ ਕਰਨਾ ਸੌਖਾ ਹੋ ਜਾਂਦਾ ਹੈ। ਜੇ ਸਾਂਝ ਡੂੰਘੀ ਹੋਵੇ ਤਾਂ ਇਕ-ਦੂਜੇ ਦੀ ਵੱਖਰੀ-ਵੱਖਰੀ ਅੱਖ, ਸਾਂਝਾ ਸੁਪਨਾ ਵੇਖ ਸਕਦੀ ਹੈ।

ਹੰਢਣਸਾਰ, ਸ਼ਕਤੀਸ਼ਾਲੀ ਅਤੇ ਸ਼ਿੱਦਤ ਭਰਿਆ ਪਿਆਰ ਦੋ ਸੁਤੰਤਰ ਸ਼ਖ਼ਸੀਅਤਾਂ ਵਿਚ ਹੀ ਸੰਭਵ ਹੁੰਦਾ ਹੈ।

ਸੰਸਾਰ ਵਿਚ ਮਨੁੱਖ, ਆਪਣੀਆਂ ਵੱਖ-ਵੱਖ ਸ਼ਕਤੀਆਂ, ਪਿਆਰ ਦੇ ਮਾਧਿਅਮ ਨਾਲ ਹੋਰਾਂ ਨਾਲ ਸਾਂਝੀਆਂ ਕਰਨ ਆਉਂਦਾ ਹੈ। ਜੇ ਇਸਤਰੀ-ਪੁਰਸ਼ ਦੇ ਗੁਣ-ਲੱਛਣ ਧਰਤੀ ਅਤੇ ਅਕਾਸ਼ ਵਰਗੇ ਵੱਖਰੇ-ਵੱਖਰੇ ਹੋਣ ਤਾਂ ਹੀ ਭਰਪੂਰ ਪਿਆਰ ਦੀ ਆਸ ਜਾਗਦੀ ਹੈ ਅਤੇ ਮਰਦਾਂ ਵਾਲੀ ਤਾਕਤ, ਔਰਤਾਂ ਵਾਲੀ ਕੋਮਲਤਾ ਨਾਲ ਰਲ ਕੇ, ਜ਼ਿੰਦਗੀ ਦੀ ਕਿਕਲੀ-ਕਲੀਰ ਬਣ ਜਾਂਦੀ ਹੈ।

ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ, ਸੋਚ ਅਤੇ ਵਿਹਾਰ ਦੇ ਵੱਖਰੇਵਿਆਂ ਨੂੰ ਨਾ ਸਵੀਕਾਰਨ ਕਰਕੇ ਉਪਜਦੀਆਂ ਹਨ। ਸਮਝਣ ਦੀ ਲੋੜ ਹੈ ਕਿ ਕੋਈ ਗਲਤ-ਸਹੀ ਨਹੀਂ ਹੁੰਦਾ, ਵੱਖਰੇ ਪਿਛੋਕੜ ਅਤੇ ਸੰਦਰਭ ਕਾਰਨ, ਹਰ ਕੋਈ ਵੱਖਰੇ ਢੰਗ ਨਾਲ ਸੋਚਦਾ ਹੈ। ਕੰਜੂਸ ਹੋਰ ਤਰ੍ਹਾਂ ਸੋਚਦਾ ਹੈ, ਸ਼ਾਹ-ਖਰਚ ਹੋਰ

ਤਰ੍ਹਾਂ ਸੋਚਦਾ ਹੈ, ਪੁਰਸ਼ ਹੋਰ ਤਰ੍ਹਾਂ ਸੋਚਦਾ ਹੈ, ਇਸਤਰੀ ਹੋਰ ਤਰ੍ਹਾਂ ਸੋਚਦੀ ਹੈ। ਆਪਣੀ-ਆਪਣੀ ਥਾਂ ਹਰ ਕੋਈ ਸਹੀ ਹੁੰਦਾ ਹੈ। ਕਿਉਂਕਿ ਦੂਜੇ ਸਾਡੇ ਵਾਂਗ ਨਹੀਂ ਸੋਚਦੇ-ਖਰਚਦੇ, ਇਸ ਲਈ ਉਹ ਸਾਨੂੰ ਗਲਤ ਪ੍ਰਤੀਤ ਹੁੰਦੇ ਹਨ।

ਸੋਚ ਦੇ ਵੱਖਰੇਵਿਆਂ ਕਾਰਨ ਹੀ ਘੋੜ-ਦੌੜਾਂ ਹੁੰਦੀਆਂ ਹਨ। ਸੋਚਾਂ ਦੇ ਵੱਖਰੇਵੇਂ ਕਾਰਨ ਹੀ ਛੜੇ ਅਤੇ ਵਿਆਹੇ ਹੋਏ, ਇਕ-ਦੂਜੇ 'ਤੇ ਤਰਸ ਖਾਂਦੇ ਹਨ।

ਹਰ ਸਮਾਜ ਕੋਲ ਵੱਖਰੀ ਭਾਂਤ ਦਾ ਗਿਆਨ ਹੁੰਦਾ ਹੈ, ਇਸ ਕਰਕੇ ਹਰ ਸਮਾਜ ਭਾਸ਼ਾ ਵੀ ਵੱਖਰੀ ਬੋਲਦਾ ਹੈ। ਉਦਾਹਰਣ ਵਜੋਂ ਜੋ ਸੰਸਕ੍ਰਿਤ ਵਿਚ ਹੈ, ਉਹ ਫ਼ਾਰਸੀ ਵਿਚ ਨਹੀਂ; ਜੋ ਫਰਾਂਸੀਸੀ ਵਿਚ ਹੈ, ਉਹ ਅੰਗ੍ਰੇਜ਼ੀ ਵਿਚ ਨਹੀਂ।

ਵੱਧ ਤੋਂ ਵੱਧ ਭਾਸ਼ਾਵਾਂ ਸਿਖ ਕੇ, ਅਨੁਭਵ ਦੇ ਪੱਖੋਂ ਅਮੀਰ ਹੋਣ ਦੀ ਥਾਂ, ਅਸੀਂ ਪੱਛੜੇ ਹੋਣ ਵਿਚ ਹੀ ਸੰਤੁਸ਼ਟ ਹਾਂ।

ਭਾਸ਼ਾ ਦੇ ਪੱਖੋਂ ਅਸੀਂ ਭਾਰਤੀ ਸ਼ੂਦਰ ਹੀ ਹਾਂ, ਅਸੀਂ ਕਿਸੇ ਦੀ ਭਾਸ਼ਾ ਨਹੀਂ ਸਿਖਦੇ। ਇਸੇ ਕਾਰਨ ਝਿੱਜਕ ਅਤੇ ਸੰਕੀਰਣਤਾ ਸਾਡੇ ਲੱਛਣ ਹਨ, ਜਿਸ ਕਾਰਨ ਅਸੀਂ ਅਜਨਬੀਆਂ ਨੂੰ ਖਿੜੇ-ਮੱਥੇ ਪ੍ਰਵਾਨ ਨਹੀਂ ਕਰਦੇ।

ਜ਼ਿੰਦਗੀ ਦੇ ਵੱਖ-ਵੱਖ ਵਰਤਾਰੇ ਜਦੋਂ ਪੱਕੇ ਹੋ ਜਾਣ ਤਾਂ ਉਹ ਸਾਡੇ ਲੱਛਣ ਬਣ ਜਾਂਦੇ ਹਨ। ਇਕ ਸਮਾਜ ਦੇ ਲੱਛਣ ਕਿਸੇ ਹੋਰ ਸਮਾਜ ਦੇ ਲੱਛਣਾਂ ਨਾਲ ਮੇਲ ਨਾ ਖਾਣ ਕਾਰਨ, ਵੱਖਰੀ ਪਛਾਣ ਉਤਪੰਨ ਹੁੰਦੀ ਹੈ ਅਤੇ ਹਰੇਕ ਸਮਾਜ ਵਿਲੱਖਣ ਹੋ ਨਿਬੜਦਾ ਹੈ। ਉਦਾਹਰਣ ਵਜੋਂ ਪੰਜਾਬੀ ਇਕੱਲਿਆਂ ਖੇਡ ਜਾਂ ਨੱਚ ਨਹੀਂ ਸਕਦਾ ਪਰ ਇਕੱਲਿਆਂ ਲੜ ਸਕਦਾ ਹੈ, ਪਰ ਪਹਾੜੀਆਂ ਦਾ ਵਿਹਾਰ ਉਲਟ ਹੁੰਦਾ ਹੈ। ਪੰਜਾਬ ਵਿਚ ਰਹਿੰਦਿਆਂ, ਪੰਜਾਬੀ ਵਿਦੇਸ਼ ਲਈ ਤਾਂਘਦਾ ਹੈ, ਵਿਦੇਸ਼ ਵਿਚ ਰਹਿੰਦਿਆਂ, ਉਹ ਪੰਜਾਬ ਵਲ ਵੇਖਦਾ ਰਹਿੰਦਾ ਹੈ। ਮਾਝੇ, ਮਾਲਵੇ ਅਤੇ ਦੁਆਬੇ ਦੇ ਲੋਕ ਆਪਣੇ-ਆਪ ਨੂੰ ਹੋਰਾਂ ਨਾਲੋਂ ਉੱਚਾ, ਵੱਖਰਾ, ਨਿਆਰਾ ਅਤੇ ਬਹਾਦਰ ਸਮਝਣ ਦਾ ਭੁਲੇਖਾ ਪਾਲਦੇ ਹਲ।

ਪੰਜਾਬੀਆਂ ਦੇ ਹਰ ਹੀਲੇ ਵਿਦੇਸ਼ ਜਾਣ ਦੇ ਵਰਤਾਰੇ ਕਾਰਨ, ਪੰਜਾਬ ਦਾ ਗਵਾਂਢ ਹਰਿਆਣਾ, ਰਾਜਸਥਾਨ, ਕਸ਼ਮੀਰ ਜਾਂ ਹਿਮਾਚਲ ਨਹੀਂ; ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਹਨ।

ਸਾਂਝਾਂ ਅਤੇ ਵੱਖਰੇਵਿਆਂ ਦਾ ਪ੍ਰਗਟਾਵਾ ਸਭ ਤੋਂ ਵਧੇਰੇ ਇਸਤਰੀ-ਪੁਰਸ਼ ਦੇ ਪਰਸਪਰ-ਵਿਹਾਰ ਵਿਚ ਉਘੜਦਾ ਹੈ। ਇਸਤਰੀ-ਪੁਰਸ਼ ਸੰਬੰਧਾਂ ਵਿਚ ਸਾਂਝਾ ਮਜ਼ਬੂਤ ਹੁੰਦੀਆਂ ਹਨ ਪਰ ਵੱਖਰੇਵੇਂ ਕਮਜ਼ੋਰ ਨਹੀਂ ਹੁੰਦੇ।

ਇਸਤਰੀ ਵਲੋਂ ਪੁਰਸ਼ ਨਾਲ ਬਰਾਬਰੀ ਕਰਨ ਦੇ ਯਤਨ, ਵਿਆਹ ਦੀ ਸੰਸਥਾ ਨੂੰ ਕਮਜ਼ੋਰ ਕਰਨਗੇ ਅਤੇ ਇਸਤਰੀ ਵਿਚ ਵੀ ਪੁਰਸ਼ਾਂ ਵਾਲੇ ਔਗੁਣ ਆ ਜਾਣਗੇ।

ਚੰਗਾ ਦੰਪਤੀ-ਜੋੜਾ ਉਹ ਨਹੀਂ ਹੁੰਦਾ ਜਿਨ੍ਹਾਂ ਦੇ ਵਿਚਾਰ ਮਿਲਦੇ ਹੋਣ,

ਸਗੋਂ ਉਹ ਹੁੰਦਾ ਹੈ, ਜਿਨ੍ਹਾਂ ਵਿਚ ਵੱਖਰੇਵੇਂ ਮਾਣਨ ਦੀ ਸਮਰੱਥਾ ਹੋਵੇ।

ਸਾਂਝਾਂ ਮਾਣਨ ਅਤੇ ਵੱਖਰੇਵਿਆਂ ਨੂੰ ਪ੍ਰਵਾਨ ਕਰਨ ਵਾਲਾ ਪਰਿਵਾਰ ਹਰ ਪੱਖੋਂ ਵਿਕਾਸ ਕਰਦਾ ਹੈ।

ਅਜੋਕੇ ਸਮੇਂ ਵਿਚ ਪਤੀ-ਪਤਨੀ ਦੇ ਰਿਸ਼ਤੇ ਵਿਚ ਸਾਂਝਾਂ ਘੱਟ ਰਹੀਆਂ ਹਨ ਅਤੇ ਵੱਖਰੇਵੇਂ ਵੱਧ ਰਹੇ ਹਨ, ਜਿਸ ਕਾਰਨ ਤਲਾਕ ਵੱਧ ਰਹੇ ਹਨ।

ਹਰ ਵੇਲੇ ਸ਼ਿਕਾਇਤਾਂ ਕਰਨ ਅਤੇ ਨੁਕਸ ਕੱਢਣ ਵਾਲੇ ਪਤੀ ਨਾਲ, ਕੋਈ ਪਤਨੀ ਪ੍ਰਸੰਨ ਨਹੀਂ ਰਹਿੰਦੀ, ਕਿਉਂਕਿ ਉਸ ਨੂੰ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਉਹ ਕਿਸੇ ਪੁਰਸ਼ ਨਾਲ ਨਹੀਂ, ਇਕ ਹੋਰ ਸੱਸ ਨਾਲ ਰਹਿ ਰਹੀ ਹੈ।

ਇਸਤਰੀ ਆਪਣੀ ਸੁੰਦਰਤਾ ਅਤੇ ਮਮਤਾ ਨਾਲ ਪੁਰਸ਼ ਨੂੰ ਪ੍ਰਭਾਵਿਤ ਕਰਕੇ ਪ੍ਰਸੰਨ ਹੁੰਦੀ ਹੈ ਪਰ ਜੇ ਉਹ ਇਵੇਂ ਨਾ ਕਰ ਸਕੇ ਤਾਂ ਉਹ ਬੜੀ ਪ੍ਰੇਸ਼ਾਨ ਹੁੰਦੀ ਹੈ।

ਕਈ ਇਸਤਰੀਆਂ ਨੂੰ ਚੰਗੇ, ਸ਼ਾਂਤ ਸੁਭਾਓ ਵਾਲੇ ਪੁਰਸ਼ ਬੜੇ ਅਕਾਊ ਲਗਦੇ ਹਨ, ਇਸ ਲਈ ਉਹ ਭੈੜੇ ਅਤੇ ਗੈਰ-ਜ਼ਿੰਮੇਵਾਰ ਪੁਰਸ਼ ਸਹੇੜ ਲੈਂਦੀਆਂ ਹਨ, ਜਿਹੜੇ ਲਾ-ਪ੍ਰਵਾਹ ਹੋ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ ਹਨ।

ਹਰ ਇਸਤਰੀ ਨੂੰ ਇਕ ਪਤੀ ਚਾਹੀਦਾ ਹੁੰਦਾ ਹੈ ਪਰ ਉਸ ਨੂੰ ਪਤਾ ਨਹੀਂ ਹੁੰਦਾ ਕਿ ਸਹੀ ਪਤੀ ਕਿਹੜਾ ਹੋਵੇਗਾ ਪਰ ਪੁਰਸ਼ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਉਸ ਦੀ ਪਤਨੀ ਠੀਕ ਹੀ ਹੋਵੇਗੀ ਜਾਂ ਉਹ ਉਸ ਨੂੰ ਆਪਣੇ ਪਿਆਰ ਨਾਲ ਠੀਕ ਕਰ ਲਵੇਗਾ। ਪੁਰਸ਼ ਜੇ ਇਵੇਂ ਨਾ ਕਰ ਸਕੇ ਤਾਂ ਉਹ ਆਪਣੀ ਪਤਨੀ ਵਲ ਯੋਗ ਧਿਆਨ ਨਹੀਂ ਦਿੰਦਾ।

ਇਸਤਰੀ ਨੂੰ ਕੋਈ ਨਾ ਕੋਈ ਸਰੀਰਕ, ਮਾਨਸਿਕ ਜਾਂ ਸਮਾਜਿਕ ਦੁੱਖ ਉਡੀਕ ਰਿਹਾ ਹੁੰਦਾ ਹੈ, ਜਦੋਂ ਕਿ ਕੋਈ ਨਾ ਕੋਈ ਆਰਥਿਕ, ਪ੍ਰਬੰਧਕੀ ਜਾਂ ਪਰਿਵਾਰਕ ਸਮੱਸਿਆ ਪੁਰਸ਼ ਦਾ ਪਿੱਛਾ ਕਰਦੀ ਰਹਿੰਦੀ ਹੈ।

ਪੁਰਸ਼ ਨੂੰ ਉਦੋਂ ਬੜੀ ਪ੍ਰੇਸ਼ਾਨੀ ਹੁੰਦੀ ਹੈ ਜਦੋਂ ਉਹ ਸੋਚਦਾ ਹੈ ਕਿ ਉਹ ਆਪਣੀ ਪਤਨੀ ਨੂੰ ਬੜਾ ਪਿਆਰ ਕਰਦਾ ਹੈ ਪਰ ਪਤਨੀ ਪਿਆਰ ਦੀ ਘਾਟ ਦੀ ਸ਼ਿਕਾਇਤ ਕਰਦੀ ਹੈ। ਰੋਸਿਆਂ ਅਤੇ ਮਨੇਵਿਆਂ ਦੇ ਵਾਤਾਵਰਣ ਵਿਚ ਇਸਤਰੀ-ਪੁਰਸ਼ ਦੇ ਆਪਸੀ ਸੰਬੰਧ ਅਨੇਕਾਂ ਵੱਖਰੇਵਿਆਂ ਦੇ ਬਾਵਜੂਦ ਪਰਿਵਾਰਕ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਤੋਂ ਉਪਜੀਆਂ ਪੀੜੀਆਂ ਸਾਂਝਾਂ ਕਾਰਨ ਬਣੇ ਰਹਿੰਦੇ ਹਨ।

ਜਿਤਨਾ ਚਿਰ ਸਾਂਝਾਂ, ਵੱਖਰੇਵਿਆਂ ਨਾਲੋਂ ਵਧੇਰੇ ਸ਼ਕਤੀ ਵਾਲੀਆਂ ਰਹਿੰਦੀਆਂ ਹਨ, ਰਿਸ਼ਤਾ ਸੁਖਾਵਾਂ ਬਣਿਆ ਰਹਿੰਦਾ ਹੈ ਪਰ ਜੇ ਸਾਂਝਾਂ ਕਮਜ਼ੋਰ ਅਤੇ ਵੱਖਰੇਵੇਂ ਭਾਰੂ ਹੋ ਜਾਣ ਤਾਂ ਅਨੇਕਾਂ ਸਮੱਸਿਆਵਾਂ ਉਪਜਦੀਆਂ ਹਨ।

ਪਤੀ-ਪਤਨੀ ਦੇ ਆਪਸੀ ਰਿਸ਼ਤੇ ਵਿਚ ਅਤੇ ਸਮਾਜ ਵਿਚ, ਸਭ ਤੋਂ ਵੱਡੀ ਸਮੱਸਿਆ ਆਪਣੀ ਪਛਾਣ ਸਥਾਪਤ ਕਰਨ ਦੀ ਹੁੰਦੀ ਹੈ।

ਆਪਣੀ ਪਛਾਣ ਵਾਸਤੇ ਇਸਤਰੀ, ਰਿਸ਼ਤਿਆਂ ਦਾ ਹਵਾਲਾ ਦਿੰਦੀ ਹੈ, ਉਹ ਆਪਣੀ ਪਛਾਣ ਅਕਸਰ ਪਿਤਾ ਜਾਂ ਪਤੀ ਰਾਹੀਂ ਕਰਵਾਉਣਾ ਚਾਹੁੰਦੀ ਹੈ, ਜਦੋਂ ਕਿ ਪੁਰਸ਼ ਆਪਣੀ ਪਛਾਣ ਅਹੁਦੇ, ਆਮਦਨ ਅਤੇ ਜਾਇਦਾਦ ਨਾਲ ਕਰਵਾਉਂਦਾ ਹੈ। ਇਸਤਰੀ ਨਿੱਘ ਅਤੇ ਖੁਸ਼ੀ ਉਪਜਾਉਣ ਅਤੇ ਪ੍ਰਗਟਾਉਣ ਵਿਚ ਮਾਹਿਰ ਹੁੰਦੀ ਹੈ, ਪੁਰਸ਼ ਰੋਅਬ ਪਾਉਣ ਅਤੇ ਹੁਕਮ ਦੇਣ ਵਿਚ ਨਿਪੁੰਨ ਹੁੰਦਾ ਹੈ।

ਹਰੇਕ ਪੁਰਸ਼ ਸਿਆਣਾ ਕਹੇ ਜਾਣਾ ਅਤੇ ਹਰੇਕ ਇਸਤਰੀ ਸੋਹਣੀ ਅਖਵਾਏ ਜਾਣਾ ਪਸੰਦ ਕਰਦੀ ਹੈ।

ਸੁਪਨਿਆਂ ਅਤੇ ਸੰਸਿਆਂ ਨਾਲ ਇਸਤਰੀ ਦਾ ਨਿਰੰਤਰ ਵਾਹ ਪੈਂਦਾ ਹੈ, ਜਦੋਂ ਕਿ ਮਜਬੂਰੀਆਂ ਅਤੇ ਪ੍ਰੇਸ਼ਾਨੀਆਂ ਪੁਰਸ਼ਾਂ ਦਾ ਹਰ ਥਾਂ ਰਾਹ ਰੋਕਦੀਆਂ ਹਨ।

ਇਸਤਰੀ ਜਿਸ ਨੂੰ ਪਿਆਰ ਕਰਦੀ ਹੈ ਉਸ 'ਤੇ ਆਪਣਾ ਹੱਕ ਜਤਾਏ ਬਿਨਾ ਨਹੀਂ ਰਹਿੰਦੀ, ਪੁਰਸ਼ ਜਿਸ ਇਸਤਰੀ ਨੂੰ ਪਸੰਦ ਕਰਦਾ ਹੈ ਉਸ 'ਤੇ ਹੁਕਮ ਚਲਾਏ ਬਿਨਾ ਨਹੀਂ ਰਹਿੰਦਾ।

ਪੁਰਸ਼ ਦੀ ਬੇਨਤੀ ਵੀ ਹੁਕਮ ਅਤੇ ਇਸਤਰੀ ਦਾ ਹੁਕਮ ਵੀ ਬੇਨਤੀ ਹੁੰਦੀ ਹੈ।

ਕਈ ਇਸਤਰੀਆਂ ਆਪਣੀ ਪਛਾਣ ਅਤੇ ਥਾਂ ਬਣਾਉਣ ਵਾਸਤੇ ਆਪਣੀ ਸਮਰੱਥਾ ਨਾਲੋਂ ਵਧੇਰੇ ਜ਼ਿੰਮੇਵਾਰੀਆਂ ਚੁੱਕ ਕੇ ਅਣਮੰਗੀਆਂ ਕੁਰਬਾਨੀਆਂ ਕਰਦੀਆਂ ਰਹਿੰਦੀਆਂ ਹਨ ਅਤੇ ਆਪਣੀਆਂ ਇੱਛਾਵਾਂ ਨੂੰ ਨਿਰੰਤਰ ਕੁਚਲਣ ਕਾਰਨ ਹੀਣਤਾ ਅਤੇ ਮਾਨਸਿਕ-ਰੋਗਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਵੇਂ ਉਹ ਸਾਂਝਾਂ ਉਸਾਰਦੀਆਂ-ਉਸਾਰਦੀਆਂ, ਸਾਰੇ ਵੱਖਰੇਵੇਂ ਕੁਚਲ ਦਿੰਦੀਆਂ ਹਨ।

ਘਰੋਂ ਬਾਹਰਲੇ ਵਿਹਾਰ ਅਤੇ ਵਿਸ਼ੇਸ਼ ਕਰਕੇ ਬਜ਼ਾਰ ਵਿਚ, ਇਸਤਰੀ-ਪੁਰਸ਼ ਦੇ ਵਿਹਾਰ ਵਿਚ, ਸਾਂਝਾਂ ਨਾਲੋਂ ਵੱਖਰੇਵੇਂ ਵਧੇਰੇ ਉਘੜਦੇ ਹਨ। ਪੁਰਸ਼ ਨੂੰ ਸਪਸ਼ਟ ਭਾਂਤ ਪਤਾ ਹੁੰਦਾ ਹੈ ਕਿ ਉਸ ਨੇ ਕੀ ਖਰੀਦਣਾ ਹੈ, ਇਸਤਰੀ ਨੂੰ ਲਗਭਗ ਹੀ ਪਤਾ ਹੁੰਦਾ ਹੈ, ਇਸੇ ਕਰਕੇ ਇਸਤਰੀਆਂ ਬਜ਼ਾਰ ਵਿਚ ਵਧੇਰੇ ਸਮਾਂ ਗੁਜ਼ਾਰਦੀਆਂ ਅਤੇ ਵਧੇਰੇ ਦੁਕਾਨਾਂ ਤੇ ਜਾਂਦੀਆਂ ਹਨ। ਪੁਰਸ਼ ਚੀਜ਼ਾਂ ਖਰੀਦਣ ਜਾਂਦੇ ਹਨ, ਇਸਤਰੀਆਂ ਖਰੀਦਣ ਨਾਲੋਂ ਵਧੇਰੇ ਵੇਖਣ ਜਾਂਦੀਆਂ ਹਨ ਕਿ ਬਜ਼ਾਰ ਵਿਚ ਪਹਿਨਣ-ਵਰਤਣ ਵਾਲਾ ਕੀ-ਕੀ ਨਵਾਂ ਆਇਆ ਹੈ।

ਸੋਚ ਅਤੇ ਪਸੰਦ ਦੇ ਵੱਖਰੇਵਿਆਂ ਕਾਰਨ ਹੀ ਅਕਸਰ ਪੁਰਸ਼, ਇਸਤਰੀਆਂ ਨਾਲ ਬਜ਼ਾਰ ਨਹੀਂ ਜਾਂਦੇ।

ਘਰ ਅੰਦਰ ਪੁਰਸ਼ ਅੱਜ ਬਾਰੇ ਸੋਚਦੇ ਹਨ, ਇਸਤਰੀਆਂ ਭਵਿੱਖ ਬਾਰੇ ਸੋਚਣ ਵਿਚ ਮਾਹਿਰ ਹੁੰਦੀਆਂ ਹਨ। ਉਹ ਮੁਸਕਰਾਹਟ ਨੂੰ ਪਿਆਰ, ਪਿਆਰ ਨੂੰ ਵਿਆਹ, ਵਿਆਹ ਨੂੰ ਪਰਿਵਾਰ ਦੇ ਅਰਥਾਂ ਵਿਚ ਲੈਂਦੀਆਂ ਹਨ।

ਇਸਤਰੀਆਂ ਸਵੇਰੇ ਹੀ ਦੁਪਹਿਰ ਅਤੇ ਰਾਤ ਦੇ ਭੋਜਨ ਬਾਰੇ, ਕਿਸੇ ਸਮਾਗਮ

ਦਾ ਕਾਰਡ ਮਿਲਦਿਆਂ ਹੀ, ਉਸ ਦਿਨ ਪਾਉਣ ਵਾਲੇ ਕੱਪੜਿਆਂ ਬਾਰੇ ਸੋਚਣ ਲੱਗ ਪੈਂਦੀਆਂ ਹਨ। ਇਹ ਬੜੇ ਵੱਡੇ ਗੁਣ ਹਨ, ਕਿਉਂਕਿ ਅਜਿਹੀ ਸੋਚ ਇਸਤਰੀਆਂ ਨੂੰ ਅੱਕਣ-ਥੱਕਣ ਨਹੀਂ ਦਿੰਦੀ।

ਇਸਤਰੀਆਂ ਵਿਚ ਸਹੀ ਹੋਣ ਦੀ ਤਾਂਘ ਵੀ ਵਧੇਰੇ ਹੁੰਦੀ ਹੈ। ਉਹ ਅਵਸਰ ਅਨੁਸਾਰ ਸਹੀ ਕੱਪੜੇ, ਮਹਿਮਾਨ ਅਨੁਸਾਰ ਸਹੀ ਭੋਜਨ, ਵਿਅਕਤੀ ਅਨੁਸਾਰ ਸਹੀ ਗਲਬਾਤ, ਰਿਸ਼ਤੇ ਅਨੁਸਾਰ ਸਹੀ ਲੈਣ-ਦੇਣ ਆਦਿ ਬਾਰੇ ਵਧੇਰੇ ਸੁਚੇਤ ਹੁੰਦੀਆਂ ਹਨ, ਜਦੋਂ ਕਿ ਪੁਰਸ਼ ਅਸਫਲਤਾ, ਹਾਰ, ਨਾਕਾਮੀ, ਗ਼ਲਤੀ ਅਤੇ ਘਾਟੇ ਆਦਿ ਦੀ ਪ੍ਰਵਾਹ ਨਹੀਂ ਕਰਦੇ।

ਸੰਕਟ ਵਿਚ ਅਤੇ ਵਿਸ਼ੇਸ਼ ਕਰਕੇ ਬਚਿਆਂ ਦੀ ਸੁਰੱਖਿਆ ਨੂੰ ਖਤਰੇ ਵੇਲੇ, ਇਸਤਰੀ ਕੋਮਲ ਨਹੀਂ ਰਹਿੰਦੀ ਅਤੇ ਉਹ ਰੱਬ ਦੀ ਵੀ ਪ੍ਰਵਾਹ ਨਹੀਂ ਕਰਦੀ।

ਇਸਤਰੀਆਂ ਵਿਚ ਦੂਜਿਆਂ ਦੇ ਵਿਹਾਰ ਵਿਚਲੇ ਦੋਸ਼ ਉਘਾੜਨ ਅਤੇ ਪੁੱਣ-ਛਾਣ ਕਰਨ ਦੀ ਪ੍ਰਵਿਰਤੀ ਵਧੇਰੇ ਹੁੰਦੀ ਹੈ ਪਰ ਪੁਰਸ਼ ਪ੍ਰਵਾਹ ਨਹੀਂ ਕਰਦੇ ਕਿ ਦੂਜੇ ਉਨ੍ਹਾਂ ਬਾਰੇ ਕੀ ਸੋਚਦੇ-ਕਹਿੰਦੇ ਹਨ।

ਕਈ ਵਰਤਾਰੇ ਸਾਂਝਾਂ-ਵੱਖਰੇਵਿਆਂ ਤੋਂ ਮੁਕਤ ਵੀ ਹੁੰਦੇ ਹਨ। ਗਾਲ੍ਹ ਕੱਢੀ ਪੁਰਸ਼ ਨੂੰ ਜਾਂਦੀ ਹੈ, ਸੰਬੰਧਤ ਇਸਤਰੀ ਨਾਲ ਹੁੰਦੀ ਹੈ, ਅਸੀਸ ਦਿੱਤੀ ਪਤਨੀ ਨੂੰ ਜਾਂਦੀ ਹੈ ਪਰ ਇਹ ਹੁੰਦੀ ਪਤੀ ਲਈ ਹੈ। ਜੇ ਦੋਵੇਂ ਧਿਰਾਂ ਬਰਾਬਰ ਹੋਣ ਤਾਂ ਵੇਖਿਆ ਜਾਂਦਾ ਹੈ ਕਿ ਸਹੀ ਕੌਣ ਹੈ। ਦੋ ਹੱਥ, ਇਕ ਦੂਜੇ ਨੂੰ ਧੋਂਦੇ ਹਨ ਪਰ ਚਿਹਰੇ ਨੂੰ ਧੋਣ ਵੇਲੇ ਇਹ ਦੋਵੇਂ ਰਲ ਜਾਂਦੇ ਹਨ। ਪੁਰਸ਼ ਪੂਰਨ ਮਾਲਕੀ ਚਾਹੁੰਦਾ ਹੈ, ਇਸਤਰੀ ਭਾਈਵਾਲੀ ਦੀ ਚਾਹਵਾਨ ਹੁੰਦੀ ਹੈ। ਸ਼ਰਾਬੀ ਅਤੇ ਨਸ਼ਈ ਵੱਖਰੀ-ਵੱਖਰੀ ਕਿਸਮ ਦੇ ਅਪਰਾਧ ਕਰਦੇ ਹਨ। ਜਿਵੇਂ ਲਾਟਰੀਏ ਅਤੇ ਜੁਆਰੀਏ ਲਾਪ੍ਰਵਾਹੀ ਕਾਰਨ ਵੱਖ-ਵੱਖ ਰਫ਼ਤਾਰ ਨਾਲ ਬਰਬਾਦ ਹੁੰਦੇ ਹਨ, ਉਵੇਂ ਹੀ ਵੱਖ-ਵੱਖ ਸਮਾਜ ਅਤੇ ਵਿਅਕਤੀ, ਸਾਂਝਾਂ ਅਤੇ ਵੱਖਰੇਵਿਆਂ ਪ੍ਰਤੀ ਲਾਪ੍ਰਵਾਹ ਹੋ ਕੇ ਵਿਕਾਸ ਘੱਟ ਕਰਦੇ ਹਨ ਅਤੇ ਨਿਘਰਦੇ ਵਧੇਰੇ ਹਨ।

ਜਦੋਂ ਤੱਕ ਵੱਖਰੇਵਿਆਂ ਅਤੇ ਭਿੰਨਤਾਵਾਂ ਨੂੰ ਖਿੜੇ-ਮੱਥੇ ਪ੍ਰਵਾਨ ਨਹੀਂ ਕੀਤਾ ਜਾਂਦਾ, ਅਸੀਂ ਅਨੁਭਵ ਦੇ ਪੱਖੋਂ, ਖੇਤਰੀ ਅਤੇ ਪ੍ਰਾਂਤਕ ਹੀ ਰਹਾਂਗੇ, ਆਲਮੀ ਸੋਚ ਦੇ ਧਾਰਨੀ ਨਹੀਂ ਬਣ ਸਕਾਂਗੇ।

ਅਮੀਰ, ਖੁਸ਼ਹਾਲ ਅਤੇ ਵਿਕਾਸਮਈ ਸਮਾਜਾਂ ਵਿਚ ਨਿਵੇਕਲੇਂ ਅਤੇ ਵੱਖਰੇ ਹੋਣ ਦਾ ਵਧੇਰੇ ਯਤਨ ਕੀਤਾ ਜਾਂਦਾ ਹੈ, ਜਦੋਂ ਕਿ ਗਰੀਬ ਅਤੇ ਪ੍ਰੰਪਰਾਗਤ ਸਮਾਜਾਂ ਵਿਚ ਨਕਲ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਸਿੱਖਿਆ ਦਾ ਉਦੇਸ਼ ਵੰਨ-ਸੁਵੰਨੇ ਵਿਚਾਰਾਂ ਨੂੰ ਸੁਣਨ ਅਤੇ ਪ੍ਰਗਟਾਉਣ ਦਾ ਗੁਣ ਉਪਜਾਉਣਾ ਹੁੰਦਾ ਹੈ। ਯੂਨੀਵਰਸਿਟੀ ਵਿਚ ਜੇ ਵਿਚਾਰਾਂ ਦੇ ਪ੍ਰਗਟਾਵੇ

ਦੀ ਖੁੱਲ੍ਹ ਨਾ ਹੋਵੇ ਤਾਂ ਇਹ ਇਕ ਵੱਡਾ ਸਕੂਲ ਹੀ ਲਗਦੀ ਹੈ।

ਵਿਅਕਤੀ ਅਤੇ ਸਮਾਜ ਦੇ ਵਿਕਾਸ ਲਈ ਸਾਂਝਾਂ ਵਾਂਗ ਵੱਖਰੇਵੇਂ ਅਤੇ ਵੱਖਰੇਵਿਆਂ ਵਾਂਗ ਸਾਂਝਾ ਦਾ ਹੋਣਾ ਜ਼ਰੂਰੀ ਹੁੰਦਾ ਹੈ। ਜਦੋਂ ਸਾਂਝਾਂ ਜਾਂ ਵੱਖਰੇਵੇਂ ਮੁੱਕ ਜਾਣਗੇ ਤਾਂ ਸਭਿਅਤਾ ਦਾ ਪੁੱਠਾ ਗੇੜਾ ਚੱਲੇਗਾ ਅਤੇ ਹਜ਼ਾਰਾਂ ਸਾਲਾਂ ਦੀਆਂ ਮਨੁੱਖੀ ਪ੍ਰਾਪਤੀਆਂ, ਕੁਝ ਸਦੀਆਂ ਵਿਚ ਹੀ ਲੋਪ ਹੋ ਜਾਣਗੀਆਂ।

ਜਦੋਂ ਕਿਸੇ ਦੇਸ਼ ਵਿਚ ਵੱਖਰੇਵਿਆਂ ਅਤੇ ਸਾਂਝਾਂ ਦੀ ਭਰਪੂਰ ਵੰਨ-ਸੁਵੰਨਤਾ ਹੁੰਦੀ ਹੈ ਤਾਂ ਉਹ ਦੇਸ਼, ਦੇਸ਼ ਤੋਂ ਵਿਕਾਸ ਕਰਕੇ, ਸਭਿਅਤਾ ਬਣ ਜਾਂਦੇ ਹਨ ਅਤੇ ਜਦੋਂ ਵੱਖਰੇਵੇਂ ਕਮਜ਼ੋਰ ਅਤੇ ਸਾਂਝਾਂ ਦੁਖਦਾਈ ਬਣ ਜਾਂਦੀਆਂ ਹਨ ਤਾਂ ਸਭਿਆਤਾਵਾਂ ਸੁੰਗੜ ਕੇ ਦੇਸ਼ ਬਣ ਜਾਂਦੀਆਂ ਹਨ। ਮਿਸਰ, ਚੀਨ, ਯੂਨਾਨ, ਭਾਰਤ ਆਦਿ ਕਿਸੇ ਵੇਲੇ ਸਭਿਆਤਾਵਾਂ ਦੇ ਨਾਂ ਸਨ ਪਰ ਹੁਣ ਇਹ ਕੇਵਲ ਦੇਸ਼ਾਂ ਦੇ ਹੀ ਨਾਂ ਹਨ।

ਅਜੋਕੇ ਸਮੇਂ ਦੀ ਲੋੜ ਹੈ ਕਿ ਵੱਖਰੇਵਿਆਂ ਦੀ ਅਮੀਰੀ ਅਤੇ ਸਾਂਝਾਂ ਦੀ ਖੁਸ਼ਹਾਲੀ ਨਾਲ ਅਸੀਂ ਵਿਸ਼ਵ-ਨਾਗਰਿਕ ਬਣੀਏ।

ਜਿਹੜੇ ਕੇਵਲ ਵੱਖਰੇਵਿਆਂ ਦੇ ਮਤਵਾਲੇ ਹਨ, ਉਨ੍ਹਾਂ ਨੂੰ ਸਾਂਝਾਂ ਦਾ ਮਹੱਤਵ ਸਮਝਣਾ ਚਾਹੀਦਾ ਹੈ, ਜਿਹੜੇ ਕੇਵਲ ਸਾਂਝਾਂ ਦਾ ਗੁਣਗਾਇਨ ਕਰਦੇ ਹਨ, ਉਨ੍ਹਾਂ ਨੂੰ ਵਿਕਾਸ ਵਿਚ ਵੱਖਰੇਵਿਆਂ ਦਾ ਪਾਇਆ ਯੋਗਦਾਨ ਪਛਾਣਨਾ ਚਾਹੀਦਾ ਹੈ।

ਸਾਂਝਾਂ ਅਤੇ ਵੱਖਰੇਵੇਂ ਜ਼ਿੰਦਗੀ ਲਈ ਹਵਾ ਅਤੇ ਪਾਣੀ ਵਾਂਗ ਜ਼ਰੂਰੀ ਹੀ ਨਹੀਂ, ਲਾਜ਼ਮੀ ਵੀ ਹਨ।

ਇਹ ਵੱਖਰੇ ਤਾਂ ਹਨ ਹੀ ਪਰ ਇਨ੍ਹਾਂ ਵਿਚ ਸਾਂਝ ਵੀ ਬੜੀ ਹੈ।

ਵੱਖਰੇਵਿਆਂ ਵਲ ਹੀ ਧਿਆਨ ਨਾ ਦਿਓ, ਸਾਂਝਾਂ ਵਿਚ ਵੀ ਦਿਲਚਸਪੀ ਲਓ; ਸਾਂਝਾਂ ਹੀ ਨਾ ਲਭਦੇ ਰਹੋ, ਵੱਖਰੇਵਿਆਂ ਨੂੰ ਵੀ ਸਵੀਕਾਰ ਕਰੋ।

* * *

- ਮਾਪਿਆਂ ਦੇ ਅਕਾਲ-ਚਲਾਣੇ ਮਗਰੋਂ, ਪੁੱਤਰਾਂ ਨੂੰ ਘਰ ਖੁਲ੍ਹਾ-ਖੁਲ੍ਹਾ ਅਤੇ ਧੀਆਂ ਨੂੰ ਘਰ ਖਾਲੀ-ਖਾਲੀ ਲਗਦਾ ਹੈ।
- ਨਵੇਂ ਵਿਚਾਰ ਸਾਨੂੰ ਪ੍ਰਸੰਨ ਕਰਦੇ ਹਨ, ਪੁਰਾਣੇ ਵਿਚਾਰ ਸੰਤੁਸ਼ਟ ਕਰਦੇ ਹਨ।
- ਪਿੱਛੇ ਵੇਖਦੇ ਰਹਿਣ ਨਾਲ, ਅੱਗੇ ਨਹੀਂ ਜਾਇਆ ਜਾ ਸਕਦਾ।
- ਸਵੈ-ਵਿਸ਼ਵਾਸ ਨਾਲ ਪਹਾੜ ਨੀਵੇਂ ਨਹੀਂ ਹੋ ਜਾਂਦੇ, ਚੜ੍ਹਨ ਦਾ ਹੌਸਲਾ ਉੱਚਾ ਹੋ ਜਾਂਦਾ ਹੈ।
- ਜਿਸ ਚੀਜ਼ ਵਲ ਮਨੁੱਖ ਧਿਆਨ ਦਿੰਦਾ ਹੈ, ਉਹ ਵਿਕਾਸ ਕਰਨ ਲਗ ਪੈਂਦੀ ਹੈ।
- ਚੱਜ-ਆਚਾਰ ਅਤੇ ਸਲੀਕੇ ਤੋਂ ਬਿਨਾ ਅਮੀਰੀ ਦੇ ਕੋਈ ਅਰਥ ਨਹੀਂ ਹੁੰਦੇ।
- ਚਾਪਲੂਸ ਫਟੇ ਹੋਏ ਕੋਟ ਨੂੰ ਵੀ ਸੋਨੇ ਦੇ ਬਟਨ ਲਾ ਦਿੰਦੇ ਹਨ।
- ਪਿਆਰ ਵਿਚ ਬਾਹਰਲੇ ਹਨੇਰੇ, ਅੰਦਰਲੀਆਂ ਰੋਸ਼ਨੀਆਂ ਜਗਾ ਦਿੰਦੇ ਹਨ।
- ਭੈੜੇ ਵਰਤਾਰਿਆਂ ਬਾਰੇ ਚੰਗੀਆਂ ਗੱਲਾਂ ਕਰਨੀਆਂ ਸੰਭਵ ਨਹੀਂ ਹੁੰਦੀਆਂ।
- ਗਾਰੇ ਵਿਚ ਖੁੱਭੇ ਹੋਏ ਪੈਰ, ਨੱਚ ਨਹੀਂ ਸਕਦੇ।
- ਪਿਆਰ ਟੁੱਟਣ ਦਾ ਦਰਦ ਹੁੰਦਾ ਹੈ, ਵਿਆਹ ਟੁੱਟਣ ਦਾ ਦੁੱਖ ਹੁੰਦਾ ਹੈ।
- ਕੋਈ ਪੂਰੀ ਤਰ੍ਹਾਂ ਦੁਖੀ ਨਹੀਂ ਹੁੰਦਾ, ਕੋਈ ਪੂਰਨਭਾਂਤ ਸੁਖੀ ਵੀ ਨਹੀਂ ਹੁੰਦਾ।
- ਘੱਟ ਬੋਲੇ ਅਤੇ ਵੱਧ ਸੁਣੇ ਦਾ ਕਦੇ ਪਛਤਾਵਾ ਨਹੀਂ ਹੁੰਦਾ।
- ਮਹਾਨਤਾ ਹਮੇਸ਼ਾ ਸਦੀਆਂ ਵਿਚ ਮਾਪੀ ਜਾਂਦੀ ਹੈ।
- ਨਖ਼ਰਾ ਇਸਤਰੀ ਦਾ ਗੁਣ ਅਤੇ ਪੁਰਸ਼ ਦਾ ਔਗੁਣ ਹੁੰਦਾ ਹੈ।
- ਹੀਰ, ਸੱਸੀ, ਸੋਹਣੀ ਅਤੇ ਸਾਹਿਬਾਂ ਪਿਆਰ ਦੀਆਂ ਸਜ਼ਾਵਾਂ ਦੇ ਨਾਂ ਹਨ।
- ਜੇ ਗ਼ਲਤੀ ਮੰਨ ਲਈ ਜਾਵੇ ਤਾਂ ਮੁਆਫ਼ੀ ਮੰਗਣ ਦੀ ਲੋੜ ਨਹੀਂ ਪੈਂਦੀ।
- ਪਿਆਰੇ ਅਤੇ ਰੱਬ ਦੀ ਕਦੇ ਵੀ ਇਕੋ ਵੇਲੇ ਇਕੱਠਿਆਂ ਲੋੜ ਨਹੀਂ ਪੈਂਦੀ।
- ਹੋਰਾਂ ਦੇ ਦੁੱਖ ਸੁਣ ਕੇ ਸਾਡੇ ਆਪਣੇ ਦੁੱਖ ਸਹਿਣਯੋਗ ਬਣ ਜਾਂਦੇ ਹਨ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 978-93-5017-207-0



₹150/-